# ਲੋਕ ਸਿਆਣਪਾਂ

## ਅਖਾਣ ਤੇ ਮੁਹਾਵਰੇ

ਸੁਖਦੇਵ ਮਾਦਪੁਰੀ

# ਲੋਕ ਸਿਆਣਪਾਂ

*ਲੋਕ ਅਖਾਣ ਤੇ ਮੁਹਾਵਰੇ*

**Brought to you by Archive of Punjab**

## ਸੁਖਦੇਵ ਮਾਦਪੁਰੀ ਰਚਿਤ ਪੁਸਤਕਾਂ

**ਲੋਕ ਗੀਤ**

ਗਾਉਂਦਾ ਪੰਜਾਬ (1959)
ਫੁੱਲਾਂ ਭਰੀ ਚੰਗੇਰ (1979)
ਖੰਡ ਮਿਸ਼ਰੀ ਦੀਆਂ ਡਲ਼ੀਆਂ (2003)
ਲੋਕ ਗੀਤਾਂ ਦੀ ਸਮਾਜਿਕ ਵਿਆਖਿਆ (2003)
ਨੈਣੀਂ ਨੀਂਦ ਨਾ ਆਵੇ (2004)

**ਲੋਕ ਕਹਾਣੀਆਂ**

ਜ਼ਰੀ ਦਾ ਟੋਟਾ (1957)
ਨੈਣਾਂ ਦੇ ਵਣਜਾਰੇ (1962)
ਭਾਰਤੀ ਲੋਕ ਕਹਾਣੀਆਂ (1991)
ਬਾਤਾਂ ਦੇਸ ਪੰਜਾਬ ਦੀਆਂ (2003)
ਦੇਸ ਪ੍ਰਦੇਸ ਦੀਆਂ ਲੋਕ ਕਹਾਣੀਆਂ (2006)

**ਲੋਕ ਬੁਝਾਰਤਾਂ**

ਲੋਕ ਬੁਝਾਰਤਾਂ (1956)
ਪੰਜਾਬੀ ਬੁਝਾਰਤਾਂ (1979)

**ਪੰਜਾਬੀ ਸਭਿਆਚਾਰ**

ਪੰਜਾਬ ਦੀਆਂ ਲੋਕ ਖੇਡਾਂ (1976)
ਪੰਜਾਬ ਦੇ ਮੇਲੇ ਅਤੇ ਤਿਓਹਾਰ (1995)
ਆਓ ਨੱਚੀਏ (1995)
ਮਹਿਕ ਪੰਜਾਬ ਦੀ (2004)
ਪੰਜਾਬ ਦੇ ਲੋਕ ਨਾਇਕ (2005)
ਪੰਜਾਬ ਦੀਆਂ ਵਿਰਾਸਤੀ ਖੇਡਾਂ (2005)
ਪੰਜਾਬੀ ਸਭਿਆਚਾਰ ਦੀ ਆਰਸੀ (2006)

**ਨਾਟਕ**

ਪ੍ਰਾਇਆ ਧੰਨ (1962)

**ਜੀਵਨੀ**

ਮਹਾਨ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ (1995)

**ਬਾਲ ਸਾਹਿਤ**

ਜਾਦੂ ਦਾ ਸ਼ੀਸ਼ਾ (1962)
ਕੇਸੂ ਦੇ ਫੁੱਲ (1962)
ਸੋਨੇ ਦਾ ਬੱਕਰਾ (1962)
ਬਾਲ ਕਹਾਣੀਆਂ (1992)
ਆਓ ਗਾਈਏ (1992)
ਮਹਾਂਬਲੀ ਰਣਜੀਤ ਸਿੰਘ (1995)
ਨੇਕੀ ਦਾ ਫ਼ਲ (1995)

**ਅਨੁਵਾਦ**

ਵਰਖਾ ਦੀ ਉਡੀਕ (1993)
ਟੋਡਾ ਤੇ ਟਾਹਰ (1994)
ਤਿਤਲੀ ਤੇ ਸੂਰਜਮੁਖੀਆਂ (1994)

Brought to you by Archive of Punjab

# ਲੋਕ ਸਿਆਣਪਾਂ

## ਲੋਕ ਅਖਾਣ ਤੇ ਮੁਹਾਵਰੇ

ਸੰਪਾਦਕ
ਸੁਖਦੇਵ ਮਾਦਪੁਰੀ

ESTD. 1940
ਲਾਹੌਰ ਬੁੱਕ ਸ਼ਾਪ
2-ਲਾਜਪਤ ਰਾਏ ਮਾਰਕਿਟ, ਲੁਧਿਆਣਾ

Brought to you by Archive of Punjab

Lok Sianpan (Lok Akhan Te Muhavre)

*(Folk Sayings : Proverbs & Idioms)*

*Edited by*
**Sukhdev Madpuri**
Smadhi Road, Khanna - 141401
Ph. No. : 01628-224704

ISBN : 81-7647-202-6

ਪਹਿਲੀ ਵਾਰ : 2007
ਦੂਜੀ ਵਾਰ : 2011
ਤੀਜੀ ਵਾਰ : 2019

ਮੁੱਲ : 250/- ਰੁਪਏ

ਪ੍ਰਕਾਸ਼ਕ : ਲਾਹੌਰ ਬੁੱਕ ਸ਼ਾਪ
2, ਲਾਜਪਤ ਰਾਏ ਮਾਰਕੀਟ, ਨੇੜੇ ਸੁਸਾਇਟੀ ਸਿਨੇਮਾ,
ਲੁਧਿਆਣਾ, ਫੋਨ : 0161-2740738
E-mail : info@lahorepublishers.com
www.lahorepublishers.com

Printed in India

ਛਾਪਕ : ਆਰ.ਕੇ. ਆਫ਼ਸੈੱਟ, ਦਿੱਲੀ।

Brought to you by Archive of Punjab

# ਦੋ ਸ਼ਬਦ

ਲੋਕ ਸਾਹਿਤ ਆਦਿ ਕਾਲ ਤੋਂ ਹੀ ਜਨ ਸਾਧਾਰਨ ਲਈ ਮਨੋਰੰਜਨ ਦਾ ਵਿਸ਼ੇਸ਼ ਸਾਧਨ ਹੀ ਨਹੀਂ ਰਿਹਾ ਬਲਕਿ ਉਹਨਾਂ ਦੇ ਜੀਵਨ ਦੀ ਅਗਵਾਈ ਵੀ ਕਰਦਾ ਰਿਹਾ ਹੈ। ਮਨੁੱਖ ਦੇ ਜਨਮ ਦੇ ਨਾਲ਼ ਹੀ ਇਸ ਦਾ ਜਨਮ ਹੁੰਦਾ ਹੈ। ਇਹ ਉਹ ਦਰਪਣ ਹੈ ਜਿਸ ਰਾਹੀਂ ਕਿਸੇ ਵਿਸ਼ੇਸ਼ ਖਿੱਤੇ ਅਤੇ ਉਸ ਵਿੱਚ ਵਸਦੇ ਲੋਕਾਂ ਦੇ ਸਭਿਆਚਾਰ ਅਤੇ ਸੰਸਕ੍ਰਿਤੀ ਦੇ ਦਰਸ਼ਨ ਹੁੰਦੇ ਹਨ। ਲੋਕ ਸਾਹਿਤ ਪੀੜ੍ਹੀਓ ਪੀੜ੍ਹੀ ਸਾਡੇ ਤੀਕ ਪੁੱਜਦਾ ਹੈ। ਇਹ ਸਾਡੇ ਇਤਿਹਾਸ ਅਤੇ ਸਭਿਆਚਾਰ ਦਾ ਵੱਡਮੁੱਲਾ ਸਰਮਾਇਆ ਹੀ ਨਹੀਂ ਸਗੋਂ ਮਾਣ ਕਰਨ ਯੋਗ ਅਤੇ ਸਾਂਭਣ ਯੋਗ ਵਿਰਸਾ ਵੀ ਹੈ। ਲੋਕ ਗੀਤ, ਲੋਕ ਕਹਾਣੀਆਂ, ਲੋਕ ਅਖਾਣ, ਮੁਹਾਵਰੇ, ਲੋਕ ਬੁਝਾਰਤਾਂ, ਲੋਕ ਨਾਚ ਅਤੇ ਲੋਕ ਖੇਡਾਂ ਪੰਜਾਬੀ ਲੋਕ ਸਾਹਿਤ ਦੇ ਅਨਿਖੜਵੇਂ ਅੰਗ ਹਨ।

ਜਿੱਥੇ ਲੋਕ ਗੀਤ ਜਨ ਸਾਧਾਰਣ ਦੇ ਮਨੋਭਾਵ ਪ੍ਰਗਟਾਉਣ ਲਈ ਆਪਣਾ ਪ੍ਰਮੁੱਖ ਸਥਾਨ ਰੱਖਦੇ ਹਨ ਉੱਥੇ ਲੋਕ ਅਖਾਣ ਤੇ ਮੁਹਾਵਰੇ ਲੋਕਾਂ ਦੇ ਸਦੀਆਂ ਤੋਂ ਕਮਾਏ ਹੋਏ ਤਜਰਬੇ ਅਤੇ ਜੀਵਨ ਦੀਆਂ ਅਟੱਲ ਸੱਚਾਈਆਂ ਨੂੰ ਲੋਕਾਂ ਅੱਗੇ ਉਘਾੜ ਕੇ ਪੇਸ਼ ਕਰਦੇ ਹਨ—ਇਹ ਉਹ ਬੇਸ਼ਕੀਮਤ ਹੀਰੇ ਮੋਤੀਆਂ ਦੀਆਂ ਲੜੀਆਂ ਹਨ ਜਿਨ੍ਹਾਂ ਵਿੱਚ ਜੀਵਨ ਤੱਤ ਪਰੋਏ ਹੋਏ ਹਨ। ਇਹ ਸਾਡੇ ਜੀਵਨ ਵਿੱਚ ਰਸ ਹੀ ਨਹੀਂ ਘੋਲਦੇ, ਸੋਹਜ ਵੀ ਪੈਦਾ ਕਰਦੇ ਹਨ ਅਤੇ ਜੀਵਨ ਦੀਆਂ ਕਈ ਸਮੱਸਿਆਵਾਂ ਵੀ ਸੁਲਝਾਉਂਦੇ ਹਨ।

ਲੋਕ ਗੀਤਾਂ ਵਾਂਗ ਅਖਾਣ ਤੇ ਮੁਹਾਵਰੇ ਵੀ ਕਿਸੇ ਵਿਸ਼ੇਸ਼ ਵਿਅਕਤੀ ਦੀ ਰਚਨਾ ਨਹੀਂ ਹੁੰਦੇ ਬਲਕਿ ਇਹ ਸਮੁੱਚੀ ਕੌਮ ਦੇ ਸਦੀਆਂ ਕਮਾਏ ਹੋਏ ਅਨੁਭਵ ਨੂੰ ਸਮੇਂ ਦੀ ਕੁਠਾਲੀ ਵਿੱਚ ਸੋਧ ਕੇ ਜੀਵਨ ਪਰਵਾਹ ਵਿੱਚ ਰਲ਼ ਜਾਂਦੇ ਹਨ।

ਮਸ਼ੀਨੀ ਸਭਿਅਤਾ ਦੇ ਪ੍ਰਭਾਵ ਦੇ ਕਾਰਨ ਪੰਜਾਬ ਦੇ ਲੋਕ ਜੀਵਨ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਆ ਗਈਆਂ ਹਨ। ਅੱਜ ਪੁਰਾਣਾ ਪੰਜਾਬ ਕਿਧਰੇ ਵੀ ਨਜ਼ਰ ਨਹੀਂ ਆ ਰਿਹਾ। ਸਮੁੱਚੇ ਪਿੰਡ ਸੜਕਾਂ ਰਾਹੀਂ ਸ਼ਹਿਰਾਂ ਨਾਲ਼ ਜੁੜ ਗਏ ਹਨ। ਖੇਤੀ-ਬਾੜੀ ਕਰਨ ਦੇ ਢੰਗ ਤਬਦੀਲ ਹੋ ਗਏ ਹਨ। ਹਰਟਾਂ ਦੀ ਥਾਂ ਟਿਊਬਵੈੱਲ ਅਤੇ ਬਲਦਾਂ ਦੀ ਥਾਂ ਟਰੈਕਟਰ ਆ ਗਏ ਹਨ। ਪਿੰਡਾਂ ਦਾ ਵੀ ਸ਼ਹਿਰੀਕਰਣ ਹੋ ਰਿਹਾ ਹੈ। ਘਰ-ਘਰ ਰੇਡੀਓ ਤੇ ਟੈਲੀਵਿਜ਼ਨ ਸੁਣਾਈ ਦੇਂਦੇ ਹਨ। ਪਿੰਡਾਂ ਵਿੱਚ ਨਾ ਹੁਣ ਪਹਿਲਾਂ ਵਾਂਗ ਸੱਥਾਂ ਤੇ ਮਹਿਫਲਾਂ ਜੁੜਦੀਆਂ ਹਨ ਨਾ ਦੁਪਹਿਰੀਂ ਪਿੰਡਾਂ ਦੇ ਬਰੋਟਿਆਂ-ਟਾਹਲੀਆਂ ਦੀ ਛਾਵੇਂ ਲੋਕ ਮਿਲ਼ ਬੈਠਦੇ ਹਨ, ਨਾ ਕਿਧਰੇ ਤ੍ਰਿੰਝਣਾਂ ਦੀ ਘੂਕਰ ਸੁਣਾਈ ਦਿੰਦੀ ਹੈ ਨਾ ਹੀ ਬਲਦਾਂ ਦੇ ਗਲ਼ਾਂ ਵਿੱਚ ਪਾਈਆਂ ਟੱਲੀਆਂ ਦੀ ਟੁਣਕਾਰ। ਪੰਜਾਬ ਦੇ ਲੋਕ ਜੀਵਨ

ਵਿੱਚੋਂ ਬਹੁਤ ਕੁਝ ਵਿੱਸਰ ਰਿਹਾ ਹੈ, ਰਾਤ ਨੂੰ ਬਾਤਾਂ ਪਾਉਣ ਅਤੇ ਬੁਝਾਰਤਾਂ ਬੁੱਝਣ ਦੀ ਪ੍ਰਥਾ ਖ਼ਤਮ ਹੋ ਰਹੀ ਹੈ। ਪਰ੍ਹਿਆ ਵਿੱਚ ਬੈਠੇ ਵਡਾਰੂ ਵੀ ਆਪਣੀ ਬੋਲਚਾਲ ਵਿੱਚ ਅਖਾਣਾਂ ਦੀ ਵਰਤੋਂ ਕਰਦੇ ਕਿਧਰੇ ਵਿਖਾਈ ਨਹੀਂ ਦਿੰਦੇ....ਪਿੰਡਾਂ ਵਿੱਚ ਸੱਥਾਂ ਅਤੇ ਖੁੰਡਾਂ 'ਤੇ ਬੈਠ ਕੇ ਵਿਚਾਰ ਵਟਾਂਦਰਾ ਕਰਨ ਦੀ ਗੱਲ ਵੀ ਬੀਤੇ ਸਮੇਂ ਦੀ ਗਾਥਾ ਬਣ ਕੇ ਹੀ ਰਹਿ ਗਈ ਹੈ ਜਿਸ ਦੇ ਫਲਸਰੂਪ ਸਾਡੇ ਵੱਡਮੁੱਲੇ ਲੋਕ ਸਾਹਿਤ ਦੇ ਵਿਰਸੇ ਨੂੰ ਬਹੁਤ ਵੱਡੀ ਢਾਹ ਲੱਗ ਰਹੀ ਹੈ। ਲੋਕ ਅਖਾਣ ਜੋ ਪੰਜਾਬੀ ਲੋਕ ਸਾਹਿਤ ਦਾ ਵਿਸ਼ੇਸ਼ ਅੰਗ ਹਨ। ਸਾਡੀ ਬੋਲਚਾਲ ਦੀ ਬੋਲੀ ਵਿੱਚੋਂ ਅਲੋਪ ਹੋ ਰਹੇ ਹਨ।

ਪੰਜਾਬ ਦੇ ਲੋਕ ਜੀਵਨ ਵਿੱਚ ਲੋਕ ਅਖਾਣਾਂ ਦੀ ਬਹੁਤ ਵਰਤੋਂ ਹੁੰਦੀ ਰਹੀ ਹੈ। ਇਹ ਹਜ਼ਾਰਾਂ ਦੀ ਗਿਣਤੀ ਵਿੱਚ ਮਿਲਦੇ ਹਨ। ਪੰਜਾਬ ਖੇਤੀਬਾੜੀ ਪ੍ਰਧਾਨ ਪ੍ਰਾਂਤ ਹੋਣ ਕਾਰਨ ਕਿਸਾਨੀ ਜੀਵਨ ਨਾਲ ਸੰਬੰਧਿਤ ਲੋਕ ਅਖਾਣ ਆਦਿ ਕਾਲ ਤੋਂ ਹੀ ਕਿਸਾਨਾਂ ਦੀ ਅਗਵਾਈ ਕਰਦੇ ਰਹੇ ਹਨ। ਮੌਸਮ ਬਾਰੇ ਜਾਣਕਾਰੀ, ਖੇਤੀ ਦਾ ਮਹੱਤਵ, ਜ਼ਮੀਨ ਦੀ ਚੋਣ, ਪਸ਼ੂ ਧਨ, ਸਿੰਜਾਈ, ਗੋਡੀ, ਬਜਾਈ, ਗਹਾਈ, ਵਾਢੀ, ਫ਼ਸਲਾਂ, ਖਾਦਾਂ ਤੇ ਜੱਟ ਦੇ ਸੁਭਾਅ ਅਤੇ ਕਿਰਦਾਰ ਆਦਿ ਕਿਸਾਨੀ ਜੀਵਨ ਅਤੇ ਖੇਤੀਬਾੜੀ ਨਾਲ਼ ਸੰਬੰਧਿਤ ਵਿਸ਼ਿਆਂ ਤੇ ਬੇਸ਼ੁਮਾਰ ਅਖਾਣ ਮਿਲਦੇ ਹਨ ਜਿਨ੍ਹਾਂ ਤੋਂ ਕਿਸਾਨ ਅਗਵਾਈ ਲੈਂਦੇ ਰਹੇ ਹਨ।

ਪੰਜਾਬੀ ਵਿੱਚ ਅਨੇਕਾਂ ਲੋਕ ਅਖਾਣ ਪ੍ਰਚਲਤ ਹਨ ਜਿਹੜੇ ਪੰਜਾਬ ਦੇ ਜੱਟਾਂ ਅਤੇ ਪੰਜਾਬ ਵਿੱਚ ਵਸਦੀਆਂ ਹੋਰ ਉਪ ਜਾਤੀਆਂ ਦੇ ਸੁਭਾਅ ਅਤੇ ਕਿਰਦਾਰ ਦਾ ਵਰਨਣ ਕਰਦੇ ਹਨ ਜਿਨ੍ਹਾਂ ਦਾ ਅਧਿਐਨ ਕਰਕੇ ਅਸੀਂ ਉਹਨਾਂ ਬਾਰੇ ਸਹੀ ਤੌਰ 'ਤੇ ਜਾਣ ਸਕਦੇ ਹਾਂ। ਅਖਾਣ ਤੇ ਮੁਹਾਵਰੇ ਪੰਜਾਬੀ ਭਾਸ਼ਾ ਦਾ ਸ਼ਿੰਗਾਰ ਹਨ।

ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਨੂੰ ਦਰਸਾਉਣ ਵਾਲੇ ਲੋਕ ਅਖਾਣ ਹਜ਼ਾਰਾਂ ਦੀ ਗਿਣਤੀ ਵਿੱਚ ਉਪਲੱਬਧ ਹਨ। ਡਾ. ਦੇਵੀ ਦਾਸ ਹਿੰਦੀ ਦਾ ਸੰਗ੍ਰਹਿ "ਪੰਜਾਬੀ ਅਖਾਣਾਂ ਦੀ ਖਾਣ", ਡਾ. ਸ਼ਾਹਬਾਜ਼ ਮਲਕ ਦੀ ਪੁਸਤਕ "ਸਾਡੇ ਅਖਾਣ", ਵਣਜਾਰਾ ਬੇਦੀ ਦੁਆਰਾ ਸੰਪਾਦਿਤ "ਲੋਕ ਆਖਦੇ ਹਨ" ਅਤੇ ਡਾ. ਤਾਰਨ ਸਿੰਘ ਤੇ ਦਰਸ਼ਨ ਸਿੰਘ ਅਵਾਰਾ ਦੁਆਰਾ ਸੰਪਾਦਿਤ "ਮੁਹਾਵਰਾ ਅਤੇ ਅਖਾਣ ਕੋਸ਼" ਪੰਜਾਬੀ ਦੇ ਚਰਚਿਤ ਅਖਾਣ ਕੋਸ਼ ਹਨ। ਅਜੇ ਵੀ ਸਾਡੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਅਜਿਹੇ ਵਡਾਰੂ ਬੈਠੇ ਹਨ ਜਿਹੜੇ ਅਖਾਣਾਂ ਦੀਆਂ ਖਾਣਾਂ ਹਨ। ਉਹਨਾਂ ਪਾਸ ਜਾ ਕੇ ਅਖਾਣ ਸਾਂਭਣ ਦੀ ਲੋੜ ਹੈ ਨਹੀਂ ਤਾਂ ਇਹ ਸਾਡਾ ਵੱਡਮੁੱਲਾ ਵਿਰਸਾ ਅਜਾਈਂ ਗੁਆਚ ਜਾਵੇਗਾ।

14 ਅਪ੍ਰੈਲ, 2006

ਸੁਖਦੇਵ ਮਾਦਪੁਰੀ
ਸਮਾਧੀ ਰੋਡ, ਖੰਨਾ, ਜ਼ਿਲ੍ਹਾ ਲੁਧਿਆਣਾ
ਫ਼ੋਨ—01628-224704

*ਭਾਗ ਪਹਿਲਾ*

# ਲੋਕ ਅਖਾਣ

# ੳ

**ਉਹ ਜ਼ਮੀਨ ਰਾਣੀ, ਜੀਹਦੇ ਸਿਰ ਤੇ ਪਾਣੀ**—ਖੇਤੀ ਬਾੜੀ ਲਈ ਉਹ ਜ਼ਮੀਨ ਵਧੇਰੇ ਚੰਗੀ ਹੁੰਦੀ ਹੈ, ਜਿਸ ਨੂੰ ਸਿੰਜਣ ਲਈ ਪਾਣੀ ਦਾ ਚੰਗਾ ਪ੍ਰਬੰਧ ਹੋਵੇ।

**ਉਹਦੀ ਹੀ ਜੁੱਤੀ ਉਹਦਾ ਹੀ ਸਿਰ**—ਇਹ ਅਖਾਣ ਉਦੋਂ ਵਰਤਿਆ ਜਾਂਦਾ ਹੈ ਜਦੋਂ ਕੋਈ ਬੰਦਾ ਦੂਜੇ ਬੰਦੇ ਦੇ ਸਾਧਨਾਂ ਦੁਆਰਾ ਹੀ ਉਸ ਦਾ ਨੁਕਸਾਨ ਕਰੇ।

**ਉਹ ਕਿਹੜੀ ਗਲੀ, ਜਿੱਥੇ ਭਾਗੋ ਨਹੀਂ ਖਲੀ**—ਜਿਹੜਾ ਪੁਰਸ਼ ਜਾਂ ਇਸਤਰੀ ਵਾਰ-ਵਾਰ ਵੱਖ-ਵੱਖ ਸਥਾਨਾਂ 'ਤੇ ਤੁਹਾਨੂੰ ਮਿਲ ਜਾਏ ਜਾਂ ਹਰ ਥਾਂ 'ਤੇ ਖੜਪੰਚ ਬਣਿਆਂ ਫਿਰੇ ਉਸ ਲਈ ਇਹ ਅਖਾਣ ਬੋਲਿਆ ਜਾਂਦਾ ਹੈ।

**ਉਹ ਕੀ ਦੇਸੀ ਸਾਧੋ, ਜਿਸ ਪਿੰਨ ਗਲੋਲਾ ਖਾਧੋ**—ਕਿਸੇ ਨੂੰ ਕੰਜੂਸ ਵਜੋਂ ਭੰਡਨ ਲਈ ਆਖਦੇ ਹਨ ਕਿ ਇਹਨੇ ਤੁਹਾਨੂੰ ਕੀ ਦੇਣਾ ਹੈ ਜਿਹੜਾ ਆਪ ਦੂਜਿਆਂ ਦੇ ਸਹਾਰੇ 'ਤੇ ਨਿਰਬਾਹ ਕਰਦਾ ਹੈ।

**ਉਹ ਦਿਨ ਡੁੱਬਾ, ਜਦੋਂ ਘੋੜੀ ਚੜ੍ਹਿਆ ਕੁੱਬਾ**—ਜਦੋਂ ਕੋਈ ਕਿਸੇ ਅਜਿਹੇ ਬੰਦੇ ਤੇ ਕੰਮ ਨੇਪਰੇ ਚਾੜ੍ਹਨ ਦੀ ਆਸ ਲਾ ਬੈਠੇ ਜਿਹੜਾ ਖ਼ੁਦ ਹੀ ਨਿਕੰਮਾ ਤੇ ਆਲਸੀ ਹੋਵੇ ਉਦੋਂ ਵਿਅੰਗ ਵਜੋਂ ਇਹ ਅਖਾਣ ਬੋਲਦੇ ਹਨ।

**ਉਹ ਨਾ ਭੁੱਲਾ ਜਾਣੀਏ, ਜੋ ਸ਼ਾਮੀਂ ਮੁੜ ਘਰ ਆਵੇ**—ਜਦੋਂ ਕੋਈ ਵਿਅਕਤੀ ਆਪਣੀ ਗ਼ਲਤੀ ਦਾ ਅਹਿਸਾਸ ਕਰਕੇ ਸਿੱਧੇ ਰਸਤੇ ਪੈ ਜਾਵੇ ਉਦੋਂ ਇਹ ਅਖਾਣ ਵਰਤਦੇ ਹਨ।

**ਉਹ ਫਿਰੇ ਨੱਥ ਘੜਾਉਣ ਨੂੰ ਤੇ ਉਹ ਫਿਰੇ ਨੱਕ ਵਢਾਉਣ ਨੂੰ**—ਜਦੋਂ ਦੋਹਾਂ ਵਿਅਕਤੀਆਂ ਦੀ ਸੋਚ ਤੇ ਮੰਤਵਾਂ ਵਿੱਚ ਤਿੱਖਾ ਵਿਰੋਧ ਹੋਵੇ ਉਦੋਂ ਵਰਤਦੇ ਹਨ।

**ਉਹ ਮਾਂ ਮਰਗੀ ਜਿਹੜੀ ਦਹੀਂ ਨਾਲ਼ ਟੁੱਕ ਦਿੰਦੀ ਸੀ**—ਜਦੋਂ ਕੋਈ ਵਿਅਕਤੀ ਔਖਿਆਈ ਭਰੇ ਦਿਨਾਂ ਵਿੱਚ, ਸੁੱਖਾਂ ਵਿੱਚ ਬਿਤਾਏ ਦਿਨਾਂ ਨੂੰ ਯਾਦ ਕਰਕੇ ਉਹਨਾਂ ਦੇ ਮੁੜ ਪਰਤ ਆਉਣ ਦੇ ਸੁਪਨੇ ਲਵੇ ਉਦੋਂ ਇਹ ਅਖਾਣ ਬੋਲਦੇ ਹਨ।

**ਉਹ ਵੱਸੇ ਹੋਰ ਨਾਲ਼, ਝੁੱਗਾ ਵੜ ਗਿਆ ਪਿਉ ਦੀ ਗੋਰ ਨਾਲ਼**—ਜਦੋਂ ਪੁਰਸ਼-ਇਸਤਰੀ ਦੀ ਆਪਸ ਵਿੱਚ ਨਾਚਾਕੀ ਹੋ ਜਾਵੇ ਅਤੇ ਕਿਸੇ ਹੋਰ ਨਾਲ਼ ਦਿਲਚਸਪੀ ਵੱਧ ਜਾਏ ਤਾਂ ਘਰ ਵਿੱਚ ਸੁੱਖ ਸ਼ਾਂਤੀ ਉਡ ਜਾਂਦੀ ਹੈ ਤੇ ਘਰ ਬਰਬਾਦ ਹੋ ਜਾਂਦਾ ਹੈ।

**ਉਹ ਵੇਲਾ ਨਾ ਭਾਲ਼, ਟੁੱਕਰ ਖਾਂਦੀ ਕੱਸੇ ਨਾਲ਼**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਇਹ ਦੱਸਣਾ ਹੋਵੇ ਕਿ ਜੀਵਨ ਵਿੱਚ ਔਖ-ਸੌਖ ਇਕੋ ਜਿਹੀ ਨਹੀਂ ਰਹਿੰਦੀ ਦੁੱਖਾਂ ਮਗਰੋਂ ਸੁੱਖ ਵੀ ਆਉਂਦੇ ਹਨ।

**ਉਖਲੀ ਵਿੱਚ ਸਿਰ ਦਿੱਤਾ,ਮੋਹਲਿਆਂ ਦਾ ਕੀ ਡਰ**—ਜਦੋਂ ਕੋਈ ਪੁਰਸ਼ ਕੋਈ ਔਖਾ ਕੰਮ ਸ਼ੁਰੂ ਕਰ ਲਵੇ ਤਾਂ ਅੱਗੋਂ ਕੋਈ ਦੂਜਾ ਉਸ ਨੂੰ ਅਜਿਹਾ ਕਰਨ ਤੋਂ ਵਰਜੇ ਜਾਂ ਡਰਾਵੇ ਤਾਂ ਔਖੇ ਰਾਹ ਨੂੰ ਚੁਣਨ ਵਾਲ਼ਾ ਪੁਰਸ਼ ਇਹ ਅਖਾਣ ਵਰਤ ਕੇ ਅਗਲੇ ਦਾ ਮੂੰਹ ਬੰਦ ਕਰ ਦੇਂਦਾ ਹੈ।

**ਉਂਗਲ ਉਂਗਲ ਵੇਰਵਾ, ਪੋਟਾ ਪੋਟਾ ਵਿੱਥ**—ਜਦੋਂ ਇਹ ਦੱਸਣਾ ਹੋਵੇ ਕਿ ਦੂਰ ਨੇੜੇ ਦੀ ਸਕੀਰੀ ਅਨੁਸਾਰ ਹੀ ਰਿਸ਼ਤੇਦਾਰਾਂ ਤੇ ਸਾਕ ਸਬੰਧੀਆਂ ਨਾਲ਼ ਵਰਤਾਉ ਕੀਤਾ ਜਾਂਦਾ ਹੈ ਉਦੋਂ ਇਹ ਅਖਾਣ ਬੋਲਦੇ ਹਨ।

**ਉਂਗਲ ਵੱਢੀ ਲਹੂ ਵਗਾਇਆ, ਸਾਡਾ ਸਾਥੀ ਹੋਰ ਵੀ ਆਇਆ**—ਜਦੋਂ ਵਿਗੜਿਆਂ ਤਿਗੜਿਆਂ ਵਿੱਚ ਕੋਈ ਹੋਰ ਵਿਗੜਿਆ ਤਿਗੜਿਆ ਆ ਰਲੇ ਉਦੋਂ ਕਹਿੰਦੇ ਹਨ।

**ਉਗਲ਼ੇ ਤਾਂ ਅੰਨ੍ਹਾ, ਖਾਏ ਤਾਂ ਕੋਹੜੀ**—ਜਦੋਂ ਕਿਸੇ ਪੁਰਸ਼ ਨੂੰ ਕੋਈ ਅਜਿਹਾ ਫ਼ੈਸਲਾ ਜਾਂ ਕੰਮ ਕਰਨਾ ਪੈ ਜਾਵੇ ਜਿਸ ਨਾਲ਼ ਉਸ ਨੂੰ ਉਹਨਾਂ ਦੋਹਾਂ ਧਿਰਾਂ ਤੋਂ ਦੁਖ ਜਾਂ ਨੁਕਸਾਨ ਪਹੁੰਚੇ ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਉਘਰੀ ਸੋ ਪਈ, ਪਈ ਸੋ ਸਹੀ**—ਇਸ ਅਖਾਣ ਦਾ ਭਾਵ ਇਹ ਹੈ ਜਦੋਂ ਕੋਈ ਮੁਸੀਬਤ ਜਾਂ ਦੁੱਖ ਗਲ਼ ਪੈ ਜਾਵੇ ਤਾਂ ਉਸ ਨੂੰ ਸਹਿਣਾ ਹੀ ਪੈਂਦਾ ਹੈ।

**ਉਚਰ ਜੀਵੇ, ਜਿੱਚਰ ਮਟਕਾਵੇ**—ਭਾਵ ਇਹ ਹੈ ਕਿ ਜਿਹੜੀ ਜ਼ਿੰਦਗੀ ਸਾਨੂੰ ਪ੍ਰਾਪਤ ਹੋਈ ਹੈ ਉਸ ਨੂੰ ਸ਼ਾਨੋ ਸ਼ੌਕਤ ਨਾਲ਼ ਅਤੇ ਟੌਹਰ ਨਾਲ ਜੀਵੋ।

**ਉਚਰ ਪੁੱਤਰ ਪਿਉ ਦਾ, ਜਿੱਚਰ ਮੂੰਹ ਨਹੀਂ ਡਿੱਠਾ ਪਰਾਈ ਧੀਓ ਦਾ**—ਜਦੋਂ ਪੁੱਤਰ ਦਾ ਵਿਆਹ ਹੋ ਜਾਂਦਾ ਹੈ ਤਾਂ ਉਸ ਦਾ ਆਪਣੇ ਮਾਪਿਆਂ ਨਾਲ਼ ਪਹਿਲਾਂ ਵਰਗਾ ਵਰਤਾਉ ਨਹੀਂ ਰਹਿੰਦਾ, ਉਹ ਬਦਲ ਜਾਂਦਾ ਹੈ।

**ਉੱਚਾ ਗਾਉਂ ਭਲਾ, ਨੀਚਾ ਖੇਤ ਭਲਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਪਿੰਡ ਉੱਚੇ ਥਾਂ 'ਤੇ ਹੀ ਬੰਨ੍ਹਣਾ ਚਾਹੀਦਾ ਹੈ ਤਾਂ ਜੋ ਹੜ੍ਹ ਦਾ ਡਰ ਨਾ ਰਹੇ ਤੇ ਖੇਤੀ ਵਾਲ਼ੀ ਜ਼ਮੀਨ ਨੀਵੀਂ ਥਾਂ ਚੰਗੀ ਹੁੰਦੀ ਹੈ ਜਿੱਥੇ ਪਾਣੀ ਸੌਖ ਨਾਲ਼ ਪੁੱਜ ਜਾਂਦਾ ਹੋਵੇ।

**ਉੱਚਾ ਲੰਮਾ ਗੱਭਰੂ, ਪੱਲੇ ਠੀਕਰੀਆਂ**—ਇਹ ਅਖਾਣ ਉਦੋਂ ਵਰਤਿਆ ਜਾਂਦਾ ਹੈ ਜਦੋਂ ਕੋਈ ਬੰਦਾ ਵੇਖਣ ਨੂੰ ਵਾਹਵਾ ਸੁਹਣਾ ਲੱਗੇ ਪ੍ਰੰਤੂ ਅੰਦਰੋਂ ਖੋਖਲਾ ਹੋਵੇ, ਬਾਹਰੋਂ ਮਜ਼ਬੂਤ ਤੇ ਕੰਮ ਕਰਨ ਨੂੰ ਨਿਕੰਮਾ।

**ਉੱਚੀ ਦੁਕਾਨ ਫਿੱਕਾ ਪਕਵਾਨ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਬੰਦੇ ਦਾ ਨਾਂ ਤਾਂ ਬੜਾ ਮਸ਼ਹੂਰ ਹੋਵੇ ਪ੍ਰੰਤੂ ਵਰਤੋਂ ਵਿਹਾਰ ਵਿੱਚ ਉਹ ਅਤਿ ਕਮੀਨਾ ਤੇ ਮਾੜਾ ਸਾਬਤ ਹੋ ਜਾਵੇ।

**ਉੱਚੇ ਚੜ੍ਹ ਕੇ ਦੇਖਿਆ ਘਰ ਘਰ ਏਹਾ ਅੱਗ**—ਇਸ ਅਖਾਣ ਦਾ ਭਾਵ ਅਰਥ

ਇਹ ਹੈ ਕਿ ਜੇਕਰ ਅਸੀਂ ਡੂੰਘੀ ਨਜ਼ਰ ਨਾਲ਼ ਵੇਖੀਏ ਤਾਂ ਸਾਰੇ ਪਾਸੇ ਦੁਖ ਹੀ ਦੁਖ ਨਜ਼ਰੀਂ ਆਉਂਦੇ ਹਨ।

**ਉਜੜ ਖੇੜਾ ਤੇ ਨਾਂ ਨਬੇੜਾ**—ਜਦੋਂ ਕਿਸੇ ਦਾ ਖਾਸਾ (ਅਸਲ ਰੂਪ) ਉਸ ਦੇ ਨਾਂ 'ਤੇ ਉਸ ਦੀ ਪ੍ਰਸਿੱਧੀ ਨਾਲੋਂ ਨੀਵਾਂ ਤੇ ਘਟੀਆ ਸਾਬਤ ਹੋ ਜਾਵੇ ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਉਜੜੀ ਮਸੀਤ ਦੇ ਗਾਲ੍ਹੜ ਅਮਾਮ**—ਜਦੋਂ ਭੈੜੇ ਵਾਤਾਵਰਣ ਅਤੇ ਮਾੜੇ ਆਲੇ-ਦੁਆਲੇ ਵਿੱਚ ਕਿਸੇ ਘਟੀਆ ਬੰਦੇ ਜਾਂ ਵਸਤੂ ਨੂੰ ਮਾਨਤਾ ਪ੍ਰਾਪਤ ਹੋ ਜਾਵੇ ਉਦੋਂ ਇਹ ਅਖਾਣ ਬੋਲਦੇ ਹਨ।

**ਉਜੜੀਆਂ ਭਰਜਾਈਆਂ, ਵਲੀ ਜਿਨ੍ਹਾਂ ਦੇ ਜੇਠ**—ਜਿਨ੍ਹਾਂ ਘਰਾਂ ਵਿੱਚ ਵੱਡੇ ਤੇ ਸਿਆਣੇ ਬੰਦੇ ਨਿਕੰਮੇ ਹੋ ਜਾਣ ਤਾਂ ਉਹਨਾਂ ਤੇ ਨਿਰਭਰ ਕਰਨ ਵਾਲ਼ਿਆਂ ਦਾ ਹਾਲ ਭੈੜਾ ਹੋ ਜਾਂਦਾ ਹੈ।

**ਉਜੜੇ ਪਿੰਡ ਭੜੋਲਾ ਮਹਿਲ**—ਜਦੋਂ ਮੁਕਾਬਲੇ ਵਿੱਚ ਕੋਈ ਚੰਗੀ ਚੀਜ਼ ਨਾ ਹੋਵੇ ਤਾਂ ਮੰਦੀ ਚੀਜ਼ ਨੂੰ ਹੀ ਮਾਨਤਾ ਪ੍ਰਾਪਤ ਹੋ ਜਾਂਦੀ ਹੈ।

**ਉਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ**—ਜਦੋਂ ਕਿਸੇ ਮੁਹਤਵਰ ਤੇ ਤਕੜੇ ਬੰਦੇ ਦੀ ਅਣਹੋਂਦ ਕਾਰਨ ਕਿਸੇ ਮਾੜੇ ਤੇ ਸਧਾਰਨ ਬੰਦੇ ਨੂੰ ਮੋਹਰੀ ਬਣਾ ਲਿਆ ਜਾਂਦਾ ਹੈ ਉਦੋਂ ਇਹ ਅਖਾਣ ਵਰਤਦੇ ਹਨ।

**ਉੱਠੇ ਤਾਂ ਉੱਠ ਨਹੀਂ ਰੇਤ ਦੀ ਮੁੱਠ**—ਉਹ ਵਿਅਕਤੀ ਹੀ ਚੰਗਾ ਹੈ ਜਿਹੜਾ ਤੁਰਨ ਫਿਰਨ ਤੇ ਕੰਮ-ਕਾਰ ਕਰਨ ਦੇ ਯੋਗ ਹੋਵੇ।

**ਉਠ ਨਾ ਸਕਾਂ ਫਿੱਟੇ ਮੂੰਹ ਗੋਡਿਆਂ ਦਾ**—ਜਦੋਂ ਬੰਦਾ ਆਪ ਕੰਮ ਕਰਨ ਜੋਗਾ ਨਾ ਰਹੇ ਤੇ ਦੂਜਿਆਂ ਤੇ ਦੋਸ਼ ਮੜ੍ਹੀ ਜਾਵੇ ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਉਠ ਨੀ ਲੋਹੀਏ ਬੱਕਰੀਏ, ਤੇਰਾ ਸਾਥ ਗਿਆ ਈ ਦੂਰ**—ਕਿਸੇ ਆਲਸੀ ਬੰਦੇ ਦੀ ਸੁਸਤੀ ਦੂਰ ਕਰਨ ਅਤੇ ਅੱਧ ਵਿਚਾਲੇ ਛੱਡੇ ਕੰਮ ਨੂੰ ਮੁਕਾਉਣ ਲਈ ਪ੍ਰੇਰਣਾ ਦੇਣ ਵਾਸਤੇ ਇਹ ਅਖਾਣ ਕਹਿੰਦੇ ਹਨ।

**ਉਠ ਦੀ ਨੂਹੇਂ, ਨਿੱਸਲ ਹੋ, ਚਰਖਾ ਛੱਡ ਤੇ ਚੱਕੀ ਝੋ**—ਜਦੋਂ ਚਲਾਕੀ ਤੇ ਹੁਸ਼ਿਆਰੀ ਨਾਲ਼ ਕਿਸੇ ਸੌਖਾ ਕੰਮ ਕਰ ਰਹੇ ਬੰਦੇ ਨੂੰ ਔਖਾ ਕੰਮ ਸੌਂਪਿਆ ਜਾਵੇ ਤਾਂ ਉਦੋਂ ਕਹਿੰਦੇ ਹਨ।

**ਉਠੋ ਮੁਰਦਿਓ ਖੀਰ ਖਾਓ**—ਜਦੋਂ ਕਿਸੇ ਆਲਸੀ ਬੰਦੇ ਨੂੰ ਉਹਦੇ ਮਨਭਾਉਂਦਾ ਕੰਮ ਕਰਨ ਲਈ ਦੱਸਿਆ ਜਾਵੇ ਉਦੋਂ ਮਖ਼ੌਲ ਨਾਲ਼ ਇਹ ਅਖਾਣ ਬੋਲਦੇ ਹਨ।

**ਉਡ ਗਈ ਜ਼ਾਤ, ਰਹਿ ਗਈ ਕਮਜ਼ਾਤ**—ਕਿਸੇ ਚੰਗੇ ਬੰਦੇ ਦੇ ਚਲੇ ਜਾਣ ਮਗਰੋਂ ਪਿੱਛੇ ਰਹਿ ਗਏ ਘਟੀਆ ਕਿਰਦਾਰ ਵਾਲੇ ਬੰਦੇ ਨੂੰ ਇਹ ਸ਼ਬਦ ਵਿਅੰਗ ਨਾਲ਼ ਕਹੇ ਜਾਂਦੇ ਹਨ।

**ਉੱਡ ਭੰਵੀਰੀ ਸਾਵਣ ਆਇਆ**—ਜਦੋਂ ਇਹ ਦੱਸਣਾ ਹੋਵੇ ਕਿ ਕਿਸੇ ਕੰਮ ਨੂੰ ਕਰਨ ਦਾ ਯੋਗ ਤੇ ਢੁੱਕਵਾਂ ਸਮਾਂ ਆ ਗਿਆ ਹੈ ਉਦੋਂ ਇਹ ਅਖਾਣ ਵਰਤਦੇ ਹਨ।

**ਉਤਮ ਖੇਤੀ, ਮਧ ਵਿਉਪਾਰ, ਨਖਿਧ ਚਾਕਰੀ ਭੀਖ ਨਦਾਰ**—ਇਸ ਅਖਾਣ ਵਿੱਚ ਤਿੰਨਾਂ ਪ੍ਰਮੁੱਖ ਕਿੱਤਿਆਂ ਦਾ ਟਾਕਰਾ ਕਰਕੇ ਦੱਸਿਆ ਗਿਆ ਹੈ ਖੇਤੀ ਦਾ ਧੰਦਾ ਸਭ ਤੋਂ ਚੰਗਾ ਹੈ, ਦੂਜੇ ਦਰਜੇ 'ਤੇ ਵਿਉਪਾਰ ਆਉਂਦਾ ਹੈ ਤੇ ਸਭ ਤੋਂ ਘਟੀਆ ਨੌਕਰੀ ਹੈ।

**ਉੱਤਰ ਮੇਲੇ ਪੁਰਾ ਵਸਾਏ, ਦੱਖਣ ਵਸਦੇ ਨੂੰ ਵੰਜਾਏ, ਜੇ ਦੱਖਣ ਵਸਾਏ ਤਾਂ ਥਲ ਪਾਣੀ ਦਾ ਬਣਾਏ**—ਇਸ ਅਖਾਣ ਵਿੱਚ ਬੱਦਲਾਂ ਉੱਤੇ ਹਵਾਵਾਂ ਦੇ ਅਸਰਾਂ ਦਾ ਵਰਨਣ ਕੀਤਾ ਗਿਆ ਹੈ ਜਿਵੇਂ ਕਿ ਉੱਤਰ ਦੀ ਹਵਾ ਬੱਦਲਾਂ ਨੂੰ ਇਕੱਠੇ ਕਰਦੀ ਹੈ ਤੇ ਪੁਰੇ ਦੀ ਹਵਾ ਬੱਦਲ ਬਰਸਾਉਂਦੀ ਹੈ। ਦੱਖਣ ਦੀ ਹਵਾ ਚੱਲਣ ਨਾਲ਼ ਵਰ੍ਹਦੇ ਬੱਦਲ ਉੱਡ ਜਾਂਦੇ ਹਨ ਪ੍ਰੰਤੂ ਜੇ ਦੱਖਣ ਦੀ ਹਵਾ ਨਾਲ਼ ਬੱਦਲ ਵੱਸਣ ਲੱਗ ਜਾਣ ਤਾਂ ਬਹੁਤ ਵਰਖਾ ਹੁੰਦੀ ਹੈ।

**ਉਤਾਵਲਾ ਸੋ ਬਾਵਲਾ**—ਕਾਹਲ਼ੀ ਕਰਨ ਨਾਲ਼ ਕੰਮ ਵਿਗੜ ਜਾਂਦਾ ਹੈ। ਇਸ ਲਈ ਕੰਮ ਸਹਿਜ ਮਤੇ ਨਾਲ਼ ਕਰਨਾ ਯੋਗ ਹੈ।

**ਉੱਤੋਂ ਬੀਬੀਆਂ ਦਾਹੜੀਆਂ ਵਿੱਚੋਂ ਕਾਲੇ ਕਾਂ**—ਜਦੋਂ ਕਿਸੇ ਬੰਦੇ ਦਾ ਬਾਹਰਲਾ ਸਰੂਪ ਤਾਂ ਬਹੁਤ ਵਧੀਆ ਹੋਵੇ ਪ੍ਰੰਤੂ ਅਮਲ ਸਮੇਂ ਉਹ ਘਟੀਆ ਕੰਮ ਕਰੇ ਉਦੋਂ ਇਹ ਅਖਾਣ ਵਰਤਦੇ ਹਨ।

**ਉਥੇ ਜਾਈਂ ਭਲਿਆ, ਜਿੱਥੇ ਪਿਉ ਤੇ ਦਾਦਾ ਚੱਲਿਆ**—ਚੰਗੀ ਤੇ ਸਾਊ ਉਲਾਦ ਉਹ ਹੁੰਦੀ ਹੈ ਜਿਹੜੀ ਆਪਣੇ ਪਿਉ-ਦਾਦੇ ਦੇ ਪੂਰਨਿਆਂ 'ਤੇ ਚੱਲੇ।

**ਉਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ**—ਇਸ ਅਖਾਣ ਦਾ ਭਾਵ ਇਹ ਹੈ ਕਿ ਜਿਵੇਂ ਪੱਖਾ ਝੱਲਣ ਨਾਲ਼ ਹਵਾ ਪ੍ਰਾਪਤ ਕੀਤੀ ਜਾ ਸਕਦੀ ਹੈ ਉਵੇਂ ਹੀ ਹਿੰਮਤ ਕਰਨ ਨਾਲ਼ ਧਨ ਪ੍ਰਾਪਤ ਹੋ ਸਕਦਾ ਹੈ।

**ਉਧਰੋਂ ਸ਼ਿਕਾਰ ਉਠਿਆ ਤੇ ਕੁੱਤੀ ਨੂੰ ਮੂਤ ਆ ਗਿਆ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਯੋਗ ਸਮੇਂ ਤੇ ਕੰਮ ਨਾ ਕਰੇ ਤੇ ਲੋੜ ਸਮੇਂ ਕੰਮ ਨਾ ਆਵੇ।

**ਉੱਧਲ ਗਈਆਂ ਨੂੰ ਦਾਜ ਕੌਣ ਦੇਂਦਾ ਹੈ**—ਭਾਵ ਇਹ ਹੈ ਕਿ ਜਦੋਂ ਕੋਈ ਆਪਣੇ ਵਡੇਰਿਆਂ ਦੀ ਮਰਜ਼ੀ ਦੇ ਵਿਰੁੱਧ ਕੋਈ ਕਾਰਜ ਕਰਦਾ ਹੈ ਤਾਂ ਉਸ ਨੂੰ ਕੋਈ ਮਾਲੀ ਮਦਦ ਜਾਂ ਮੁਆਵਜ਼ਾ ਨਹੀਂ ਮਿਲਦਾ। ਨਾ ਹੀ ਉਸ ਨੂੰ ਕੋਈ ਅਧਿਕਾਰ ਮੰਗਣ ਦਾ ਹੱਕ ਰਹਿੰਦਾ ਹੈ।

**ਉਧਾਰ ਦਏ ਦੋਵੇਂ ਗਏ**—ਭਾਵ ਇਹ ਹੈ ਕਿ ਜਿਹੜਾ ਬੰਦਾ ਉਧਾਰ ਦੇਂਦਾ ਹੈ ਉਹ ਆਪਣਾ ਧੰਨ ਵੀ ਗੁਆ ਬਹਿੰਦਾ ਹੈ ਤੇ ਮਿੱਤਰਤਾ ਵੀ ਕਿਉਂਕਿ ਸਮੇਂ ਸਿਰ ਉਧਾਰ ਮੁੜਦਾ ਨਹੀਂ ਜਿਸ ਕਰਕੇ ਮਿੱਤਰਤਾ ਵਿੱਚ ਕੁੜੱਤਣ ਆ ਜਾਂਦੀ ਹੈ।

**ਉਧਾਰ ਨਾ ਲੈ, ਕਾਹਦਾ ਭੈ**—ਜਿਹੜੇ ਬੰਦੇ ਆਪਣੀ ਚਾਦਰ ਵੇਖ ਕੇ ਪੈਰ ਪਸਾਰਦੇ ਹਨ ਉਹ ਸੁਖੀ ਰਹਿੰਦੇ ਹਨ। ਉਧਾਰ ਨਾ ਲੈਣ ਵਾਲ਼ਿਆਂ ਨੂੰ ਕਿਸੇ ਵੀ ਕਿਸਮ ਦਾ ਡਰ ਨਹੀਂ ਰਹਿੰਦਾ।

**ਉਧਾਰ ਲਿਆ ਤੇ ਮੱਥੇ ਲੱਗਣੋਂ ਗਿਆ**—ਉਧਾਰ ਲੈਣ ਵਾਲ਼ਾ ਪੁਰਸ਼ ਜੇਕਰ ਉਧਾਰ ਮੋੜਨ ਦੇ ਸਮਰੱਥ ਨਾ ਹੋਵੇ ਤਾਂ ਉਹ ਉਧਾਰ ਦੇਣ ਵਾਲ਼ੇ ਦੇ ਮੱਥੇ ਲੱਗਣੋਂ ਵੀ ਝਿਜਕਦਾ ਹੈ।

**ਉਨ ਦੀ ਚੋਲੀ, ਰੇਸ਼ਮ ਦਾ ਬਖੀਆ**—ਘਟੀਆ ਤੇ ਵਧੀਆ ਚੀਜ਼ਾਂ ਦੇ ਸੁਮੇਲ ਨੂੰ ਵੇਖ ਕੇ ਇਹ ਅਖਾਣ ਵਰਤਿਆ ਜਾਂਦਾ ਹੈ।

**ਉਪਰੋਂ ਡਿੱਗਾ ਸੰਭਲੇ ਪਰ ਨਜ਼ਰੋਂ ਡਿੱਗਾ ਨਾ ਸੰਭਲੇ**—ਭਾਵ ਇਹ ਹੈ ਕਿ ਆਪਣੇ ਕਾਰੋਬਾਰ ਵਿੱਚ ਅਸਫ਼ਲ ਹੋਇਆ ਬੰਦਾ ਮੁੜ ਪੈਰਾਂ 'ਤੇ ਖੜ੍ਹਾ ਹੋ ਸਕਦਾ ਹੈ ਪ੍ਰੰਤੂ ਕਿਸੇ ਦੀਆਂ ਨਜ਼ਰਾਂ ਵਿੱਚ ਡਿੱਗਿਆ ਹੋਇਆ ਬੰਦਾ ਆਪਣਾ ਸਤਿਕਾਰ ਮੁੜਕੇ ਬਹਾਲ ਨਹੀਂ ਕਰ ਸਕਦਾ।

**ਉਰਾਰ ਨਾ ਪਾਰ, ਲਟਕੇ ਵਿਚਕਾਰ**—ਇਹ ਅਖਾਣ ਉਸ ਬੰਦੇ ਦੀ ਮਾਨਸਿਕ ਹਾਲਤ ਦਾ ਵਰਨਣ ਕਰਦਾ ਹੈ ਜੋ ਕੋਈ ਠੋਸ ਫ਼ੈਸਲਾ ਨਹੀਂ ਲੈ ਸਕਦਾ ਤੇ ਡਾਵਾਂ ਡੋਲ ਰਹਿੰਦਾ ਹੈ।

**ਉਲਟਾ ਚੋਰ ਕੋਤਵਾਲ ਨੂੰ ਡਾਂਟੇ**—ਜਦੋਂ ਕੋਈ ਦੋਸ਼ੀ ਦੋਸ਼ ਲਾਉਣ ਵਾਲ਼ੇ 'ਤੇ ਹੀ ਵਰ੍ਹ ਪਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਉਲਟੀ ਗੰਗਾ ਪਹੋਏ ਨੂੰ**—ਜਦੋਂ ਕੋਈ ਪੁਰਸ਼ ਸਮਾਜਿਕ ਰਹੁ-ਰੀਤਾਂ ਦੀ ਉਪੇਖਸ਼ਾ ਕਰਕੇ ਵਿਹਾਰ ਕਰੇ ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਉਲਟੀ ਬਾੜ ਖੇਤ ਨੂੰ ਖਾਏ**—ਜਦੋਂ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨ ਵਾਲ਼ੇ ਹੀ ਲੋਕਾਂ ਨੂੰ ਲੁੱਟਣ ਲੱਗ ਜਾਣ ਉਦੋਂ ਇਹ ਅਖਾਣ ਵਰਤਦੇ ਹਨ।

**ਉਲਟੇ ਬਾਂਸ ਬਰੇਲੀ ਨੂੰ**—ਜਦੋਂ ਕੋਈ ਪੁਰਸ਼ ਸਮਾਜਿਕ ਰਹੁ-ਰੀਤਾਂ ਨੂੰ ਛਿੱਕੇ ਟੰਗ ਕੇ ਉਲਟੀ ਗਲ ਕਰੇ ਉਸ ਨੂੰ ਮੂਰਖ਼ ਸਿੱਧ ਕਰਨ ਲਈ ਇਹ ਅਖਾਣ ਵਰਤਦੇ ਹਨ।

**ਉਲਟੇ ਬਾਂਹ ਸੁਲੱਖਣੀ, ਵਿੱਚੋਂ ਪੱਛੀ ਸੱਖਣੀ**—ਜਦੋਂ ਕੋਈ ਬੰਦਾ ਉਪਰੋਂ ਉਪਰੋਂ ਬਹੁਤ ਕੰਮ ਕਰਨ ਦਾ ਵਿਖਾਵਾ ਕਰੇ ਪ੍ਰੰਤੂ ਅੰਦਰੋਂ ਡੱਕਾ ਦੂਹਰਾ ਨਾ ਕਰੇ ਉਦੋਂ ਕਹਿੰਦੇ ਹਨ।

**ਊਠ ਆਪਣੇ ਆਪ ਨੂੰ ਉਦੋਂ ਸਮਝਦੇ ਜਦੋਂ ਪਹਾੜ ਥੱਲ੍ਹੇ ਖੜੋਵੇ**—ਆਪਣੀ ਹੈਸੀਅਤ, ਗੁਣਾਂ, ਧਨ, ਦੌਲਤ ਅਤੇ ਰੂਪ ਦਾ ਉਦੋਂ ਸਹੀ ਪਤਾ ਲੱਗਦੈ ਜਦੋਂ ਤੁਹਾਡੇ ਤੋਂ ਵੱਧ ਗੁਣਵਾਨ, ਰੂਪਵੰਤ ਅਤੇ ਧੰਨਵਾਨ ਨਾਲ਼ ਟਾਕਰਾ ਹੋ ਜਾਵੇ।

**ਊਠ ਅੜਾਉਂਦੇ ਹੀ ਲੱਦੀ ਦੇ ਨੇ**—ਇਹ ਅਖਾਣ ਉਹਨਾਂ ਬੰਦਿਆਂ ਲਈ ਵਰਤਿਆ ਜਾਂਦਾ ਹੈ ਜਿਹੜੇ ਸਖ਼ਤੀ ਕੀਤੇ ਬਿਨਾਂ ਕੰਮ ਨਹੀਂ ਕਰਦੇ।

**ਊਠ ਖਾਲ੍ਹੀ ਵੀ ਅੜਾਏ ਤੇ ਲੱਦਿਆ ਵੀ**—ਇਹ ਅਖਾਣ ਵੀ ਉਹਨਾਂ ਕੰਮ ਚੋਰਾਂ ਲਈ ਵਰਤਿਆ ਜਾਂਦਾ ਹੈ ਜਿਹੜੇ ਕੋਈ ਵੀ ਔਖਾ-ਸੌਖਾ ਕੰਮ ਕਰਨ ਵੇਲੇ ਮੂੰਹ ਵੱਟੀ ਰਖਦੇ ਹਨ।

**ਊਠ ਚਾਲੀ ਤੇ ਬੋਤਾ ਪੰਤਾਲੀ**—ਜਦੋਂ ਕਿਸੇ ਵੱਡੀ ਤੇ ਵਧੀਆ ਚੀਜ਼ ਦੇ ਟਾਕਰੇ ਤੇ ਛੋਟੀ ਤੇ ਘਟੀਆ ਚੀਜ਼ ਦਾ ਮੁੱਲ ਪਾਇਆ ਜਾਵੇ ਉਦੋਂ ਇਹ ਅਖਾਣ ਵਰਤਦੇ ਹਨ।

**ਊਠ ਤੇ ਚੜ੍ਹੀ ਨੂੰ ਕੁੱਤਾ ਵੱਢੂ**—ਜਦੋਂ ਕੋਈ ਬੰਦਾ ਖ਼ਤਰੇ ਦੀ ਸੰਭਾਵਨਾ ਤੋਂ ਦੂਰ ਹੁੰਦਾ ਹੋਇਆ ਵੀ ਐਵੇਂ ਡਰੀ ਜਾਵੇ ਉਦੋਂ ਕਹਿੰਦੇ ਹਨ।

**ਊਠ ਤੋਂ ਛਾਨਣੀ ਲਾਹਿਆਂ ਭਾਰ ਹੌਲ਼ਾ ਨੀ ਹੁੰਦਾ**—ਜਦੋਂ ਕਿਸੇ ਵਿਅਕਤੀ ਦੇ ਜ਼ੁੰਮੇ ਲੱਗੇ ਬਹੁਤ ਸਾਰੇ ਕੰਮਾਂ ਵਿੱਚੋਂ ਨਾਮਾਤਰ ਕੰਮ ਘਟਾ ਦਿੱਤਾ ਜਾਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਊਠ ਦਾ ਪੱਦ ਉੱਚਾ ਜਾਏ**—ਭਾਵ ਇਹ ਕਿ ਵੱਡੇ ਲੋਕਾਂ ਦੇ ਐਬ ਵੀ ਲੁਕੇ ਰਹਿੰਦੇ ਹਨ।

**ਊਠ ਦਾ ਪੱਦ ਨਾ ਜ਼ਮੀਂ ਨਾ ਆਸਮਾਨ**—ਜਦੋਂ ਕੋਈ ਬਿਨਾਂ ਸਿਰ-ਪੈਰ ਤੋਂ ਗੱਪਾਂ ਮਾਰੇ, ਬੇਥਵੀਆਂ ਮਾਰੇ, ਓਦੋਂ ਇੰਜ ਆਖਦੇ ਹਨ।

**ਊਠ ਦੇ ਗਲ਼ ਟੱਲੀ**—ਜਦੋਂ ਕਿਸੇ ਲੰਮੇ ਕਦ ਵਾਲ਼ੇ ਪੁਰਸ਼ ਨਾਲ਼ ਛੋਟੇ ਕਦ ਵਾਲ਼ੀ ਪਤਨੀ ਜਾ ਰਹੀ ਹੋਵੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਊਠ ਦੇ ਮੂੰਹ ਜ਼ੀਰਾ**—ਬਹੁਤ ਸਾਰੀ ਲੋੜੀਂਦੀ ਵਸਤੂ ਦੀ ਥਾਂ ਜਦੋਂ ਥੋੜ੍ਹੀ ਮਾਤਰਾ ਵਿੱਚ ਕੰਮ ਸਾਰਨ ਲਈ ਕਿਹਾ ਜਾਂਦਾ ਹੈ, ਉਦੋਂ ਇਹ ਅਖਾਣ ਵਰਤਦੇ ਹਨ।

**ਊਠ ਨਾ ਕੁੱਦੇ, ਬੋਰੇ ਕੁੱਦੇ**—ਭਾਵ ਇਹ ਹੈ ਕਿ ਜਦੋਂ ਕੋਈ ਬੇ-ਹੱਕਾ ਹੱਕਦਾਰ ਦੀ ਥਾਂ ਆਪਣਾ ਹੱਕ ਜਤਾਉਣ ਲਈ ਅਜਾਈਂ ਰੌਲ਼ਾ ਰੱਪਾ ਪਾਉਣ ਲੱਗੇ।

**ਊਠ ਨਾ ਪੱਦਿਆ, ਜੇ ਪੱਦਿਆ ਤਾਂ ਫੁੱਸ**—ਜਦੋਂ ਕੋਈ ਮੂਰਖ਼ ਬੰਦਾ ਆਪਣੇ ਆਪ ਨੂੰ ਸਿਆਣਾ ਸਿੱਧ ਕਰਨ ਲਈ ਕੋਈ ਮੂਰਖ਼ਾਂ ਵਾਲ਼ੀ ਗੱਲ ਕਰੇ, ਓਦੋਂ ਆਖਦੇ ਹਨ।

**ਊਠ ਬੁੱਢਾ ਹੋ ਗਿਆ ਪਰ ਮੂਤਣਾ ਨੀ ਆਇਆ**—ਜਦੋਂ ਕੋਈ ਵਡੇਰੀ ਉਮਰ ਦਾ ਪੁਰਸ਼ ਕੁਚੱਜੇ ਕੰਮ ਕਰੇ, ਉਦੋਂ ਇਹ ਅਖਾਣ ਵਰਤਦੇ ਹਨ।

**ਊਠ ਬੋਲੂਗਾ ਤਾਂ ਲਾਣੇ ਦੀ ਬੋ ਆਊਗੀ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਮੂਰਖ਼ ਆਦਮੀ ਸਮਾਂ ਤੇ ਸਥਾਨ ਵੇਖ ਕੇ ਗੱਲ ਨਹੀਂ ਕਰਦਾ ਜਦੋਂ ਬੋਲੇਗਾ ਮੂਰਖ਼ਾਂ ਵਾਲ਼ੀ ਗੱਲ ਹੀ ਕਰੇਗਾ।

**ਊਠਾਂ ਨੂੰ ਛੱਪਰ ਕੌਣ ਪਾਉਂਦੈ**—ਭਾਵ ਇਹ ਮਿਹਨਤੀ ਤੇ ਨਰੋਏ ਸਰੀਰਾਂ ਵਾਲਿਆਂ ਨੂੰ ਸੁਖ ਸਹੂਲਤਾਂ ਪ੍ਰਾਪਤ ਨਹੀਂ ਹੁੰਦੀਆਂ। ਉਹ ਆਪਣੇ ਸਿਰੜ ਨਾਲ਼ ਹੀ ਕੰਮ ਕਰੀ ਜਾਂਦੇ ਹਨ।

**ਊਠਾਂ ਵਾਲਿਆਂ ਨਾਲ਼ ਯਾਰੀ ਤੇ ਦਰ ਨੀਵੇਂ**—ਜਦੋਂ ਕੋਈ ਸਧਾਰਨ ਵਸੀਲਿਆਂ ਵਾਲ਼ਾ ਬੰਦਾ ਕਿਸੇ ਧਨਾਢ ਬੰਦੇ ਨਾਲ਼ ਰਿਸ਼ਤੇਦਾਰੀ ਜਾਂ ਦੋਸਤੀ ਪਾ ਲਵੇ ਪ੍ਰੰਤੂ ਖ਼ਰਚ ਕਰਨ ਲੱਗਿਆਂ ਸੰਕੋਚ ਕਰੇ, ਉਦੋਂ ਇਹ ਅਖਾਣ ਵਰਤਦੇ ਹਨ।

**ਊਣਾਂ ਭਾਂਡਾ ਈ ਉਛਲਦੈ**—ਭਾਵ ਇਹ ਘਟੀਆ ਤੇ ਮਾੜੇ ਜਿਗਰੇ ਵਾਲ਼ਾ ਬੰਦਾ ਹੀ ਫ਼ੂੰ ਫ਼ਾਂ ਵਖਾਉਂਦਾ ਏ-ਥੋੜ੍ਹੀ ਔਕਾਤ ਵਾਲੇ ਹੀ ਵਧੇਰੇ ਵਿਖਾਵਾ ਕਰਦੇ ਹਨ।

**ਉਹੀ ਬੁੜੀ ਖੋਤੀ, ਉਹੀ ਰਾਮ ਦਿਆਲ**—ਇਹ ਅਖਾਣ ਉਦੋਂ ਵਰਤਦੇ ਹਨ, ਜਦੋਂ ਕਿਸੇ ਬੰਦੇ ਬਾਰੇ ਇਹ ਦੱਸਣਾ ਹੋਵੇ ਕਿ ਉਸ ਨੇ ਸਾਰੀ ਉਮਰ ਇਕੋ ਹੀ ਕੰਮ ਕੀਤਾ ਹੈ ਜਾਂ ਸਾਰਾ ਜੀਵਨ ਥੋੜ੍ਹੀ ਆਮਦਨ ਨਾਲ਼ ਹੀ ਗੁਜ਼ਾਰਿਆ ਹੈ।

**ਉਹੀ ਰਾਣੀ ਜੋ ਖਸਮੇ ਖਾਣੀ**—ਉਹ ਵਸਤੂ ਚੰਗੀ ਹੈ ਜਿਹੜੀ ਕਿਸੇ ਦੇ ਮਨ ਨੂੰ ਭਾਅ ਜਾਵੇ।

**ਉਹੀ ਤੂਤੜੀ ਦੇ ਉਹੋ ਰਾਗ**—ਜਦੋਂ ਕੋਈ ਬੰਦਾ ਮੁੜ-ਮੁੜ ਇਕੋ ਗੱਲ ਦੁਹਰਾਈ ਜਾਵੇ, ਜਾਂ ਕਿਸੇ ਬੰਦੇ ਦੀਆਂ ਭੈੜੀਆਂ ਆਦਤਾਂ ਤੇ ਸੁਭਾਅ ਵਿੱਚ ਲੰਮਾ ਸਮਾਂ ਬੀਤ ਜਾਣ ਮਗਰੋਂ ਵੀ ਕੋਈ ਫ਼ਰਕ ਨਾ ਪਿਆ ਹੋਵੇ, ਉਦੋਂ ਕਹਿੰਦੇ ਹਨ।

**ਓੜਕ ਬੱਚਾ ਮੂਲਿਆ ਮੁੜ ਹੱਟੀ ਬਹਿਣਾ**—ਜਦੋਂ ਕੋਈ ਵਿਅਕਤੀ ਆਪਣਾ ਜੱਦੀ ਪੁਸ਼ਤੀ ਪੇਸ਼ਾ ਛੱਡ ਕੇ, ਦੂਜਾ ਪੇਸ਼ਾ ਅਪਣਾ ਕੇ, ਅਸਫ਼ਲ ਹੋਣ ਮਗਰੋਂ ਮੁੜ ਆਪਣੇ ਜੱਦੀ ਪੁਸ਼ਤੀ ਪੇਸ਼ੇ ਨੂੰ ਅਪਣਾ ਲਵੇ, ਉਦੋਂ ਇਹ ਅਖਾਣ ਵਰਤਦੇ ਹਨ।

## ਅ

**ਅਓਸਰ ਚੁੱਕਾ ਹੱਥ ਨਾ ਆਵੇ**—ਪ੍ਰਾਪਤ ਹੋਏ ਮੌਕੇ ਦਾ ਲਾਭ ਉਠਾਉਣ ਲਈ ਇਹ ਅਖਾਣ ਵਰਤਦੇ ਹਨ, ਬੀਤਿਆ ਹੋਇਆ ਸਮਾਂ ਮੁੜ ਕੇ ਹੱਥ ਨਹੀਂ ਆਉਂਦਾ।

**ਅਸਮਾਨੋਂ ਡਿੱਗੀ, ਖਜੂਰ 'ਚ ਅਟਕੀ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਇਕ ਮੁਸੀਬਤ ਤੋਂ ਦੂਜੀ ਮੁਸੀਬਤ ਵਿੱਚ ਫਸ ਜਾਂਦਾ ਹੈ।

**ਅੱਸੀ ਸੀਆਂ ਗਾਜਰਾਂ, ਸੌ ਸੇਈਂ ਕਮਾਦ, ਸਠ ਸੀਆਂ ਲਾ ਕੇ ਦੇਖ ਕਣਕ ਦਾ ਝਾੜ**—ਇਸ ਅਖਾਣ ਵਿੱਚ ਵੱਖ-ਵੱਖ ਫ਼ਸਲਾਂ ਦਾ ਚੰਗੇਰਾ ਝਾੜ ਪ੍ਰਾਪਤ ਕਰਨ ਲਈ ਵਾਹੀ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ...ਕਿਹੜੀ-ਕਿਹੜੀ ਫ਼ਸਲ ਲਈ ਕਿੰਨੀ ਵਾਰ ਖੇਤ ਵਾਹੁਣ ਦੀ ਲੋੜ ਹੈ ਉਸ ਬਾਰੇ ਜਾਣਕਾਰੀ ਦੇਂਦਾ ਹੈ ਇਹ ਅਖਾਣ।

**ਅੱਸੂ ਜਿੱਤੇ ਤੇ ਅੱਸੂ ਹਾਰੇ**—ਇਸ ਅਖਾਣ ਦਾਂ ਭਾਵ ਇਹ ਹੈ ਕਿ ਹਾੜ੍ਹੀ-ਸਾਉਣੀ ਦੀਆਂ ਫ਼ਸਲਾਂ ਦਾ ਚੰਗਾ ਜਾਂ ਮੰਦਾ ਹੋਣਾ ਅੱਸੂ ਵਿੱਚ ਪਏ ਮੀਂਹ 'ਤੇ ਨਿਰਭਰ ਕਰਦਾ ਹੈ।

**ਅੱਸੂ ਮਾਹ ਨਿਰਾਲਾ, ਦਿਨੇ ਧੁੱਪ ਤੇ ਰਾਤੀਂ ਪਾਲਾ**—ਇਸ ਅਖਾਣ ਵਿੱਚ ਸਾਲ ਦੇ ਦੂਜਿਆਂ ਮਹੀਨਿਆਂ ਨਾਲੋਂ ਅੱਸੂ ਮਹੀਨੇ ਦੇ ਵੱਖਰੇਪਣ ਨੂੰ ਦਰਸਾਇਆ ਗਿਆ ਹੈ।

**ਅੱਸੂ ਵੱਸੇ, ਹਾੜ੍ਹੀ ਸਾਉਣੀ ਦੀ ਨੀਂਹ ਲਾਏ**—ਭਾਵ ਇਹ ਹੈ ਕਿ ਜੇਕਰ ਅੱਸੂ ਮਹੀਨੇ ਵਿੱਚ ਭਰਵੀਂ ਬਾਰਸ਼ ਪੈ ਜਾਵੇ ਤਾਂ ਸਾਉਣੀ ਤੇ ਹਾੜ੍ਹੀ ਦੀਆਂ ਫ਼ਸਲਾਂ ਚੰਗੀਆਂ ਹੁੰਦੀਆਂ ਹਨ।

**ਅਹਮਕ ਕੱਪੇ ਆਪਣੇ ਪੈਰ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਪੁਰਸ਼ ਆਪਣੇ ਕੰਮਾਂ ਤੇ ਮਾੜੇ ਅਮਲਾਂ ਨਾਲ਼ ਆਪਣਾ ਤੇ ਆਪਣੇ ਸਾਕ ਸਬੰਧੀਆਂ ਦਾ ਨੁਕਸਾਨ ਕਰ ਰਿਹਾ ਹੋਵੇ।

**ਅਹਰਨ ਕੱਛੇ ਮਾਰਨੀ ਸੂਈ ਦਾ ਕਰਨਾ ਦਾਨ**—ਵਡਾਰੂ ਇਹ ਅਖਾਣ ਉਸ ਵਿਅਕਤੀ ਲਈ ਵਰਤਦੇ ਹਨ ਜਦੋਂ ਉਹ ਨਿੱਕੇ-ਨਿੱਕੇ ਕੰਮਾਂ 'ਚ ਈਮਾਨਦਾਰੀ ਵਿਖਾਏ ਪ੍ਰੰਤੂ ਵੱਡੇ-ਵੱਡੇ ਮਾਮਲਿਆਂ ਵਿੱਚ ਘਪਲੇਬਾਜ਼ੀ ਕਰਨੋਂ ਨਾ ਟਲ਼ੇ।

**ਅਕਲ ਦਿੰਦਾ ਚੰਗਾ ਤੇ ਟੁਕ ਦੇਂਦਾ ਮੰਦਾ**—ਜਦੋਂ ਕੋਈ ਮੂਰਖ਼ ਬੰਦਾ ਚੰਗੀ ਮੱਤ ਦੇਣ ਵਾਲ਼ੇ ਨੂੰ ਮਾੜਾ ਕਹੇ, ਉਦੋਂ ਇਹ ਅਖਾਣ ਬੋਲਦੇ ਹਨ। ਜਿਹੜਾ ਬੰਦਾ ਰੋਟੀ ਕਮਾਉਣ ਜੋਗੀ ਅਕਲ ਦੇਵੇ ਉਸ ਨੂੰ ਮਾੜਾ ਆਖਣਾ ਠੀਕ ਨਹੀਂ।

**ਅਕਲ ਵੱਡੀ ਕਿ ਮੱਝ**—ਇਸ ਅਖਾਣ ਦਾ ਭਾਵ ਇਹ ਹੈ ਕਿ ਮਨੁੱਖ ਸਰੀਰ ਦੇ ਅਕਾਰ ਕਰਕੇ ਵੱਡਾ ਨਹੀਂ ਬਲਕਿ ਉਸ ਦੀ ਅਕਲ ਕਰਕੇ ਵੱਡਾ ਮੰਨਿਆ ਜਾਂਦਾ ਹੈ।

**ਅਕਲਾਂ ਬਾਝੋਂ ਖ਼ੂਹ ਖ਼ਾਲ਼ੀ**—ਬਿਨਾਂ ਸਮਝ ਤੋਂ ਭਰੇ ਖ਼ੂਹ ਵਿੱਚੋਂ ਪਾਣੀ ਨਹੀਂ ਕੱਢਿਆ ਜਾ ਸਕਦਾ, ਭਾਵ ਇਹ ਹੈ ਕਿ ਬਿਨਾਂ ਅਕਲ ਦੇ ਧੰਨਵਾਨ ਹੋਣਾ ਕੋਈ ਗੁਣ ਨਹੀਂ।

**ਅੱਖ ਓਹਲੇ ਪਹਾੜ ਉਹਲੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਜਿਹੜੀ ਵਸਤੂ ਸਾਨੂੰ ਨਜ਼ਰ ਨਹੀਂ ਆ ਰਹੀ ਉਹ ਨੇੜੇ ਹੁੰਦੀ ਹੋਈ ਵੀ ਦੂਰ ਹੈ।

**ਅੱਖ ਟੱਡੀ ਰਹਿ ਗਈ ਕੱਜਲ ਲੈ ਗਿਆ ਕਾਂ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਆਪਣੇ ਆਪ ਨੂੰ ਬਹੁਤਾ ਹੁਸ਼ਿਆਰ ਸਮਝਣ ਵਾਲ਼ੇ ਬੰਦੇ ਨੂੰ ਮੂਰਖ਼ ਬਣਾ ਕੇ ਉਸ ਦੀ ਥਾਂ ਕੋਈ ਹੋਰ ਲਾਭ ਪ੍ਰਾਪਤ ਕਰ ਲਵੇ।

**ਅੱਖ ਨਾ ਪੁੱਛ, ਵਹੁਟੀ ਹੀਰੇ ਵਰਗੀ**—ਜਦੋਂ ਕੋਈ ਸ਼ਰੀਕ ਗੁੱਝੇ ਰੂਪ ਵਿੱਚ ਕਿਸੇ ਦੀ ਸਿਫ਼ਤ ਕਰਦਿਆਂ ਬੁਰਾਈ ਕਰਦਾ ਹੈ ਜਾਂ ਭਾਨੀ ਮਾਰਦਾ ਹੈ, ਉਦੋਂ ਇਹ ਅਖਾਣ ਬੋਲਿਆਂ ਜਾਂਦਾ ਹੈ।

**ਅੱਖ ਲੱਗੀ ਤੇ ਮਾਲ ਬਿਗਾਨਾ**—ਇਸ ਅਖਾਣ ਰਾਹੀਂ ਯਾਤਰਾ ਕਰ ਰਹੇ ਯਾਤਰੀਆਂ ਨੂੰ ਸੁਚੇਤ ਕੀਤਾ ਗਿਆ ਹੈ ਕਿ ਉਹ ਸਫ਼ਰ ਕਰਦਿਆਂ ਨੀਂਦ ਦਾ ਸੁਆਦ ਨਾ ਮਾਣਨ ਮਤੇ ਚੋਰ ਉਹਨਾਂ ਦਾ ਸਮਾਨ ਲੈ ਕੇ ਤਿੱਤਰ ਹੋ ਜਾਣ।

**ਅੱਖਰ ਇੱਕ ਨਾ ਜਾਣਦਾ ਨਾ ਇਲਮਦੀਨ**—ਉਦੋਂ ਕਹਿੰਦੇ ਹਨ ਜਦੋਂ ਕਿਸੇ ਬੰਦੇ ਦਾ ਨਾਂ ਤੇ ਮਸ਼ਹੂਰੀ ਤਾਂ ਬਹੁਤ ਹੋਵੇ ਪ੍ਰੰਤੂ ਅਮਲ ਵਿੱਚ ਤੇ ਕਰਤੂਤਾਂ ਵਿੱਚ ਮਾੜਾ ਨਿਕਲੇ।

**ਅੱਖਾਂ ਨੇ ਨਾ ਖਾਧਾ ਤਾ ਮੂੰਹ ਨੇ ਕੀ ਖਾਣਾ ਏ**—ਜਦੋਂ ਕੋਈ ਭੋਜਨ ਜਾਂ ਚੀਜ਼ ਵੇਖਣ ਨੂੰ ਚੰਗੀ ਨਾ ਲੱਗੇ ਉਸ ਨੂੰ ਖਾਣ ਨੂੰ ਜੀ ਨਹੀਂ ਕਰਦਾ।

**ਅੱਖਾਂ ਗਈਆਂ ਜਹਾਨ ਗਿਆ, ਦੰਦ ਗਏ ਸੁਆਦ ਗਿਆ**—ਭਾਵ ਇਹ ਨੇਤਰਹੀਣ ਬੰਦੇ ਲਈ ਰੰਗ ਬਿਰੰਗੀ ਦੁਨੀਆਂ ਬੇਰੰਗ ਹੋ ਜਾਂਦੀ ਹੈ ਅਤੇ ਦੰਦ ਹੀਣ ਬੰਦੇ ਲਈ ਸੁਆਦੀ ਭੋਜਨ ਖਾਣ ਯੋਗ ਨਹੀਂ ਰਹਿੰਦੇ।

**ਅੱਖੋਂ ਦਿਸੇ ਨਾ, ਨਾਂ ਨੂਰ ਭਰੀ**—ਇਹ ਅਖਾਣ ਕਿਸੇ ਬੰਦੇ ਦੀ ਅਸਲੀਅਤ ਅਤੇ ਨਾਂ ਵਿਚਲੇ ਫ਼ਰਕ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

**ਅੱਖੀਂ ਦਿਸੇ ਨਾ, ਨਾਂ ਨੈਣ ਸੁੱਖ**—ਇਹ ਅਖਾਣ ਵੀ ਉਪਰੋਕਤ ਅਖਾਣ ਵਾਂਗ ਹੀ ਹੈ।

**ਅੱਖੀਂ ਵੇਖ ਕੇ ਮੱਖੀ ਨਹੀਂ ਖਾਧੀ ਜਾਂਦੀ**—ਕਿਸੇ ਮਾੜੇ ਬੰਦੇ ਦੇ ਐਬ ਜਾਣਦਿਆਂ ਹੋਇਆਂ ਉਹਦੇ ਨਾਲ਼ ਸਾਂਝ ਭਿਆਲੀ ਨਹੀਂ ਪਾਈ ਜਾ ਸਕਦੀ।

**ਅੱਖੋਂ ਓਹਲੇ, ਘੱਤ ਭੜੋਲੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਦੂਰ ਵਸਦੇ ਵਿਅਕਤੀ ਬਾਰੇ ਕਿਸੇ ਪ੍ਰਕਾਰ ਦੀ ਜਾਣਕਾਰੀ ਨਾ ਹੋਣ ਦਾ ਸੰਕੇਤ ਦੇਣਾ ਹੋਵੇ।

**ਅੱਖੋਂ ਅੰਨ੍ਹੀ, ਮਮੀਰੇ ਦਾ ਸੁਰਮਾ**—ਇਹ ਉਦੋਂ ਕਹਿੰਦੇ ਹਨ ਜਦੋਂ ਕੋਈ ਬੰਦਾ ਆਪਣੀ ਹੈਸੀਅਤ, ਅਸਲੀਅਤ ਅਤੇ ਸੁਭਾਅ ਦੇ ਉਲਟ ਮਹਿੰਗੀ ਵਸਤੂ ਦੀ ਵਰਤੋਂ ਕਰੇ।

**ਅੱਗ ਅੱਗ ਕਰਦਿਆਂ ਮੂੰਹ ਨਹੀਂ ਸੜਦਾ**—ਭਾਵ ਇਹ ਕਿ ਕਿਸੇ ਪੁਰਸ਼ ਦਾ ਨਾਂ ਬਾਰ ਬਾਰ ਲੈਣ ਨਾਲ਼ ਉਸ ਦਾ ਕੋਈ ਅਸਰ ਨਹੀਂ ਪੈਂਦਾ।

**ਅੱਗ ਖਾਏ ਅੰਗਿਆਰ ਹੱਗੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਜਿਹੋ ਜਿਹਾ ਤੁਸੀਂ ਕਰਮ ਕਰੋਗੇ ਉਹੋ ਜਿਹਾ ਹੀ ਉਸ ਦਾ ਫ਼ਲ ਮਿਲੇਗਾ।

**ਅੱਗ ਜਾਣੇ ਲੁਹਾਰ ਜਾਣੇ, ਫੂਕਣੀ ਵਾਲ਼ੇ ਦੀ ਜਾਣੇ ਬਲਾ**—ਇਸ ਅਖਾਣ ਦਾ ਭਾਵ ਹੈ ਕਿ ਜਦੋਂ ਦੋ ਧਿਰਾਂ ਆਪਸ ਵਿੱਚ ਝਗੜ ਰਹੀਆਂ ਹੋਣ ਤਾਂ ਤੀਜੀ ਧਿਰ ਉਹਨਾਂ ਵਿੱਚ ਅਜਾਈਂ ਦਖ਼ਲ ਨਾ ਦੇਵੇ। ਲੜਾਈ ਪਵਾਉਣ ਵਾਲ਼ੇ ਨੂੰ ਕੀ ਝਗੜਨ ਵਾਲ਼ੇ ਆਪੇ ਹੀ ਨਿਬੇੜਾ ਕਰ ਲੈਣਗੇ।

**ਅੱਗ ਦਾ ਸੜਿਆ ਟਟਹਿਣੇ ਤੋਂ ਵੀ ਡਰਦਾ ਹੈ**—ਜਿਹੜਾ ਪੁਰਸ਼ ਇਕ ਵਾਰੀ ਕਿਸੇ ਕੰਮ ਵਿੱਚ ਧੋਖਾ ਖਾ ਜਾਵੇ ਉਹ ਅੱਗੇ ਤੋਂ ਬੜਾ ਸਾਵਧਾਨ ਤੇ ਸੁਚੇਤ ਹੋ ਕੇ ਕਦਮ ਚੁਕਦਾ ਹੈ।

**ਅੱਗ ਪਾਣੀ ਦਾ ਮੇਲ ਨਹੀਂ ਹੁੰਦਾ**—ਦੋ ਵੱਖਰੇ-ਵੱਖਰੇ ਵਿਚਾਰਾਂ ਤੇ ਸੁਭਾਵਾਂ ਵਾਲ਼ੇ ਵਿਅਕਤੀਆਂ ਦਾ ਇਕੋ ਥਾਂ ਰਹਿਣਾ ਸੰਭਵ ਨਹੀਂ, ਦੋਨੋਂ ਰਲ਼ਕੇ ਕੰਮ ਨਹੀਂ ਕਰ ਸਕਦੇ।

**ਅੱਗ ਬਿਨਾ ਧੂਆਂ ਨਹੀਂ ਨਿਕਲਦਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਹਰ

ਗੱਲ ਜਾਂ ਘਟਨਾ ਪਿੱਛੇ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ, ਬਿਨਾਂ ਕਾਰਨ ਕੋਈ ਘਟਨਾ ਨਹੀਂ ਵਾਪਰਦੀ।

**ਅੱਗ ਲੱਗਿਆਂ ਖ਼ੂਹ ਨਹੀਂ ਪੁੱਟੀਦੇ**—ਭਾਵ ਇਹ ਹੈ ਕਿ ਲੋੜੀਂਦੀ ਵਸਤੂ ਦਾ ਪ੍ਰਬੰਧ ਪਹਿਲਾਂ ਕਰਨਾ ਚਾਹੀਦਾ ਹੈ ਐਨ ਮੌਕੇ 'ਤੇ ਪ੍ਰਬੰਧ ਕਰਨਾ ਸੰਭਵ ਨਹੀਂ। ਐਨ ਲੋੜ ਵੇਲੇ ਚੀਜ਼ ਲੱਭਣੀ ਮੁਸ਼ਕਿਲ ਹੁੰਦੀ ਹੈ।

**ਅੱਗ ਲੈਣ ਆਈ ਘਰ ਵਾਲ਼ੀ ਬਣ ਬੈਠੀ**--ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਦੂਜੇ ਬੰਦੇ ਤੋਂ ਕੋਈ ਲਾਭ ਪ੍ਰਾਪਤ ਕਰਕੇ ਉਸੇ ਲਾਭਦਾਇਕ ਵਸਤੂ ਦਾ ਮਾਲਕ ਬਣ ਜਾਵੇ। ਕਿਸੇ ਭਲੇ-ਮਾਣਸ ਦੀ ਭਲਮਾਣਸੀ ਦਾ ਨਾਜਾਇਜ਼ ਲਾਭ ਉਠਾਉਣਾ।

**ਅਗਲਿਆਂ ਦੇ ਰਾਹ ਪਿਛਲਿਆਂ ਦੇ ਪੈਂਤੜੇ**—ਭਾਵ ਇਹ ਹੈ ਕਿ ਅਸੀਂ ਆਪਣੇ ਵੱਡੇ ਵਡੇਰਿਆਂ ਦੇ ਪਾਏ ਪੂਰਨਿਆਂ 'ਤੇ ਹੀ ਤੁਰਦੇ ਹਾਂ। ਪਿੱਛੋਂ ਆਉਣ ਵਾਲ਼ੇ ਆਪਣੇ ਵਡੇਰਿਆਂ ਦੀਆਂ ਪੈੜਾਂ 'ਤੇ ਹੀ ਤੁਰਦੇ ਹਨ।

**ਅਗਲੇ ਨਹੀਂ ਭਾਉਂਦੇ, ਹੋਰ ਢਿੱਡ ਕਢੀਂ ਆਉਂਦੇ**—ਜਦੋਂ ਘਰ ਦਾ ਮਾਲਕ ਪਹਿਲਾਂ ਆਏ ਪ੍ਰਾਹੁਣਿਆਂ ਤੋਂ ਸਤਿਆ ਬੈਠਾ ਹੋਵੇ ਤੇ ਅੱਗੋਂ ਹੋਰ ਇਹੋ ਜਿਹੇ ਅਣਸੱਦੇ ਪ੍ਰਾਹੁਣੇ ਆ ਜਾਣ ਤਾਂ ਇਹ ਅਖਾਣ ਵਰਤਿਆ ਜਾਂਦਾ ਹੈ।

**ਅੱਗਾ ਤੇਰਾ ਤੇ ਪਿੱਛਾ ਮੇਰਾ**—ਜਦੋਂ ਕਿਸੇ ਵਿਅਕਤੀ ਦੀ ਅਗਵਾਈ ਵਿੱਚ ਚੱਲਣ ਅਥਵਾ ਕੰਮ ਕਰਨ ਦਾ ਵਿਸ਼ਵਾਸ ਪ੍ਰਗਟਾਣਾ ਹੋਵੇ ਉਦੋਂ ਇਹ ਅਖਾਣ ਬੋਲਦੇ ਹਨ।

**ਅਗਾਈ ਸੌ ਸਵਾਈ**—ਇਸ ਅਖਾਣ ਵਿੱਚ ਫ਼ਸਲ ਸਮੇਂ ਸਿਰ ਅਗੇਤੀ ਬੀਜਣ ਦੇ ਮਹੱਤਵ ਬਾਰੇ ਦੱਸਿਆ ਗਿਆ ਹੈ। ਅਗੇਤੀ ਫ਼ਸਲ ਚੰਗਾ ਝਾੜ ਦੇਂਦੀ ਹੈ।

**ਅੱਗੇ ਅਗੇਰੇ ਜਾਹ, ਕਰਮਾਂ ਦਾ ਖੱਟਿਆ ਖਾ**—ਭਾਵ ਇਹ ਹੈ ਕਿ ਜਿੱਥੇ ਮਰਜ਼ੀ ਚਲੇ ਜਾਓ ਦੇਸਾਂ-ਪ੍ਰਦੇਸਾਂ 'ਚ ਫਿਰ ਲਵੋ, ਕਮਾਈ ਤਾਂ ਕਰਮਾਂ ਦੀ ਹੀ ਖਾਣੀ ਹੈ।

**ਅੱਗੇ ਈ ਬੱਬੋ ਟੱਪਣੀ, ਮਗਰੋਂ ਢੋਲਾਂ ਦੀ ਗੜਗੱਜ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਅੱਯਾਸ਼ ਬੰਦੇ ਨੂੰ ਉਹਦੇ ਵਰਗੇ ਹੀ ਅੱਯਾਸ਼ ਤੇ ਫ਼ਜ਼ੂਲ ਖ਼ਰਚ ਸਾਥੀ ਮਿਲ਼ ਜਾਣ।

**ਅੱਗੇ ਸੱਪ ਤੇ ਪਿੱਛੇ ਸ਼ੀਂਹ**—ਇਹ ਅਖਾਣ ਉਦੋਂ ਵਰਤਿਆ ਜਾਂਦਾ ਹੈ ਜਦੋਂ ਕੋਈ ਪੁਰਸ਼ ਦੁਚਿੱਤੀ ਵਿੱਚ ਫਸ ਜਾਵੇ ਅਤੇ ਉਸ ਨੂੰ ਕਿਸੇ ਕੰਮ ਕਾਰ ਵਿੱਚ ਅੰਤਿਮ ਨਿਰਣਾ ਲੈਣ ਜਾਂ ਨਾ ਲੈਣ ਵਿੱਚ ਦੋਹੀਂ ਪਾਸੀਂ ਨੁਕਸਾਨ ਹੁੰਦਾ ਹੋਵੇ।

**ਅੱਗੇ ਕਮਲੀ, ਉਤੋਂ ਪੈ ਗਈ ਸਿਵਿਆਂ ਦੇ ਰਾਹ**—ਜਦੋਂ ਮੂਰਖ਼ ਬੰਦਾ ਹੋਰ ਮੂਰਖ਼ਾਂ ਵਾਲ਼ੇ ਕੰਮ ਕਰੇ ਉਦੋਂ ਇਹ ਅਖਾਣ ਵਰਤਦੇ ਹਨ।

**ਅੱਗੇ ਖ਼ੂਹ ਪਿੱਛੇ ਖਾਈ**—ਇਹ ਅਖਾਣ ਦੁਬਿਧਾ ਵਿੱਚ ਫਸੇ ਵਿਅਕਤੀ ਦੀ ਮਾਨਸਿਕ ਅਵਸਥਾ ਨੂੰ ਪ੍ਰਗਟ ਕਰਦਾ ਹੈ।

**ਅੱਗ਼ੇ ਡਿੱਗਿਆਂ ਨੂੰ ਤਾਂ ਸ਼ੇਰ ਵੀ ਨਹੀਂ ਖਾਂਦਾ**—ਇਸ ਅਖਾਣ ਰਾਹੀਂ ਨਿਮਰਤਾ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ।

**ਅੱਗਾ ਦੌੜ ਪਿੱਛਾ ਚੌੜ**—ਕਈ ਵਾਰ ਛੇਤੀ-ਛੇਤੀ ਕੰਮ ਮੁਕਾਉਣ ਲੱਗਿਆਂ ਹੱਥਲੇ ਕੰਮ ਦਾ ਨੁਕਸਾਨ ਹੋ ਜਾਂਦਾ ਹੈ। ਜਦੋਂ ਅਜਿਹਾ ਹੋਵੇ ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਅੱਗੇ ਨਹੀਂ ਸੀ ਉਜੜੀ ਹੁਣ ਦੀਨਾ ਰਾਖਾ ਰੱਖਿਆ**—ਕਿਸੇ ਵਿਸ਼ਵਾਸਘਾਤੀ ਅਤੇ ਬੇਈਮਾਨ ਬੰਦੇ ਦੇ ਚਰਿੱਤਰ ਨੂੰ ਗੁੱਝੇ ਰੂਪ ਵਿੱਚ ਦੱਸਣ ਲਈ ਇਹ ਅਖਾਣ ਬੋਲਦੇ ਹਨ।

**ਅੱਗੇ ਪਿੱਛੇ ਚੰਗੀ, ਦਿਨ ਦਿਹਾਰ ਮੰਦੀ**—ਜਦੋਂ ਨਿੱਤ ਵਿਹਾਰ ਦਾ ਕੰਮ ਸਹੀ ਚੱਲਦਾ-ਚੱਲਦਾ ਕਿਸੇ ਦਿਨ ਦਿਹਾਰ ਤੇ ਵਿਗੜ ਜਾਵੇ, ਉਦੋਂ ਇੰਜ ਆਖਦੇ ਹਨ।

**ਅਗੇਤਾ ਝਾੜ, ਪਛੇਤੀ ਸੱਥਰੀ**—ਇਸ ਅਖਾਣ ਦਾ ਭਾਵ ਇਹ ਹੈ ਕਿ ਫ਼ਸਲ ਅਗੇਤੀ ਤੇ ਸਮੇਂ ਸਿਰ ਬੀਜਣ ਤੇ ਚੰਗਾ ਝਾੜ ਦੇਂਦੀ ਹੈ, ਪਛੇਤੀ ਬੀਜੀ ਫ਼ਸਲ ਤੋਂ ਬਹੁਤ ਘੱਟ ਝਾੜ ਪ੍ਰਾਪਤ ਹੁੰਦਾ ਹੈ।

**ਅੱਗੋਂ ਮਿਲੀ ਨਾ, ਪਿੱਛੋਂ ਕੁੱਤਾ ਲੈ ਗਿਆ**—ਜਦੋਂ ਕੋਈ ਲਾਲਚੀ ਬੰਦਾ ਥੋੜ੍ਹੀ ਪ੍ਰਾਪਤੀ ਹਾਸਿਲ ਕਰਕੇ ਵੱਡੀ ਪ੍ਰਾਪਤੀ ਲਈ ਯਤਨ ਕਰਦਾ ਪਹਿਲੀ ਵੀ ਗੁਆ ਬੈਠੇ, ਉਦੋਂ ਇੰਜ ਆਖਦੇ ਹਨ।

**ਅੱਛਾ ਬੀਜ ਤੇ ਚੋਖੀ ਖਾਦ, ਮਾਲਕ ਖ਼ੁਸ਼ ਮਜ਼ਾਰਾ ਨਾਸ਼ਾਦ**—ਇਸ ਅਖਾਣ ਵਿੱਚ ਫ਼ਸਲ ਦਾ ਵਧੀਆ ਤੇ ਚੋਖਾ ਝਾੜ ਪ੍ਰਾਪਤ ਕਰਨ ਲਈ ਚੰਗੇ ਬੀਜ ਦੀ ਚੋਣ ਅਤੇ ਖ਼ਾਦ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ। ਫ਼ਸਲ ਦਾ ਚੰਗੇਰਾ ਝਾੜ ਮਾਲਕ ਅਤੇ ਮਜ਼ਾਰੇ ਨੂੰ ਖ਼ੁਸ਼ ਕਰ ਦੇਂਦਾ ਹੈ।

**ਅੱਜ ਖਾਹ ਭਲਕੇ ਖ਼ੁਦਾ**—ਅੱਜ ਖਾ ਪੀ ਕੇ ਮੌਜਾਂ ਕਰੋ ਭਲਕੇ ਆਪੇ ਰੱਬ ਦੇਵੇਗਾ। ਖਾਣ-ਪੀਣ ਤੇ ਮੌਜ ਮਸਤੀ ਕਰਨ ਵਾਲ਼ੇ ਬੰਦਿਆਂ ਲਈ ਇਹ ਅਖਾਣ ਵਰਤਿਆ ਜਾਂਦਾ ਹੈ।

**ਅੱਜ ਦਾ ਕੰਮ ਕੱਲ੍ਹ ਤੇ ਨਾ ਛੱਡੋ**—ਭਾਵ ਸਪੱਸ਼ਟ ਹੈ ਕਿ ਅੱਜ ਕਰਨ ਵਾਲ਼ਾ ਕੰਮ ਅੱਜ ਹੀ ਨਬੇੜੋ, ਭਲਕ ਤੇ ਛੱਡਣ ਨਾਲ਼ ਕੰਮ ਪਛੜ ਜਾਵੇਗਾ।

**ਅੱਜ ਮੋਏ, ਕੱਲ੍ਹ ਦੂਜਾ ਦਿਨ**—ਜੀਵਨ ਸਥਿਰ ਨਹੀਂ, ਇਸ ਦੀ ਅਨ-ਸਥਿਰਤਾ ਦੱਸਣ ਲਈ ਇਹ ਅਖਾਣ ਵਰਤਦੇ ਹਨ।

**ਅੱਜ ਵੀ ਮਰਨਾ, ਕੱਲ੍ਹ ਵੀ ਮਰਨਾ, ਇਸ ਮਰਨੇ ਤੋਂ ਫੇਰ ਕੀ ਡਰਨਾ**—ਸੂਰਮੇ ਤੇ

ਬਹਾਦਰ ਲੋਕ ਮਰਨ ਤੋਂ ਨਹੀਂ ਡਰਦੇ, ਉਹ ਜ਼ਿੰਦਗੀ 'ਚ ਚੰਗੇਰਾ ਕੰਮ ਕਰਕੇ ਪਹਿਲਾਂ ਆਈ ਮੌਤ ਨੂੰ ਤਰਜੀਹ ਦੇਂਦੇ ਹਨ।

**ਅੰਞਾਣਾ ਜਾਣੇ ਹੀਆ, ਸਿਆਣਾ ਜਾਣੇ ਕੀਆ**—ਇਸ ਅਖਾਣ ਦਾ ਭਾਵ ਇਹ ਹੈ ਕਿ ਸਿਆਣਾ ਬੰਦਾ ਉਸ ਨਾਲ਼ ਕਿਸੇ ਹੋਰ ਪੁਰਸ਼ ਵੱਲੋਂ ਕੀਤੀ ਭਲਾਈ ਨੂੰ ਨਹੀਂ ਭੁਲਦਾ-ਉਹ ਕੀਤੀ ਮਿਹਰਬਾਨੀ ਨੂੰ ਸਦਾ ਚੇਤੇ ਰੱਖਦਾ ਹੈ। ਅੰਞਾਣੇ ਬਾਲ ਹਿਤ ਤੇ ਪਿਆਰ ਨੂੰ ਮੰਨਦੇ ਹਨ।

**ਅਜੇ ਗੋਹੜੇ ਵਿੱਚੋਂ ਪੂਣੀ ਵੀ ਨਹੀਂ ਛੋਹੀ**—ਜਦੋਂ ਕਰਨ ਗੋਚਰਾ ਕੰਮ ਅਜੇ ਕਾਫ਼ੀ ਮਾਤਰਾ ਵਿੱਚ ਕਰਨੋਂ ਰਹਿੰਦਾ ਹੋਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਅਜੇ ਦਿੱਲੀ ਦੂਰ ਏ**—ਇਸ ਅਖਾਣ ਦਾ ਭਾਵ ਵੀ ਉਪਰੋਕਤ ਅਖਾਣ ਅਨੁਸਾਰ ਹੀ ਹੈ। ਜਦੋਂ ਕੰਮ ਕਾਫ਼ੀ ਮਾਤਰਾ ਵਿੱਚ ਕਰਨਾ ਪਿਆ ਹੋਵੇ, ਉਦੋਂ ਕਹਿੰਦੇ ਹਨ।

**ਅਜੇਹੇ ਸੁਹਾਗ ਨਾਲੋਂ ਰੰਡੇਪਾ ਚੰਗਾ**—ਜਦੋਂ ਕੋਈ ਸੁਖ ਲਈ ਪ੍ਰਾਪਤ ਕੀਤੀ ਵਸਤੂ ਦੁਖਾਂ ਦਾ ਖੌ ਬਣ ਜਾਵੇ ਤਾਂ ਉਦੋਂ ਇਹ ਅਖਾਣ ਵਰਤਦੇ ਹਨ।

**ਅਟਕਲ ਪੱਚੂ ਚੌੜ ਚੁਪੱਟ**—ਬਿਨਾਂ ਵਿਉਂਤਬੰਦੀ ਦੇ ਕੀਤਾ ਕੋਈ ਵੀ ਕੰਮ ਸਿਰੇ ਨਹੀਂ ਚੜ੍ਹਦਾ, ਹਰ ਕੰਮ ਹਿਸਾਬ ਕਿਤਾਬ ਲਾ ਕੇ, ਵਿਉਂਤ ਅਨੁਸਾਰ ਕਰਨ 'ਚ ਹੀ ਲਾਭ ਹੈ।

**ਅੱਟੀ ਨਾ ਵੱਟੀ ਬੁੜ ਬੁੜ ਵਾਧੇ ਦੀ**—ਜਦੋਂ ਕਿਸੇ ਦੇ ਹੱਥ ਪੱਲੇ ਤੇ ਕੁਝ ਨਾ ਹੋਵੇ ਅਤੇ ਝਗੜਨ ਲਈ ਵਾਧੂ ਤਿਆਰ ਰਹੇ ਉਦੋਂ ਇਹ ਅਖਾਣ ਵਰਤਦੇ ਹਨ।

**ਅੱਡ ਖਾਏ ਹੱਡ ਖਾਏ, ਵੰਡ ਖਾਏ ਖੰਡ ਖਾਏ**—ਇਸ ਅਖਾਣ ਰਾਹੀਂ ਵੱਖਰਿਆਂ ਇਕੱਲੇ ਬਹਿ ਕੇ ਖਾਣ ਦੀ ਥਾਂ ਵੰਡ ਕੇ ਛਕਣ ਦੀ ਮਹਿਮਾ ਦਰਸਾਈ ਗਈ ਹੈ।

**ਅਣ-ਤਾਜ਼ਾ ਹੁੱਕਾ, ਅਣ-ਧੋਤਾ ਮੂੰਹ, ਚੰਦਰੀ ਨੂੰਹ, ਬੰਦਿਆਂ ਵਲ ਕੰਡ ਤੇ ਕੰਧ ਵੱਲ ਮੂੰਹ, ਇਹਨਾਂ ਤਿੰਨਾਂ ਦਾ ਫਿੱਟੇ ਮੂੰਹ**—ਅਖਾਣ ਦਾ ਭਾਵ ਸਪੱਸ਼ਟ ਹੈ ਮਨੁੱਖ ਦੇ ਉਪਰੋਕਤ ਕਿਰਦਾਰ ਨੂੰ ਨਕਾਰਿਆ ਗਿਆ ਹੈ।

**ਅੱਤ ਨਾ ਭਲਾ ਬੋਲਣਾ, ਅੱਤ ਨਾ ਭਲੀ ਚੁੱਪ, ਅੱਤ ਨਾ ਭਲਾ ਮੇਘਲਾ, ਅੱਤ ਨਾ ਭਲੀ ਧੁੱਪ**—ਇਹ ਅਖਾਣ ਅਤਿ ਦੀ ਨਿਖੇਧੀ ਕਰਦਿਆਂ ਗੱਭਲਾ ਰਸਤਾ ਧਾਰਨ ਕਰਨ ਦੀ ਸਿੱਖਿਆ ਦਿੰਦਾ ਹੈ।

**ਅੰਤ ਬੁਰੇ ਦਾ ਬੁਰਾ**—ਭਾਵ ਸਪੱਸ਼ਟ ਹੈ। ਬੁਰੇ ਕੰਮਾਂ ਦਾ ਨਤੀਜਾ ਬੁਰਾ ਹੀ ਨਿਕਲਦਾ ਹੈ।

**ਅੱਥਰੂ ਇਕ ਨਹੀਂ, ਕਾਲਜਾ ਬੇਰੇ ਬੇਰੇ**—ਜਦੋਂ ਕੋਈ ਬੰਦਾ ਫ਼ੋਕੀ ਹਮਦਰਦੀ ਜ਼ਾਹਿਰ ਕਰੇ ਅਤੇ ਗੱਲਾਂ-ਗੱਲਾਂ ਨਾਲ਼ ਕੰਮ ਸਾਰੇ, ਉਦੋਂ ਇਹ ਅਖਾਣ ਬੋਲਦੇ ਹਨ।

**ਅੰਦਰ ਹੋਵੇ ਸੱਚ ਤਾਂ ਕੋਠੇ ਚੜ੍ਹ ਕੇ ਨੱਚ**—ਭਾਵ ਪ੍ਰਤੱਖ ਹੈ ਸੱਚੇ ਬੰਦੇ ਨੂੰ ਕਿਸੇ ਦਾ ਭੈ ਨਹੀਂ ਹੁੰਦਾ, ਉਹ ਨਸੰਗ ਹੋ ਕੇ ਨੱਚਦਾ ਹੈ।

**ਅੰਦਰ ਦੀਆਂ ਪੱਕੀਆਂ ਬਾਹਰ ਆਉਂਦੀਆਂ ਨੇ**—ਜਿਹੜੀ ਗੱਲ ਸਾਡੇ ਮਨ ਵਿੱਚ ਹੋਵੇ ਚੰਗੀ ਜਾਂ ਮੰਦੀ ਭਾਵਨਾ ਉਹ ਜ਼ਰੂਰ ਸ਼ਬਦਾਂ ਦਾ ਰੂਪ ਧਾਰ ਕੇ ਬਾਹਰ ਆ ਜਾਂਦੀ ਹੈ।

**ਅੰਦਰ ਪੈਣ ਕੁੜਲਾਂ, ਬਾਹਰ ਬੰਸੀ ਵਾਲ਼ੇ ਨਾਲ਼ ਗੱਲਾਂ**—ਇਸ ਅਖਾਣ ਰਾਹੀਂ ਦਿਖਾਵੇ ਤੇ ਅਡੰਬਰ ਰਚਣ ਵਾਲ਼ੇ ਭੱਦਰ ਪੁਰਸ਼ਾਂ ਤੇ ਵਿਅੰਗ ਕੱਸਿਆ ਗਿਆ ਹੈ।

**ਅੰਦਰ ਬਹਿ ਕੇ ਪਾਪ ਕਮਾਵੇ ਸੋ ਚੌਕੁੰਟੀ ਜਾਣੀਏਂ**—ਮਨੁੱਖ ਦਾ ਕੀਤਾ ਹੋਇਆ ਪਾਪ ਹਰ ਹਾਲਾਤ ਵਿੱਚ ਨੰਗਾ ਹੋਵੇਗਾ ਚਾਹੇ ਉਹ ਕਿੰਨਾ ਵੀ ਲਕੋ ਕੇ ਕੀਤਾ ਗਿਆ ਹੋਵੇ। ਪਾਪ ਲੁਕਾਇਆਂ ਨਹੀਂ ਲੁਕਦੇ।

**ਅੰਦਰ ਮਿਲੀਆਂ ਬੰਮੀਆਂ, ਵਿਹੜੇ ਨੂੰ ਸਲਾਮਾ-ਲੇਕਮ**—ਜਦੋਂ ਕੋਈ ਆਪਣੀ ਅਸਫ਼ਲਤਾ ਨੂੰ ਲੁਕਾਉਣ ਦੀ ਕੋਸ਼ਿਸ਼ ਕਰੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਅੱਧ ਪਾ ਆਟਾ ਚੁਬਾਰੇ ਰਸੋਈ**—ਇਹ ਅਖਾਣ ਉਸ ਬੰਦੇ ਲਈ ਵਰਤਿਆ ਜਾਂਦਾ ਹੈ ਜਿਹੜਾ ਹੌਲ਼ੇ ਦਿਲ ਵਾਲ਼ਾ ਤੇ ਹੋਛਾ ਹੋਵੇ ਤੇ ਦੂਜਿਆਂ ਨਾਲੋਂ ਵੱਖਰੇ ਰਹਿਣ 'ਚ ਆਪਣੀ ਸ਼ਾਨ ਸਮਝਦਾ ਹੋਵੇ।

**ਅੱਧੀ ਮੀਆਂ ਮਨੋਵਰ, ਅੱਧੀ ਸਾਰਾ ਟੱਬਰ**—ਜਦੋਂ ਕੋਈ ਬੰਦਾ ਬਾਕੀ ਟੱਬਰ ਦੇ ਜੀਆਂ ਨਾਲੋਂ ਬਹੁਤਾ ਖਾਵੇ ਜਾਂ ਬਹੁਤਾ ਹਿੱਸਾ ਲਵੇ ਉਦੋਂ ਕਹਿੰਦੇ ਹਨ।

**ਅੱਧੋ ਅੱਧ ਸੁਹਾ**—ਇਹ ਅਖਾਣ ਮਜ਼ਾਕ 'ਚ ਵਰਤਦੇ ਹਨ ਜਦੋਂ ਠੱਗੀ ਦਾ ਮਾਲ ਜਾਂ ਰਕਮ ਦੋ ਬਰਾਬਰ ਹਿੱਸਿਆਂ 'ਚ ਦੋ ਠੱਗ ਮਿਲਕੇ ਵੰਡਣ ਦਾ ਇਕਰਾਰ ਕਰਦੇ ਹਨ।

**ਅੰਨ ਦਾ ਭਾਅ ਕਿਸ ਵਧਾਇਐ, ਅਖੇ ਜਿਹੜੇ ਰਾਤੀਂ ਭੁੱਖੇ ਸੁੱਤੇ ਨੇ**—ਲੋੜਵੰਦ ਮਨੁੱਖ ਆਪਣੀ ਲੋੜ ਨੂੰ ਮੁੱਖ ਰੱਖਕੇ ਵਸਤੂ ਖ਼ਰੀਦਦਾ ਹੈ, ਉਹ ਭਾਅ ਨਹੀਂ ਪਰਖਦਾ।

**ਅੰਨ੍ਹਾ ਬਿਆਜ ਸ਼ਾਹ ਨੂੰ ਖੋਵੇ, ਰੰਨ ਨੂੰ ਖੋਵੇ ਹਾਸੀ, ਆਲਸ ਨੀਂਦ ਕਿਸਾਨ ਨੂੰ ਖੋਹੇ, ਜਿਵੇਂ ਚੋਰ ਨੂੰ ਖਾਂਸੀ**—ਇਸ ਅਖਾਣ ਦਾ ਭਾਵ ਸਪੱਸ਼ਟ ਹੈ ਕਿ ਵੱਖ-ਵੱਖ ਪਰਾਣੀਆਂ ਨੂੰ ਜੀਵਨ ਦੇ ਵਿਹਾਰ ਵਿੱਚ ਕਿਵੇਂ ਵਿਚਰਨਾ ਚਾਹੀਦਾ ਹੈ।

**ਅੰਨ੍ਹਾ ਹਾਥੀ ਲਸ਼ਕਰ ਦਾ ਉਜਾੜਾ**—ਭਾਵ ਇਹ ਹੈ ਕਿ ਜੇ ਸ਼ਕਤੀ ਤੇ ਅਧਿਕਾਰ ਵਾਲ਼ਾ ਮਨੁੱਖ ਇਨਸਾਫ਼ ਪਸੰਦ ਤੇ ਸਿਆਣਾ ਨਾ ਹੋਵੇ ਤਾਂ ਉਹਦੇ ਹੱਥੋਂ ਆਮ ਲੁਕਾਈ ਦਾ ਬਹੁਤ ਨੁਕਸਾਨ ਹੁੰਦਾ ਹੈ।

**ਅੰਨ੍ਹਾ ਕੀ ਜਾਣੇ ਬਸੰਤ ਦੀ ਬਹਾਰ**—ਭਾਵ ਇਹ ਹੈ ਕਿ ਜਿਹੜੇ ਵਿਅਕਤੀ ਨੇ ਕਦੇ ਕੋਈ ਚੀਜ਼ ਵੇਖੀ ਹੀ ਨਾ ਹੋਵੇ ਉਹਦਾ ਆਨੰਦ ਉਹ ਕਿਵੇਂ ਮਾਣ ਸਕਦਾ ਹੈ।

**ਅੰਨ੍ਹਾ ਕੀ ਭਾਲ਼ੇ ਦੋ ਅੱਖਾਂ**—ਹਰ ਪੁਰਸ਼ ਆਪਣੀ ਮਨਪਸੰਦ ਇੱਛਾ ਤੇ ਲੋੜ ਦਾ ਚਾਹਵਾਨ ਹੁੰਦਾ ਹੈ।

**ਅੰਨ੍ਹਾ ਕੁੱਤਾ ਹਵਾ ਨੂੰ ਭੌਂਕੇ**—ਜਦੋਂ ਕੋਈ ਬੰਦਾ ਅਸਲ ਗੱਲ ਜਾਣੇ ਬਿਨਾ ਦੂਜੇ 'ਤੇ ਦੋਸ਼ ਥੱਪੇ ਜਾਂ ਬੁਰਾ ਭਲਾ ਕਹੇ, ਉਦੋਂ ਇਹ ਅਖਾਣ ਬੋਲਦੇ ਹਨ।

**ਅੰਨ੍ਹਾ ਦੋਜ਼ਖ਼ੀ, ਬੋਲ਼ਾ ਬਹਿਸ਼ਤੀ**—ਅੰਨ੍ਹਾ ਦੋਜ਼ਖ਼ੀ ਇਸ ਕਰਕੇ ਗਿਣਿਆ ਜਾਂਦਾ ਹੈ ਕਿ ਉਸ ਨੂੰ ਇਹ ਪਤਾ ਨਹੀਂ ਚੱਲਦਾ ਕਿ ਉਸ ਦੇ ਸਾਥੀ ਕੀ ਖਾ ਰਹੇ ਹਨ ਤੇ ਬੋਲ਼ੇ ਨੂੰ ਬਹਿਸ਼ਤੀ ਇਸ ਲਈ ਕਿਹਾ ਜਾਂਦਾ ਹੈ ਕਿ ਉਹ ਕਿਸੇ ਦੀ ਨਿੰਦਿਆ ਚੁਗਲੀ ਨਹੀਂ ਸੁਣਦਾ।

**ਅੰਨ੍ਹਾ ਮਾਰੇ ਅੰਨ੍ਹੀਂ ਨੂੰ, ਘਸੁੰਨ ਵਜੇ ਥੰਮੀ ਨੂੰ**—ਜਦੋਂ ਕੋਈ ਬੰਦਾ ਆਪਣੀ ਸਮਰੱਥਾ ਤੋਂ ਬਾਹਰਾ ਕੰਮ ਕਰਦਾ ਹੈ, ਉਦੋਂ ਇਹ ਅਖਾਣ ਵਰਤਦੇ ਹਨ।

**ਅੰਨ੍ਹਾ ਵੱਟੇ ਰੱਸੀ ਪਿੱਛੋਂ ਵੱਛਾ ਖਾਏ**—ਜਦੋਂ ਕਿਸੇ ਦੀ ਕਮਾਈ ਅਤੇ ਮਿਹਨਤ ਤੇ ਕੋਈ ਹੋਰ ਜਣਾ ਹੱਥ ਫੇਰ ਜਾਵੇ ਤੇ ਉਸ ਦੇ ਪੱਲੇ ਕੁਝ ਨਾ ਪਵੇ, ਉਦੋਂ ਕਹਿੰਦੇ ਹਨ।

**ਅੰਨ੍ਹਾ ਵੰਡੇ ਸ਼ੀਰਨੀਆਂ ਮੁੜ ਘਿੜ ਆਪਣਿਆਂ ਨੂੰ ਦੇ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਘੜੀ-ਮੁੜੀ ਆਪਣਿਆਂ ਰਿਸ਼ਤੇਦਾਰਾਂ ਤੇ ਸਨੇਹੀਆਂ ਨੂੰ ਲਾਭ ਪੁਚਾਵੇ।

**ਅੰਨ੍ਹਿਆਂ ਵਿੱਚ ਕਾਣਾ ਰਾਜਾ**—ਜਦੋਂ ਬਹੁਤੇ ਮੂਰਖ਼ਾਂ ਵਿੱਚ ਘੱਟ ਮੂਰਖ਼ ਉਹਨਾਂ ਦਾ ਮੁਖੀਆ ਬਣ ਜਾਵੇ, ਉਦੋਂ ਕਹਿੰਦੇ ਹਨ।

**ਅੰਨ੍ਹੀ ਕੁੱਕੜੀ ਖ਼ਸ ਖ਼ਸ ਦਾ ਚੋਗਾ**—ਭਾਵ ਇਹ ਹੈ ਕਿ ਕੋਈ ਬੰਦਾ ਅਜਿਹਾ ਕੰਮ ਕਰੇ ਜਿਹੜਾ ਉਹਦੀ ਸਮਰੱਥਾ ਤੋਂ ਬਾਹਰ ਹੋਵੇ। ਇਸੇ ਭਾਵ ਦਾ ਇਕ ਹੋਰ ਅਖਾਣ ਹੈ **'ਅੰਨ੍ਹਾ ਕੁੱਤਾ ਹਰਨਾਂ ਮਗਰ'**।

**ਅੰਨ੍ਹੀਂ ਕੁੱਤੀ ਜਲੇਬੀਆਂ ਦੀ ਰਾਖੀ**—ਜਦੋਂ ਕਿਸੇ ਅਯੋਗ ਵਿਅਕਤੀ ਨੂੰ ਅਧਿਕਾਰਾਂ ਵਾਲ਼ਾ ਕੰਮ ਸੌਂਪ ਦਿੱਤਾ ਜਾਵੇ ਤਾਂ ਉਹ ਉਲਟਾ ਨੁਕਸਾਨ ਹੀ ਕਰਦਾ ਹੈ।

**ਅੰਨ੍ਹੀਂ ਨੈਣ ਵੰਝ ਦਾ ਨਹੇਰਨਾ**—ਅਣਜਾਣ ਕਾਰੀਗਰ ਦੇ ਸੰਦ ਵੀ ਐਵੇਂ ਕਿਵੇਂ ਦੇ ਹੁੰਦੇ ਹਨ।

**ਅੰਨ੍ਹੀ ਪੀਹੇ ਤੇ ਕੁੱਤੀ ਚੱਟੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਸਰਕਾਰੀ ਕੰਮ ਕਾਜ ਵਿੱਚ ਬੇਨਿਯਮੀ ਹੋਵੇ, ਸਰਕਾਰ ਦੀ ਬਦ-ਇੰਤਜ਼ਾਮੀ ਕਾਰਨ ਆਮ ਜਨਤਾ ਦੁਖ ਭੋਗਦੀ ਹੋਵੇ।

**ਅੰਨ੍ਹੀ ਪੁੱਛੇ ਕਾਣੀ ਤੋਂ ਨੀ ਸੂਤ ਵਟਾ ਲੈ ਤਾਣੀ ਤੋਂ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਚਲਾਕ ਬੰਦਾ ਭੋਲ਼ੇ-ਭਾਲ਼ੇ ਕਿਸੇ ਹੋਰ ਬੰਦੇ ਤੋਂ ਵਧੀਆ ਵਸਤੂ ਲੈ ਕੇ ਘਟੀਆ ਵਸਤੂ ਦੇ ਕੇ ਅਹਿਸਾਨ ਜਤਾਉਂਦਾ ਹੈ।

**ਅੰਨ੍ਹੀਂ ਮਾਂ ਪੁੱਤਾਂ ਦਾ ਮੂੰਹ ਨਾ ਧੋਵੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਕੋਈ ਵੀ ਮਾਂ ਆਪਣੇ ਭੈੜੇ ਪੁੱਤਾਂ ਦੇ ਔਗੁਣਾਂ ਨੂੰ ਚਿਤਾਰਦੀ ਨਹੀਂ।

**ਅੰਨ੍ਹੇ ਅੱਗੇ ਰੋਣਾ ਅੱਖੀਆਂ ਦਾ ਖੌ**—ਕਿਸੇ ਬੇਦਰਦ ਤੇ ਪੱਥਰ ਦਿਲ ਅੱਗੇ ਫ਼ਰਿਆਦ ਕਰਨੀ ਜਾਂ ਆਪਣੇ ਦੁਖ ਰੋਣੇ ਫ਼ਜ਼ੂਲ ਹਨ।

**ਅੰਨ੍ਹੇ ਤਾਂ ਹੋ ਗਏ ਆ, ਪਰ ਸੌਣ ਦੀਆਂ ਮੌਜਾਂ ਨੇ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਮੂਰਖ਼ ਬੰਦਾ ਢੀਠਤਾਈ ਨਾਲ਼ ਆਪਣੇ ਸਿਰ ਪਏ ਦੁਖ ਨੂੰ ਸੁਖ ਦੇ ਰੂਪ ਵਿੱਚ ਪ੍ਰਗਟ ਕਰੇ।

**ਅੰਨ੍ਹੇ ਦਾ ਜੱਫਾ, ਰੋਹੀ ਖੜੱਪਾ**—ਅਖਾਣ ਦਾ ਭਾਵ ਸਪੱਸ਼ਟ ਹੈ ਕਿ ਇਹਨਾਂ ਦੋਹਾਂ ਤੋਂ ਨਜ਼ਾਤ ਪਾਉਣੀ ਮੁਸ਼ਕਿਲ ਹੈ। ਜਦੋਂ ਕਿਸੇ ਮੂਰਖ਼ ਨਾਲ਼ ਵਾਹ ਪੈ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਅੰਨ੍ਹੇ ਦੀ ਜੋਰੂ, ਰੱਬ ਰਖਵਾਲਾ**—ਕਿਸੇ ਅਜਿਹੇ ਬੰਦੇ ਨੂੰ ਅਜਿਹੀ ਚੀਜ਼ ਮਿਲ ਜਾਵੇ ਜਿਸ ਨੂੰ ਉਹ ਸੰਭਾਲ ਨਾ ਸਕੇ, ਉਦੋਂ ਇਹ ਅਖਾਣ ਬੋਲਦੇ ਹਨ।

**ਅੰਨ੍ਹੇ ਦੀ ਰੀਝ ਗੁਲੇਲ 'ਤੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਪੁਰਖ ਅਜਿਹੀ ਵਸਤੂ ਦੀ ਮੰਗ ਕਰੇ ਜਿਸ ਨੂੰ ਉਹ ਵਰਤ ਨਾ ਸਕੇ।

**ਅੰਨ੍ਹੇ ਦੇ ਭਾਣੇ ਸਦਾ ਈ ਰਾਤ ਹੈ**—ਜਿਸ ਨੇ ਕਦੇ ਕੋਈ ਵਸਤੂ ਦੇਖੀ ਨਾ ਹੋਵੇ ਉਸ ਦੇ ਅਨੁਮਾਨ ਤੇ ਅੰਦਾਜ਼ੇ ਸਦਾ ਗ਼ਲਤ ਹੁੰਦੇ ਹਨ।

**ਅੰਨ੍ਹੇ ਨੂੰ ਅੰਨ੍ਹਾ ਕਿਵੇਂ ਰਾਹ ਦੱਸੇ**—ਭਾਵ ਇਹ ਹੈ ਕਿ ਜਿਹੜਾ ਬੰਦਾ ਆਪ ਅਗਿਆਨੀ ਹੋਵੇ ਉਹ ਦੂਜੇ ਬੰਦੇ ਦੀ ਕਿਵੇਂ ਅਗਵਾਈ ਕਰ ਸਕਦਾ ਹੈ।

**ਆਥਣ ਦਾ ਚਿਲਕੋਰਿਆ, ਅਣਹੋਂਦਾ ਬੱਦਲ ਘੋਰਿਆ**—ਇਹ ਅਖਾਣ ਮੀਂਹ ਬਾਰੇ ਹੈ ਜੇਕਰ ਆਥਣ ਵੇਲੇ ਛਿਪ ਰਿਹਾ ਸੂਰਜ ਲਿਸ਼ਕ ਮਾਰੇ ਤਾਂ ਕੋਈ ਨਾ ਕੋਈ ਬੱਦਲ ਅਸਮਾਨ ਵਿੱਚ ਆ ਪ੍ਰਗਟ ਹੁੰਦਾ ਹੈ ਤੇ ਮੀਂਹ ਪੈ ਜਾਂਦਾ ਹੈ।

**ਆਪਣਾ ਆਪਣਾ, ਪਰਾਇਆ ਪਰਾਇਆ**—ਇਸ ਅਖਾਣ ਦਾ ਭਾਵ ਇਹ ਹੈ ਕਿ ਪਰਾਏ ਪੁਰਸ਼ ਨੂੰ ਜਿੰਨਾ ਮਰਜ਼ੀ ਮੋਹ ਕਰ ਲਵੋ ਉਹ ਆਪਣੇ ਦੀ ਥਾਂ ਪ੍ਰਾਪਤ ਨਹੀਂ ਕਰ ਸਕਦਾ, ਕਹਿੰਦੇ ਹਨ ਜੇ ਆਪਣਾ ਮਾਰੂ ਛਾਂ 'ਚ ਸੁੱਟੂ। ਆਪਣਾ ਆਪਣਾ ਹੀ ਹੁੰਦਾ ਹੈ।

**ਆਪਣਾ ਹੀ ਨਾ ਭਰੇ ਤੇ ਕੁੜਮਾਂ ਅੱਗੇ ਕੀ ਧਰੇ**—ਭਾਵ ਇਹ ਹੈ ਜੇਕਰ ਤੁਹਾਡਾ ਆਪਣਾ ਹੀ ਗੁਜ਼ਾਰਾ ਠੀਕ ਤਰ੍ਹਾਂ ਨਹੀਂ ਚੱਲਦਾ ਤੁਸੀਂ ਦੂਜੇ ਦੀ ਕਿਵੇਂ ਮਦਦ ਕਰ ਸਕਦੇ ਹੋ।

**ਆਪਣਾ ਕੰਮ ਕੀਤਾ, ਖਸਮਾਂ ਨੂੰ ਖਾਵੇ ਜੀਤਾ**—ਇਹ ਅਖਾਣ ਉਸ ਅਕ੍ਰਿਤਘਣ ਬੰਦੇ ਲਈ ਵਰਤਦੇ ਹਨ ਜੋ ਅਹਿਸਾਨ ਕਰਨ ਵਾਲ਼ੇ ਨੂੰ ਵਿਸਾਰ ਦਿੰਦਾ ਹੈ।

**ਆਪਣਾ ਗੁੜ ਵੀ ਸ਼ਰੀਕਾਂ ਤੋਂ ਚੋਰੀ ਖਾਈਦਾ ਹੈ**—ਇਸ ਅਖਾਣ ਦਾ ਭਾਵ ਇਹ ਹੈ ਕਿ ਸ਼ਰੀਕ ਤਾਂ ਮਿੱਟੀ ਦੇ ਵੀ ਬੁਰੇ ਹੁੰਦੇ ਹਨ ਉਹ ਦੂਜੇ ਦੀ ਉੱਨਤੀ ਬਰਦਾਸ਼ਤ ਨਹੀਂ ਕਰ ਸਕਦੇ। ਉਹਨਾਂ ਦੀ ਮੰਦਭਾਵਨਾ ਕਰਕੇ ਆਪਣੀ ਖ਼ੁਸ਼ੀ ਵੀ ਉਹਨਾਂ ਤੋਂ ਚੋਰੀ ਮਾਣਨੀ ਉਚਿਤ ਹੈ।

**ਆਪਣਾ ਘਰ ਸੰਭਾਲੀਏ, ਚੋਰ ਕਿਸੇ ਨਾ ਆਖੀਏ**—ਭਾਵ ਇਹ ਹੈ ਕਿ ਸਾਨੂੰ ਆਪਣੀ ਵਸਤ ਦਾ ਆਪ ਖ਼ਿਆਲ ਰੱਖਣਾ ਚਾਹੀਦਾ ਹੈ, ਫੇਰ ਚੋਰਾਂ ਦਾ ਕੀ ਡਰ।

**ਆਪਣਾ ਘਰ ਜੋ ਚਾਹੇ ਸੋ ਕਰ**—ਭਾਵ ਇਹ ਹੈ ਕਿ ਆਪਣੀ ਚੀਜ਼ ਤੇ ਹਰ ਇਕ ਨੂੰ ਮਾਣ ਹੁੰਦਾ ਹੈ, ਜਿਵੇਂ ਮਰਜ਼ੀ ਵਰਤੇ।

**ਆਪਣਾ ਘਰ ਭਾਵੇਂ ਹਗ ਹਗ ਭਰ, ਪਰਾਇਆ ਘਰ ਉੱਥੇ ਥੁੱਕਣ ਦਾ ਵੀ ਡਰ**—ਇਸ ਅਖਾਣ ਦਾ ਭਾਵ ਇਹ ਹੈ ਕਿ ਪਰਾਈ ਵਸਤੂ 'ਤੇ ਸਾਡਾ ਕੋਈ ਅਧਿਕਾਰ ਨਹੀਂ ਹੁੰਦਾ, ਆਪਣੀ ਵਸਤੂ ਨੂੰ ਆਪਣੀ ਮੌਜ ਨਾਲ਼ ਵਰਤ ਸਕਦੇ ਹਾਂ।

**ਆਪਣਾ ਠੋਸਾ, ਆਪ ਭਰੋਸਾ**—ਜਦੋਂ ਕੋਈ ਚੀਜ਼ ਘਰ ਪਈ ਹੋਵੇ ਤਾਂ ਬੰਦਾ ਉਸ 'ਤੇ ਭਰੋਸਾ ਕਰਕੇ ਵਰਤ ਸਕਦਾ ਹੈ ਪਰਾਈ ਵਸਤੂ ਦਾ ਕੀ ਐ, ਮਿਲ਼ੇ ਮਿਲ਼ੇ ਜਾਂ ਨਾ ਮਿਲ਼ੇ।

**ਆਪਣਾ ਨੀਂਗਰ ਪਰਾਇਆ ਢੀਂਗਰ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਆਪਣੀ ਮਾੜੀ ਚੀਜ਼ ਦੇ ਮੁਕਾਬਲੇ 'ਤੇ ਦੂਜੇ ਦੀ ਚੰਗੀ ਚੀਜ਼ ਦੀ ਨਿੰਦਿਆ ਕਰੇ। ਹਰ ਕਿਸੇ ਨੂੰ ਆਪਣੀ ਚੀਜ਼ ਚੰਗੀ ਲੱਗਦੀ ਹੈ।

**ਆਪਣਾ ਮਕਾਨ ਕੋਟ ਸਮਾਨ**—ਹਰ ਕਿਸੇ ਨੂੰ ਆਪਣਾ ਮਕਾਨ ਦੂਜਿਆਂ ਦੇ ਮਹਿਲਾਂ ਵਰਗੇ ਮਕਾਨਾਂ ਨਾਲੋਂ ਚੰਗਾ ਲੱਗਦਾ ਹੈ।

**ਆਪਣਾ ਮਾਰੇਗਾ, ਛਾਂਵੇਂ ਸੁੱਟੇਗਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਆਪਣਾ ਆਪਣਾ ਹੀ ਹੁੰਦਾ ਹੈ ਜੇ ਸਾਡੇ ਲਹੂ ਦੀ ਸਾਂਝ ਵਾਲਾ ਵੈਰੀ ਕੋਈ ਵੈਰ ਕਮਾਏਗਾ ਤਾਂ ਵੀ ਲਹੂ ਦੀ ਸਾਂਝ ਦਾ ਖ਼ਿਆਲ ਰੱਖੇਗਾ।

**ਆਪਣਾ ਰੱਖ ਪਰਾਇਆ ਚੱਖ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਕਮੀਨਾ ਜਾਂ ਲਾਲਚੀ ਪੁਰਸ਼ ਦੂਜਿਆਂ ਦੇ ਮਾਲ 'ਤੇ ਅੱਖ ਰੱਖੇ ਤੇ ਦੂਜਿਆਂ ਦੇ ਸਿਰਾਂ 'ਤੇ ਹੀ ਐਸ਼ ਉਡਾਵੇ ਪ੍ਰੰਤੂ ਆਪਣੇ ਪੱਲਿਓਂ ਪੈਸਾ ਧੇਲਾ ਨਾ ਖ਼ਰਚੇ।

**ਆਪਣਾ ਰੱਖੇ, ਪਰਾਇਆ ਤੱਕੇ, ਉਸ ਨੂੰ ਮਿਲਣ ਦਰਗਾਹ ਤੋਂ ਧੱਕੇ**—ਇਸ ਅਖਾਣ ਵਿੱਚ ਉਸ ਆਦਮੀ ਨੂੰ ਫ਼ਿਟਕਾਰਿਆ ਗਿਆ ਹੈ ਜੋ ਦੂਜੇ ਦੇ ਮਾਲ 'ਤੇ ਅੱਖ ਰੱਖਦਾ ਹੈ।

**ਆਪਣਾ ਲਹਣਾ ਲੈ ਲਈਏ, ਅਗਲੇ ਦਾ ਰੱਖੀਏ ਦੱਬ**—ਭਾਵ ਇਹ ਹੈ ਕਿ ਆਪਣਾ ਹੱਕ ਛੱਡਣਾ ਨਹੀਂ, ਦੂਜੇ ਦਾ ਦੇਣ ਦੇਣਾ ਨਹੀਂ। ਇਹ ਅਖਾਣ ਉਹਨਾਂ ਲੋਕਾਂ ਲਈ ਵਰਤਿਆ ਜਾਂਦਾ ਹੈ ਜਿਹੜੇ ਆਪਣੇ ਹੱਕਾਂ ਲਈ ਤਾਂ ਲੜਦੇ ਹਨ ਪ੍ਰੰਤੂ ਦੂਜਿਆਂ ਨੂੰ ਹੱਕ ਦੇਣੋਂ ਸੰਕੋਚ ਕਰਦੇ ਹਨ।

**ਆਪਣਾ ਲਹੂ ਪੰਘਰਨੋਂ ਨਹੀਂ ਰਹਿੰਦਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਚਾਹੇ ਕਿਹੋ ਜਿਹੇ ਵੀ ਹਾਲਾਤ ਹੋਣ ਸਾਕ ਸਬੰਧੀ ਸਦਾ ਹਮਦਰਦੀ ਕਰਦੇ ਹਨ।

**ਆਪਣਿਆਂ ਦੇ ਮੈਂ ਗਿੱਟੇ ਭੰਨਾਂ, ਚੁੰਮਾਂ ਪੈਰ ਪਰਾਇਆਂ ਦੇ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਆਪਣਿਆਂ ਦੀ ਉੱਕਾ ਹੀ ਪ੍ਰਵਾਹ ਨਾ ਕਰੇ ਪ੍ਰੰਤੂ ਬਿਗਾਨਿਆਂ ਦੀ ਆਓ ਭਗਤ ਕਰਦਾ ਰਹੇ।

**ਆਪਣੀ ਅਕਲ ਤੇ ਬਿਗਾਨਾ ਧਨ ਬਹੁਤਾ ਲੱਗਦਾ ਹੈ**—ਭਾਵ ਇਹ ਹੈ ਕਿ ਹਰ ਕੋਈ ਆਪਣੇ ਆਪ ਨੂੰ ਦੂਜਿਆਂ ਨਾਲੋਂ ਅਕਲਮੰਦ ਸਮਝਦਾ ਹੈ ਪ੍ਰੰਤੂ ਦੂਜੇ ਦੀ ਅਮੀਰੀ ਨੂੰ ਵੇਖ ਕੇ ਈਰਖਾ ਕਰਦਾ ਹੈ।

**ਆਪਣੀ ਅੱਖ ਪਰਾਇਆ ਡੇਲਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਆਪਣੀ ਚੀਜ਼ ਨੂੰ ਦੂਜਿਆਂ ਦੇ ਮੁਕਾਬਲੇ 'ਤੇ ਚੰਗੀ ਸਮਝੇ।

**ਆਪਣੀ ਆਪਣੀ ਡਫ਼ਲੀ, ਆਪਣਾ ਆਪਣਾ ਰਾਗ**—ਭਾਵ ਇਹ ਹੈ ਕਿ ਹਰ ਕਿਸੇ ਦਾ ਕੰਮ ਕਰਨ ਦਾ ਢੰਗ ਆਪਣਾ-ਆਪਣਾ ਹੁੰਦਾ ਹੈ।

**ਆਪਣੀ ਇੱਜ਼ਤ ਆਪਣੇ ਹੱਥ**—ਹਰ ਬੰਦਾ ਆਪਣੇ ਵਰਤਾਓ ਅਨੁਸਾਰ ਆਪਣੀ ਇੱਜ਼ਤ ਕਰਵਾਉਂਦਾ ਹੈ, ਜੇ ਤੁਸੀਂ ਕਿਸੇ ਨਾਲ਼ ਮਾੜਾ ਵਰਤਾਓ ਕਰੋਗੇ ਤਾਂ ਤੁਹਾਡੇ ਨਾਲ਼ ਵੀ ਅਗਲਾ ਮਾੜਾ ਵਰਤਾਓ ਕਰੇਗਾ।

**ਆਪਣੀ ਗਲੀ ਵਿੱਚ ਕੁੱਤਾ ਵੀ ਸ਼ੇਰ ਹੁੰਦਾ ਹੈ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਮਾੜੇ ਸਰੀਰ ਦਾ ਬੰਦਾ ਆਪਣੇ ਪਿੰਡ ਜਾਂ ਮੁਹੱਲੇ 'ਚ ਬਾਹਰਲੇ ਬੰਦੇ ਨੂੰ ਆਕੜ- ਆਕੜ ਕੇ ਪਵੇ।

**ਆਪਣਾ ਗੌਂ ਕੱਢਣ ਲਈ ਖੋਤੇ ਨੂੰ ਵੀ ਪਿਓ ਆਖੀਦਾ ਹੈ**—ਭਾਵ ਇਹ ਹੈ ਕਿ ਆਪਣਾ ਮਤਲਬ ਪੂਰਾ ਕਰਨ ਲਈ ਕਈ ਵਾਰ ਕਿਸੇ ਭੈੜੇ ਬੰਦੇ ਦੀ ਵੀ ਚਾਪਲੂਸੀ ਕਰਨੀ ਪੈਂਦੀ ਹੈ।

**ਆਪਣੀ ਲੱਸੀ ਨੂੰ ਕੋਈ ਖੱਟੀ ਨੀ ਕਹਿੰਦਾ**—ਭਾਵ ਇਹ ਹੈ ਕਿ ਹਰ ਕੋਈ ਆਪਣੀ ਚੀਜ਼ ਨੂੰ ਸਲਾਹੁੰਦਾ ਹੈ, ਆਪਣੇ ਔਗੁਣ ਵੀ ਉਸ ਨੂੰ ਗੁਣ ਜਾਪਦੇ ਹਨ, ਆਪਣੀਆਂ ਕਮਜ਼ੋਰੀਆਂ ਕੋਈ ਨਹੀਂ ਦੱਸਦਾ।

**ਆਪਣੀ ਪਈ ਪਰਾਈ ਵਿਸਰੀ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਦੇ ਗਲ਼ ਕੋਈ ਮੁਸੀਬਤ ਆਣ ਪਵੇ ਤੇ ਉਹ ਦੂਜੇ ਸਾਕ ਸਬੰਧੀਆਂ ਦੀ ਸਹਾਇਤਾ ਕਰਨੀ ਛੱਡ ਦੇਵੇ।

**ਆਪਣੀ ਪੱਤ ਆਪਣੇ ਹੱਥ**—ਇਸ ਅਖਾਣ ਦਾ ਭਾਵ ਅਰਥ ਇਹ ਕਿ ਅਜਿਹਾ ਕੰਮ ਕਰੋ ਜਿਸ ਨਾਲ਼ ਤੁਹਾਡੀ ਇੱਜ਼ਤ ਹੋਵੇ। ਆਪਣੀ ਇੱਜ਼ਤ ਕਰਾ ਸਕਣਾ ਮਨੁੱਖ ਦੇ ਆਪਣੇ ਹੱਥ ਹੈ।

**ਆਪਣੀ ਮਹਿੰ ਦਾ ਦੁੱਧ ਸੌ ਕੋਹ ਤੇ ਜਾ ਪੀਈਦਾ ਹੈ**—ਇਸ ਅਖਾਣ ਰਾਹੀਂ ਮਨੁੱਖੀ ਵਰਤਾਰੇ ਬਾਰੇ ਗਿਆਨ ਦਿੱਤਾ ਗਿਆ ਹੈ। ਤੁਸੀਂ ਜਿਹੋ ਜਿਹੀ ਸੇਵਾ ਆਪਣੇ ਘਰ ਆਏ ਪ੍ਰਾਹੁਣੇ ਦੀ ਕਰਦੇ ਹੋ ਇਹੋ ਜਿਹੀ ਸੇਵਾ ਤੁਹਾਡੀ ਵੀ ਹੋਵੇਗੀ।

**ਆਪਣੀ ਮੱਝ ਭਾਵੇਂ ਮਰਜੇ ਪਰ ਸ਼ਰੀਕਾਂ ਦੀ ਕੰਧ ਢਹਿ ਜੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਪੁਰਸ਼ ਆਪਣਾ ਨੁਕਸਾਨ ਕਰਵਾ ਕੇ ਆਪਣੇ ਸ਼ਰੀਕ ਨੂੰ ਹਾਨੀ ਪਹੁੰਚਾਉਣ ਦਾ ਯਤਨ ਕਰੇ।

**ਆਪਣੀਆਂ ਜੁੱਤੀਆਂ ਆਪਣਾ ਸਿਰ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਆਪਣੇ ਸਾਧਨਾਂ ਜਾਂ ਅਮਲਾਂ ਰਾਹੀਂ ਆਪਣਾ ਹੀ ਨੁਕਸਾਨ ਕਰੇ।

**ਆਪਣੀਆਂ ਨਾ ਦੱਸੀਏ, ਪਰਾਈਆਂ ਕਰ ਕਰ ਹੱਸੀਏ**—ਜਦੋਂ ਕੋਈ ਬੰਦਾ ਆਪਣੇ ਔਗੁਣਾਂ ਨੂੰ ਭੁਲਾ ਕੇ ਦੂਜੇ ਦੇ ਔਗੁਣਾਂ ਦੀ ਚਰਚਾ ਕਰਕੇ ਚਾਂਭੜਾਂ ਪਾਉਂਦਾ ਹੈ ਉਦੋਂ ਇਹ ਅਖਾਣ ਬੋਲਦੇ ਹਨ।

**ਆਪਣੀਆਂ ਮੈਂ ਕੱਛੇ ਮਾਰਾਂ ਬੈਠ ਪਰਾਈਆਂ ਫੋਲਾਂ**—ਇਸ ਅਖਾਣ ਦਾ ਭਾਵ ਅਰਥ ਵੀ ਉਪਰੋਕਤ ਅਖਾਣ ਨਾਲ਼ ਮਿਲਦਾ ਹੈ, ਭਾਵ ਇਹ ਕਿ ਜਦੋਂ ਕੋਈ ਆਪਣੇ ਐਬਾਂ ਜਾਂ ਊਣਤਾਈਆਂ ਨੂੰ ਭੁਲਾ ਕੇ ਦੂਜੇ ਦੇ ਐਬਾਂ ਦੀ ਭੰਡੀ ਕਰਦਾ ਹੈ, ਉਦੋਂ ਇਹ ਅਖਾਣ ਬੋਲਦੇ ਹਨ।

**ਆਪਣੇ ਘਰ ਹਰ ਕੋਈ ਬਾਦਸ਼ਾਹ ਹੈ**—ਹਰ ਬੰਦਾ ਆਪਣੇ ਘਰ ਵਿੱਚ ਆਪਣੀ ਮਰਜ਼ੀ ਨਾਲ਼ ਵਿਚਰਦਾ ਹੈ। ਉਸ ਨੂੰ ਆਪਣੇ ਘਰ 'ਚ ਪੂਰੇ ਅਧਿਕਾਰ ਹੁੰਦੇ ਹਨ।

**ਆਪਣੇ ਘਰ ਲੱਗੇ ਤਾਂ ਅੱਗ, ਦੂਜੇ ਦੇ ਘਰ ਲੱਗੇ ਤਾਂ ਬਸੰਤਰ ਦੇਵਤਾ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਦੂਜੇ ਦੇ ਹੋਏ ਨੁਕਸਾਨ 'ਤੇ ਤਾਂ ਖ਼ੁਸ਼ ਹੋਵੇ ਪ੍ਰੰਤੂ ਜਦੋਂ ਉਸ ਦਾ ਇਹੋ ਨੁਕਸਾਨ ਹੋ ਜਾਵੇ ਤਾਂ ਮਾੜਾ ਸਮਝੇ ਅਤੇ ਦੁਖ ਪ੍ਰਗਟਾਵੇ।

**ਆਪਣੇ ਪਕਾਈਂ ਨਾ ਸਾਡੇ ਆਈਂ ਨਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਕਿਸੇ ਦੂਜੇ ਦਾ ਨਾ ਆਪ ਕੰਮ ਕਰੇ ਤੇ ਨਾ ਉਸ ਨੂੰ ਕਰਨ ਦੇਵੇ, ਲਾਰੇ ਲੱਪੇ ਲਾਈ ਜਾਵੇ।

**ਆਪਣੇ ਨੈਣ ਮੈਨੂੰ ਦੇ ਦੇ, ਤੂੰ ਮਟਕਾਉਂਦੀ ਫਿਰ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਚਲਾਕ ਬੰਦਾ ਦੂਜੇ ਦੀ ਅਤਿ ਜ਼ਰੂਰੀ ਚੀਜ਼ ਮੰਗਣ ਜਾਂ ਲੈਣ ਦਾ ਯਤਨ ਕਰੇ।

**ਆਪਣੇ ਮਨ ਤੋਂ ਜਾਣੀਏਂ, ਅਗਲੇ ਦੇ ਮਨ ਦੀ ਬਾਤ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਅਸੀਂ ਜਿਹੋ ਜਿਹੀ ਭਾਵਨਾ ਨਾਲ਼ ਦੂਜੇ ਬਾਰੇ ਸੋਚਾਂਗੇ ਉਹ ਵੀ ਸਾਡੇ ਬਾਰੇ ਉਹੋ ਭਾਵਨਾ ਚਿਤਵੇਗਾ, ਜਿਹੋ ਜਿਹੀ ਅਸੀਂ ਉਸ ਬਾਰੇ ਚਿਤਵੀ ਹੈ।

**ਅਫ਼ੀਮ ਮੰਗੇ ਰਿਉੜੀਆਂ, ਪੋਸਤ ਮੰਗੇ ਗੰਨੇ, ਭੰਗ ਵਿਚਾਰੀ ਆਲ਼ੀ ਭੋਲ਼ੀ, ਜੋ ਆਵੇ ਸੋ ਬੰਨੇ**—ਇਸ ਅਖਾਣ ਵਿੱਚ ਵੱਖਰੇ-ਵੱਖਰੇ ਨਸ਼ੇ ਕਰਨ ਵਾਲ਼ਿਆਂ ਦੇ ਮਨਭਾਉਂਦੇ ਭੋਜਨ ਬਾਰੇ ਜਾਣਕਾਰੀ ਦਿੱਤੀ ਗਈ ਹੈ।

**ਅੰਬ ਖਾਣੇ ਐਂ ਕਿ ਪੇੜ ਗਿਣਨੇ ਨੇ**—ਜਦੋਂ ਕੋਈ ਬੰਦਾ ਆਪਣੇ ਮੰਤਵ ਦੀ ਗੱਲ ਛੱਡ ਕੇ ਉਰਲੀਆਂ-ਪਰਲੀਆਂ ਮਾਰੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ਼ ਨਹੀਂ ਲਹਿੰਦੀ**—ਜਿਸ ਵਸਤੂ ਦੀ ਲੋੜ ਹੋਵੇ, ਉਸ ਦੀ ਪ੍ਰਾਪਤੀ ਨਾਲ਼ ਹੀ ਖ਼ੁਸ਼ੀ ਤੇ ਤ੍ਰਿਪਤੀ ਹੁੰਦੀ ਹੈ, ਉਸ ਦਾ ਬਦਲ ਪੂਰਣ ਖ਼ੁਸ਼ੀ ਨਹੀਂ ਦੇ ਸਕਦਾ।

**ਅੰਮਾ ਜਾਏ ਪੰਜ ਪੁੱਤਰ, ਕਰਮ ਨਾ ਦੇਂਦੀ ਵੰਡ**—ਭਾਵ ਇਹ ਹੈ ਕਿ ਮਾਂ ਨੇ ਭਾਵੇਂ ਪੰਜ ਪੁੱਤਰ ਜਨਮੇ ਹਨ ਪ੍ਰੰਤੂ ਉਹਨਾਂ ਦੇ ਕਰਮ ਵੱਖਰੇ-ਵੱਖਰੇ ਹਨ, ਕੋਈ ਗ਼ਰੀਬ, ਕੋਈ ਅਮੀਰ, ਕੋਈ ਸਿਆਣਾ ਅਤੇ ਕੋਈ ਮੂਰਖ।

**ਅੰਮਾਂ ਨਾਲੋਂ ਹੇਜਲੀ ਸੋ ਫਫੇ ਕੱਟਣ**—ਇਸ ਅਖਾਣ ਰਾਹੀਂ ਝੂਠਾ ਪਿਆਰ ਤੇ ਵਿਖਾਵਾ ਵਿਖਾਉਣ ਵਾਲ਼ੇ ਭੱਧਰ ਪੁਰਸ਼ਾਂ ਤੋਂ ਸੁਚੇਤ ਕੀਤਾ ਗਿਆ ਹੈ।

**ਅੰਮਾਂ ਨਾਲੋਂ ਧੀ ਸਿਆਣੀ, ਰਿੱਧੇ ਪੱਕੇ ਪਾਏ ਪਾਣੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਦੀ ਉਲਾਦ ਆਪਣੇ ਵਡੇਰਿਆਂ ਦੇ ਕੀਤੇ ਹੋਏ ਚੰਗੇ ਕੰਮਾਂ ਨੂੰ ਵਿਗਾੜਨ ਲੱਗ ਜਾਵੇ।

**ਅੰਮਾਂ ਨੀ ਅੰਮਾਂ ਮੈਂ ਕਿਹੜੇ ਵੇਲੇ ਨਕੰਮਾ**—ਇਹ ਅਖਾਣ ਵਿਅੰਗ ਵਜੋਂ ਉਸ ਆਦਮੀ ਜਾਂ ਜਵਾਨ ਲਈ ਵਰਤਿਆ ਜਾਂਦਾ ਹੈ ਜਿਹੜਾ ਸਾਰਾ ਦਿਨ਼ ਵਿਹਲਾ ਰਹਿ ਕੇ ਡੱਕਾ ਨਾ ਤੋੜੇ।

**ਅਮੀਰ ਦੀ ਮਰ ਗਈ ਕੁੱਤੀ, ਉਹ ਹਰ ਕਿਸੇ ਪੁੱਛੀ, ਗ਼ਰੀਬ ਦੀ ਮਰ ਗਈ ਮਾਂ ਉਹਦਾ ਕਿਸੇ ਵੀ ਨਾ ਲਿਆ ਨਾ**—ਭਾਵ ਇਹ ਹੈ ਕਿ ਅੱਜ ਦਾ ਜ਼ਮਾਨਾ ਅਮੀਰਾਂ ਦੀ ਹੀ ਖ਼ੁਸ਼ਾਮਦ ਕਰਦਾ ਰਹਿੰਦਾ ਹੈ ਪ੍ਰੰਤੂ ਗ਼ਰੀਬਾਂ ਨਾਲ਼ ਹੱਕੀ ਹਮਦਰਦੀ ਕੋਈ ਨਹੀਂ ਦਿਖਾਉਂਦਾ।

**ਅਮੀਰ ਦੇ ਸਾਲੇ ਬਹੁਤ, ਗ਼ਰੀਬ ਦਾ ਭਣੋਈਆ ਕੋਈ ਨਾ**—ਭਾਵ ਇਹ ਹੈ ਕਿ ਲੋਕ ਅਮੀਰਾਂ ਨਾਲ਼ ਤਾਂ ਭੱਜ-ਭੱਜ ਕੇ ਸਕੀਰੀਆਂ ਗੰਢਦੇ ਨੇ, ਪ੍ਰੰਤੂ ਗ਼ਰੀਬ ਦੀ ਭੈਣ ਦਾ ਸਾਕ ਲੈਣ ਨੂੰ ਵੀ ਕੋਈ ਤਿਆਰ ਨਹੀਂ।

**ਅਰਾਕੀ ਨੂੰ ਸੈਨਤ ਗਧੇ ਨੂੰ ਡੰਡਾ**—ਭਾਵ ਇਹ ਹੈ ਕਿ ਸਿਆਣਾ ਆਦਮੀ ਅੱਖ ਦੇ ਇਸ਼ਾਰੇ ਨੂੰ ਹੀ ਸਮਝ ਜਾਂਦਾ ਹੈ ਪ੍ਰੰਤੂ ਮੂਰਖ਼ ਆਦਮੀ ਕੁੱਟ ਖਾ ਕੇ ਵੀ ਸਮਝ ਨਹੀਂ ਸਕਦਾ।

**ਅੱਵਲ ਤਾਂ ਮੁੰਡਾ, ਨਹੀਂ ਤਾਂ ਕੁੜੀ ਵੱਟ ਤੇ ਪਈ ਐ**—ਇਹ ਅਖਾਣ ਇਹ ਦੱਸਣ ਲਈ ਵਰਤਦੇ ਹਨ ਜੇ ਸਬੰਧਿਤ ਕੰਮ 'ਚ ਕੋਈ ਪ੍ਰਾਪਤੀ ਨਾ ਹੋਈ ਤਾਂ ਪੱਲਿਓਂ ਵੀ ਕੁਝ ਨਹੀਂ ਜਾਣਾ।

**ਅੜਾਹੇ ਦੀ ਕੁੜੀ, ਪੜਾਹੇ ਨੂੰ ਡੰਡ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਅਸਲੀ ਦੋਸ਼ੀ ਦੀ ਸਜ਼ਾ ਕਿਸੇ ਦੂਸਰੇ ਨੂੰ ਭੁਗਤਣੀ ਪੈ ਜਾਵੇ। ਇਸੇ ਭਾਵ ਦਾ ਇਕ ਹੋਰ ਅਖਾਣ ਹੈ-"**ਨਾਨੀ ਖਸਮ ਕਰੇ, ਦੋਹਤਾ ਚੱਟੀ ਭਰੇ।**"

**ਆ ਅਹੀਏ ਤਹੀਏ, ਕਰੂੰ ਆਪਣੇ ਜਹੀਏ**—ਜਦੋਂ ਕੋਈ ਭਲਾ ਪੁਰਸ਼ ਭੈੜਿਆਂ ਬੰਦਿਆਂ ਦੀ ਸੰਗਤ ਵਿੱਚ ਰਲ਼ ਕੇ ਭੈੜਾ ਬਣ ਜਾਂਦਾ ਹੈ, ਉਦੋਂ ਭੈੜੇ ਬੰਦਿਆਂ ਨੂੰ ਇਹ ਅਖਾਣ ਬੋਲਦੇ ਹਨ।

**ਆ ਗੁਆਂਢਣੇ ਲੜੀਏ**—ਤੀਵੀਆਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਮਾੜੀ-ਮਾੜੀ ਗੱਲ ਬਦਲੇ ਅਜਾਈਂ ਲੜ ਪੈਂਦੀਆਂ ਹਨ। ਔਰਤਾਂ ਦੇ ਝਗੜਾਲੂ ਸੁਭਾਅ ਨੂੰ ਦਰਸਾਉਂਦਾ ਹੈ ਇਹ ਅਖਾਣ।

**ਆ ਭੈਣੇ ਪਿਆਰ ਕਰੂੰ, ਪੈਰਾਂ ਹੇਠ ਅੰਗਾਰ ਧਰੂੰ**—ਜਦੋਂ ਕੋਈ ਬੰਦਾ ਉਪਰੋਂ-ਉਪਰੋਂ ਹੇਜ ਦਿਖਾਵੇ ਪਰ ਅੰਦਰੋਂ ਛੁਰੀ ਚਲਾਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਆ ਲੜਾਈਏ ਮੇਰੇ ਵਿਹੜੇ**—ਜਦੋਂ ਕੋਈ ਬੰਦਾ ਜਾਂਦੀ ਬਲਾ ਆਪਣੇ ਗਲ਼ ਪੁਆ ਕੇ ਬੇਲੋੜੀ ਲੜਾਈ ਸਹੇੜ ਲਵੇ, ਉਦੋਂ ਇਹ ਕਹਿੰਦੇ ਹਨ।

**ਆਉ ਬੈਠੋ ਸਜਨੋਂ ਘਰ ਬਾਰ ਤੁਹਾਡਾ, ਖਾਉ ਪੀਉ ਆਪਣਾ ਗੁਣ ਗਾਉ ਸਾਡਾ**—ਜਦੋਂ ਕੋਈ ਚੁਸਤ ਆਦਮੀ ਘਰ ਆਏ ਪ੍ਰਾਹੁਣਿਆਂ ਦੀਆਂ ਗੱਲਾਂ-ਬਾਤਾਂ ਨਾਲ਼ ਹੀ ਸੁੱਕੀ ਆਓ ਭਗਤ ਕਰੇ ਤੇ ਆਸ ਇਹ ਰੱਖੇ ਕਿ ਪ੍ਰਾਹੁਣੇ ਉਹਦਾ ਗੁਣਗਾਣ ਕਰਨਗੇ, ਅਜਿਹੇ ਪੁਰਸ਼ ਬਾਰੇ ਇਹ ਅਖਾਣ ਬੋਲਦੇ ਹਨ।

**ਆਉ ਬੈਠੋ ਪੀਉ ਪਾਣੀ, ਤਿੰਨੇ ਚੀਜ਼ਾਂ ਮੁੱਲ ਨਾ ਆਣੀ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਸਾਧਾਰਨ ਤੇ ਸਾਦਗੀ ਨਾਲ਼ ਕੀਤੀ ਪ੍ਰਾਹੁਣਾਚਾਰੀ ਤੇ ਮਿੱਠੇ-ਮਿੱਠੇ ਬੋਲਾਂ ਨਾਲ਼ ਘਰ ਆਏ ਪ੍ਰਾਹੁਣੇ ਦੇ ਕੀਤੇ ਮਾਣ ਤਾਣ ਤੇ ਬਹੁਤਾ ਖ਼ਰਚ ਨਹੀਂ ਆਉਂਦਾ। ਇਹੀ ਚੰਗੇ ਗੁਣਾਂ ਵਾਲ਼ੇ ਵਿਅਕਤੀ ਦੇ ਲੱਛਣ ਹਨ।

**ਆਉਣ ਪਰਾਈਆਂ ਜਾਈਆਂ, ਵਿਛੋੜਨ ਸਕਿਆਂ ਭਾਈਆਂ**—ਇਸ ਅਖਾਣ ਦਾ ਭਾਵ ਇਹ ਹੈ ਕਿ ਜਦੋਂ ਭਰਾਵਾਂ ਦੇ ਵਿਆਹ ਹੋ ਜਾਂਦੇ ਹਨ ਤਾਂ ਉਹਨਾਂ ਦੀਆਂ ਵਹੁਟੀਆਂ ਜੋ ਪਰਾਏ ਘਰੋਂ ਆਈਆਂ ਹੁੰਦੀਆਂ ਹਨ, ਉਹਨਾਂ ਨੂੰ ਆਪਸ ਵਿੱਚ ਲੜਾ ਕੇ ਵੱਖਰੇ ਕਰ ਦਿੰਦੀਆਂ ਹਨ।

**ਆਉਲ਼ਿਆਂ ਦਾ ਖਾਧਾ ਤੇ ਸਿਆਣਿਆਂ ਦੀ ਮੱਤ ਪਿੱਛੋਂ ਸੁਆਦ ਦਿੰਦੀ ਹੈ**—ਇਹ ਅਖਾਣ ਅੰਞਾਣ ਬੰਦਿਆਂ ਨੂੰ ਸਿੱਖਿਆ ਦੇਣ ਲਈ ਵਰਤਿਆ ਜਾਂਦਾ ਹੈ, ਸਿਆਣੇ ਦੀ ਦਿੱਤੀ ਮੱਤ ਸਮਾਂ ਬੀਤਣ 'ਤੇ ਹੀ ਸਮਝ ਆਉਂਦੀ ਹੈ।

**ਆਇਆ ਸਿਆਲ ਤੇ ਮੋਏ ਕੰਗਾਲ, ਆਇਆ ਹੁਨਾਲ ਤੇ ਮੋਏ ਕੰਗਾਲ**—ਭਾਵ ਸਪੱਸ਼ਟ ਹੈ ਕਿ ਗ਼ਰੀਬਾਂ ਲਈ ਤਾਂ ਸਿਆਲ ਅਤੇ ਗਰਮੀ ਦੇ ਦੋਨੋਂ ਮੌਸਮ ਸੁਖਦਾਈ ਨਹੀਂ ਹੁੰਦੇ ਕਿਉਂਕਿ ਉਹਨਾਂ ਕੋਲ ਦੋਹਾਂ ਮੌਸਮਾਂ ਨੂੰ ਮਾਣਨ ਦੇ ਸਾਧਨ ਨਹੀਂ ਹੁੰਦੇ।

**ਆਇਆ ਰਮਜ਼ਾਨ ਤੇ ਭੱਜਿਆ ਸ਼ੈਤਾਨ**—ਭਾਵ ਇਹ ਹੈ ਕਿ ਮੁਸਲਮਾਨਾਂ ਲਈ ਰਮਜ਼ਾਨ ਦਾ ਮਹੀਨਾ ਸ਼ੁੱਭ ਹੁੰਦਾ ਹੈ। ਇਹ ਉਹਨਾਂ ਲਈ ਸੈਆਂ ਬਰਕਤਾਂ ਲੈ ਕੇ ਆਉਂਦਾ ਹੈ, ਇਸੇ ਕਰਕੇ ਸ਼ੈਤਾਨ ਪਤਰੇ ਵਾਚ ਜਾਂਦਾ ਹੈ।

**ਆਈ ਬਸੰਤ, ਪਾਲ਼ਾ ਉਡੰਤ**—ਭਾਵ ਇਹ ਹੈ ਕਿ ਬਸੰਤ ਰੁੱਤ ਆਉਣ 'ਤੇ ਪਾਲ਼ਾ ਘਟਣਾ ਸ਼ੁਰੂ ਹੋ ਜਾਂਦਾ ਹੈ, ਮੱਠੀ-ਮੱਠੀ ਠੰਢ ਰਹਿ ਜਾਂਦੀ ਹੈ।

**ਆਏ ਦੀ ਖ਼ੁਸ਼ੀ ਨਾ, ਨਾ ਗਏ ਦਾ ਗ਼ਮ**—ਇਹ ਅਖਾਣ ਉਹਨਾਂ ਬੰਦਿਆਂ ਬਾਰੇ ਚਾਨਣਾ ਪਾਉਂਦਾ ਹੈ ਜਿਹੜੇ ਦੁਨੀਆਂ 'ਚ ਨਿਰਲੇਪ ਰਹਿ ਕੇ ਸਹਿਜ ਅਵਸਥਾ ਵਿੱਚ ਜੀਵਨ ਬਤੀਤ ਕਰਦੇ ਹਨ। ਜਿਨ੍ਹਾਂ ਨੂੰ ਨਾ ਖ਼ੁਸ਼ੀ ਆਪੇ ਤੋਂ ਬਾਹਰ ਕਰਦੀ ਹੈ, ਨਾ ਗ਼ਮ ਗਮਗੀਨ ਕਰਦਾ ਹੈ।

**ਆਏ ਨੀ ਨਿਹੰਗ, ਬੂਹੇ ਖੋਹਲ ਦੇ ਨਿਸ਼ੰਗ**—ਇਸ ਅਖਾਣ ਵਿੱਚ ਨਿਹੰਗ ਸਿੰਘਾਂ ਦੇ ਚਰਿੱਤਰ ਦੀ ਸ਼ਲਾਘਾ ਕੀਤੀ ਗਈ ਹੈ ਕਿ ਉਹ ਆਪਣੀ ਲੋੜ ਤੋਂ ਵੱਧ ਕਿਸੇ ਚੀਜ਼ ਵੱਲ ਨਹੀਂ ਵੇਖਦੇ।

**ਆਏ ਭਾਬੋ ਦੇ ਸੱਕੇ, ਘਰ ਖੀਰ ਤੇ ਪੂੜੇ ਪੱਕੇ, ਆਇਆ ਭਾਈਏ ਦਾ ਕੋਈ, ਭਾਬੋ ਸੁੱਜ ਭੜੋਲਾ ਹੋਈ**—ਇਸ ਅਖਾਣ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਤੀਵੀਆਂ ਆਪਣੇ ਪੇਕਿਆਂ ਤੋਂ ਆਏ ਰਿਸ਼ਤੇਦਾਰਾਂ ਦੀ ਤਾਂ ਖ਼ੂਬ ਟਹਿਲ ਸੇਵਾ ਕਰਦੀਆਂ ਹਨ ਪ੍ਰੰਤੂ ਜੇ ਸਹੁਰਿਆਂ ਵੱਲੋਂ ਕੋਈ ਰਿਸ਼ਤੇਦਾਰ ਆ ਜਾਵੇ ਤਾਂ ਉਹਨਾਂ ਦੇ ਸਿਰ ਸੌ ਘੜਾ ਪਾਣੀ ਦਾ ਪੈ ਜਾਂਦਾ ਹੈ। ਟਹਿਲ ਸੇਵਾ ਕਰਨ ਦੀ ਥਾਂ ਰੁਸ ਬਹਿੰਦੀਆਂ ਹਨ।

**ਆਈ ਮਾਈ ਮੱਸਿਆ, ਜਿਸ ਖਾਣ ਪੀਣ ਕੱਸਿਆ**—ਜਦੋਂ ਕੋਈ ਕੰਜੂਸ ਬੰਦਾ ਕਿਸੇ ਹੋਰ ਬੰਦੇ ਦੇ ਸਬੱਬ ਖ਼ਰਚ ਕਰੇ, ਉਦੋਂ ਇਹ ਅਖਾਣ ਬੋਲਦੇ ਹਨ।

**ਆਈ ਮੌਜ ਫ਼ਕੀਰ ਦੀ, ਲਾਈ ਝੁੱਗੀ ਨੂੰ ਅੱਗ**—ਇਹ ਅਖਾਣ ਉਹਨਾਂ ਮਨ ਮੌਜੀ ਬੰਦਿਆਂ ਬਾਰੇ ਹੈ ਜਿਹੜੇ ਆਪਣੀ ਮੌਜ ਮਸਤੀ ਲਈ ਆਪਣਾ ਨੁਕਸਾਨ ਕਰਨੋਂ ਪ੍ਰਹੇਜ਼ ਨਹੀਂ ਕਰਦੇ।

**ਆਸਾ ਜੀਵੇ, ਨਿਰਾਸਾ ਮਰੇ**—ਭਾਵ ਇਹ ਹੈ ਕਿ ਦੁਨੀਆਂ ਆਸ ਦੇ ਸਹਾਰੇ ਹੀ ਚੱਲ ਰਹੀ ਹੈ। ਲੋਕ ਆਸ ਦੇ ਆਸਰੇ ਹੀ ਜੀਵਨ ਜੀ ਰਹੇ ਹਨ।

**ਆਸਾਂ ਬੱਧਾ ਸੰਸਾਰ ਹੈ**—ਨਿਰਾਸ਼ ਨਾ ਹੋਣ ਦੀ ਪ੍ਰੇਰਨਾ ਦੇਣ ਲਈ ਇਹ ਅਖਾਣ ਬੋਲਿਆ ਜਾਂਦਾ ਹੈ। ਆਸ ਦੇ ਸਹਾਰੇ ਹੀ ਇਹ ਜੀਵਨ ਚੱਲ ਰਿਹਾ ਹੈ।

**ਆਟਾ ਗੁਨ੍ਹੰਦੀਏ ਤੇਰਾ ਸਿਰ ਕਿਉਂ ਹਿਲਦਾ ਏ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਦੀ ਕੋਈ ਬਹਾਨਾ ਬਣਾ ਕੇ ਝਾੜ ਝੰਬ ਕਰਨੀ ਹੋਵੇ।

**ਆਤਕਾਂ ਦੇ ਆਤਕ, ਜੇਹੇ ਮਾਪੇ ਤੇਹੇ ਜਾਤਕ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਉਲਾਦ ਆਪਣੇ ਮਾਪਿਆਂ 'ਤੇ ਹੀ ਜਾਂਦੀ ਹੈ—ਚੰਗਿਆਂ ਦੀ ਉਲਾਦ ਚੰਗੀ ਤੇ ਮਾੜਿਆਂ ਦੀ ਮਾੜੀ।

**ਆਦਰ ਕਰ ਤੇ ਆਦਰ ਕਰਾ**—ਭਾਵ ਸਪੱਸ਼ਟ ਹੈ ਜੇਕਰ ਤੁਸੀਂ ਕਿਸੇ ਦਾ ਆਦਰ ਮਾਣ ਕਰੋਗੇ, ਉਹ ਵੀ ਬਦਲੇ ਵਿੱਚ ਤੁਹਾਡਾ ਆਦਰ ਮਾਣ ਕਰੇਗਾ।

**ਆਂਦਰਾਂ ਭੁੱਖੀਆਂ ਮੁੱਛਾਂ ਤੇ ਚਉਲ**—ਇਹ ਅਖਾਣ ਉਹਨਾਂ ਬੰਦਿਆਂ ਲਈ ਹੈ ਜਿਹੜੇ ਆਰਥਿਕ ਤੌਰ 'ਤੇ ਨਿੱਘਰ ਚੁੱਕੇ ਹਨ, ਪਰਤੋਂ ਬਾਹਰੋਂ ਦਿਖਾਵੇ ਲਈ ਟੌਹਰ ਵਿਖਾਉਂਦੇ ਹਨ।

**ਆਨੇ ਦੀ ਘੋੜੀ, ਪਾਈਆ ਦਾਣਾ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਜਣਾ ਆਮ ਵਸਤੂ 'ਤੇ ਵਾਧੂ ਦਾ ਖ਼ਰਚ ਕਰਦਾ ਹੋਵੇ। ਇਸੇ ਭਾਵ ਨੂੰ ਦਰਸਾਉਂਦਾ ਹੈ ਇਹ ਅਖਾਣ '**ਧੇਲੇ ਦੀ ਬੁੜ੍ਹੀ, ਟਕਾ ਸਿਰ ਮੁਨਾਈ**'।

**ਆਪ ਸਿਰੋਂ ਨੰਗੀ, ਚੋਲੀ ਕਿਨੂੰ ਦਿਆਂ ਮੰਗੀ**—ਭਾਵ ਇਹ ਹੈ ਕਿ ਜਿਹੜੇ ਬੰਦੇ ਆਪਣੇ ਘਰ ਦਾ ਤੋਰੀ ਫੁਲਕਾ ਨਹੀਂ ਤੋਰ ਸਕਦੇ, ਉਹ ਭਲਾ ਦੂਜੇ ਦੀ ਕੀ ਸਹਾਇਤਾ ਕਰ ਸਕਦੇ ਹਨ।

**ਆਪ ਹੋਵੇ ਤਕੜੀ ਤੇ ਕਿਉਂ ਵੱਜੇ ਫੱਕੜੀ**—ਜੇ ਤੁਹਾਡੇ ਵਿੱਚ ਕੋਈ ਕਾਣ ਨਹੀਂ ਤਾਂ ਦੂਜਾ ਕੋਈ ਤੁਹਾਡੀ ਬਦਨਾਮੀ ਨਹੀਂ ਕਰ ਸਕਦਾ।

**ਆਪ ਕਾਜ ਮਹਾਂ ਕਾਜ**—ਆਪਣੇ ਹੱਥੀਂ ਕੀਤਾ ਕੰਮ ਹੀ ਸਕਾਰਥਾ ਹੁੰਦਾ ਹੈ। ਇਸ ਲਈ ਆਪਣੇ ਹੱਥੀਂ ਕੰਮ ਕਰਨ ਤੋਂ ਨਾ ਝਿਜਕੋ।

**ਆਪ ਕਿਸੇ ਜਹੀ ਨਾ, ਨੱਕ ਚਾੜ੍ਹਨੋਂ ਰਹੀ ਨਾ**—ਇਹ ਅਖਾਣ ਉਸ ਪੁਰਸ਼ ਜਾਂ ਇਸਤਰੀ ਲਈ ਵਰਤਦੇ ਹਨ ਜਿਹੜਾ ਆਪ ਤਾਂ ਕੋਈ ਚੰਗੇਰਾ ਕੰਮ ਨਾ ਕਰੇ ਪ੍ਰੰਤੂ ਦੂਜਿਆਂ ਦੇ ਕੀਤੇ ਕੰਮਾਂ ਤੇ ਨੁਕਤਾਚੀਨੀ ਕਰੇ।

**ਆਪ ਕੁਚੱਜੀ, ਵਿਹੜੇ ਨੂੰ ਦੋਸ਼**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਆਪਣੀ ਬੇਅਕਲੀ ਕਾਰਨ ਆਪਣਾ ਕੰਮ ਵਿਗਾੜ ਦੇਵੇ ਪ੍ਰੰਤੂ ਇਸ ਵਿਗਾੜ ਜਾਂ ਨੁਕਸ ਦਾ ਦੋਸ਼ ਕਿਸੇ ਦੂਜੇ ਦੇ ਸਿਰ 'ਤੇ ਮੜ੍ਹੇ।

**ਆਪ ਕੁਪੱਤੀ, ਵਿਹੜਾ ਦਾਦੇ ਮਗੌਣਾ**—ਉਦੋਂ ਕਹਿੰਦੇ ਹਨ ਜਦੋਂ ਕੋਈ ਮਾੜਾ ਤੇ ਕੁਪੱਤਾ ਬੰਦਾ ਆਪਣੇ ਕਿਰਦਾਰ ਨੂੰ ਲੁਕੋਣ ਲਈ ਆਪਣੇ ਮੁਹੱਲੇ ਜਾਂ ਵਿਹੜੇ ਦੇ ਨਿਵਾਸੀਆਂ ਤੇ ਭੈੜੇ ਹੋਣ ਦਾ ਦੋਸ਼ ਲਗਾਵੇ।

**ਆਪ ਗਏ ਵਿਸਾਖੀ, ਅਸੀਂ ਰਹੇ ਘਰਾਂ ਦੀ ਰਾਖੀ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਘਰ ਦੇ ਬਹੁਤੇ ਬੰਦੇ ਤਾਂ ਮੌਜ ਮਸਤੀ ਲਈ ਬਾਹਰ ਚਲੇ ਜਾਣ ਪ੍ਰੰਤੂ ਕਿਸੇ ਸਧਾਰਨ ਬੰਦੇ ਨੂੰ ਘਰ ਦੀ ਸੰਭਾਲ ਲਈ ਪਿੱਛੇ ਛੱਡ ਜਾਣ।

**ਆਪ ਤਾਂ ਡੁੱਬਿਏਂ ਬਾਹਮਣਾਂ ਜਜ਼ਮਾਨ ਵੀ ਡੋਬੇ**—ਜਦੋਂ ਕੋਈ ਆਪ ਮੁਸੀਬਤ ਵਿੱਚ ਫਸਿਆ ਹੋਵੇ ਅਤੇ ਦੂਜੇ ਸਾਕ ਸਬੰਧੀਆਂ ਨੂੰ ਵੀ ਮੁਸੀਬਤ ਵਿੱਚ ਫਸਾ ਦੇਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਆਪ ਨਾ ਮਰੀਏ, ਸਵਰਗ ਨਾ ਜਾਈਏ**—ਭਾਵ ਇਹ ਹੈ ਕਿ ਆਪ ਮਿਹਨਤ ਕੀਤੇ ਬਿਨਾਂ ਸਫ਼ਲਤਾ ਪ੍ਰਾਪਤ ਨਹੀਂ ਹੋ ਸਕਦੀ।

**ਆਪ ਨਾ ਵੰਜੇ ਸਾਹਵਰੇ ਲੋਕਾਂ ਮੱਤੀ ਦੇ**—ਇਹ ਅਖਾਣ ਉਸ ਪੁਰਸ਼ ਜਾਂ ਇਸਤਰੀ ਲਈ ਵਰਤਦੇ ਹਨ ਜਿਹੜੀ ਆਪ ਤਾਂ ਮੰਦੇ ਕੰਮ ਕਰੇ ਤੇ ਹੋਰਨਾਂ ਨੂੰ ਚੰਗਾ ਕੰਮ ਕਰਨ ਦਾ ਉਪਦੇਸ਼ ਦੇਵੇ।

**ਆਪ ਬੀਬੀ ਕੋਕਾਂ, ਤੇ ਮੱਤੀਂ ਦੇਵੇ ਲੋਕਾਂ**—ਇਹ ਉਸ ਪੁਰਸ਼ ਲਈ ਕਹਿੰਦੇ ਹਨ ਜੇਹੜਾ ਆਪਣੇ ਔਗੁਣਾਂ ਵੱਲ ਤਾਂ ਧਿਆਨ ਨਾ ਦੇਵੇ ਪ੍ਰੰਤੂ ਦੂਜਿਆਂ ਦੇ ਔਗੁਣਾਂ ਨੂੰ ਵਧਾ ਚੜ੍ਹਾ ਕੇ ਦੱਸੇ।

**ਆਪ ਭਲੇ ਜਗ ਭਲਾ**—ਜਿਹੜਾ ਪੁਰਸ਼ ਆਪ ਦੋਸ਼ ਰਹਿਤ ਜ਼ਿੰਦਗੀ ਬਤੀਤ ਕਰ ਰਿਹਾ ਹੋਵੇ, ਉਸ ਨੂੰ ਸਾਰੇ ਲੋਕੀਂ ਦੋਸ਼ ਰਹਿਤ ਵਿਖਾਈ ਦਿੰਦੇ ਹਨ।

**ਆਪ ਮਿਲੇ ਸੋ ਦੂਧ ਬਰਾਬਰ, ਮਾਂਗ ਲੀਆ ਸੋ ਪਾਨੀ**—ਇਸ ਅਖਾਣ ਵਿੱਚ ਮੰਗਣ ਦੇ ਕਸਬ ਨੂੰ ਨਕਾਰਿਆ ਗਿਆ ਹੈ, ਮੰਗ ਕੇ ਪੀਤਾ ਦੁੱਧ ਪਾਣੀ ਦੇ ਸਮਾਨ ਹੈ।

**ਆਪ ਮੋਏ ਜਗ ਪਰਲੋ**—ਮਨ ਮੌਜੀਆਂ ਲਈ ਇਹ ਅਖਾਣ ਆਮ ਵਰਤਿਆ ਜਾਂਦਾ ਹੈ। ਭਾਵ ਇਹ ਹੈ ਕਿ ਜਾਨ ਨਾਲ਼ ਹੀ ਜਹਾਨ ਹੈ। ਮਰਨ ਮਗਰੋਂ ਦੁਨੀਆਂ ਰਹੇ ਨਾ ਰਹੇ ਇਕ ਬਰਾਬਰ ਹੈ।

**ਆਪ ਵਲੱਲੀ ਵਿਹੜਾ ਡਿੰਗਾ**—ਭਾਵ ਇਹ ਹੈ ਕਿ ਆਪ ਨੂੰ ਤਾਂ ਕੰਮ ਕਰਨ ਦਾ ਚੱਜ ਨਹੀਂ ਐਵੇਂ ਦੂਜੇ 'ਤੇ ਦੋਸ਼ ਮੜ੍ਹੀ ਜਾਣਾ ਉੱਚਿਤ ਨਹੀਂ।

**ਆਪ ਵਿਹਾਜੇ ਮਾਮਲੇ, ਆਪੇ ਸਿਰ ਪਾਏ**—ਜਦੋਂ ਕੋਈ ਬੰਦਾ ਆਪਣੇ ਕੀਤੇ ਕੰਮਾਂ ਅਥਵਾ ਅਮਲਾਂ ਨਾਲ਼ ਕਿਸੇ ਮੁਸੀਬਤ ਵਿੱਚ ਫਸ ਜਾਂਦਾ ਹੈ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਆਪੇ ਮਰ ਜਾਣਗੇ ਜਿਹੜੇ ਜੇਠ ਪੈਣਗੇ ਰਾਹ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਜਿਹੜਾ ਬੰਦਾ ਮਾੜੇ ਕੰਮ ਕਰੇਗਾ ਉਸ ਨੂੰ ਸਜ਼ਾ ਜ਼ਰੂਰ ਮਿਲੇਗੀ।

**ਆਪੇ ਫਾਧੜੀਏ ਤੈਨੂੰ ਕੌਣ ਛੁਡਾਵੇ**—ਜਦੋਂ ਕੋਈ ਪੁਰਸ਼ ਆਪਣੇ ਆਪ ਕੋਈ ਮੁਸੀਬਤ ਆਪਣੇ ਗਲ਼ ਪੁਆ ਲੈਂਦਾ ਹੈ, ਉਸ ਦੀ ਸਹਾਇਤਾ ਕਰਨ ਕੋਈ ਹੋਰ ਨਹੀਂ ਆਉਂਦਾ, ਉਦੋਂ ਇਹ ਅਖਾਣ ਵਰਤਦੇ ਹਨ।

**ਆਬ ਆਬ ਕਰ ਮੋਇਉਂ, ਬੱਚਾ ਫ਼ਾਰਸੀਆਂ ਘਰ ਗਾਲ਼ੇ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਜਦੋਂ ਅਸੀਂ ਆਪਣੀ ਬੋਲੀ ਛੱਡ ਕੇ ਕਿਸੇ ਹੋਰ ਬੋਲੀ ਵਿੱਚ ਗੱਲ ਕਰਦੇ ਹਾਂ ਤਾਂ ਸੁਣਨ ਵਾਲ਼ਿਆਂ ਨੂੰ ਸਮਝ ਨਹੀਂ ਪੈਂਦੀ, ਜਿਸ ਦੇ ਕਾਰਨ ਸਾਡਾ ਨੁਕਸਾਨ ਹੁੰਦਾ ਹੈ।

**ਆਲ਼ਿਆਂ ਭੋਲ਼ਿਆਂ ਦਾ ਰੱਬ ਰਾਖਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਸਧਾਰਨ ਲੋਕ ਚੁਸਤੀ ਚਲਾਕੀ ਨਹੀਂ ਵਰਤਦੇ ਪ੍ਰੰਤੂ ਰੱਬ ਉਹਨਾਂ ਦੀ ਸਹਾਇਤਾ ਕਰਦਾ ਹੈ।

**ਐਸੇ ਕੋ ਤੈਸਾ ਮਿਲੇ, ਜਿਉਂ ਬਾਹਮਣ ਕੋ ਨਾਈ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਬੇਈਮਾਨ ਤੇਂ ਚਲਾਕ ਆਦਮੀ ਨੂੰ ਉਸ ਤੋਂ ਵੱਧ ਬੇਈਮਾਨ ਤੇ ਚਲਾਕ ਆਦਮੀ ਟੱਕਰ ਜਾਵੇ।

**ਐਹ ਮੂੰਹ ਤੇ ਮਸਰਾਂ ਦੀ ਦਾਲ਼**—ਜਦੋਂ ਕੋਈ ਪੁਰਸ਼ ਆਪਣੀ ਹੈਸੀਅਤ ਤੋਂ ਵੱਧ ਕੇ ਕਿਸੇ ਚੀਜ਼ ਦੀ ਮੰਗ ਕਰੇ, ਉਦੋਂ ਇਹ ਅਖਾਣ ਬੋਲਦੇ ਹਨ।

**ਐਤਵਾਰ ਦੀ ਝੜੀ, ਕੋਠਾ ਛੱਡੇ ਨਾ ਕੜੀ**—ਸਿਆਣੇ ਕਹਿੰਦੇ ਹਨ ਜੇ ਐਤਵਾਰ ਨੂੰ ਮੀਂਹ ਪੈਣਾ ਸ਼ੁਰੂ ਹੋ ਜਾਵੇ ਤਾਂ ਕਈ ਦਿਨ ਝੜੀ ਲੱਗੀ ਰਹਿੰਦੀ ਹੈ, ਜਿਸ ਕਰਕੇ ਕੱਚੇ ਕੋਠੇ ਡਿੱਗ ਪੈਂਦੇ ਹਨ।

**ਔਸਰ ਮਿੱਤਰ ਪਰਖੀਏ, ਗੋਖੜੀ ਫੱਗਣ ਮਾਂਹ, ਘਰ ਦੀ ਨਾਰੀ ਪਰਖੀਏ, ਜਾਂ ਘਰ ਸੰਚਿਆ ਨਾਂਹ**—ਇਸ ਅਖਾਣ ਦਾ ਭਾਵ ਇਹ ਹੈ ਕਿ ਦੋਸਤ ਦੀ ਪਰਖ਼ ਭੀੜ ਪੈਣ 'ਤੇ, ਗਊ ਦੀ ਪਰਖ਼ ਫੱਗਣ ਦੇ ਮਹੀਨੇ ਜਦੋਂ ਦੁੱਧ ਦੀ ਤੋਟ ਹੋਵੇ ਤੇ ਘਰ ਵਾਲ਼ੀ ਦੀ ਪਰਖ਼ ਉਦੋਂ ਹੁੰਦੀ ਹੈ ਜਦੋਂ ਘਰ ਵਿੱਚ ਖ਼ਰਚਣ ਲਈ ਪੈਸਾ ਧੇਲਾ ਨਾ ਹੋਵੇ।

**ਔਖੇ ਵੇਲੇ ਸਾਥ ਜੋ ਦੇਵੇ ਸੋਈ ਮੀਤ ਪਛਾਣੀਏ**—ਇਸ ਅਖਾਣ ਦਾ ਭਾਵ ਸਪੱਸ਼ਟ ਹੈ ਕਿ ਔਖੇ ਸਮੇਂ ਹੀ ਮਿੱਤਰ ਪਿਆਰਿਆਂ ਦੀ ਪਰਖ਼ ਹੁੰਦੀ ਹੈ। ਅਸਲੀ ਮਿੱਤਰ ਉਹ ਹੈ ਜੋ ਮੁਸੀਬਤ ਸਮੇਂ ਸਾਥ ਨਿਭਾਵੇ।

**ਔਗੜ ਚੱਲੇ ਨਾ ਤੇ ਚੌਪੜ ਡਿੱਗੇ ਨਾ**—ਭਾਵ ਇਹ ਹੈ ਕਿ ਜਿਹੜਾ ਮਨੁੱਖ ਧਰਮ, ਸੱਚਾਈ, ਨਿਆਂ ਤੇ ਸਦਾਚਾਰ ਦੀਆਂ ਲੀਹਾਂ 'ਤੇ ਚੱਲਦਾ ਹੈ ਉਹਨਾਂ ਦੀ ਉਲੰਘਣਾ ਨਹੀਂ ਕਰਦਾ, ਉਹ ਸਦਾ ਸੁਖੀ ਰਹਿੰਦਾ ਹੈ।

**ਔਤਰ ਨਖੱਤਰ ਨਾ ਮੂਲੀ ਨਾ ਪੱਤਰ**—ਇਸ ਅਖਾਣ ਰਾਹੀਂ ਸੰਤਾਨਹੀਣ ਬੰਦਿਆਂ ਦੀ ਮੰਦੀ ਸਮਾਜਿਕ ਅਵਸਥਾ ਦਾ ਵਰਨਣ ਕੀਤਾ ਗਿਆ ਹੈ। ਉਹਨਾਂ ਦੇ ਸੰਤਾਨਹੀਣ ਹੋਣ ਸਕਦਾ ਉਹਨਾਂ ਦੀ ਕੁਲ ਦਾ ਵਾਧਾ ਨਹੀਂ ਹੁੰਦਾ।

**ਔਤਰਿਆਂ ਦੀ ਖੱਟੀ ਗਏ ਕੁੱਤੇ ਖਾ**—ਇਸ ਅਖਾਣ ਦਾ ਭਾਵ ਅਰਥ ਇਹ ਕਿ ਸੰਤਾਨਹੀਣ ਬੰਦਿਆਂ ਦੀ ਸੰਪਤੀ ਦਾ ਲਾਭ ਉਹਨਾਂ ਦੇ ਮਰਨ ਮਗਰੋਂ ਉਹ ਲੋਕ ਉਠਾਉਂਦੇ ਹਨ ਜਿਨ੍ਹਾਂ ਦਾ ਸੰਤਾਨਹੀਣਾਂ ਨਾਲ਼ ਰੱਤੀ ਭਰ ਵੀ ਮੋਹ ਪਿਆਰ ਨਹੀਂ ਹੁੰਦਾ।

**ਔਤਰੇ ਖੱਟਣ ਹੀਜੜੇ ਖਾਣ**—ਉਪਰੋਕਤ ਅਖਾਣ ਵਾਂਗ ਇਸ ਦਾ ਭਾਵ ਹੈ ਕਿ ਉਹ ਲੋਕ ਸੰਤਾਨਹੀਣਾਂ ਦੀ ਖੱਟੀ ਕਮਾਈ ਖਾਂਦੇ ਹਨ ਜਿਨ੍ਹਾਂ ਨੇ ਆਪ ਕੁਝ ਵੀ ਕਮਾਇਆ ਨਹੀਂ ਹੁੰਦਾ।

## ੲ

**ਇਸ ਹੱਥ ਦੇ ਉਸ ਹੱਥ ਲੈ**—ਇਸ ਅਖਾਣ ਦਾ ਭਾਵ ਅਰਥ ਹੈ ਕਿ ਸਾਨੂੰ ਸਾਵਾਂ ਵਿਵਹਾਰ ਕਰਨਾ ਚਾਹੀਦਾ ਹੈ। ਜਿਹੋ ਜਿਹਾ ਤੁਸੀਂ ਵਰਤਾਉ ਕਰੋਗੇ, ਉਹੋ ਜਿਹਾ ਹੀ ਵਰਤਾਉ ਤੁਹਾਡੇ ਨਾਲ਼ ਦੂਜੇ ਕਰਨਗੇ।

**ਇਸ ਹਮਾਮ ਵਿੱਚ ਸਾਰੇ ਹੀ ਨੰਗੇ ਹਨ**—ਇਹ ਅਖਾਣ ਉਦੋਂ ਵਰਤਿਆ ਜਾਂਦਾ ਹੈ ਜਦੋਂ ਕਿਸੇ ਸੰਸਥਾ ਜਾਂ ਸਮਾਜ ਦੇ ਸਾਰੇ ਬੰਦਿਆਂ ਨੂੰ ਦੋਸ਼ੀ ਕਰਾਰ ਦੇਣਾ ਹੋਵੇ।

**ਇਸ ਬਾਬਲ ਦਾ ਕੀ ਭਰਵਾਸਾ ਜੋ ਡੋਲੀ ਪਾਈ ਵੀ ਕੱਢ ਲੈਂਦੇ ਏ**—ਇਹ ਅਖਾਣ ਉਸ ਬੰਦੇ ਲਈ ਵਰਤਿਆ ਜਾਂਦਾ ਏ ਜਿਹੜਾ ਆਪਣੇ ਕੀਤੇ ਫ਼ੈਸਲਿਆਂ ਜਾਂ ਇਕਰਾਰਾਂ ਤੋਂ ਮੁੱਕਰ ਜਾਵੇ।

**ਇਸ ਮਾਇਆ ਦੇ ਤੀਨ ਨਾਮ ਪਰਸੂ, ਪਰਸਾ, ਪਰਸਰਾਮ**—ਇਸ ਅਖਾਣ ਦਾ ਭਾਵ ਇਹ ਹੈ ਕਿ ਲੋਕ ਕਿਸੇ ਪੁਰਸ਼ ਦੀ ਆਰਥਿਕ ਹਾਲਤ ਅਨੁਸਾਰ ਹੀ ਉਸ ਦੀ ਕਦਰ ਕਰਦੇ ਹਨ।

**ਇਸ਼ਕ ਪਰਹੇਜ਼ ਮੁਹੰਮਦ ਬਖਸ਼ਾ ਕਦੇ ਨਹੀਂ ਰਲ਼ ਬਹਿੰਦੇ**—ਭਾਵ ਇਹ ਹੈ ਕਿ ਜਦੋਂ ਕੋਈ ਇਸ਼ਕ ਮੁਹੱਬਤ ਵਿੱਚ ਗਲਤਾਨ ਹੋ ਜਾਵੇ ਤਾਂ ਉਸ ਦੇ ਲਈ ਸ਼ਰਮ, ਹੱਯਾ ਕੋਈ ਅਰਥ ਨਹੀਂ ਰੱਖਦੇ।

**ਇਸ਼ਕ ਮੁਸ਼ਕ ਛੁਪਾਇਆ ਨਹੀਂ ਛੁਪਦੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਕਿਸੇ ਨਾਲ਼ ਕੀਤੀ ਮੁਹੱਬਤ ਲੁਕੀ ਨਹੀਂ ਰਹਿੰਦੀ, ਜਿਵੇਂ ਫ਼ੁੱਲਾਂ ਦੀ ਖ਼ੁਸ਼ਬੋ ਸਾਰੇ ਪਾਸੇ ਫੈਲ ਜਾਂਦੀ ਹੈ। ਲੁਕ ਕੇ ਕੀਤੀ ਮੁਹੱਬਤ ਵੀ ਜਗ ਜਾਹਰ ਹੋ ਜਾਂਦੀ ਹੈ।

**ਇਸਬ (ਈਸਬ) ਗੋਲ, ਕੁਝ ਨਾ ਫੋਲ**—ਜਦੋਂ ਕਿਸੇ ਮਾੜੇ ਚਰਿੱਤਰ ਵਾਲ਼ੇ ਬੰਦੇ ਬਾਰੇ ਚਰਚਾ ਕਰਦੇ ਹਨ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਇਹ ਅਸਾਡਾ ਜੀ, ਨਾ ਧੁੱਪ ਸਹੇ ਨਾ ਸੀ**—ਇਸ ਅਖਾਣ ਵਿੱਚ ਮਨੁੱਖ ਦੀ ਮਾਨਸਿਕ ਅਸਥਿਰਤਾ ਦਾ ਵਰਨਣ ਕੀਤਾ ਗਿਆ ਹੈ ਜਿਸ ਪਾਸੋਂ ਨਾ ਸਰਦੀ ਸਹਿ ਹੁੰਦੀ ਹੈ ਤੇ ਨਾ ਗਰਮੀ।

**ਇਹ ਸੁਰ ਹੋਰ ਉਹ ਸਿਰ ਹੋਰ**—ਇਹ ਅਖਾਣ ਉਸ ਚਲਾਕ ਅਤੇ ਹੁਸ਼ਿਆਰ ਪੁਰਸ਼ ਬਾਰੇ ਵਰਤਿਆ ਜਾਂਦਾ ਹੈ ਜਦੋਂ ਉਹ ਆਪਣੀ ਕਿਸੇ ਮਾੜੀ ਕਰਤੂਤ 'ਤੇ ਪਰਦਾ ਪਾਉਣ ਦਾ ਯਤਨ ਕਰਦਾ ਹੋਇਆ ਫੜਿਆ ਜਾਵੇ।

**ਇਹ ਜਹਾਨ ਮਿੱਠਾ ਅਗਲਾ ਕਿੰਨ ਡਿੱਠਾ**—ਇਸ ਜਗਤ ਵਿੱਚ ਮੌਜ ਮਸਤੀ ਕਰਨ ਵਾਲ਼ੇ ਪੁਰਸ਼ ਇਹ ਅਖਾਣ ਵਰਤਦੇ ਹਨ ਕਿ ਇਥੇ ਚੰਗਾ ਖਾ-ਪੀ ਲਓ, ਅਗਲਾ ਜਹਾਨ ਕੀਹਨੇ ਵੇਖਿਆ ਹੈ।

**ਇਹ ਜਵਾਨੀ ਤੇ ਰੇਤ ਦੇ ਫੱਕੇ**—ਇਹ ਅਖਾਣ ਉਹਨਾਂ ਨੌਜਵਾਨਾਂ ਲਈ ਮਖ਼ੌਲ ਵਜੋਂ ਵਰਤਿਆ ਜਾਂਦਾ ਹੈ ਜਿਹੜੇ ਜਵਾਨੀ ਵਿੱਚ ਸਰੀਰਕ ਤੌਰ 'ਤੇ ਕਮਜ਼ੋਰ ਹੋ ਜਾਣ ਤੇ ਕਮਜ਼ੋਰੀ ਕਾਰਨ ਡਿੱਗ ਡਿੱਗ ਪੈਣ ਤੇ ਕੋਈ ਭਾਰ ਵਾਲ਼ਾ ਕੰਮ ਨਾ ਕਰ ਸਕਣ।

**ਇਹ ਜਾਣੇ ਤੇ ਉਹ ਜਾਣੇ, ਤੂੰ ਭਠਿਆਰੀਏ ਭੁੰਨ ਦਾਣੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਦੋ ਧਿਰਾਂ ਵਿਚਕਾਰ ਹੋਏ ਝਗੜੇ ਵਿੱਚ ਕੋਈ ਤੀਜਾ ਬੰਦਾ ਦਖ਼ਲ-ਅੰਦਾਜ਼ੀ ਕਰੇ, ਉਸ ਨੂੰ ਆਖਿਆ ਜਾਂਦਾ ਹੈ ਕਿ ਉਹ ਆਪਣੇ ਕੰਮ ਤੱਕ ਮਤਲਬ ਰੱਖੇ, ਝਗੜੇ ਵਾਲ਼ੇ ਆਪੇ ਝਗੜਾ ਨਬੇੜ ਲੈਣਗੇ।

ਇਹਨੀਂ ਘਰਾਟੀਂ ਇਹੋ ਜਿਹਾ ਹੀ ਪੀਸੀ ਦਾ ਏ—ਜਦੋਂ ਕਿਸੇ ਆਦਮੀ ਦੇ ਸੁਭਾਅ ਅਤੇ ਵਿਵਹਾਰ ਵਿੱਚ ਕੋਈ ਤਬਦੀਲੀ ਨਾ ਆਵੇ, ਉਸ ਦੇ ਸੁਭਾਓ ਕਰਕੇ ਉਸ ਪਾਸੋਂ ਕੋਈ ਆਸ ਨਾ ਰੱਖਣ ਵਾਸਤੇ ਇਹ ਅਖਾਣ ਬੋਲਦੇ ਹਨ।

**ਇਕ ਅੰਨ੍ਹਾ ਤੇ ਦੂਜਾ ਕੰਧਾਂ ਤੇ ਭੱਜੇ**—ਜਦੋਂ ਕੋਈ ਕਮਜ਼ੋਰ ਤੇ ਹੀਣਾ ਬੰਦਾ ਕੋਈ ਔਖਾ ਜਾਂ ਖ਼ਤਰੇ ਵਾਲ਼ਾ ਕੰਮ ਕਰੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਇਕ ਅਨਾਰ ਸੌ ਬੀਮਾਰ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਵੰਡੇ ਜਾਣ ਵਾਲੀ ਵਸਤੂ ਥੋੜ੍ਹੀ ਹੋਵੇ ਤੇ ਉਸ ਨੂੰ ਲੈਣ ਵਾਲ਼ੇ ਬਹੁਤੀ ਗਿਣਤੀ ਵਿੱਚ ਹੋਣ।

**ਇਕ, ਇਕ, ਦੋ ਗਿਆਰਾਂ**—ਇਸ ਅਖਾਣ ਰਾਹੀਂ ਏਕੇ ਦੀ ਸ਼ਕਤੀ ਨੂੰ ਵਡਿਆਇਆ ਗਿਆ ਹੈ, ਇਕ ਦੀ ਥਾਂ ਦੋ ਜਣੇ ਰਲ਼ ਕੇ ਬਹੁਤਾ ਕੰਮ ਕਰ ਸਕਦੇ ਹਨ।

**ਇਕ ਇਕੱਲਾ, ਦੂਜਾ ਭੱਲਾ, ਤੀਜਾ ਰਲ਼ਿਆ ਤਾਂ ਕੰਮ ਗਲ਼ਿਆ**—ਇਸ ਅਖਾਣ ਰਾਹੀਂ ਕਿਸੇ ਕੰਮ ਕਾਰ ਵਿੱਚ ਬਹੁਤੇ ਲੋਕਾਂ ਦੀ ਸਾਂਝ ਭਿਆਲੀ ਦੀ ਨਿਖੇਧੀ ਕੀਤੀ ਗਈ ਹੈ। ਦੋ ਜਣੇ ਤਾਂ ਆਪਣਾ ਕੰਮ ਠੀਕ ਚਲਾ ਸਕਦੇ ਹਨ ਪ੍ਰੰਤੂ ਤਿੰਨ-ਚਾਰ ਜਣੇ ਉਸੇ ਕੰਮ ਨੂੰ ਠੀਕ ਤਰ੍ਹਾਂ ਨਹੀਂ ਚਲਾ ਸਕਦੇ।

**ਇਕ ਸੱਪ, ਦੂਜਾ ਉਡਣਾ**—ਇਹ ਅਖਾਣ ਉਸ ਬੰਦੇ ਲਈ ਵਰਤਦੇ ਹਨ ਜਿਸ ਦੇ ਵਿੱਚ ਔਗੁਣਾਂ ਦੀ ਭਰਮਾਰ ਹੋਵੇ।

**ਇਕ ਸ਼ਾਹ ਦਾ ਦੇਣਾ ਚੰਗਾ, ਘਿਰ ਘਿਰ ਦਾ ਦੇਣਾ ਮੰਦਾ**—ਭਾਵ ਇਹ ਹੈ ਕਿ ਵੱਖ-ਵੱਖ ਬੰਦਿਆਂ ਪਾਸੋਂ ਉਧਾਰ ਲੈਣ ਨਾਲ਼ ਬਦਨਾਮੀ ਹੁੰਦੀ ਹੈ। ਚੰਗਾ ਇਹੋ ਹੈ ਕਿ ਕਿਸੇ ਇਕ ਪਾਸੋਂ ਹੀ ਉਧਾਰ ਚੁੱਕਿਆ ਜਾਵੇ।

**ਇਕ ਹੱਥ ਨਾਲ਼ ਤਾੜੀ ਨਹੀਂ ਵੱਜਦੀ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਚੰਗਾ ਜਾਂ ਮਾੜਾ ਵਿਵਹਾਰ ਕਰਨ ਦੀ ਜ਼ਿੰਮੇਵਾਰੀ ਦੋਹਾਂ ਧਿਰਾਂ ਦੀ ਹੁੰਦੀ ਹੈ, ਇਕੱਲੇ ਬੰਦੇ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਲੜਾਈ-ਝਗੜਾ ਦੋ ਧਿਰਾਂ ਰਲ਼ ਕੇ ਹੀ ਕਰਦੀਆਂ ਹਨ।

**ਇਕ ਕਮਲੀ ਦੂਜੀ ਪੈ ਗਈ ਮੜ੍ਹੀਆਂ ਦੇ ਰਾਹ**—ਇਹ ਅਖਾਣ ਉਸ ਬੰਦੇ ਲਈ ਵਰਤਦੇ ਹਨ ਜਿਹੜਾ ਪਹਿਲਾਂ ਹੀ ਮੂਰਖ਼ ਹੋਵੇ ਤੇ ਅੱਗੋਂ ਉਸ ਨੂੰ ਆਲਾ-ਦੁਆਲਾ ਤੇ ਸਾਥ ਉਹਦੇ ਵਰਗਾ ਹੀ ਟੱਕਰ ਜਾਵੇ ਤੇ ਉਹ ਹੋਰ ਵੱਧ ਮੂਰਖ਼ਾਂ ਵਾਲ਼ੀਆਂ ਹਰਕਤਾਂ ਕਰੇ।

**ਇਕ ਕਰੇਲਾ, ਦੂਜਾ ਨਿੰਮ ਚੜ੍ਹਿਆ**—ਇਹ ਅਖਾਣ ਉਸ ਬੰਦੇ ਲਈ ਬੋਲਦੇ ਹਨ ਜਿਸ ਵਿੱਚ ਇਕ ਤੋਂ ਵੱਧ ਚੜ੍ਹਦੇ ਤੋਂ ਚੜ੍ਹਦੇ ਔਗੁਣ ਹੋਣ।

**ਇਕ ਗੋਦੜੀ ਵਿੱਚ ਦੋ ਫ਼ਕੀਰ ਸਮਾ ਸਕਦੇ ਹਨ ਪਰ ਇਕ ਰਾਜ ਵਿੱਚ ਦੋ ਰਾਜੇ ਨੀ ਸਮਾ ਸਕਦੇ**—ਇਸ ਅਖਾਣ ਵਿੱਚ ਇਹ ਸੱਚਾਈ ਪ੍ਰਗਟਾਈ ਗਈ ਹੈ ਕਿ ਗ਼ਰੀਬ ਤਾਂ ਗ਼ਰੀਬਾਂ ਨਾਲ਼ ਰਲ਼ ਕੇ ਰਹਿ ਸਕਦੇ ਹਨ ਪ੍ਰੰਤੂ ਅਮੀਰ ਆਦਮੀ ਦੂਜੇ ਅਮੀਰ ਨੂੰ ਦੇਖ ਕੇ ਸੁਖਾਂਦੇ ਨਹੀਂ, ਈਰਖ਼ਾ ਕਰਦੇ ਹਨ।

**ਇਕ ਚੁੱਪ ਸੌ ਸੁੱਖ**—ਇਸ ਅਖਾਣ ਦਾ ਭਾਵ ਇਹ ਹੈ ਕਿ ਕਿਸੇ ਡਾਹਢੇ ਤੇ ਲੜਾਕੇ ਬੰਦੇ ਨਾਲ਼ ਵਾਹ ਪੈਣ ਤੇ ਉਹਦੇ ਕੌੜੇ ਬੋਲਾਂ ਦਾ ਜਵਾਬ ਦੇਣ ਨਾਲ਼ੋਂ ਚੁੱਪ ਰਹਿਣਾ ਚੰਗਾ ਹੈ, ਅਜਿਹਾ ਕਰਨ ਨਾਲ਼ ਕਲੇਸ਼ ਅੱਗੇ ਨਹੀਂ ਵਧੇਗਾ।

**ਇਕ ਚੋਰੀ ਦੂਜੇ ਸੀਨਾ ਜ਼ੋਰੀ**—ਜਦੋਂ ਕੋਈ ਅਵੇੜੇ ਸੁਭਾਅ ਦਾ ਬੰਦਾ ਗ਼ਲਤੀ, ਵਧੀਕੀ ਕਰ ਕੇ ਸ਼ਰਮਿੰਦਾ ਹੋਣ ਦੀ ਬਜਾਏ ਧੌਂਸ ਵਿਖਾਏ, ਉਦੋਂ ਇਹ ਅਖਾਣ ਵਰਤਦੇ ਹਨ।

**ਇਕ ਜੰਮੇ, ਇਕ ਨਿੰਜ ਜੰਮੇ**—ਆਪਣੀ ਭੈੜੀ ਤੇ ਨਾਲਾਇਕ ਉਲਾਦ ਦੇ ਸਤਾਏ ਹੋਏ ਮਾਪੇ ਇਹ ਅਖਾਣ ਵਰਤਦੇ ਹਨ। ਭਾਵ ਇਹ ਹੈ ਕਿ ਨਾਲਾਇਕ ਪੁੱਤਰਾਂ ਦੇ ਜੰਮਣ ਨਾਲ਼ੋਂ ਤਾਂ ਨਿਰ-ਸੰਤਾਨ ਹੋਣਾ ਹੀ ਚੰਗਾ ਹੈ।

**ਇਕ ਤਵੇ ਦੀ ਰੋਟੀ ਕੀ ਵੱਡੀ ਕੀ ਛੋਟੀ**—ਇਸ ਅਖਾਣ ਦਾ ਭਾਵ ਇਹ ਹੈ ਕਿ ਨੁਕਸਾਨ ਪਹੁੰਚਾਉਣ ਵਾਲ਼ੀ ਵਸਤੂ ਭਾਵੇਂ ਛੋਟੀ ਹੋਵੇ ਭਾਵੇਂ ਵੱਡੀ ਹੋਵੇ ਉਹਦੇ ਆਕਾਰ ਨਾਲ਼ ਬਹੁਤਾ ਫ਼ਰਕ ਨਹੀਂ ਪੈਂਦਾ, ਗੱਲ ਤਾਂ ਨੁਕਸਾਨ ਪਹੁੰਚਾਉਣ ਦੀ ਹੈ।

**ਇਕ ਦਰ ਬੰਦ ਸੌ ਦਰ ਖੁੱਲ੍ਹਾ**—ਇਸ ਅਖਾਣ ਦਾ ਅਰਥ ਇਹ ਹੈ ਕਿ ਜੇ ਬੰਦੇ ਦਾ ਰੋਜ਼ੀ ਦਾ ਜਾਂ ਸਹਾਇਤਾ ਦਾ ਇਕ ਰਾਹ ਬੰਦ ਹੋ ਜਾਵੇ ਤਾਂ ਦਿਲ ਨਹੀਂ ਛੱਡਣਾ ਚਾਹੀਦਾ ਕੋਈ ਨਾ ਕੋਈ ਹੋਰ ਵਸੀਲਾ ਜ਼ਰੂਰ ਬਣ ਜਾਂਦਾ ਹੈ।

**ਇਕ ਦਿਨ ਪ੍ਰਾਹੁਣਾ, ਦੋ ਦਿਨ ਪ੍ਰਾਹੁਣਾ, ਤੀਜੇ ਦਿਨ ਦਾਦੇ ਮੁਘੌਣਾ**—ਇਸ ਦਾ ਭਾਵ ਇਹ ਹੈ ਕਿ ਪ੍ਰਾਹੁਣਚਾਰੀ ਇਕ-ਦੋ ਦਿਨਾਂ ਦੀ ਹੀ ਹੁੰਦੀ ਹੈ। ਕਿਸੇ ਦੇ ਘਰ ਬਹੁਤੇ ਦਿਨ ਪ੍ਰਾਹੁਣਾ ਬਣ ਕੇ ਰਹਿਣਾ ਚੰਗਾ ਨਹੀਂ।

**ਇਕ ਨਿੰਬੂ ਪਿੰਡ ਭੁਸਿਆਂ ਦਾ**—ਜਦੋਂ ਕੋਈ ਵਸਤੂ ਥੋੜ੍ਹੀ ਮਾਤਰਾ ਵਿੱਚ ਹੋਵੇ ਤੇ ਉਸ ਵਸਤੂ ਨੂੰ ਮੰਗਣ ਵਾਲੇ ਜਾਂ ਲੈਣ ਵਾਲ਼ੇ ਬਹੁਤੇ ਹੋਣ, ਉਦੋਂ ਇਹ ਅਖਾਣ ਵਰਤਦੇ ਹਨ।

**ਇਕ ਨੂੰ ਕੀ ਰੋਨੀ ਏਂ, ਊਤ ਗਿਆ ਈ ਆਵਾ**—ਜਦੋਂ ਕਿਸੇ ਟੱਬਰ ਦੇ ਇਕ ਜੀ ਨੂੰ ਸੁਧਾਰਦਿਆਂ ਇਹ ਪਤਾ ਲੱਗੇ ਕਿ ਇਸ ਟੱਬਰ ਦੇ ਸਾਰੇ ਜੀ ਹੀ ਵਿਗੜੇ ਹੋਏ ਹਨ, ਉਦੋਂ ਇਹ ਅਖਾਣ ਬੋਲਦੇ ਹਨ।

**ਇਕ ਨੂੰ ਪਾਣੀ ਇਕ ਨੂੰ ਪਿੱਛ**—ਜਦੋਂ ਕੋਈ ਬੰਦਾ ਕੋਈ ਵਸਤੂ ਵੰਡਣ ਲੱਗਿਆਂ ਜਾਂ ਵਿਵਿਹਾਰ ਕਰਨ ਲੱਗਿਆਂ ਵਿਤਕਰਾ ਕਰੇ, ਉਦੋਂ ਇੰਜ ਆਖਦੇ ਹਨ।

**ਇਕ ਨੂਰ ਆਦਮੀ, ਸੌ ਨੂਰ ਕੱਪੜਾ, ਹਜ਼ਾਰ ਰੂਪ ਗਹਿਣਾ ਤੇ ਲੱਖ ਰੂਪ ਨਖਰਾ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਕਿਸੇ ਬੰਦੇ ਦੇ ਸੁਚੱਜੇ ਢੰਗ ਨਾਲ਼ ਪਾਏ ਚੰਗੇ ਕੱਪੜੇ ਤੇ ਗਹਿਣੇ ਆਦਿ ਉਸ ਦਾ ਆਦਰ ਮਾਣ ਵਧਾਉਣ ਵਿੱਚ ਸਹਾਇਤਾ ਕਰਦੇ ਹਨ।

**ਇਕ ਪੰਥ ਦੋ ਕਾਜ**—ਇਹ ਅਖਾਣ ਉਦੋਂ ਵਰਤਿਆ ਜਾਂਦਾ ਹੈ ਜਦੋਂ ਇਕ ਕੰਮ ਕਰਦਿਆਂ ਦੂਜਾ ਲਾਹਵੰਦ ਕੰਮ ਨਾਲ਼ ਹੀ ਹੋ ਜਾਵੇ।

**ਇਕ ਪਰਹੇਜ਼ ਨੌਂ ਸੌ ਹਕੀਮ**—ਭਾਵ ਇਹ ਹੈ ਕਿ ਜਿਹੜਾ ਬੰਦਾ ਖਾਣ-ਪੀਣ ਵਿੱਚ ਪ੍ਰਹੇਜ਼ ਕਰਦਾ ਹੈ, ਉਸ ਨੂੰ ਹਕੀਮ ਦੀ ਲੋੜ ਨਹੀਂ ਪੈਂਦੀ ਕਿਉਂਕਿ ਉਹ ਪ੍ਰਹੇਜ਼ ਸਦਕਾ ਬੀਮਾਰ ਹੀ ਨਹੀਂ ਹੁੰਦਾ।

**ਇਕ ਪਲ ਦੀ ਸ਼ਰਮਿੰਦਗੀ ਸਾਰੇ ਦਿਨ ਦਾ ਆਧਾਰ**—ਭਾਵ ਇਹ ਹੈ ਕਿ ਜੇ ਸੰਗਾਣ ਨਾਲ਼ ਨੁਕਸਾਨ ਪੁੱਜਦਾ ਹੋਵੇ ਤਾਂ ਨਿ-ਸੰਗ ਹੋ ਕੇ ਉਹ ਲਾਭ ਲੈ ਲੈਣਾ ਚਾਹੀਦਾ ਹੈ।

**ਇਕ ਪਾਪੀ ਬੇੜੀ ਨੂੰ ਡੋਬਦਾ ਹੈ**—ਭਾਵ ਇਹ ਹੈ ਕਿ ਘਰ ਦਾ ਕੋਈ ਮਾੜਾ ਬੰਦਾ ਮਾੜੇ ਕੰਮ ਕਰਨ ਕਰਕੇ ਆਪਣੇ ਸਾਰੇ ਪਰਿਵਾਰ ਨੂੰ ਹੀ ਬਦਨਾਮ ਕਰ ਦਿੰਦਾ ਹੈ।

**ਇਕ ਬੇਲੇ ਵਿੱਚ ਦੋ ਸ਼ੇਰ ਨਹੀਂ ਰਹਿ ਸਕਦੇ**—ਇਸ ਦਾ ਭਾਵ ਅਰਥ ਇਹ ਹੈ ਕਿ ਇਕੋ ਜਿਹੀ ਸ਼ਕਤੀ ਦੇ ਮਾਲਕ ਦੋ ਜਣੇ ਇਕੋ ਥਾਂ ਨਹੀਂ ਰਹਿ ਸਕਦੇ। ਇਕੋ ਵੇਲੇ ਇਕੋ ਜਿਹੇ ਬੰਦਿਆਂ ਦੀ ਚੌਧਰ ਨਹੀਂ ਚਲ ਸਕਦੀ।

**ਇਕ ਮੱਛੀ ਸਾਰੇ ਤਲਾ ਨੂੰ ਗੰਦਾ ਕਰ ਦਿੰਦੀ ਹੈ**—ਭਾਵ ਇਹ ਹੈ ਕਿ ਕਿਸੇ ਪਰਿਵਾਰ ਦਾ ਇਕੋ ਜਣਾ ਆਪਣੇ ਮਾੜੇ ਕੰਮਾਂ ਕਰਕੇ ਸਾਰੇ ਪਰਿਵਾਰ ਨੂੰ ਬਦਨਾਮ ਕਰ ਦਿੰਦਾ ਹੈ।

**ਇਕ ਮੱਝ ਸਾਰੇ ਵੱਗ ਨੂੰ ਲਿਬੇੜਦੀ ਹੈ**—ਭਾਵ ਇਹ ਹੈ ਕਿ ਭੈੜਾ ਅਤੇ ਆਚਰਣਹੀਣ ਆਦਮੀ ਆਪਣੇ ਸੰਗੀ-ਸਾਥੀਆਂ ਨੂੰ ਵੀ ਆਪਣੇ ਵਰਗਾ ਬਣਾ ਕੇ ਬਦਨਾਮ ਕਰ ਦਿੰਦਾ ਹੈ।

**ਇਕ ਮਾਂ ਨੂੰ ਰੋਂਦੇ ਨੇ, ਇਕ ਮਤ੍ਰੇਈ ਨੂੰ**—ਭਾਵ ਇਹ ਹੈ ਕਿ ਮਾਂ ਦਾ ਦੁਖ ਤਾਂ ਬੱਚੇ ਜਰਦੇ ਹੀ ਨੇ, ਪ੍ਰੰਤੂ ਮਤ੍ਰੇਈ ਦੇ ਆਉਣ ਦਾ ਝੋਰਾ ਉਹਨਾਂ ਨੂੰ ਹੋਰ ਦੁਖੀ ਕਰਦਾ ਹੈ।

**ਇਕ ਵੇ ਜੱਟਾ, ਦੋ ਵੇ ਜੱਟਾ, ਤੀਜੀ ਵਾਰੀ ਪਿਆ ਘੱਟਾ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਵਧੀਕੀ ਇਕ-ਦੋ ਵਾਰੀ ਹੀ ਸਹਾਰੀ ਜਾ ਸਕਦੀ ਹੈ ਪ੍ਰੰਤੂ ਜੇ ਇਹ ਲੜੀ ਜਾਰੀ ਰਹੇ ਤਾਂ ਅੱਗੋਂ ਇਸ ਨੂੰ ਰੋਕਣ ਲਈ ਡਾਂਗ ਸੋਟਾ ਚੁੱਕਣਾ ਹੀ ਪੈਂਦਾ ਹੈ।

**ਇਕਾਂਤ ਵਾਸਾ, ਨਾ ਝਗੜਾ ਝਾਂਸਾ**—ਜਿਹੜਾ ਆਦਮੀ ਇਸ ਸਮਾਜ ਤੋਂ ਅਲੱਗ ਰਹਿ ਕੇ ਆਪਣੀ ਜ਼ਿੰਦਗੀ ਬਤੀਤ ਕਰਦਾ ਹੈ, ਉਸ ਪ੍ਰਤੀ ਇਹ ਅਖਾਣ ਬੋਲਦੇ ਹਨ।

**ਇਕੇ ਵਾਹ, ਇਕੇ ਪਾਹ**—ਭਾਵ ਇਹ ਹੈ ਕਿ ਫ਼ਸਲ ਦਾ ਚੰਗਾ ਝਾੜ ਲੈਣ ਲਈ ਖੇਤ ਨੂੰ ਕਈ ਵਾਰ ਵਾਹ ਕੇ ਖ਼ਾਦ ਪਾਉਣੀ ਚਾਹੀਦੀ ਹੈ।

**ਇਕੋ ਆਂਡਾ ਉਹ ਵੀ ਗੰਦਾ**—ਜਦੋਂ ਮਾਪਿਆਂ ਦਾ ਇਕੋ ਇਕ ਪੁੱਤਰ ਨਾਲਾਇਕ ਨਿਕਲ਼ ਆਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਇਕੋ ਚੂੰਢੀ ਵੱਢਾਂ ਨੌ ਮਣ ਲਹੂ ਕੱਢਾਂ**—ਇਹ ਅਖਾਣ ਉਦੋਂ ਬੋਲਦੇ ਜਦੋਂ ਕੋਈ ਬੰਦਾ ਕਿਸੇ ਦਾ ਹੌਲ਼ੀ-ਹੌਲ਼ੀ ਨੁਕਸਾਨ ਕਰੀ ਜਾਵੇ ਪ੍ਰੰਤੂ ਮੌਕਾ ਮਿਲਣ 'ਤੇ ਜੇ ਦੂਜਾ ਬੰਦਾ ਉਸ ਤੋਂ ਸਾਰੇ ਬਦਲੇ ਇਕੋ ਵਾਰ ਲੈ ਲਵੇ।

**ਇਕੋ ਤਾਰਾ ਉੱਗਵੇ ਸਭ ਲੱਜਾ ਧੋਏ**—ਭਾਵ ਇਹ ਹੈ ਕਿ ਕਈ ਵਾਰ ਪਰਿਵਾਰ ਦਾ ਇਕੋ ਇਕ ਸਿਆਣਾ ਬੰਦਾ ਚੰਗੀ ਖੱਟੀ ਕਮਾਈ ਕਰਕੇ ਜਾਂ ਆਪਣੇ ਸਿਆਣਪ ਭਰੇ ਕੰਮਾਂ ਨਾਲ਼ ਆਪਣੇ ਖ਼ਾਨਦਾਨ ਦਾ ਨਾਂ ਰੌਸ਼ਨ ਕਰ ਦਿੰਦਾ ਹੈ ਅਤੇ ਪਿਛਲਿਆਂ ਦੇ ਰੋਣੇ ਧੋਣੇ ਧੋ ਦਿੰਦਾ ਹੈ।

**ਇਖ ਗੁੱਡ ਕੇ ਤੁਰੰਤ ਦਵਾਵੇ, ਤਾਂ ਫਿਰ ਇਖ ਬਹੁਤ ਸੁਖ ਪਾਵੇ**—ਇਸ ਅਖਾਣ ਰਾਹੀਂ ਜੱਟਾਂ ਨੂੰ ਦੱਸਿਆ ਗਿਆ ਹੈ ਕਿ ਕਮਾਦ ਦੀ ਗੋਡੀ ਕਰਨ ਮਗਰੋਂ ਕਮਾਦ ਨੂੰ ਦੱਬਣ ਨਾਲ਼ ਚੰਗੀ ਫ਼ਸਲ ਹੁੰਦੀ ਹੈ।

**ਇਖ ਬਿਨਾਂ ਕੈਸੀ ਖੇਤੀ, ਜੈਸੇ ਜਮਨਾ ਕੀ ਰੇਤੀ**—ਭਾਵ ਇਹ ਹੈ ਕਿ ਕਿਸਾਨਾਂ ਨੂੰ ਕਮਾਦ ਜ਼ਰੂਰ ਬੀਜਣਾ ਚਾਹੀਦਾ ਹੈ ਇਸ ਨਾਲ਼ ਚੰਗੀ ਕਮਾਈ ਹੁੰਦੀ ਹੈ।

**ਇੱਚਰ ਪੁੱਤਰ ਪਿਉ ਦਾ, ਜਿਚਰ ਮੂੰਹ ਨਹੀਂ ਤੱਕਿਆ ਪਰਾਏ ਧੀਉ (ਧੀ) ਦਾ**—ਭਾਵ ਇਹ ਹੈ ਕਿ ਪੁੱਤਰ ਆਪਣੇ ਮਾਂ-ਪਿਉ ਦਾ ਉਦੋਂ ਤੱਕ ਹੀ ਖ਼ਿਆਲ ਰਖਦੇ ਹਨ ਜਦੋਂ ਤੱਕ ਵਿਆਹੇ ਨਹੀਂ ਜਾਂਦੇ। ਜਦੋਂ ਪੁੱਤਰ ਵਿਆਹਿਆ ਜਾਂਦਾ ਹੈ, ਪਰਾਈ ਧੀ ਆਉਣ 'ਤੇ ਮਾਪੇ ਵਿਸਰ ਜਾਂਦੇ ਹਨ।

**ਇੱਟ ਚੁਕਦੇ ਨੂੰ ਪੱਥਰ ਤਿਆਰ**—ਇਸ ਅਖਾਣ ਦਾ ਭਾਵ ਇਹ ਹੈ ਕਿ ਅੱਜਕੱਲ੍ਹ ਸ਼ਰਾਫ਼ਤ ਦਾ ਜ਼ਮਾਨਾ ਨਹੀਂ ਰਿਹਾ। ਜੇਕਰ ਕੋਈ ਤੁਹਾਡਾ ਥੋੜ੍ਹਾ ਨੁਕਸਾਨ ਕਰਦਾ ਹੈ ਉਸ ਦਾ ਬਦਲੇ ਵਿੱਚ ਦੂਣਾ ਨੁਕਸਾਨ ਕਰੋ ਤਾਂ ਹੀ ਉਹ ਸੂਤ ਆਵੇਗਾ।

**ਇੱਟ ਦੀ ਦੇਣੀ ਤੇ ਪੱਥਰ ਦੀ ਲੈਣੀ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਜਿਹੋ ਜਿਹੀ ਕੋਈ ਭਾਜੀ ਪਾਉਂਦਾ ਹੈ, ਉਹੋ ਜਿਹੀ ਹੀ ਮੋੜਨੀ ਚਾਹੀਦੀ ਹੈ। ਭਾਵ ਇਹ ਹੈ ਕਿ ਸਾਵੇਂ ਨੂੰ ਸਾਂਵਾਂ ਹੋ ਕੇ ਹੀ ਵਰਤਣਾ ਠੀਕ ਹੈ।

**ਇਨ੍ਹਾਂ ਤਿਲਾਂ ਵਿੱਚ ਤੇਲ ਨਹੀਂ**—ਜਦੋਂ ਕਿਸੇ ਲੀਚੜ ਬੰਦੇ ਪਾਸੋਂ ਕੁਝ ਪ੍ਰਾਪਤ ਨਾ ਹੋਵੇ ਜਾਂ ਉਸ 'ਤੇ ਕਿਸੇ ਦਲੀਲ ਦਾ ਅਸਰ ਨਾ ਹੋਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਇੱਲ੍ਹ ਦਾ ਨਣਦੋਈਆ ਕਾਂ**—ਭਾਵ ਇਹ ਹੈ ਕਿ ਮਾੜੇ ਬੰਦਿਆਂ ਦੇ ਸਾਕ ਸਬੰਧੀ ਵੀ ਮਾੜੇ ਹੀ ਹੁੰਦੇ ਹਨ।

**ਇੱਲ੍ਹਾਂ ਕਿਸ ਪਰਨਾਈਆਂ, ਕਿਸ ਪਿੰਜਰੇ ਘੱਤੇ ਕਾਂ**—ਅਣਹੋਣੀਆਂ ਘਟਨਾਵਾਂ, ਗੱਲਾਂ ਵਾਪਰਨ ਦੇ ਵਿਰੋਧ ਵਿੱਚ ਦਲੀਲਾਂ ਦੇਣ ਸਮੇਂ ਇਹ ਅਖਾਣ ਵਰਤਦੇ ਹਨ।

**ਈਦ ਪਿੱਛੋਂ ਟਰੂ**—ਜਦੋਂ ਕਿਸੇ ਵਸਤੂ ਦੇ ਵਰਤਣ ਦਾ ਢੁੱਕਵਾਂ ਸਮਾਂ ਲੰਘ ਜਾਣ ਮਗਰੋਂ ਲੋੜੀਂਦੀ ਵਸਤੂ ਮਿਲ ਜਾਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਈਦ ਪਿੱਛੋਂ ਤੂੰਬਾ ਫੂਕਣਾ ਏ**—ਭਾਵ ਇਹ ਹੈ ਲੋੜ ਦਾ ਸਮਾਂ ਬੀਤ ਜਾਣ ਮਗਰੋਂ ਮਿਲੀ ਵਸਤੂ ਦਾ ਕੋਈ ਲਾਭ ਨਹੀਂ।

**ਏਹੋ ਜਿਹਾਂ ਦੇ ਗਲ ਏਹੋ ਜੇਹੇ ਹੁੰਦੇ ਨੇ**—ਜਦੋਂ ਕੋਈ ਮਾੜਾ ਬੰਦਾ ਕਿਸੇ ਨਾਲ ਮਾੜਾ ਵਰਤਾਓ ਕਰੇ, ਜਦੋਂ ਕੋਈ ਜਣਾ ਆਪਣੀ ਅਗਿਆਨਤਾ ਨੂੰ ਛੁਪਾਉਣ ਲਈ ਚਲਾਕੀ ਵਰਤੇ, ਉਦੋਂ ਇਹ ਅਖਾਣ ਬੋਲਦੇ ਹਨ।

**ਏਥੇ ਘਾੜ ਘੜੀਂਦੇ ਹੋਰ, ਬੰਨ੍ਹੀਂਦੇ ਸਾਧ, ਛੁਟੀਂਦੇ ਚੋਰ**—ਜਦੋਂ ਕਿਸੇ ਰਾਜ ਪ੍ਰਬੰਧ ਵਿੱਚ ਪਈ ਹਨ੍ਹੇਰ-ਗਰਦੀ ਜਾਂ ਕੁਸ਼ਾਸਨ ਦਾ ਜ਼ਿਕਰ ਕਰਨਾ ਹੋਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

## ਸ

**ਸੱਸ ਦੀਆਂ ਮੇਲਣਾਂ, ਜੁਲਾਹੀਆਂ ਤੇਲਣਾਂ**—ਜਦੋਂ ਕਿਸੇ ਪੁਰਸ਼ ਜਾਂ ਇਸਤਰੀ ਦਾ ਮੇਲ-ਮਿਲਾਪ ਭੈੜੇ ਤੇ ਮਾੜੇ ਬੰਦਿਆਂ ਨਾਲ਼ ਹੋਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਸੱਸ ਨਹੀਂ ਸੰਗ ਚੱਲਾਂ, ਸਹੁਰਾ ਨਹੀਂ ਘੁੰਢ ਕੱਢਾਂ**—ਜਦੋਂ ਕੋਈ ਇਸਤਰੀ ਘਰ ਵਿੱਚ ਵੱਡਾ ਬਜ਼ੁਰਗ ਨਾ ਹੋਣ ਕਰਕੇ ਬੇਮੁਹਾਰੀ ਤੁਰੀ ਫਿਰੇ, ਉਦੋਂ ਇਹ ਅਖਾਣ ਬੋਲਦੇ ਹਨ।

**ਸੱਸ ਨਾ ਨਨਾਣ, ਵਹੁਟੀ ਆਪੇ ਪਰਧਾਨ**—ਜਦੋਂ ਕਿਸੇ ਪੁਰਸ਼, ਇਸਤਰੀ ਤੇ ਸਮਾਜਿਕ ਜਾਂ ਪਰਿਵਾਰਕ ਅੰਕੁਸ਼ ਨਾ ਹੋਣ ਕਾਰਨ ਉਹ ਆਪ ਮੁਹਾਰੇ ਮਨਮਰਜ਼ੀ ਕਰੇ, ਉਦੋਂ ਇੰਜ ਆਖਦੇ ਹਨ।

**ਸੱਸੇ ਨੀ ਮੈਂ ਥੱਕੀ, ਛੱਡ ਚਰਖਾ ਤੇ ਲੈ ਚੱਕੀ**—ਜਦੋਂ ਕੋਈ ਕੰਮ ਕਰਦਾ-ਕਰਦਾ ਥੱਕ ਜਾਵੇ ਤੇ ਅਰਾਮ ਕਰਨ ਦੀ ਆਸ ਕਰੇ ਪ੍ਰੰਤੂ ਚਲਾਕੀ ਨਾਲ਼ ਉਸ ਨੂੰ ਪਹਿਲੇ ਨਾਲੋਂ ਵੀ ਔਖਾ ਕੰਮ ਕਰਨ ਨੂੰ ਸੌਂਪ ਦਿੱਤਾ ਜਾਵੇ, ਉਦੋਂ ਇਹ ਅਖਾਣ ਵਰਤਦੇ ਹਨ। ਇਸੇ ਭਾਵ ਨੂੰ ਪ੍ਰਗਟਾਉਣ ਵਾਲਾ ਅਖਾਣ ਹੈ "**ਉਠ ਨੀ ਨੂਹੇਂ ਨਿੱਸਲ ਹੋ, ਚਰਖਾ ਛੱਡ ਤੇ ਚੱਕੀ ਝੋ**"।

**ਸਸਤਾ ਰੋਵੇ ਵਾਰ ਵਾਰ, ਮਹਿੰਗਾ ਰੋਵੇ ਇਕੋ ਵਾਰ**—ਇਸ ਅਖਾਣ ਦਾ ਭਾਵ ਇਹ ਹੈ ਕਿ ਸਸਤੀ ਖ਼ਰੀਦੀ ਵਸਤੂ ਕਈ ਵਾਰ ਮਾੜੀ ਨਿਕਲਦੀ ਹੈ ਤੇ ਖ਼ਰਾਬ ਹੋਣ 'ਤੇ ਦੁਬਾਰਾ ਖ਼ਰੀਦਣੀ ਪੈਂਦੀ ਹੈ, ਇਸ ਨਾਲੋਂ ਤਾਂ ਪਹਿਲੀ ਵਾਰ ਹੀ ਵਧੇਰੇ ਪੈਸੇ ਖ਼ਰਚ ਕਰਕੇ ਚੰਗੀ ਵਸਤੂ ਖ਼ਰੀਦਣੀ ਲਾਭਦਾਇਕ ਹੈ।

**ਸਹਿਜ ਪਕੇ ਸੋ ਮਿਠਾ ਹੋਵੇ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਕਾਹਲੀ ਵਿੱਚ ਕੀਤਾ ਹੋਇਆ ਕੰਮ ਖ਼ਰਾਬ ਹੋ ਜਾਂਦਾ ਹੈ। ਸਹਿਜ ਨਾਲ਼ ਅਤੇ ਠਰ੍ਹੰਮੇ ਨਾਲ਼ ਕੀਤਾ ਕੰਮ ਚੰਗਾ ਤੇ ਫ਼ਾਇਦੇਮੰਦ ਹੁੰਦਾ ਹੈ।

**ਸ਼ਹਿਰੀਂ ਵਸਣ ਦੇਵਤੇ ਪਿੰਡੀਂ ਵਸਣ ਭੂਤ**—ਸ਼ਹਿਰਾਂ ਵਿੱਚ ਵਸਣ ਵਾਲ਼ੇ ਲੋਕ ਆਪਣੇ ਸ਼ਹਿਰੀ ਜੀਵਨ ਨੂੰ ਪਿੰਡ ਵਾਸੀਆਂ ਨਾਲੋਂ ਚੰਗੇਰਾ ਦੱਸਣ ਲਈ ਇਹ ਅਖਾਣ ਵਰਤਦੇ ਹਨ।

**ਸਹੁੰ ਦਈਏ ਜੀ ਦੀ, ਪੁੱਤਰ ਦੀ ਨਾ ਧੀ ਦੀ**—ਭਾਵ ਇਹ ਹੈ ਕਿ ਬੰਦਾ ਆਪਣੇ ਬਾਰੇ ਹੀ ਪੂਰਨ ਵਿਸ਼ਵਾਸ਼ ਦੁਆ ਸਕਦਾ ਹੈ ਹੋਰ ਕਿਸੇ ਵੀ ਰਿਸ਼ਤੇਦਾਰ ਦੀ ਚਾਹੇ ਉਹ ਕਿੰਨਾ ਵੀ ਨੇੜੇ ਦਾ ਹੋਵੇ ਸਹਿਮਤੀ ਨਹੀਂ ਦਿੱਤੀ ਜਾ ਸਕਦੀ।

**ਸਹੁਰਾ ਨਾ ਸਾਲ਼ਾ, ਮੈਂ ਆਪੇ ਘਰ ਵਾਲ਼ਾ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਘਰ ਵਿੱਚ ਕੋਈ ਹੋਰ ਪੁਰਸ਼ ਪੁੱਛ ਪੜਤਾਲ ਕਰਨ ਵਾਲ਼ਾ ਨਾ ਹੋਵੇ, ਤੇ ਬੰਦਾ ਆਪਣੀ ਮਰਜ਼ੀ ਕਰੇ।

**ਸਹੁਰਾ ਬੱਧਾ, ਨੂੰਹ ਨੂੰ ਦਾ ਲੱਗਾ**—ਜਦੋਂ ਘਰ ਵਿੱਚ ਪੁੱਛ ਪੜਤਾਲ ਕਰਨ ਵਾਲ਼ਾ ਅਤੇ ਨਿਗਰਾਨੀ ਰੱਖਣ ਵਾਲ਼ਾ ਘਰੋਂ ਥੋੜ੍ਹੇ ਸਮੇਂ ਲਈ ਚਲਿਆ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਸਹੁਰਿਆ ਤੇਰਾ ਨਾਂ ਤਾਂ ਆਉਂਦੈ ਪਰ ਲੈਣਾ ਨੀ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਕਾਰਨ ਕਰਕੇ ਕਿਸੇ ਦਾ ਦੋਸ਼ ਉਹਦੇ ਮੂੰਹ ਤੇ ਸੱਚੋ ਸੱਚ ਦੱਸਣ ਲਈ ਸੰਕੋਚ ਵਰਤਿਆ ਜਾਵੇ।

**ਸਹੇ ਦੀ ਨਹੀਂ, ਪਹੇ ਦੀ ਪਈ ਏ**—ਜਦੋਂ ਥੋੜ੍ਹੇ ਨੁਕਸਾਨ ਤੋਂ ਬਾਅਦ ਵੱਡੇ ਨੁਕਸਾਨ ਹੋਣ ਦਾ ਡਰ ਹੋਵੇ, ਉਦੋਂ ਇੰਜ ਆਖਦੇ ਹਨ।

**ਸ਼ੱਕਰ ਖੋਰੇ ਨੂੰ ਰੱਬ ਸ਼ੱਕਰ ਦੇ ਦੇਂਦਾ ਹੈ**—ਭਾਵ ਇਹ ਹੈ ਕਿ ਜਿਹੋ ਜਿਹਾ ਜੀਵਨ ਢੰਗ ਕੋਈ ਅਪਣਾ ਲੈਂਦਾ ਹੈ ਰੱਬ ਉਹਦੇ ਜੀਵਨ ਨਿਰਬਾਹ ਲਈ ਕੋਈ ਨਾ ਕੋਈ ਹੀਲਾ ਵਸੀਲਾ ਬਣਾ ਦਿੰਦਾ ਹੈ।

**ਸ਼ਕਲ ਚੁੜੇਲਾਂ, ਦਿਮਾਗ਼ ਪਰੀਆਂ**—ਇਹ ਅਖਾਣ ਉਸ ਪੁਰਸ਼-ਇਸਤਰੀ ਲਈ ਵਰਤਦੇ ਹਨ ਜਿਹੜਾ ਸ਼ਕਲ ਸੂਰਤ ਤੋਂ ਭੱਦਾ ਹੋਵੇ ਪਰ ਅਸ਼ਨੇ ਪਸ਼ਨੇ ਬਹੁਤੇ ਕਰੇ ਤੇ ਆਪਣੀ ਟੌਹਰ ਕੱਢ ਕੇ ਰੱਖੇ।

**ਸ਼ਕਲ ਮੋਮਨਾਂ, ਕਰਤੂਤ ਕਾਫ਼ਰਾਂ**—ਜਦੋਂ ਕਿਸੇ ਸਾਊ ਦਿਸਦੇ ਤੇ ਸਾਦਾ ਰਹਿਣੀ ਵਾਲ਼ੇ ਬੰਦੇ ਦੀਆਂ ਭੈੜੀਆਂ ਕਰਤੂਤਾਂ ਜਗ ਜਾਹਰ ਹੋ ਜਾਣ, ਉਦੋਂ ਇਹ ਅਖਾਣ ਬੋਲਦੇ ਹਨ।

**ਸਖ਼ੀ ਸੂਮ ਦਾ ਲੇਖਾ ਬਰਾਬਰ**—ਜਦੋਂ ਕੋਈ ਖੁੱਲ੍ਹੇ ਦਿਲ ਵਾਲ਼ਾ ਦਿਲ ਖੋਲ੍ਹ ਕੇ ਖ਼ਰਚ ਕਰੇ ਤੇ ਦੂਜੇ ਪਾਸੇ ਕਿਸੇ ਸੂਮ ਬੰਦੇ ਦਾ ਓਨਾ ਹੀ ਨੁਕਸਾਨ ਹੋ ਜਾਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਸਖੀ ਨਾਲੋਂ ਸੂਮ ਭਲਾ ਜਿਹੜਾ ਤੁਰਤ ਦਏ ਜਵਾਬ**—ਭਾਵ ਇਹ ਹੈ ਕਿ ਉਸ ਬਹਾਨੇਬਾਜ਼ ਮਨੁੱਖ ਨਾਲੋਂ, ਜਿਹੜਾ ਨਿੱਤ ਬਹਾਨੇ ਲਾ ਕੇ ਤੇ ਲਾਰੇ ਲਾ ਕੇ ਨਿਰਾਸ਼

ਕਰਦਾ ਹੈ, ਉਹ ਮਨੁੱਖ ਚੰਗਾ ਹੈ, ਜਿਹੜਾ ਪਹਿਲੀ ਵਾਰ ਹੀ ਸਹਾਇਤਾ ਕਰਨ ਵਿੱਚ ਆਪਣੀ ਅਸਮਰਥਾ ਪ੍ਰਗਟ ਕਰ ਦੇਵੇ।

**ਸੰਗ ਤਾਰੇ, ਕਸੰਗ ਡੋਬੇ**—ਭਾਵ ਇਹ ਹੈ ਕਿ ਚੰਗੇ ਬੰਦਿਆਂ ਦੀ ਬੈਠਕ ਵਿੱਚ ਬੰਦਾ ਚੰਗੀਆਂ ਗੱਲਾਂ ਸਿਖਦਾ ਹੈ ਤੇ ਮਾੜੇ ਬੰਦਿਆਂ ਨਾਲ਼ ਉਠਣ, ਬੈਠਣ ਵਾਲ਼ਾ ਬੰਦਾ ਮਾੜੀਆਂ ਆਦਤਾਂ ਧਾਰਨ ਕਰ ਲੈਂਦਾ ਹੈ ਤੇ ਨੁਕਸਾਨ ਝਲਦਾ ਹੈ।

**ਸੰਘੋਂ ਹੇਠਾ ਹੋਇਆ ਜਿਹਾ ਗੁੜ ਜਿਹਾ ਗੋਹਿਆ**—ਇਸ ਅਖਾਣ ਰਾਹੀਂ ਜੀਵ ਦੇ ਸੁਆਦਾਂ ਬਾਰੇ ਦੱਸਿਆ ਗਿਆ ਹੈ। ਖਾਣ ਵਾਲ਼ੀ ਚੀਜ਼ ਦਾ ਸੁਆਦ ਤਾਂ ਸੰਘ ਤੱਕ ਹੀ ਹੈ, ਮਗਰੋਂ ਸੰਘ ਤੋਂ ਥੱਲ੍ਹੇ ਲੰਘ ਕੇ ਸਭ ਚੀਜ਼ਾਂ ਬਰਾਬਰ ਹੋ ਜਾਂਦੀਆਂ ਹਨ।

**ਸੱਚ ਆਖਣਾ, ਅੱਧੀ ਲੜਾਈ**—ਕੋਈ ਵੀ ਦੋਸ਼ੀ ਆਪਣਾ ਦੋਸ਼ ਸੁਣਨ ਲਈ ਤਿਆਰ ਨਹੀਂ ਹੁੰਦਾ, ਜੇਕਰ ਕੋਈ ਸੱਚੀ ਗੱਲ ਅਗਲੇ ਦੇ ਮੂੰਹ 'ਤੇ ਆਖ ਦੇਵੇ ਤੇ ਉਹ ਸੱਚ ਆਖਣ ਵਾਲ਼ੇ ਦੇ ਗਲ਼ ਪੈ ਜਾਂਦਾ ਹੈ।

**ਸੱਚ ਕਹੇ, ਪਰੇਡੇ ਰਹੇ**—ਭਾਵ ਇਹ ਹੈ ਕਿ ਸੱਚ ਕਹਿਣ ਵਾਲ਼ੇ ਬੰਦੇ ਦੇ ਟਾਕਰੇ 'ਤੇ ਝੂਠੀਆਂ ਗੱਲਾਂ ਕਰਨ ਵਾਲ਼ਾ ਖ਼ੁਸ਼ਾਮਦੀ ਬੰਦਾ ਆਪਣੀ ਥਾਂ ਮੂਹਰਲੀ ਕਤਾਰ ਵਿੱਚ ਬਣਾ ਲੈਂਦਾ ਹੈ ਤੇ ਸੱਚੇ ਬੰਦੇ ਨੂੰ ਕੋਈ ਨਹੀਂ ਸਿਆਣਦਾ।

**ਸੱਚ ਨੂੰ ਆਂਚ ਨਹੀਂ**—ਭਾਵ ਸਪੱਸ਼ਟ ਹੈ ਸੱਚ ਸਦਾ ਸੱਚ ਰਹਿੰਦਾ ਹੈ ਤੇ ਹਰ ਪਰਖ਼ ਵਿੱਚ ਖ਼ਰਾ ਉਤਰਦਾ ਹੈ।

**ਸੱਚ ਮਿਰਚਾਂ ਝੂਠ ਗੁੜ**—ਭਾਵ ਇਹ ਹੈ ਕਿ ਲੋਕ ਸੱਚੀ ਗੱਲ ਆਖਣ ਵਾਲ਼ੇ ਨੂੰ ਬੁਰਾ ਸਮਝਦੇ ਹਨ ਤੇ ਝੂਠੀਆਂ ਸਿਫ਼ਤਾਂ ਕਰਨ ਵਾਲ਼ੇ ਨੂੰ ਚੰਗਾ ਸਮਝਿਆ ਜਾਂਦਾ ਹੈ।

**ਸੱਚੀ ਕਹੇ ਖ਼ੁਸ਼ ਰਹੇ**—ਭਾਵ ਇਹ ਕਿ ਸੱਚੀ ਗੱਲ ਆਖਣ ਵਾਲ਼ੇ ਨੂੰ ਇਹ ਤੌਖ਼ਲਾ ਨਹੀਂ ਰਹਿੰਦਾ ਕਿ ਉਹਦੀ ਗੱਲ ਝੂਠੀ ਸਾਬਤ ਹੋਣ 'ਤੇ ਉਸ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਏਗਾ। ਇਸ ਲਈ ਉਹ ਖ਼ੁਸ਼ ਰਹਿੰਦਾ ਹੈ।

**ਸੱਜਣ ਤਾਂ ਅੱਖਾਂ ਵਿੱਚ ਸਮਾ ਜਾਂਦੇ ਨੇ ਪਰ ਵੈਰੀ ਤਾਂ ਵਿਹੜੇ ਵਿੱਚ ਵੀ ਨਹੀਂ ਸਮਾਉਂਦੇ**—ਭਾਵ ਇਹ ਹੈ ਕਿ ਅਸੀਂ ਆਪਣੇ ਸੱਜਣ ਮਿੱਤਰਾਂ ਲਈ ਹਰ ਖੇਚਲ ਖ਼ੁਸ਼ੀ-ਖ਼ੁਸ਼ੀ ਸਹਿਣ ਲਈ ਤਿਆਰ ਹੋ ਜਾਂਦੇ ਹਾਂ ਪ੍ਰੰਤੂ ਵੈਰੀ ਲਈ ਤਾਂ ਅਸੀਂ ਰਤੀ ਭਰ ਖੇਚਲ ਸਹਿਣ ਨਹੀਂ ਕਰ ਸਕਦੇ।

**ਸੱਜਣ ਬਾਂਹ ਦੇਣ ਤਾਂ ਪੂਰੀ ਈ ਨਹੀਂ ਨਿਗਲ ਲਈਦੀ**—ਭਾਵ ਇਹ ਹੈ ਕਿ ਜੇਕਰ ਕੋਈ ਲੋੜ ਵੇਲੇ ਸਹਾਇਤਾ ਕਰਦਾ ਹੈ ਤਾਂ ਉਸ ਦੀ ਚੰਗੀ ਭਾਵਨਾ ਦਾ ਅਯੋਗ ਲਾਭ ਨਹੀਂ ਉਠਾਉਣਾ ਚਾਹੀਦਾ।

**ਸੱਜਣਾਂ ਦੇ ਲਾਰੇ ਰਹੇ ਕਵਾਰੇ**—ਇਹ ਅਖਾਣ ਉਦੋਂ ਬੋਲੀਦਾ ਹੈ ਜਦੋਂ ਕੋਈ ਬੰਦਾ ਲਾਰੇ ਲਾ-ਲਾ ਕੇ ਅੰਤ ਨੂੰ ਕੰਮ ਕਰਨੋਂ ਕੋਰਾ ਜਵਾਬ ਦੇ ਦੇਵੇ।

**ਸੰਜਮ ਕਰਕੇ ਖਾਹ, ਨੱਕ ਦੀ ਸੇਧੇ ਜਾਹ, ਫੇਰ ਕਾਹਦੀ ਪ੍ਰਵਾਹ**—ਜਿਹੜਾ ਬੰਦਾ ਆਪਣਾ ਜੀਵਨ ਸੰਜਮ ਨਾਲ਼ ਬਤੀਤ ਕਰਦਾ ਹੈ, ਫ਼ਜ਼ੂਲ ਖ਼ਰਚੀ ਨਹੀਂ ਕਰਦਾ ਅਤੇ ਸਦਾਚਾਰਕ ਕਦਰਾਂ ਕੀਮਤਾਂ ਦੀ ਪਾਲਣਾ ਕਰਦਾ ਹੈ, ਉਸ ਨੂੰ ਕਿਸੇ ਕਿਸਮ ਦਾ ਵੀ ਭੈ ਨਹੀਂ ਹੁੰਦਾ।

**ਸੱਜਾ ਧੋਏ ਖੱਬੇ ਨੂੰ ਤੇ ਖੱਬਾ ਧੋਏ ਸੱਜੇ ਨੂੰ**—ਇਸ ਅਖਾਣ ਰਾਹੀਂ ਇਕ-ਦੂਜੇ ਦੀ ਸਹਾਇਤਾ ਕਰਨ ਦੀ ਸਿੱਖਿਆ ਦਿੱਤੀ ਗਈ ਹੈ। ਭਾਵ ਇਹ ਹੈ ਕਿ ਚੰਗਾ ਜੀਵਨ ਜੀਣ ਲਈ ਮਿਲਵਰਤਣ ਬਹੁਤ ਜ਼ਰੂਰੀ ਹੈ।

**ਸੰਢਿਆਂ ਦਾ ਭੇੜ ਬੂਟਿਆਂ ਦਾ ਖੌ**—ਜਦੋਂ ਦੋ ਤਕੜੇ ਬੰਦਿਆਂ ਦੀ ਲੜਾਈ ਵਿੱਚ ਗ਼ਰੀਬ ਬੰਦਿਆਂ ਦਾ ਨੁਕਸਾਨ ਹੋ ਜਾਵੇ, ਉਦੋਂ ਇੰਜ ਆਖਦੇ ਹਨ।

**ਸਤੀ ਦਏ ਸੰਤੋਖੀ ਖਾਏ**—ਸੱਚੇ ਦਿਲੋਂ ਕੀਤੇ ਦਾਨ ਨੂੰ ਦਾਨ ਲੈਣ ਵਾਲ਼ਾ ਦਾਨ ਪ੍ਰਾਪਤ ਕਰਕੇ ਸੰਤੁਸ਼ਟੀ ਮਹਿਸੂਸ ਕਰਦਾ ਹੈ।

**ਸੰਤੋਖੀ ਸਦਾ ਸੁਖੀ**—ਜਿਹੜਾ ਬੰਦਾ ਕਿਸੇ ਵੀ ਪ੍ਰਕਾਰ ਦਾ ਲਾਲਚ ਨਹੀਂ ਕਰਦਾ, ਸਬਰ ਸੰਤੋਖ ਵਾਲ਼ੀ ਜ਼ਿੰਦਗੀ ਬਤੀਤ ਕਰਦਾ ਹੈ, ਉਹ ਸਦਾ ਸੁਖੀ ਰਹਿੰਦਾ ਹੈ।

**ਸੱਦਿਆ ਪੈਂਚ, ਅਣਸੱਦਿਆ ਭੜੂਆ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਬਿਨ ਬੁਲਾਏ ਹੀ ਆ ਕੇ ਕਿਸੇ ਮਾਮਲੇ ਵਿੱਚ ਦਖ਼ਲ ਦੇਵੇ।

**ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ**—ਜਦੋਂ ਕੋਈ ਬਿੰਨ ਬੁਲਾਇਆ ਘੜੰਮ ਚੌਧਰੀ ਅੱਗੇ ਹੋ-ਹੋ ਬੈਠੇ ਉਦੋਂ ਇੰਜ ਆਖਦੇ ਹਨ।

**ਸੱਪ ਦਾ ਡੰਗਿਆ ਰੱਸੀ ਤੋਂ ਵੀ ਡਰਦਾ ਹੈ**—ਜਦੋਂ ਕੋਈ ਬੰਦਾ ਇਕ ਬਾਰ ਧੋਖਾ ਖਾ ਜਾਵੇ ਤਾਂ ਉਹ ਅੱਗੇ ਤੋਂ ਹਰ ਕੰਮ ਸੁਚੇਤ ਹੋ ਕੇ ਕਰਦਾ ਹੈ।

**ਸੱਪ ਦਾ ਬੱਚਾ ਸਪੋਲੀਆ**—ਭਾਵ ਇਹ ਹੈ ਭੈੜੇ ਤੇ ਮੰਦੇ ਕਿਰਦਾਰ ਵਾਲ਼ੇ ਬੰਦਿਆਂ ਦੀ ਉਲਾਦ ਵੀ ਉਹਨਾਂ ਵਰਗੀ ਮਾੜੀ ਹੀ ਹੁੰਦੀ ਹੈ।

**ਸੱਪ ਦੇ ਮੂੰਹ ਕੋਹੜ ਕਿਰਲੀ, ਖਾਵੇ ਤੇ ਕੋੜ੍ਹਾ, ਛੱਡੇ ਤਾਂ ਅੰਨ੍ਹਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਅਜਿਹੀ ਹਾਲਤ ਵਿੱਚ ਫਸ ਜਾਵੇ ਕਿ ਕੋਈ ਕੰਮ ਕਰਨ ਜਾਂ ਨਾ ਕਰਨ ਕਰਕੇ ਉਸ ਨੂੰ ਦੋਹੀਂ ਪਾਸੀਂ ਨੁਕਸਾਨ ਹੁੰਦਾ ਹੋਵੇ ਜਾਂ ਬਦਨਾਮੀ ਸਹਿਣੀ ਪੈਂਦੀ ਹੋਵੇ।

**ਸੱਪ ਨੂੰ ਸੱਪ ਲੜੇ, ਵਿਹੁ ਕਿਸ ਨੂੰ ਚੜ੍ਹੇ**—ਜਦੋਂ ਦੋ ਇਕੋ ਜਿਹੇ ਤਕੜੇ ਬੰਦੇ ਇਕ-ਦੂਜੇ ਦੇ ਵੈਰੀ ਬਣ ਕੇ ਇਕ-ਦੂਜੇ ਦਾ ਕੋਈ ਵੀ ਨੁਕਸਾਨ ਨਾ ਕਰ ਸਕਣ, ਉਦੋਂ ਇਹ ਅਖਾਣ ਬੋਲਦੇ ਹਨ।

**ਸੱਪ ਵੀ ਮਰ ਜੇ ਲਾਠੀ ਵੀ ਨਾ ਟੁੱਟੇ**—ਭਾਵ ਇਹ ਹੈ ਕਿ ਕੰਮ ਅਜਿਹੇ ਢੰਗ ਨਾਲ਼ ਕੀਤਾ ਜਾਵੇ ਕਿ ਕੰਮ ਵੀ ਹੋ ਜਾਏ ਤੇ ਕਿਸੇ ਕਿਸਮ ਦਾ ਨੁਕਸਾਨ ਵੀ ਨਾ ਹੋਵੇ।

**ਸੱਪਾਂ ਦੇ ਸਾਹਮਣੇ ਦੀਵੇ ਨਹੀਂ ਬਲਦੇ**—ਭਾਵ ਇਹ ਹੈ ਕਿ ਤਕੜੇ ਬੰਦਿਆਂ ਦਾ ਕੋਈ ਗ਼ਰੀਬ ਜਾਂ ਮਾੜਾ ਬੰਦਾ ਟਾਕਰਾ ਨਹੀਂ ਕਰ ਸਕਦਾ।

**ਸੱਪਾਂ ਦੇ ਪੁੱਤਰ ਕਦੇ ਨਾ ਹੁੰਦੇ ਮਿੱਤਰ**—ਭਾਵ ਇਹ ਹੈ ਕਿ ਵੈਰੀਆਂ ਦੀ ਉਲਾਦ ਵੀ ਵੈਰ ਕਮਾਉਣੋਂ ਨਹੀਂ ਟਲਦੀ। ਇਸ ਲਈ ਉਹਨਾਂ 'ਤੇ ਇਤਬਾਰ ਨਹੀਂ ਕਰਨਾ ਚਾਹੀਦਾ।

**ਸਬਰ ਦਾ ਫ਼ਲ ਮਿੱਠਾ ਹੁੰਦਾ ਹੈ**—ਸਬਰ ਤੇ ਧੀਰਜ ਦੀ ਪ੍ਰੇਰਨਾ ਦੇਣ ਲਈ ਇਸ ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ।

**ਸੱਭੇ ਖੇਡਾਂ ਖੇਡੀਆਂ, ਘੜਮਿਲ ਵੀ ਖੇਡਣ ਦੇ**—ਜਦੋਂ ਕੋਈ ਬੰਦਾ ਬਹੁਤ ਸਾਰੇ ਯਤਨ ਕਰਨ ਤੇ ਸਫ਼ਲ ਨਾ ਹੋਵੇ ਤੇ ਆਖ਼ਰੀ ਵਾਰ ਹੋਰ ਯਤਨ ਕਰਨ ਬਾਰੇ ਕਹੇ, ਉਦੋਂ ਇਹ ਅਖਾਣ ਵਰਤਦੇ ਹਨ।

**ਸ਼ਮਲਾ ਤਕ ਕੇ ਭੁੱਲੀ ਨਾ ਕੁੱਲੀ ਨਾ ਗੁੱਲੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਜਣਾ ਕਿਸੇ ਦੀ ਬਾਹਰੀ ਚਟਕ ਮਟਕ ਦੇਖ ਕੇ ਉਸ 'ਤੇ ਭਰੋਸਾ ਕਰ ਲਵੇ ਤੇ ਮਗਰੋਂ ਨੁਕਸਾਨ ਉਠਾਵੇ ਜਾਂ ਕਿਸੇ ਬੰਦੇ ਦਾ ਬਾਹਰੀ ਰੂਪ ਬੜਾ ਲੁਭਾਉਣਾ ਹੋਵੇ ਤੇ ਘਰ ਭੁੱਖ ਨੰਗ ਪਸਰੀ ਹੋਵੇ।

**ਸਯਦ ਹੋ ਕੇ ਵਗਾਏ ਤੁਰਾ, ਉਹ ਵੀ ਬੁਰਾ, ਬਾਹਮਣ ਹੋ ਕੇ ਬਨ੍ਹੇ ਛੁਰਾ ਉਹ ਵੀ ਬੁਰਾ**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਸੱਯਦ ਦਾ ਤੁਰਾ ਬਜਾਉਣਾ ਅਤੇ ਬ੍ਰਾਹਮਣ ਦਾ ਛੁਰਾ ਬੰਨ੍ਹਣਾ ਉਹਨਾਂ ਦੀਆਂ ਉੱਚ ਜਾਤੀਆਂ ਹੋਣ ਕਰਕੇ ਸੋਭਦਾ ਨਹੀਂ।

**ਸਰਫਾ ਕਰਕੇ ਸੁੱਤੀ, ਆਟਾ ਖਾ ਗਈ ਕੁੱਤੀ**—ਜਦੋਂ ਕਿਸੇ ਸੂਮ ਦਾ ਜੋੜਿਆ ਧੰਨ ਅਜਾਈਂ ਖ਼ਰਚਿਆ ਜਾਵੇ ਜਾਂ ਕੋਈ ਚੋਰ ਚੋਰੀ ਕਰ ਲਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਸ਼ਰ੍ਹਾ ਵਿੱਚ ਸ਼ਰਮ ਕਾਹਦੀ**—ਭਾਵ ਇਹ ਕਿ ਸੌਦਾ ਕਰਨ ਲੱਗਿਆਂ ਸਾਫ਼ ਤੇ ਸਪੱਸ਼ਟ ਗੱਲ ਬਾਤ ਕਰ ਲੈਣ ਵਿੱਚ ਸੰਕੋਚ ਨਹੀਂ ਕਰਨਾ ਚਾਹੀਦਾ। ਨਿਆਂ ਅਤੇ ਧਰਮ ਅਨੁਸਾਰ ਸੱਚੀ ਤੇ ਸਹੀ ਗੱਲ ਕਰਨ ਸਮੇਂ ਸ਼ਰਮ ਨਹੀਂ ਕਰਨੀ ਚਾਹੀਦੀ।

**ਸਰਾਂਦੀ ਸੌਂ, ਪੁਆਂਦੀ ਸੌਂ, ਲੱਕ ਵਿਚਕਾਰ ਹੀ ਆਵੇਗਾ**—ਜਦੋਂ ਇਹ ਦੱਸਣਾ ਹੋਵੇ ਕਿ ਭਾਵੇਂ ਕੋਈ ਢੰਗ ਅਪਣਾ ਲਵੋ, ਖ਼ਰਚ ਤਾਂ ਓਨਾ ਹੀ ਆਵੇਗਾ ਤਾਂ ਇਹ ਅਖਾਣ ਵਰਤਦੇ ਹਨ।

**ਸ਼ਰੀਕ ਉਜੜਿਆ ਵਿਹੜਾ ਮੋਕਲ਼ਾ**—ਜਦੋਂ ਕਿਸੇ ਵੈਰੀ ਦਾ ਨੁਕਸਾਨ ਹੋ ਜਾਵੇ, ਉਦੋਂ ਆਖਦੇ ਹਨ।

**ਸ਼ਰੀਕ ਦਾ ਦਾਣਾ ਢਿੱਡ ਦੁਖਦੇ ਵੀ ਖਾਣਾ**—ਇਹ ਅਖਾਣ ਸ਼ਰੀਕਾਂ ਨਾਲ਼ ਕੀਤੇ

ਜਾਂਦੇ ਵਰਤਾਵੇ ਦਾ ਸੰਕੇਤ ਕਰਦਾ ਹੈ। ਸ਼ਰੀਕ ਦੀ ਕੋਈ ਚੀਜ਼ ਨਾ ਛੱਡੋ ਭਾਵੇਂ ਕੋਈ ਵੀ ਤਕਲੀਫ਼ ਉਠਾਉਣੀ ਪਵੇ।

**ਸ਼ਰੀਕ ਮਿੱਟੀ ਦਾ ਵੀ ਮਾਣ ਨਹੀਂ**—ਇਹ ਅਖਾਣ ਸ਼ਰੀਕਾਂ ਦੀ ਸ਼ਰੀਕਾਂ ਵੱਲ ਮੰਦੀ ਭਾਵਨਾ ਦਾ ਪ੍ਰਗਟਾ ਕਰਦਾ ਹੈ।

**ਸ਼ਰੀਕ ਲਾਏ ਲੀਕ ਪੁੱਜੇ ਜਿੱਥੋਂ ਤੀਕ**—ਭਾਵ ਇਹ ਹੈ ਕਿ ਸ਼ਰੀਕ ਦੂਜੇ ਸ਼ਰੀਕ ਦਾ ਵੱਧ ਤੋਂ ਵੱਧ ਨੁਕਸਾਨ ਕਰਨ ਦਾ ਯਤਨ ਕਰਦਾ ਹੈ।

**ਸਲਾਹ ਕੰਧਾਂ ਕੋਲੋਂ ਵੀ ਲੈ ਲੈਣੀ ਚਾਹੀਦੀ ਹੈ**—ਭਾਵ ਇਹ ਹੈ ਕਿ ਕੋਈ ਕੰਮ ਕਰਨ ਲੱਗਿਆਂ ਦੂਜੇ ਦੀ ਸਲਾਹ ਲੈਣੀ ਚੰਗੀ ਹੁੰਦੀ ਹੈ, ਭਾਵੇਂ ਆਪਣੀ ਮਨਮਰਜ਼ੀ ਹੀ ਕਰੋ।

**ਸਵੇਰ ਦਾ ਭੁੱਲਾ ਸ਼ਾਮੀਂ ਘਰ ਆ ਜਾਵੇ ਤਾਂ ਭੁੱਲਾ ਨਾ ਜਾਣੋ**—ਭਾਵ ਇਹ ਹੈ ਕਿ ਜੇ ਕੋਈ ਬੰਦਾ ਗ਼ਲਤੀ ਕਰਕੇ ਆਪਣੇ ਆਪ ਨੂੰ ਸੁਧਾਰ ਲਵੇ ਉਸ ਨੂੰ ਭੁੱਲਾ ਨਹੀਂ ਸਮਝਣਾ ਚਾਹੀਦਾ।

**ਸਾਊ ਸੋ ਜੋ ਚੁੱਪ**—ਇਸ ਅਖਾਣ ਵਿੱਚ ਬਹੁਤਾ ਨਾ ਬੋਲਣ ਦੇ ਗੁਣ ਨੂੰ ਵਡਿਆਇਆ ਗਿਆ ਹੈ।

**ਸਾਈਂ ਅੱਖਾਂ ਫੇਰੀਆਂ, ਵੈਰੀ ਕੁਲ ਜਹਾਨ**—ਭਾਵ ਇਹ ਹੈ ਕਿ ਬੰਦੇ ਦੇ ਮਾੜੇ ਦਿਨ ਆ ਜਾਣ, ਪ੍ਰਮਾਤਮਾ ਰੁਸ ਜਾਵੇ, ਉਦੋਂ ਸਾਰੇ ਹੀ ਵੈਰੀ ਬਣ ਜਾਂਦੇ ਹਨ।

**ਸਾਈ ਘੜੀ ਸੁਲੱਖਣੀ ਸ਼ਹੁ ਨਾਲ਼ ਵਿਆਹੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਉਹੀ ਸਮਾਂ ਚੰਗਾ ਹੁੰਦਾ ਹੈ ਜਿਹੜਾ ਅਸੀਂ ਆਪਣੇ ਸੱਜਣਾਂ, ਮਿੱਤਰਾਂ ਨਾਲ਼ ਰਲ਼ ਕੇ ਬਿਤਾਉਂਦੇ ਹਾਂ।

**ਸਾਈਆਂ ਕਿਧਰੇ ਵਧਾਈਆਂ ਕਿਧਰੇ**—ਇਹ ਅਖਾਣ ਉਸ ਬੰਦੇ ਲਈ ਵਰਤਿਆ ਜਾਂਦਾ ਹੈ ਜਿਹੜਾ ਲਾਰੇ ਲੱਪੇ ਤਾਂ ਕਿਸੇ ਹੋਰ ਨੂੰ ਲਾਵੇ ਤੇ ਕੰਮ ਦੂਜੇ ਹੋਰ ਦਾ ਕਰੇ, ਭਾਵ ਲਾਰੇ ਕਿਸੇ ਨੂੰ ਸਾਥ ਦੂਜੇ ਦਾ ਦੇਵੇ।

**ਸਾਈਆਂ ਬਾਝੋਂ ਸਾਵਣ ਤਹਿਰਾਈਆਂ**—ਭਾਵ ਇਹ ਕਿ ਜੇ ਘਰ ਦਾ ਮਾਲਕ ਸਿਰ 'ਤੇ ਨਾ ਹੋਵੇ ਤਾਂ ਨੌਕਰ ਚਾਕਰ ਪੂਰਾ ਕੰਮ ਨਹੀਂ ਕਰਦੇ।

**ਸਾਹਵਰਿਆਂ ਦੇ ਟੁੱਕਰ ਖਾਧੇ ਭੁੱਲ ਗਏ ਪੇਕੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਕਿਸੇ ਹੋਰ ਥਾਂ ਜਾ ਕੇ ਆਪਣੇ ਪਿਛਲੇ ਸੱਜਣਾਂ, ਮਿੱਤਰਾਂ ਨੂੰ ਭੁੱਲ ਜਾਵੇ।

**ਸ਼ਾਹਾਂ ਨਾਲ਼ ਬਰੋਬਰੀ ਸਿਰ ਸਿਰ ਚੋਟਾਂ ਖਾ**—ਭਾਵ ਇਹ ਹੈ ਕਿ ਜਿਹੜਾ ਗ਼ਰੀਬ ਕਿਸੇ ਅਮੀਰ ਨਾਲ਼ ਬਰਾਬਰੀ ਕਰਨ ਦਾ ਯਤਨ ਕਰਦਾ ਹੈ, ਉਹ ਨੁਕਸਾਨ ਝਲਦਾ ਹੈ।

**ਸ਼ਾਹੂਕਾਰ ਦੀ ਦੋਸਤੀ, ਸਿਰ ਲਾਅਨਤ ਦੀ ਪੱਗ, ਜੀ ਕਹਿਣਾ ਤੇ ਓਏ ਕਹਾਣਾ, ਧਰ ਧਰ ਦੇਣੀ ਅੱਗ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਗ਼ਰੀਬ

ਆਦਮੀ ਨੂੰ ਅਮੀਰ ਆਦਮੀ ਨਾਲ਼ ਦੋਸਤੀ ਨਹੀਂ ਕਰਨੀ ਚਾਹੀਦੀ। ਅਮੀਰ ਉਸ ਨਾਲ਼ ਘਟੀਆ ਵਿਹਾਰ ਕਰੇਗਾ।

**ਸਾਖ ਬਣਾ, ਪ੍ਰਤੀਤ ਜਮਾ**—ਭਾਵ ਇਹ ਹੈ ਕਿ ਕਾਰ ਵਿਹਾਰ ਵਿੱਚ ਜਿਹੜਾ ਬੰਦਾ ਖਰਾ ਨਹੀਂ ਉਤਰਦਾ, ਉਹਦੀ ਪ੍ਰਤੀਤ ਨਹੀਂ ਹੁੰਦੀ, ਪ੍ਰਤੀਤ ਉਸ ਦੀ ਹੁੰਦੀ ਹੈ ਜਿਹੜਾ ਆਪਣੇ ਵਿਹਾਰ ਵਿੱਚ ਖਰਾ ਉਤਰੇ।

**ਸਾਂਝੇ ਬਾਬੇ ਨੂੰ ਕੋਈ ਨੀ ਪਿਟਦਾ**—ਜਦੋਂ ਕਿਸੇ ਸਾਂਝੀ ਚੀਜ਼ ਦੇ ਵਿਗੜਨ 'ਤੇ ਭਾਈਵਾਲ ਧਿਆਨ ਨਹੀਂ ਦਿੰਦੇ, ਉਦੋਂ ਕਹਿੰਦੇ ਹਨ।

**ਸਾਂਝੀ ਹਾਂਡੀ ਚੁਰਾਹੇ ਵਿਚ ਭੱਜਦੀ ਹੈ**—ਇਸ ਅਖਾਣ ਦਾ ਭਾਵ ਇਹ ਹੈ ਜਦੋਂ ਕਈ ਜਣੇ ਰਲ਼ ਕੇ ਕੋਈ ਕੰਮ ਸ਼ੁਰੂ ਕਰਦੇ ਹਨ ਤਾਂ ਇਹ ਕੰਮ ਸਿਰੇ ਨਹੀਂ ਲੱਗਦਾ ਕਿਉਂਕਿ ਸਾਂਝੀਵਾਲਾਂ ਵਿੱਚੋਂ ਇਕ-ਅੱਧ ਬੰਦਾ ਅੱਧ ਵਿਚਕਾਰ ਹੀ ਸਾਥ ਛੱਡ ਜਾਂਦਾ ਹੈ।

**ਸਾਡੀ ਹੀ ਬਿੱਲੀ ਸਾਨੂੰ ਹੀ ਮਿਆਊਂ**—ਜਦੋਂ ਕੋਈ ਤੁਹਾਡਾ ਪਾਲ਼ਿਆ ਬੰਦਾ ਹੀ ਤੁਹਾਡੇ 'ਤੇ ਧੌਂਸੇ ਦਿਖਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਸਾਢ ਸਤੌੜ ਤੇ ਹਾਥੀ ਦਾ ਪੌੜ**—ਜਦੋਂ ਕੋਈ ਬਿਗਾਨਾ ਬੰਦਾ ਕਿਸੇ ਦੇ ਘਰ ਖਾਹ-ਮਖਾਹ ਦਖ਼ਲ ਦੇਵੇ ਤਾਂ ਘਰਦਿਆਂ ਪਾਸੋਂ ਬੰਦੇ ਨਾਲ਼ ਰਿਸ਼ਤੇਦਾਰੀ ਪੁੱਛੀ ਜਾਵੇ ਤਾਂ ਘਰ ਵਾਲ਼ੇ ਇਹ ਅਖਾਣ ਵਰਤਦੇ ਹੋਏ ਆਖਦੇ ਹਨ, ਇਹ ਤਾਂ ਸਾਡਾ ਕੁਝ ਵੀ ਨਹੀਂ ਲੱਗਦਾ।

**ਸਾਥੋਂ ਗਈਏ ਗੋਰੀਏ ਹੋਰ ਪਰੇਰੇ ਜਾ**—ਜਦੋਂ ਕਿਸੇ ਮੁਹੱਬਤੀ ਬੰਦੇ ਨਾਲ਼ ਅਣਬਣ ਹੋ ਜਾਵੇ ਤਾਂ ਉਸ ਵੱਲੋਂ ਬੇਪ੍ਰਵਾਹੀ ਪ੍ਰਗਟ ਕਰਨ ਲਈ ਇਹ ਅਖਾਣ ਬੋਲਦੇ ਹਨ।

**ਸਾਧਾਂ ਨੂੰ ਕੀ ਸਵਾਦਾਂ ਨਾਲ਼**—ਇਹ ਅਖਾਣ ਉਸ ਆਦਮੀ ਲਈ ਵਰਤਦੇ ਹਨ ਜਿਹੜਾ ਆਪਣੇ ਆਪ ਨੂੰ ਉਪਰੋਂ ਉਪਰੋਂ ਸੁਖ-ਸਾਧਨਾਂ ਤੋਂ ਨਿਰਲੇਪ ਦੱਸੇ ਪਰ ਅੰਦਰੋਂ ਹਰ ਸੁਆਦ ਮਾਣਦਾ ਹੋਵੇ।

**ਸਾਨੂੰ ਸੱਜਣ ਸੋ ਮਿਲੇ ਗਲ਼ ਲੱਗੀ ਬਾਹੀਂ, ਸਾਡੇ ਉੱਤੇ ਜੁੱਲੀਆਂ ਉਹਨਾਂ ਉਹ ਵੀ ਨਾਹੀਂ**—ਜਦੋਂ ਕਿਸੇ ਗ਼ਰੀਬ ਨਾਲ਼ ਉਸ ਤੋਂ ਵੀ ਗ਼ਰੀਬ ਨਾਤਾ ਜੋੜ ਲਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਸਾਮੀ ਕੰਜਰ ਤੇ ਭੋਇੰ ਬੰਜਰ**—ਭਾਵ ਇਹ ਹੈ ਕਿ ਅਣਉਪਜਾਊ ਜ਼ਮੀਨ ਅਤੇ ਕੰਜਰ ਅਸਾਮੀ ਦੋਨੋਂ ਚੰਗੀਆਂ ਨਹੀਂ ਹੁੰਦੀਆਂ, ਨਾ ਕੰਜਰ ਲਏ ਪੈਸੇ ਮੋੜਦਾ ਹੈ ਨਾ ਬੰਜਰ ਪੈਲੀ 'ਚ ਕੋਈ ਫ਼ਸਲ ਉਗਦੀ ਹੈ।

**ਸਾਰਾ ਧਨ ਜੇ ਜਾਂਦਾ ਵੇਖੀਏ, ਅੱਧਾ ਦਈਏ ਵੰਡ**—ਇਸ ਅਖਾਣ ਦਾ ਭਾਵ ਇਹ ਹੈ ਕਿ ਜੇ ਥੋੜ੍ਹਾ ਨੁਕਸਾਨ ਝਲ ਕੇ ਬਹੁਤਾ ਨੁਕਸਾਨ ਹੋਣੋਂ ਬਚਾਇਆ ਜਾ ਸਕੇ ਤਾਂ ਅਜਿਹਾ ਕਰਨ 'ਚ ਕੋਈ ਹਰਜ਼ ਨਹੀਂ।

**ਸਾਰੀ ਰਾਤ ਭੰਨੀ, ਜੰਮ ਪਈ ਅੰਨ੍ਹੀ**—ਜਦੋਂ ਬਹੁਤ ਸਾਰੀ ਮਿਹਨਤ ਕਰਨ ਪਿੱਛੋਂ ਵੀ ਸਫ਼ਲਤਾ ਪ੍ਰਾਪਤ ਨਾ ਹੋਵੇ, ਉਦੋਂ ਇੰਜ ਆਖਦੇ ਹਨ।

**ਸਾਰੀ ਰਾਤ ਰੋਂਦੀ ਰਹੀ ਮੋਇਆ ਇਕ ਵੀ ਨਾ**—ਜਦੋਂ ਕੋਈ ਬੰਦਾ ਬਿਨਾਂ ਕਾਰਨ ਹੀ ਹਾਲ ਦੁਹਾਈ ਮਚਾਈ ਜਾਵੇ ਤੇ ਨੁਕਸਾਨ ਉੱਕਾ ਹੀ ਨਾ ਹੋਇਆ ਹੋਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਸਾਵਣ ਸੁੱਤੀ, ਸਦਾ ਵਿਗੁੱਤੀ**—ਭਾਵ ਇਹ ਹੈ ਕਿ ਜਿਹੜਾ ਕਿਸਾਨ ਸਾਉਣ ਦੇ ਮਹੀਨੇ ਆਪਣੇ ਖੇਤਾਂ ਦੀਆਂ ਵੱਟਾਂ ਉੱਚੀਆਂ ਕਰਕੇ ਪਾਣੀ ਦੀ ਸੰਭਾਲ ਨਾ ਕਰੇ ਉਹ ਦੀ ਫ਼ਸਲ ਸਦਾ ਘੱਟ ਹੁੰਦੀ ਹੈ ਤੇ ਨੁਕਸਾਨ ਝੱਲਣਾ ਪੈਂਦਾ ਹੈ। ਸਮੇਂ ਸਿਰ ਕੰਮ ਕਰਨਾ ਤੇ ਸਮੇਂ ਦੀ ਸਹੀ ਵਰਤੋਂ ਕਰਨੀ ਲਾਭਦਾਇਕ ਹੁੰਦੀ ਹੈ।

**ਸਾਵਣ ਖੀਰ ਨਾ ਖਾਧੀਆ, ਕਿਉਂ ਜੰਮਿਐਂ ਅਪਰਾਧੀਆ**—ਇਹ ਅਖਾਣ ਉਹਨਾਂ ਭਲੇ ਦਿਨਾਂ ਦੀ ਯਾਦ ਦਿਵਾਉਂਦਾ ਹੈ ਜਦੋਂ ਸਾਉਣ ਦੇ ਮਹੀਨੇ ਘਰ-ਘਰ ਖੀਰਾਂ ਰਿਝਦੀਆਂ ਸਨ। ਇਸ ਮਹੀਨੇ ਖੀਰ ਖਾਣੀ ਚੰਗੀ ਸਮਝੀ ਜਾਂਦੀ ਹੈ।

**ਸਾਵਣ ਦਾ ਸੌ, ਭਾਦਰੋਂ ਦਾ ਇਕ, ਜਿਹੜਾ ਲਾਹ ਦੇਵੇ ਸਿੱਕ**—ਇਸ ਅਖਾਣ ਦਾ ਭਾਵ ਇਹ ਹੈ ਕਿ ਭਾਦਰੋਂ ਦੇ ਮਹੀਨੇ ਵਿੱਚ ਵਰ੍ਹਿਆ ਮੀਂਹ ਚੰਗੇਰਾ ਹੁੰਦਾ ਹੈ।

**ਸਾਵਣ ਦੀ ਝੜੀ, ਕੋਠਾ ਛੱਡੇ ਨਾ ਕੜੀ**—ਭਾਵ ਇਹ ਹੈ ਕਿ ਸਾਉਣ ਦੇ ਮਹੀਨੇ ਜੇ ਲਗਾਤਾਰ ਕਈ ਦਿਨ ਮੋਹਲੇਧਾਰ ਵਰਖਾ ਹੁੰਦੀ ਰਹੇ ਤਾਂ ਗ਼ਰੀਬ ਲੋਕਾਂ ਦੇ ਕੱਚੇ ਕੋਠੇ ਢਹਿ ਜਾਂਦੇ ਹਨ।

**ਸਾਵਣ ਦੇ ਅੰਨ੍ਹੇ ਨੂੰ ਹਰਿਆਵਲ ਹੀ ਦਿਸਦੀ ਹੈ**—ਇਸ ਅਖਾਣ ਦਾ ਭਾਵ ਇਹ ਹੈ ਕਿ ਐਬੀ ਬੰਦੇ ਨੂੰ ਦੂਜੇ ਬੰਦਿਆਂ ਵਿੱਚ ਵੀ ਐਬ ਹੀ ਨਜ਼ਰ ਆਉਂਦੇ ਹਨ।

**ਸਾਵਣ ਪੁੱਤਰ ਸਿਆਲੇ ਦਾ**—ਭਾਵ ਸਪੱਸ਼ਟ ਹੈ, ਸਾਉਣ ਦੇ ਮਹੀਨੇ ਜੇ ਲਗਾਤਾਰ ਮੀਂਹ ਪੈਂਦੇ ਰਹਿਣ ਤਾਂ ਠੰਢ ਲੱਗਣ ਲੱਗ ਜਾਂਦੀ ਹੈ ਤੇ ਸਿਆਲ ਵਿੱਚ ਭਰਵੀਂ ਸਰਦੀ ਪੈਂਦੀ ਹੈ।

**ਸਾਵਣ ਮਹੀਂ ਉਹਦੀਆਂ ਜਿਹੜਾ ਹਾੜੀਂ ਕਢੇ**—ਭਾਵ ਇਹ ਹੈ ਜਿਹੜਾ ਕਿਸਾਨ ਜੇਠ-ਹਾੜ ਦੇ ਮਹੀਨੇ ਆਪਣੀਆਂ ਮੱਝਾਂ ਦੀ ਸਹੀ ਸੰਭਾਲ ਕਰਦਾ ਹੈ ਉਹਦੀਆਂ ਮੱਝਾਂ ਸਾਉਣ ਦੇ ਮਹੀਨੇ ਵਿੱਚ ਚੰਗਾ ਦੁੱਧ ਦਿੰਦੀਆਂ ਹਨ।

**ਸਾਵਣ ਮਾਹੇ ਦਾ ਪੁਰਾ ਉਹ ਵੀ ਬੁਰਾ, ਬੁੱਢੀ ਮੱਝ ਤੇ ਖੁੰਢਾ ਛੁਰਾ ਉਹ ਵੀ ਬੁਰਾ**—ਭਾਵ ਅਰਥ ਇਹ ਹੈ ਕਿ ਸਾਉਣ ਦੇ ਮਹੀਨੇ ਜੇ ਪੁਰਾ ਵਗ ਪਵੇ ਤਾਂ ਉਹ ਬੱਦਲਾਂ ਨੂੰ ਉਡਾ ਕੇ ਲੈ ਜਾਂਦਾ ਹੈ ਜਿਸ ਕਰਕੇ ਮੀਂਹ ਨਹੀਂ ਪੈਂਦਾ, ਇਸੇ ਕਰਕੇ ਇਸ ਨੂੰ ਬੁਰਾ ਸ਼ਗਨ ਮੰਨਦੇ ਹਨ। ਇਸੇ ਪ੍ਰਕਾਰ ਬੁੱਢੀ ਮੱਝ ਤੇ ਖੁੰਢੀ ਛੁਰੀ ਵੀ ਕਿਸੇ ਕੰਮ ਨਹੀਂ ਆਉਂਦੀ।

**ਸਾਵਣ ਵੱਸੇ ਨਿੱਤ ਨਿੱਤ ਭਾਦਰੋਂ ਦੇ ਦਿਨ ਚਾਰ, ਅੱਸੋਂ ਮੰਗੇ ਮੇਘਲਾ ਮੂਰਖ ਜੱਟ ਗਵਾਰ**—ਭਾਵ ਪ੍ਰਤੱਖ ਹੈ, ਫ਼ਸਲਾਂ ਲਈ ਸਾਉਣ ਦਾ ਰੱਜਵਾਂ ਮੀਂਹ, ਭਾਦੋਂ ਥੋੜ੍ਹਾ ਅਤੇ ਅੱਸੂ ਮਹੀਨੇ ਨਾਂ-ਮਾਤਰ ਵਸਿਆ ਮੀਂਹ ਚੰਗਾ ਹੁੰਦਾ ਹੈ।

**ਸਿਆਣਾ ਕਾਂ ਗੰਦਗੀ ਤੇ ਡਿਗਦਾ ਹੈ**—ਇਸ ਅਖਾਣ ਦਾ ਭਾਵ ਹੈ ਕਿ ਆਪਣੇ ਆਪ ਨੂੰ ਸਿਆਣਾ ਸਮਝਣ ਵਾਲ਼ਾ ਪੁਰਸ਼ ਸਦਾ ਮਾੜੀ ਵਸਤੂ ਪਸੰਦ ਕਰਦਾ ਹੈ।

**ਸਿੱਖ ਨਾ ਸਿੱਖ ਗੁਆਂਢਣ ਦੀ ਮੱਤ**—ਇਹ ਅਖਾਣ ਉਸ ਪੁਰਸ਼ ਜਾਂ ਇਸਤਰੀ ਲਈ ਵਰਤਦੇ ਹਨ ਜਿਹੜਾ ਮਾੜੇ ਬੰਦੇ ਦੀ ਸੰਗਤ ਵਿੱਚ ਰਹਿ ਕੇ ਮਾੜੇ ਕੰਮ ਕਰਦਾ ਹੈ।

**ਸਿੱਧੀ ਉਂਗਲੀ ਨਾਲ਼ ਘਿਉ ਨਹੀਂ ਨਿਕਲਦਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਭੈੜੇ ਸੁਭਾਅ ਵਾਲ਼ੇ ਬੰਦੇ ਛਿੱਤਰ ਪਤਾਣ ਨਾਲ਼ ਹੀ ਸੂਤ ਆਉਂਦੇ ਹਨ।

**ਸਿਰ ਸਲਾਮਤ ਜੁੱਤੀਆਂ ਦਾ ਘਾਟਾ ਨਹੀਂ**—ਇਹ ਅਖਾਣ ਉਹਨਾਂ ਬੇਸ਼ਰਮ ਤੇ ਢੀਠ ਪੁਰਸ਼ਾਂ ਲਈ ਵਰਤਦੇ ਹਨ ਜਿਨ੍ਹਾਂ ਨੂੰ ਕੋਈ ਸ਼ਰਮ, ਹੱਯਾ ਨਹੀਂ ਹੁੰਦੀ।

**ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ**—ਇਹ ਅਖਾਣ ਉਸ ਬੰਦੇ ਲਈ ਵਰਤਦੇ ਹਨ ਜਿਹੜਾ ਆਪਣੀ ਮਨ-ਮਰਜ਼ੀ ਨਾਲ਼ ਬੇ-ਹੁਦਰੀਆਂ ਕਰੇ ਤੇ ਉਸ ਨੂੰ ਵਰਜਣ ਵਾਲ਼ਾ, ਅਥਵਾ ਰੋਕਣ ਵਾਲ਼ਾ ਕੋਈ ਨਾ ਹੋਵੇ।

**ਸਿਰ ਵੱਡੇ ਸਰਦਾਰਾਂ ਦੇ ਪੈਰ ਵੱਡੇ ਗਵਾਰਾਂ ਦੇ**—ਭਾਵ ਇਹ ਹੈ ਕਿ ਸਰਦਾਰਾਂ ਲਈ ਵੱਡੇ ਧਿਰ ਦਾ ਹੋਣਾ ਜ਼ਰੂਰੀ ਨਹੀਂ ਪ੍ਰੰਤੂ ਨੰਗੇ ਪੈਰੀਂ ਫਿਰਨ ਵਾਲ਼ੇ ਲੋਕਾਂ ਦੇ ਪੈਰ ਜ਼ਰੂਰ ਵੱਡੇ ਹੋ ਜਾਂਦੇ ਹਨ।

**ਸਿਰੋਂ ਗੰਜੀ ਤੇ ਕੰਘੀਆਂ ਦਾ ਜੋੜਾ**—ਇਹ ਅਖਾਣ ਉਸ ਪੁਰਸ਼ ਲਈ ਵਰਤਦੇ ਹਨ ਜੋ ਅਜਿਹੀਆਂ ਚੀਜ਼ਾਂ ਦੀ ਸੰਭਾਲ ਕਰੇ ਜਿਨ੍ਹਾਂ ਦੀ ਉਸ ਨੂੰ ਲੋੜ ਨਾ ਹੋਵੇ।

**ਸਿਰੋਂ ਗੰਜੀ ਤੇ ਭਖੜਿਆਂ ਵਿੱਚ ਕਲਾਬਾਜ਼ੀਆਂ**—ਭਾਵ ਇਹ ਹੈ ਮੂਰਖ਼ ਮਨੁੱਖ ਖਾਹ-ਮਖ਼ਾਹ ਆਪਣੇ ਗਲ਼ ਮੁਸੀਬਤਾਂ ਸਹੇੜ ਲੈਂਦੇ ਹਨ।

**ਸਿਰੋਂ ਪੈਰੋਂ ਨੰਗੇ ਆਂ ਸਭਨਾਂ ਨਾਲ਼ੋਂ ਚੰਗੇ ਆਂ**—ਇਹ ਅਖਾਣ ਉਹਨਾਂ ਪੁਰਸ਼ਾਂ ਬਾਰੇ ਹੈ ਜਿਹੜੇ ਮਾੜੀਆਂ ਹਾਲਤਾਂ ਵਿੱਚ ਵੀ ਆਪਣੇ-ਆਪ ਨੂੰ ਚੰਗਾ ਸਮਝਦੇ ਹਨ।

**ਸਿਲੇਹਾਰ ਨੂੰ ਸਿਲੇਹਾਰ ਨਹੀਂ ਭਾਉਂਦੀ**—ਇਸ ਅਖਾਣ ਦਾ ਭਾਵ ਇਹ ਹੈ ਕਿ ਇਕੋ ਕਿੱਤੇ ਵਾਲੇ ਪੁਰਸ਼ ਇਕ-ਦੂਜੇ ਵਿੱਚ ਨੁਕਸ ਕੱਢਦੇ ਰਹਿੰਦੇ ਹਨ। ਇਸੇ ਕਰਕੇ ਆਖਦੇ ਹਨ ਕੁੱਤਾ ਕੁੱਤੇ ਦਾ ਵੈਰੀ।

**ਸੁਘੜ ਨਾਲ਼ ਭਿਖ ਮੰਗ ਲਈ ਚੰਗੀ, ਮੂਰਖ਼ ਨਾਲ਼ ਰਾਜ ਰਾਜਿਆ ਮੰਦਾ**—ਇਸ ਅਖਾਣ ਵਿੱਚ ਸੁਘੜ ਸਿਆਣੇ ਬੰਦੇ ਦੀ ਮਿੱਤਰਤਾ ਦੀ ਵਡਿਆਈ ਦਰਸਾਈ ਗਈ ਹੈ। ਮੂਰਖ਼ ਅਮੀਰ ਨਾਲ਼ੋਂ ਸਿਆਣੇ ਗ਼ਰੀਬ ਪੁਰਸ਼ ਦੀ ਮਿੱਤਰਤਾ ਸੌ ਦਰਜੇ ਚੰਗੀ ਹੈ।

**ਸੁੰਞੇ ਘਰ ਚੋਰਾਂ ਦਾ ਰਾਜ**—ਭਾਵ ਇਹ ਹੈ ਕਿ ਜਦੋਂ ਕਿਸੇ ਦਾ ਘਰ ਸੁੰਞਾ ਹੋਵੇ ਤਾਂ ਚੋਰਾਂ ਦਾ ਵਧੇਰੇ ਡਰ ਰਹਿੰਦਾ ਹੈ।

**ਸੁੰਞੇ ਮਹਿਲ ਡਰਾਵਣੇ ਬਰਕਤ ਮਰਦਾਂ ਨਾਲ਼**—ਇਸ ਅਖਾਣ ਦਾ ਭਾਵ ਇਹ ਹੈ ਕਿ ਮਰਦਾਂ ਦੀ ਹੋਂਦ ਤੋਂ ਬਿਨਾਂ ਮਹਿਲਾਂ 'ਚੋਂ ਡਰ ਆਉਂਦਾ ਹੈ, ਜੇਕਰ ਘਰ ਵਿੱਚ ਮਰਦ ਹੋਣ ਤਾਂ ਹਰ ਕੋਈ ਆਪਣੇ ਆਪ ਨੂੰ ਸੁਰੱਖਿਅਤ ਸਮਝਦਾ ਹੈ। ਇਹ ਅਖਾਣ ਮਰਦਾਂ ਦੀ ਸਰਦਾਰੀ ਦਾ ਉਲੇਖ ਕਰਦਾ ਹੈ।

**ਸੁੱਤਾ ਮੋਇਆ ਇਕ ਬਰਾਬਰ**—ਭਾਵ ਇਹ ਹੈ ਕਿ ਸੁੱਤਾ ਹੋਇਆ ਬੰਦਾ, ਮੋਇਆਂ ਬਰਾਬਰ ਹੁੰਦਾ ਹੈ। ਜਦੋਂ ਸੁੱਤੇ ਪਏ ਬੰਦਿਆਂ ਦੇ ਘਰ ਚੋਰ ਚੋਰੀ ਕਰ ਲੈਣ ਉਦੋਂ ਇਹ ਅਖਾਣ ਵਰਤਦੇ ਹਨ।

**ਸੁੱਤੀ ਉਠਾਂ ਤਾਂ ਬਨੇਰੇ ਬੋਲਣ ਕਾਂ**—ਖਚਰੀਆਂ ਸੱਸਾਂ ਦਿਨ ਚੜ੍ਹੇ ਤੇ ਉਠਣ ਵਾਲ਼ੀਆਂ ਨੂੰਹਾਂ ਲਈ ਇਹ ਅਖਾਣ ਵਰਤਦੀਆਂ ਹਨ।

**ਸੁੱਤੀ ਨਾ, ਨਾ ਕੱਤਿਆ ਹੀ**—ਭਾਵ ਇਹ ਹੈ ਕਿ ਅਜਾਈਂ ਸਮਾਂ ਗੰਵਾਉਣਾ ਚੰਗਾ ਨਹੀਂ।

**ਸੁੱਤੇ ਪੁੱਤ ਦਾ ਮੂੰਹ ਚੁੰਮਿਆ ਨਾ ਮੁੰਡਾ ਰਾਜ਼ੀ ਨਾ ਮੁੰਡੇ ਦੀ ਮਾਂ**—ਇਸ ਅਖਾਣ ਨੂੰ ਉਦੋਂ ਵਰਤਦੇ ਹਨ ਜਦੋਂ ਕੋਈ ਗੁਪਤ ਰੂਪ ਵਿੱਚ ਕਿਸੇ ਦੀ ਮਦਦ ਕਰੇ ਪ੍ਰੰਤੂ ਮਦਦ ਲੈਣ ਵਾਲ਼ਿਆਂ ਨੂੰ ਇਸ ਦਾ ਪਤਾ ਹੀ ਨਾ ਹੋਵੇ।

**ਸੂਏ ਖੋਤੀ ਕਿੱਲ੍ਹੇ ਘੁਮਾਰ**—ਦੂਜੇ ਦੇ ਦੁਖ ਵਿੱਚ ਜਦੋਂ ਕੋਈ ਦਿਖਾਵੇ ਵਜੋਂ ਦੁਖ ਦਾ ਪ੍ਰਗਟਾਵਾ ਕਰੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਸੂਮਾਂ ਦੀ ਖੱਟੀ ਗਏ ਕੁੱਤੇ ਖਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਸੂਮ ਦਾ ਨੁਕਸਾਨ ਹੋ ਜਾਵੇ।

**ਸੂਰਾਂ ਨੂੰ ਖੀਰ ਤੇ ਬਾਂਦਰਾਂ ਨੂੰ ਬਨਾਤ ਦੀਆਂ ਟੋਪੀਆਂ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਅਯੋਗ ਬੰਦੇ ਨੂੰ ਅਜਿਹੀ ਵਸਤੂ ਜਾਂ ਪਦਵੀ ਮਿਲ਼ ਜਾਵੇ ਜੋ ਉਸ ਦੀ ਕਦਰ ਨਾ ਕਰਦਾ ਹੋਵੇ।

**ਸੂਲਾਂ ਜੰਮਦੀਆਂ ਦੇ ਮੂੰਹ ਤਿੱਖੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਕਿਸੇ ਦੇ ਗੁਣਾਂ ਜਾਂ ਔਗੁਣਾਂ ਦੀਆਂ ਨਿਸ਼ਾਨੀਆਂ ਉਸ ਦੇ ਬਚਪਨ ਵਿੱਚ ਹੀ ਨਜ਼ਰ ਆਉਣ ਲੱਗਦੀਆਂ ਹਨ।

**ਸੂਲੀ ਚੜ੍ਹਿਆ ਚੋਰ, ਹੱਸਣ ਲੱਗੇ ਲੋਕ**—ਜਦੋਂ ਕਿਸੇ ਦੂਜੇ ਨੂੰ ਦੁਖੀ ਦੇਖ ਕੇ ਲੋਕੀਂ ਉਸ ਦਾ ਮਜ਼ਾਕ ਉਡਾਉਂਦੇ ਹਨ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਸੇਜ ਬਿਗਾਨੀ ਸੁੱਤਾ, ਖਰਾ ਵਿਗੁੱਤਾ**—ਭਾਵ ਇਹ ਹੈ ਕਿ ਜਿਹੜਾ ਵਿਅਕਤੀ ਆਪਣੀ ਇਸਤਰੀ ਨੂੰ ਛੱਡ ਕੇ ਪਰਾਈਆਂ ਇਸਤਰੀਆਂ ਨਾਲ਼ ਸੇਜ ਸਾਂਝ ਪਾਉਂਦਾ ਹੈ, ਉਸ ਦੀ ਸਮਾਜ ਵਿੱਚ ਸਦਾ ਬੇਕਦਰੀ ਹੁੰਦੀ ਹੈ।

**ਸ਼ੇਰ ਪੁੱਤ ਇੱਕੋ ਭਲਾ, ਸੌ ਗਿੱਦੜ ਕਿਸ ਕੰਮ**—ਇਹ ਅਖਾਣ ਉਦੋਂ ਵਰਤਦੇ ਹਨ

ਜਦੋਂ ਇਹ ਦੱਸਣਾ ਹੋਵੇ ਕਿ ਬਹੁਤੀ ਨਿਕੰਮੀ ਉਲਾਦ ਨਾਲੋਂ ਇਕੋ ਭਲੀ ਉਲਾਦ ਚੰਗੀ ਹੁੰਦੀ ਹੈ।

**ਸ਼ੇਰਾਂ ਦੇ ਮੂੰਹ ਕਿਸ ਧੋਤੇ ਹਨ**—ਇਹ ਅਖਾਣ ਆਮ ਕਰਕੇ ਆਲਸੀ ਬੰਦਿਆਂ ਲਈ ਵਰਤਿਆ ਜਾਂਦਾ ਹੈ।

**ਸ਼ੇਰਾਂ ਨੇ ਤਾਂ ਮਾਸ ਈ ਖਾਣੈ**—ਭਾਵ ਇਹ ਹੈ ਕਿ ਜਿਸ ਜੀਵਨ ਵਿਵਹਾਰ ਵਿੱਚ ਜਿਸ ਪ੍ਰਕਾਰ ਦੀਆਂ ਆਦਤਾਂ ਲੋਕੀਂ ਅਪਣਾ ਲੈਂਦੇ ਹਨ ਉਹ ਉਹਨਾਂ 'ਤੇ ਕਾਇਮ ਰਹਿੰਦੇ ਹਨ ਜਿਵੇਂ ਰਿਸ਼ਵਤਖ਼ੋਰ ਕਰਮਚਾਰੀ ਰਿਸ਼ਵਤ ਲੈਣੋਂ ਹਟਦੇ ਨਹੀਂ।

**ਸ਼ੇਰਨੀ ਦਾ ਦੁੱਧ ਸੋਨੇ ਦੇ ਭਾਂਡੇ ਵਿੱਚ ਹੀ ਟਿਕਦਾ ਹੈ**—ਕਿਸੇ ਮਾੜੇ ਕਿਰਦਾਰ ਵਾਲ਼ੇ ਬੰਦੇ ਨੂੰ ਉੱਚੀ ਪਦਵੀ ਮਿਲ ਜਾਵੇ ਅਤੇ ਉਹ ਇਸ ਦਾ ਦੁਰ-ਉਪਯੋਗ ਕਰੇ, ਉਦੋਂ ਇਹ ਅਖਾਣ ਬੋਲਦੇ ਹਨ।

**ਸੇਵਾ ਤੋਂ ਹੀ ਮੇਵਾ ਮਿਲਦਾ ਹੈ**—ਇਸ ਅਖਾਣ ਦਾ ਭਾਵ ਇਹ ਹੈ ਕਿ ਵੱਡਿਆਂ ਦੀ ਸੇਵਾ ਕਰਨ ਨਾਲ਼ ਹੀ ਫ਼ਲ ਪ੍ਰਾਪਤ ਹੁੰਦਾ ਹੈ। ਇਸੇ ਭਾਵ ਦਾ ਇਕ ਹੋਰ ਅਖਾਣ ਹੈ **'ਕਰ ਸੇਵਾ ਖਾ ਮੇਵਾ'**।

**ਸੋਗ ਦਿਲ ਦਾ ਰੋਗ**—ਇਸ ਅਖਾਣ ਦਾ ਭਾਵ ਪ੍ਰਤੱਖ ਹੈ ਕਿ ਸੋਗ ਕਾਰਨ ਦਿਲ ਦੇ ਅਨੇਕਾਂ ਰੋਗ ਉਤਪੰਨ ਹੋ ਜਾਂਦੇ ਹਨ।

**ਸੋਟਾ ਮਾਰਿਆਂ ਪਾਣੀ ਦੋ ਨਹੀਂ ਹੁੰਦੇ**—ਭਾਵ ਇਹ ਹੈ ਕਿ ਕਿਸੇ ਦੂਜੇ ਬੰਦੇ ਵੱਲੋਂ ਭੁਲੇਖੇ ਪਾਣ ਦੇ ਯਤਨਾਂ ਨਾਲ਼ ਸਕੇ ਸਬੰਧੀਆਂ ਵਿੱਚ ਕੋਈ ਤਰੇੜ ਨਹੀਂ ਪੈਂਦੀ। ਸਾਕ-ਸਾਕ ਹੀ ਰਹਿੰਦੇ ਹਨ।

**ਸੋਟੇ ਦੇ ਡਰ ਬਾਂਦਰ ਨੱਚੇ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਸਖ਼ਤੀ ਵਰਤੇ ਬਿਨਾਂ ਕਾਮੇ ਕੰਮ ਨਹੀਂ ਕਰਦੇ। ਪ੍ਰਬੰਧ ਨੂੰ ਚਲਾਉਣ ਲਈ ਸਖ਼ਤੀ ਵਰਤਣੀ ਹੀ ਪੈਂਦੀ ਹੈ।

**ਸੋਨੇ ਦੀ ਕਟਾਰੀ, ਜਿੱਥੇ ਲੱਗੀ ਉਥੇ ਕਾਰੀ**—ਜਿਹੜਾ ਬੰਦਾ ਉਪਰੋਂ ਤਾਂ ਮਿੱਠ ਬੋਲੜਾ ਹੋਵੇ ਪ੍ਰੰਤੂ ਵਰਤੋਂ ਵਿਹਾਰ ਵਿੱਚ ਮਾੜਾ ਹੋਵੇ, ਉਹਦੇ ਲਈ ਇਹ ਅਖਾਣ ਬੋਲਦੇ ਹਨ।

**ਸੌ ਮਣ ਸਾਬਣ ਲੱਗੇ, ਕਾਲ਼ੇ ਕਦੇ ਨਾ ਹੋਵਣ ਬੱਗੇ**—ਭਾਵ ਇਹ ਹੈ ਕਿ ਭੈੜੀਆਂ ਬਹਿਬਤਾਂ ਵਾਲ਼ੇ ਬੰਦੇ ਕਦੇ ਨਹੀਂ ਸੁਧਰਦੇ ਭਾਵੇਂ ਸੈਆਂ, ਨਸੀਹਤਾਂ ਦੇਵੋ।

**ਸੌ ਸਿਆਣੇ ਇੱਕੋ ਮੱਤ, ਮੂਰਖ ਆਪੋ ਆਪਣੀ**—ਸਿਆਣੇ ਬੰਦੇ ਭਾਵੇਂ ਕਿੰਨੀ ਗਿਣਤੀ ਵਿੱਚ ਹੋਣ ਇਕ ਗੱਲ ਤੇ ਛੇਤੀ ਸਹਿਮਤ ਹੋ ਜਾਂਦੇ ਹਨ, ਪ੍ਰੰਤੂ ਮੂਰਖ ਬੰਦੇ ਥੋੜ੍ਹੀ ਗਿਣਤੀ ਵਿੱਚ ਹੁੰਦੇ ਹੋਏ ਵੀ ਕਿਸੇ ਫ਼ੈਸਲੇ 'ਤੇ ਨਹੀਂ ਪੁੱਜਦੇ।

**ਸੌ ਹੱਥ ਰੱਸਾ ਸਿਰੇ ਤੇ ਗੰਢ**—ਇਸ ਅਖਾਣ ਨੂੰ ਉਦੋਂ ਬੋਲਦੇ ਹਨ ਜਦੋਂ ਇਹ

ਦੱਸਣਾ ਹੋਵੇ ਕਿ ਭਾਵੇਂ ਜਿੰਨੀ ਮਰਜ਼ੀ ਸੋਚ ਵਿਚਾਰ ਕਰ ਲਵੋ, ਸਿੱਟਾ ਇੱਕੋ ਹੀ ਨਿਕਲਣਾ ਹੈ।

**ਸੌ ਚਾਚਾ ਇਕ ਪਿਉ, ਸੌ ਦਾਰੂ ਇਕ ਘਿਉ**—ਜਦੋਂ ਇਹ ਦੱਸਣਾ ਹੋਵੇ ਕਿ ਪਿਓ ਤੋਂ ਵੱਧ ਕੇ ਹਿੱਤ ਕਰਨ ਵਾਲ਼ਾ ਕੋਈ ਹੋਰ ਸਾਕ ਸਬੰਧੀ ਨਹੀਂ ਹੁੰਦਾ ਅਤੇ ਸਿਹਤ ਦੀ ਤੰਦਰੁਸਤੀ ਲਈ ਘਿਉ ਵਰਗਾ ਕੋਈ ਹੋਰ ਦਾਰੂ ਨਹੀਂ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਸੌ ਦਾਰੂ ਇਕ ਪਰਹੇਜ਼**—ਇਸ ਅਖਾਣ ਦਾ ਭਾਵ ਇਹ ਹੈ, ਆਪਣੇ ਸਰੀਰ ਨੂੰ ਬੀਮਾਰੀ ਤੋਂ ਮੁਕਤ ਕਰਨ ਲਈ ਪ੍ਰਹੇਜ਼ ਕਰਨਾ ਚੰਗਾ ਹੁੰਦਾ ਹੈ, ਪ੍ਰਹੇਜ਼ ਕਰਨ ਕਰਕੇ ਸਰੀਰ ਨੂੰ ਕੋਈ ਬੀਮਾਰੀ ਨਹੀਂ ਚਿੰਬੜਦੀ ਤੇ ਦਾਰੂ ਦੀ ਲੋੜ ਨਹੀਂ ਪੈਂਦੀ।

**ਸੌ ਦਿਨ ਚੋਰ ਦਾ ਇਕ ਦਿਨ ਸਾਧ ਦਾ**—ਭਾਵ ਇਹ ਹੈ ਕਿ ਭਾਵੇਂ ਲੋਕਾਂ ਤੋਂ ਚੋਰੀ ਕਿੰਨੇ ਬੁਰੇ ਕੰਮ ਕਰ ਲਵੋ ਆਖ਼ਰ ਬੁਰਾਈ ਇਕ ਦਿਨ ਜਗ ਜਾਹਰ ਹੋ ਹੀ ਜਾਂਦੀ ਹੈ।

**ਸੌਕਣ ਸਹੇਲੀ ਨਹੀਂ, ਲੁਬਾਣਾ ਬੇਲੀ ਨਹੀਂ**—ਭਾਵ ਅਰਥ ਇਹ ਹੈ ਕਿ ਸੌਂਕਣਾਂ ਕਦੀ ਵੀ ਸਹੇਲੀਆਂ ਨਹੀਂ ਬਣ ਸਕਦੀਆਂ, ਉਹ ਸਦਾ ਬੁਰਾਈ ਹੀ ਕਰਦੀਆਂ ਰਹਿੰਦੀਆਂ ਹਨ, ਇਸੇ ਪ੍ਰਕਾਰ ਲੁਬਾਣਿਆਂ ਪਾਸੋਂ ਵੀ ਮਿੱਤਰਤਾ ਦੀ ਆਸ ਨਹੀਂ ਰੱਖਣੀ ਚਾਹੀਦੀ।

**ਸੌਕਣ ਤੇ ਸੁਹਾਗਣ ਕੇਹੀ, ਕਰ ਦੇ ਰੱਬਾ ਇੱਕੋ ਜੇਹੀ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਦੂਜੇ ਬੰਦੇ ਪਾਸੋਂ ਅਤਿ ਦੁਖੀ ਹੋ ਕੇ, ਦੂਜੇ ਨੂੰ ਦੁਖੀ ਦੇਖਣ ਦੀ ਭਾਵਨਾ ਨਾਲ਼ ਆਪਣੇ ਆਪ ਨੂੰ ਦੁੱਖਾਂ ਵਿੱਚ ਪਾਵੇ।

**ਸੌਣਾ ਰੂੜੀਆਂ ਤੇ ਸੁਫ਼ਨੇ ਸ਼ੀਸ਼ ਮਹਿਲਾਂ ਦੇ**—ਜਦੋਂ ਕੋਈ ਥੋੜ੍ਹੇ ਅਣਥਕ ਵਸੀਲਿਆਂ ਵਾਲ਼ਾ ਬੰਦਾ ਵੱਡੀਆਂ-ਵੱਡੀਆਂ ਅਤੇ ਨਾ ਪੂਰੀਆਂ ਹੋਣ ਵਾਲ਼ੀਆਂ ਆਸਾਂ ਦੇ ਸੁਪਨੇ ਲਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

## ਹ

**ਹਸਦਾ ਪਿਉ ਦਾ ਰੋਂਦਾ ਮਾਂ ਦਾ**—ਇਸ ਅਖਾਣ ਦਾ ਭਾਵ ਸਪੱਸ਼ਟ ਹੈ ਕਿ ਹਸਦੇ ਖੇਡਦੇ ਪੁੱਤਰ ਨੂੰ ਬਾਪ ਲਾਡ ਲਡਾਉਂਦਾ ਹੈ ਤੇ ਜਦੋਂ ਉਹ ਰੋਣ ਲੱਗ ਪਵੇ ਤਾਂ ਮਾਂ ਦੇ ਹਵਾਲੇ ਕਰ ਦਿੰਦਾ ਹੈ। ਨਫ਼ੇ ਵਾਲ਼ੇ ਕੰਮ ਵਿੱਚ ਹਰ ਕੋਈ ਭਾਈਵਾਲ ਬਣਨਾ ਚਾਹੁੰਦਾ ਹੈ ਪ੍ਰੰਤੂ ਘਾਟੇ ਵੇਲੇ ਸਾਥ ਛੱਡ ਦਿੰਦਾ ਹੈ।

**ਹਸਦਿਆਂ ਦੇ ਘਰ ਵਸਦੇ**—ਇਸ ਅਖਾਣ ਵਿੱਚ ਹੱਸਣ, ਖੇਡਣ ਵਾਲ਼ੇ ਬੰਦਿਆਂ ਦੀ ਵਡਿਆਈ ਕੀਤੀ ਗਈ ਹੈ। ਭਾਵ ਇਹ ਹੈ ਕਿ ਜਿਹੜੇ ਪਰਿਵਾਰਾਂ ਦੇ ਜੀ ਹੱਸਦੇ-ਖੇਡਦੇ ਰਹਿੰਦੇ ਹਨ, ਉਹ ਪਰਿਵਾਰ ਸੁਖੀ ਵਸਦੇ ਹਨ।

**ਹਸਾਏ ਦਾ ਨਾਂ ਨਹੀਂ, ਰਵਾਏ ਦਾ ਹੋ ਜਾਂਦਾ ਹੈ**—ਭਾਵ ਇਹ ਹੈ ਕਿ ਕਿਸੇ ਦੀ ਲੰਮਾ ਸਮਾਂ ਦੇਖ ਭਾਲ਼ ਕਰਨ ਮਗਰੋਂ ਜੇ ਸੇਵਾ ਕਰਨ ਵਾਲ਼ੇ ਵੱਲੋਂ ਕੋਈ ਨੁਕਸਾਨ ਹੋ

ਜਾਵੇ, ਤਾਂ ਉਸ ਵੱਲੋਂ ਕੀਤੀ ਸੇਵਾ ਨੂੰ ਭੁੱਲ ਕੇ ਉਲਟਾ ਉਸ ਨੂੰ ਝਿੜਕਾਂ ਮਿਲਦੀਆਂ ਹਨ।

**ਹੱਕ ਪਛਾਣ ਪੂਰਾ ਈਮਾਨ**—ਭਾਵ ਇਹ ਹੈ ਕਿ ਹੱਕ-ਨਾ ਹੱਕ ਦਾ ਖ਼ਿਆਲ ਕਰਕੇ ਜੀਵਨ ਵਿੱਚ ਵਿਚਰਨਾ ਹੀ ਅਸਲੀ ਈਮਾਨਦਾਰੀ ਹੈ।

**ਹੰਕਾਰ ਦਾ ਸਿਰ ਨੀਂਵਾਂ ਹੁੰਦਾ ਹੈ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਹੰਕਾਰੀ ਬੰਦੇ ਦੇ ਮਾਣ ਨੂੰ ਸੱਟ ਵੱਜੀ ਹੋਵੇ ਤੇ ਦੁਖ ਭੋਗੇ। ਇਸੇ ਭਾਵ ਦਾ ਹੋਰ ਅਖਾਣ ਹੈ **'ਹੰਕਾਰਿਆ ਸੋ ਮਾਰਿਆ'**।

**ਹਕੀਮ ਦਾ ਯਾਰ ਰੋਗੀ ਤੇ ਪੰਡਿਤ ਦਾ ਯਾਰ ਸੋਗੀ**—ਇਸ ਅਖਾਣ ਦਾ ਭਾਵ ਇਹ ਹੈ ਕਿ ਸੰਗਤ ਦਾ ਪ੍ਰਭਾਵ ਹਰ ਕਿਸੇ 'ਤੇ ਪੈਂਦਾ ਹੈ। ਹਕੀਮਾਂ ਨਾਲ਼ ਦੋਸਤੀ ਕਰਨ ਵਾਲ਼ੇ ਮਾਮੂਲੀ ਕਾਰਨ ਵਸ ਦਵਾਈ ਖਾਣ ਲੱਗ ਜਾਂਦੇ ਹਨ ਤੇ ਸਦਾ ਲਈ ਰੋਗੀ ਬਣ ਜਾਂਦੇ ਹਨ, ਇਸੇ ਤਰ੍ਹਾਂ ਪੰਡਿਤਾਂ, ਜੋਤਸ਼ੀਆਂ ਕੋਲ਼ ਰਹਿਣ ਵਾਲ਼ਾ ਬੰਦਾ ਗ੍ਰਹਿਆਂ, ਨਛੱਤਰਾਂ ਦੇ ਚੱਕਰ ਵਿੱਚ ਪੈ ਕੇ ਵਹਿਮੀ ਬਣ ਜਾਂਦਾ ਹੈ।

**ਹੱਟ ਕਰਾਏ, ਦੰਮ ਵਿਆਜੀ, ਉਸ ਭੇੜੇ ਦੀ ਪੂਰੀ ਬਾਜ਼ੀ**—ਜਿਹੜਾ ਬੰਦਾ ਕਿਰਾਏ ਦੀ ਦੁਕਾਨ ਲੈ ਕੇ, ਉਹਦੇ ਵਿੱਚ ਸੌਦਾ ਪੱਤਾ ਵਿਆਜ਼ 'ਤੇ ਲਈ ਰਕਮ ਨਾਲ਼ ਖ਼ਰੀਦ ਕੇ ਪਾਵੇ, ਉਹ ਨੂੰ ਸਦਾ ਘਾਟਾ ਹੀ ਰਹਿੰਦਾ ਹੈ। ਇਸ ਅਖਾਣ ਰਾਹੀਂ ਵਿਆਜ ਤੇ ਰਕਮ ਲੈ ਕੇ ਵਪਾਰ ਕਰਨ ਦੀ ਨਿਖੇਧੀ ਕੀਤੀ ਗਈ ਹੈ।

**ਹੱਡ ਸ਼ਰੀਕਾ ਹੁੰਦਾ ਹੈ, ਕਰਮ ਸ਼ਰੀਕਾ ਨਹੀਂ**—ਭਾਵ ਇਹ ਕਿ ਸ਼ਰੀਕ ਭਾਵੇਂ ਕਿੰਨਾ ਵੈਰ ਕਮਾ ਲਵੇ ਪ੍ਰੰਤੂ ਉਹ ਕਿਸੇ ਦੇ ਕਰਮ ਨਹੀਂ ਧੋ ਸਕਦਾ, ਰੋਟੀ ਤੇ ਮਿਲਣੀ ਹੀ ਹੈ।

**ਹੱਥ ਕੰਗਣ ਨੂੰ ਆਰਸੀ ਕੀ**—ਇਸ ਅਖਾਣ ਦਾ ਭਾਵ ਸਪੱਸ਼ਟ ਹੈ ਕਿ ਸਾਹਮਣੇ ਦਿਸਦੀ ਚੀਜ਼ ਨੂੰ ਸਾਬਤ ਕਰਨ ਲਈ ਕਿਸੇ ਪ੍ਰਮਾਣ ਦੀ ਜ਼ਰੂਰਤ ਨਹੀਂ।

**ਹੱਥ ਕਾਰ ਵੱਲ ਚਿੱਤ ਯਾਰ ਵੱਲ**—ਭਾਵ ਇਹ ਹੈ ਕਿ ਕੰਮ ਦੇ ਰੁਝੇਵਿਆਂ ਦੇ ਹੁੰਦੇ ਹੋਏ ਵੀ ਮਿੱਤਰ ਪਿਆਰੇ ਸਦਾ ਯਾਦ ਰਹਿੰਦੇ ਹਨ, ਮਨੋਂ ਨਹੀਂ ਵਿਸਰਦੇ।

**ਹੱਥ ਠੂਠਾ ਦੇਸ ਮੋਕਲ਼ਾ**—ਇਹ ਅਖਾਣ ਉਦੋਂ ਵਰਤਦੇ ਹਨ, ਜਦੋਂ ਕੋਈ ਬੰਦਾ ਆਪਣਾ ਘਰ-ਬਾਰ ਛੱਡ ਕੇ ਫ਼ਿਰਤੂ ਹੋ ਜਾਵੇ, ਉਹਦੇ ਲਈ ਚਾਰੇ ਜਗੀਰਾਂ ਖੁੱਲ੍ਹੀਆਂ ਹੁੰਦੀਆਂ ਹਨ।

**ਹੱਥ ਨਾ ਪੱਲੇ, ਬਜ਼ਾਰ ਖੜੀ ਹੱਲੇ**—ਜਿਹੜੇ ਲੋਕ ਝੂਠਾ ਵਿਖਾਵਾ ਕਰਕੇ ਆਪਣੀ ਸ਼ਾਨੋ-ਸ਼ੌਕਤ ਵਖਾਉਂਦੇ ਹਨ ਪ੍ਰੰਤੂ ਅੰਦਰੋਂ ਖੋਖਲੇ ਹੁੰਦੇ ਹਨ, ਉਹਨਾਂ ਲਈ ਇਹ ਅਖਾਣ ਬੋਲਿਆ ਜਾਂਦਾ ਹੈ।

**ਹੱਥ ਨੂੰ ਹੱਥ ਪਛਾਣਦੈ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਜਿਸ ਤਰ੍ਹਾਂ

ਦੀ ਵਰਤੋਂ-ਵਿਹਾਰ ਤੁਸੀਂ ਦੂਜੇ ਨਾਲ਼ ਕਰੋਗੇ, ਉਹੋ ਜਿਹਾ ਵਰਤਾਰਾ ਤੁਹਾਨੂੰ ਦੂਜੇ ਪਾਸੋਂ ਮਿਲਗੇ। ਜਿਹੋ ਜਿਹੀ ਭਾਜੀ ਤੁਸੀਂ ਪਾਵੋਗੇ, ਉਹੋ ਜਿਹੀ ਤੁਹਾਨੂੰ ਮੁੜੇਗੀ।

**ਹੱਥ ਪੱਲਾ ਸੱਖਣਾ, ਖ਼ੁਦਾ ਪੜਦਾ ਰੱਖਣਾ**—ਜਦੋਂ ਕਿਸੇ ਦੀ ਇੱਜ਼ਤ ਆਬਰੂ ਖ਼ਤਰੇ ਵਿੱਚ ਪੈ ਜਾਵੇ ਤਾਂ ਉਹ ਰੱਬ ਤੇ ਟੇਕ ਰੱਖੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਹੱਥ ਪੁਰਾਣੇ ਖੋਸੜੇ ਬਸੰਤੇ ਹੋਰੀਂ ਆਏ**—ਜਦੋਂ ਕੋਈ ਬੰਦਾ ਭੱਜ-ਦੌੜ ਕਰਨ ਮਗਰੋਂ ਆਪਣੇ ਕੰਮ-ਕਾਰ ਵਿੱਚ ਸਫ਼ਲਤਾ ਪ੍ਰਾਪਤ ਨਾ ਕਰੇ ਤੇ ਨਿਰਾਸ਼ ਹੋ ਕੇ ਆਪਣੇ ਘਰ ਪਰਤ ਆਏ ਤਾਂ ਵਿਅੰਗ ਨਾਲ਼ ਇਹ ਅਖਾਣ ਉਸ ਪਰਤੀ ਬੋਲਿਆ ਜਾਂਦਾ ਹੈ।

**ਹੱਥ ਵਿੱਚ ਫੜੀ ਤਸਬੀ ਮੂੰਹ ਵਿੱਚ ਰੱਖੀ ਗਾਲ, ਮਾਲਾ ਏਥੇ ਰਹਿਵਣੀ, ਬੋਲ ਚਲਣਗੇ ਨਾਲ਼**—ਜਦੋਂ ਇਹ ਦੱਸਣਾ ਹੋਵੇ ਕਿ ਬੰਦੇ ਦੇ ਚੰਗੇ ਕੀਤੇ ਕੰਮਾਂ ਨਾਲ਼ ਹੀ ਅਗਲੀ ਦਰਗਾਹ ਵਿੱਚ ਨਿਬੇੜਾ ਹੋਣਾ ਹੈ, ਭਜਨ, ਬੰਦਗੀ ਏਥੇ ਹੀ ਰਹਿ ਜਾਣੀ ਹੈ।

**ਹੱਥਾਂ ਦੀਆਂ ਦਿੱਤੀਆਂ ਦੰਦਾਂ ਨਾਲ਼ ਖੋਲ੍ਹਣੀਆਂ ਪੈਂਦੀਆਂ ਹਨ**—ਜਦੋਂ ਕੋਈ ਬੰਦਾ ਆਪ ਹੀ ਗ਼ਲਤੀ ਕਰਕੇ ਆਪਣਾ ਕੰਮ ਵਿਗਾੜ ਲਵੇ ਤਾਂ ਉਸ ਨੂੰ ਆਪ ਹੀ ਔਖਾ ਹੋ ਕੇ ਆਪਣਾ ਕੰਮ ਠੀਕ ਕਰਨਾ ਪਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਏ**—ਭਾਵ ਸਪੱਸ਼ਟ ਹੈ ਕਿ ਵੈਰੀ ਨੂੰ ਕਰੜੇ ਹੱਥਾਂ ਨਾਲ਼ ਹੀ ਸਬਕ ਸਿਖਾਉਣਾ ਚਾਹੀਦਾ ਹੈ। ਜੇ ਤੁਸੀਂ ਆਪਣੇ ਦੁਸ਼ਮਣ ਨਾਲ਼ ਸਖ਼ਤਾਈ ਨਹੀਂ ਵਰਤੋਗੇ ਤਾਂ ਉਹ ਤੁਹਾਡੇ ਸਿਰ ਚੜ੍ਹ ਜਾਵੇਗਾ।

**ਹਥਿਆਰ ਉਹ ਜਿਹੜਾ ਵੇਲੇ ਸਿਰ ਕੰਮ ਆਵੇ**—ਜਦੋਂ ਕਿਸੇ ਲੋੜ ਸਮੇਂ ਅਸਲੀ ਚੀਜ਼ ਦੀ ਥਾਂ ਕਿਸੇ ਹੋਰ ਚੀਜ਼ ਨਾਲ਼ ਕੰਮ ਸਾਰ ਲਿਆ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਹੱਥੀਂ ਕੜੇ, ਢਿਡ ਭੁੱਖ ਨਾਲ ਸੜੇ**—ਜਦੋਂ ਕੋਈ ਆਰਥਿਕ ਪੱਖੋਂ ਕਮਜ਼ੋਰ ਬੰਦਾ ਬਾਹਰੀ ਤੌਰ 'ਤੇ ਆਪਣੀ ਸ਼ਾਨੋ-ਸ਼ੌਕਤ ਦਾ ਦਿਖਾਵਾ ਕਰੇ, ਉਦੋਂ ਇੰਜ ਆਖਦੇ ਹਨ।

**ਹੱਥੀਂ ਦਏ ਨਾ, ਖਾਹ ਬੱਚਾ ਖਾਹ**—ਜਦੋਂ ਕੋਈ ਜਣਾ ਮਿੱਠੀਆਂ-ਮਿੱਠੀਆਂ ਚੋਪੜੀਆਂ ਗੱਲਾਂ ਮਾਰ ਕੇ ਸਾਰੇ ਤੇ ਆਪਣੇ ਹੱਥੀਂ ਕੁਝ ਦੇਵੇ ਨਾ, ਉਦੋਂ ਇਹ ਅਖਾਣ ਬੋਲਦੇ ਹਨ।

**ਹੱਥੋ ਹੱਥ ਨਬੇੜਾ, ਨਾ ਝਗੜਾ ਨਾ ਝੇੜਾ**—ਜਦੋਂ ਕੋਈ ਬੰਦਾ ਕਿਸੇ ਤੋਂ ਕੋਈ ਚੀਜ਼ ਲੈ ਕੇ ਉਸ ਦਾ ਮੁੱਲ ਤਾਰਨ ਲਈ ਨਾਂਹ ਨੁੱਕਰ ਕਰੇ ਤਾਂ ਅੱਗੋਂ ਅਗਲਾ ਚੀਜ਼ ਦਾ ਮੁੱਲ ਲੈਣ ਲਈ ਇਹ ਅਖਾਣ ਵਰਤਦਾ ਹੈ।

**ਹਮ ਨਾ ਵਿਆਹੇ, ਕਾਹਦੇ ਸਾਹੇ**—ਜਦੋਂ ਹੋਰਨਾਂ ਬੰਦਿਆਂ ਦਾ ਕੰਮ ਹੋ ਜਾਵੇ ਤੇ ਕਿਸੇ ਦਾ ਆਪਣਾ ਕੰਮ ਸਿਰੇ ਨਾ ਲੱਗੇ ਤਾਂ ਉਸ ਦੀ ਮਾਨਸਿਕ ਸਥਿਤੀ ਪ੍ਰਗਟ ਕਰਨ ਲਈ ਇਹ ਅਖਾਣ ਵਰਤਦੇ ਹਨ।

**ਹਮ ਸਾਏ, ਮਾਂ ਪਿਉ ਜਾਏ**—ਭਾਵ ਇਹ ਹੈ ਕਿ ਆਪਣੇ ਗੁਆਂਢੀਆਂ ਨਾਲ਼ ਸਦਾ ਸੁਖਾਵੇਂ ਤੇ ਪਿਆਰ ਭਰੇ ਸਬੰਧ ਰੱਖਣੇ ਚਾਹੀਦੇ ਹਨ ਅਤੇ ਉਹਨਾਂ ਪ੍ਰਤੀ ਚੰਗੇਰੀ ਭਾਵਨਾ ਰੱਖਣੀ ਉੱਚਿਤ ਹੈ।

**ਹਰ ਹਰ ਗੰਗਾ, ਧੰਡਾਣੇ ਲਿਆ ਪੰਗਾ**—ਜਦੋਂ ਆਪਣੀ ਗ਼ਲਤੀ ਨਾਲ਼ ਮੁਸੀਬਤ ਗਲ਼ ਪੈ ਜਾਵੇ, ਉਦੋਂ ਇੰਜ ਆਖਦੇ ਹਨ।

**ਹਰਦਵਾਰ ਦਾ ਰਾਹ ਤਾਂ ਹਰ ਕੋਈ ਦੱਸਦਾ ਹੈ ਪੱਲੇ ਖ਼ਰਚ ਕੋਈ ਨਹੀਂ ਬੰਨ੍ਹਦਾ**— ਵਧੇਰੇ ਖ਼ਰਚ ਲਈ ਸੁਝਾਅ ਦੇਣ ਵਾਲ਼ੇ ਤਾਂ ਬਹੁਤ ਹਨ ਪ੍ਰੰਤੂ ਖ਼ਰਚੇ ਵਿੱਚ ਭਾਈਵਾਲ ਕੋਈ ਨਹੀਂ ਬਣਦਾ।

**ਹਰ ਮਸਾਲੇ ਵਿੱਚ ਪਿੱਪਲਾ ਮੂਲ**—ਜਦੋਂ ਕੋਈ ਬੰਦਾ ਹਰ ਮਹਿਫ਼ਲ ਵਿੱਚ ਮੂਹਰੇ-ਮੂਹਰੇ ਫਿਰਦਾ ਨਜ਼ਰ ਆਵੇ ਤਾਂ ਉਸ ਲਈ ਇਹ ਅਖਾਣ ਵਰਤਦੇ ਹਨ।

**ਹਰਾਮ ਦਾ ਮਾਲ ਹਰਾਮ ਦੇ ਰਾਹ ਹੀ ਜਾਂਦਾ ਹੈ**—ਭਾਵ ਅਰਥ ਸਪੱਸ਼ਟ ਹੈ। ਬਿਨਾਂ ਮਿਹਨਤ ਕੀਤੀ ਕਮਾਈ ਅਜਾਈਂ ਖ਼ਤਮ ਹੋ ਜਾਂਦੀ ਹੈ। ਅਣਕਮਾਇਆ ਧਨ ਫ਼ਜ਼ੂਲ ਖ਼ਰਚੀ ਰਾਹੀਂ ਛੇਤੀ ਉੱਡ-ਪੁੱਡ ਜਾਂਦਾ ਹੈ।

**ਹਵੇਲੀ ਮੀਏਂ ਬਾਕਰ ਦੀ, ਵਿਚ ਸਲੇਮੋ ਆਕੜ ਦੀ**—ਜਦੋਂ ਕੋਈ ਗ਼ਰੀਬ, ਕਮਜ਼ੋਰ ਜਾਂ ਹੀਣਾ ਬੰਦਾ ਆਪਣੇ ਕਿਸੇ ਦੂਰ ਦੇ ਤਕੜੇ ਤੇ ਅਮੀਰ ਰਿਸ਼ਤੇਦਾਰ ਦਾ ਰਿਸ਼ਤੇਦਾਰ ਹੋਣ ਦਾ ਮਾਣ ਕਰੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਹਾਂ ਜੀ ਹਾਂ ਜੀ ਕਹਿੰਦੇ ਆਂ, ਸਦਾ ਸੁਖੀ ਰਹਿੰਦੇ ਹਾਂ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਬਿਨਾਂ ਕਿਸੇ ਉਜਰ ਦੇ ਹੁਕਮ ਮੰਨਣ ਵਾਲ਼ਾ ਬੰਦਾ ਸਦਾ ਸੁਖੀ ਰਹਿੰਦਾ ਹੈ। ਇਹ ਅਖਾਣ ਖ਼ੁਸ਼ਾਮਦੀ ਕਰਮਚਾਰੀਆਂ ਲਈ ਵੀ ਵਰਤਿਆ ਜਾਂਦਾ ਹੈ।

**ਹਾਸੇ ਦਾ ਮੜ੍ਹਾਸਾ ਹੋ ਜਾਂਦਾ ਹੈ**—ਕਈ ਵਾਰੀ ਹਾਸੇ-ਹਾਸੇ ਵਿੱਚ ਹੀ ਮੂੰਹੋਂ ਅਜਿਹੀ ਗੱਲ ਨਿਕਲ ਜਾਂਦੀ ਹੈ ਜਿਸ ਕਰਕੇ ਬੇਸੁਆਦੀ ਜਾਂ ਲੜਾਈ ਹੋ ਜਾਂਦੀ ਹੈ।

**ਹਾਜ਼ਰ ਨੂੰ ਹੁੱਜਤ ਨਹੀਂ**—ਭਾਵ ਇਹ ਹੈ ਕਿ ਸਾਹਮਣੇ ਬੈਠੇ ਵਿਅਕਤੀ ਦੀ ਕੋਈ ਨੁਕਤਾਚੀਨੀ ਨਹੀਂ ਕਰਦਾ। ਅੱਖ ਦੀ ਸ਼ਰਮ ਮਾਰ ਜਾਂਦੀ ਹੈ।

**ਹਾਂਡੀ ਉਬਲੂ, ਆਪਣੇ ਈ ਕੰਢੇ ਸਾੜੂ**—ਭਾਵ ਇਹ ਹੈ ਕਿ ਕੋਈ ਕਮਜ਼ੋਰ ਜਾਂ ਨਿਤਾਣਾ ਬੰਦਾ ਕਿਸੇ ਤੇ ਗੁੱਸਾ ਕੱਢ ਕੇ ਉਸ ਦਾ ਕੁਝ ਨਹੀਂ ਵਿਗਾੜ ਸਕਦਾ, ਸਗੋਂ ਉਸ ਦਾ ਆਪਣਾ ਹੀ ਲਹੂ ਸੜੇਗਾ।

**ਹਾਣ ਨੂੰ ਹਾਣ ਪਿਆਰਾ**—ਇਸ ਅਖਾਣ ਦਾ ਭਾਵ ਸਪੱਸ਼ਟ ਹੈ ਕਿ ਹਰ ਕੋਈ ਆਪਣੀ ਉਮਰ ਦੇ ਹਾਣੀਆਂ ਨੂੰ ਮਿਲ ਕੇ ਖ਼ੁਸ਼ ਰਹਿੰਦਾ ਹੈ। ਬੱਚੇ ਬੱਚਿਆਂ ਨਾਲ਼ ਖੇਡਣਾ ਪਸੰਦ ਕਰਦੇ ਹਨ।

**ਹਾਥੀ ਜਿਉਂਦਾ ਲੱਖ ਦਾ, ਮੋਇਆ ਸਵਾ ਲੱਖ ਦਾ**—ਜਦੋਂ ਸਮਾਂ ਪਾ ਕੇ ਕਿਸੇ ਚੀਜ਼ ਦੀ ਕਦਰ ਵੱਧ ਜਾਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਹਾਥੀ ਦੇ ਦੰਦ ਖਾਣ ਨੂੰ ਹੋਰ ਦਿਖਾਣ ਨੂੰ ਹੋਰ**—ਇਹ ਅਖਾਣ ਉਸ ਭੱਦਰ ਪੁਰਸ਼ ਲਈ ਵਰਤਿਆ ਜਾਂਦਾ ਹੈ ਜਿਸ ਦਾ ਬਾਹਰਲਾ ਜੀਵਨ ਸਾਊਆਂ ਵਾਲ਼ਾ ਹੋਵੇ ਪ੍ਰੰਤੂ ਅੰਦਰਲਾ ਜੀਵਨ ਮਾੜਾ ਹੋਵੇ।

**ਹਾਥੀ ਦੇ ਪੈਰ ਵਿੱਚ ਸਭ ਦਾ ਪੈਰ**—ਜਦੋਂ ਕੋਈ ਇਕੱਲਾ ਬੰਦਾ ਬਹੁਤ ਸਾਰੇ ਬੰਦਿਆਂ ਦਾ ਇਕੱਲਾ ਹੀ ਕੰਮ ਸਾਰ ਦੇਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਹਾਥੀ ਲੰਘ ਗਿਆ ਪੂਛ ਰਹਿ ਗਈ**—ਜਦੋਂ ਬਹੁਤ ਸਾਰਾ ਕੰਮ ਮੁਕ ਜਾਵੇ ਤੇ ਥੋੜ੍ਹਾ ਪਿੱਛੇ ਰਹਿ ਜਾਵੇ, ਉਦੋਂ ਕੰਮ ਕਰਨ ਵਾਲ਼ਿਆਂ ਦਾ ਹੌਸਲਾ ਵਧਾਉਣ ਲਈ ਇਹ ਅਖਾਣ ਬੋਲਦੇ ਹਨ।

**ਹਾਰ ਮੰਨੀ ਝਗੜਾ ਮੁੱਕਾ**—ਜਦੋਂ ਕੋਈ ਸਿਆਣਾ ਬੰਦਾ ਝਗੜੇ ਦਾ ਨਿਪਟਾਰਾ ਕਰਨ ਲਈ ਆਪ ਮਾੜੀ-ਮੋਟੀ ਕਸਰ ਸਹਿ ਲਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਹਾੜ੍ਹ ਨਾ ਵਾਹੀ ਹਾੜ੍ਹੀ, ਫਿਟ ਭੜੂਏ ਦੀ ਦਾਹੜੀ**—ਭਾਵ ਇਹ ਹੈ ਕਿ ਜਿਹੜਾ ਜੱਟ ਹਾੜ੍ਹ ਦੇ ਮਹੀਨੇ ਵਿੱਚ ਆਪਣੀ ਪੈਲੀ ਨਹੀਂ ਵਾਹੁੰਦਾ ਉਹ ਚੰਗੀ ਫ਼ਸਲ ਨਹੀਂ ਲੈ ਸਕਦਾ।

**ਹਿੱਸਾ ਚੌਥਾ, ਜੁੱਤੀਆਂ ਦਾ ਅੱਧ**—ਜਦੋਂ ਕਿਸੇ ਬੰਦੇ ਨੂੰ ਲਾਭ ਵਿੱਚੋਂ ਤਾਂ ਘੱਟ ਪ੍ਰਾਪਤੀ ਹੋਵੇ, ਪ੍ਰੰਤੂ ਨੁਕਸਾਨ ਸਮੇਂ ਬਹੁਤਾ ਹਿੱਸਾ ਦੇਣਾ ਪਵੇ, ਉਦੋਂ ਇੰਜ ਆਖਦੇ ਹਨ।

**ਹਿੰਗ ਆਈ ਤੇ ਬਾਟ ਹੀ ਲਾਈ**—ਜਦੋਂ ਕੋਈ ਕਿਸੇ ਥੋੜ੍ਹੀ ਤੇ ਸੰਕੋਚਵੀਂ ਚੀਜ਼ ਦੀ ਵਰਤੋਂ ਕਰਨ ਵਾਲ਼ੀ ਚੀਜ਼ ਨੂੰ ਖ਼ੁੱਲ੍ਹੇ ਹੱਥ ਨਾਲ਼ ਵਰਤਾਉਣ ਦੀ ਮੂਰਖ਼ਤਾ ਕਰੇ, ਉਦੋਂ ਇਹ ਅਖਾਣ ਬੋਲਦੇ ਹਨ।

**ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ**—ਜਦੋਂ ਪੱਲਿਓਂ ਖ਼ਰਚ ਕੀਤੇ ਬਿਨਾਂ ਹੀ ਕੰਮ ਮੁਫ਼ਤੋਂ ਮੁਫ਼ਤੀ ਹੋ ਜਾਵੇ, ਉਦੋਂ ਇੰਜ ਆਖਦੇ ਹਨ।

**ਹਿੰਮਤੇ ਅੱਗੇ ਫ਼ਤਹ ਨਸੀਬ**—ਭਾਵ ਇਹ ਹੈ ਕਿ ਉੱਦਮੀ ਪੁਰਸ਼ ਹਿੰਮਤ ਕਰਕੇ ਆਪਣੇ ਮੰਨ ਦੀ ਮੁਰਾਦ ਪੂਰੀ ਕਰ ਲੈਂਦਾ ਹੈ।

**ਹਿੱਲੀ ਹਿੱਲੀ ਗਿਦੜੀ, ਰਵਾਹ ਪਈਆਂ ਫਲੀਆਂ**—ਭਾਵ ਇਹ ਹੈ ਕਿ ਕਿਸੇ ਬੰਦੇ ਨੂੰ ਹਰ ਰੋਜ਼ ਕੁਝ ਨਾ ਕੁਝ ਦੇ ਕੇ ਗਿਝਾ ਨਹੀਂ ਲੈਣਾ ਚਾਹੀਦਾ। ਗਿਝਿਆ ਮਨੁੱਖ ਤੰਗ ਕਰਦਾ ਹੈ।

**ਹਿੱਲੇ ਨੂੰ ਹਲਾਈਏ ਨਾ, ਹਿੱਲੇ ਦਾ ਮਾਣ ਗਵਾਈਏ ਨਾ**—ਭਾਵ ਇਹ ਹੈ ਕਿ ਕਿਸੇ ਨੂੰ ਕੁਝ ਦੇ ਕੇ ਗੇਝ ਨਹੀਂ ਪਾਉਣੀ ਚਾਹੀਦੀ ਪ੍ਰੰਤੂ ਜੇ ਗੇਝ ਪਾ ਹੀ ਲਈ ਹੈ ਤਾਂ ਉਸ ਦੀ ਆਸ ਪੂਰੀ ਕਰਦੇ ਰਹਿਣਾ ਚਾਹੀਦਾ ਹੈ।

**ਹੀਲੇ ਰਿਜ਼ਕ ਬਹਾਨੇ ਮੌਤ**—ਰੋਜ਼ੀ ਤੇ ਰਿਜ਼ਕ ਕਮਾਉਣ ਲਈ ਅਨੇਕਾਂ ਪਾਪੜ ਵੇਲਣੇ ਪੈਂਦੇ ਹਨ, ਮੌਤ ਤਾਂ ਕਿਸੇ ਕਾਰਨ ਵੀ ਆ ਸਕਦੀ ਹੈ, ਚਾਹੇ ਕੋਈ ਰੋਗ ਲੱਗ ਜਾਵੇ ਜਾਂ ਦੁਰਘਟਨਾ ਵਾਪਰ ਜਾਵੇ।

**ਹੁਸਨ, ਜਵਾਨੀ ਤੇ ਰੰਗ ਫੁੱਲਾਂ ਦਾ, ਮੁੱਦਤ ਰਹਿੰਦੇ ਨਾਹੀਂ, ਲੱਖਾਂ ਖ਼ਰਚੋ ਹੱਥ ਨਾ ਆਵਣ ਮੁੱਲ ਵਿਕੇਂਦੇ ਨਾਹੀਂ**—ਭਾਵ ਇਹ ਹੈ ਕਿ ਫੁੱਲਾਂ ਦਾ ਰੰਗ ਅਤੇ ਜਵਾਨੀ ਇਕ ਵਾਰੀ ਜਾਣ ਮਗਰੋਂ ਲੱਖਾਂ ਰੁਪਏ ਖ਼ਰਚ ਕਰਕੇ ਵੀ ਮੁੜ ਪ੍ਰਾਪਤ ਨਹੀਂ ਕੀਤੇ ਜਾ ਸਕਦੇ।

**ਹੁਕਮ ਬਿਨਾਂ ਝੂਲੇ ਨਹੀਂ ਪੱਤਾ**—ਇਸ ਮਹਾਂਵਾਕ ਵਿੱਚ ਦੱਸਿਆ ਗਿਆ ਹੈ ਕਿ ਪ੍ਰਮਾਤਮਾ ਦੀ ਰਜ਼ਾ ਵਿੱਚ ਹੀ ਰਹਿਣਾ ਚਾਹੀਦਾ ਹੈ। ਉਸ ਦੇ ਹੁਕਮ ਨਾਲ਼ ਹੀ ਸਭ ਕੁਝ ਵਾਪਰਦਾ ਹੈ।

**ਹੁੱਜਾਂ ਬਾਂਦਰਾਂ, ਟੁੱਕਰ ਕਲੰਦਰਾਂ**—ਜਦੋਂ ਕੋਈ ਬੰਦਾ ਕਿਸੇ ਦੂਜੇ ਬੰਦੇ ਦੀ ਮਿਹਨਤ ਤੇ ਕਮਾਈ 'ਤੇ ਗੁਜ਼ਾਰਾ ਕਰਦਾ ਹੋਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਹੁਣ ਤਾਂ ਭੇਡਾਂ ਵੀ ਮੱਕੇ ਚੱਲੀਆਂ ਨੇ**—ਜਦੋਂ ਕੋਈ ਨਾ ਅਹਿਲ ਤੇ ਨਿਕੰਮਾ ਬੰਦਾ ਕਿਸੇ ਵੱਡੇ ਕੰਮ ਵਿੱਚ ਭਾਗ ਲੈਣ ਲੱਗ ਜਾਵੇ, ਉਦੋਂ ਇੰਜ ਆਖਦੇ ਹਨ।

**ਹੁਣ ਦੀ ਹੁਣ ਨਾਲ਼, ਉਦੋਂ ਦੀ ਉਦੋਂ ਨਾਲ਼**—ਭਾਵ ਇਹ ਹੈ ਕਿ ਬੀਤੇ ਦੀ ਗੱਲ ਛੱਡੋ, ਹੁਣ ਦੀ ਗੱਲ ਕਰੋ।

**ਹੁਣ ਪਛਤਾਇਆਂ ਕੀ ਬਣੇ ਜਦ ਚਿੜੀਆਂ ਚੁਗਿਆ ਖੇਤ**—ਭਾਵ ਇਹ ਹੈ ਕਿ ਸਮਾਂ ਗੁਆਉਣ ਮਗਰੋਂ ਪਛਤਾਵਾ ਕਰਨ ਦਾ ਕੋਈ ਲਾਭ ਨਹੀਂ। ਸਮੇਂ ਨੂੰ ਪਹਿਲੋਂ ਹੀ ਸੰਭਾਲਣਾ ਚਾਹੀਦਾ ਹੈ।

**ਹੁਦਾਰ ਦਿੱਤਾ, ਗਾਹਕ ਪਸਿੱਤਾ**—ਭਾਵ ਸਪੱਸ਼ਟ ਹੈ ਕਿ ਹੁਦਾਰ ਲੈ ਕੇ ਗਾਹਕ ਮੁੜਕੇ ਦੁਕਾਨ 'ਤੇ ਨਹੀਂ ਆਉਂਦਾ।

**ਹੁੰਦੇ ਦਾ ਨਾਂ ਹਿੰਦੂ ਹੈ**—ਗਰੀਬ ਆਦਮੀ ਨੇ ਕੀ ਦਾਨ ਕਰਨਾ ਹੋਇਆ, ਉਹੀ ਦਾਨ ਕਰ ਸਕਦਾ ਹੈ ਜਿਸ ਦੇ ਪੱਲੇ ਕੁਝ ਹੋਵੇ।

**ਹੂੰ ਨਾ ਕਰੋ, ਸਾਧੋ ਮਾਰਦੀ ਐ**—ਜਦੋਂ ਕੋਈ ਵਿਅਕਤੀ ਬਿਨਾਂ ਕਿਸੇ ਕਾਰਨ ਹੀ ਗੁੱਸੇ ਹੋਈ ਜਾਵੇ, ਉਦੋਂ ਇੰਜ ਆਖਦੇ ਹਨ।

**ਹੇਠਾਂ ਨਾ ਉੱਤੇ ਮੈਂ ਅੱਧ ਵਿੱਚ ਸੌਂਦੀ ਆਂ**—ਜਦੋਂ ਕੋਈ ਅਯੋਗ ਜਿਹੀ ਮੰਗ ਕਰਕੇ ਅਢੁੱਕਵਾਂ ਹੱਠ ਕਰੇ, ਉਦੋਂ ਆਖਦੇ ਹਨ।

**ਹੇਠਾਂ ਮਸੀਤ ਉੱਤੇ ਠਾਕਰ ਦਵਾਰਾ**—ਦੋ ਅਣ-ਢੁਕਵੀਆਂ ਗੱਲਾਂ ਦੇ ਮੇਲ ਨੂੰ ਵੇਖ ਕੇ ਇਹ ਅਖਾਣ ਅਕਸਰ ਵਰਤਿਆ ਜਾਂਦਾ ਹੈ।

**ਹੋਇਆ ਤਾਂ ਈਦ, ਨਹੀਂ ਤਾਂ ਰੋਜ਼ਾ**—ਇਹ ਅਖਾਣ ਉਹਨਾਂ ਵਿਅਕਤੀਆਂ ਦੀ ਮਾਨਸਿਕ ਦਿਸ਼ਾ ਦਾ ਵਰਨਣ ਕਰਦਾ ਹੈ ਜਿਹੜੇ ਪੈਸੇ ਹੋਣ ਤੇ ਐਸ਼ ਕਰਦੇ ਹਨ ਅਤੇ ਪੈਸੇ ਮੁੱਕਣ ਮਗਰੋਂ ਭੁੱਖਾਂ ਕੱਟਦੇ ਹਨ।

**ਹੋਛਾ ਕੀ ਸਵਾਰੇ, ਇਕ ਵਾਰੀ ਕਰੇ ਸੌ ਵਾਰੀ ਪਤਾਰੇ**—ਇਸ ਅਖਾਣ ਦਾ ਭਾਵ

ਇਹ ਹੈ ਕਿ ਥੋੜ੍ਹ-ਦਿਲਾ ਬੰਦਾ ਜੇਕਰ ਕਿਸੇ 'ਤੇ ਮਾੜਾ ਮੋਟਾ ਅਹਿਸਾਨ ਕਰ ਦੇਵੇ ਤਾਂ ਉਹ ਇਸ ਅਹਿਸਾਨ ਨੂੰ ਹਰ ਵਾਰ ਚਿਤਾਰਦਾ ਰਹਿੰਦਾ ਹੈ।

**ਹੋਛੇ ਜੱਟ ਕਟੋਰਾ ਲੱਭਾ, ਪਾਣੀ ਪੀ ਪੀ ਆਫ਼ਰਿਆ**—ਜੇਕਰ ਕਿਸੇ ਥੋੜ੍ਹ-ਚਿੱਤੇ ਬੰਦੇ ਨੂੰ ਉਸ ਦੇ ਵਿਤ ਤੋਂ ਉਚੇਰੀ ਚੀਜ਼ ਪ੍ਰਾਪਤ ਹੋ ਜਾਵੇ ਤਾਂ ਉਹ ਉਸ ਦੀ ਦੁਰਵਰਤੋਂ ਕਰਕੇ ਆਪਣੇ ਆਪ ਦਾ ਮਖ਼ੌਲ ਉਡਾਉਂਦਾ ਹੈ ਤੇ ਨੁਕਸਾਨ ਝਲਦਾ ਹੈ।

**ਹੋਛੇ ਦੀ ਯਾਰੀ, ਸਦਾ ਖਵਾਰੀ**—ਭਾਵ ਸਪੱਸ਼ਟ ਹੈ ਕਿ ਹੋਛੇ ਤੇ ਥੋੜ੍ਹੇ ਵਿੱਤ ਵਾਲ਼ੇ ਬੰਦੇ ਨਾਲ਼ ਸਾਂਝ ਭਿਆਲੀ ਪਾਉਣ ਨਾਲ਼ ਬਦਨਾਮੀ ਅਤੇ ਖ਼ੁਨਾਮੀ ਝਲਣੀ ਪੈਂਦੀ ਹੈ।

**ਹੋਰੀ ਤੇ ਹੋਰੀ ਦੀ, ਬੁੱਢੀ ਨੂੰ ਡੰਗੋਰੀ ਦੀ**—ਜਦੋਂ ਇਹ ਦੱਸਣਾ ਹੋਵੇ ਕਿ ਹਰ ਕਿਸੇ ਨੂੰ ਆਪਣੀ-ਆਪਣੀ ਵਸਤੂ ਦੀ ਚਿੰਦਾ ਹੁੰਦੀ ਹੈ, ਉਦੋਂ ਇਹ ਅਖਾਣ ਬੋਲਦੇ ਹਨ।

**ਹੌਲੇ ਭਾਰ ਤੇ ਸਾਥ ਦੇ ਮੋਹਰੀ**—ਭਾਵ ਇਹ ਹੈ ਕਿ ਜਿਸ ਬੰਦੇ ਕੋਲ਼ ਸੌਖਾ ਕੰਮ ਹੋਵੇ ਉਹ ਛੇਤੀ ਵਿਹਲਾ ਹੋ ਜਾਂਦਾ ਹੈ।

## ਕ

**ਕਹਿਣਾ ਜੀ ਤੇ ਲੈਣਾ ਕੀ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਕਿਸੇ ਅਵੈੜੇ ਸੁਭਾਅ ਵਾਲ਼ੇ ਬੰਦੇ ਨਾਲ਼ ਵਰਤ-ਵਰਤਾ ਕਰਨ ਲੱਗਿਆਂ ਜੀ-ਜੀ ਕਰਕੇ ਸਮਾਂ ਬਿਤਾਉਣਾ ਚੰਗਾ ਹੁੰਦਾ ਹੈ।

**ਕਹਿਤ ਕਮਲੇ ਸੁਣਤ ਬਾਵਰੇ**—ਜਦੋਂ ਕੋਈ ਮੂਰਖ਼ ਬੰਦਾ ਕਿਸੇ ਪਾਸੋਂ ਬੇਸਿਰ ਪੈਰ ਗੁੱਲਾਂ ਸੁਣ ਕੇ ਉਹਨਾਂ ਨੂੰ ਸੱਚੀਆਂ ਜਾਣ ਕੇ ਉਹੀ ਗੱਲਾਂ ਦੂਜਿਆਂ ਨੂੰ ਦੱਸਦਾ ਫਿਰੇ ਉਦੋਂ ਇਹ ਅਖਾਣ ਬੋਲਦੇ ਹਨ।

**ਕਹੇ ਤੇ ਘੁਮਾਰੀ ਗਧੇ ਤੇ ਨਹੀਂ ਚੜ੍ਹਦੀ**—ਜਦੋਂ ਕੋਈ ਬੰਦਾ ਜਿਹੜਾ ਕੰਮ ਨਿਤਨੇਮ ਨਾਲ਼ ਕਰਦਾ ਹੋਵੇ ਪ੍ਰੰਤੂ ਜਦੋਂ ਉਸੇ ਕੰਮ ਨੂੰ ਕਰਨ ਲਈ ਦੂਜਾ ਬੰਦਾ ਕਹੇ ਤਾਂ ਇਨਕਾਰ ਕਰ ਦੇਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਕੱਕਾ, ਕੈਰਾ, ਨੰਹੁ ਭਰਾ, ਛਾਤੀ ਤੇ ਨਾ ਵਾਲ, ਚਾਰੇ ਖੋਟੇ ਜੇ ਮਿਲਣ, ਦੂਰੋਂ ਗੰਢ ਸੰਭਾਲ**—ਉਪਰ ਦੱਸੀਆਂ ਚੁੰਹਾਂ ਨਿਸ਼ਾਨੀਆਂ ਵਾਲ਼ੇ ਬੰਦੇ ਅਕਸਰ ਠੱਗ ਅਤੇ ਧੋਖੇਬਾਜ਼ ਹੁੰਦੇ ਹਨ, ਇਸ ਲਈ ਉਹਨਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ।

**ਕੱਖ ਹੱਲਿਆ ਤੇ ਚੋਰ ਚੱਲਿਆ**—ਭਾਵ ਇਹ ਹੈ ਕਿ ਲੁਕ ਛਿਪ ਕੇ ਮਾੜਾ ਕੰਮ ਕਰਨ ਵਾਲ਼ੇ ਬੰਦੇ ਜਰੀ ਭਰ ਖੜਕਾ ਸੁਣਕੇ ਦੌੜ ਜਾਂਦੇ ਹਨ।

**ਕੱਖ ਨਾਲ਼ ਵੀ ਰੱਖ**—ਭਾਵ ਸਪੱਸ਼ਟ ਹੈ ਕਿ ਕਮਜ਼ੋਰ ਬੰਦਾ ਵੀ ਤੁਹਾਡੀ ਮਦਦ ਕਰ ਸਕਦਾ ਹੈ, ਕਿਸੇ ਨਾਲ਼ ਵੀ ਵਿਗਾੜਨੀ ਨਹੀਂ ਚਾਹੀਦੀ, ਸਭ ਨਾਲ਼ ਮੇਲ ਮਿਲਾਪ ਰੱਖੋ।

**ਕੱਖਾਂ ਦੀ ਕੁੱਲੀ, ਪਰਨਾਲਾ ਦੰਦ ਖੰਡ ਦਾ**—ਕਿਸੇ ਘਟੀਆ ਵਸਤੂ ਨਾਲ਼ ਵਧੀਆ ਵਸਤੂ ਦੇ ਮੇਲ ਨੂੰ ਅਣਢੁੱਕਵਾਂ ਦੱਸਣ ਲਈ ਇਹ ਅਖਾਣ ਵਰਤਦੇ ਹਨ।

**ਕੱਖਾਂ ਦੀ ਬੇੜੀ, ਬਾਂਦਰ ਮਲਾਹ**—ਜਦੋਂ ਕਿਸੇ ਨਾਜ਼ੁਕ ਅਤੇ ਜ਼ਿੰਮੇਵਾਰੀ ਵਾਲ਼ੇ ਕੰਮ ਤੇ ਕਿਸੇ ਅਣਜਾਣ ਅਤੇ ਗ਼ੈਰ ਜ਼ਿੰਮੇਵਾਰ ਬੰਦੇ ਨੂੰ ਲਾ ਦਿੱਤਾ ਜਾਵੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਕਚ-ਘਰੜ ਹਕੀਮ, ਜਾਨ ਦਾ ਖੌ**—ਅਣਜਾਣ ਹਕੀਮ ਪਾਸੋਂ ਦਵਾਈ ਲੈ ਕੇ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਕਿਸੇ ਅਣਜਾਣ ਅਤੇ ਅਣਸਿਖੇ ਕਾਰੀਗਰ ਪਾਸੋਂ ਕੋਈ ਕੰਮ ਕਰਵਾਉਣ ਤੋਂ ਰੋਕਣ ਲਈ ਵੀ ਇਹ ਅਖਾਣ ਵਰਤਦੇ ਹਨ।

**ਕੱਚੇ ਦਾ ਕੱਚ, ਨਾ ਹੁੰਦਾ ਸੱਚ**—ਭਾਵ ਇਹ ਹੈ ਕਿ ਝੂਠੇ ਅਤੇ ਲਾਰੇ ਲਾਉਣ ਵਾਲ਼ੇ ਬੰਦੇ ਦਾ ਪਾਜ ਉਘੜ ਹੀ ਜਾਂਦਾ ਹੈ। ਮੂਰਖ਼ ਦੀ ਮੂਰਖ਼ਤਾ ਕਦੀ ਨਾ ਕਦੀ ਪ੍ਰਤੱਖ ਹੋ ਜਾਂਦੀ ਹੈ।

**ਕੱਛੇ ਸੋਟਾ ਨਾਂ ਗ਼ਰੀਬ ਦਾਸ**—ਜਦੋਂ ਕਿਸੇ ਬੰਦੇ ਦਾ ਬਾਹਰਲਾ ਰੂਪ ਚੰਗਾ ਦਿਸੇ ਪਰ ਅੰਦਰੋਂ ਉਹ ਮਾੜੀ ਕਰਤੂਤ ਦਾ ਮਾਲਕ ਹੋਵੇ, ਉਦੋਂ ਕਹਿੰਦੇ ਹਨ।

**ਕੱਛ ਛੁਰੀ ਮੂੰਹੋਂ ਰਾਮ ਰਾਮ**—ਇਸ ਅਖਾਣ ਦਾ ਭਾਵ ਅਰਥ ਉਪਰੋਕਤ ਅਖਾਣ ਨਾਲ਼ ਮੇਲ ਖਾਂਦਾ ਹੈ।

**ਕੱਛੇ ਤੋਸਾ ਤੇ ਕਿਦਾ ਭਰੋਸਾ**—ਜਦੋਂ ਇਹ ਦੱਸਣਾ ਹੋਵੇ ਕਿ ਜਿਸ ਦੇ ਘਰ ਖਾਣ ਨੂੰ ਚੰਗਾ ਚੋਖਾ ਹੋਵੇ ਉਹ ਹੋਰ ਕਿਸੇ ਦੀ ਪ੍ਰਵਾਹ ਨਹੀਂ ਕਰਦਾ, ਉਦੋਂ ਇਹ ਅਖਾਣ ਬੋਲਦੇ ਹਨ।

**ਕੱਜਲ ਦੀ ਕੋਠੀ ਹਮੇਸ਼ਾ ਖੋਟੀ**—ਭਾਵ ਇਹ ਹੈ ਕਿ ਮਾੜੀ ਸੰਗਤ ਦਾ ਨਤੀਜਾ ਮਾੜਾ ਹੀ ਨਿਕਲਦਾ ਹੈ।

**ਕੱਟੇ ਨੂੰ ਮਣਾਂ ਦਾ ਕੀ ਭਾਅ**—ਭਾਵ ਇਹ ਹੈ ਕਿ ਜਦੋਂ ਕਿਸੇ ਨੂੰ ਖਾਣ ਨੂੰ ਚੰਗਾ ਚੋਖਾ ਮੁਫ਼ਤ ਮਿਲੇ ਉਸ ਨੂੰ ਚੀਜ਼ਾਂ ਦੇ ਮੁੱਲ ਦੇ ਸਸਤਾ ਮਹਿੰਗਾ ਹੋਣ ਨਾਲ਼ ਕੀ ਵਾਸਤਾ।

**ਕੰਡੇ ਨਾਲ਼ ਹੀ ਕੰਡਾ ਨਿਕਲਦਾ ਹੈ**—ਭਾਵ ਇਹ ਹੈ ਕਿ ਬੰਦਾ ਹੀ ਬੰਦੇ ਦਾ ਦਾਰੂ ਹੈ ਅਤੇ ਲੋਹਾ ਲੋਹੇ ਨੂੰ ਕਟਦਾ ਹੈ।

**ਕਣਕ ਕਮਾਦੀ, ਛੱਲੀਆਂ ਹੋਰ ਜੋ ਖੇਤੀ ਕੁੱਲ, ਰੂੜੀ ਬਾਝ ਨਾ ਹੁੰਦੀਆਂ, ਤੂੰ ਨਾ ਜਾਈਂ ਭੁੱਲ**—ਇਸ ਅਖਾਣ ਵਿੱਚ ਕਿਸਾਨ ਨੂੰ ਫ਼ਸਲ ਦਾ ਚੰਗਾ ਝਾੜ ਪ੍ਰਾਪਤ ਕਰਨ ਲਈ ਰੂੜੀ ਅਥਵਾ ਖ਼ਾਦ ਦੇ ਮਹੱਤਵ ਬਾਰੇ ਦੱਸਿਆ ਗਿਆ ਹੈ।

**ਕਣਕ ਘਟੇਂਦਿਆਂ ਗੁੜ ਘਟੇ, ਮੰਦੀ ਪਈ ਕਪਾਹ**—ਇਹ ਵਪਾਰੀਆਂ ਦਾ ਤੱਤ ਹੈ ਕਿ ਜਦੋਂ ਕਣਕ ਸਸਤੀ ਹੋ ਜਾਵੇ ਤਾਂ ਦੂਜੀਆਂ ਜਿਣਸਾਂ ਦਾ ਭਾਅ ਵੀ ਆਪਣੇ ਆਪ ਘੱਟ ਜਾਂਦਾ ਹੈ।

**ਕਣਕ ਨਾਲ਼ ਘੁਣ ਵੀ ਪੀਠਾ ਜਾਂਦਾ ਹੈ**—ਜਦੋਂ ਕਦੇ ਦੋਸ਼ੀਆਂ ਦੀ ਸੰਗਤ ਕਰਕੇ ਭਲੇ ਮਾਣਸ ਵੀ ਦੁਖ ਭੋਗਦੇ ਹਨ, ਉਦੋਂ ਇਹ ਅਖਾਣ ਬੋਲਦੇ ਹਨ।

**ਕਣਕ ਪੁਰਾਣੀ, ਘਿਉ ਨਵਾਂ, ਘਰ ਸਤਵੰਤੀ ਨਾਰ, ਘੋੜਾ ਹੋਵੇ ਚੜ੍ਹਨ ਨੂੰ, ਚਾਰੇ ਸੁਖ ਸੰਸਾਰ**—ਸਿਆਣਿਆਂ ਦਾ ਤੱਤ ਹੈ ਕਿ ਜੇਕਰ ਸਾਨੂੰ ਖਾਣ ਨੂੰ ਪੁਰਾਣੀ ਕਣਕ ਤੇ ਤਾਜ਼ਾ ਘਿਉ ਮਿਲ ਜਾਵੇ, ਤੀਵੀਂ ਆਗਿਆਕਾਰ ਹੋਵੇ ਅਤੇ ਅਸਵਾਰੀ ਲਈ ਘੋੜਾ ਹੋਵੇ ਤਾਂ ਜੀਵਨ ਸਵਰਗ ਬਣ ਜਾਂਦਾ ਹੈ।

**ਕਣਕ ਫਿੱਟੇ ਤਾਂ ਗੰਢੇਲ, ਆਦਮੀ ਫਿੱਟੇ ਤਾਂ ਜਾਂਞੀ**—ਭਾਵ ਅਰਥ ਇਹ ਹੈ ਕਿ ਬਰਾਤ ਵਿੱਚ ਗਏ ਹੋਏ ਜਾਂਞੀ ਖ਼ਰਮਸਤੀਆਂ ਕਰਦੇ ਹੋਏ ਮੰਦੀਆਂ ਹਰਕਤਾਂ ਕਰਨ ਲੱਗ ਜਾਂਦੇ ਹਨ।

**ਕਦ ਬਾਬਾ ਮਰੇ ਤੇ ਕਦ ਬੈਲ ਵੰਡੀਏ**—ਜਦੋਂ ਕੋਈ ਖ਼ੁਦਗਰਜ਼ ਤੇ ਮੂਰਖ਼ ਬੰਦਾ ਆਪਣੇ ਲਾਭ ਲਈ ਆਪਣੇ ਬਜ਼ੁਰਗਾਂ ਦੀ ਮੌਤ ਛੇਤੀ ਆਉਣ ਲਈ ਚਿਤਵੇ, ਉਦੋਂ ਕਹਿੰਦੇ ਹਨ।

**ਕਦੀ ਤੋਲਾ ਕਦੀ ਮਾਸਾ, ਉਸ ਦੀ ਗੱਲ ਦਾ ਕੀ ਭਰਵਾਸਾ**—ਜਿਹੜਾ ਬੰਦਾ ਥਾਲੀ ਦੇ ਪਾਣੀ ਵਾਂਗ ਡੋਲਦਾ ਹੋਵੇ ਤੇ ਕੋਈ ਅੰਤਿਮ ਫ਼ੈਸਲਾ ਨਾ ਲੈ ਸਕਦਾ ਹੋਵੇ, ਉਸ ਪ੍ਰਤੀ ਇਹ ਅਖਾਣ ਵਰਤਿਆ ਜਾਂਦਾ ਹੈ।

**ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ**—ਜਦੋਂ ਇਕੋ ਜਿਹੀ ਤਾਕਤ ਵਾਲ਼ੀਆਂ ਦੋ ਧਿਰਾਂ ਦੀ ਆਪਸ ਵਿੱਚ ਟੱਕਰ ਹੋਵੇ ਤੇ ਮੌਕਾ ਮਿਲਣ ’ਤੇ ਇਕ-ਦੂਜੀ ਤੋਂ ਬਦਲਾ ਲੈ ਲੈਣ, ਉਦੋਂ ਇਹ ਅਖਾਣ ਬੋਲਦੇ ਹਨ।

**ਕੰਧ ਉਹਲੇ ਕੰਧਾਰ ਉਹਲੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਘਰੋਂ ਗਿਆ ਬੰਦਾ ਚਾਹੇ ਕਿੰਨਾ ਵੀ ਨੇੜੇ ਹੋਵੇ, ਦੂਰ ਜਾਪਦਾ ਹੈ। ਘਰੋਂ ਨਿਕਲਿਆ ਬੰਦਾ ਘਰ ਵਾਲ਼ਿਆਂ ਲਈ ਪ੍ਰਦੇਸੀ ਬਣ ਜਾਂਦਾ ਹੈ।

**ਕੰਧ ਖਾਧੀ ਆਲ਼ਿਆਂ ਘਰ ਖਾਧਾ ਸਾਲ਼ਿਆਂ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਘਰ ਵਿੱਚ ਸਾਲ਼ੇ ਦਾ ਲੰਮਾ ਸਮਾਂ ਰਹਿਣਾ ਚੰਗਾ ਨਹੀਂ ਹੁੰਦਾ ਕਿਉਂਕਿ ਭੈਣ ਆਪਣੇ ਭਰਾ ਤੇ ਦਿਲ ਖੋਲ੍ਹ ਕੇ ਖ਼ਰਚ ਕਰਦੀ ਹੈ।

**ਕੰਧਾਂ ਨੂੰ ਵੀ ਕੰਨ ਹੁੰਦੇ ਨੇ**—ਭਾਵ ਇਹ ਕਿ ਕਿਸੇ ਨਾਲ਼ ਦਿਲ ਦੀ ਗੱਲ ਕਰਨ ਲੱਗਿਆਂ ਸੰਕੋਚ ਵਰਤਣਾ ਚਾਹੀਦਾ ਹੈ ਕਿਉਂਕਿ ਕਹੀ ਹੋਈ ਗੱਲ ਨੂੰ ਕੋਈ ਨਾ ਕੋਈ ਸੁਣ ਹੀ ਲੈਂਦਾ ਹੈ।

**ਕੰਧੀ ਉੱਤੇ ਰੁਖੜਾ ਕਿਚਰ ਕੁ ਬੰਧੇ ਧੀਰ**—ਇਹ ਅਖਾਣ ਬਿਰਧ ਅਵਸਥਾ ਦੀ ਸਥਿਤੀ ਬਾਰੇ ਵਰਤਿਆ ਜਾਂਦਾ ਹੈ। ਪਲ-ਪਲ ਘੱਟ ਰਹੀ ਆਯੂ (ਉਮਰ) ਨੇ ਆਖ਼ਰ ਖ਼ਤਮ ਹੋ ਹੀ ਜਾਣਾ ਹੈ।

**ਕੰਨ ਕੱਪ ਤੇ ਬਿਗੜੀ ਲਾ**—ਜਦੋਂ ਕਿਸੇ ਅਵੈੜੇ ਸੁਭਾਅ ਵਾਲ਼ੇ ਬੰਦੇ ਬਾਰੇ ਗੱਲ

ਕਰਨ ਤੇ ਰੌਲ਼ਾ ਰੱਪਾ ਪੈ ਜਾਵੇ ਤੇ ਅੱਗੋਂ ਲਈ ਕੋਈ ਅਜਿਹੀ ਗੱਲ ਕਰਨ ਤੋਂ ਤੋਬਾ ਕਰਨ ਲਈ ਇਹ ਅਖਾਣ ਬੋਲਿਆ ਜਾਂਦਾ ਹੈ।

**ਕੰਨਾਂ ਦਾ ਕੱਚਾ ਕਦੇ ਨਾ ਹੋਵੇ ਸੱਚਾ**—ਇਹ ਅਖਾਣ ਉਸ ਵਿਅਕਤੀ ਲਈ ਵਰਤਦੇ ਹਨ ਜੋ ਬਿਨਾਂ ਸੋਚੇ ਸਮਝੇ ਹਰ ਕਿਸੇ ਦੀ ਗੱਲ 'ਤੇ ਇਤਬਾਰ ਕਰ ਲਵੇ।

**ਕਪਟੀ ਦਾ ਬੋਲਿਆ, ਕੁਸੱਤੀ ਦਾ ਤੋਲਿਆ, ਕਦੇ ਨਾ ਹੋਵੇ ਪੂਰਾ**—ਭਾਵ ਇਹ ਹੈ ਕਿ ਧੋਖੇਬਾਜ਼ ਦਾ ਆਖਿਆ ਕਦੀ ਸੱਚ ਨਹੀਂ ਹੁੰਦਾ, ਉਹ ਬਚਨ ਤੋਂ ਮੁੱਕਰ ਜਾਂਦਾ ਹੈ ਅਤੇ ਬੇਈਮਾਨ ਤੋਲਣ ਵਾਲ਼ੇ ਦਾ ਮਾਲ ਤੋਲ ਵਿੱਚ ਪੂਰਾ ਨਹੀਂ ਉਤਰਦਾ।

**ਕਪੜਾ ਆਖੇ ਤੂੰ ਮੈਨੂੰ ਰੱਖ, ਮੈਂ ਤੈਨੂੰ ਰੱਖਸਾਂ**—ਭਾਵ ਅਰਥ ਇਹ ਹੈ ਕਿ ਸਾਫ਼ ਸੁਥਰੇ ਤੇ ਉੱਜਲੇ ਕਪੜੇ ਪਹਿਨਣ ਵਾਲ਼ੇ ਬੰਦੇ ਦਾ ਹਰ ਥਾਂ ਸਤਿਕਾਰ ਤੇ ਸਨਮਾਨ ਹੁੰਦਾ ਹੈ।

**ਕਪਾਹ ਫੁੱਟੀ, ਜਿੱਥੇ ਧਰੀ ਉਥੋਂ ਲੁੱਟੀ**—ਇਸ ਅਖਾਣ ਦਾ ਭਾਵ ਇਹ ਹੈ ਕਿ ਚੰਗੀ ਵਸਤੂ ਦਾ ਹਰ ਕੋਈ ਲਾਗੂ ਹੁੰਦਾ ਹੈ ਤੇ ਉਹ ਉਸ ਨੂੰ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ।

**ਕਬਰ ਚੂਨੇ ਗੱਚ, ਮੁਰਦਾ ਬੇਈਮਾਨ**—ਜਦੋਂ ਕੋਈ ਬੰਦਾ ਆਪਣੀਆਂ ਕਰਤੂਤਾਂ ਨੂੰ ਲੁਕਾਉਣ ਲਈ ਲਿੱਪਾ-ਪੋਚੀ ਕਰੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਕੰਮ ਨਾ ਕਾਜ ਵੈਰੀ ਰੋਟੀਆਂ ਦਾ**—ਇਹ ਅਖਾਣ ਉਸ ਨਿਕੰਮੇ ਬੰਦੇ ਲਈ ਵਰਤਿਆ ਜਾਂਦਾ ਹੈ ਜਿਹੜਾ ਕੋਈ ਕੰਮ-ਕਾਰ ਨਾ ਕਰੇ ਤੇ ਘਰਦਿਆਂ ਦੀਆਂ ਰੋਟੀਆਂ ਛਕਦਾ ਰਹੇ।

**ਕੰਮ ਪਿਆਰਾ ਹੈ ਚੰਮ ਪਿਆਰਾ ਨਹੀਂ**—ਭਾਵ ਇਹ ਹੈ ਕਿ ਮਾਲਕ ਆਪਣੇ ਨੌਕਰਾਂ ਪਾਸੋਂ ਪੂਰਾ ਕੰਮ ਲੈਣ ਦਾ ਯਤਨ ਕਰਦਾ ਹੈ। ਨਿਕੰਮੇ ਤੇ ਆਲਸੀ ਨੌਕਰਾਂ ਨੂੰ ਕੋਈ ਮਾਲਕ ਪਸੰਦ ਨਹੀਂ ਕਰਦਾ।

**ਕੰਮ ਰਹੇ ਤਾਂ ਕਾਜ਼ੀ, ਨਹੀਂ ਤਾਂ ਪਾਜੀ**—ਇਸ ਅਖਾਣ ਰਾਹੀਂ ਆਮ ਲੋਕਾਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ ਜਿਹੜੇ ਲੋਕ ਆਪਣੇ ਨਿੱਜੀ ਕੰਮ ਦੀ ਪੂਰਤੀ ਲਈ ਕੰਮ ਆਉਣ ਵਾਲ਼ੇ ਬੰਦੇ ਦਾ ਮਾਣ ਸਤਿਕਾਰ ਕ਼ਰਦੇ ਹਨ ਤੇ ਕੰਮ ਹੋਣ ਮਗਰੋਂ ਉਸ ਨੂੰ ਭੁੱਲ ਜਾਂਦੇ ਹਨ। ਭਾਵ ਇਹ ਹੈ ਕਿ ਲੋਕ ਮਤਲਬ-ਪ੍ਰਸਤ ਹਨ।

**ਕਮਾਦਾਂ ਵਿੱਚੋਂ ਹੀ ਕਾਂਗਿਆਰੀਆਂ ਨਿਕਲਦੀਆਂ ਹਨ**—ਇਸ਼ ਅਖਾਣ ਦਾ ਭਾਵ ਇਹ ਹੈ ਕਿ ਕਈ ਵਾਰ ਚੰਗੇ ਖ਼ਾਨਦਾਨਾਂ ਵਿੱਚੋਂ ਵੀ ਮਾੜੇ ਬੰਦੇ ਨਿਕਲ ਆਉਂਦੇ ਹਨ, ਜਿਹੜੇ ਆਪਣੇ ਮਾਪਿਆਂ ਦਾ ਨਾਂ ਬਦਨਾਮ ਕਰਦੇ ਹਨ।

**ਕਰ ਸੇਵਾ ਖਾ ਮੇਵਾ**—ਭਾਵ ਸਪੱਸ਼ਟ ਹੈ ਕਿ ਸੇਵਾ ਕਰਨ ਵਾਲ਼ੇ ਨੂੰ ਸੇਵਾ ਦਾ ਫ਼ਲ ਜ਼ਰੂਰ ਮਿਲਦਾ ਹੈ।

**ਕਰ ਪਰੇ ਨੂੰ ਅਵੀਂ ਘਰੇ ਨੂੰ**—ਭਾਵ ਇਹ ਹੈ ਕਿ ਕਿਸੇ ਦਾ ਬੁਰਾ ਕਰਨ ਵਾਲ਼ੇ ਦੀ ਆਪਣੀ ਉਲਾਦ ਸੁਖੀ ਨਹੀਂ ਰਹਿੰਦੀ।

**ਕਰ ਮਜ਼ੂਰੀ ਖਾ ਚੂਰੀ**—ਭਾਵ ਸਪੱਸ਼ਟ ਹੈ ਕਿ ਮਿਹਨਤ ਕਰਨ ਨਾਲ਼ ਸਫ਼ਲਤਾ ਪ੍ਰਾਪਤ ਹੁੰਦੀ ਹੈ ਤੇ ਢਿੱਡ ਭਰ ਕੇ ਖਾਣ ਨੂੰ ਮਿਲਦਾ ਹੈ।

**ਕਰਮਹੀਣ ਜੇ ਖੇਤੀ ਕਰੇ, ਗੜੇ ਪੈਣ ਜਾਂ ਬੈਲ ਮਰੇ**—ਭਾਵ ਇਹ ਹੈ ਕਿ ਜਿਸ ਦੇ ਨਸੀਬ ਚੰਗੇ ਨਹੀਂ ਉਸ ਦੇ ਯਤਨਾਂ ਨੂੰ ਫ਼ਲ ਨਹੀਂ ਲੱਗਦਾ। ਇਹ ਅਖਾਣ ਮਨ ਦੀ ਸੰਤੁਸ਼ਟਤਾ ਲਈ ਵਰਤਿਆ ਜਾਂਦਾ ਹੈ।

**ਕਰਮਾਂ ਦੀ ਗਤ ਨਿਆਰੀ**—ਭਾਵ ਇਹ ਹੈ ਕਿ ਕਿਸੇ ਦੇ ਭਾਗਾਂ ਵਿੱਚ ਕੀ ਹੈ ਉਸ ਬਾਰੇ ਕੁਝ ਪਤਾ ਨਹੀਂ।

**ਕਰਮ ਫਲਣ ਤਾਂ ਸਭ ਫਲਣ, ਭੀਖ ਬਣਜ ਵਿਉਪਾਰ**—ਇਸ ਅਖਾਣ ਦਾ ਭਾਵ ਇਹ ਹੈ ਕਿ ਜੇਕਰ ਕਿਸੇ ਦੇ ਭਾਗ ਚੰਗੇ ਹੋਣ ਤਾਂ ਉਸ ਨੂੰ ਭੀਖ ਮੰਗਣ ਅਤੇ ਵਿਉਪਾਰ ਵਿੱਚ ਵੀ ਲਾਭ ਪ੍ਰਾਪਤ ਹੁੰਦਾ ਹੈ।

**ਕਰਮਾਂ ਵਾਲੀ ਨੂੰਹ, ਕੰਧ ਵੱਲ ਮੂੰਹ**—ਇਹ ਅਖਾਣ ਉਸ ਵਿਅਕਤੀ ਬਾਰੇ ਵਰਤਿਆ ਜਾਂਦਾ ਹੈ ਜੋ ਘਰ ਆਏ ਪ੍ਰਾਹੁਣਿਆਂ ਦਾ ਸਤਿਕਾਰ ਨਹੀਂ ਕਰਦਾ।

**ਕਰੇ ਕੋਈ ਤੇ ਭਰੇ ਕੋਈ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਦੇ ਦੋਸ਼ ਦੀ ਸਜ਼ਾ ਕਿਸੇ ਹੋਰ ਬੰਦੇ ਨੂੰ ਭੁਗਤਣੀ ਪਵੇ।

**ਕਰੋ ਮਨ ਦੀ ਸੁਣੋ ਸਭ ਦੀ**—ਭਾਵ ਇਹ ਹੈ ਕਿ ਭਾਵੇਂ ਆਪਣੀ ਮਰਜ਼ੀ ਕਰੋ ਪ੍ਰੰਤੂ ਸਭ ਦੀ ਰਾਏ ਜ਼ਰੂਰ ਲਵੋ।

**ਕੱਲ੍ਹ ਜੰਮੀ ਗਿੱਦੜੀ ਅੱਜ ਹੋਇਆ ਵਿਆਹ**—ਜਦੋਂ ਕੋਈ ਛੋਟੀ ਆਯੂ (ਉਮਰ) ਦਾ ਬੰਦਾ ਵੱਡੇ-ਵੱਡੇ ਕੰਮਾਂ ਵਿੱਚ ਭਾਗ ਲੈਣਾ ਸ਼ੁਰੂ ਕਰ ਦੇਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਕੱਲ੍ਹ ਦੀ ਭੂਤਨੀ ਸਿਵਿਆਂ 'ਚ ਅੱਧ**—ਜਦੋਂ ਕੋਈ ਮਾਮੂਲੀ ਹੈਸੀਅਤ ਵਾਲ਼ਾ ਬੰਦਾ ਵੱਡੇ-ਵੱਡੇ ਹੱਕ ਜਤਾਉਣ ਦਾ ਉਪਰਾਲਾ ਕਰੇ, ਉਦੋਂ ਕਹਿੰਦੇ ਹਨ।

**ਕੱਲ੍ਹ ਦੇ ਮੋਏ, ਕੱਲ੍ਹ ਦੱਬੇ ਗਏ**—ਬੀਤ ਗਏ ਸਮੇਂ ਦੀ ਗੱਲ ਛੱਡੋ, ਅੱਜ ਦੀ ਗੱਲ ਕਰੋ।

**ਕੱਲ੍ਹ ਨਾਮ ਕਾਲ ਦਾ**—ਭਾਵ ਇਹ ਹੈ ਕਿ ਕੱਲ੍ਹ ਨੂੰ ਆਉਣ ਵਾਲ਼ੇ ਸਮੇਂ ਦਾ ਕੋਈ ਭਰੋਸਾ ਨਹੀਂ ਪਤਾ ਨਹੀਂ ਕੀ ਵਾਪਰ ਜਾਵੇ।

**ਕਵਾਰਾ ਰੁੱਸੇ ਤੇ ਰੰਨ ਲੋੜੇ, ਵਿਆਹਿਆਂ ਰੁੱਸੇ ਤਾਂ ਵਖੇਵਾਂ**—ਇਸ ਅਖਾਣ ਵਿੱਚ ਦੱਸਿਆ ਗਿਆ ਹੈ ਕਿ ਜੇ ਕੁਆਰਾ ਮੁੰਡਾ ਰੁਸਦਾ ਹੈ ਤਾਂ ਉਹ ਵਿਆਹ ਕਰਾਉਣਾ ਚਾਹੁੰਦਾ ਹੈ ਜੇ ਵਿਆਹਿਆ ਰੁੱਸੇ ਤਾਂ ਉਹ ਅੱਡ ਹੋਣਾ ਲੋਚਦਾ ਹੈ।

**ਕਲ੍ਹਾ ਕਲੰਦਰ ਵਸੇ ਤੇ ਘੜਿਓਂ ਪਾਣੀ ਨੱਸੇ**—ਭਾਵ ਇਹ ਹੈ ਕਿ ਜਿਸ ਘਰ ਵਿੱਚ ਹਰ ਰੋਜ਼ ਲੜਾਈ-ਝਗੜਾ ਰਹਿੰਦਾ ਹੋਵੇ, ਉਸ ਘਰ ਵਿੱਚੋਂ ਸਾਰੀਆਂ ਸੁਖ ਸਹੂਲਤਾਂ ਉੱਡ ਜਾਂਦੀਆਂ ਹਨ।

**ਕੱਲਾ ਖਾਏ ਰਿਉੜੀਆਂ ਤਾਂ ਉਹ ਵੀ ਕੌੜੀਆਂ, ਰਲ਼ ਖਾਏ ਮਿੱਟੀ ਉਹ ਖੰਡ ਦੀ ਖਿੱਟੀ**—ਇਸ ਅਖਾਣ ਵਿੱਚ ਰਲ਼-ਮਿਲ਼ ਕੇ ਅਤੇ ਵੰਡ ਕੇ ਛਕਣ ਦੀ ਵਡਿਆਈ ਕੀਤੀ ਗਈ ਹੈ। ਰਲ਼ ਮਿਲ਼ ਕੇ ਖਾਣਾ ਚੰਗਾ ਹੁੰਦਾ ਹੈ।

**ਇਕੱਲਾ ਸੋ ਝੱਲਾ**—ਭਾਵ ਇਹ ਹੈ ਕਿ ਕੱਲਾ-ਕਾਰਾ ਮਨੁੱਖ ਬਹੁਤ ਸਾਰੀਆਂ ਗੱਲਾਂ ਵਿੱਚ ਹੀਣਾ ਹੁੰਦਾ ਹੈ।

**ਕੱਲੀ ਤਾਂ ਲੱਕੜ ਵੀ ਨਹੀਂ ਬਲਦੀ**—ਇਸ ਅਖਾਣ ਵਿੱਚ ਜੀਵਨ ਸਾਥੀ ਦੇ ਸਾਥ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ। ਮਨੁੱਖ ਨੂੰ ਭਾਈਚਾਰੇ ਦੇ ਸਾਥ ਦੀ ਵੀ ਲੋੜ ਹੈ।

**ਕੱਲੇ ਦੁਕੱਲੇ ਦਾ ਰੱਬ ਰਾਖਾ**—ਭਾਵ ਸਪੱਸ਼ਟ ਹੈ ਕਿ ਜਿਸ ਪੁਰਸ਼ ਦਾ ਕੋਈ ਸਾਥੀ ਜਾਂ ਭਰਾ ਨਹੀਂ ਹੁੰਦਾ ਉਸ ਨੂੰ ਰੱਬ ਦਾ ਆਸਰਾ ਹੁੰਦਾ ਹੈ।

**ਕਵਾਰੀਆਂ ਖਾਣ ਰੋਟੀਆਂ, ਵਿਆਹੀਆਂ ਖਾਣ ਬੋਟੀਆਂ**—ਭਾਵ ਇਹ ਹੈ ਕਿ ਮਾਪੇ ਵਿਆਹੀਆਂ ਧੀਆਂ ਨੂੰ ਦਿਨ ਦਿਹਾਰ ਦੇ ਮੌਕੇ 'ਤੇ ਕੁਝ ਨਾ ਕੁਝ ਦੇਂਦੇ ਹੀ ਰਹਿੰਦੇ ਹਨ ਪ੍ਰੰਤੂ ਕਵਾਰੀਆਂ ਧੀਆਂ ਨੂੰ ਘਰੋਂ ਰੋਟੀ ਹੀ ਖਾਣ ਨੂੰ ਮਿਲਦੀ ਹੈ।

**ਕਾਉਣੀ ਨੂੰ ਕਾਊਂ ਪਿਆਰਾ ਗਾਉਣੀ ਨੂੰ ਗਾਉਂ ਪਿਆਰਾ**—ਭਾਵ ਸਪੱਸ਼ਟ ਹੈ ਕਿ ਹਰ ਕਿਸੇ ਨੂੰ ਆਪਣਾ ਜੀਵਨ ਸਾਥੀ ਪਿਆਰਾ ਲੱਗਦਾ ਹੈ ਚਾਹੇ ਉਸ ਦੀ ਹੈਸੀਅਤ ਕਿਹੋ ਜਿਹੀ ਹੋਵੇ।

**ਕਾਂ, ਕਰਾੜ, ਕੁੱਤੇ ਦਾ, ਵਿਸਾਹ ਨਾ ਕਰੀਏ ਸੁੱਤੇ ਦਾ**—ਇਸ ਅਖਾਣ ਵਿੱਚ ਉੱਕਤ ਤਿੰਨਾਂ ਤੋਂ ਸੁਚੇਤ ਰਹਿਣ ਦੀ ਸਲਾਹ ਦਿੱਤੀ ਗਈ ਹੈ ਤਾਂ ਜੋ ਉਹ ਤੁਹਾਡਾ ਕੋਈ ਨੁਕਸਾਨ ਨਾ ਕਰ ਦੇਣ।

**ਕਾਹਲੀ ਅੱਗੇ ਟੋਏ**—ਭਾਵ ਇਹ ਹੈ ਤਤ ਭੜੱਤੀ ਅਤੇ ਕਾਹਲੀ ਵਿੱਚ ਕੰਮ ਕਰਨ ਸਮੇਂ ਕੀਤਾ ਕੰਮ ਵਿਗੜ ਜਾਂਦਾ ਹੈ। ਹਰ ਕੰਮ ਸਹਿਜ ਨਾਲ਼ ਕਰੋ।

**ਕਾਹਲੀ ਦੀ ਘਾਣੀ, ਅੱਧਾ ਤੇਲ ਅੱਧਾ ਪਾਣੀ**—ਇਸ ਅਖਾਣ ਦਾ ਭਾਵ ਅਰਥ ਉਪਰੋਕਤ ਅਖਾਣ ਅਨੁਸਾਰ ਹੀ ਹੈ।

**ਕਾਗਜ਼ਾਂ ਦੇ ਘੋੜੇ ਕਦ ਤੱਕ ਦੌੜੇ**—ਭਾਵ ਸਪੱਸ਼ਟ ਹੈ ਕਿ ਬਾਹਰੀ ਦਿਖਾਵੇ ਅਤੇ ਫੋਕੀ ਸ਼ਾਨ ਦਿਖਾਉਣ ਨਾਲ਼ ਕੰਮ ਬਹੁਤੀ ਦੇਰ ਚਲ ਨਹੀਂ ਸਕਦਾ। ਆਖ਼ਰ ਅਸਲੀਅਤ ਸਾਹਮਣੇ ਪ੍ਰਗਟ ਹੋ ਜਾਂਦੀ ਹੈ।

**ਕਾਠ ਦੀ ਹਾਂਡੀ ਇਕੋ ਵਾਰ ਚੜ੍ਹਦੀ ਹੈ**—ਜਦੋਂ ਇਹ ਦੱਸਣਾ ਹੋਵੇ ਕਿ ਇਕ

ਆਦਮੀ ਇਕ ਵਾਰ ਹੀ ਧੋਖਾ ਦੇ ਸਕਦਾ ਹੈ ਵਾਰ-ਵਾਰ ਨਹੀਂ, ਉਦੋਂ ਇਸ ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ।

**ਕਾਠ ਦੀ ਤਲਵਾਰ ਕਾਟ ਨਹੀਂ ਕਰਦੀ**—ਭਾਵ ਇਹ ਹੈ ਕਿ ਫ਼ੋਕੇ ਡਰਾਵੇ ਅਤੇ ਧਮਕੀਆਂ ਤੋਂ ਕੋਈ ਨਹੀਂ ਡਰਦਾ।

**ਕਾਠ ਦੀ ਬਿੱਲੀ ਮਿਆਊਂ ਕੌਣ ਕਰੇ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਸਮਰੱਥਾ-ਹੀਣ ਮਨੁੱਖ ਕਿਸੇ ਦੇ ਸਨਮੁਖ ਦਲੇਰੀ ਨਾਲ਼ ਗੱਲ-ਬਾਤ ਕਰਨ ਦੀ ਹਿੰਮਤ ਨਹੀਂ ਕਰ ਸਕਦਾ।

**ਕਾਣੇ ਦੀ ਇਕ ਰਗ ਵੱਧ ਹੁੰਦੀ ਹੈ**—ਆਮ ਤੌਰ 'ਤੇ ਕਾਣੇ ਵੱਧ ਸ਼ਰਾਰਤਾਂ ਕਰਦੇ ਹਨ, ਉਸੇ ਕਰਕੇ ਕਹਿੰਦੇ ਹਨ।

**ਕਾਣੇ ਨੂੰ ਮੂੰਹ 'ਤੇ ਕਾਣਾ ਨਹੀਂ ਆਖੀਦਾ**—ਭਾਵ ਇਹ ਹੈ ਕਿ ਕਿਸੇ ਅੰਗਹੀਣ ਨੂੰ ਉਸ ਦੀ ਊਣਤਾਈ ਚਿਤਾਰ ਕੇ ਉਸ ਦਾ ਦਿਲ ਨਹੀਂ ਦੁਖਾਉਣਾ ਚਾਹੀਦਾ।

**ਕਾਬਲ ਦੇ ਜੰਮਿਆਂ ਨੂੰ ਨਿੱਤ ਮਹਿਮਾਂ**—ਭਾਵ ਸਪੱਸ਼ਟ ਹੈ ਔਖ ਤੇ ਮੁਸੀਬਤ ਬਰਦਾਸ਼ਤ ਕਰਨ ਵਾਲ਼ੇ ਲੋਕ ਉਹਨਾਂ ਹਾਲਤਾਂ ਦਾ ਟਾਕਰਾ ਕਰਨ ਲਈ ਹਰ ਵੇਲੇ ਤਿਆਰ ਰਹਿੰਦੇ ਹਨ।

**ਕਾਲ਼ ਦੀ ਬੱਧੀ ਨਾ ਮੰਗਿਆ ਤੇ ਬਾਲ ਦੀ ਬੱਧੀ ਮੰਗਿਆ**—ਜਦੋਂ ਕੋਈ ਤੀਵੀਂ ਆਪਣੇ ਬਾਲ ਦੀ ਜ਼ਿੱਦ ਕਾਰਨ ਕੋਈ ਚੀਜ਼ ਮੰਗਣ ਲਈ ਮਜ਼ਬੂਰ ਹੋ ਜਾਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਕਾਲ਼ ਦੇ ਹੱਥ ਕਮਾਨ, ਬੁੱਢੇ, ਬੱਚੇ ਨਾ ਜਵਾਨ**—ਇਸ ਅਖਾਣ ਦਾ ਭਾਵ ਇਹ ਹੈ ਕਿ ਮੌਤ ਕਿਸੇ ਨੂੰ ਵੀ ਨਹੀਂ ਬਖ਼ਸ਼ਦੀ, ਚਾਹੇ ਉਹ ਬੁੱਢਾ ਹੋਵੇ, ਜਵਾਨ ਹੋਵੇ ਜਾਂ ਬੱਚਾ ਹੋਵੇ।

**ਕਾਲ਼ਾ ਅੱਖਰ ਭੈਂਸ ਬਰੋਬਰ**—ਉੱਕਾ ਹੀ ਅਨਪੜ੍ਹ ਬੰਦੇ ਸਬੰਧੀ, ਜੋ ਕੋਈ ਅੱਖਰ ਨਾ ਪੜ੍ਹ ਸਕਦਾ ਹੋਵੇ, ਇਹ ਅਖਾਣ ਬੋਲਿਆ ਜਾਂਦਾ ਹੈ।

**ਕਾਲ਼ਾ ਮੂੰਹ ਤੇ ਨੀਲੇ ਪੈਰ**—ਬਹੁਤ ਨਮੋਸ਼ੀ ਤੇ ਬਦਨਾਮੀ ਦੀ ਹਾਲਤ ਸਮੇਂ ਇੰਜ ਆਖਦੇ ਹਨ।

**ਕਾਲ਼ੇ ਕਦੇ ਨਾ ਹੋਵਣ ਬੱਗੇ, ਭਾਵੇਂ ਸੌ ਮਣ ਸਾਬਣ ਲੱਗੇ**—ਭਾਵ ਇਹ ਹੈ ਕਿ ਭੈੜੀਆਂ ਆਦਤਾਂ ਛੇਤੀ ਨਹੀਂ ਛੁਟਦੀਆਂ ਭਾਵੇਂ ਜਿੰਨਾ ਮਰਜ਼ੀ ਯਤਨ ਕਰ ਲਵੋ।

**ਕਾਵਾਂ ਕੋਲ਼ੋਂ ਢੋਲ ਬਜਾਉਣਾ, ਭੂਤਾਂ ਕੋਲ਼ੋਂ ਮੰਗਣਾ**—ਭਾਵ ਇਹ ਹੈ ਕਿ ਸਮਰੱਥਾ-ਹੀਣ ਬੰਦੇ ਪਾਸੋਂ ਕੰਮ ਕਰਵਾਉਣ ਦੀ ਆਸ ਰੱਖਣੀ ਠੀਕ ਨਹੀਂ।

**ਕਾਵਾਂ ਦੇ ਆਖਿਆਂ ਢੋਰ ਨਹੀਂ ਮਰਦੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਕਿਸੇ ਦੇ ਦੁਰਾ-ਸੀਸਾਂ ਦੇਣ ਨਾਲ਼ ਕਿਸੇ ਦਾ ਕੁਝ ਨਹੀਂ ਵਿਗੜਦਾ ਨਾ ਹੀ ਦੁਸ਼ਮਣਾਂ ਦੀ ਬੁਰਾਈ ਕਰਨ ਨਾਲ਼ ਬੁਰਾਈ ਹੁੰਦੀ ਹੈ।

**ਕਿਆ ਪਿੱਦੀ ਕਿਆ ਪਿੱਦੀ ਦਾ ਸ਼ੋਰਬਾ**—ਜਦੋਂ ਕੋਈ ਧਨ ਜਾਂ ਸਰੀਰ ਵੱਲੋਂ ਮਾੜਾ ਬੰਦਾ ਕਿਸੇ ਨਰੋਏ ਤੇ ਅਮੀਰ ਬੰਦੇ ਦਾ ਟਾਕਰਾ ਕਰਨ ਲਈ ਦਮਗਜ਼ੇ ਮਾਰੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਕਿਸੇ ਦਾ ਹੱਥ ਚੱਲੇ ਕਿਸੇ ਦੀ ਜੀਭ**—ਭਾਵ ਸਪੱਸ਼ਟ ਹੈ ਕਿ ਲੜਾਈ ਸਮੇਂ ਤਕੜਾ ਮਾਰ-ਕੁੱਟ ਕਰਦਾ ਹੈ ਤੇ ਮਾੜਾ ਬੰਦਾ ਗਾਲ੍ਹਾਂ ਕੱਢਦਾ ਹੈ।

**ਕਿਸੇ ਦਾ ਟੱਬਰ ਵੱਡਾ ਕਿਸੇ ਦਾ ਬੱਬਰ ਵੱਡਾ**—ਜਦੋਂ ਕੋਈ ਬੰਦਾ ਆਪਣੀ ਸੀਮਿਤ ਆਮਦਨ ਨਾਲ਼ ਆਪਣੇ ਟੱਬਰ ਦਾ ਗੁਜ਼ਾਰਾ ਕਰ ਲੈਂਦਾ ਹੈ ਪ੍ਰੰਤੂ ਉੱਨੀ ਹੀ ਆਮਦਨ ਨੂੰ ਦੂਜਾ ਬੰਦਾ ਇਕੱਲਾ ਹੀ ਖਾ-ਪੀ ਕੇ ਉਡਾ ਦਿੰਦਾ ਹੈ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਕਿਸੇ ਦੇ ਅੰਬ, ਕਿਸੇ ਦੀਆਂ ਅੰਬੀਆਂ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਸਬੱਬ ਨਾਲ਼ ਇਕੋ ਕੰਮ ਕਰਨ ਬਦਲੇ ਇਕ ਨੂੰ ਵੱਧ ਲਾਭ ਹੋ ਜਾਂਦਾ ਹੈ ਤੇ ਦੂਜੇ ਨੂੰ ਘੱਟ, ਘੱਟ ਲਾਭ ਪ੍ਰਾਪਤ ਕਰਨ ਵਾਲ਼ਾ ਇੰਜ ਆਖ ਕੇ ਆਪਣੇ ਮਨ ਨੂੰ ਤਸੱਲੀ ਦਿੰਦਾ ਹੈ।

**ਕਿਸਮਤ ਨਾਲ਼ ਵਲੱਲੀ ਝਗੜੇ**—ਭਾਵ ਇਹ ਹੈ ਕਿ ਹਰ ਕੋਈ ਆਪਣੀ ਕਿਸਮਤ ਖਾਂਦਾ ਹੈ, ਮਾੜੀ ਕਿਸਮਤ ਨੂੰ ਕੋਸਣਾ ਚੰਗਾ ਨਹੀਂ।

**ਕਿਤੋਂ ਦੀ ਲੀਰ ਕਿਤੋਂ ਦਾ ਪਰਾਂਦਾ, ਜੂੜਾ ਕੀ ਮੜ੍ਹ ਮੜ੍ਹਾਂਦਾ**—ਜਦੋਂ ਕੋਈ ਇਧਰੋਂ-ਉਧਰੋਂ ਚੀਜ਼ਾਂ ਮੰਗ ਕੇ ਦਿਖਾਵਾ ਕਰੇ, ਉਸ ਦਿਖਾਵੇ ਨੂੰ ਦੇਖ ਕੇ ਇਹ ਅਖਾਣ ਬੋਲਦੇ ਹਨ।

**ਕਿੱਥੇ ਰਾਜਾ ਭੋਜ ਕਿੱਥੇ ਕੰਗਲਾ ਤੇਲੀ**—ਜਦੋਂ ਇਹ ਦੱਸਣਾ ਹੋਵੇ ਕਿ ਕਿਸੇ ਕਮਜ਼ੋਰ ਅਥਵਾ ਗ਼ਰੀਬ ਆਦਮੀ ਦਾ ਤਕੜੇ ਤੇ ਅਮੀਰ ਆਦਮੀ ਨਾਲ਼ ਕੋਈ ਮੁਕਾਬ਼ਲਾ ਨਹੀਂ, ਉਦੋਂ ਇਹ ਅਖਾਣ ਬੋਲਦੇ ਹਨ।

**ਕਿੱਥੇ ਰਾਮ ਰਾਮ ਕਿੱਥੇ ਟੈਂ ਟੈਂ**—ਕਿਸੇ ਵਧੀਆ ਵਸਤੂ ਦੇ ਟਾਕਰੇ ਤੇ ਘਟੀਆ ਵਸਤੂ ਨੂੰ ਦਰਸਾਉਣ ਲਈ ਇੰਜ ਆਖਦੇ ਹਾਂ।

**ਕੀੜੀ ਦੀ ਮੌਤ ਆਉਂਦੀ ਹੈ ਤਾਂ ਉਹਨੂੰ ਖੰਭ ਨਿਕਲ ਆਉਂਦੇ ਹਨ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਕਮਜ਼ੋਰ ਬੰਦਾ ਜਦੋਂ ਬਹੁਤੇ ਹੱਥ-ਪੈਰ ਮਾਰਨ ਲੱਗ ਜਾਂਦਾ ਹੈ ਤਾਂ ਉਸ ਨੂੰ ਅਸਫ਼ਲਤਾ ਹੀ ਪ੍ਰਾਪਤ ਹੁੰਦੀ ਹੈ।

**ਕੀੜੀ ਦੇ ਘਰ ਨਰੈਣ ਆਏ**—ਜਦੋਂ ਕਿਸੇ ਗ਼ਰੀਬ ਆਦਮੀ ਦੇ ਘਰ ਬਹੁਤ ਵੱਡਾ ਅਮੀਰ ਤੇ ਉੱਚ ਪਦਵੀ ਵਾਲ਼ਾ ਪੁਰਸ਼ ਆ ਜਾਵੇ, ਉਦੋਂ ਉਸ ਦੇ ਸਤਿਕਾਰ ਵਜੋਂ ਗ਼ਰੀਬ ਆਦਮੀ ਨਿਮਰਤਾ ਦਰਸਾਉਣ ਲਈ ਇਹ ਅਖਾਣ ਬੋਲਦਾ ਹੈ।

**ਕੀੜੀ ਨੂੰ ਠੂਠਾ ਈ ਦਰਿਆ ਏ**—ਭਾਵ ਇਹ ਹੈ ਕਿ ਗ਼ਰੀਬ ਆਦਮੀ ਲਈ ਥੋੜ੍ਹਾ ਜਿਹਾ ਨੁਕਸਾਨ ਝੱਲਣਾ ਵੀ ਔਖਾ ਹੈ। ਗ਼ਰੀਬ ਬੰਦੇ ਲਈ ਥੋੜ੍ਹਾ ਨੁਕਸਾਨ ਵੀ ਬਹੁਤਾ ਹੁੰਦਾ ਹੈ।

**ਕੁੱਕੜ, ਕਾਂ, ਕਰਾੜ ਕਬੀਲਾ ਪਾਲ਼ਦਾ, ਜੱਟ, ਮਹਿਆਂ ਸੰਸਾਰ ਕਬੀਲਾ ਗਾਲ਼ਦਾ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਆਪਣੇ ਹੀ ਖ਼ਾਨਦਾਨ ਨੂੰ ਨੁਕਸਾਨ ਪਹੁੰਚਾਉਣ ਵਾਲ਼ੀਆਂ ਹਰਕਤਾਂ ਕਰਦਾ ਹੈ।

**ਕੁੱਕੜ ਖੇਹ ਉਡਾਏ, ਆਪਣੇ ਝਾਟੇ ਪਾਏ**—ਜਦੋਂ ਕੋਈ ਬੰਦਾ ਆਪਣੇ ਪਰਿਵਾਰ ਦੀ ਥਾਂ-ਥਾਂ ਬਦਖੋਈ ਕਰਦਾ ਫਿਰੇ, ਉਦੋਂ ਇਹ ਅਖਾਣ ਬੋਲਦੇ ਹਨ।

**ਕੁੱਕੜ ਪੈਰ ਲਤਾੜਿਆ, ਅੱਜ ਮੈਂ ਵਲ ਨਹੀਂ**—ਜਦੋਂ ਕੋਈ ਬੰਦਾ ਬਹੁਤ ਹੀ ਨਾਜ਼ੁਕ ਬਣ ਬੈਠੇ ਤੇ ਮਾੜੀ ਜਿਹੀ ਤਕਲੀਫ਼ ਨੂੰ ਵਧਾ-ਚੜ੍ਹਾ ਕੇ ਦੱਸੇ, ਉਦੋਂ ਇੰਜ ਆਖਦੇ ਹਨ।

**ਕੁੱਛੜ ਕੁੜੀ ਸ਼ਹਿਰ ਢੰਢੋਰਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਆਪਣੇ ਘਰ ਪਈ ਵਸਤੂ ਨੂੰ ਬਾਹਰ ਲੱਭਦਾ ਫਿਰੇ।

**ਕੁਝ ਸੋਨਾ ਖੋਟਾ ਕੁਝ ਸੁਨਿਆਰ ਖੋਟਾ**—ਜਦੋਂ ਦੋ ਇੱਕੋ ਜਿਹੀਆਂ ਮਾੜੀਆਂ ਚੀਜ਼ਾਂ ਕਿਸੇ ਵਿਗਾੜ ਦਾ ਕਾਰਨ ਬਣਨ, ਉਦੋਂ ਆਖਦੇ ਹਨ।

**ਕੁਝ ਗੁੜ ਢਿੱਲਾ, ਕੁਝ ਬਾਣੀਆਂ ਢਿੱਲਾ**—ਜਦੋਂ ਦੋ ਘਟੀਆਂ ਚੀਜ਼ਾਂ ਰਲ਼ ਮਿਲ਼ ਜਾਣ ਜਾਂ ਅਣਜਾਣ ਬੰਦਿਆਂ ਦੇ ਕੰਮ ਕਰਨ ਨਾਲ਼ ਕੰਮ ਦਾ ਨੁਕਸਾਨ ਹੋ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਕੁਝ ਦੁਧੋਂ, ਕੁਝ ਦਹੀਓਂ, ਕੁਝ ਤੁਧੋਂ ਕੁਝ ਮਹੀਓਂ**—ਜਦੋਂ ਦੋ ਧਿਰਾਂ ਲੜਾਈ-ਝਗੜਾ ਕਰਨ ਮਗਰੋਂ ਆਪਸ ਵਿੱਚ ਸੁਲਾਹ ਸਫ਼ਾਈ ਕਰ ਲੈਣ ਤਾਂ ਇੰਜ ਬੈਠ ਕੇ ਆਪਣਾ-ਆਪਣਾ ਕਸੂਰ ਮੰਨਦੀਆਂ ਹਨ।

**ਕੁੱਤਾ ਕੁੱਤੇ ਦਾ ਵੈਰੀ**—ਭਾਵ ਸਪੱਸ਼ਟ ਹੈ ਕਿ ਇੱਕੋ ਕਿੱਤੇ ਦਾ ਕਾਰੀਗਰ ਦੂਜੇ ਕਾਰੀਗਰ ਦੇ ਕੰਮ ਵਿੱਚ ਸਦਾ ਨੁਕਸ ਕਢਦਾ ਰਹਿੰਦਾ ਹੈ। ਦੂਜੇ ਬੰਦੇ ਨੂੰ ਚੰਗਾ ਨਹੀਂ ਸਮਝਿਆ ਜਾਂਦਾ।

**ਕੁੱਤਾ ਰਾਜ ਬਹਾਲੀਏ ਮੁੜ ਚੱਕੀ ਚੱਟੇ**—ਜਦੋਂ ਕਿਸੇ ਮਾੜੇ ਬੰਦੇ ਨੂੰ ਉੱਚ ਪਦਵੀ ਮਿਲ ਜਾਵੇ ਪ੍ਰੰਤੂ ਉਹ ਆਪਣੇ ਪੁਰਾਣੇ ਸੁਭਾਅ ਕਰਕੇ ਹੀਣਤਾ ਭਰੇ ਕੰਮ ਕਰੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਕੁੱਤਾ ਭੌਂਕਦਾ ਚੰਗਾ, ਬਾਣੀਆਂ ਬੋਲਦਾ ਚੰਗਾ**—ਭਾਵ ਇਹ ਹੈ ਕਿ ਜੇ ਕੁੱਤਾ ਭੌਂਕਦਾ ਰਹੇ ਤਾਂ ਚੋਰੀ ਦਾ ਡਰ ਨਹੀਂ ਰਹਿੰਦਾ ਤੇ ਬਾਣੀਆਂ ਬੋਲਣ ਸਮੇਂ ਸਹੀ ਤੋਲ ਤੋਲਦਾ ਹੈ ਨਹੀਂ ਤਾਂ ਕਸਾਰਾ ਲਾ ਦੇਂਦਾ ਹੈ।

**ਕੁੱਤਾ ਪੂਛ ਮਾਰ ਕੇ ਬਹਿੰਦਾ ਹੈ**—ਜਦੋਂ ਕਿਸੇ ਨੂੰ ਆਪਣੀ ਰਹਿਣ-ਸਹਿਣ ਦੀ ਥਾਂ ਨੂੰ ਸਾਫ਼ ਸੁਥਰਾ ਰੱਖਣ ਦੀ ਪ੍ਰੇਰਨਾ ਦੇਣੀ ਹੋਵੇ ਤਾਂ ਇਹ ਅਖਾਣ ਬੋਲਦੇ ਹਨ।

**ਕੁੱਤੇ ਦੀ ਹੱਡੀ ਵਾਲ਼ਾ ਸੁਆਦ**—ਭਾਵ ਇਹ ਹੈ ਕਿ ਜਿਸ ਕੰਮ ਨੂੰ ਕਰਨ ਦਾ ਕੋਈ

ਲਾਭ ਨਹੀਂ ਉਸ ਨੂੰ ਕਰਨ ਦਾ ਭਾਵ ਕੁੱਤੇ ਦੇ ਹੱਡੀ ਚੂਸਣ ਵਾਂਗ ਹੈ। ਹੱਡੀ 'ਚੋਂ ਤਾਂ ਕੁਝ ਨਿਕਲਦਾ ਹੀ ਨਹੀਂ ਐਵੇਂ ਝੱਸ ਹੀ ਹੈ।

**ਕੁੱਤੇ ਦੀ ਪੂਛ ਬਾਰਾਂ ਵਰ੍ਹੇ ਨਲਕੀ 'ਚ ਰਹੀ ਫੇਰ ਵੀ ਡਿੰਗੀ ਦੀ ਡਿੰਗੀ**—ਭਾਵ ਇਹ ਹੈ ਕਿ ਮਾੜੀਆਂ ਆਦਤਾਂ ਜਾਂ ਖ਼ਸਲਤਾਂ ਸੈਆਂ ਯਤਨ ਕਰਨ 'ਤੇ ਵੀ ਨਹੀਂ ਬਦਲਦੀਆਂ।

**ਕੁੱਤੇ ਦੀ ਮੌਤ ਆਉਂਦੀ ਏ ਤਾਂ ਮਸੀਤੀਂ ਮੂਤਦਾ ਹੈ**—ਭਾਵ ਇਹ ਹੈ ਕਿ ਮਾੜੇ ਕੰਮ ਕਰਨ ਵਾਲ਼ਾ ਬੰਦਾ ਕਦੇ ਨਾ ਕਦੇ ਕਿਸੇ ਭਲਾ-ਮਾਣਸ ਜਾਂ ਤਕੜੇ ਬੰਦੇ ਨਾਲ਼ ਪੰਗਾ ਲੈ ਕੇ ਆਪਣੀ ਝਾੜ ਝੰਬ ਕਰਵਾ ਲੈਂਦਾ ਹੈ।

**ਕੁੱਤੇ ਨੂੰ ਖੀਰ ਨਹੀਂ ਪਚਦੀ**—ਭਾਵ ਇਹ ਹੈ ਕਿ ਜੇਕਰ ਹੋਛੇ ਬੰਦੇ ਨੂੰ ਧਨ-ਦੌਲਤ ਮਿਲ਼ ਜਾਵੇ ਤਾਂ ਉਹ ਉਸ ਨੂੰ ਪਚਾ ਨਹੀਂ ਸਕਦਾ, ਛੇਤੀ ਹੀ ਪੈਰੋਂ ਉਖੜ ਜਾਂਦਾ ਹੈ।

**ਕੁੱਤੇ ਭੌਂਕਣ ਤਾਂ ਚੰਨ ਨੂੰ ਕੀ**—ਜੇਕਰ ਕੋਈ ਨੀਚ ਆਦਮੀ ਵੱਡੇ ਬੰਦੇ ਦੀ ਨਿੰਦਿਆ ਚੁਗਲੀ ਕਰੇ ਤਾਂ ਵੱਡੇ ਬੰਦੇ ਦਾ ਕੁਝ ਨਹੀਂ ਵਿਗੜਦਾ।

**ਕੁੱਤੇ ਭੌਂਕਦੇ ਰਹਿੰਦੇ ਨੇ ਹਾਥੀ ਲੰਘ ਜਾਂਦੇ ਨੇ**—ਇਸ ਅਖਾਣ ਦਾ ਭਾਵ ਵੀ ਉਪਰੋਕਤ ਅਖਾਣ ਵਾਲ਼ਾ ਹੀ ਹੈ। ਬੁਰੇ ਆਦਮੀ ਚੰਗੇ ਬੰਦਿਆਂ ਦੀ ਨਿੰਦਾ ਚੁਗਲੀ ਕਰਦੇ ਹੀ ਰਹਿੰਦੇ ਹਨ ਪ੍ਰੰਤੂ ਉਹ ਚੰਗੇ ਬੰਦੇ ਬੁਰਿਆਂ ਦੀ ਪ੍ਰਵਾਹ ਨਹੀਂ ਕਰਦੇ।

**ਕੁਦਰਤ ਤੇਰੀ ਕਾਦਰਾ, ਬੀਜੀ ਕਣਕ ਤੇ ਉੱਗ ਪਿਆ ਬਾਜਰਾ**—ਜਦੋਂ ਮਿਹਨਤ ਕਰਨ ਮਗਰੋਂ ਸਫ਼ਲਤਾ ਪ੍ਰਾਪਤ ਨਾ ਹੋਵੇ ਤਾਂ ਆਸ ਤੋਂ ਉਲਟ ਸਿੱਟੇ ਨਿਕਲਣ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਕੁੱਬੇ ਨੂੰ ਲੱਤ ਕਾਰੀ ਆ ਗਈ**—ਜਦੋਂ ਕਿਸੇ ਬੰਦੇ ਨਾਲ਼ ਕਮਾਏ ਵੈਰ ਜਾਂ ਕੀਤੀ ਬੁਰਾਈ ਕਾਰਨ ਉਸ ਨੂੰ ਲਾਭ ਪ੍ਰਾਪਤ ਹੋ ਜਾਵੇ, ਉਦੋਂ ਆਖਦੇ ਹਨ।

**ਕੁੜਤਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੁੰਦੈ**—ਇਸ ਅਖਾਣ ਦਾ ਭਾਵ ਇਹ ਹੈ ਕਿ ਆਪਣੇ ਪਰਿਵਾਰ ਦੇ ਜੀਆਂ ਦੀਆਂ ਬਾਹਰ ਜਾ ਕੇ ਗੱਲਾਂ ਕਰਨ ਨਾਲ਼ ਆਪਣੀ ਹੀ ਬਦਨਾਮੀ ਹੁੰਦੀ ਹੈ।

**ਕੁੜਮ ਕੁੜਮ ਰਲੇ ਤੇ ਵਚੋਲੇ ਰਹੇ ਖਲੇ**—ਜਦੋਂ ਮਤਲਬ ਪੂਰਾ ਹੋਣ 'ਤੇ ਬੰਦਾ ਉਹਨਾਂ ਵਸੀਲਿਆਂ ਨੂੰ ਭੁੱਲ ਜਾਵੇ ਜਿਨ੍ਹਾਂ ਸਦਕਾ ਉਸ ਦਾ ਮਤਲਬ ਪੂਰਾ ਹੋਇਆ ਸੀ, ਉਦੋਂ ਆਖਦੇ ਹਨ।

**ਕੁੜਮ ਵਿਗੁੱਤਾ ਚੰਗਾ, ਗੁਆਂਢ ਵਿਗੁੱਤਾ ਮੰਦਾ**—ਇਸ ਅਖਾਣ ਵਿੱਚ ਗੁਆਂਢ ਨਾਲ਼ ਸਾਂਝ ਬਣਾਈ ਰੱਖਣ ਦੀ ਵਡਿਆਈ ਦਰਸਾਈ ਗਈ ਹੈ ਅਤੇ ਗੁਆਂਢੀ ਨੂੰ ਕੁੜਮ ਨਾਲ਼ੋਂ ਉੱਪਰ ਰੱਖਿਆ ਗਿਆ ਹੈ।

**ਕੁੜੀ ਜੰਮੀ ਤੇ ਹੱਡ ਛੁੱਟੇ**—ਜਦੋਂ ਕੋਈ ਬੰਦਾ ਪੱਲਿਓਂ ਕਸਾਰਾ ਖਾ ਕੇ ਕਸੂਤੇ ਬੰਦੇ ਪਾਸੋਂ ਖਹਿੜਾ ਛੁਡਾ ਲਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਕੂੰਜ ਕਮਾਦੀ ਮਿਹਣਾ, ਜੇ ਘਰ ਰਹਿਣ ਵਿਸਾਖ**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਕੂੰਜਾਂ ਵਿਸਾਖ ਮਹੀਨੇ ਵਿੱਚ ਆਪਣੇ ਆਲ੍ਹਣੇ ਛੱਡ ਕੇ ਦੂਰ ਉਡਾਰੀਆਂ ਮਾਰ ਜਾਂਦੀਆਂ ਹਨ।

**ਕੋਈ ਹਾਲ ਮਸਤ, ਕੋਈ ਮਾਲ ਮਸਤ, ਕੋਈ ਰੋਟੀ ਫੁਲਕਾ ਦਾਲ ਮਸਤ**—ਇਸ ਅਖਾਣ ਵਿੱਚ ਮਨ-ਮੌਜੀ ਬੰਦਿਆਂ ਬਾਰੇ ਦੱਸਿਆ ਗਿਆ ਹੈ ਕਿ ਉਹ ਕਿੰਨ੍ਹਾਂ-ਕਿੰਨ੍ਹਾਂ ਹਾਲਤਾਂ ਵਿੱਚ ਮਸਤ ਰਹਿੰਦੇ ਹਨ।

**ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ**—ਇਸ ਅਖਾਣ ਰਾਹੀਂ ਦੁਨੀਆਂ ਤੋਂ ਨਿਰਲੇਪ ਰਹਿਣ ਵਾਲ਼ੇ ਬੰਦੇ ਦੀ ਮਾਨਸਿਕ ਦਿਸ਼ਾ ਦਾ ਵਰਨਣ ਕੀਤਾ ਗਿਆ ਹੈ, ਜਿਸ ਨੂੰ ਕਿਸੇ ਦੇ ਜੰਮਣ-ਮਰਨ ਦਾ ਕੋਈ ਹਿਰਖ਼ ਸੋਗ ਨਹੀਂ ਹੁੰਦਾ, ਜੋ ਆਪਣੇ ਹਾਲ ਵਿੱਚ ਹੀ ਮਸਤ ਰਹਿੰਦਾ ਹੈ।

**ਕੋਸੇ ਜੀਣ, ਅਸੀਸੇ ਮਰਨ**—ਇਸ ਅਖਾਣ ਵਿੱਚ ਦੱਸਿਆ ਗਿਆ ਹੈ ਕਿ ਕਿਸੇ ਦੀਆਂ ਦਿੱਤੀਆਂ ਦੁਰਾਸੀਸਾਂ ਦਾ ਕੋਈ ਅਸਰ ਨਹੀਂ ਹੁੰਦਾ, ਦੁਰਾਸੀਸਾਂ ਵਾਲ਼ੇ ਜਿਉਂਦੇ ਰਹਿੰਦੇ ਹਨ ਅਤੇ ਅਸੀਸਾਂ ਲੈਣ ਵਾਲ਼ੇ ਮਰ ਜਾਂਦੇ ਹਨ।

**ਕੋਹ ਨਾ ਚੱਲੀ ਬਾਬਾ ਤਿਹਾਈ**—ਜਦੋਂ ਕੋਈ ਬੰਦਾ ਥੋੜ੍ਹਾ ਜਿਹਾ ਕੰਮ ਕਰਨ ਮਗਰੋਂ ਹੀ ਥੱਕ ਕੇ ਬਹਿ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਕੋਠਾ ਉਸਰਿਆ, ਤਰਖਾਣ ਵਿੱਸਰਿਆ**—ਭਾਵ ਇਹ ਹੈ ਕਿ ਅਸੀਂ ਕੰਮ ਪੂਰਾ ਹੋਣ ਮਗਰੋਂ ਕੰਮ ਕਰਨ ਵਾਲ਼ੇ ਦਾ ਧੰਨਵਾਦ ਕਰਨਾ ਵੀ ਭੁੱਲ ਜਾਂਦੇ ਹਾਂ।

**ਕੋਠੇ ਤੇ ਚੜ੍ਹ ਬੋਕਦੀ, ਰੰਨ ਸਾਰੇ ਲੋਕ ਦੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਤੀਵੀਂ ਆਪਣੇ ਮਾਲਕ ਦੇ ਮਾੜਾ ਮੋਟਾ ਰੁਸਣ ਨਾਲ਼ ਲੋਕਾਂ ਨੂੰ ਸੁਣਾਉਣ ਲੱਗ ਪਏ।

**ਕੋਠੇ ਦੀ ਦੌੜ ਬਨੇਰੇ ਤੋੜੀ**—ਜਦੋਂ ਕੋਈ ਆਪਣਾ ਮਤਲਬ ਪੂਰਾ ਕਰਨ ਲਈ ਆਪਣਾ ਅੰਤਿਮ ਵਸੀਲਾ ਵਰਤ ਲਵੇ ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਕੋਠੇ ਵਾਲ਼ਾ ਰੋਵੇ, ਛੱਪਰ ਵਾਲ਼ਾ ਸੋਵੇ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਅਮੀਰ ਆਦਮੀਆਂ ਨੂੰ ਘੱਟ ਨੀਂਦ ਆਉਂਦੀ ਹੈ ਤੇ ਗ਼ਰੀਬ ਸੁਖ ਦੀ ਨੀਂਦ ਸੌਂਦੇ ਹਨ। ਅਮੀਰਾਂ ਨੂੰ ਤਾਂ ਆਪਣੇ ਧਨ-ਦੌਲਤ ਦੀ ਚਿੰਤਾ ਲੱਗੀ ਰਹਿੰਦੀ ਹੈ।

**ਕੋਲ ਹੋਵੇ ਤਾਂ ਸਾੜੇ ਸੜੇ, ਦੂਰ ਹੋਵੇ ਤਾਂ ਹਾਵੇ ਮਰੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਨੂੰ ਕਿਸੇ ਦੇ ਨਜ਼ਦੀਕ ਹੋਣਾ ਚੰਗਾ ਨਾ ਲੱਗੇ ਪ੍ਰੰਤੂ ਉਸ ਦੇ ਦੂਰ ਚਲੇ ਜਾਣ 'ਤੇ ਦਿਖਾਵੇ ਨਾਲ਼ ਉਸ ਨੂੰ ਯਾਦ ਕਰ-ਕਰ ਹਾਉਂਕੇ ਭਰੇ।

**ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ**—ਭਾਵ ਇਹ ਹੈ ਕਿ ਭੈੜੇ ਬੰਦਿਆਂ ਦੀ ਸੰਗਤ ਮਾੜੀ ਹੁੰਦੀ ਹੈ ਅਤੇ ਅਕਾਰਨ ਹੀ ਬਿਨਾਂ ਮਾੜਾ ਕੰਮ ਕੀਤਿਆਂ ਬਦਨਾਮੀ ਪੱਲੇ ਪੈ ਜਾਂਦੀ ਹੈ।

**ਕੌਡੀ ਨਹੀਂ ਪਾਸ, ਤਾਂ ਮੇਲਾ ਲੱਗੇ ਉਦਾਸ**—ਭਾਵ ਇਹ ਹੈ ਕਿ ਜਦੋਂ ਜੇਬ ਵਿੱਚ ਪੈਸੇ ਨਾ ਹੋਣ ਤਾਂ ਮੌਜ ਮੇਲੇ ਦੀਆਂ ਰੌਣਕਾਂ ਚੰਗੀਆਂ ਨਹੀਂ ਲੱਗਦੀਆਂ।

**ਕੌਣ ਸਾਹਿਬ ਨੂੰ ਕਹੇ, ਇੰਜ ਨਹੀਂ ਇੰਜ ਕਰ**—ਭਾਵ ਇਹ ਹੈ ਕਿ ਪ੍ਰਮਾਤਮਾ ਦੇ ਭਾਣੇ ਵਿੱਚ ਕੋਈ ਦਖ਼ਲ ਨਹੀਂ ਦੇ ਸਕਦਾ, ਉਹ ਜਿਵੇਂ ਚਾਹੇ ਕਰੇ।

**ਕੌਣ ਸੁਖੀ, ਜਿਸ ਦੀ ਜਾਈ ਸੁੱਖੀ**—ਭਾਵ ਸਪੱਸ਼ਟ ਹੈ ਕਿ ਜੇਕਰ ਧੀ ਸੁੱਖਾਂ ਵਿੱਚ ਵਸਦੀ ਹੋਵੇ ਤਾਂ ਮਾਪਿਆਂ ਦੇ ਮਨ ਨੂੰ ਸ਼ਾਂਤੀ ਆਉਂਦੀ ਹੈ।

**ਕੌਣ ਕਹੇ ਪਰਭਾਣੀ ਅੱਗਾ ਢੱਕ**—ਭਾਵ ਇਹ ਹੈ ਕਿ ਵੱਡਿਆਂ ਤੇ ਤਕੜਿਆਂ ਨੂੰ ਭੁੱਲ ਕਰਦਿਆਂ ਵੇਖ ਕੇ ਕੋਈ ਉਹਨਾਂ ਨੂੰ ਟੋਕ ਨਹੀਂ ਸਕਦਾ, ਨਾ ਹੀ ਵਰਜ ਸਕਦਾ ਹੈ।

**ਕੌਣ ਤੇ ਕੌਣ ਹੀ ਸਹੀ**—ਜਦੋਂ ਕੋਈ ਬੰਦਾ ਆਪਣੀ ਆਈ ਤੇ ਆ ਕੇ ਆਪਣੀ ਮਨਮਰਜ਼ੀ ਕਰਨ ਲਈ ਕੋਈ ਬਹਾਨਾ ਲੱਭ ਰਿਹਾ ਹੋਵੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਕੌਰ (ਕਬਾਰ) ਚੂਨੇ ਵਿੱਚ ਮੁਰਦਾ ਬੇਈਮਾਨ**—ਕਿਸੇ ਭੈੜੇ ਚਾਲ ਚਲਣ ਵਾਲ਼ੇ ਬੰਦੇ ਦੀ ਬਾਹਰੋਂ ਕੀਤੀ ਪੋਚਾ-ਪੋਚੀ ਵਾਲ਼ੀ ਸੂਰਤ ਵੇਖ ਕੇ ਇਹ ਅਖਾਣ ਵਰਤਿਆ ਜਾਂਦਾ ਹੈ।

## ਖ

**ਖਸਮ ਕਰ ਵਿਗੁੱਤੀ ਨਾ ਸਿਰ ਪਰਾਂਦਾ ਨਾ ਪੈਰੀਂ ਜੁੱਤੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਮਿਹਨਤ ਵਾਲ਼ਾ ਕੰਮ ਜਾਂ ਘਟੀਆ ਕੰਮ ਕਰਨ ਮਗਰੋਂ ਵੀ ਮੰਦੇ ਹਾਲੀਂ ਰਹੇ।

**ਖਸਮ ਨਾਨੀ ਕਰੇ ਦੋਹਤਾ ਚੱਟੀ ਭਰੇ**—ਜਦੋਂ ਕਿਸੇ ਬੰਦੇ ਦੀ ਗ਼ਲਤੀ ਦੀ ਸਜ਼ਾ ਕਿਸੇ ਹੋਰ ਨੂੰ ਭੁਗਤਣੀ ਪਵੇ, ਉਦੋਂ ਇੰਜ ਆਖਦੇ ਹਨ।

**ਖਸਮ ਕੀਤਾ ਚੁਗੱਤਾ, ਉਹੀ ਚੱਕੀ ਉਹੀ ਹੱਥਾ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਜਦੋਂ ਕੋਈ ਪੁਰਸ਼ ਆਪਣੀ ਹਾਲਤ ਸੁਧਾਰਨ ਲਈ ਕ਼ੋਈ ਹੋਰ ਕੰਮ ਕਰਦਾ ਹੈ ਪ੍ਰੰਤੂ ਅਜਿਹਾ ਕਰਨ ਮਗਰੋਂ ਵੀ ਹਾਲਾਤ ਪਹਿਲਾਂ ਵਾਲੇ ਹੀ ਰਹਿੰਦੇ ਹਨ।

**ਖਸਮ ਦਾ ਕੁੱਤਾ ਸਰ੍ਹਾਣੇ ਸੁੱਤਾ**—ਭਾਵ ਇਹ ਹੈ ਕਿ ਵੱਡੇ ਆਦਮੀ ਦੀ ਹਰ ਵਸਤੂ ਦੀ ਕਦਰ ਹੁੰਦੀ ਹੈ।

**ਖਜੂਰ ਤੇ ਚੜ੍ਹੇ ਨੂੰ ਦੋ ਦੋ ਦਿਸਦੇ ਹਨ**—ਭਾਵ ਇਹ ਹੈ ਕਿ ਧਨ-ਦੌਲਤ ਦੇ ਨਸ਼ੇ ਵਿੱਚ ਅਮੀਰ ਲੋਕ ਆਮ ਤੇ ਗ਼ਰੀਬ ਲੋਕਾਂ ਨੂੰ ਟਿਚ ਕਰਕੇ ਜਾਣਦੇ ਹਨ।

**ਖਜੂਰਾਂ ਦੀ ਸ਼ੀਰਨੀ ਬਣੇ ਬਣਾਏ ਗਰਾਹ**—ਜਦੋਂ ਕੋਈ ਬੰਦਾ ਨਫ਼ੇ ਵਾਲ਼ੇ ਸੌਦੇ ਦੀ ਆਸ ਵਿੱਚ ਘਾਟੇ ਵਾਲ਼ਾ ਸੌਦਾ ਕਰ ਲਵੇ, ਉਦੋਂ ਇਹ ਅਖਾਣ ਬੋਲਦੇ ਹਨ

**ਖੱਟਣ ਗਏ ਨਖੱਟੂ, ਘੋੜੇ ਵੇਚ ਲਿਆਏ ਟੱਟੂ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਲਾਭ ਵਾਲ਼ਾ ਸੌਦਾ ਕਰਨ ਗਿਆ ਘਾਟੇ ਵਾਲ਼ਾ ਸੌਦਾ ਕਰ ਆਵੇ।

**ਖੱਟਣ ਨਾ ਖਾਣ, ਭੈੜਾ ਜਜਮਾਨ**—ਇਹ ਅਖਾਣ ਵਿਹਲੇ ਤੇ ਨਖੱਟੂ ਬੰਦੇ ਪ੍ਰਤੀ ਵਰਤਿਆ ਜਾਂਦਾ ਹੈ।

**ਖੱਟਾ ਖਾਵੇ ਮਿੱਠੇ ਨੂੰ**—ਭਾਵ ਇਹ ਹੈ ਕਿ ਮੰਦੇ ਬੋਲ ਬੋਲ ਕੇ ਅਸੀਂ ਆਪਣੇ ਪਹਿਲਾਂ ਬੋਲੇ ਮਿੱਠੇ ਬਚਨਾਂ ਦੇ ਅਸਰ ਨੂੰ ਵੀ ਗੁਆ ਬੈਠਦੇ ਹਾਂ।

**ਖੱਟੂ ਆਵੇ ਡਰਦਾ, ਨਖੱਟੂ ਆਵੇ ਲੜਦਾ**—ਜਦੋਂ ਕੋਈ ਵਿਹਲਾ ਬੰਦਾ ਘਰਦਿਆਂ ਤੇ ਅਜਾਈਂ ਰੋਹਬ ਪਾਵੇ, ਉਦੋਂ ਇੰਜ ਆਖਦੇ ਹਾਂ।

**ਖੱਟੂ ਗਿਆ ਖੱਟਣ ਨੂੰ, ਨਖੱਟੂ ਗਿਆ ਪੱਟਣ ਨੂੰ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਘਰੋਂ ਬਾਹਰ ਕਮਾਈ ਕਰਨ ਗਿਆ ਨਾਲਾਇਕ ਤੇ ਨਖੱਟੂ ਬੰਦਾ ਘਾਟਾ ਖਾ ਕੇ ਘਰ ਪਰਤ ਆਵੇ।

**ਖੋਟੇ ਦਿਲ ਤੇ ਭਲਾ ਕਮਾਵੇ, ਉਹ ਅਹਿਸਾਨ ਵੀ ਬਿਰਥਾ ਜਾਵੇ**—ਜਦੋਂ ਕੋਈ ਬੰਦਾ ਭਲਾ ਤੇ ਨੇਕ ਕੰਮ ਕਰਦਾ ਹੋਇਆ ਤੇ ਕਿਸੇ ਸਿਰ ਅਹਿਸਾਨ ਕਰਦਿਆਂ ਹੋਇਆਂ ਆਪਣਾ ਵਤੀਰ ਅਯੋਗ ਰੱਖੇ ਉਸ ਨੂੰ ਸਮਝਾਉਣ ਲਈ ਇਹ ਅਖਾਣ ਵਰਤਿਆ ਜਾਂਦਾ. ਹੈ।

**ਖੰਡ ਖੰਡ ਆਖਿਆ ਮੂੰਹ ਮਿੱਠਾ ਨਹੀਂ ਹੁੰਦਾ**—ਭਾਵ ਇਹ ਹੈ ਕਿ ਫੋਕੀਆਂ ਗੱਲਾਂ ਨਾਲ਼ ਢਿੱਡ ਨਹੀਂ ਭਰਦਾ ਹੱਥੀਂ ਕੰਮ ਕਰਨਾ ਹੀ ਪੈਣਾ ਹੈ।

**ਖੱਤਰੀ ਖੰਡ ਵੇਲ੍ਹਟਿਆ ਮਹੁਰਾ**—ਜਦੋਂ ਕੋਈ ਦੁਕਾਨਦਾਰ ਮਿੱਠੀਆਂ-ਮਿੱਠੀਆਂ ਗੱਲਾਂ ਮਾਰ ਕੇ ਆਪਣੇ ਗਾਹਕਾਂ ਨੂੰ ਠੱਗਦਾ ਹੈ, ਉਦੋਂ ਆਖਦੇ ਹਨ। ਪਿੰਡਾਂ ਵਿੱਚ ਆਮ ਤੌਰ 'ਤੇ ਖੱਤਰੀ ਹੀ ਦੁਕਾਨਦਾਰੀ ਕਰਦੇ ਹਨ।

**ਖਤਰੀ ਦਾ ਫੋੜਾ ਤੇ ਸੁਦਾਗਰ ਦਾ ਘੋੜਾ ਹੱਥ ਫੇਰਿਆ ਮੋਟਾ ਹੁੰਦਾ ਹੈ**—ਇਹ ਇਕ ਅਟੱਲ ਸੱਚਾਈ ਹੈ ਕਿ ਫੋੜੇ ਨੂੰ ਪਲੋਸਣ ਨਾਲ਼ ਉਹ ਵੱਧਦਾ ਹੈ ਤੇ ਘੋੜਾ ਪਲੋਸਿਆਂ ਤਕੜਾ ਹੁੰਦਾ ਹੈ।

**ਖੱਦਰ ਦੀ ਜੁੱਲੀ ਬਖੀਆ ਰੇਸ਼ਮ ਦਾ**—ਕਿਸੇ ਘਟੀਆ ਚੀਜ਼ ਨਾਲ਼ ਵਧੀਆ ਵਸਤੂ ਦੇ ਮੇਲ ਨੂੰ ਅਢੁੱਕਵਾਂ ਦੱਸਣ ਲਈ ਇਹ ਅਖਾਣ ਬੋਲਦੇ ਹਨ।

**ਖਰੀ ਮਜੂਰੀ ਚੋਖਾ ਕੰਮ**—ਭਾਵ ਇਹ ਹੈ ਕਿ ਜੇਕਰ ਅਸੀਂ ਮਜ਼ਦੂਰ ਅਥਵਾ ਕਾਰੀਗਰ ਨੂੰ ਪੂਰੀ ਮਜ਼ਦੂਰੀ ਦੇਵਾਂਗੇ ਤਾਂ ਉਹ ਦਿਲ ਲਾ ਕੇ ਚੰਗਾ ਚੋਖਾ ਕੰਮ ਕਰੇਗਾ।

**ਖਰੇ ਨਾਲ਼ ਖੋਟਾ, ਉਸ ਨੂੰ ਦਰਗਾਹੋਂ ਟੋਟਾ**—ਜਿਹੜਾ ਬੰਦਾ ਸਾਊ ਤੇ ਈਮਾਨਦਾਰ ਬੰਦੇ ਨਾਲ਼ ਮਾੜਾ ਵਿਵਹਾਰ ਕਰਦਾ ਹੈ ਉਹ ਹਮੇਸ਼ਾ ਸ਼ਰਮਿੰਦਗੀ ਝਲਦਾ ਹੈ ਅਤੇ ਘਾਟੇ ਵਿੱਚ ਰਹਿੰਦਾ ਹੈ।

**ਖਲੋਣ ਨੂੰ ਥਾਂ ਮਿਲੇ, ਬਹਿਣ ਨੂੰ ਆਪੇ ਬਣਾ ਲਵਾਂਗੇ**—ਇਹ ਅਖਾਣ ਉਹਨਾਂ ਬੰਦਿਆਂ ਲਈ ਵਰਤਿਆ ਜਾਂਦਾ ਹੈ ਜਿਹੜੇ ਥੋੜ੍ਹਾ ਜਿਹਾ ਲਿਹਾਜ਼ ਮਿਲਣ ਮਗਰੋਂ ਵਧੇਰੀਆਂ ਸਹੂਲਤਾਂ ਭਾਲਦੇ ਹਨ।

**ਖਵਾਜੇ ਦਾ ਗਵਾਹ ਡੱਡੂ**—ਜਦੋਂ ਕੋਈ ਝੂਠੇ ਬੰਦੇ ਦਾ, ਉਹਦੇ ਵਰਗਾ ਝੂਠਾ ਬੰਦਾ, ਸਾਥ ਦੇਵੇ ਉਦੋਂ ਇੰਜ ਆਖਦੇ ਹਨ।

**ਖਾਗੇ ਘਰ ਵਾਲ਼ੇ ਨਾ ਪ੍ਰਾਹੁਣਿਆਂ ਦਾ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਬਾਹਰੀ ਤੌਰ 'ਤੇ ਖ਼ਰਚ ਕਰਵਾਉਣ ਵਾਲ਼ਾ ਕੋਈ ਹੋਰ ਨਜ਼ਰ ਆਵੇ ਪ੍ਰੰਤੂ ਅਸਲੀ ਖ਼ਰਚਾ ਕਰਵਾਉਣ ਵਾਲ਼ਾ ਕੋਈ ਹੋਰ ਹੋਵੇ।

**ਖਾ ਗਏ ਰੰਗ ਲਾ ਗਏ, ਜੋੜ ਗਏ ਸੋ ਰੋੜ੍ਹ ਗਏ**—ਇਹ ਅਖਾਣ ਉਹਨਾਂ ਕੰਜੂਸਾਂ ਤੇ ਵਿਅੰਗ ਕਸਦਾ ਹੈ ਜਿਹੜੇ ਕੰਜੂਸੀ ਨਾਲ਼ ਧਨ ਜੋੜਦੇ ਹਨ ਪ੍ਰੰਤੂ ਖਾਣ–ਪੀਣ ਵਾਲ਼ੇ ਬੰਦੇ ਰੁਪਏ ਪੈਸੇ ਦੀ ਖੁੱਲ੍ਹੀ ਵਰਤੋਂ ਕਰਕੇ ਐਸ਼ ਭਰੀ ਜ਼ਿੰਦਗੀ ਬਤੀਤ ਕਰਦੇ ਹਨ।

**ਖਾਈਏ ਕਣਕ ਦਾਲ, ਜਿਹੜੀ ਨਿਭੇ ਨਾਲ**—ਇਸ ਅਖਾਣ ਵਿੱਚ ਮਹਿੰਗੇ ਸਵਾਦੀ ਭੋਜਨਾਂ ਦਾ ਸੇਵਨ ਕਰਨ ਦੀ ਥਾਂ ਸਾਦਾ ਦਾਲ ਫੁਲਕਾ ਛਕ ਕੇ ਗੁਜ਼ਾਰਾ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ।

**ਖਾਈਏ ਮਨ ਭਾਉਂਦਾ, ਪਹਿਨੀਏ ਜਗ ਭਾਉਂਦਾ**—ਇਸ ਅਖਾਣ ਵਿੱਚ ਸਮਾਜਿਕ ਸਥਿਤੀ ਅਨੁਸਾਰ ਕੱਪੜੇ ਲੀੜੇ ਪਹਿਨਣ ਦਾ ਉਪਦੇਸ਼ ਦਿੱਤਾ ਗਿਆ ਹੈ। ਕੱਪੜੇ ਉਹੀ ਪਹਿਨਣੇ ਚਾਹੀਦੇ ਹਨ ਜਿਹੜੇ ਆਮ ਲੋਕਾਂ ਨੂੰ ਚੰਗੇ ਲੱਗਦੇ ਹਨ।

**ਖਾ ਔਤਰਿਆਂ ਦਾ ਮਾਲ ਤੇ ਅਗਲੇ ਨੂੰ ਵੀ ਗਾਲ਼**—ਜਦੋਂ ਕਿਸੇ ਨੂੰ ਬਿਨਾਂ ਮਿਹਨਤ ਤੋਂ ਮਿਲੀ ਹਰਾਮ ਦੀ ਕਮਾਈ ਹਜ਼ਮ ਨਾ ਹੋਵੇ ਤੇ ਉਹ ਦੀ ਪਹਿਲੀ ਕਮਾਈ ਨੂੰ ਵੀ ਗਾਲ਼ ਦੇਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਖਾਣ ਪੀਣ ਨੂੰ ਚੰਗੀ ਭਲੀ, ਰਾਮ ਜਪਣ ਨੂੰ ਡੋਰੀ**—ਜਦੋਂ ਕੋਈ ਬੰਦਾ ਖਾਣ-ਪੀਣ ਨੂੰ ਤਾਂ ਹਰ ਵੇਲੇ ਤਿਆਰ ਰਹੇ ਪ੍ਰੰਤੂ ਕੰਮ ਕਰਨ ਸਮੇਂ ਕੋਈ ਬਹਾਨਾ ਲਾ ਦੇਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਖਾਣ ਨੂੰ ਦੋ ਦੋ ਮੰਨੀਆਂ, ਕੰਮ ਕਰਨ ਨੂੰ ਬਾਹਾਂ ਭੰਨੀਆਂ**—ਇਸ ਅਖਾਣ ਦਾ ਭਾਵ ਅਰਥ ਉਪਰੋਕਤ ਅਖਾਣ ਵਾਲ਼ਾ ਹੀ ਹੈ।

**ਖਾਣ-ਪੀਣ ਨੂੰ ਬਾਹਮਣੀ, ਜੁੱਤੀਆਂ ਖਾਣ ਨੂੰ ਬਰਵਾਲੀ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਕੰਮ ਦਾ ਲਾਭ ਆਪ ਉਠਾਵੇ ਅਤੇ ਔਖ ਆਉਣ ਸਮੇਂ ਕਿਸੇ ਹੋਰ ਨੂੰ ਅੱਗੇ ਕਰ ਦੇਵੇ।

**ਖਾਣ ਨੂੰ ਲੱਛੋ ਬਾਂਦਰੀ, ਧੌਣ ਭਨਾਣ ਨੂੰ ਕੱਟਾ**—ਇਹ ਅਖਾਣ ਉਪਰੋਕਤ ਅਨੁਸਾਰ ਹੀ ਹੈ।

**ਖਾਣ ਪੀਣ ਵਿੱਚ ਕਾਹਦੀ ਸ਼ਰਮ**—ਭਾਵ ਸਪੱਸ਼ਟ ਹੈ ਕਿ ਖਾਣ-ਪੀਣ ਵਿੱਚ ਕੋਈ ਸ਼ਰਮ ਨਹੀਂ ਕਰਨੀ ਚਾਹੀਦੀ।

**ਖਾਣਾ ਹਲਵਾਈਆਂ ਦੇ, ਭੌਂਕਣਾ ਕਸਾਈਆਂ ਦੇ**—ਜਦੋਂ ਕੋਈ ਬੰਦਾ ਖਾਵੇ-ਪੀਵੇ ਕਿਸੇ ਹੋਰ ਦੇ ਤੇ ਟਹਿਲ ਸੇਵਾ ਕਿਸੇ ਹੋਰ ਦੀ ਕਰੇ, ਉਦੋਂ ਇਹ ਅਖਾਣ ਵਰਤਦੇ ਹਨ।

**ਖਾਣਾ ਖਾਧਾ ਤੇ ਪੱਤਲ ਪਾਟੀ**—ਇਸ ਅਖਾਣ ਦਾ ਭਾਵ ਸਪੱਸ਼ਟ ਹੈ ਕਿ ਹਰ ਕੋਈ ਆਪਣਾ ਮਤਲਬ ਕੱਢਣ ਮਗਰੋਂ ਅੱਖਾਂ ਫੇਰ ਲੈਂਦਾ ਹੈ।

**ਖਾਣਾ ਛਾਣ ਤੇ ਫੂਸੀਆਂ ਮੈਦੇ ਦੀਆਂ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਭੁੱਖਾ ਸ਼ੌਕੀਨ ਫ਼ੋਕਾ ਦਿਖਾਵਾ ਕਰਕੇ ਟੌਹਰ ਦਿਖਾਵੇ।

**ਖਾਣਾ ਪੀਣਾ ਆਪਣਾ ਨਿਰੀ ਸਲਾਮਾ ਲੇਕਮ**—ਫ਼ੋਕਾ ਦਿਖਾਵਾ ਕਰਨ ਵਾਲ਼ੇ ਮਿੱਤਰ ਦਾ ਜ਼ਿਕਰ ਆਉਣ ਸਮੇਂ ਇਹ ਅਖਾਣ ਬੋਲਦੇ ਹਨ।

**ਖਾਣੇ ਛੋਲੇ ਤੇ ਡਕਾਰ ਬਦਾਮਾਂ ਦੇ**—ਜਦੋਂ ਕੋਈ ਕਮਜ਼ੋਰ ਬੰਦਾ ਆਪਣੀ ਫ਼ੋਕੀ ਵਡਿਆਈ ਦਾ ਦਿਖਾਵਾ ਕਰੇ, ਉਦੋਂ ਆਖਦੇ ਹਨ।

**ਖਾਂਦਿਆਂ ਖ਼ੂਹ ਨਿਖੁੱਟ ਜਾਂਦੇ ਹਨ**—ਇਸ ਅਖਾਣ ਵਿੱਚ ਕਮਾਈ ਕਰਨ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ। ਵਿਹਲੇ ਬਹਿ ਕੇ ਖ਼ਰਚ ਕਰਨ ਨਾਲ਼ ਤਾਂ ਧਨ ਨਾਲ਼ ਭਰੇ ਖ਼ੂਹ ਵੀ ਮੁੱਕ ਜਾਂਦੇ ਹਨ।

**ਖਾਧੇ ਉੱਪਰ ਖਾਣ ਲਾਹਣਤੀਆਂ ਦਾ ਕੰਮ**—ਇਸ ਅਖਾਣ ਰਾਹੀਂ ਰੱਜ ਕੇ ਖਾਣ ਮਗਰੋਂ ਵਾਧੂ ਦਾ ਖਾਣ ਵਾਲ਼ੇ ਪ੍ਰਾਣੀਆਂ ਦੀ ਨਿਖੇਧੀ ਕੀਤੀ ਗਈ ਹੈ।

**ਖਾਧੇ ਦਾ ਕੀ ਖਾਣ**—ਭਾਵ ਇਹ ਹੈ ਕਿ ਜਿਹੜੀ ਚੀਜ਼ ਤੁਸੀਂ ਰੱਜ ਕੇ ਖਾ ਲਈ ਹੈ, ਉਸ ਨੂੰ ਹੋਰ ਖਾਣ ਦੀ ਲੋੜ ਨਹੀਂ ਐਵੇਂ ਵਾਧੂ ਦਾ ਵਿਗਾੜ ਪੱਲੇ ਪਵੇਗਾ।

**ਖਾਨਾਂ ਦੇ ਖਾਨ ਪ੍ਰਾਹੁਣੇ**—ਵੱਡੇ ਲੋਕਾਂ ਦੇ ਸੱਜਣ-ਮਿੱਤਰ ਵੀ ਵੱਡੇ ਲੋਕ ਹੀ ਹੁੰਦੇ ਹਨ।

**ਖਾਨਾਂ ਦੇ ਖਾਨ ਪ੍ਰਾਹੁਣੇ, ਚਨਿਉਟੀਆਂ ਦੇ ਚਨਿਉਟ, ਖਾਨਾਂ ਨੂੰ ਮਾਰਨ ਬੱਕਰੇ, ਚਨਿਉਟ ਰਿਨ੍ਹਾਵਣ ਮੋਠ**—ਇਸ ਅਖਾਣ ਦਾ ਭਾਵ ਇਹ ਹੈ ਕਿ ਹਰ ਕੋਈ ਆਪਣੀ ਵਿੱਤ ਅਨੁਸਾਰ ਆਪਣੇ ਪ੍ਰਾਹੁਣਿਆਂ ਦੀ ਸੇਵਾ ਸੰਭਾਲ ਕਰਦਾ ਹੈ।

**ਖਾਲੀ ਸੰਖ ਵਜਾਏ ਦੀਪਾ**—ਜਦੋਂ ਕੋਈ ਗ਼ਰੀਬ ਜਾਂ ਨਿਤਾਣਾ ਪੁਰਸ਼ ਫੋਕੀਆਂ ਫੂਕਾਂ ਮਾਰੇ, ਉਦੋਂ ਇੰਜ ਕਹਿੰਦੇ ਹਨ।

**ਖਾਵੇ ਬੱਕਰੀ ਵਾਂਗ, ਸੁੱਕੇ ਲੱਕੜੀ ਵਾਂਗ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਚੰਗੀ ਤੇ ਨਰੋਈ ਖ਼ੁਰਾਕ ਖਾਣ ਨਾਲ਼ ਹੀ ਚੰਗੀ ਤਰ੍ਹਾਂ ਕੰਮ ਕੀਤਾ ਜਾ ਸਕਦਾ ਹੈ।

**ਖੁਆਉ ਜਵਾਈਆਂ ਵਾਂਗ ਕੰਮ ਲਵੋ ਕਸਾਈਆਂ ਵਾਂਗ**—ਇਸ ਅਖਾਣ ਦਾ ਭਾਵ ਇਹ ਹੈ ਕਿ ਆਪਣੇ ਪੁੱਤਰਾਂ ਨੂੰ ਨਰੋਈ ਤੇ ਰੱਜਵੀਂ ਖ਼ੁਰਾਕ ਦੇ ਕੇ ਉਹਨਾਂ ਨੂੰ ਮਿਹਨਤ ਨਾਲ਼ ਕੰਮ ਕਰਨ ਦੀ ਆਦਤ ਪਾਉ।

**ਖੁੱਸੇ ਨਾ ਖੁਸਾਵੇ, ਝੁੱਡੂ ਉਘਰ ਉਘਰ ਆਵੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਹੋਛਾ ਬੰਦਾ ਧੌਂਸ ਤਾਂ ਬਹੁਤ ਜਮਾਏ ਅਤੇ ਵਾਰ-ਵਾਰ ਵੰਗਾਰੇ ਪ੍ਰੰਤੂ ਉਹ ਕਿਸੇ ਦਾ ਕੁਝ ਵਿਗਾੜਨ ਦੇ ਸਮਰੱਥ ਨਾ ਹੋਵੇ।

**ਖੁਡੋਂ ਨਿਕਲੇ ਢਕ-ਮਕੌੜੇ, ਆਪੋ ਆਪਣੇ ਰਾਹੀਂ ਦੌੜੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਦੀ ਔਲਾਦ ਆਪਣੇ-ਆਪਣੇ ਕੰਮਾਂ ਵਿੱਚ ਰੁਝ ਕੇ ਆਪਣੇ-ਆਪਣੇ ਵੱਖਰੇ ਘਰਾਂ ਵਿੱਚ ਵਸਣ ਲੱਗ ਜਾਵੇ।

**ਖੁਦਾ ਨੇੜੇ ਕਿ ਘਸੁੰਨ**—ਇਸ ਅਖਾਣ ਦਾ ਭਾਵ ਇਹ ਹੈ ਕਿ ਧੱਕੜ ਬੰਦੇ ਆਮ ਬੰਦਿਆਂ ਨੂੰ ਧੌਂਸ ਦੇ ਕੇ ਧਮਕਾਉਂਦੇ ਰਹਿੰਦੇ ਹਨ ਕਿ ਤੁਹਾਡੀ ਰੱਖਿਆ ਕਰਨ ਵਾਲ਼ਾ ਤਾਂ ਦੂਰ ਹੈ ਤੇ ਸਾਡਾ ਘਸੁੰਨ ਨੇੜੇ ਹੈ।

**ਖੂਹ ਦੀ ਮਿੱਟੀ ਖੂਹ ਨੂੰ ਲੱਗ ਜਾਂਦੀ ਹੈ**—ਜਦੋਂ ਕਿਸੇ ਦਾ ਕਮਾਇਆ ਹੋਇਆ ਧਨ ਉਸ ਦੀ ਕਮਾਈ ਦੇ ਸਾਧਨਾਂ 'ਤੇ ਖ਼ਰਚ ਹੋ ਜਾਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਖੂਹ ਪੁਟਦੇ ਨੂੰ ਖਾਤਾ ਤਿਆਰ**—ਭਾਵ ਇਹ ਹੈ ਕਿ ਜਿਹੜਾ ਬੰਦਾ ਕਿਸੇ ਦਾ ਬੁਰਾ ਕਰਦਾ ਹੈ, ਉਸ ਦਾ ਆਪਣਾ ਹਾਲ ਵੀ ਬੁਰਾ ਹੋ ਜਾਂਦਾ ਹੈ।

**ਖ਼ੂਨ ਸਿਰ ਚੜ੍ਹਕੇ ਬੋਲਦਾ ਹੈ**—ਭਾਵ ਇਹ ਹੈ ਕਿ ਕੋਈ ਲੁਕ ਕੇ ਕੀਤਾ ਹੋਇਆ ਜ਼ੁਰਮ ਆਖ਼ਰ ਨੰਗਾ ਹੋ ਹੀ ਜਾਂਦਾ ਹੈ। ਖ਼ੂਨੀ ਕਦੇ ਨਾ ਕਦੇ ਕੀਤੇ ਖ਼ੂਨ ਦਾ ਪਰਦਾ ਜ਼ਾਹਰ ਕਰ ਦਿੰਦਾ ਹੈ।

**ਖੇਡਾਂ ਤੇ ਮਾਵਾਂ ਮੁੱਕਣ ਤੇ ਹੀ ਚੇਤੇ ਆਉਂਦੀਆਂ ਹਨ**—ਇਸ ਅਖਾਣ ਵਿੱਚ ਮੁੱਕ ਰਹੀਆਂ ਖੇਡਾਂ ਅਤੇ ਮਾਂ ਦੀ ਵਡਿਆਈ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ।

**ਖੇਤੀ ਖਸਮਾਂ ਸੇਤੀ**—ਇਸ ਅਖਾਣ ਦਾ ਭਾਵ ਇਹ ਹੈ ਕਿ ਜੇ ਜ਼ਮੀਨ ਦਾ ਮਾਲਕ ਆਪ ਖੇਤੀ-ਬਾੜੀ ਦੀ ਸਾਂਭ ਸੰਭਾਲ ਨਾ ਕਰੇ ਤਾਂ ਖੇਤੀ ਤੋਂ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ।

**ਖੋਟਾ ਪੈਸਾ ਤੇ ਨਾਲਾਇਕ ਪੁੱਤਰ ਵੇਲੇ ਸਿਰ ਕੰਮ ਆਉਂਦੇ ਹਨ**—ਭਾਵ ਇਹ ਹੈ ਕਿ ਕਈ ਵਾਰ ਨਖਿੱਧ ਤੇ ਨਕੰਮੀ ਵਸਤੂ ਵੀ ਕੰਮ ਸਾਰ ਦਿੰਦੀ ਹੈ।

**ਖੋਤੀ ਤਸੀਲੋਂ ਹੋ ਕੇ ਆਈ ਐ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਹੋਛੇ ਬੰਦੇ ਦਾ ਕਿਸੇ ਨਾਮਵਰ ਹਸਤੀ ਨਾਲ਼ ਮੇਲ ਹੋ ਜਾਵੇ ਤੇ ਇਸੇ ਮੇਲ ਸਦਕਾ ਉਹ ਆਕੜਿਆ ਫਿਰੇ ਤੇ ਲੋਕਾਂ ਨੂੰ ਟਿਚ ਸਮਝੇ।

**ਖੋਤੇ ਚੜ੍ਹੀ ਲੱਤਾਂ ਲਮਕਦੀਆਂ**—ਇਸ ਅਖਾਣ ਦਾ ਭਾਵ ਇਹ ਹੈ ਕਿ ਕੋਈ ਵੱਡੀ ਬਦਨਾਮੀ ਹੋਣ ਮਗਰੋਂ ਛੋਟੀ ਬਦਨਾਮੀ ਤੋਂ ਡਰਨ ਦੀ ਕੀ ਲੋੜ ਹੈ। ਜਦੋਂ ਕੋਈ ਖੋਤੇ ਤੇ ਚੜ੍ਹ ਹੀ ਗਿਆ ਫਿਰ ਲਮਕਦੀਆਂ ਲੱਤਾਂ ਦਾ ਕਾਹਦਾ ਮਿਹਣਾ।

**ਖੋਤੇ ਚੜ੍ਹੀ ਪਰ ਕੁੜਮਾਂ ਦੇ ਮਹੱਲੇ ਨਹੀਂ ਗਈ**—ਜਦੋਂ ਕੋਈ ਬਹੁਤ ਸਾਰੀ ਬੇਇੱਜ਼ਤੀ ਹੋਣ ਮਗਰੋਂ ਆਪਣੇ ਮਨ ਨੂੰ ਤਸੱਲੀ ਦੇਣ ਲਈ ਇਹ ਆਖੇ ਕਿ ਉਸ ਦੇ ਸ਼ਰੀਕਾਂ ਨੇ ਉਸ ਨੂੰ ਨਹੀਂ ਵੇਖਿਆ, ਉਦੋਂ ਇਹ ਅਖਾਣ ਬੋਲਦੇ ਹਨ।

**ਖੋਤੇ ਦੀ ਮੌਜ ਟੀਟਣੇ**—ਜਦੋਂ ਕੋਈ ਸ਼ਰਾਬੀ ਜਾਂ ਮੂਰਖ਼ ਮੌਜ ਵਿੱਚ ਆਇਆ ਖ਼ਰਮਸਤੀਆਂ ਕਰੇ, ਉਦੋਂ ਆਂਖਦੇ ਹਨ।

**ਖੋਤੇ ਨੂੰ ਡਾਂਗ, ਸਿਆਣੇ ਨੂੰ ਇਸ਼ਾਰਾ**—ਭਾਵ ਇਹ ਹੈ ਕਿ ਮੂਰਖ਼ ਬੰਦੇ ਨੂੰ ਕਰੜਾਈ ਵਰਤਣ ਨਾਲ਼ ਸਮਝ ਆਉਂਦੀ ਹੈ ਤੇ ਸਿਆਣਾ ਇਸ਼ਾਰੇ ਨਾਲ ਹੀ ਸਮਝ ਜਾਂਦਾ ਹੈ।

## ਗ

**ਗਊਂ ਨੂੰ ਘਾਹ ਤੇ ਛੱਡੀਦਾ ਹੈ, ਰੂੜੀ ਤੇ ਨਹੀਂ**—ਇਸ ਅਖਾਣ ਦਾ ਭਾਵ ਇਹ ਹੈ ਕਿ ਧੀਆਂ ਦੇ ਰਿਸ਼ਤੇ ਖਾਂਦੇ-ਪੀਂਦੇ ਘਰਾਂ 'ਚ ਕਰਨੇ ਚਾਹੀਦੇ ਹਨ, ਭੁੱਖਿਆਂ ਨੰਗਿਆਂ ਦੇ ਨਹੀਂ।

**ਗਏ ਊਠ ਇਜੜ ਰਲੇ**—ਭਾਵ ਇਹ ਹੈ ਕਿ ਜਿਹੜਾ ਬੰਦਾ ਘਰੋਂ ਭੱਜ ਜਾਵੇ ਉਹ ਮਾੜੇ ਬੰਦਿਆਂ ਦੀ ਸੰਗਤ ਵਿੱਚ ਪੈ ਕੇ ਭੈੜਾ ਹੋ ਜਾਂਦਾ ਹੈ।

**ਗਏ ਸਰਾਧ ਤੇ ਆਏ ਨਰਾਤੇ, ਬ੍ਰਾਹਮਣ ਛੁੱਟੇ ਨਾਈ ਫਾਥੇ**—ਸਰਾਧਾਂ ਦੇ ਦਿਨਾਂ ਵਿੱਚ ਲੋਕੀਂ ਹਜ਼ਾਮਤ ਨਹੀਂ ਕਰਾਉਂਦੇ, ਸਰਾਧਾਂ ਮਗਰੋਂ ਨਰਾਤੇ ਆ ਜਾਂਦੇ ਹਨ ਤੇ ਲੋਕ ਹਜ਼ਾਮਤਾਂ ਕਰਾਉਣ ਲੱਗ ਜਾਂਦੇ ਹਨ, ਇਸ ਕਰਕੇ ਨਾਈਆਂ ਦਾ ਕੰਮ ਵੱਧ ਜਾਂਦਾ ਹੈ।

**ਗਏ ਸਰਾਧ੍ ਆਏ ਨਰਾਤੇ, ਬਾਹਮਣ ਫਿਰਦੇ ਚੁਪ ਚੁਪਾਤੇ**—ਸਰਾਧਾਂ ਦੇ ਦਿਨਾਂ ਵਿੱਚ ਬ੍ਰਾਹਮਣਾਂ ਨੂੰ ਖਾਣ–ਪੀਣ ਦੀ ਮੌਜ ਲੱਗੀ ਰਹਿੰਦੀ ਹੈ ਤੇ ਨਰਾਤਿਆਂ ਵਿੱਚ ਉਹਨਾਂ ਨੂੰ ਕੋਈ ਪੁੱਛਦਾ ਨਹੀਂ, ਇਸ ਸਥਿਤੀ ਕਾਰਨ ਵਿਅੰਗ ਵਜੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਗਏ ਸੁਹਾਵੇ ਰੋਜੜੇ ਰਹਿ ਗਏ ਨੌਂ ਤੇ ਵੀਹ**—ਜਦੋਂ ਅਜੇ ਬਹੁਤ ਸਾਰਾ ਕੰਮ ਕਰਨ ਗੋਚਰਾ ਪਿਆ ਹੋਵੇ, ਉਦੋਂ ਦਿਲ ਨੂੰ ਧਰਵਾਸਾ ਦੇਣ ਲਈ ਇਹ ਅਖਾਣ ਵਰਤਦੇ ਹਨ।

**ਗਹਿਣੇ ਦਾ ਸ਼ਾਹ ਕਾਹਦਾ, ਵੱਟੇ ਦੀ ਕੁੜਮਾਈ ਕਾਹਦੀ**—ਭਾਵ ਅਰਥ ਇਹ ਹੈ ਕਿ ਗਹਿਣੇ ਰੱਖਕੇ ਕਰਜ਼ ਲੈਣ ਤੇ ਵੱਟੇ ਸੱਟੇ ਵਿੱਚ ਵਿਆਹ ਕਰਵਾਉਣ ਨਾਲ਼ ਕਿਸੇ ਤੇ ਕੋਈ ਅਹਿਸਾਨ ਨਹੀਂ।

**ਗੰਗਾਂ ਗਈਆਂ ਹੱਡੀਆਂ ਕਦੇ ਨੀ ਮੁੜਦੀਆਂ**—ਜਦੋਂ ਕੋਈ ਅਜਿਹਾ ਬੰਦਾ, ਜਿਹੜਾ ਕਿਸੇ ਦੀ ਚੀਜ਼ ਲਿਜਾ ਕੇ ਕਦੀ ਮੋੜਦਾ ਨਹੀਂ, ਜਦੋਂ ਕਿਸੇ ਪਾਸੋਂ ਕੋਈ ਵਸਤੂ ਮੰਗ ਕੇ ਲੈ ਜਾਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਗੰਗਾ ਗਏ ਗੰਗਾ ਰਾਮ, ਜਮਨਾ ਗਏ ਜਮਨਾ ਦਾਸ**—ਇਹ ਅਖਾਣ ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ ਜਿਹੜਾ ਆਪਣੇ ਲਾਭ ਲਈ ਪੈਂਤੜੇ ਬਦਲਦਾ ਰਹੇ ਅਤੇ ਮਾਹੌਲ ਦੇ ਅਨੁਸਾਰ ਆਪਣੇ ਆਪ ਨੂੰ ਬਦਲ ਲਵੇ।

**ਗੰਜੀ ਗਈ ਪੇਕੇ, ਲੈ ਆਈ ਜੂੰਆਂ**—ਜਦੋਂ ਕੋਈ ਮੂਰਖ਼ ਬੰਦਾ ਬਹੁਤ ਸਾਰੀ ਮਿਹਨਤ ਕਰਨ ਮਗਰੋਂ ਵੀ ਕੁਝ ਕਮਾ ਕੇ ਨਹੀਂ ਲਿਆਉਂਦਾ, ਉਦੋਂ ਇਹ ਅਖਾਣ ਬੋਲਦੇ ਹਨ।

**ਗੱਡੇ ਨਾਲ਼ ਕੱਟਾ ਨਹੀਂ ਬੰਨ੍ਹੀਦਾ**—ਜਦੋਂ ਕੋਈ ਸਾਹਮਣੇ ਪਈ ਵਸਤੂ ਨੂੰ ਬੇਥਵੇ ਬਹਾਨੇ ਲਾ ਕੇ ਦੇਣ ਤੋਂ ਇਨਕਾਰ ਕਰੇ, ਉਦੋਂ ਇਹ ਆਖਾਣ ਬੋਲਦੇ ਹਨ।

**ਗਤ ਕਰਾੜੇ ਦੇ ਹੇਠ ਜੱਟੀ ਆਵੇ ਜਾਵੇ**—ਭਾਵ ਇਹ ਹੈ ਕਿ ਜਦੋਂ ਕੋਈ ਤੀਵੀਂ ਆਪਣੇ ਘਰ ਵਾਲ਼ੇ ਤੋਂ ਚੋਰੀ ਕਿਸੇ ਦੁਕਾਨਦਾਰ ਕੋਲ ਆਪਣਾ ਕੋਈ ਜੇਵਰ ਜਾਂ ਵਸਤੂ ਆਦਿ ਗਹਿਣੇ ਧਰੇ ਤਾਂ ਉਸ ਨੂੰ ਦੁਕਾਨਦਾਰ ਦੀਆਂ ਸ਼ਰਤਾਂ ਮੰਨਣੀਆਂ ਹੀ ਪੈਂਦੀਆਂ ਹਨ।

**ਗੰਦੀ ਉਂਗਲ ਨੂੰ ਵਢਣਾ ਚੰਗਾ**—ਭਾਵ ਇਹ ਹੈ ਕਿ ਭੈੜੇ ਆਦਮੀ ਨਾਲੋਂ ਪੱਕੇ ਤੌਰ 'ਤੇ ਸਬੰਧ ਤੋੜਨੇ ਚੰਗੇ ਹਨ।

**ਗਧੇ ਨੂੰ ਸੋਟਾ, ਅਰਾਕੀ ਨੂੰ ਜੋਟਾ**—ਇਸ ਅਖਾਣ ਦੀ ਭਾਵ ਇਹ ਹੈ ਕਿ ਸਿਆਣੇ ਬੰਦੇ ਨੂੰ ਤਾਂ ਇਸ਼ਾਰਾ ਹੀ ਕਾਫ਼ੀ ਹੁੰਦਾ ਹੈ ਪ੍ਰੰਤੂ ਮੂਰਖ਼ ਬੰਦੇ ਨੂੰ ਤਾਂ ਹੁੱਜਾਂ ਮਾਰ-ਮਾਰ ਕੇ ਸਮਝਾਉਣਾ ਪੈਂਦਾ ਹੈ।

**ਗਧੇ ਨੂੰ ਖੁਆਇਆ ਨਾ ਪਾਪ ਨਾ ਪੁੰਨ**—ਕਿਸੇ ਅਕ੍ਰਿਤਘਣ ਨਾਲ਼ ਭਲਾਈ ਕਰਨ ਜਾਂ ਨਾ ਕਰਨ ਤੇ ਕੋਈ ਫ਼ਰਕ ਨਹੀਂ ਪੈਂਦਾ।

**ਗਰਜ਼ ਅੰਨ੍ਹੀ ਹੁੰਦੀ ਹੈ**—ਇਸ ਅਖਾਣ ਦਾ ਭਾਵ ਇਹ ਹੈ ਕਿ ਆਪਣੀ ਗਰਜ਼ ਪੂਰੀ ਕਰਨ ਲਈ ਬੰਦਾ ਹਰ ਜਾਇਜ਼-ਨਾਜਾਇਜ਼ ਹਰਬਾ ਵਰਤਦਾ ਹੈ।

**ਗਰਜ਼ ਪਿੱਛੇ ਖੋਤੇ ਨੂੰ ਵੀ ਪਿਓ ਕਹਿ ਲਈਦਾ ਹੈ**—ਭਾਵ ਇਹ ਹੈ ਕਿ ਆਪਣੀ ਗਰਜ਼ ਦੀ ਪੂਰਤੀ ਲਈ ਕਈ ਵਾਰ਼ ਅਜਿਹੇ ਬੰਦੇ ਦੀ ਵੀ ਚਾਪਲੂਸੀ ਕਰਨੀ ਪੈਂਦੀ ਹੈ ਜਿਸ ਦਾ ਮੂੰਹ ਵੇਖਣਾ ਵੀ ਪਸੰਦ ਨਾ ਹੋਵੇ।

**ਗ਼ਰੀਬ ਦੀ ਜੋਰੂ, ਜਣੇ ਖਣੇ ਦੀ ਭਾਬੀ**—ਜਦੋਂ ਕਿਸੇ ਗ਼ਰੀਬ ਜਾਂ ਨਿਤਾਣੇ ਬੰਦੇ ਦੀ ਕਿਸੇ ਵਸਤੂ ਨੂੰ ਹਰ ਕੋਈ ਖ਼ਰਾਬ ਕਰਨ ਜਾਂ ਵਰਤਣ ਦਾ ਹੱਕ ਸਮਝੇ ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਗ਼ਰੀਬ ਨੂੰ ਖ਼ੁਦਾ ਦੀ ਮਾਰ**—ਭਾਵ ਇਹ ਹੈ ਕਿ ਗ਼ਰੀਬ ਆਦਮੀ ਨੂੰ ਵਧੇਰੇ ਦੁਖ ਸਹਿਣੇ ਪੈਂਦੇ ਹਨ।

**ਗ਼ਰੀਬਾਂ ਰੱਖੇ ਰੋਜ਼ੇ ਦਿਨ ਵੱਡੇ ਆਏ**—ਜਦੋਂ ਕਿਸੇ ਗ਼ਰੀਬ ਵੱਲੋਂ ਆਰੰਭੇ ਕਾਰਜ ਵਿੱਚ ਕੋਈ ਵਿਘਨ ਪੈ ਜਾਵੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਗੱਲ ਕਹਿੰਦੀ ਮੈਨੂੰ ਮੂੰਹੋਂ ਕੱਢ ਮੈਂ ਤੈਨੂੰ ਪਿੰਡੋਂ ਕੱਢਾ**—ਇਸ ਅਖਾਣ ਵਿੱਚ ਉਪਦੇਸ਼ ਦਿੱਤਾ ਗਿਆ ਹੈ ਕਿ ਹਰ ਗੱਲ ਸੋਚ ਸਮਝ ਕੇ ਆਖਣੀ ਚਾਹੀਦੀ ਹੈ। ਕਈ ਵਾਰ ਬਿਨਾ ਸੋਚੇ ਵਿਚਾਰੇ ਆਖੀ ਗੱਲ ਦੁਖਦਾਈ ਸਾਬਤ ਹੁੰਦੀ ਹੈ।

**ਗੱਲ ਕਰਾਂ ਗੱਲ ਨਾਲ਼, ਨੱਕ ਵੱਢਾਂ ਵਲ ਨਾਲ਼**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਸ਼ਰੀਕ ਉਪਰੋਂ ਉਪਰੋਂ ਫ਼ੋਕੀ ਹਮਦਰਦੀ ਦਿਖਾ ਰਿਹਾ ਹੋਵੇ ਪ੍ਰੰਤੂ ਅੰਦਰੋਂ ਗੁੱਝੀਆਂ ਚਾਲਾਂ ਨਾਲ ਬੇਇੱਜ਼ਤੀ ਕਰ ਰਿਹਾ ਹੋਵੇ।

**ਗਲ਼ ਪਿਆ ਢੋਲ ਵਜਾਉਣਾ ਪੈਂਦਾ ਹੈ**—ਜਦੋਂ ਤੁਹਾਨੂੰ ਆਪਣੇ ਜੀਵਨ ਵਿੱਚ ਤੁਹਾਡੀ ਮਨਪਸੰਦ ਦਾ ਜੀਵਨ ਸਾਥੀ ਨਾ ਮਿਲੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਗਲ਼ ਲਾਈ ਗਿੱਟੇ, ਕੋਈ ਰੋਵੇ ਕੋਈ ਪਿੱਟੇ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਕਈ ਵਾਰ ਦੁਸ਼ਮਣ ਅਜਿਹੀ ਗੱਲ ਕਰਦੇ ਹਨ ਜਿਸ ਨਾਲ਼ ਤਨ, ਮਨ ਨੂੰ ਸੱਟ ਵਜਦੀ ਹੈ।

**ਗੱਲਾਂ ਦੀ ਪ੍ਰਧਾਨ ਸਰੂਪੋ ਬਾਹਮਣੀ**—ਇਹ ਅਖਾਣ ਉਸ ਤੀਵੀਂ ਲਈ ਵਰਤਦੇ ਹਨ ਜਿਹੜੀ ਬਹੁਤੀਆਂ ਗੱਲਾਂ ਮਾਰਦੀ ਹੋਵੇ।

**ਗੱਲਾਂ ਵਾਲ਼ੇ ਜਿੱਤੇ ਦੰਮੇ ਵਾਲ਼ੇ ਹਾਰੇ**—ਜਦੋਂ ਕੋਈ ਝੂਠਾ ਬੰਦਾ ਬਹੁਤੀਆਂ ਗੱਲਾਂ ਮਾਰ ਕੇ ਆਪਣੇ ਟਾਕਰੇ ਦੇ ਸੱਚੇ ਧਨੀ ਆਦਮੀ ਨੂੰ ਹਰਾ ਕੇ ਆਪ ਸੱਚਾ ਸਾਬਤ ਹੋ ਜਾਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਗੱਲੀਂ ਗੱਲਾਂ, ਦੰਮ ਘੋੜੇ**—ਜਦੋਂ ਕੋਈ ਚਲਾਕ ਬੰਦਾ ਗੱਲੀਂ ਬਾਤੀਂ ਕਿਸੇ ਦਾ ਘਰ ਪੂਰਾ ਕਰੇ ਤੇ ਫ਼ੋਕੀਆਂ ਗੱਲਾਂ ਨਾਲ਼ ਹੀ ਸਾਰੇ, ਉਦੋਂ ਇਹ ਅਖਾਣ ਬੋਲਦੇ ਹਨ।

**ਗੱਲੀਂ ਬਾਤੀਂ ਮੈਂ ਵੱਡੀ ਕਰਤੂਤੀਂ ਮੇਰੀ ਜਠਾਣੀ**—ਜਦੋਂ ਕੋਈ ਬੰਦਾ ਕੰਮ-ਕਾਰੋਂ ਤਾਂ ਨਿਕੰਮਾ ਹੋਵੇ, ਪ੍ਰੰਤੂ ਗੱਲਾਂ-ਬਾਤਾਂ ਨਾਲ਼ ਆਪਣੇ ਆਪ ਨੂੰ ਵੱਡਾ ਜਤਾਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਗੱਲੋਂ ਗਲੈਣ, ਅੱਗੇ ਅਗੈਣ**—ਭਾਵ ਇਹ ਹੈ ਕਿ ਜਿਵੇਂ ਥੋੜ੍ਹੀ ਜਿਹੀ ਅੱਗ ਨਾਲ਼ ਭਾਂਬੜ ਮਚ ਜਾਂਦੇ ਹਨ, ਇਵੇਂ ਕਈ ਵਾਰ ਨਿੱਕੀ ਜਿਹੀ, ਬਿਨਾ ਸੋਚੇ ਸਮਝੇ ਆਖੀ ਗੱਲ ਪੁਆੜੇ ਖੜ੍ਹੇ ਕਰ ਦਿੰਦੀ ਹੈ। ਇਸ ਲਈ ਹਰ ਗੱਲ ਸੋਚ ਸਮਝ ਕੇ ਕਰਨੀ ਚਾਹੀਦੀ ਹੈ।

**ਗਾਂ ਦਏ ਕੁਜੜੇ ਨਾ ਵਸੇ ਨਾ ਉਜੜੇ**—ਭਾਵ ਇਹ ਹੈ ਕਿ ਥੋੜ੍ਹੀ ਆਮਦਨ ਨਾਲ਼ ਗੁਜ਼ਾਰਾ ਨਹੀਂ ਹੁੰਦਾ, ਖੁੱਲ੍ਹਾ ਖ਼ਰਚਾ ਭਾਵੇਂ ਨਾ ਮਿਲੇ ਪ੍ਰੰਤੂ ਡੰਗ ਟੱਪੀ ਜਾਂਦਾ ਹੈ।

**ਗਾਂ ਨਾ ਵੱਛੀ, ਨੀਂਦ ਆਵੇ ਅੱਛੀ**—ਇਹ ਅਖਾਣ ਉਸ ਪੁਰਸ਼ ਲਈ ਵਰਤਿਆ ਜਾਂਦਾ ਹੈ ਜਿਸ ਦੇ ਸਿਰ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਾ ਹੋਵੇ।

**ਗਾਹਕ ਤੇ ਮੌਤ ਦਾ ਕੋਈ ਪਤਾ ਨਹੀਂ**—ਇਹ ਅਖਾਣ ਆਮ ਤੌਰ 'ਤੇ ਦੁਕਾਨਦਾਰ

ਵਰਤਦੇ ਹਨ। ਜਿਵੇਂ ਮੌਤ ਦਾ ਕੋਈ ਸਮਾਂ ਨਿਸ਼ਚਿਤ ਨਹੀਂ, ਉਸੇ ਤਰ੍ਹਾਂ ਪਤਾ ਨਹੀਂ ਗਾਹਕ ਕਿਹੜੇ ਸਮੇਂ ਆ ਜਾਵੇ।

**ਗਿੱਦੜ ਦਾਖ਼ ਨਾ ਅੱਪੜੇ, ਅਖੇ ਥੂ ਕੌੜੀ**—ਜਦੋਂ ਯਤਨ ਕਰਨ 'ਤੇ ਕੋਈ ਚੀਜ਼ ਪ੍ਰਾਪਤ ਨਾ ਹੋ ਸਕੇ ਤਾਂ ਉਸ ਚੀਜ਼ ਨੂੰ ਮਾੜਾ ਆਖਣ ਤੇ ਇਹ ਅਖਾਣ ਬੋਲਿਆ ਜਾਂਦਾ ਹੈ।

**ਗਿਣਵੀਆਂ ਹੱਡੀਆਂ, ਮਿਣਵਾਂ ਸ਼ੋਰਵਾ**—ਇਹ ਅਖਾਣ ਉਦੋਂ ਵਰਤਿਆ ਜਾਂਦਾ ਹੈ ਜਦੋਂ ਕੋਈ ਵਸਤੂ ਘੱਟ ਮਿਕਦਾਰ ਵਿੱਚ ਹੋਵੇ, ਮਸੀਂ ਗੁਜ਼ਾਰਾ ਹੀ ਹੋ ਸਕੇ।

**ਗੂੰਗੇ ਦੀਆਂ ਸੈਨਤਾਂ ਗੂੰਗਾ ਜਾਣੇ ਜਾਂ ਗੂੰਗੇ ਦੀ ਮਾਂ**—ਜਦੋਂ ਕੋਈ ਬੰਦਾ ਅਸਪੱਸ਼ਟ ਅਤੇ ਗੋਲ ਮੋਲ ਗੱਲਾਂ ਕਰੇ, ਉਦੋਂ ਇਹ ਅਖਾਣ ਵਰਤਦੇ ਹਨ।

**ਗੁਪਤ ਖੇਡੇ ਸੋ ਨਾਥ ਕਾ ਚੇਲਾ**—ਕਿਸੇ ਨੂੰ ਭੇਤ ਲੁਕੋ ਕੇ ਰੱਖਣ ਲਈ ਉਪਦੇਸ਼ ਦੇਣ ਸਮੇਂ ਇੰਜ ਆਖਦੇ ਹਨ।

**ਗੁਰ ਗੁਰ ਵਿਦਿਆ, ਸਿਰ ਸਿਰ ਮੱਤ**—ਹਰ ਕੋਈ ਕਿਸੇ ਗੱਲ ਦੀ ਵਿਆਖਿਆ ਆਪਣੀ ਮਤ ਅਨੁਸਾਰ ਕਰਦਾ ਹੈ। ਭਾਵ ਇੰਹ ਹੈ ਕਿ ਹਰ ਵਿਅਕਤੀ ਵੱਖਰੀ-ਵੱਖਰੀ ਸਮਝ ਤੇ ਗਿਆਨ ਦਾ ਮਾਲਕ ਹੈ।

**ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ**—ਜਦੋਂ ਕਿਸੇ ਉਸਤਾਦ ਦਾ ਚੇਲਾ ਝਲਪਣੇ ਜਾਂ ਸਿਆਣਪ ਵਿੱਚ ਆਪਣੇ ਉਸਤਾਦ ਨੂੰ ਮਾਤ ਪਾ ਦੇਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਗੁਰੂ ਬਿਨਾਂ ਗੱਤ ਨਹੀਂ, ਸ਼ਾਹ ਬਿਨਾਂ ਪੱਤ ਨਹੀਂ**—ਸ਼ਾਹੂਕਾਰ ਕੋਲੋਂ ਕਰਜ਼ਾ ਲੈਣ ਸਮੇਂ ਜਾਂ ਗੁਰੂ ਧਾਰਨ ਕਰਨ ਸਮੇਂ ਉਹਨਾਂ ਦੀ ਵਡਿਆਈ ਵਿੱਚ ਇਹ ਅਖਾਣ ਵਰਤਦੇ ਹਨ।

**ਗੁੜ ਖਾਣਾ ਗੁਲਗਲਿਆਂ ਤੋਂ ਪ੍ਰਹੇਜ਼**—ਇਹ ਅਖਾਣ ਉਸ ਪੁਰਸ਼ ਲਈ ਵਰਤਿਆ ਜਾਂਦਾ ਹੈ ਜਿਹੜਾ ਆਪਣੇ ਹਿੱਤ ਲਈ ਕਿਸੇ ਵਸਤੂ ਨੂੰ ਚੰਗਾ ਸਮਝੇ, ਪ੍ਰੰਤੂ ਉਸੇ ਵਸਤੂ ਨਾਲ਼ ਮਿਲਦੀ ਕਿਸੇ ਹੋਰ ਵਸਤੂ ਨੂੰ ਮਾੜਾ ਦੱਸੇ।

**ਗੁੜ ਗਿੱਝੀ ਰੰਨ ਵਿਗੋਏ, ਛੱਲੀ ਪੂਣੀ ਹੱਟੀ ਢੋਏ**—ਇਹ ਅਖਾਣ ਉਸ ਤੀਵੀਂ ਲਈ ਵਰਤਦੇ ਹਨ ਜਿਹੜੀ ਆਪਣੀ ਜੀਭ ਦੇ ਸੁਆਦਾਂ ਬਦਲੇ ਚੋਰੀ-ਚੋਰੀ ਆਪਣੇ ਘਰ ਦੀਆਂ ਵਸਤਾਂ ਹੱਟਵਾਣੀਏ ਨੂੰ ਲੁਟਾ ਦੇਵੇ।

**ਗੁੜ ਦਿੱਤਿਆਂ ਜੇ ਦੁਸ਼ਮਣ ਮਰੇ ਮਹੁਰਾ ਕਿਉਂ ਦਈਏ**—ਇਸ ਅਖਾਣ ਦਾ ਭਾਵ ਇਹ ਹੈ ਕਿ ਜੇਕਰ ਸੁਲਾਹ ਸਫ਼ਾਈ ਨਾਲ਼ ਵੈਰੀ ਕਾਬੂ ਆ ਜਾਵੇ ਤਾਂ ਸਖ਼ਤੀ ਵਰਤਣ ਦੀ ਕੀ ਲੋੜ ਹੈ।

**ਗੋਰਾ ਸਲਾਹੀਏ ਕਿ ਬੱਗਾ, ਹਰ ਦੂ ਲਾਹਨਤ**—ਜਦੋਂ ਕੁਝ ਅਜਿਹੇ ਬੰਦਿਆਂ

ਨਾਲ਼ ਵਾਸਤਾ ਪੈ ਜਾਵੇ, ਜਿਨ੍ਹਾਂ ਵਿੱਚੋਂ ਕੋਈ ਵੀ ਚੰਗਾ ਨਾ ਹੋਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਗੋਰੀ ਦਾ ਮਾਸ ਚੂੰਡੀਆਂ ਜੋਗਾ**—ਜਦੋਂ ਕੋਈ ਚੀਜ਼ ਬਾਹਰੋਂ ਤਾਂ ਸੋਹਣੀ ਦਿਸੇ ਪ੍ਰੰਤੂ ਅੰਦਰੋਂ ਨਿਕੰਮੀ ਹੋਵੇ, ਉਦੋਂ ਬੋਲਦੇ ਹਨ।

**ਗੋਲਾ ਹੋ ਕੇ ਕਮਾਏ, ਰਾਜਾ ਬਣ ਕੇ ਖਾਏ**—ਭਾਵ ਇਹ ਹੈ ਕਿ ਬੰਦੇ ਨੂੰ ਮਿਹਨਤ ਕਰਕੇ ਕਮਾਈ ਕਰਨੀ ਚਾਹੀਦੀ ਹੈ ਤਾਂ ਹੀ ਅਰਾਮ ਨਾਲ਼ ਖਾਣ ਦਾ ਸੁਆਦ ਹੈ।

**ਗੋਲਾ ਥੀਣਾ ਅੱਧਾ ਜੀਣਾ**—ਇਸ ਅਖਾਣ ਰਾਹੀਂ ਗੁਲਾਮਾਂ ਵਾਲ਼ੇ ਜੀਵਨ ਦੀ ਨਿੰਦਿਆ ਕੀਤੀ ਗਈ ਹੈ ਭਾਵ ਇਹ ਹੈ ਕਿ ਗੁਲਾਮਾਂ ਵਾਲ਼ਾ ਜੀਵਨ ਅੱਧੀ ਮੌਤ ਦੇ ਬਰਾਬਰ ਹੈ।

**ਗੋਲੀ ਅੰਦਰ ਦੰਮ ਬਾਹਰ**—ਇਸ ਅਖਾਣ ਰਾਹੀਂ ਨੀਮ ਹਕੀਮਾਂ ਦੇ ਇਲਾਜ ਸਬੰਧੀ ਵਿਅੰਗ ਕੀਤਾ ਗਿਆ ਹੈ, ਇਹਨਾਂ ਦੇ ਇਲਾਜ ਨਾਲ਼ ਮਰੀਜ਼ ਮਰਦੇ ਬਹੁਤੇ ਹਨ ਤੇ ਬਚਦੇ ਘੱਟ ਹਨ।

**ਗੋਲੀ ਕੀਹਦੀ ਤੇ ਗਹਿਣੇ ਕੀਹਦੇ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਨਾਲ਼ ਕੰਮ ਪੈ ਜਾਵੇ ਤੇ ਅੱਗੋਂ ਉਹ ਖ਼ੁਸ਼ੀ-ਖ਼ੁਸ਼ੀ ਕੰਮ ਕਰਨ ਦੀ ਸਹਿਮਤੀ ਪ੍ਰਗਟ ਕਰ ਦੇਵੇ।

**ਗੋਲ਼ੀ ਨਾਲ਼ੋਂ ਬੋਲੀ ਬੁਰੀ**—ਭਾਵ ਇਹ ਹੈ ਕਿ ਕਈ ਵਾਰ ਅਢੁਕਵੇਂ ਸਮੇਂ ਤੇ ਬੋਲੇ ਹੋਏ ਸ਼ਬਦ ਸੁਣਨ ਵਾਲ਼ੇ ਦਾ ਸੀਨਾ ਚਾਕ ਕਰ ਦਿੰਦੇ ਹਨ ਤੇ ਉਸ ਦਾ ਅਸਰ ਗੋਲ਼ੀ ਨਾਲ਼ੋਂ ਮਾੜਾ ਹੁੰਦਾ ਹੈ।

**ਗੌਂ ਭਨਾਵੇ ਜੌਂ ਭਾਵੇਂ ਗਿੱਲੇ ਹੀ ਹੋਣ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਕਈ ਵਾਰ ਬੰਦੇ ਨੂੰ ਆਪਣਾ ਕੰਮ ਕਢਵਾਉਣ ਲਈ ਅਜਿਹਾ ਅਣਚਾਹਿਆ ਕੰਮ ਵੀ ਕਰਨਾ ਪੈਂਦਾ ਹੈ ਜਿਸ ਨੂੰ ਕਰਨ ਲਈ ਮਨ ਨਾ ਮੰਨਦਾ ਹੋਵੇ।

## ਘ

**ਘਟੀ ਦਾ ਕੋਈ ਦਾਰੂ ਨਹੀਂ**—ਭਾਵ ਇਹ ਹੈ ਕਿ ਜਦੋਂ ਜੀਵਨ ਦੇ ਦਿਨ ਖ਼ਤਮ ਹੋ ਜਾਣ ਤਾਂ ਕੋਈ ਦਵਾਈ ਅਸਰ ਨਹੀਂ ਕਰਦੀ।

**ਘੰਡੋ ਘੰਡ ਚੁਤਾਲੀ ਸੌ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਭਲਾਮਾਣਸੀ ਨੂੰ ਨਾ ਮੰਨੇ, ਹੱਥੋਪਾਈ ਤੇ ਉੱਤਰ ਆਵੇ ਤੇ ਉਸ ਦੇ ਉੱਤਰ ਵਿੱਚ ਵੀ ਹੱਥੋਪਾਈ ਕਰਨੀ ਪਵੇ।

**ਘਰ ਆਏ ਪ੍ਰਾਹੁਣੇ, ਗਈ ਗੜੌਂਦੇ ਖਾਣ**—ਜਦੋਂ ਕੋਈ ਬੰਦਾ ਜ਼ਰੂਰੀ ਕੰਮ ਸਮੇਂ ਇਧਰ-ਉਧਰ ਖਿਸਕ ਜਾਵੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਘਰ ਆਏ ਪ੍ਰਾਹੁਣੇ ਚਾੜ੍ਹ ਬੈਠੀ ਵੜੀਆਂ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਾਹਲ਼ੀ ਵਾਲ਼ੇ ਸਮੇਂ ਅਜਿਹਾ ਕੰਮ ਕਰਨ ਲੱਗ ਜਾਵੇ, ਜਿਹੜਾ ਦੇਰ ਨਾਲ਼ ਮੁੱਕੇ।

**ਘਰ ਸ਼ਾਹ ਤੇ ਬਾਹਰ ਸ਼ਾਹ**—ਭਾਵ ਇਹ ਹੈ ਕਿ ਜਿਨ੍ਹਾਂ ਬੰਦਿਆਂ ਦੀ ਘਰ ਵਿੱਚ ਇੱਜ਼ਤ ਹੁੰਦੀ ਹੈ ਉਹਨਾਂ ਦਾ ਘਰ ਤੋਂ ਬਾਹਰ ਵੀ ਪੂਰਾ ਸਨਮਾਨ ਹੁੰਦਾ ਹੈ।

**ਘਰ ਖ਼ਫ਼ਣ ਨਹੀਂ ਰੀਝਾਂ ਮਰਨ ਦੀਆਂ**—ਇਹ ਅਖਾਣ ਉਸ ਬੰਦੇ ਪ੍ਰਤੀ ਬੋਲਿਆ ਜਾਂਦਾ ਹੈ ਜਿਹੜੀ ਆਪਣੀ ਪੁੱਜਤ ਅਥਵਾ ਹੈਸੀਅਤ ਤੋਂ ਉਪਰ ਹੋਣ ਦਾ ਦਿਖਾਵਾ ਕਰੇ।

**ਘਰ ਖਾਣ ਨੂੰ ਨਹੀਂ ਮਾਂ ਪੀਹਣ ਗਈ ਹੋਈ ਐ**—ਜਦੋਂ ਕੋਈ ਗ਼ਰੀਬ ਆਦਮੀ ਆਪਣੇ ਆਪ ਨੂੰ ਵਡਿਆਵੇ ਤੇ ਫ਼ੋਕੀਆਂ ਫੜ੍ਹਾਂ ਮਾਰੇ ਉਦੋਂ ਇਹ ਅਖਾਣ ਵਰਤਦੇ ਹਨ।

**ਘਰ, ਘਰ ਵਾਲੀ ਨਾਲ**—ਭਾਵ ਇਹ ਹੈ ਕਿ ਘਰ ਵਾਲ਼ੀਆਂ ਨਾਲ਼ ਹੀ ਘਰ ਵਸਦੇ ਹਨ।

**ਘਰ ਤੀਵੀਆਂ ਦੇ ਨਾਂ ਮਰਦਾਂ ਦੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਇਹ ਦੱਸਣਾ ਹੋਵੇ ਘਰ ਦੀ ਸਾਂਭ-ਸੰਭਾਲ ਤਾਂ ਤੀਵੀਆਂ ਕਰਦੀਆਂ ਹਨ ਪ੍ਰੰਤੂ ਮਰਦ ਖਾਹ-ਮਖ਼ਾਹ ਘਰਾਂ ਵਾਲ਼ੇ ਅਖਵਾਉਂਦੇ ਹਨ।

**ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ**—ਭਾਵ ਇਹ ਹੈ ਕਿ ਆਪਣੇ ਘਰ ਦੇ ਜਾਂ ਪਿੰਡ ਦੇ ਸਿਆਣੇ ਬੰਦੇ ਨਾਲ਼ੋਂ ਬਾਹਰਲੇ ਕਚ ਘਰੜ ਬੰਦੇ ਨੂੰ ਵਧੇਰੇ ਸਿਆਣਾ ਸਮਝਿਆ ਜਾਂਦਾ ਹੈ।

**ਘਰ ਦਾ ਭੇਤੀ ਲੰਕਾ ਢਾਏ**—ਜਦੋਂ ਕੋਈ ਆਪਣਾ ਜਾਣੂੰ ਬੰਦਾ ਹੀ ਦਗਾ ਕਰੇ, ਉਦੋਂ ਇਹ ਅਖਾਣ ਵਰਤਦੇ ਹਨ। ਭਾਵ ਇਹ ਹੈ ਕਿ ਘਰ ਦੇ ਹਾਲਾਤ ਤੋਂ ਜਾਣੂੰ ਬੰਦਾ ਜਦੋਂ ਵੈਰੀ ਬਣ ਜਾਵੇ, ਉਹ ਬਹੁਤ ਨੁਕਸਾਨ ਕਰਦਾ ਹੈ।

**ਘਰ ਦੀ ਅੱਧੀ, ਬਾਹਰ ਦੀ ਸਾਰੀ ਨਾਲੋਂ ਚੰਗੀ**—ਜਦੋਂ ਕੋਈ ਬੰਦਾ ਬਾਹਰ ਪ੍ਰਦੇਸਾਂ ਨੂੰ ਜਾਣ ਦੀ ਜ਼ਿੱਦ ਕਰੇ, ਉਦੋਂ ਉਸ ਨੂੰ ਵਰਜਣ ਲਈ ਇਹ ਅਖਾਣ ਬੋਲਦੇ ਹਨ।

**ਘਰ ਦੀ ਮੁਰਗੀ ਦਾਲ਼ ਬਰਾਬਰ**—ਭਾਵ ਇਹ ਹੈ ਕਿ ਘਰ ਦੀ ਚੰਗੀ ਬਣੀ ਹੋਈ ਚੀਜ਼ ਸਸਤੀ ਪੈਂਦੀ ਹੈ।

**ਘਰ ਦੀ ਖੰਡ ਕਿਰਕਿਰੀ ਬਾਹਰ ਦਾ ਗੁੜ ਮਿੱਠਾ**—ਜਦੋਂ ਕੋਈ ਘਰ ਦੀ ਵਧੀਆ ਵਸਤੂ ਨਾਲ਼ੋਂ ਬਾਹਰ ਦੀ ਮੰਦੀ ਵਸਤੂ ਨੂੰ ਤਰਜੀਹ ਦੇਵੇ, ਉਦੋਂ ਆਖਦੇ ਹਨ।

**ਘਰ ਦੇ ਭਾਂਡੇ ਵੀ ਅਕਸਰ ਠਹਿਕ ਪੈਂਦੇ ਨੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਕਈ ਵਾਰ ਘਰ ਵਿੱਚ ਪਿਆਰ ਨਾਲ਼ ਰਹਿੰਦੇ ਜੀਆਂ ਦੀ ਵੀ ਆਪਸ ਵਿੱਚ ਨੋਕ-ਝੋਕ ਹੋ ਜਾਂਦੀ ਹੈ।

**ਘਰ ਦੇ ਮਾਹਣੂੰ ਭੁੱਖੇ ਮਰਦੇ, ਬਾਹਰ ਸ਼ੀਰਨੀ ਵੰਡੀ ਦੀ**—ਜਦੋਂ ਕੋਈ ਆਪਣਿਆਂ ਦੀ ਤਾਂ ਪੁੱਛ ਪੜਤਾਲ ਨਾ ਕਰੇ ਪ੍ਰੰਤੂ ਬਾਹਰਲਿਆਂ ਨੂੰ ਖੁਆਈ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਘਰ ਪਾਟਾ ਦਹਸਰ ਮਾਰਿਆ**—ਭਾਵ ਇਹ ਹੈ ਕਿ ਘਰ ਦੀ ਫੁੱਟ ਵਸਦੇ ਰਸਦੇ ਘਰ ਨੂੰ ਤਬਾਹ ਕਰ ਦਿੰਦੀ ਹੈ।

**ਘਰ ਫੂਕ ਤਮਾਸ਼ਾ ਵੇਖ**—ਜਦੋਂ ਕਿਸੇ ਪਰਿਵਾਰ ਦੇ ਜੀਅ ਆਪਸ ਵਿੱਚ ਲੜਾਈ-ਝਗੜਾ ਕਰਕੇ ਕਚਹਿਰੀਆਂ ਵਿੱਚ ਜਾ ਕੇ ਧੱਕੇ-ਧੌਲੇ ਖਾਂਦੇ ਹਨ ਅਤੇ ਧਨ ਬਰਬਾਦ ਕਰਦੇ ਹਨ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਘਰ ਭੁੱਖ ਤੇ ਬੂਹੇ ਡਿਉਡੀ**—ਜਦੋਂ ਕੋਈ ਆਰਥਿਕ ਤੌਰ 'ਤੇ ਕਮਜ਼ੋਰ ਬੰਦਾ ਆਪਣੀ ਹੈਸੀਅਤ ਨਾਲੋਂ ਬਹੁਤਾ ਖ਼ਰਚ ਕਰਕੇ ਦਿਖਾਵਾ ਕਰਕੇ ਅਤੇ ਬਣ-ਬਣ ਬੈਠੇ ਉਦੋਂ ਇਹ ਅਖਾਣ ਵਰਤਦੇ ਹਨ।

**ਘਰ ਲੜਾਕੀ, ਬਾਹਰ ਸੰਘਣੀ, ਮੇਲੋ ਮੇਰਾ ਨਾਂ**—ਇਹ ਅਖਾਣ ਉਸ ਬੰਦੇ ਪ੍ਰਤੀ ਵਰਤਿਆ ਜਾਂਦਾ ਹੈ ਜਿਸ ਦਾ ਨਾਂ ਅਤੇ ਜੀਵਨ ਢੰਗ ਇਕ-ਦੂਜੇ ਦੇ ਉਲਟ ਹੋਣ, ਜਿਵੇਂ ਘਰ ਅਤੇ ਬਾਹਰ ਦੇ ਲੋਕਾਂ ਨਾਲ਼ ਗੱਲ-ਗੱਲ 'ਤੇ ਆਢਾ ਲੈਣ ਵਾਲ਼ੀ ਇਸਤਰੀ ਦਾ ਨਾਂ ਮੇਲੋ ਹੋਵੇ।

**ਘਰ ਵਸਦਿਆਂ ਦੇ, ਸਾਕ ਮਿਲਦਿਆਂ ਦੇ ਤੇ ਖੇਤ ਵਾਹੁੰਦਿਆਂ ਦੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਜੇ ਘਰਾਂ ਵਿੱਚ ਵਸਿਆ ਨਾ ਜਾਵੇ ਤਾਂ ਘਰ ਉਜੜ ਜਾਂਦੇ ਹਨ, ਸਕੀਰੀ ਤਦੇ ਹੀ ਕਾਇਮ ਰਹਿ ਸਕਦੀ ਹੈ ਜੇਕਰ ਆਪਸ ਵਿੱਚ ਮਿਲਦੇ ਰਹੀਏ ਤੇ ਜੇਕਰ ਖੇਤ ਨੂੰ ਆਪ ਨਾ ਵਾਹੀਈਏ ਤਾਂ ਖੇਤ ਤੱਪੜ ਬਣ ਜਾਂਦੇ ਹਨ।

**ਘਰੋਂ ਗੁਆਉਣਾ, ਮੁਲਖੇ ਦੀ ਸ਼ੁਹਰਤ**—ਇਹ ਅਖਾਣ ਉਸ ਹੋਛੇ ਬੰਦੇ ਲਈ ਵਰਤਦੇ ਹਨ ਜਿਹੜਾ ਐਸ਼-ਪ੍ਰਸਤੀ ਵਿੱਚ ਆਪਣਾ ਧਨ ਬਰਬਾਦ ਕਰਕੇ ਬਦਨਾਮੀ ਖੱਟ ਰਿਹਾ ਹੋਵੇ।

**ਘਰੋਂ ਘਰ ਗੁਆਇਆ, ਬਾਹਰੋਂ ਭੜੂਆਂ ਅਖਵਾਇਆ**—ਇਸ ਅਖਾਣ ਦਾ ਭਾਵ ਵੀ ਉਪਰ ਦਿੱਤੇ ਅਖਾਣ ਵਾਂਗ ਹੀ ਹੈ।

**ਘਰੋਂ ਜਾਈਏ ਖਾ ਕੇ ਅੱਗੋਂ ਮਿਲਣ ਪਕਾ ਕੇ**—ਭਾਵ ਸਪੱਸ਼ਟ ਹੈ ਕਿ ਘਰੋਂ ਖਾ ਕੇ ਹੀ ਚੱਲਣਾ ਚਾਹੀਦਾ ਹੈ ਤਾਂ ਹੀ ਬਾਹਰੋਂ ਖਾਣ ਨੂੰ ਚੰਗਾ ਚੋਖਾ ਮਿਲ ਜਾਂਦਾ ਹੈ।

**ਘਰੋਂ ਭੈੜਾ ਜੰਮੇ ਨਾ, ਤੇ ਬਾਹਰੋਂ ਭੈੜਾ ਆਵੇ ਨਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਨਾ ਹੀ ਘਰ ਵਿੱਚ ਭੈੜਾ ਪੁੱਤਰ ਜੰਮੇ ਤੇ ਨਾ ਹੀ ਭੈੜਾ ਜੁਆਈ ਟੱਕਰੇ, ਦੋਨੋਂ ਮਾਪਿਆਂ ਲਈ ਸਿਰਦਰਦੀ ਪੈਦਾ ਕਰਦੇ ਹਨ।

**ਘੜੀ ਦਾ ਘੁੱਥਾ ਸੌ ਕੋਹ ਤੇ ਜਾ ਪੈਂਦਾ ਹੈ**—ਜਦੋਂ ਕਿਸੇ ਥੋੜ੍ਹੀ ਜਿਹੀ ਲਾਪ੍ਰਵਾਹੀ ਤੇ ਅਣਗਹਿਲੀ ਕਾਰਨ ਬਹੁਤ ਸਾਰਾ ਨੁਕਸਾਨ ਹੋ ਜਾਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਘੜੇ ਘੁਮਿਆਰ ਭਰੇ ਸੰਸਾਰ**—ਜਦੋਂ ਕਿਸੇ ਇਕ ਮਨੁੱਖ ਦੇ ਚੰਗੇ ਕੰਮਾਂ ਕਾਰਾਂ ਸਦਕਾ ਬਹੁਤ ਸਾਰੇ ਲੋਕਾਂ ਨੂੰ ਸੁਖ ਸਹੂਲਤਾਂ ਪ੍ਰਾਪਤ ਹੋ ਜਾਣ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਘੜੇ ਨੂੰ ਹੱਥ ਲਾਇਆ, ਸਾਰਾ ਟੱਬਰ ਤਿਹਾਇਆ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਇਕ ਬੰਦੇ ਦੀ ਰੀਸੋ ਰੀਸ ਬਾਕੀ ਲੋਕ ਵੀ ਉਹਦੇ ਵਾਲ਼ਾ ਹੀ ਕੰਮ ਕਰਨ ਲੱਗ ਜਾਣ।

**ਘਾਹੀਆਂ ਦੇ ਘਰ ਘਾਹੀ ਆਏ, ਉਹ ਵੀ ਘਾਹ ਖਤੇਂਦੇ ਆਏ**—ਭਾਵ ਇਹ ਹੈ ਕਿ ਹਰ ਬੰਦੇ ਦਾ ਆਪਣਾ ਭਾਈਚਾਰਾ ਹੁੰਦਾ ਹੈ, ਜਿਸ ਵਿੱਚ ਉਸ ਦੀ ਪੱਧਰ ਦੇ ਬੰਦੇ ਵਿਚਰਦੇ ਹਨ।

**ਘਾਹੀਆਂ ਦੇ ਪੁੱਤ ਘਾਹ ਹੀ ਖੋਤਦੇ ਹਨ**—ਇਸ ਅਖਾਣ ਦਾ ਭਾਵ ਇਹ ਹੈ ਕਿ ਉਲਾਦ ਆਪਣੇ ਮਾਪਿਆਂ ਉਪਰ ਹੀ ਜਾਂਦੀ ਹੈ। ਜਿਹੋ ਜਿਹਾ ਕੰਮ-ਕਾਰ ਮਾਪੇ ਕਰਦੇ ਹਨ ਉਲਾਦ ਵੀ ਉਹਨਾਂ ਵਰਗਾ ਹੀ ਕੰਮ ਕਰਦੀ ਹੈ।

**ਘਿਉ, ਗੁੜ, ਆਟਾ ਤੇਰਾ, ਜਲ ਫੂਕ ਬਸੰਤਰ ਮੇਰਾ**—ਜਦੋਂ ਕੋਈ ਪੁਰਸ਼ ਭਾਈਵਾਲੀ ਦੇ ਕੰਮ ਵਿੱਚ ਆਪਣਾ ਬਣਦਾ ਹਿੱਸਾ ਨਾ ਪਾਵੇ, ਪ੍ਰੰਤੂ ਲਾਭ ਵਿੱਚ ਪੂਰਾ ਹਿੱਸਾ ਮੰਗੇ, ਉਸ ਦੀ ਚਲਾਕੀ ਨੂੰ ਦਰਸਾਉਣ ਲਈ ਇਹ ਅਖਾਣ ਬੋਲਿਆ ਜਾਂਦਾ ਹੈ।

**ਘਿਓ ਜੱਟੀ ਦਾ, ਤੇਲ ਹੱਟੀ ਦਾ**—ਭਾਵ ਇਹ ਜੱਟੀ ਦਾ ਬਣਾਇਆ ਹੋਇਆ ਦੇਸੀ ਘਿਓ ਵਧੀਆ ਹੁੰਦਾ ਹੈ ਤੇ ਤੇਲ ਹੱਟੀ ਦਾ ਚੰਗਾ ਹੁੰਦਾ ਹੈ।

**ਘਿਉ ਡੁੱਲ੍ਹਾ ਥਾਲ, ਨਾ ਮਿਹਣਾ ਨਾ ਗਾਲ਼**—ਜਦੋਂ ਕਿਸੇ ਚੀਜ਼ ਦਾ ਨੁਕਸਾਨ ਹੁੰਦਾ ਹੁੰਦਾ ਬਚ ਜਾਵੇ ਉਦੋਂ ਆਖਦੇ ਹਨ।

**ਘੁੰਡ ਵਿੱਚ ਲਹਿਰ ਬਹਿਰ, ਬੁਰਕੇ ਵਿੱਚ ਸਾਰਾ ਸ਼ਹਿਰ**—ਇਹ ਅਖਾਣ ਉਹਨਾਂ ਕੁਰੀਤੀਆਂ ਤੇ ਵਿਅੰਗ ਕਰਦਾ ਹੈ ਜਿਹੜੀਆਂ ਘੁੰਡ ਅਤੇ ਬੁਰਕੇ ਦੇ ਉਹਲੇ ਵਿੱਚ ਕੀਤੀਆਂ ਜਾਂਦੀਆਂ ਹਨ।

**ਘੁਮਾਰੀ ਆਪਣੇ ਹੀ ਭਾਂਡੇ ਨੂੰ ਸਲਾਹੁੰਦੀ ਹੈ**—ਇਸ ਅਖਾਣ ਦਾ ਭਾਵ ਸਪੱਸ਼ਟ ਹੈ ਕਿ ਹਰ ਕੋਈ ਆਪਣੀ ਵਸਤੂ ਦੀ ਸ਼ਲਾਘਾ ਕਰਦਾ ਹੈ।

**ਘੁਮਿਆਰ ਸੁਪੱਤਾ ਨਹੀਂ ਤੇ ਤੇਲੀ ਕੁਪੱਤਾ ਨਹੀਂ**—ਇਸ ਅਖਾਣ ਰਾਹੀਂ ਤੇਲੀਆਂ ਅਤੇ ਘੁਮਿਆਰਾਂ ਦੇ ਵੱਖ-ਵੱਖ ਸੁਭਾਵਾਂ ਨੂੰ ਦਰਸਾਇਆ ਗਿਆ ਹੈ। ਜਦੋਂ ਕੋਈ ਘੁਮਿਆਰ ਕਿਸੇ ਨਾਲ਼ ਕੁਪੱਤ ਕਰੇ ਤੇ ਤੇਲੀ ਭਲੇਮਾਣਸੀ ਵਰਤੇ, ਉਦੋਂ ਇੰਜ ਆਖਦੇ ਹਨ।

**ਘੋੜਾ ਘਾਹ ਨਾਲ਼ ਯਾਰੀ ਕਰੇ ਤਾਂ ਖਾਵੇ ਕੀ**—ਭਾਵ ਇਹ ਹੈ ਕਿ ਆਪਣੇ ਪੇਟ ਤੇ ਹਿੱਤ ਖ਼ਾਤਿਰ ਸਭ ਯਾਰੀਆਂ ਵਿਸਰ ਜਾਂਦੀਆਂ ਹਨ।

**ਘੋੜੀ ਨਹੀਂ ਚੜ੍ਹੇ, ਪਰ ਚੜ੍ਹਦੇ ਤਾਂ ਵੇਖੇ ਹਨ**—ਜਿਹੜਾ ਕੰਮ ਤੁਸੀਂ ਆਪ ਨਹੀਂ ਕੀਤਾ, ਦੂਜਿਆਂ ਨੂੰ ਕਰਦਿਆਂ ਤਾਂ ਦੇਖਿਆ ਹੈ।

**ਘੋੜੇ ਸਾਈਆਂ ਜੋੜੇ, ਨਹੀਂ ਤਾਂ ਮਿੱਟੀ ਦੇ ਰੋੜੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਜੇਕਰ ਮਾਲਕ ਘੋੜਿਆਂ ਨੂੰ ਆਪ ਵਰਤਣ ਤਾਂ ਸਾਬਤ ਸਬੂਤ ਰਹਿੰਦੇ ਹਨ। ਪਰਾਏ ਹੱਥ ਉਹ ਠੀਕ ਨਹੀਂ ਰਹਿੰਦੇ। ਮਾਲਕ ਆਪਣੀ ਵਸਤੂ ਦਾ ਸਹੀ ਖ਼ਿਆਲ ਰੱਖਦਾ ਹੈ।

**ਘੋੜੇ ਕੰਨ ਬਰਾਬਰ ਹੋਏ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਸਖ਼ਤ ਮਿਹਨਤ ਕਰਨ ਮਗਰੋਂ ਵੀ ਬਹੁਤ ਥੋੜ੍ਹਾ ਇਵਜ਼ਾਨਾ ਮਿਲੇ।

**ਘੋੜੇ ਘਰ ਸੁਲਤਾਨਾਂ, ਮਹੀਆਂ ਵਰ ਵਰਿਆਮਾਂ**—ਭਾਵ ਇਹ ਹੈ ਕਿ ਚੰਗਾ ਖਾਂਦੇ-ਪੀਂਦੇ ਘਰ ਹੀ ਘੋੜੇ ਤੇ ਮੱਝਾਂ ਪਾਲ਼ ਸਕਦੇ ਹਨ। ਘੋੜੇ ਨੂੰ ਵਧੇਰੇ ਖ਼ਰਚ ਦੀ ਅਤੇ ਮੱਝ ਨੂੰ ਟਹਿਲ ਸੇਵਾ ਦੀ ਵਧੇਰੇ ਲੋੜ ਹੈ।

**ਘੋੜੇ ਥਾਨੀ ਤੇ ਮਰਦ ਮੁਕਾਮੀ**—ਭਾਵ ਇਹ ਹੈ ਕਿ ਮਾਲਕ ਦੇ ਕੀਲੇ 'ਤੇ ਖੜ੍ਹੇ ਘੋੜੇ ਦਾ ਵਧੇਰੇ ਮੁੱਲ ਪੈਂਦਾ ਹੈ, ਮੰਡੀ ਵਿੱਚ ਨਹੀਂ ਤੇ ਮਰਦ ਆਪਣੇ ਘਰ ਦਾ ਸਰਦਾਰ ਹੁੰਦਾ ਹੈ।

**ਘੋੜੇ ਦੀ ਪੂੰਛ ਵੱਡੀ ਹੋਵੇਗੀ ਤਾਂ ਆਪਣਾ ਹੀ ਪਿੱਛਾ ਕੱਜੂ**—ਭਾਵ ਇਹ ਹੈ ਕਿ ਕਿਸੇ ਦੀ ਅਮੀਰੀ ਦਾ ਕਿਸੇ ਦੂਜੇ ਨੂੰ ਕੀ ਲਾਭ ਹੋਣੈ, ਉਹਨੇ (ਅਮੀਰ ਨੇ) ਤਾਂ ਆਪਣਾ ਹੀ ਢਿੱਡ ਭਰਨੈ।

**ਘੋੜੇ ਰੂੜੀਆਂ ਤੇ, ਤੇ ਖੋਤੇ ਖੁਦੀਂ**—ਜਦੋਂ ਬੁਧੀਮਾਨਾਂ ਅਤੇ ਗੁਣੀਆਂ ਦੀ ਬੇਕਦਰੀ ਤੇ ਗੁਣਹੀਣਾਂ ਦੀ ਕਦਰ ਹੋਵੇ, ਉਦੋਂ ਇਹ ਅਖਾਣ ਵਰਤਦੇ ਹਨ।

## ਚ

**ਚੰਗੀ ਕਰ ਬਹਾਲੀਏ, ਪੇੜੇ ਲਏ ਛੁੱਪਾ**—ਜਦੋਂ ਕਿਸੇ ਬੰਦੇ ਨੂੰ ਉਸ ਦੀ ਵਡਿਆਈ ਕਰਕੇ ਜ਼ਿੰਮੇਵਾਰੀ ਵਾਲ਼ਾ ਕੰਮ ਸੰਭਾਲੀਏ ਪ੍ਰੰਤੂ ਉਹ ਚੰਗਾ ਕੰਮ ਕਰਨ ਦੀ ਥਾਂ ਨੁਕਸਾਨ ਪਹੁੰਚਾਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਚੱਜ ਨਾ ਆਚਾਰ ਘੁਲਣ ਨੂੰ ਤਿਆਰ**—ਇਹ ਅਖਾਣ ਉਸ ਗੁਣਹੀਣ ਬੰਦੇ ਲਈ ਵਰਤਿਆ ਜਾਂਦਾ ਹੈ ਜਿਸ ਨੂੰ ਰਤਾ ਭਰ ਵੀ ਅਕਲ ਨਾ ਹੋਵੇ ਤੇ ਹਰ ਕਿਸੇ ਨਾਲ਼ ਝੱਜੂ ਪਾਈ ਰੱਖੇ।

**ਚਚਾਲ ਬੱਦਲ ਗੱਜੇ, ਗਾਂ ਢੰਗੋਂਦਾ ਭੱਜੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਆਥਣ ਸਮੇਂ ਜੇਕਰ ਉਤਰ-ਪੱਛਮ ਦੀ ਦਿਸ਼ਾ ਵਿੱਚ ਬੱਦਲ ਗਰਜੇ ਤਾਂ ਮੀਂਹ ਐਨੀ ਛੇਤੀ ਵਰ੍ਹੇਗਾ ਕਿ ਗਾਂ ਦੀ ਧਾਰ ਚੋਂਦੇ ਬੰਦੇ ਪਾਸੋਂ ਪੂਰੀ ਧਾਰ ਚੋਈ ਨਹੀਂ ਜਾਣੀ।

**ਚਣਾ ਟੱਪੇਗਾ ਤਾਂ ਕਿਹੜੀ ਭੱਠੀ ਭੰਨ ਦਏਗਾ**—ਭਾਵ ਇਹ ਹੈ ਕਿ ਕਮਜ਼ੋਰ ਤੇ ਨਿਤਾਣਾ ਬੰਦਾ ਕਿਸੇ ਦਾ ਕੁਝ ਵਿਗਾੜ ਨਹੀਂ ਸਕਦਾ।

**ਚੰਦਨ ਦੀ ਚੁਟਕੀ ਭਲੀ, ਗਾਡੀ ਭਲੀ ਨਾ ਕਾਠ**—ਇਸ ਅਖਾਣ ਦਾ ਭਾਵ ਇਹ ਹੈ ਕਿ ਕੰਮ ਦੀ ਅਤੇ ਚੰਗੀ ਥੋੜ੍ਹੀ ਮਾਤਰਾ ਵਾਲ਼ੀ ਵਸਤੂ ਨਿਕੰਮੀ ਤੇ ਬਹੁਤੀ ਵਸਤੂ ਨਾਲ਼ੋਂ ਚੰਗੀ ਹੁੰਦੀ ਹੈ।

**ਚੰਦਰਾ ਗੁਆਂਢ ਨਾ ਹੋਵੇ, ਲਾਈਲਗ ਨਾ ਹੋਵੇ ਘਰ ਵਾਲਾ**—ਇਸ ਅਖਾਣ ਵਿੱਚ ਇਹ ਦੱਸਿਆ ਗਿਆ ਹੈ ਕਿ ਘਰ ਵਾਲ਼ਾ ਕੰਨਾਂ ਦਾ ਕੱਚਾ ਨਾ ਹੋਵੇ, ਕਿਸੇ ਦੀ ਚੁੱਕ ਵਿੱਚ ਆ ਕੇ ਘਰ ਵਾਲ਼ੀ ਨਾਲ਼ ਝਗੜੇ ਨਾ ਤੇ ਗੁਆਂਢ ਸਾਊ ਹੋਵੇ।

**ਚੰਦਰੇ ਦਾ ਝਾੜਾ ਛਿੱਤਰ ਨਾਲ਼ ਹੀ ਕਰੀਦਾ ਹੈ**—ਭਾਵ ਇਹ ਹੈ ਕਿ ਜਦੋਂ ਕੋਈ ਕੱਬਾ ਬੰਦਾ ਭਲਾਮਾਣਸੀ ਨਾਲ਼ ਸੂਤ ਨਾ ਆਵੇ ਤਾਂ ਉਸ ਦੀ ਛੱਤਰ ਪਰੇਟ ਹੀ ਕਰਨੀ ਪੈਂਦੀ ਹੈ।

**ਚੰਨ ਚੰਨਾਂ ਦੇ ਮਾਮਲੇ ਚੜ੍ਹਨ ਭਾਵੇਂ ਨਾ ਚੜ੍ਹਨ**—ਇਹ ਅਖਾਣ ਕਿਸੇ ਗੱਲ ਦੀ ਬੇਵਸਾਹੀ ਵਿੱਚ ਵਰਤਦੇ ਹਨ ਜਦੋਂ ਕਿਸੇ ਗੱਲ ਦੇ ਹੋ ਜਾਣ ਦੀ ਪੂਰੀ ਆਸ ਨਾ ਹੋਵੇ।

**ਚੰਨ ਚੜ੍ਹੇ ਤੇ ਪੁੱਤਰ ਜੰਮੇ ਗੁੱਝੇ ਨਹੀਂ ਰਹਿੰਦੇ**—ਜਦੋਂ ਇਹ ਦੱਸਣਾ ਹੋਵੇ ਕਿ ਮਾਮਲਾ ਐਨੀ ਅਹਿਮੀਅਤ ਵਾਲ਼ਾ ਹੈ ਜਿਹੜਾ ਲੁਕਾਇਆ ਨਹੀਂ ਜਾ ਸਕਦਾ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਚੰਦ ਤੇ ਥੁੱਕਿਆਂ ਮੂੰਹ ਤੇ ਪੈਂਦਾ ਹੈ**—ਭਾਵ ਇਹ ਹੈ ਕਿ ਜਦੋਂ ਕਿਸੇ ਪ੍ਰਸਿੱਧ ਬੰਦੇ ਦੇ ਖ਼ਿਲਾਫ਼ ਕੋਈ ਝੂਠੀ ਗੱਲ ਆਖੇ ਜਾਂ ਉਸ ਨੂੰ ਬੁਰਾ ਭਲਾ ਕਹੇ ਤਾਂ ਲੋਕ ਨਿੰਦਿਆ ਕਰਨ ਵਾਲ਼ੇ ਨੂੰ ਹੀ ਮਾੜਾ ਆਖਦੇ ਹਨ।

**ਚਮੜੀ ਜਾਏ, ਦਮੜੀ ਨਾ ਜਾਏ**—ਇਹ ਅਖਾਣ ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ ਜੋ ਅਤਿ ਕੰਜੂਸ ਹੋਵੇ, ਜੋ ਪੈਸੇ ਪਿੱਛੇ ਆਪਣੀ ਜਾਨ ਗੁਆ ਦੇਵੇ।

**ਚਲ ਤੂੰ ਕੌਣ ਤੇ ਮੈਂ ਕੌਣ**—ਇਹ ਅਖਾਣ ਉਸ ਮਤਲਬੀ ਬੰਦੇ ਬਾਰੇ ਬੋਲਦੇ ਹਨ ਜਿਹੜਾ ਆਪਣਾ ਕੰਮ ਕਰਵਾਉਣ ਮਗਰੋਂ ਕੰਮ ਕਰਨ ਵਾਲ਼ੇ ਬੰਦੇ ਦੀ ਬਾਤ ਨਾ ਪੁੱਛੇ।

**ਚਲੋ ਚਲੀ ਦਾ ਮੇਲਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਇਸ ਦੁਨੀਆਂ ਵਿੱਚ ਕਿਸੇ ਨੇ ਸਥਿਰ ਨਹੀਂ ਰਹਿਣਾ ਸਭ ਦੀ ਵਾਰੀ ਸਿਰ ਮੌਤ ਆ ਜਾਣੀ ਹੈ।

**ਚਲਦਾ ਫਿਰਦਾ ਰਹੇ ਫਕੀਰ ਤਾਂ ਚੰਗਾ, ਵਹਿੰਦਾ ਰਹੇ ਨਦੀ ਦਾ ਨੀਰ ਤਾਂ ਚੰਗਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਗਿਆਨਵਾਨ ਬੰਦੇ ਤੁਰਦੇ-ਫਿਰਦੇ ਚੰਗੇ ਰਹਿੰਦੇ ਹਨ ਅਤੇ ਇਕੋ ਥਾਂ 'ਤੇ ਖੜ੍ਹਾ ਪਾਣੀ ਬਦਬੂ ਮਾਰਨ ਲੱਗ ਜਾਂਦਾ ਹੈ, ਸੋ ਵਹਿੰਦਾ ਪਾਣੀ ਹੀ ਚੰਗਾ ਹੈ।

**ਚਲਦੀ ਦਾ ਨਾਂ ਗੱਡੀ ਹੈ**—ਭਾਵ ਸਪੱਸ਼ਟ ਹੈ ਕਿ ਵਰਤੋਂ ਵਿੱਚ ਆਉਂਦੀ ਚੀਜ਼ ਹੀ ਠੀਕ ਹਾਲਤ ਵਿੱਚ ਰਹਿੰਦੀ ਹੈ।

**ਚਵਲ ਕੁੱਤੀ ਮੰਡਿਆਂ ਦੀ ਰਾਖੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਬੇਈਮਾਨ ਬੰਦੇ ਨੂੰ ਭਰੋਸੇ ਯੋਗ ਕੰਮ ਸੌਂਪ ਦਿੱਤਾ ਜਾਵੇ।

**ਚੜ੍ਹ ਜਾ ਬੱਚਾ ਸੂਲੀ ਰਾਮ ਭਲੀ ਕਰੂਗਾ**—ਇਹ ਅਖਾਣ ਉਦੋਂ ਵਰਤਿਆ ਜਾਂਦਾ ਹੈ ਜਦੋਂ ਕੋਈ ਚਾਲਾਕ ਬੰਦਾ ਕਿਸੇ ਭੋਲ਼ੇ ਭਾਲ਼ੇ ਬੰਦੇ ਨੂੰ ਮੁਸੀਬਤ ਵਿੱਚ ਫਸਾ ਦੇਵੇ।

**ਚੜ੍ਹਨ ਨੂੰ ਮੰਗੀ ਸੀ ਚੁੱਕਣ ਨੂੰ ਮਿਲ ਗਈ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਚੀਜ਼ ਸੁਖ ਲੈਣ ਲਈ ਮੰਗੀ ਜਾਵੇ, ਪ੍ਰੰਤੂ ਉਹੀ ਵਸਤੂ ਮਿਲਣ ਮਗਰੋਂ ਦੁਖ਼ ਦਾ ਕਾਰਨ ਬਣੇ।

**ਚੜ੍ਹਿਆ ਸੌ ਤੇ ਲੱਥਾ ਭੌ**—ਜਦੋਂ ਕਿਸੇ ਬੰਦੇ ਦੇ ਸਿਰ 'ਤੇ ਇੰਨਾ ਕਰਜ਼ਾ ਚੜ੍ਹ ਜਾਵੇ ਕਿ ਉਤਾਰ ਹੀ ਨਾ ਸਕੇ ਤੇ ਜਦੋਂ ਲਹਿਣੇਦਾਰ ਕਰਜ਼ਾ ਮੰਗਣ ਆਉਣ ਤਾਂ ਅੱਗੋਂ ਉਹ ਝੱਗਾ ਚੁੱਕ ਦੇਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਚੌਲ ਛੰਡਦਿਆਂ ਹੀ ਚਿੱਟੇ ਹੁੰਦੇ ਹਨ**—ਇਸ ਅਖਾਣ ਦਾ ਭਾਵ ਇਹ ਹੈ ਕਿ ਮਨੁੱਖ ਦੁਖ ਤਕਲੀਫ਼ਾਂ ਸਹਿਨ ਕਰਕੇ ਹੀ ਸਿਆਣਾ ਬਣਦਾ ਹੈ। ਸਫ਼ਲਤਾ ਲਈ ਮਿਹਨਤ ਜ਼ਰੂਰੀ ਹੈ।

**ਚਾਕਰੀ ਵਿੱਚ ਨਾਬਰੀ ਕੀ**—ਭਾਵ ਸਪੱਸ਼ਟ ਹੈ ਕਿ ਜਦੋਂ ਤੁਸੀਂ ਕਿਸੇ ਦੇ ਅਧੀਨ ਨੌਕਰੀ ਕਰਨ ਲੱਗ ਜਾਂਦੇ ਹੋ ਤਾਂ ਉਸ ਦੇ ਹਰ ਹੁਕਮ ਦੀ ਪਾਲਣਾ ਕਰਨੀ ਹੀ ਪਵੇਗੀ।

**ਚਾਚਾ ਆਖਿਆਂ ਪੰਡ ਕੋਈ ਨਹੀਂ ਚੁੱਕਦਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਨਿਰੀ ਫ਼ੋਕੀ ਖ਼ੁਸ਼ਾਮਦ ਨਾਲ਼ ਕੋਈ ਕੰਮ ਨਹੀਂ ਕਰਦਾ, ਕਈ ਵਾਰ ਸਖ਼ਤੀ ਵੀ ਵਰਤਣੀ ਪੈਂਦੀ ਹੈ।

**ਚਾਚਾ ਚੋਰ ਭਤੀਜਾ ਚੌਧਰੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਦੋਸ਼ੀ ਅਤੇ ਨਿਆਂ ਕਰਨ ਵਾਲ਼ੇ ਆਪਸ ਵਿੱਚ ਰਲ਼ੇ ਹੋਣ ਤੇ ਇਨਸਾਫ਼ ਦੀ ਆਸ ਨਾ ਹੋਵੇ।

**ਚਾਚੇ ਦੀ ਧੀ ਚੱਲੀ, ਮੈਂ ਕਿਉਂ ਰਹਾਂ ਕੱਲੀ**—ਜਦੋਂ ਇਕ ਜਣੇ ਦੀ ਰੀਸ ਦੂਜਾ ਵੀ ਉਸ ਦੀ ਰੀਸ ਵਿੱਚ ਉਹਦੇ ਵਾਲ਼ਾ ਕੰਮ ਕਰਨ ਲੱਗ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਚਾਦਰ ਵੇਖ ਕੇ ਪੈਰ ਪਸਾਰਨੇ ਚਾਹੀਦੇ ਹਨ**—ਭਾਵ ਇਹ ਹੈ ਕਿ ਆਮਦਨ ਅਨੁਸਾਰ ਹੀ ਖ਼ਰਚ ਕਰਨਾ ਚਾਹੀਦਾ ਹੈ।

**ਚਾਰ ਜਣੇ ਦੀ ਲਾਠੀ ਇਕ ਜਣੇ ਦਾ ਬੋਝ**—ਭਾਵ ਇਹ ਹੈ ਕਿ ਬਹੁਤੇ ਆਦਮੀਆਂ ਦੀ ਥੋੜ੍ਹੀ-ਥੋੜ੍ਹੀ ਮਦਦ ਨਾਲ਼ ਇਕ ਆਦਮੀ ਦਾ ਗੁਜ਼ਾਰਾ ਸੌਖਿਆਂ ਹੋ ਜਾਂਦਾ ਹੈ।

**ਚਾਰ ਦਿਹਾੜੇ ਸ਼ੌਕ ਦੇ, ਮੁੜ ਉਹੋ ਕੁੱਤੇ ਭੌਂਕਦੇ**—ਜਦੋਂ ਕਿਸੇ ਫ਼ੋਕੀ ਸ਼ਾਨ ਦਿਖਾਉਣ ਵਾਲ਼ੇ ਬੰਦੇ ਬਾਰੇ ਇਹ ਦੱਸਣਾ ਹੋਵੇ ਕਿ ਉਸ ਦੀ ਸ਼ਾਨੋ-ਸ਼ੌਕਤ ਕੁਝ ਦਿਨਾਂ ਦੀ ਹੀ ਹੈ, ਉਦੋਂ ਇਹ ਅਖਾਣ ਵਰਤਦੇ ਹਨ।

**ਚਾਰ ਦਿਨਾਂ ਦੀ ਚਾਨਣੀ ਫਿਰ ਹਨ੍ਹੇਰੀ ਰਾਤ**—ਇਸ ਅਖਾਣ ਵਿੱਚ ਜੀਵਨ ਦੀ ਅਟੱਲ ਸੱਚਾਈ ਨੂੰ ਬਿਆਨ ਕੀਤਾ ਗਿਆ ਹੈ। ਧੰਨ-ਦੌਲਤ, ਸ਼ੋਹਰਤ ਅਤੇ ਜੋਸ਼-

ਜਵਾਨੀ ਚਾਰ ਦਿਨਾਂ ਦੀ ਖੇਡ ਹੈ, ਇਹ ਸਭ ਨਾਸ਼ਵਾਨ ਹਨ, ਇਹਨਾਂ ਤੇ ਕਾਹਦਾ ਮਾਣ।

**ਚਿੱਟਾ ਕੱਪੜਾ ਤੇ ਕੁੱਕੜ ਖਾਣਾ, ਉਸ ਜੱਟ ਦਾ ਨਹੀਂ ਟਿਕਾਣਾ**—ਇਸ ਅਖਾਣ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਜਿਹੜੇ ਕਿਸਾਨ ਆਪਣੇ ਹੱਥੀਂ ਆਪ ਖੇਤੀ ਨਹੀਂ ਕਰਦੇ, ਚੰਗਾ ਖਾਂਦੇ ਤੇ ਐਸ਼ ਉਡਾਉਂਦੇ ਹਨ, ਉਹ ਚੰਗੀ ਫ਼ਸਲ ਨਹੀਂ ਲੈ ਸਕਦੇ ਤੇ ਆਖ਼ਰ ਖੇਤੀ ਵਿੱਚ ਘਾਟਾ ਖਾ ਕੇ ਨੁਕਸਾਨ ਉਠਾਉਂਦੇ ਹਨ।

**ਚਿੱਟੀ ਦਾੜ੍ਹੀ ਤੇ ਆਟਾ ਖ਼ਰਾਬ**—ਜਦੋਂ ਕੋਈ ਵਡੇਰੀ ਉਮਰ ਦਾ ਬੰਦਾ ਕੋਈ ਸਮਾਜਿਕ ਕੁਰੀਤੀ ਕਰ ਬੈਠੇ, ਉਦੋਂ ਇਹ ਅਖਾਣ ਵਰਤਦੇ ਹਨ।

**ਚਿੱਟੀਆਂ ਕਬਰਾਂ 'ਤੇ ਫੁੱਲ ਚੜ੍ਹਦੇ ਨੇ**—ਭਾਵ ਇਹ ਹੈ ਕਿ ਵੱਡੇ ਬੰਦਿਆਂ ਦੀ ਹਰ ਥਾਂ ਪੁੱਛ ਹੁੰਦੀ ਹੈ, ਛੋਟਿਆਂ ਨੂੰ ਕੋਈ ਨਹੀਂ ਪੁੱਛਦਾ।

**ਚਿੱਤ ਵੀ ਮੇਰੀ ਪੁੱਠ ਵੀ ਮੇਰੀ**—ਜਦੋਂ ਕੋਈ ਚਾਲਾਕ ਬੰਦਾ ਦੋਹਾਂ ਹਾਲਾਤਾਂ ਵਿੱਚ ਆਪਣਾ ਹੀ ਲਾਭ ਉਠਾਉਣਾ ਚਾਹੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਚਿੜੀ ਦੀ ਚੋਗ ਚੌਧਵਾਂ ਹਿੱਸਾ**—ਜਦੋਂ ਵੰਡ ਵੰਡਾਈ ਸਮੇਂ ਕਿਸੇ ਚੀਜ਼ ਦੀ ਥੋੜ੍ਹੀ ਮਾਤਰਾ ਨੂੰ ਦਰਸਾਉਣਾ ਹੋਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਚਿੜੀਆਂ ਦੀ ਮੌਤ ਗਵਾਰਾਂ ਦਾ ਹਾਸਾ**—ਜਦੋਂ ਕੋਈ ਮੂਰਖ਼ ਆਦਮੀ ਹਾਸੇ-ਹਾਸੇ ਵਿੱਚ ਹੀ ਕਿਸੇ ਦਾ ਨੁਕਸਾਨ ਕਰ ਦੇਵੇ, ਉਦੋਂ ਇੰਜ ਆਖਦੇ ਹਨ।

**ਚੀਜ਼ ਨਾ ਸਾਂਭੇ ਆਪਣੀ ਚੋਰਾਂ ਗਾਲ਼ੀ ਦੇ**—ਜਦੋਂ ਕੋਈ ਬੰਦਾ ਆਪਣੀ ਲਾਪ੍ਰਵਾਹੀ ਕਾਰਨ ਆਪਣੀ ਚੀਜ਼ ਨੂੰ ਨਾ ਸੰਭਾਲ ਸਕੇ ਅਤੇ ਨੁਕਸਾਨ ਕਰਵਾ ਬੈਠੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਚੁਕ ਸਿਰ ਤੇ ਪੋਟਲੀ, ਮੰਗ ਸਿਰ ਦੀ ਖ਼ੈਰ**—ਜਦੋਂ ਕੋਈ ਔਖਾ ਕੰਮ ਹਰ ਹਾਲਤ ਵਿੱਚ ਕਰਨਾ ਪੈ ਜਾਵੇ, ਉਦੋਂ ਆਪਣੇ ਮਨ ਨੂੰ ਤਕੜਾ ਕਰਨ ਲਈ ਇਹ ਅਖਾਣ ਬੋਲਦੇ ਹਨ।

**ਚੁੱਕ ਮਰੇ ਜਾਂ ਖਾ ਮਰੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਬਹੁਤਾ ਖਾ ਕੇ ਜਾਂ ਵਿੱਤੋਂ ਬਾਹਰਾ ਕੰਮ ਕਰਕੇ ਢਿੱਲਾ ਮੱਠਾ ਹੋ ਜਾਵੇ।

**ਚੁਲ੍ਹਾ ਪੱਟਕੇ ਖਾ ਜਾਏ ਨਾ ਸੰਤੋਖ ਸਿੰਘ**—ਇਹ ਅਖਾਣ ਉਸ ਬੰਦੇ ਪ੍ਰਤੀ ਵਰਤਦੇ ਹਨ ਜਿਹੜਾ ਆਪਣੇ ਨਾਂ ਦੇ ਵਿਪਰੀਤ ਜੀਵਨ ਜੀਵੇ।

**ਚੁੱਲ੍ਹਿਓਂ ਦੂਰ ਸੋ ਦਿਲੋਂ ਦੂਰ**—ਜਦੋਂ ਕਿਸੇ ਨਾਲ਼ੋਂ ਸਮਾਜਿਕ ਤੇ ਭਾਈਚਾਰਕ ਸਬੰਧ ਤੋੜ ਲਏ ਜਾਣ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਚੁੱਲ੍ਹੇ ਅੱਗ ਨਾ ਘੜੇ ਵਿੱਚ ਪਾਣੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਆਦਮੀ ਅਤਿ ਗ਼ਰੀਬੀ ਦੀ ਦਸ਼ਾ ਵਿੱਚ ਪੁੱਜ ਜਾਵੇ।

**ਚੂਹੜਾ ਗਿਆ ਪਾਰ ਉਹ ਨੂੰ ਉਥੇ ਵੀ ਵਗਾਰ**—ਜਦੋਂ ਕੋਈ ਆਦਮੀ ਆਪਣੇ ਕੰਮ ਕਾਰ ਤੋਂ ਛੁਟਕਾਰਾ ਪਾਉਣ ਲਈ ਕਿਸੇ ਹੋਰ ਥਾਂ ਚਲਿਆ ਜਾਵੇ ਪ੍ਰੰਤੂ ਉਥੇ ਵੀ ਉਸ ਨੂੰ ਜੀਵਨ ਨਿਰਵਾਹ ਲਈ ਉਹੀ ਪਿਛਲਾ ਕੰਮ, ਜਿਹੜਾ ਉਹ ਛੱਡ ਕੇ ਗਿਆ ਸੀ ਕਰਨਾ ਪਵੇ, ਤਾਂ ਉਹ ਅਖਾਣ ਬੋਲਿਆ ਜਾਂਦਾ ਹੈ।

**ਚੂਹੜਿਆਂ ਦੀ ਟੱਪਰੀ, ਸ਼ਰੀਕਾਂ ਨਾਲ਼ੋਂ ਵੱਖਰੀ**—ਇਹ ਅਖਾਣ ਉਸ ਬੰਦੇ ਪ੍ਰਤੀ ਬੋਲਿਆ ਜਾਂਦਾ ਹੈ ਜਿਹੜਾ ਆਪਣੇ ਭਾਈਚਾਰੇ ਨਾਲ਼ੋਂ ਵੱਖਰਾ ਰਹਿਣ ਦੀ ਕੋਸ਼ਿਸ਼ ਕਰੇ।

**ਚੂਹੜੇ ਕੋਲੋਂ ਲੈਣਾ ਤੇ ਕੁੱਤੇ ਦੇ ਗਲ ਪੈਣਾ**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਚੂਹੜੇ ਨੂੰ ਦਿੱਤਾ ਹੋਇਆ ਕਰਜ਼ਾ ਬਹੁਤ ਮੁਸ਼ਕਿਲ ਨਾਲ਼ ਮੁੜਦਾ ਹੈ।

**ਚੂਹਿਆਂ ਦੇ ਡਰੋਂ ਘਰ ਨਹੀਂ ਛੱਡੀਏ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਕਿਸੇ ਮਾੜੀ-ਮੋਟੀ ਤਕਲੀਫ਼ ਬਦਲੇ ਕਿਸੇ ਚੀਜ਼ ਦਾ ਤਿਆਗ ਨਹੀਂ ਕਰਨਾ ਚਾਹੀਦਾ, ਬਲਕਿ ਉਸ ਵਿੱਚ ਸੁਧਾਰ ਕਰ ਲੈਣਾ ਚਾਹੀਦਾ ਹੈ।

**ਚੂਹੇ ਨੂੰ ਸੁੰਢ ਦੀ ਗੱਠੀ ਲੱਭੀ ਪਸਾਰੀ ਬਣ ਬੈਠਾ**—ਜਦੋਂ ਕਿਸੇ ਬੰਦੇ ਨੂੰ ਥੋੜ੍ਹੀ ਜਿਹੀ ਪ੍ਰਾਪਤੀ ਹੋ ਜਾਵੇ ਤੇ ਆਕੜਿਆ ਫਿਰੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਚੂਨੇ ਗੱਚ ਕਬਰ ਮੁਰਦਾ ਬੇਈਮਾਨ**—ਜਦੋਂ ਕੋਈ ਐਬੀ ਤੇ ਬੇਈਮਾਨ ਬੰਦਾ ਸਾਧਾਂ-ਸੰਤਾਂ ਵਾਲ਼ਾ ਭੇਖ ਧਾਰ ਕੇ ਲੋਕਾਂ ਨੂੰ ਉੱਲੂ ਬਣਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਚੋਰ ਉਚੱਕਾ ਚੌਧਰੀ ਗੁੰਡੀ ਰੰਨ ਪ੍ਰਧਾਨ**—ਜਦੋਂ ਕੋਈ ਬਦਮਾਸ਼ ਕਿਸਮ ਦਾ ਬੰਦਾ ਬਦੋਬਦੀ ਧੱਕੇ ਨਾਲ਼ ਕੋਈ ਸਮਾਜਿਕ ਪਦਵੀ ਹਥਿਆ ਲਵੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਚੋਰ ਚੋਰੀ ਛੱਡੂਗਾ ਪਰ ਹੇਰਾ ਫੇਰੀ ਨਹੀਂ**—ਇਸ ਅਖਾਣ ਦਾ ਭਾਵ ਇਹ ਹੈ ਕਿ ਭੈੜਾ ਆਦਮੀ ਕੋਸ਼ਿਸ਼ ਕਰਨ 'ਤੇ ਵੀ ਆਪਣੀਆਂ ਭੈੜੀਆਂ ਵਾਦੀਆਂ ਨਹੀਂ ਛੱਡਦਾ, ਮਾੜਾ ਮੋਟਾ ਅੰਸ਼ ਰਹਿ ਹੀ ਜਾਂਦਾ ਹੈ।

**ਚੋਰ ਜਾਂਞੀ, ਚੋਰ ਮਾਂਜੀ, ਚੋਰ ਵਿਆਹੁਣ ਆਏ**—ਭਾਵ ਇਹ ਹੈ ਕਿ ਭੈੜੇ ਬੰਦਿਆਂ ਦੇ ਸੰਗੀ ਸਾਥੀ ਵੀ ਭੈੜੇ ਹੀ ਹੁੰਦੇ ਹਨ।

**ਚੋਰ ਤੇ ਲਾਠੀ ਦੋ ਜਣੇ, ਮੈਂ ਤੇ ਬਾਪੂ ਕੱਲੇ**—ਜਦੋਂ ਸਰੀਰਕ ਤੌਰ 'ਤੇ ਤਕੜਾ ਬੰਦਾ ਕਿਸੇ ਕਮਜ਼ੋਰ ਬੰਦੇ ਪਾਸੋਂ ਕੁੱਟ ਖਾ ਕੇ ਆ ਜਾਵੇ ਤੇ ਇਹ ਕਹੇ ਕਿ ਮਾਰਨ ਵਾਲ਼ਾ ਬਹੁਤ ਤਕੜਾ ਸੀ ਤਾਂ ਉਦੋਂ ਮਜ਼ਾਕ ਵਿੱਚ ਇਹ ਅਖਾਣ ਬੋਲਦੇ ਹਨ।

**ਚੋਰ ਦੀ ਮਾਂ ਕਦ ਤੱਕ ਖ਼ੈਰ ਮਨਾਏਗੀ**—ਭਾਵ ਇਹ ਹੈ ਕਿ ਕਿਸੇ ਦਿਨ ਚੋਰ ਨੇ ਫੜਿਆ ਹੀ ਜਾਣੈ, ਉਸ ਨੂੰ ਕੀਤੇ ਦੀ ਸਜ਼ਾ ਭੁਗਤਣੀ ਹੀ ਪਵੇਗੀ।

**ਚੋਰ ਦੇ ਪੈਰ ਨਹੀਂ ਹੁੰਦੇ**—ਭਾਵ ਇਹ ਹੈ ਕਿ ਚੋਰੀ ਕਰਨ ਆਇਆ ਚੋਰ ਰਤੀ ਭਰ ਖੜਕਾ ਹੋਣ 'ਤੇ ਨੱਸ ਜਾਂਦਾ ਹੈ।

**ਚੋਰ ਨੂੰ ਨਾ ਮਾਰੋ ਚੋਰ ਦੀ ਮਾਂ ਨੂੰ ਮਾਰੋ**—ਇਸ ਅਖਾਣ ਦਾ ਭਾਵ ਇਹ ਹੈ ਕਿ ਬੁਰੇ ਆਦਮੀ ਨੂੰ ਸਜ਼ਾ ਦੇਣ ਦੀ ਥਾਂ ਸਮਾਜ ਵਿੱਚੋਂ ਬੁਰਾਈ ਨੂੰ ਖ਼ਤਮ ਕਰਨਾ ਚਾਹੀਦਾ ਹੈ।

**ਚੋਰਾਂ ਦੇ ਕੱਪੜੇ ਡਾਂਗਾਂ ਦੇ ਗਜ਼**—ਜਦੋਂ ਕੋਈ ਬੰਦਾ ਬਿਨਾ ਮਿਹਨਤ ਕੀਤਿਆਂ ਪ੍ਰਾਪਤ ਕੀਤੀ ਵਸਤੂ ਨੂੰ ਸਸਤੇ ਮੁੱਲ ਵਿੱਚ ਵੇਚ ਦੇਵੇ, ਉਦੋਂ ਇੰਜ ਆਖਦੇ ਹਨ।

**ਚੋਰਾਂ ਦੇ ਮਹਿਲ ਨਹੀਂ ਪੈਂਦੇ**—ਬੇਈਮਾਨੀ ਦੀ ਖੱਟੀ ਕਮਾਈ ਕਰਨ ਤੋਂ ਵਰਜਣ ਲਈ ਇਹ ਅਖਾਣ ਵਰਤਿਆ ਜਾਂਦਾ ਹੈ।

**ਚੋਰ ਨਾਲੋਂ ਪੰਡ ਕਾਹਲੀ**—ਜਦੋਂ ਅਸਲੀ ਬੰਦੇ ਦੀ ਥਾਂ ਕੋਈ ਹੋਰ ਬੰਦਾ ਵੱਧ ਚੜ੍ਹ ਕੇ ਬੋਲੇ, ਉਦੋਂ ਇਹ ਅਖਾਣ ਬੋਲਦੇ ਹਨ।

**ਚੋਰੀ ਕੱਖ ਦੀ ਵੀ, ਚੋਰੀ ਲੱਖ ਦੀ ਵੀ**—ਇਸ ਅਖਾਣ ਦਾ ਭਾਵ ਇਹ ਹੈ ਕਿ ਚੋਰੀ ਤਾਂ ਚੋਰੀ ਹੀ ਹੈ ਭਾਵੇਂ ਉਹ ਸਸਤੀ ਚੀਜ਼ ਦੀ ਕੀਤੀ ਜਾਵੇ ਜਾਂ ਕੀਮਤੀ ਚੀਜ਼ ਦੀ, ਬੁਰਾਈ ਤਾਂ ਆਖ਼ਰ ਬੁਰਾਈ ਹੀ ਹੈ।

**ਚੋਰੀ ਤੇ ਉੱਤੋਂ ਸੀਨਾ ਜ਼ੋਰੀ**—ਭਾਵ ਇਹ ਹੈ ਕਿ ਜਦੋਂ ਕੋਈ ਗ਼ਲਤੀ ਵੀ ਕਰੇ, ਉਪਰੋਂ ਤਾਂਗੜੇ ਵੀ, ਆਕੜ ਦਿਖਾਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਚੋਰੀ ਦਾ ਗੁੜ ਮਿੱਠਾ ਹੁੰਦਾ ਹੈ**—ਜਿਹੜੇ ਆਦਮੀ ਨੂੰ ਚੋਰੀ ਕਰਨ ਦੀ ਆਦਤ ਪੈ ਜਾਵੇ, ਉਹ ਵਾਰ-ਵਾਰ ਸਮਝਾਉਣ ਤੇ ਵੀ ਆਪਣੀ ਆਦਤ ਨਾ ਛੱਡੇ, ਉਦੋਂ ਇੰਜ ਆਖਦੇ ਹਨ।

**ਚੋਰੀ, ਯਾਰੀ, ਚਾਕਰੀ ਬਾਝ ਵਸੀਲੇ ਨਾਂਹ**—ਇਸ ਅਖਾਣ ਦਾ ਭਾਵ ਸਪੱਸ਼ਟ ਹੈ ਕਿ ਇਹ ਤਿੰਨੇ ਚੀਜ਼ਾਂ ਬਿਨਾ ਕਿਸੇ ਵਸੀਲੇ ਦੇ ਨਹੀਂ ਹੋ ਸਕਦੀਆਂ।

**ਚੋਰੀਓਂ ਮਿਹਣਾ, ਯਾਰੀਓਂ ਮਿਹਣਾ, ਮਿਹਨਤ ਤੋਂ ਮਿਹਣਾ ਨਾਹੀ**—ਇਹ ਅਖਾਣ ਮਿਹਨਤ ਤੋਂ ਕਤਰਾਉਣ ਵਾਲ਼ੇ ਬੰਦੇ ਨੂੰ ਸਮਝਾਉਣ ਲਈ ਵਰਤਿਆ ਜਾਂਦਾ ਹੈ। ਭਾਵ ਇਹ ਹੈ ਕਿ ਮਿਹਨਤ ਕਰਨਾ ਕੋਈ ਮਾੜਾ ਕੰਮ ਨਹੀਂ।

## ਛ

**ਛੱਜ ਤਾਂ ਬੋਲੇ, ਛਾਨਣੀ ਕੀ ਬੋਲੇ ਜਿਸ ਵਿੱਚ ਛੱਤੀ ਸੌ ਛੇਕ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬਹੁਤੇ ਐਬਾਂ ਵਾਲ਼ਾ ਬੰਦਾ ਥੋੜ੍ਹੇ ਐਬਾਂ ਵਾਲ਼ੇ ਬੰਦੇ 'ਚ ਨੁਕਸ ਕੱਢੇ ਤੇ ਉਹ ਨੂੰ ਬੋਲੀ ਮਾਰੇ।

**ਛੱਜ ਨਾ ਬੋਲੇ ਛਾਨਣੀ ਬੋਲੇ**—ਇਸ ਅਖਾਣ ਦਾ ਭਾਵ ਉਪਰੋਕਤ ਅਖਾਣ ਵਾਲ਼ਾ ਹੀ ਹੈ।

**ਛੱਜ ਨਾ ਬੁਹਾਰੀ, ਕਾਹਦੀ ਭਠਿਆਰੀ**—ਜਦੋਂ ਕਿਸੇ ਕਾਰੀਗਰ ਕੋਲ ਕੰਮ ਕਰਨ ਵਾਲ਼ੇ ਸੰਦ ਨਾ ਹੋਣ, ਉਦੋਂ ਇੰਜ ਆਖੀਦਾ ਹੈ।

**ਛੱਜ ਭਰਿਆ ਤੋਹਾਂ ਦਾ, ਫਿੱਟੇ ਮੂੰਹ ਦੋਹਾਂ ਦਾ**—ਜਦੋਂ ਕਿਸੇ ਮਾਮਲੇ ਵਿੱਚ ਦੋਨੋਂ ਧਿਰਾਂ ਦੋਸ਼ੀ ਹੋਣ, ਉਹਨਾਂ ਨੂੰ ਫਿੱਟ ਲਾਹਨਤ ਪਾਉਣ ਲਈ ਇਹ ਅਖਾਣ ਬੋਲਦੇ ਹਨ।

**ਛੱਡਿਆ ਗਿਰਾਂ, ਕੀ ਲੈਣਾ ਨਾਂ**—ਜਦੋਂ ਕਿਸੇ ਨਾਲ਼ੋਂ ਦਿਲੋਂ ਦੋਸਤੀ ਤੇ ਸਾਂਝ ਟੁੱਟ ਜਾਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਛੱਤੀ ਭੋਜਣ ਖਾਣੇ, ਬਹੱਤਰ ਰੋਗ ਲਾਣੇ**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਬਹੁਤੀ ਕਿਸਮ ਦੇ ਵਧੀਆਂ ਪਦਾਰਥ ਖਾਣ ਨਾਲ਼ ਅਨੇਕਾਂ ਕਿਸਮ ਦੇ ਰੋਗ ਲੱਗ ਜਾਂਦੇ ਹਨ।

**ਛੱਪੜ ਵਿੱਚੋਂ ਮਿਹੰ, ਟੱਟੀ ਵਿੱਚੋਂ ਚੂਹੜਾ ਕਢਣਾ ਔਖੈ**--ਜਦੋਂ ਕਿਸੇ ਚੂਹੜੇ ਨੂੰ ਕਿਸੇ ਕੰਮ ਲਈ ਬੁਲਾਉਣ ਉਹਦੇ ਘਰ ਜਾਣਾ ਪਵੇ ਤਾਂ ਉਹ ਟਾਲ਼-ਮਟੋਲ਼ ਅਤੇ ਨਖ਼ਰੇ ਕਰਦਾ ਹੈ। ਇਹ ਉਸ ਦਾ ਜਾਤੀ ਸੁਭਾਅ ਹੈ। ਮੱਝ ਵੀ ਸੌਖਿਆਂ ਛੱਪੜ ਵਿੱਚੋਂ ਬਾਹਰ ਨਹੀਂ ਨਿਕਲਦੀ, ਮਾਲਕ ਰੋੜੇ ਮਾਰ-ਮਾਰ ਥੱਕ ਜਾਂਦਾ ਹੈ।

**ਛੇੜੀਂ ਓਏ ਛੇੜੀਂ, ਮੇਰੀਆਂ ਆਪਣੀਆਂ ਹੀ ਨਹੀਂ ਛਿੜਦੀਆਂ**—ਜਦੋਂ ਆਪਣੇ ਕੰਮ ਵਿੱਚ ਰੁੱਝੇ ਹੋਏ ਬੰਦੇ ਨੂੰ ਕੋਈ ਦੂਜਾ ਬੰਦਾ ਕੰਮ ਕਰਨ ਵਿੱਚ ਮਦਦ ਕਰਨ ਲਈ ਆਖੇ ਤਾਂ ਅੱਗੋਂ ਉਹ ਇਹ ਅਖਾਣ ਬੋਲਦਾ ਹੈ।

**ਛੋਟਾ ਜ਼ਹਿਰ ਦਾ ਟੋਟਾ**—ਜਦੋਂ ਕੋਈ ਛੋਟੀ ਉਮਰ ਜਾਂ ਛੋਟੇ ਕੱਦ ਦਾ ਬੰਦਾ ਕੋਈ ਗੁਸਤਾਖ਼ੀ ਕਰੇ ਅਤੇ ਗੁੱਸਾ ਪ੍ਰਗਟਾਵੇ, ਉਦੋਂ ਇੰਜ ਆਖਦੇ ਹਨ।

**ਛੋਟੀ ਨਾ ਵੇਖ, ਪਾਤਾਲ ਕਰੇ ਛੇਕ**—ਇਹ ਅਖਾਣ ਉਸ ਬੰਦੇ ਲਈ ਵਰਤਿਆ ਜਾਂਦਾ ਹੈ ਜਿਹੜਾ ਕੱਦੋਂ-ਬੁੱਤੋਂ ਮਧਰਾ ਹੋਵੇ, ਪ੍ਰੰਤੂ ਅੰਦਰੋਂ ਅੱਗ ਦੀ ਨਾਲ਼ ਅਤੇ ਪੁੱਜ ਕੇ ਖੋਟਾ ਹੋਵੇ।

## ਜ

**ਜਸ ਜੀਵਨ-ਅਪਜਸ ਮਰਨ**—ਭਾਵ ਇਹ ਹੈ ਕਿ ਆਪਣੇ ਸਮਾਜ ਵਿੱਚ ਬਦਨਾਮ ਹੋਏ ਬੰਦੇ ਦਾ ਜੀਵਨ ਮਰਨ ਬਰਾਬਰ ਹੁੰਦਾ ਹੈ।

**ਜ਼ਹਿਮਤ ਜਾਂਦੀ ਦਾਰੂਆਂ, ਆਦਤ ਸਿਰ ਦੇ ਨਾਲ਼**—ਭਾਵ ਅਰਥ ਇਹ ਹੈ ਕਿ ਰੋਗ ਤਾਂ ਦਵਾ ਦਾਰੂ ਲੈਣ ਨਾਲ਼ ਟੁੱਟ ਜਾਂਦੇ ਹਨ ਪ੍ਰੰਤੂ ਪਈਆਂ ਆਦਤਾਂ ਅਖ਼ੀਰੀ ਦਮ ਤੱਕ ਜਾਂਦੀਆਂ ਹਨ।

**ਜਹੀ ਗ਼ਰੀਬੀ ਬਾਹਮਣੀ ਤਹੀ ਮਛਹਰੀ (ਸੋਕੜ ਗੰਨਾ) ਚੂਪ**—ਇਸ ਅਖਾਣ ਰਾਹੀਂ ਇਹ ਸਿਖਿਆ ਦਿੱਤੀ ਗਈ ਹੈ ਕਿ ਗ਼ਰੀਬ ਲੋਕਾਂ ਨੂੰ ਗ਼ਰੀਬੀ ਦਾਹਵੇ ਵਿੱਚ ਹੀ ਗੁਜ਼ਾਰਾ ਕਰਨਾ ਚਾਹੀਦਾ ਹੈ।

**ਜਹੀ ਫ਼ਲੀ ਪਈ, ਜਹੀ ਘੁੱਗੂ ਚੁਗ ਗਿਆ**—ਜਦੋਂ ਕਿਸੇ ਨੂੰ ਜਿੰਨੀ ਕੁ ਕਮਾਈ ਹੋਵੇ ਤੇ ਉਹਦਾ ਓਨਾ ਹੀ ਖ਼ਰਚ ਹੋ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਜਹੀ ਰੂਹ ਤਹੇ ਫ਼ਰਿਸ਼ਤੇ**—ਜਦੋਂ ਕਿਸੇ ਭੈੜੇ ਬੰਦੇ ਨੂੰ ਉਹਦੇ ਵਰਗਾ ਹੀ ਭੈੜਾ ਬੰਦਾ ਟੱਕਰ ਜਾਵੇ, ਉਦੋਂ ਇੰਜ ਬੋਲਦੇ ਹਨ।

**ਜਹੇ ਕਿੱਲੇ ਬੱਧੇ, ਜਹੇ ਚੋਰਾਂ ਖੜੇ**—ਇਹ ਅਖਾਣ ਅਜਿਹੇ ਨਿਕੰਮੇ ਤੇ ਨਕਾਰੇ ਬੰਦੇ ਪ੍ਰਤੀ ਵਰਤਿਆ ਜਾਂਦਾ ਹੈ ਜਿਹੜਾ ਘਰ ਰਹਿੰਦਾ ਹੋਇਆ ਕੋਈ ਕੰਮ ਨਾ ਕਰੇ।

**ਜਹੇ ਜੰਮੇ ਜਹੇ ਨਾ ਜੰਮੇ**—ਨਿਕੰਮੀ ਉਲਾਦ ਦੇ ਸਤਾਏ ਹੋਏ ਮਾਪੇ ਇਹ ਅਖਾਣ ਬੋਲਦੇ ਹਨ।

**ਜੱਗ ਸ਼ੀਸ਼ਾ ਆਰਸੀ ਜੋ ਦੇਖੇ ਸੋ ਦੇਖ**—ਇਸ ਅਖਾਣ ਦਾ ਭਾਵ ਇਹ ਹੈ ਕਿ ਜਿਹੋ ਜਿਹਾ ਵਰਤਾਰਾ ਤੁਸੀਂ ਦੂਜਿਆਂ ਨਾਲ਼ ਕਰੋਗੇ, ਦੂਜੇ ਵੀ ਤੁਹਾਡੇ ਨਾਲ਼ ਉਹੋ ਜਿਹਾ ਵਰਤਾਰਾ ਕਰਨਗੇ।

**ਜੱਗ ਚਲੋ ਚਲੀ ਦਾ ਮੇਲਾ**—ਭਾਵ ਇਹ ਹੈ ਕਿ ਇਸ ਸੰਸਾਰ ਵਿੱਚ ਪੱਕੇ ਤੌਰ ’ਤੇ ਕੋਈ ਨਹੀਂ ਰਹਿੰਦਾ, ਹਰ ਕਿਸੇ ਨੇ ਦੁਨੀਆਂ ਛੱਡ ਜਾਣੀ ਹੈ। ਅਜਿਹੇ ਬੋਲ ਆਮ ਕਰਕੇ ਸੋਗਮਈ ਸੰਗਤ ਵਿੱਚ ਵਰਤੇ ਜਾਂਦੇ ਹਨ।

**ਜੱਗ ਨਾਲ਼ ਚੱਲੇ, ਸਭ ਕੁਝ ਪੱਲੇ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਜਿਹੜਾ ਬੰਦਾ ਆਪਣੇ ਸਮਾਜ ਤੇ ਭਾਈਚਾਰੇ ਦੀ ਰੀਤ ਅਨੁਸਾਰ ਜੀਵਨ ਜਿਉਂਦਾ ਹੈ ਉਹ ਸਦਾ ਸੁਖੀ ਰਹਿੰਦਾ ਹੈ।

**ਜੱਗੋ ਜਹਾਨੋਂ ਬਾਹਰੀ ਸੱਭ ਖ਼ਲਕਤ ਟੱਕਰ ਹਾਰੀ**—ਜਦੋਂ ਕੋਈ ਅਨੋਖੀ ਘਟਨਾ ਵਾਪਰ ਜਾਵੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਜੰਜ ਪਰਾਈ ਮੂਰਖ਼ ਨੱਚੇ**—ਇਹ ਅਖਾਣ ਉਸ ਬੰਦੇ ਪ੍ਰਤੀ ਬੋਲਿਆ ਜਾਂਦਾ ਹੈ ਜਿਹੜਾ ਕਿਸੇ ਦੀ ਖ਼ੁਸ਼ੀ ਦੇ ਜਸ਼ਨ ਵਿੱਚ ਬਿੰਨ ਬੁਲਾਇਆਂ ਸ਼ਾਮਿਲ ਹੋ ਜਾਵੇ।

**ਜੱਟ ਸੋਨੇ ਦਾ, ਥੱਲਾ ਪਿੱਤਲ ਦਾ**—ਜਦੋਂ ਕਿਸੇ ਵਿੱਚ ਸੈਆਂ ਗੁਣ ਹੁੰਦਿਆਂ ਇਕ ਅੱਧ ਔਗੁਣ ਹੋਵੇ, ਉਦੋਂ ਆਖਦੇ ਹਨ।

**ਜੱਟ ਹੋਇਆ ਕਮਲਾ ਖ਼ੁਦਾ ਨੂੰ ਲੈ ਗਏ ਚੋਰ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਮਚਲਾ ਬੰਦਾ ਜਾਣ ਬੁੱਝ ਕੇ ਭੋਲ਼ਾ ਬਣ ਜਾਵੇ।

**ਜੱਟ ਕੀ ਜਾਣੇ ਗੁਣ ਨੂੰ, ਲੋਹਾ ਕੀ ਜਾਣੇ ਘੁਣ ਨੂੰ**—ਭਾਵ ਇਹ ਹੈ ਕਿ ਜੱਟ ਸਦਾ ਅਹਿਸਾਨ ਫ਼ਰਾਮੋਸ਼ (ਅਹਸਾਨ ਨੂੰ ਭੁੱਲ ਜਾਣ ਵਾਲੇ) ਹੁੰਦੇ ਹਨ, ਉਹਨਾਂ ਤੇ ਕਿਸੇ ਵੱਲੋਂ ਕੀਤੇ ਗਏ ਅਹਿਸਾਨ ਦਾ ਕੋਈ ਅਸਰ ਨਹੀਂ ਹੁੰਦਾ, ਜਿਵੇਂ ਲੋਹੇ ਨੂੰ ਘੁਣ ਨਹੀਂ ਲੱਗਦਾ।

**ਜੱਟ ਕੀ ਜਾਣੇ ਲੌਂਗਾਂ ਦਾ ਭਾਅ**—ਇਸ ਅਖਾਣ ਵਿੱਚ ਜੱਟ ਦੇ ਭੋਲੇਪਣ ਨੂੰ ਦਰਸਾਇਆ ਗਿਆ ਹੈ।

**ਜੱਟ ਗੰਨਾ ਨਹੀਂ ਦੇਂਦਾ ਭੇਲੀ ਦੇ ਦੇਂਦਾ ਹੈ**—ਇਸ ਅਖਾਣ ਵਿੱਚ ਜੱਟ ਦੇ ਅਲਬੇਲੇ ਸੁਭਾਅ ਦਾ ਵਰਨਣ ਕੀਤਾ ਗਿਆ ਹੈ, ਜੋ ਅੜੀ ਵਿੱਚ ਕੋਈ ਮਾਮੂਲੀ ਚੀਜ਼ ਨਹੀਂ ਦੇਂਦਾ ਪ੍ਰੰਤੂ ਮਨ ਦੀ ਮੌਜ ਵਿੱਚ ਵੱਡਮੁੱਲੀ ਵਸਤੂ ਮੁਫ਼ਤ ਵਿੱਚ ਦੇ ਦੇਂਦਾ ਹੈ।

**ਜੱਟ ਜੱਟਾਂ ਦੇ ਸਾਲ਼ੇ ਵਿਚੇ ਕਰਦੇ ਘਾਲ਼ੇ-ਮਾਲ਼ੇ**—ਜਦੋਂ ਚਾਰ-ਪੰਜ ਜਣੇ ਰਲ਼ ਕੇ ਕਿਸੇ ਨੂੰ ਲੁੱਟ ਲੈਣ, ਉਦੋਂ ਇਹ ਅਖਾਣ ਵਰਤਦੇ ਹਨ।

**ਜੱਟ ਜਾਣੇ ਤੇ ਬਿੱਜੂ ਜਾਣੇ, ਚੂਹੜਾ ਨੌ ਬਰ ਨੌ**—ਜਦੋਂ ਕੋਈ ਬੰਦਾ ਆਪਣੇ ਆਪ ਨੂੰ ਬਚਾ ਕੇ, ਦੋ ਆਪਸ ਵਿੱਚ ਟਕਰਾ ਰਹੀਆਂ ਧਿਰਾਂ ਵਿਚਕਾਰ ਨਿਰਲੇਪ ਤੇ ਅਟੰਕ ਰਹਿ ਜਾਵੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਜੱਟ ਤੇ ਸੂਰ ਬਰਾਬਰ, ਜੱਟ ਤੋਲਾ ਭਾਰਾ, ਸੂਰ ਪੁੱਟੇ ਮਰਲਾ ਜੱਟ ਵਿੱਘਾ ਸਾਰਾ**—ਇਸ ਅਖਾਣ ਵਿੱਚ ਜੱਟ ਦੇ ਸੁਭਾਅ ਨੂੰ ਸੂਰ ਨਾਲ਼ੋਂ ਵੀ ਅੱਥਰਾ ਦੱਸਿਆ ਗਿਆ ਹੈ। ਜੱਟ ਅੜੀ 'ਤੇ ਆਇਆ ਹੋਇਆ ਬਹੁਤ ਸਾਰਾ ਨੁਕਸਾਨ ਕਰ ਦਿੰਦਾ ਹੈ।

**ਜੱਟ ਦੀਆਂ ਸੌ ਮਾਵਾਂ ਹੁੰਦੀਆਂ ਹਨ**—ਭਾਵ ਇਹ ਹੈ ਕਿ ਜੱਟ ਦੂਰ-ਦੁਰਾਡੇ ਜਾ ਕੇ ਵੀ ਉਥੋਂ ਦੇ ਜੱਟਾਂ ਨਾਲ਼ ਕੋਈ ਨਾ ਕੋਈ ਰਿਸ਼ਤੇਦਾਰੀ ਕੱਢ ਲੈਂਦਾ ਹੈ ਤੇ ਉਹ ਆਪਸ ਵਿੱਚ ਰਿਸ਼ਤੇਦਾਰ ਬਣ ਜਾਂਦੇ ਹਨ।

**ਜੱਟ ਦੇ ਜੌਂ ਪੱਕੇ, ਸੱਕੀ ਮਾਂ ਨੂੰ ਮਾਰੇ ਧੱਕੇ**—ਇਸ ਅਖਾਣ ਵਿੱਚ ਜੱਟ ਦੇ ਮਤਲਬੀ ਸੁਭਾਅ ਦੇ ਕਿਰਦਾਰ ਦਾ ਵਰਨਣ ਕੀਤਾ ਗਿਆ ਹੈ।

**ਜੱਟ ਨਾ ਜਾਣੇ ਗੁਣ ਕਰਾ, ਚਣਾ ਨਾ ਜਾਣੇ ਵਾਹ**—ਇਸ ਅਖਾਣ ਰਾਹੀਂ ਇਹ ਦੱਸਿਆ ਗਿਆ ਹੈ ਕਿ ਜੱਟ ਕੀਤੇ ਨੂੰ ਨਹੀਂ ਜਾਣਦਾ ਅਤੇ ਛੋਲਿਆਂ ਵਾਸਤੇ ਬਹੁਤੀ ਵਾਹੀ ਦੀ ਲੋੜ ਨਹੀਂ।

**ਜੱਟ ਪੰਜ ਨਹੀਂ ਸਹਿੰਦਾ ਪੰਜਾਹ ਸਹਿ ਲੈਂਦਾ ਹੈ**—ਇਸ ਅਖਾਣ ਵਿੱਚ ਜੱਟ ਦੇ ਅਲੱਥ ਸੁਭਾਅ ਦਾ ਵਰਨਣ ਕੀਤਾ ਗਿਆ ਹੈ ਜੋ ਥੋੜ੍ਹਾ ਨੁਕਸਾਨ ਸਹਿਣ ਦੀ ਬਜਾਏ ਬਹੁਤਾ ਨੁਕਸਾਨ ਸਹਿ ਲੈਂਦਾ ਹੈ।

**ਜੱਟ ਪਿਆਈ ਲੱਸੀ ਗਲ ਵਿੱਚ ਪਾ ਲ਼ਈ ਰੱਸੀ**—ਭਾਵ ਇਹ ਹੈ ਕਿ ਜੱਟ ਉਸ ਵੱਲੋਂ ਕੀਤੇ ਹੋਏ ਮਾੜੇ ਮੋਟੇ ਅਹਿਸਾਨ ਨੂੰ ਵਾਰ-ਵਾਰ ਚਿਤਾਰਦਾ ਰਹਿੰਦਾ ਹੈ।

**ਜੱਟ ਫ਼ਕੀਰ ਗਲ ਗੰਢਿਆਂ ਦੀ ਮਾਲ਼ਾ**—ਇਸ ਅਖਾਣ ਰਾਹੀਂ ਜੱਟ ਦੇ ਭੋਲੇਪਣ ਅਤੇ ਸਾਦਗੀ ਦਾ ਜ਼ਿਕਰ ਕੀਤਾ ਗਿਆ ਹੈ।

**ਜੱਟ ਮੋਇਆ ਜਾਣੀਏ, ਜਦ ਤੇਰਵਾਂ ਹੋਵੇ**—ਇਹ ਅਖਾਣ ਜੱਟ ਦੇ ਸਖ਼ਤ ਜਾਨ ਹੋਣ ਦੀ ਸਾਖੀ ਭਰਦਾ ਹੈ। ਜੱਟ ਮਰਿਆ ਹੋਇਆ ਵੀ ਛੇਤੀ ਕਾਬੂ ਨਹੀਂ ਆਉਂਦਾ।

**ਜੱਟ ਯਾਰ ਨਹੀਂ ਤੇ ਕਿੰਗ ਹਥਿਆਰ ਨਹੀਂ**—ਭਾਵ ਇਹ ਹੈ ਕਿ ਜੱਟ ਦਾ ਕੋਈ ਇਤਬਾਰ ਨਹੀਂ, ਪਤਾ ਨਹੀਂ ਕਦੋਂ ਵਿਗੜ ਜਾਵੇ।

**ਜੱਟ ਵਧੇ ਰਾਹ ਬੱਧੇ, ਕਿਰਾੜ ਵਧੇ ਜੱਟ ਬੱਧੇ**--ਇਸ ਅਖਾਣ ਰਾਹੀਂ ਜੱਟ ਅਤੇ ਕਿਰਾੜ ਦੇ ਜਾਤੀ ਸੁਭਾਅ ਬਾਰੇ ਦੱਸਿਆ ਗਿਆ ਹੈ। ਭਾਵ ਇਹ ਹੈ ਕਿ ਗੱਜਿਆ ਹੋਇਆ ਜੱਟ ਵਧੇਰੇ ਖ਼ਰੂਦ ਪਾਉਂਦਾ ਹੈ ਤੇ ਰਾਹ ਜਾਂਦਿਆਂ ਨੂੰ ਲੁੱਟ ਲੈਂਦਾ ਹੈ। ਜਦੋਂ ਕਿਰਾੜ ਸੌਖਾ ਹੋਵੇ, ਉਹ ਜੱਟਾਂ 'ਤੇ ਮੁਕੱਦਮੇ ਕਰਕੇ ਉਸ ਨੂੰ ਕੈਦ ਕਰਵਾ ਦਿੰਦਾ ਹੈ।

**ਜਥਾ ਰਾਜਾ ਤਥਾ ਪਰਜਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਜਿਹੋ ਜਿਹੀ ਸਰਕਾਰ ਹੋਵੇਗੀ, ਉਹੋ ਜਿਹੇ ਲੋਕ ਹੋਣਗੇ। ਸਰਕਾਰੀ ਪ੍ਰਬੰਧ ਦਾ ਆਮ ਲੋਕਾਂ 'ਤੇ ਅਸਰ ਪੈਂਦਾ ਹੈ।

**ਜਦ ਤੱਕ ਸਾਸ, ਤਦ ਤੱਕ ਆਸ**—ਭਾਵ ਸਪੱਸ਼ਟ ਹੈ ਕਿ ਮਨੁੱਖ ਮਰਦੇ ਦਮ ਤੱਕ ਆਸ ਦਾ ਪੱਲਾ ਨਹੀਂ ਛੱਡਦਾ।

**ਜਦ ਦੇ ਜੰਮੇ ਚੰਦਰ ਭਾਨ, ਚੁਲ੍ਹੇ ਅੱਗ ਨਾ ਮੰਜੇ ਬਾਣ**—ਕਿਸੇ ਮਨਹੂਸ ਬੰਦੇ ਨੂੰ ਭੰਡਣ ਲਈ ਇਹ ਅਖਾਣ ਬੋਲਿਆ ਜਾਂਦਾ ਹੈ।

**ਜਦ ਮਸਾਣਾਂ ਵਿੱਚ ਪੁੱਜੀ ਦੇਹ, ਬਾਣੀਆਂ ਚਮੜੀ ਦੇ, ਪਰ ਦਮੜੀ ਨਾ ਦੇ**—ਇਹ ਅਖਾਣ ਬਾਣੀਏਂ ਦੀ ਤੰਗ-ਦਿਲੀ ਅਤੇ ਕੰਜੂਸੀ ਦਾ ਚਿੱਤਰ ਪੇਸ਼ ਕਰਦਾ ਹੈ। ਬਾਣੀਆਂ ਮਰ ਕੇ ਵੀ ਹੱਥੋਂ ਕੁਝ ਨਹੀਂ ਦੇਂਦਾ।

**ਜਦੋਂ ਰੱਬ ਦੇਣ ਤੇ ਆਵੇ ਤਾਂ ਛੱਤ ਪਾੜ ਕੇ ਦਿੰਦਾ ਹੈ**—ਇਸ ਅਖਾਣ ਦਾ ਭਾਵ ਇਹ ਹੈ ਕਿ ਰੱਬ ਦੇ ਰੰਗ ਨਿਆਰੇ ਹਨ। ਜਦੋਂ ਉਹ ਕਿਸੇ 'ਤੇ ਤਰੁੱਠਦਾ ਹੈ ਤਾਂ ਬੰਦੇ ਨੂੰ ਉਹ ਕੁਝ ਪ੍ਰਾਪਤ ਹੋ ਜਾਂਦਾ ਹੈ ਜਿਸ ਦੀ ਉਸ ਨੂੰ ਉੱਕਾ ਹੀ ਉਮੀਦ ਨਾ ਹੋਵੇ।

**ਜਨਮ ਨਾ ਕੰਘੀ ਵਾਹੀ, ਸਿਰ ਬੁਕ ਬੁਕ ਲੀਖਾਂ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਦੀ ਲਾਪ੍ਰਵਾਹੀ ਕਾਰਨ ਬਹੁਤ ਸਾਰੀਆਂ ਮੁਸੀਬਤਾਂ ਝੱਲਣੀਆਂ ਪੈ ਜਾਣ।

**ਜ਼ਨਾਨੀ ਹੋਵੇ ਭੁੱਖੀ, ਸਵੇਲੇ ਧੂਣੀ ਧੁਖੀ**—ਇਸ ਅਖਾਣ ਦਾ ਭਾਵ ਇਹ ਹੈ ਕਿ ਜੇਕਰ ਤੀਵੀਂ ਭੁੱਖੀ ਹੋਵੇ ਤਾਂ ਉਹ ਆਮ ਸਮੇਂ ਨਾਲ਼ੋਂ ਪਹਿਲਾਂ ਰੋਟੀ ਟੁੱਕ ਦਾ ਆਹਰ ਕਰ ਲੈਂਦੀ ਹੈ।

**ਜੰਮ ਮੁੱਕੀ ਨਹੀਂ, ਨੱਕ ਨਾਨਕਿਆਂ 'ਤੇ**—ਇਹ ਅਖਾਣ ਉਸ ਹੋਛੇ ਤੇ ਛੋਟੇ ਬੰਦੇ ਲਈ ਵਰਤਦੇ ਹਨ ਜਿਹੜਾ ਫ਼ੋਕੀ ਆਕੜ ਦਿਖਾਵੇ ਤੇ ਗੁਸਤਾਖ਼ੀ ਕਰੇ।

**ਜੰਮਣ ਵਾਲੇ ਛੁੱਟ ਗਏ, ਸਹੇੜੜੇ ਫਸ ਗਏ**—ਇਹ ਅਖਾਣ ਆਮ ਤੌਰ 'ਤੇ ਸੱਸਾਂ ਆਪਣੀਆਂ ਅਵੈੜੇ ਸੁਭਾਅ ਵਾਲ਼ੀਆਂ ਨੂੰਹਾਂ ਲਈ ਵਰਤਦੀਆਂ ਹਨ।

**ਜਮਾਤ ਕਰਾਮਾਤ**—ਭਾਵ ਇਹ ਹੈ ਕਿ ਇਕੱਠ ਅਤੇ ਏਕੇ ਵਿੱਚ ਬਹੁਤ ਵੱਡੀ ਬਰਕਤ ਹੁੰਦੀ ਹੈ, ਇੱਕਠਿਆਂ ਹੋ ਕੇ ਔਖੇ ਤੋਂ ਔਖਾ ਕੰਮ ਵੀ ਸੁਖਾਲ਼ਿਆਂ ਨਿੱਬੜ ਜਾਂਦਾ ਹੈ।

**ਜੰਮੀ ਨਾ ਜਾਈ ਮੈਂ ਮੁੰਡੇ ਦੀ ਤਾਈ**—ਇਹ ਅਖਾਣ ਉਸ ਬੰਦੇ ਲਈ ਵਰਤਦੇ ਹਨ ਜਿਹੜਾ ਆਪਣੇ ਮਤਲਬ ਲਈ ਖਾਹ-ਮਖਾਹ ਰਿਸ਼ਤੇਦਾਰੀਆਂ ਗੰਢ ਲਵੇ।

**ਜ਼ਨਾਨੀ ਮੰਗੇ ਪੇੜੇ ਉਸ ਨੂੰ ਦੇਣ ਵਾਲੇ ਬਥੇਰੇ, ਮਰਦ ਮੰਗੇ ਆਟਾ ਉਸ ਨੂੰ ਆਟੇ ਦਾ ਵੀ ਘਾਟਾ**—ਇਹ ਅਖਾਣ ਆਮ ਕਰਕੇ ਮਰਦ ਔਰਤਾਂ ਨੂੰ ਮਜ਼ਾਕ ਵਿੱਚ ਆਖਦੇ ਹਨ। ਬਈ ਮਰਦਾਂ ਨੂੰ ਕਿਹੜਾ ਪੁੱਛਦੈ ? ਪੁੱਛ ਤਾਂ ਜ਼ਨਾਨੀਆਂ ਦੀ ਪੈਂਦੀ ਐ।

**ਜੰਮੇ ਨੌਂ ਪਿੱਟੇ ਤੇਰਾਂ**—ਜਦੋਂ ਕੋਈ ਬੰਦਾ ਆਪਣੇ ਕਾਰ-ਵਿਹਾਰ ਵਿੱਚ ਪਏ ਘਾਟੇ ਨੂੰ ਆਪਣੀ ਅਸਲੀ ਰਾਸ ਪੂੰਜੀ ਨਾਲੋਂ ਪਏ ਵੱਧ ਘਾਟੇ ਦਾ ਰੌਲ਼ਾ ਪਾਵੇ, ਉਦੋਂ ਇੰਜ ਆਖਦੇ ਹਨ।

**ਜੰਮੇ ਲਾਲ ਤੇ ਵੰਡੇ ਕੋਲੇ**—ਇਹ ਅਖਾਣ ਕਿਸੇ ਭੱਦਰ ਪੁਰਸ਼ ਦੀ ਨਾਲਾਇਕ ਔਲਾਦ ਦੀ ਭੈੜੀ ਕਰਤੂਤ ਨੂੰ ਵੇਖ ਕੇ ਵਰਤਦੇ ਹਨ।

**ਜਵਾਰ ਦੇ ਭੋਖੜੇ ਕੋਈ ਅੰਗਾਰ ਨਹੀਂ ਖਾਂਦਾ**—ਭਾਵ ਇਹ ਹੈ ਕਿ ਬੰਦਾ ਉਸੇ ਵਸਤੂ ਦੀ ਭਾਲ਼ ਕਰਦਾ ਹੈ ਜਿਸ ਦੀ ਉਸ ਨੂੰ ਲੋੜ ਹੋਵੇ।

**ਜਾਂ ਦਿਨ ਹੋਣ ਸਵੱਲੜੇ, ਉੱਗਣ ਭੁੱਜੇ ਮੋਠ**—ਭਾਵ ਇਹ ਹੈ ਕਿ ਜੇਕਰ ਬੰਦੇ ਦੀ ਕਿਸਮਤ ਚੰਗੀ ਹੋਵੇ ਤਾਂ ਵਿਗੜੇ ਹੋਏ ਕੰਮ ਵੀ ਰਾਸ ਆ ਜਾਂਦੇ ਹਨ।

**ਜਾਂ ਨੂੰਹ ਕਵਾਰੀ ਸੱਸ ਸਦਕੇ ਤੇ ਵਾਰੀ, ਜਾਂ ਨੂੰਹ ਵਿਆਹੀ ਨਿੱਤ ਝਗੜਾ ਤੇ ਲੜਾਈ**—ਭਾਵ ਇਹ ਹੈ ਕਿ ਜਦੋਂ ਵਿਆਹ ਮਗਰੋਂ ਨੂੰਹ ਘਰ ਆ ਕੇ ਸੱਸ ਪਾਸੋਂ ਆਪਣੇ ਹੱਕ ਹਕੂਕ ਮੰਗਦੀ ਹੈ, ਸੱਸ ਛੇਤੀ ਦੇਣ ਨੂੰ ਤਿਆਰ ਨਹੀਂ ਹੁੰਦੀ, ਜਿਸ ਕਰਕੇ ਘਰ ਵਿੱਚ ਸੱਸ-ਨੂੰਹ ਦੀ ਲੜਾਈ ਸ਼ੁਰੂ ਹੋ ਜਾਂਦੀ ਹੈ।

**ਜਾਹ ਨੀ ਧੀਏ ਰਾਵੀ, ਨਾ ਕੋਈ ਆਵੀ ਨਾ ਕੋਈ ਜਾਵੀ**—ਜਦੋਂ ਕੋਈ ਸੱਜਣ ਪਿਆਰਾ ਕਿਧਰੇ ਦੂਰ ਜਾ ਵਸੇ, ਉਦੋਂ ਇਹ ਅਖਾਣ ਬੋਲਦੇ ਹਨ।

**ਜਾਗਦਿਆਂ ਦੀਆਂ ਕੱਟੀਆਂ, ਸੁੱਤਿਆਂ ਦੇ ਕੱਟੇ**—ਭਾਵ ਇਹ ਹੈ ਕਿ ਸੁਚੇਤ ਰਹਿਣ ਵਾਲ਼ਾ ਬੰਦਾ ਸੁਸਤ ਬੰਦੇ ਨਾਲ਼ੋਂ ਹਰ ਗੱਲ ਵਿੱਚ ਮੀਰੀ ਰਹਿੰਦਾ ਹੈ।

**ਜਾਤ ਦੀ ਕੋਹੜ ਕਿਰਲੀ ਛਤੀਰਾਂ ਨਾਲ਼ ਜੱਫ਼ੇ**—ਕਿਸੇ ਆਰਥਿਕ ਤੌਰ 'ਤੇ ਮਾੜੇ ਬੰਦੇ ਨੂੰ ਧਨਾਢ ਬੰਦਿਆਂ ਨਾਲ਼ ਸਕੀਰੀ ਗੰਢਣ ਸਮੇਂ ਇਹ ਅਖਾਣ ਬੋਲਦੇ ਹਨ। ਕੋਈ ਕਮਜ਼ੋਰ ਬੰਦਾ ਤਕੜੇ ਬੰਦੇ ਨੂੰ ਹੱਥ ਪਾਵੇ, ਉਦੋਂ ਵੀ ਇੰਜ ਆਖਦੇ ਹਨ।

**ਜਾਂਦੇ ਚੋਰ ਦੀ ਲੰਗੋਟੀ ਹੀ ਸਹੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਬਹੁਤਾ ਲਾਭ ਮਿਲਣ ਦੀ ਥਾਂ ਥੋੜ੍ਹਾ ਲਾਭ ਪ੍ਰਾਪਤ ਹੋਵੇ ਜਾਂ ਜਦੋਂ ਕਿਸੇ ਕੰਜੂਸ ਬੰਦੇ ਪਾਸੋਂ ਥੋੜ੍ਹੀ ਬਹੁਤੀ ਸਹਾਇਤਾ ਮਿਲ ਜਾਵੇ, ਉਦੋਂ ਵੀ ਇਹ ਅਖਾਣ ਬੋਲਿਆ ਜਾਂਦਾ ਹੈ।

**ਜਾਦੂ ਉਹ ਜੋ ਸਿਰ ਚੜ੍ਹ ਕੇ ਬੋਲੇ**—ਜਦੋਂ ਕਿਸੇ ਗੱਲ-ਬਾਤ ਜਾਂ ਦਵਾ ਦਾਰੂ ਦਾ ਅਸਰ ਝਟ-ਪਟ ਸਾਹਮਣੇ ਪ੍ਰਗਟ ਹੋ ਜਾਵੇ, ਉਦੋਂ ਇੰਜ ਆਖਦੇ ਹਨ।

**ਜਾਨ ਏ, ਜਹਾਨ ਏ**—ਇਸ ਅਖਾਣ ਰਾਹੀਂ ਕਿਸੇ ਰੋਗੀ ਤੇ ਕਮਜ਼ੋਰ ਬੰਦੇ ਨੂੰ ਆਪਣੀ ਸਿਹਤ ਦਾ ਖ਼ਿਆਲ ਰੱਖਣ ਲਈ ਵਧੇਰੇ ਖ਼ਰਚ ਕਰਨ ਅਤੇ ਘੱਟ ਖੇਚਲ ਵਾਲੇ ਕੰਮ ਕਰਨ ਲਈ ਸੁਝਾਓ ਦਿੱਤੇ ਗਏ ਹਨ।

**ਜਿਉਂ ਜਿਉਂ ਭਿੱਜੇ ਕੰਬਲੀ ਤਿਉਂ ਤਿਉਂ ਭਾਰੀ ਹੋਏ**—ਇਸ ਅਖਾਣ ਦਾ ਭਾਵ ਇਹ ਹੈ ਕਿ ਜਿਉਂ-ਜਿਉਂ ਬੰਦੇ ਦੇ ਸਿਰ 'ਤੇ ਜ਼ਿੰਮੇਵਾਰੀਆਂ ਦਾ ਭਾਰ ਪੈਂਦਾ ਜਾਂਦਾ ਹੈ ਉਹ ਓਨਾ ਹੀ ਸਿਆਣਾ ਤੇ ਤਜਰਬੇਦਾਰ ਬਣ ਜਾਂਦਾ ਹੈ।

**ਜਿਉਂ ਜਿਉਂ ਧੋਏਂਗੀ, ਤਿਉਂ ਤਿਉਂ ਰੋਏਂਗੀ**—ਭਾਵ ਇਹ ਹੈ ਕਿ ਜਦੋਂ ਕਿਸੇ ਬੰਦੇ ਦਾ ਕਿਸੇ ਭੈੜੀ ਵਸਤੂ ਨਾਲ਼ ਲੰਬੇ ਸਮੇਂ ਦਾ ਵਾਹ ਪੈ ਜਾਵੇ, ਉਦੋਂ ਉਸ ਨਾਲ਼ ਹਮਦਰਦੀ ਪ੍ਰਗਟ ਕਰਦੇ ਹੋਏ ਲੋਕੀਂ ਇਹ ਅਖਾਣ ਬੋਲਦੇ ਹਨ।

**ਜਿਸ ਕੋ ਰਾਖੇ ਸਾਈਆਂ ਮਾਰ ਨਾ ਸਕੇ ਕੋ**—ਭਾਵ ਇਹ ਹੈ ਕਿ ਜਿਸ ਦੇ ਸਿਰ 'ਤੇ ਪ੍ਰਮਾਤਮਾ ਦਾ ਹੱਥ ਹੋਵੇ, ਉਸ ਦਾ ਵਾਲ ਵੀ ਵਿੰਗਾ ਨਹੀਂ ਹੁੰਦਾ।

**ਜਿਸ ਖੇਤੀ ਵਿੱਚ ਸਾਈਂ ਨਾ ਜਾਏ, ਉਹ ਖੇਤੀ ਸਾਈਂ ਨੂੰ ਖਾਏ**—ਇਸ ਅਖਾਣ ਦਾ ਭਾਵ ਇਹ ਹੈ ਕਿ ਜਿਹੜਾ ਕਿਸਾਨ ਆਪਣੀ ਖੇਤੀ ਦੀ ਦੇਖ-ਭਾਲ਼ ਆਪ ਨਹੀਂ ਕਰਦਾ ਉਸ ਨੂੰ ਖੇਤੀ ਵਿੱਚ ਬਹੁਤ ਸਾਰਾ ਨੁਕਸਾਨ ਝੱਲਣਾ ਪੈਂਦਾ ਹੈ।

**ਜਿਸ ਗਰਾਂ ਜਾਣਾ ਨਹੀਂ, ਉਸ ਦਾ ਰਾਹ ਕੀ ਪੁੱਛਣਾ**—ਭਾਵ ਇਹ ਹੈ ਕਿ ਜਿਹੜਾ ਕੰਮ ਤੁਸੀਂ ਕਰਨਾ ਨਹੀਂ, ਉਹਦੇ ਬਾਰੇ ਸੋਚ ਵਿਚਾਰ ਕਰਨ ਦੀ ਕੀ ਲੋੜ ਹੈ। ਵਾਧੂ ਦੀ ਚਿੰਤਾ 'ਚ ਨਾ ਪਵੋ।

**ਜਿਸ ਤਨ ਲੱਗੇ ਸੋ ਤਨ ਜਾਣੇ**—ਭਾਵ ਸਪੱਸ਼ਟ ਹੈ। ਜਿਸ ਨੂੰ ਕੋਈ ਦੁਖ ਪੁੱਜਦਾ ਹੈ ਉਸ ਨੂੰ ਉਹ ਹੀ ਜਾਣਦਾ ਹੈ ਦੂਜਾ ਨਹੀਂ ਜਾਣ ਸਕਦਾ।

**ਜਿਸ ਦਾ ਆਂਡਲ ਵਿਕੇ, ਉਹ ਖੱਸੀ ਕਿਉਂ ਕਰੇ**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਜੇ ਥੋੜ੍ਹੀ ਮਿਹਨਤ ਕਰਨ ਨਾਲ਼ ਚੰਗੀ ਆਮਦਨ ਹੋ ਸਕਦੀ ਹੈ ਤਾਂ ਬਹੁਤੀ ਮਿਹਨਤ ਤੇ ਨੱਠ-ਭੱਜ ਕਰਨ ਦੀ ਕੀ ਲੋੜ ਹੈ।

**ਜਿਸ ਦਾ ਖਾਈਏ, ਉਸ ਦੇ ਗੁਣ ਗਾਈਏ**—ਭਾਵ ਇਹ ਹੈ ਕਿ ਜਿਸ ਬੰਦੇ ਦੀ ਕ੍ਰਿਪਾ ਦੁਆਰਾ ਤੁਹਾਨੂੰ ਲਾਭ ਪ੍ਰਾਪਤ ਹੁੰਦਾ ਹੈ ਉਸ ਦੀ ਵਡਿਆਈ ਕਰਨਾ ਤੁਹਾਡਾ ਫ਼ਰਜ਼ ਹੈ।

**ਜਿਸ ਦਾ ਵਗੇ ਖਾਲ਼, ਉਹਨੂੰ ਕੀ ਆਖੇ ਕਾਲ਼**—ਭਾਵ ਇਹ ਹੈ ਕਿ ਜਿਸ ਕਿਸਾਨ ਦੀ ਪੈਲੀ ਨੂੰ ਚੰਗਾ ਚੋਖਾ ਪਾਣੀ ਲੱਗਦਾ ਹੋਵੇ, ਉਹਦੀ ਫ਼ਸਲ ਚੰਗੀ ਹੁੰਦੀ ਹੈ। ਉਸ ਨੂੰ ਕਾਲ਼ ਪੈਣ ਦਾ ਡਰ ਨਹੀਂ।

**ਜਿਸ ਦੇ ਨਾ ਫਟੀ ਬਿਆਈ, ਉਹ ਕੀ ਜਾਣੇ ਪੀੜ ਪਰਾਈ**—ਜਦੋਂ ਕੋਈ ਕਿਸੇ ਦੂਜੇ ਦੇ ਦੁਖ 'ਤੇ ਮਖ਼ੌਲ ਉਡਾਵੇ, ਉਸ ਨੂੰ ਸਮਝਾਉਣ ਲਈ ਇਹ ਅਖਾਣ ਬੋਲਦੇ ਹਨ। ਦੂਜੇ ਦੇ ਦੁੱਖ ਨੂੰ ਕੋਈ ਨਹੀਂ ਜਾਣ ਸਕਦਾ।

**ਜਿਸ ਦੀ ਬਾਂਦਰੀ ਓਹੀ ਨਚਾਏ**—ਭਾਵ ਇਹ ਹੈ ਕਿ ਕਿਸੇ ਚੀਜ਼ ਜਾਂ ਮਸ਼ੀਨ ਦਾ ਮਾਲਕ ਹੀ ਉਸ ਨੂੰ ਚੰਗੀ ਤਰ੍ਹਾਂ ਚਲਾਉਣ ਦਾ ਵਲ ਜਾਣਦਾ ਹੈ।

**ਜਿਸ ਦੇ ਹੱਥ ਹਥਿਆਰ ਉਸ ਦਾ ਕੀ ਇਤਬਾਰ**—ਭਾਵ ਇਹ ਹੈ ਕਿ ਜਿਸ ਬੰਦੇ ਕੋਲ਼ ਹਥਿਆਰ ਹੋਵੇ, ਉਹ ਕਿਸੇ ਵੇਲ਼ੇ ਵੀ ਨਾਰਾਜ਼ ਹੋ ਕੇ ਹਥਿਆਰ ਚਲਾ ਸਕਦਾ ਹੈ। ਇਸ ਲਈ ਉਸ ਤੋਂ ਬਚ ਕੇ ਰਹਿਣਾ ਹੀ ਚੰਗਾ ਹੈ।

**ਜਿਸ ਦੇ ਹੱਥ ਡੋਈ ਉਸ ਦਾ ਸਭ ਕੋਈ**—ਇਸ ਅਖਾਣ ਦਾ ਭਾਵ ਇਹ ਹੈ ਕਿ ਜਿਸ ਬੰਦੇ ਕੋਲ ਖਾਣ-ਪੀਣ ਜਾਂ ਕੁਝ ਦੇ ਸਕਣ ਦੀ ਸਮਰੱਥਾ ਹੋਵੇ, ਸਭ ਉਸ ਦੇ ਮਿੱਤਰ ਬਣ ਜਾਂਦੇ ਹਨ।

**ਜਿਸ ਦੇ ਗਲ਼ ਪੱਲਾ, ਉਹਨੂੰ ਸੌ ਖੱਲਾ, ਜਿਸ ਦਾ ਹੱਥ ਖੁੱਲ੍ਹਾ ਉਹਨੂੰ ਖੈਰ ਸੱਲਾ**— ਜਿਹੜਾ ਬੰਦਾ ਗਲ਼ ਪੱਲਾ ਪਾ ਕੇ ਅਧੀਨਤਾ ਦਿਖਾਵੇ ਉਹ ਨੂੰ ਮਾਰ ਪੈਂਦੀ ਹੈ, ਜਿਹੜਾ ਖੁੱਲ੍ਹੇ ਹੱਥੀਂ ਹੋਵੇ ਉਸ ਨੂੰ ਕਿਸੇ ਦਾ ਡਰ ਨਹੀਂ ਹੁੰਦਾ ਕਿਉਂਕਿ ਉਹ ਵੀ ਅੱਗੋਂ ਹੱਥ ਚੁੱਕ ਕੇ ਇੱਟ ਦਾ ਜਵਾਬ ਪੱਥਰ ਨਾਲ਼ ਦਿੰਦਾ ਹੈ।

**ਜਿਸ ਦੇ ਘਰ ਬੈਲ ਵਾਹ, ਉਹਨੂੰ ਧਨ ਦੀ ਕੀ ਪ੍ਰਵਾਹ**—ਭਾਵ ਇਹ ਹੈ ਕਿ ਜਿਸ ਕਿਸਾਨ ਕੋਲ ਆਪਣੀ ਵਾਹੀ ਜੋਗੀ ਜ਼ਮੀਨ ਹੋਵੇ ਤੇ ਬਲਦ ਹੋਣ ਉਹ ਨੂੰ ਧੰਨ ਦੀ ਤੋਟ ਨਹੀਂ ਰਹਿੰਦੀ।

**ਜਿਸ ਦੇ ਢੱਗੇ ਮਾੜੇ, ਉਸ ਦੇ ਕਰਮ ਵੀ ਮਾੜੇ**—ਭਾਵ ਇਹ ਹੈ ਕਿ ਕਮਜ਼ੋਰ ਬਲਦਾਂ ਨਾਲ਼ ਖੇਤੀ ਨਹੀਂ ਹੋ ਸਕਦੀ। ਲਾਭ ਦੀ ਥਾਂ ਉਲਟਾ ਨੁਕਸਾਨ ਹੁੰਦਾ ਹੈ।

**ਜਿਸ ਨੇ ਕੀਤੀ ਸ਼ਰਮ ਉਸ ਦੇ ਫੁੱਟੇ ਕਰਮ**—ਇੰਜ ਮਖ਼ੌਲ ਵਜੋਂ ਬੋਲਦੇ ਹਨ ਜਦੋਂ ਇਹ ਦੱਸਣਾ ਹੋਵੇ ਕਿ ਖਾਣ-ਪੀਣ ਸਮੇਂ ਸ਼ਰਮ ਕਰਨ ਵਾਲ਼ਾ ਘਾਟੇ ਵਿੱਚ ਰਹਿੰਦਾ ਹੈ। ਜਾਂ ਜਿਹੜੇ ਕੰਮਚੋਰ ਬੰਦੇ ਕੋਈ ਕੰਮ ਕਰਨ ਵਿੱਚ ਸ਼ਰਮ ਮਹਿਸੂਸ ਕਰਦੇ ਹਨ, ਉਹ ਆਪਣੇ ਜੀਵਨ ਵਿੱਚ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਦੇ।

**ਜਿਸ ਭਰਵਾਣੀ ਦੀ ਉੱਨ ਨਾ ਵੇਲੀ ਉਸੇ ਦਾ ਮੂੰਹ ਵਿੰਗਾ**—ਭਾਵ ਇਹ ਹੈ ਕਿ ਜਿਸ ਕਿਸੇ ਦਾ ਤੁਸੀਂ ਕੰਮ ਨਾ ਕਰੋ ਉਹ ਤੁਹਾਡੇ ਨਾਲ਼ ਨਾਰਾਜ਼ ਹੋ ਜਾਂਦਾ ਹੈ।

**ਜਿਹੜਾ ਆਈ ਗਲ ਰੱਖੇ, ਉਹ ਮੋਇਆ ਮੁਰਦਾ ਚੱਖੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਗੱਲ ਕਰਦਾ-ਕਰਦਾ ਗੱਲ ਨੂੰ ਅੱਗੋਂ ਲੁਕਾਉਣ ਦੀ ਕੋਸ਼ਿਸ਼ ਕਰੇ।

**ਜਿਹੜਾ ਸੁਖ ਛੱਜੂ ਦੇ ਚੁਬਾਰੇ, ਉਹ ਬਲਖ ਨਾ ਬੁਖਾਰੇ**—ਇਸ ਅਖਾਣ ਵਿੱਚ ਘਰ ਦੇ ਸੁਖ ਤੇ ਮੌਜ ਦੀ ਵਡਿਆਈ ਕੀਤੀ ਗਈ ਹੈ।

**ਜਿਹੜਾ ਖਾਏ ਉਹ ਵੀ ਪਛਤਾਏ ਜਿਹੜਾ ਨਾ ਖਾਏ ਉਹ ਵੀ ਪਛਤਾਏ**—ਇਸ ਅਖਾਣ ਵਿੱਚ ਗ੍ਰਹਿਸਤੀ ਜੀਵਨ ਦੇ ਦੁੱਖਾਂ-ਸੁੱਖਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਗ੍ਰਹਿਸਤੀ ਗ੍ਰਹਿਸਤ ਦੇ ਦੁੱਖਾਂ ਹੱਥੋਂ ਔਖੇ ਹਨ, ਜਿਨ੍ਹਾਂ ਨੇ ਗ੍ਰਹਿਸਤੀ ਜੀਵਨ ਧਾਰਨ ਨਹੀਂ ਕੀਤਾ ਉਹ ਆਪਣੇ ਆਪ ਨੂੰ ਗ੍ਰਹਿਸਤ ਦੇ ਸੁੱਖਾਂ ਤੋਂ ਵਾਂਝਿਆਂ ਸਮਝ ਕੇ ਦੁਖੀ ਹਨ।

**ਜਿਹੜਾ ਗੁੜ ਦਿੱਤਿਆਂ ਮਰੇ ਉਹਨੂੰ ਜ਼ਹਿਰ ਦੀ ਕੀ ਲੋੜ**—ਭਾਵ ਇਹ ਹੈ ਕਿ ਜਿਹੜਾ ਕੰਮ ਨਰਮਾਈ ਵਰਤਣ ਨਾਲ਼ ਰਾਸ ਆ ਜਾਵੇ, ਉਹਦੇ ਲਈ ਸਖ਼ਤੀ ਵਰਤਣ ਦੀ ਲੋੜ ਨਹੀਂ।

**ਜਿਹੜਾ ਜਾਣੇ ਆਪ ਨੂੰ, ਉਹਦੇ ਜਾਣੀਏਂ ਮਾਈ ਬਾਪ ਨੂੰ**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਜਿਹੜਾ ਬੰਦਾ ਤੁਹਾਡਾ ਆਦਰ ਮਾਣ ਕਰਦਾ ਹੈ ਜਾਂ ਤੁਹਾਡੇ 'ਤੇ ਕੋਈ ਉਪਕਾਰ ਕਰਦਾ ਹੈ, ਉਸ ਦੇ ਆਦਰ, ਮਾਣ ਤੇ ਉਪਕਾਰ ਨੂੰ ਕਦੇ ਨਾ ਭੁੱਲੋ ਤੇ ਸਮਾਂ ਮਿਲਣ 'ਤੇ ਉਸ ਦਾ ਆਦਰ ਮਾਣ ਕਰੋ ਅਤੇ ਬਦਲੇ ਵਿੱਚ ਉਸ 'ਤੇ ਵੀ ਕੋਈ ਉਪਕਾਰ ਕਰੋ।

**ਜਿਹੜਾ ਬੋਲੇ ਉਹੀ ਕੁੰਡਾ ਖੋਹਲੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਕੰਮ ਦੀ ਸਹੀ ਸਲਾਹ ਦੇਣ ਵਾਲ਼ੇ ਬੰਦੇ ਨੂੰ ਉਹੀ ਕੰਮ ਆਪ ਕਰਨ ਲਈ ਸੌਂਪ ਦਿੱਤਾ ਜਾਵੇ।

**ਜਿਹੜੀ ਕਰੇ ਘਿਉ, ਨਾ ਕਰੇ ਮਾਂ ਨਾ ਕਰੇ ਪਿਉ**—ਇਸ ਅਖਾਣ ਵਿੱਚ ਦੇਸੀ ਘਿਉ ਦੀ ਮਹਾਨਤਾ ਬਾਰੇ ਦੱਸਿਆ ਗਿਆ ਹੈ।

**ਜਿਹੜੀ ਕਰੇ ਪੌਲਾ, ਉਹ ਨਾ ਕਰੇ ਮੌਲਾ**—ਭਾਵ ਇਹ ਹੈ ਕਿ ਕਈ ਵਾਰ ਧੱਕੇ ਤੇ ਜ਼ੋਰ ਨਾਲ਼ ਔਖੇ ਕੰਮ ਸਿਰੇ ਚੜ੍ਹ ਜਾਂਦੇ ਹਨ।

**ਜਿਹੜੇ ਏਥੇ ਭੈੜੇ ਉਹ ਲਾਹੌਰ ਵੀ ਭੈੜੇ**—ਭਾਵ ਇਹ ਹੈ ਕਿ ਸਥਾਨ ਬਦਲਣ ਨਾਲ਼ ਭੈੜੇ ਸੁਭਾਅ ਵਾਲ਼ੇ ਬੰਦਿਆਂ ਦੇ ਸੁਭਾਅ ਨਹੀਂ ਬਦਲਦੇ।

**ਜਿਹੜੇ ਗਜਦੇ ਨੇ ਉਹ ਵਸਦੇ ਨਹੀਂ**—ਭਾਵ ਇਹ ਹੈ ਕਿ ਫ਼ੋਕੀਆਂ ਗੱਲਾਂ ਨਾਲ਼ ਹਮਦਰਦੀ ਕਰਨ ਵਾਲ਼ੇ ਮਿੱਤਰ ਤੇ ਸਨੇਹੀ ਲੋੜ ਸਮੇਂ ਕੰਮ ਨਹੀਂ ਆਉਂਦੇ, ਪਿੱਠ ਦਿਖਾ ਜਾਂਦੇ ਹਨ।

**ਜਿਹਾ ਤੇਰਾ ਲੂਣ ਪਾਣੀ ਤਿਹਾ ਮੇਰਾ ਕੰਮ ਜਾਣੀ**—ਭਾਵ ਇਹ ਹੈ ਕਿ ਜਿੰਨੀ ਤੁਸੀਂ ਕਿਸੇ ਦੀ ਸੇਵਾ ਕਰੋਗੇ ਜਾਂ ਜਿੰਨੀ ਮਿਹਨਤ ਮਜ਼ਦੂਰੀ ਦੇਵੋਗੇ ਉਹ ਉਸੇ ਅਨੁਸਾਰ ਹੀ ਤੁਹਾਡਾ ਕੰਮ ਕਰੇਗਾ।

**ਜਿਹਾ ਦੁੱਧ, ਤੇਹੀ ਬੁੱਧ**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਬੱਚੇ ਦੀ ਸਿਆਣਪ ਅਤੇ ਬੁੱਧ ਦਾ ਪੱਧਰ ਉਸ ਦੀ ਮਾਂ ਦੇ ਬੌਧਿਕ ਪੱਧਰ ਅਨੁਸਾਰ ਹੀ ਹੁੰਦਾ ਹੈ।

**ਜਿਹਾ ਦੇਸ, ਤੇਹਾ ਵੇਸ**—ਇਸ ਅਖਾਣ ਰਾਹੀਂ ਇਹ ਸਿੱਖਿਆ ਦਿੱਤੀ ਗਈ ਹੈ ਕਿ

ਜਿਸ ਦੇਸ ਵਿੱਚ ਵੀ ਤੁਸੀਂ ਜਾ ਕੇ ਵਸੋ, ਉਸ ਦੇ ਰਸਮੋ-ਰਿਵਾਜ਼ ਅਨੁਸਾਰ ਆਪਣੇ ਆਪ ਨੂੰ ਢਾਲ ਲਵੋ ਤਾਂ ਸੁਖੀ ਜੀਵਨ ਬਤੀਤ ਕਰੋਗੇ।

**ਜਿਹਾ ਮੂੰਹ ਤੇਹੀ ਚਪੇੜ**—ਭਾਵ ਇਹ ਹੈ ਕਿ ਬੰਦਾ ਜਿਸ ਹੈਸੀਅਤ ਦਾ ਮਾਲਕ ਹੁੰਦਾ ਹੈ, ਉਸ ਅਨੁਸਾਰ ਹੀ ਉਸ ਨਾਲ਼ ਦੂਜੇ ਵਰਤਾਓ ਕਰਦੇ ਹਨ।

**ਜਿਤਨਾ ਬਾਹਰ ਉਤਨਾ ਅੰਦਰ**—ਇਹ ਅਖਾਣ ਛੋਟੇ ਕੱਦ ਵਾਲ਼ੇ ਝਗੜਾਲੂ ਬੰਦੇ ਪ੍ਰਤੀ ਵਰਤਿਆ ਜਾਂਦਾ ਹੈ।

**ਜਿਤਨੇ ਮੂੰਹ ਉਤਨੀਆਂ ਗੱਲਾਂ**—ਭਾਵ ਇਹ ਹੈ ਕਿ ਦੁਨੀਆਂ ਦੀਆਂ ਗੱਲਾਂ ਤਾਂ ਮੁਕਦੀਆਂ ਹੀ ਨਹੀਂ, ਕੋਈ ਚੰਗਾ ਆਖੂ ਕੋਈ ਮੰਦਾ ਆਖੂ , ਇਸ ਲਈ ਇਹਨਾਂ ਗੱਲਾਂ ਦੀ ਪ੍ਰਵਾਹ ਨਾ ਕਰੋ, ਮਸਤ ਰਹੋ।

**ਜਿਤਨੀ (ਜਿੰਨੀ) ਨਹਾਤੀ, ਉਤਨਾ (ਓਨਾ) ਪੁੰਨ**—ਜਦੋਂ ਕੋਈ ਕਿਸੇ ਦੇ ਸਾਥ ਜਾਂ ਸਾਂਝ ਭਿਆਲੀ ਤੋਂ ਦੁਖੀ ਹੋ ਕੇ ਉਸ ਦਾ ਸਾਥ ਛੱਡੇ, ਉਦੋਂ ਇਹ ਅਖਾਣ ਬੋਲਦੇ ਹਨ।

**ਜਿੱਤਿਆ ਸੋ ਹਾਰਿਆ, ਹਾਰਿਆ ਸੋ ਮਾਰਿਆ**—ਇਹ ਅਖਾਣ ਆਮ ਕਰਕੇ ਜੂਏ, ਲੜਾਈ ਅਤੇ ਮੁਕੱਦਮੇਬਾਜ਼ੀ ਵਿੱਚ ਹਾਰੇ-ਜਿੱਤੇ ਬੰਦਿਆਂ ਬਾਰੇ ਵਰਤਿਆ ਜਾਂਦਾ ਹੈ। ਇਹਨਾਂ ਤਿੰਨਾਂ ਵਿੱਚ ਜਿੱਤਣ ਵਾਲ਼ੇ ਦਾ ਹਾਲ ਹਾਰੇ ਵਰਗਾ ਅਤੇ ਹਾਰਨ ਵਾਲੇ ਦਾ ਮਰੇ ਵਰਗਾ ਹੋ ਜਾਂਦਾ ਹੈ।

**ਜਿੱਤਿਆ ਹੋਇਆ ਜਵਾਰੀਆ ਪੀਰ ਹੁੰਦੈ**—ਜਦੋਂ ਕੋਈ ਆਦਮੀ ਕਿਸੇ ਮਾਮਲੇ ਵਿੱਚ ਸਫ਼ਲਤਾ ਪ੍ਰਾਪਤ ਕਰਕੇ ਫੜ੍ਹਾਂ ਮਾਰੇ, ਉਦੋਂ ਇਹ ਅਖਾਣ ਬੋਲਦੇ ਹਨ।

**ਜਿੱਥੇ ਗਾਂ ਉਥੇ ਵੱਛਾ**—ਜਦੋਂ ਇਹ ਦੱਸਣਾ ਹੋਵੇ ਕਿ ਦੋ ਬੰਦਿਆਂ ਦਾ ਇਕੱਠੇ ਰਹਿਣਾ ਜ਼ਰੂਰੀ ਹੈ, ਉਦੋਂ ਇੰਜ ਆਖਦੇ ਹਨ।

**ਜਿੱਥੇ ਗੁੜ ਉੱਥੇ ਮੱਖੀਆਂ**—ਇਸ ਅਖਾਣ ਵਿੱਚ ਕੁਦਰਤੀ ਤੌਰ ’ਤੇ ਇਕੱਠੀਆਂ ਰਹਿਣ ਵਾਲੀਆਂ ਦੋ ਚੀਜ਼ਾਂ ਦੇ ਸੁਭਾਵਿਕ ਮੇਲ ਬਾਰੇ ਸੰਕੇਤ ਕੀਤਾ ਗਿਆ ਹੈ। ਅਖਾਣ ਦਾ ਭਾਵ ਇਹ ਵੀ ਹੈ ਕਿ ਕਿਸੇ ਲੋੜੀਂਦੀ ਜ਼ਰੂਰੀ ਵਸਤੂ ਨੂੰ ਵੇਖ ਕੇ ਉਸ ਦੇ ਲੋੜਵੰਦ ਉਸ ਦੁਆਲੇ ਆ ਝੁਰਮਟ ਪਾਉਂਦੇ ਹਨ।

**ਜਿੱਥੇ ਪਈ ਫੁੱਟ ਉਥੇ ਪਈ ਲੁੱਟ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਘਰ ਵਿੱਚ ਪਈ ਫੁੱਟ ਅਤੇ ਬੇ-ਇਤਬਾਰੀ ਦਾ ਨਤੀਜਾ ਸਦਾ ਮਾੜਾ ਨਿਕਲਦਾ ਹੈ।

**ਜਿੱਥੇ ਬਲਦੀ ਭਾਹ, ਬਲਦੀ ਉਹਾ ਜਾ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਇਹ ਦੱਸਣਾ ਹੋਵੇ ਜਿਸ ਨੂੰ ਤਕਲੀਫ਼ ਹੋਵੇ, ਉਸ ਦੀ ਪੀੜਾ ਨੂੰ ਉਹੀ ਜਾਣਦਾ ਹੈ। ਭਾਵ ਇਹ ਹੈ ਕਿ ਜਿਸ ਨੂੰ ਕੰਡਾ ਚੁੱਭਦਾ ਹੈ, ਉਸ ਨੂੰ ਹੀ ਪੀੜ ਦਾ ਅਹਿਸਾਸ ਹੁੰਦਾ ਹੈ।

**ਜਿੱਥੇ ਮਣਾਂ ਦੇ ਘਾਟੇ ਹੋਣ, ਉੱਥੇ ਕਿਣਕੇ ਕਿਣਕੇ ਨਾਲ਼ ਕੀ ਬਣਦਾ ਹੈ**—ਇਸ

ਅਖਾਣ ਦਾ ਭਾਵ ਇਹ ਹੈ ਕਿ ਬਹੁਤ ਸਾਰਾ ਘਾਟਾ ਪੈ ਜਾਣ ਮਗਰੋਂ ਥੋੜ੍ਹੀ-ਥੋੜ੍ਹੀ ਕੰਜੂਸੀ ਕਰਨ ਨਾਲ਼ ਕੁਝ ਨਹੀਂ ਬਣਦਾ।

**ਜਿੱਥੇ ਮੁੱਲਾਂ ਦੀ ਮਸੀਤ, ਉਥੇ ਮੁੰਡਿਆਂ ਦੀ ਖੇਡ**—ਇਹ ਅਖਾਣ ਉਦੋਂ ਬੋਲਿਆ ਜਾਂਦਾ ਹੈ ਜਦੋਂ ਦੋਹਾਂ ਦੇ ਮੇਲ ਨੂੰ ਅਣਜੋੜ ਦੱਸਣਾ ਹੋਵੇ, ਮੁੰਡਿਆਂ ਨੇ ਤਾਂ ਰੌਲ਼ਾ-ਰੱਪਾ ਪਾਉਣਾ ਹੈ ਤੇ ਮਸੀਤ ਵਿੱਚ ਤਾਂ ਚੁੱਪ ਲੋੜੀਂਦੀ ਹੈ।

**ਜਿੱਥੇ ਲੜੀਏ ਆਪਣੇ, ਭੱਜ ਜਾਣ ਪਰਾਏ**—ਭਾਵ ਇਹ ਹੈ ਕਿ ਔਖੇ ਸਮੇਂ ਆਪਣੇ ਅੰਗ ਸਾਕ ਹੀ ਕੰਮ ਆਉਂਦੇ ਹਨ।

**ਜਿੱਧਰ ਗਈ ਸੋਹਣੀ, ਉੱਧਰ ਗਏ ਮਹੀਂਵਾਲ**—ਜਦੋਂ ਇਕੋ ਜਿਹੀਆਂ ਦੋਹਾਂ ਚੀਜ਼ਾਂ ਦਾ ਨਾਲ਼ੋਂ ਨਾਲ਼ ਨੁਕਸਾਨ ਹੋ ਜਾਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਜਿਧਰ ਗਈਆਂ ਬੇੜੀਆਂ ਉਧਰ ਗਏ ਮਲਾਹ**—ਜਦੋਂ ਕਿਸੇ ਇਕ ਚੀਜ਼ ਨਾਲ਼ ਹੋਰ ਬਹੁਤ ਸਾਰੀਆਂ ਚੀਜ਼ਾਂ ਦਾ ਨੁਕਸਾਨ ਹੋ ਜਾਵੇ, ਉਦੋਂ ਇੰਜ ਆਖੀਦਾ ਹੈ।

**ਜਿਨ੍ਹਾਂ ਖਾਧਾ ਕੁਨਾਲੀਆਂ, ਉਹਨਾਂ ਕੀ ਆਖਣ ਥਾਲੀਆਂ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਬਹੁਤਾ ਲਾਭ ਕਮਾਉਣ ਵਾਲ਼ੇ ਨੂੰ ਥੋੜ੍ਹਾ ਲਾਭ ਪ੍ਰਾਪਤ ਹੋਵੇ।

**ਜਿਨ੍ਹਾਂ ਖਾਧਾ ਲੱਪ ਗੜੱਪੀਂ, ਉਹਨਾਂ ਕੀ ਆਖੇ ਉਂਗਲ ਚੱਟੀ**—ਭਾਵ ਇਹ ਹੈ ਕਿ ਬਹੁਤਾ ਰੱਜ ਕੇ ਖਾਣ ਵਾਲ਼ਿਆਂ ਦੀ ਥੋੜ੍ਹਾ ਖਾ ਕੇ ਤ੍ਰਿਪਤੀ ਨਹੀਂ ਹੁੰਦੀ।

**ਜਿਨ੍ਹਾਂ ਖਾਧੀਆਂ ਚੋਂਪੜੀਆਂ ਘਣੇ ਸਹਿਣਗੇ ਦੁੱਖ**—ਇਸ ਅਖਾਣ ਰਾਹੀਂ ਇਹ ਦੱਸਿਆ ਗਿਆ ਹੈ ਕਿ ਬਹੁਤੀ ਐਸ਼ ਕਰਨ ਵਾਲ਼ੇ ਬੰਦੇ ਅੰਤ ਨੂੰ ਦੁਖ ਭੋਗਦੇ ਹਨ।

**ਜਿਨ੍ਹਾਂ ਜਣੀਆਂ ਉਹਨਾਂ ਬਣੀਆਂ**—ਇਸ ਅਖਾਣ ਦਾ ਭਾਵ ਇਹ ਹੈ ਕਿ ਧੀਆਂ ਦੇ ਦੁੱਖ ਮਾਵਾਂ ਝਲਦੀਆਂ ਹਨ, ਸੱਸਾਂ ਨਹੀਂ।

**ਜਿੰਨ੍ਹਾਂ ਫਲੇ ਓਨਾ ਝੁਕੇ**—ਭਾਵ ਇਹ ਹੈ ਕਿ ਜਿੰਨਾ ਕੋਈ ਗੁਣਵਾਨ ਬਣਦਾ ਜਾਂਦਾ ਹੈ, ਓਨੀ ਹੀ ਉਸ ਵਿੱਚ ਨਿਮਰਤਾ ਆ ਜਾਂਦੀ ਹੈ।

**ਜਿਨ੍ਹਾਂ ਨੂੰ ਲੱਗੇ ਪ੍ਰੇਮ ਚਟੋਕੇ ਘਰ ਦੇ ਕੰਮੋਂ ਗਈਆਂ**—ਇਸ ਅਖਾਣ ਦਾ ਭਾਵ ਇਹ ਹੈ ਕਿ ਇਸ਼ਕ ਕਮਾਉਣ ਵਾਲ਼ੇ ਬੰਦੇ ਨਾ ਆਪਣੇ ਜੋਗੇ ਰਹਿੰਦੇ ਹਨ, ਨਾ ਘਰਦਿਆਂ ਜੋਗੇ।

**ਜੀ ਓ ਢਿੱਡਾ ਜੀ, ਤੂੰਹੇਂ ਪੁੱਤਰ ਤੂੰਹੇਂ ਧੀ**—ਇਹ ਅਖਾਣ ਉਸ ਬੰਦੇ ਪ੍ਰਤੀ ਬੋਲਿਆ ਜਾਂਦਾ ਹੈ ਜਿਹੜਾ ਆਪਣੇ ਕਿਸੇ ਵੀ ਸਾਕ ਸਬੰਧੀ ਦੀ ਪ੍ਰਵਾਹ ਨਾ ਕਰੇ ਤੇ ਆਪਣੀ ਐਸ਼ ਪ੍ਰਸਤੀ ਵਿੱਚ ਰੁੱਝਿਆ ਰਹੇ।

**ਜੀ ਨੂੰ ਹੀ ਜੀ ਹੈ**—ਇਸ ਅਖਾਣ ਦਾ ਭਾਵ ਇਹ ਹੈ ਕਿ ਜਿਹੜੇ ਲੋਕ ਮਿੱਠੇ ਬਚਨ ਬੋਲਦੇ ਹਨ ਉਹਨਾਂ ਦਾ ਆਦਰ ਮਾਣ ਹੁੰਦਾ ਹੈ। ਜਿਹੋ ਜਿਹਾ ਵਰਤਾਰਾ ਤੁਸੀਂ ਕਿਸੇ ਨਾਲ ਕਰੋਗੇ, ਉਹ ਵੀ ਅੱਗੋਂ ਉਹੋ ਜਿਹਾ ਵਰਤਾਰਾ ਕਰੇਗਾ।

**ਜੀਉਂਦੇ ਦਾ ਲਖ, ਮੋਏ ਦਾ ਸਵਾ ਲੱਖ**—ਇਹ ਅਖਾਣ ਆਮ ਕਰਕੇ ਹਾਥੀ ਬਾਰੇ ਵਰਤਦੇ ਹਨ। ਜਦੋਂ ਕਿਸੇ ਵਸਤੂ ਦੇ ਵਿਗੜ ਜਾਣ ਮਗਰੋਂ ਉਸ ਦੀ ਕਦਰ ਪਵੇ, ਉਦੋਂ ਆਖਦੇ ਹਨ।

**ਜੀਹਦੀ ਕੋਠੀ ਦਾਣੇ, ਉਹਦੇ ਕਮਲੇ ਵੀ ਸਿਆਣੇ**—ਜਦੋਂ ਕੋਈ ਜਣਾ ਅਮੀਰ ਮੂਰਖ਼ਾਂ ਦੀ ਸਿਫ਼ਤ ਕਰੇ ਪ੍ਰੰਤੂ ਗ਼ਰੀਬ ਸਿਆਣਿਆਂ ਦੀ ਨਿੰਦਿਆ, ਉਦੋਂ ਇਹ ਅਖਾਣ ਵਰਤਦੇ ਹਨ।

**ਜੀਹਨੇ ਲਾਈ ਗੱਲੀਂ, ਓਸੇ ਨਾਲ਼ ਉਠ ਚੱਲੀ**—ਇਹ ਅਖਾਣ ਉਸ ਬੰਦੇ ਪ੍ਰਤੀ ਵਰਤਦੇ ਹਨ ਜਿਹੜਾ ਲੋਕਾਂ ਦੀਆਂ ਗੱਲਾਂ ਸੁਣ ਕੇ ਉਹਨਾਂ ਮਗਰ ਲੱਗ ਤੁਰੇ।

**ਜੀਹਨੂੰ ਪੂਛੋਂ ਫੜ ਉਠਾਇਆ, ਉਹਨੇ ਜੋਤਰਾ ਕਦੋਂ ਲਾਇਆ**—ਜਦੋਂ ਕਿਸੇ ਨਿਕੰਮੇ ਆਦਮੀ ਨੂੰ ਮਜ਼ਬੂਰ ਕਰਕੇ ਕੰਮ ਤੇ ਲਾਇਆ ਜਾਵੇ ਤੇ ਉਹ ਕੰਮ ਨਾ ਮੁਕਾਵੇ, ਉਦੋਂ ਬੋਲਦੇ ਹਨ।

**ਜੂਆਂ ਤੋਂ ਡਰਦਿਆਂ ਲੇਫ਼ ਨਹੀਂ ਸੁੱਟ ਦਈ ਦੇ**—ਇਸ ਅਖਾਣ ਦਾ ਭਾਵ ਇਹ ਹੈ ਕਿਸੇ ਚੀਜ਼ 'ਚ ਮਾੜਾ ਮੋਟਾ ਨੁਕਸ ਹੋਣ ਕਰਕੇ ਉਹ ਚੀਜ਼ ਸੁੱਟਣੀ ਨਹੀਂ ਚਾਹੀਦੀ ਬਲਕਿ ਨੁਕਸ ਨੂੰ ਦੂਰ ਕਰਵਾਉਣਾ ਚਾਹੀਦਾ ਹੈ।

**ਜੇ ਸ਼ਹੁ ਭਾਵੇ, ਖੁਲ੍ਹੇ ਵਾਲ਼ ਗਲ਼ੇ ਵਿੱਚ ਪਾਵੇ**—ਭਾਵ ਇਹ ਹੈ ਕਿ ਜਿਹੜੀ ਤੀਵੀਂ ਤੇ ਉਸ ਦਾ ਪਤੀ ਖ਼ੁਸ਼ ਹੋਵੇ ਉਹ ਨੂੰ ਬੇਲੋੜੇ ਹਾਰ ਸ਼ਿੰਗਾਰ ਕਰਨ ਦੀ ਲੋੜ ਨਹੀਂ।

**ਜੇ ਸਾਹਿਬ ਕੁਝ ਕੀਤਾ ਲੋੜੇ, ਸੌ ਸਬਬ ਇਕ ਪਲ ਵਿੱਚ ਜੋੜੇ**—ਜਦੋਂ ਰੱਬ ਕਿਸੇ 'ਤੇ ਦਿਆਲ ਹੁੰਦਾ ਹੈ ਤਾਂ ਕਿਸੇ ਨਾ ਕਿਸੇ ਪਜ ਰੰਗ ਲਾ ਕੇ ਖ਼ੁਸ਼ੀਆਂ ਪ੍ਰਦਾਨ ਕਰ ਦਿੰਦਾ ਹੈ।

**ਜੇ ਕੋਈ ਕੋਲ਼ ਨਾ ਹੋਵੇ ਤਾਂ ਕੰਧ ਕੋਲ਼ੋਂ ਵੀ ਸਲਾਹ ਲੈ ਲਈਏ**—ਇਸ ਅਖਾਣ ਰਾਹੀਂ ਕੋਈ ਕੰਮ ਕਰਨ ਤੋਂ ਪਹਿਲਾਂ ਕਿਸੇ ਦੂਜੇ ਬੰਦੇ ਦੀ ਸਲਾਹ ਲੈਣ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ।

**ਜੇ ਖਤਰੀ ਸਿਰ ਘੱਟਾ ਪਾਵੇ, ਤਾਂ ਵੀ ਖਤਰੀ ਖਟ ਘਰ ਆਵੇ**—ਇਸ ਅਖਾਣ ਵਿੱਚ ਖਤਰੀ ਜਾਤੀ ਦੀ ਸਿਆਣਪ ਅਤੇ ਹੁਸ਼ਿਆਰੀ ਬਾਰੇ ਦੱਸਿਆ ਗਿਆ ਹੈ ਕਿ ਉਹ ਮਾੜੇ ਤੋਂ ਮਾੜੇ ਕੰਮ ਵਿੱਚੋਂ ਵੀ ਕਮਾਈ ਕਰ ਲੈਂਦਾ ਹੈ।

**ਜੇ ਚਾਹੇਂ ਸੁਖ ਜੀਵਿਆਂ ਭਲਾ ਸਭਸ ਦਾ ਮੰਗ**—ਭਾਵ ਇਹ ਹੈ ਕਿ ਸਰਬੱਤ ਦਾ ਭਲਾ ਮੰਗਣ ਵਾਲ਼ਾ ਪੁਰਸ਼ ਸਦਾ ਸੁਖੀ ਰਹਿੰਦਾ ਹੈ।

**ਜੇ ਜੌਂ ਜਾਵੇ, ਤਾਂ ਕੋਈ ਨਾ ਆਵੇ, ਜੇ ਜੌਂ ਪੱਕੇ ਤਾਂ ਮਿਲਣ ਸੱਕੇ**—ਭਾਵ ਇਹ ਹੈ ਕਿ ਸਾਰੇ ਸਾਕ ਸਬੰਧੀ ਅਤੇ ਮਿੱਤਰ ਪਿਆਰੇ ਆਪਣੀ-ਆਪਣੀ ਗਰਜ਼ ਨਾਲ਼ ਹੀ ਬੰਨ੍ਹੇ ਹੋਏ ਹਨ।

**ਜੇ ਦਿਨ ਹੋਵਣ ਪੱਧਰੇ, ਭੁੱਜੇ ਉੱਗਣ ਮੋਠ**—ਜਦੋਂ ਕਿਸੇ ਦਾ ਨਾ ਹੋ ਸਕਣ ਵਾਲਾ ਕੰਮ ਹੋ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਜੇ ਧਨ ਜਾਂਦਾ ਵੇਖੀਏ, ਅੱਧਾ ਦਈਏ ਵੰਡ**—ਭਾਵ ਇਹ ਹੈ ਕਿ ਜੇਕਰ ਕਿਸੇ ਕੰਮ ਵਿੱਚ ਬਹੁਤ ਸਾਰਾ ਨੁਕਸਾਨ ਹੋਣ ਦਾ ਖ਼ਤਰਾ ਹੋਵੇ ਤਾਂ ਥੋੜ੍ਹਾ ਬਹੁਤ ਦੇ ਕੇ ਬਾਕੀ ਦਾ ਬਚਾ ਲੈਣ ਵਿੱਚ ਹੀ ਸਿਆਣਪ ਹੈ।

**ਜੇ ਪਤ ਲੋੜੇਂ ਆਪਣੀ ਛੱਡ ਬੁਰੇ ਦਾ ਸਾਥ**—ਇਸ ਅਖਾਣ ਦਾ ਭਾਵ ਇਹ ਹੈ ਕਿ ਭੈੜੇ ਤੇ ਬੁਰੇ ਕੰਮ ਕਰਨ ਵਾਲ਼ੇ ਬੰਦਿਆਂ ਦੀ ਸੰਗਤ ਵਿੱਚ ਰਹਿਕੇ ਬਦਨਾਮੀ ਹੀ ਪੱਲੇ ਪੈਂਦੀ ਹੈ। ਇਹਨਾਂ ਦਾ ਸੰਗ ਤਿਆਗਣ ਵਿੱਚ ਹੀ ਭਲਾ ਹੈ।

**ਜੇ ਮਾਂਹ ਨਾ ਹੋਣ ਖੁਲਾਸੇ, ਤਾਂ ਕਾਹਦੇ ਖ਼ੁਸ਼ੀਆਂ ਹਾਸੇ**—ਭਾਵ ਇਹ ਹੈ ਕਿ ਜੇਕਰ ਲੋੜੀਂਦੀਆਂ ਵਸਤਾਂ ਹੀ ਨਾ ਮਿਲਣ ਤਾਂ ਜੀਵਨ ਜੀਣ ਦੀ ਕਾਹਦੀ ਖ਼ੁਸ਼ੀ ਹੈ।

**ਜਿਹਾ ਕੰਤ ਘਰ ਰਿਹੋਂ, ਤਿਹਾ ਗਇਉਂ ਪਰਦੇਸ**—ਇਹ ਅਖਾਣ ਕਿਸੇ ਨਿਕੰਮੀ ਚੀਜ਼ ਜਾਂ ਨਿਕੰਮੇ ਬੰਦੇ ਲਈ ਵਰਤਿਆ ਜਾਂਦਾ ਹੈ, ਜਿਸ ਦਾ ਘਰ ਵਾਲ਼ਿਆਂ ਨੂੰ ਕੋਈ ਸੁਖ ਨਹੀਂ ਹੁੰਦਾ।

**ਜੇਹੀ ਸੀਤਲਾ ਦੇਵੀ, ਤੇਹਾ ਖੋਤੇ ਦਾ ਵਾਹਣ**—ਭਾਵ ਇਹ ਹੈ ਕਿ ਜਿਹੋ ਜਿਹਾ ਬੰਦਾ ਹੋਵੇ, ਉਹੋ ਜਿਹਾ ਹੀ ਉਸ ਨਾਲ਼ ਵਰਤਾਉ ਕੀਤਾ ਜਾਂਦਾ ਹੈ—ਜੇਹਾ ਮੂੰਹ ਤੇਹੀ ਚੁਪੇੜ।

**ਜੇਹੀ ਕੋਕੋ ਤੇਹੇ ਕੋਕੋ ਦੇ ਬੱਚੇ**—ਜਦੋਂ ਬੱਚਿਆਂ ਦਾ ਸੁਭਾਅ ਅਤੇ ਕਿਰਦਾਰ ਆਪਣੀ ਮਾਂ ਦੇ ਭੈੜੇ ਸੁਭਾਅ ਅਤੇ ਕਿਰਦਾਰ ਨਾਲ਼ ਮਿਲਦਾ-ਜੁਲਦਾ ਹੋਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਜੇਹੀ ਜ਼ਾਤ ਤੇਹੀ ਬਾਤ**—ਭਾਵ ਸਪੱਸ਼ਟ ਹੈ ਕਿ ਕਿਸੇ ਮਨੁੱਖ ਦੇ ਗੱਲਬਾਤ ਕਰਨ ਦਾ ਢੰਗ ਉਸ ਦੇ ਜੀਵਨ ਪੱਧਰ ਅਨੁਸਾਰ ਹੀ ਹੁੰਦਾ ਹੈ।

**ਜੇਹੀ ਨੀਤ ਤੇਹੀ ਮੁਰਾਦ**—ਇਹ ਅਖਾਣ ਉਦੋਂ ਬੋਲਿਆ ਜਾਂਦਾ ਹੈ ਜਦੋਂ ਕਿਸੇ ਮਾੜੀ ਨੀਅਤ ਵਾਲ਼ੇ ਬੰਦੇ ਦਾ ਕੋਈ ਨੁਕਸਾਨ ਹੋ ਜਾਵੇ।

**ਜੇਹੇ ਭਾਂਡੇ ਤੇਹੇ ਅਵਾਜ਼ੇ**—ਭਾਵ ਇਹ ਹੈ ਕਿ ਕਿਸੇ ਮਨੁੱਖ ਦੇ ਗੱਲਬਾਤ ਕਰਨ ਦੇ ਢੰਗ ਤੋਂ ਉਸ ਦੇ ਜੀਵਨ ਪੱਧਰ ਅਤੇ ਖ਼ਾਸੀਅਤ ਦਾ ਪਤਾ ਲੱਗ ਜਾਂਦਾ ਹੈ।

**ਜੇਡੇ ਸਿਰ ਓਡੀਆਂ ਸਿਰ ਪੀੜਾਂ**—ਭਾਵ ਇਹ ਹੈ ਕਿ ਜਿੰਨੀਆਂ ਕਿਸੇ ਨੂੰ ਜ਼ਿੰਮੇਵਾਰੀਆਂ ਨਿਭਾਉਣੀਆਂ ਪੈਣ, ਓਨੇ ਹੀ ਉਹਦੇ ਫ਼ਿਕਰ ਵੱਧ ਜਾਂਦੇ ਹਨ—ਜਿੰਨੇ ਵੱਡੇ ਕੰਮ ਕਾਜ ਓਨੀ ਹੀ ਭੱਜ ਦੌੜ।

**ਜੈਸੀ ਕਰਨੀ ਤੈਸੀ ਭਰਨੀ**—ਭਾਵ ਇਹ ਹੈ ਕਿ ਹਰ ਇਨਸਾਨ ਨੂੰ ਆਪਣੀ ਕਰਨੀ ਦਾ ਫ਼ਲ ਮਿਲਦਾ ਹੈ—ਚੰਗੇ ਨੂੰ ਚੰਗਾ ਤੇ ਮੰਦੇ ਨੂੰ ਮੰਦਾ।

**ਜੁਗਤ ਨਾਲ਼ ਚੱਲੇ ਸਭ ਕੁਝ ਪੱਲੇ**—ਇਸ ਅਖਾਣ ਵਿੱਚ ਸੰਜਮ ਅਤੇ ਵਿਉਂਤ ਨਾਲ਼ ਜੀਵਨ ਬਤੀਤ ਕਰਨ ਦੀ ਸਿੱਖਿਆ ਦਿੱਤੀ ਗਈ ਹੈ।

**ਜੁੱਤੇ ਹੋਏ ਦੀਆਂ ਛੜਾਂ ਵੀ ਖਾਣੀਆਂ ਪੈਂਦੀਆਂ ਹਨ**—ਭਾਵ ਇਹ ਹੈ ਕਿ ਕਮਾਈ ਕਰਕੇ ਖੁਆਉਣ ਵਾਲ਼ੇ ਬੰਦੇ ਦੀਆਂ ਵਧੀਕੀਆਂ ਵੀ ਸਹਿਣੀਆਂ ਪੈਂਦੀਆਂ ਹਨ।

**ਜੁਲਾਹਿਆਂ ਦੀਆਂ ਮਸ਼ਕਰੀਆਂ ਮਾਂ ਭੈਣ ਨਾਲ਼**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਮੂਰਖ਼ ਬੰਦਾ ਮਖ਼ੌਲ ਕਰਨ ਲੱਗਿਆਂ ਥਾਂ ਕੁ ਥਾਂ ਨਾ ਦੇਖੇ।

**ਜੁਲਾਹਿਆਂ ਦੇ ਪਠਾਣ ਵਗਾਰੀ**—ਜਦੋਂ ਕੋਈ ਕਮਜ਼ੋਰ ਬੰਦਾ ਆਪਣੇ ਤੋਂ ਤਕੜੇ ਬੰਦੇ ਨੂੰ ਆਪਣੇ ਅਧੀਨ ਕਰਕੇ ਕੰਮ ਲਵੇ, ਉਦੋਂ ਇੰਜ ਆਖਦੇ ਹਨ।

**ਜੂਆ ਮਿੱਠੀ ਹਾਰ**—ਜੂਏ ਦਾ ਚਸਕਾ ਬਹੁਤ ਮਾੜਾ ਹੈ, ਜੁਆਰੀਆ ਜਿੱਤਣ ਦੀ ਆਸ ਵਿੱਚ ਖੇਡੀ ਜਾਂਦਾ ਹੈ ਤੇ ਨੁਕਸਾਨ ਝਲਦਾ ਹੈ।

**ਜੂਠ ਝੂਠ ਤੇ ਪਲੇ ਕਪੂਤ**—ਇਹ ਅਖਾਣ ਮਾੜੇ ਬੰਦਿਆਂ ਦੇ ਭੈੜੇ ਚਾਲੇ ਵੇਖ ਕੇ ਬੋਲਦੇ ਹਨ।

**ਜੋ ਵੱਟਿਆ ਸੋ ਖੱਟਿਆ**—ਮੰਦਵਾੜੇ ਦੇ ਦਿਨਾਂ ਵਿੱਚ ਦੁਕਾਨਦਾਰ ਆਮ ਕਰਕੇ ਇਹ ਅਖਾਣ ਬੋਲਦੇ ਹਨ, ਭਾਵ ਇਹ ਹੈ ਜਿਹੜੀ ਮਾੜੀ ਮੋਟੀ ਵੱਟਤ ਹੋ ਗਈ ਹੈ ਉਹੀ ਚੰਗੀ ਹੈ।

**ਜੋਏ ਹਲ਼ ਤੇ ਪਾਏ ਫ਼ਲ਼**—ਭਾਵ ਇਹ ਹੈ ਕਿ ਜਿਹੜਾ ਕਿਸਾਨ ਆਪ ਹਲ਼ ਵਾਹ ਕੇ ਮਿਹਨਤ ਨਾਲ਼ ਖੇਤੀ ਕਰਦਾ ਹੈ ਉਸ ਦੀ ਫ਼ਸਲ ਚੰਗੀ ਹੁੰਦੀ ਹੈ, ਉਸ ਨੂੰ ਮਿਹਨਤ ਦਾ ਫ਼ਲ਼ ਚੰਗੀ ਫ਼ਸਲ ਦੇ ਰੂਪ ਵਿੱਚ ਮਿਲ ਜਾਂਦਾ ਹੈ।

**ਜ਼ੋਰਾਵਰਾਂ ਨਾਲ਼ ਭਿਆਲੀ, ਉਹ ਮੰਗੇ ਹਿੱਸਾ ਉਹ ਕਢੇ ਗਾਲ਼ੀ**—ਜਦੋਂ ਕਿਸੇ ਤਕੜੇ ਬੰਦੇ ਕੋਲ਼ੋਂ ਆਪਣਾ ਹਿੱਸਾ ਮੰਗਣ ਗਏ ਨੂੰ ਕੁਝ ਦੇਣ ਦੀ ਥਾਂ ਉਹ ਗਾਲ਼ੀਆਂ ਕਢੇ, ਉਦੋਂ ਇਹ ਅਖਾਣ ਬੋਲਦੇ ਹਨ।

**ਜੋੜ ਗਏ ਸੋ ਰੋੜ੍ਹ ਗਏ, ਖਾ ਗਏ ਰੰਗ ਲਾ ਗਏ**—ਭਾਵ ਸਪੱਸ਼ਟ ਹੈ ਕਿ ਕੰਜੂਸੀ ਕਰਨ ਦਾ ਕੋਈ ਲਾਭ ਨਹੀਂ।

**ਜੋੜ ਜੋੜ ਮਰ ਜਾਣਗੇ ਤੇ ਮਾਲ ਜਵਾਈ ਖਾਣਗੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਕੰਜੂਸ ਧਨ-ਦੌਲਤ ਜੋੜਕੇ ਮਰ ਜਾਂਦੇ ਹਨ ਮਗਰੋਂ ਬਿਗਾਨੇ ਪੁੱਤ ਉਸ ਧਨ-ਦੌਲਤ ਦੇ ਸਿਰ 'ਤੇ ਐਸ਼ ਕਰਦੇ ਹਨ।

**ਜੋੜੀਆਂ ਜਗ ਥੋੜੀਆਂ, ਨਰੜ ਬਥੇਰੇ**—ਜਦੋਂ ਵਿਆਹ ਮਗਰੋਂ ਕਿਸੇ ਜੋੜੇ ਦੀ ਆਪਸ ਵਿੱਚ ਨਾ ਨਿਭੇ, ਉਦੋਂ ਇਹ ਅਖਾਣ ਬੋਲਦੇ ਹਨ। ਬਹੁਤੇ ਜੋੜੇ ਬਦੋ ਬਦੀ ਨਰੜੇ ਜਾਂਦੇ ਹਨ।

**ਜੌਂ ਜੰਮੇ ਤੇ ਕਣਕਾਂ ਨਿਸਰੀਆਂ, ਧੀਆਂ ਜੰਮੀਆਂ ਤੇ ਭੈਣਾਂ ਵਿਸਰੀਆਂ**—ਇਹ ਅਖਾਣ ਆਮ ਕਰਕੇ ਭੈਣਾਂ ਆਪਣੇ ਭਰਾਵਾਂ ਨੂੰ ਉਲਾਂਭੇ ਵਜੋਂ ਬੋਲਦੀਆਂ ਹਨ—ਭਰਾਵਾਂ

ਦਾ ਪਿਆਰ ਭੈਣਾਂ ਨਾਲ਼ ਉਦੋਂ ਤੱਕ ਹੀ ਹੁੰਦਾ ਹੈ ਜਦੋਂ ਤੱਕ ਉਹਨਾਂ ਦੇ ਆਪਣੇ ਘਰ ਧੀਆਂ ਨਹੀਂ ਜੰਮਦੀਆਂ।

## ਝ

**ਝਗੜਾ ਸੋਤਰ ਹੁੰਦਾ ਹੈ**—ਇਸ ਅਖਾਣ ਦਾ ਭਾਵ ਇਹ ਹੈ ਕਿ ਝਗੜਾ ਕਰਨ ਵਾਲ਼ਾ ਕੁਝ ਨਾ ਕੁਝ ਲੈ ਹੀ ਲੈਂਦਾ ਹੈ ਚਾਹੇ ਉਹ ਆਪ ਝੂਠਾ ਹੀ ਹੋਵੇ।

**ਝੱਟ ਰੋਟੀ, ਪਟ ਦਾਲ਼, ਚੁੱਕ ਖੂੰਡਾ ਚਲ ਨਾਲ਼**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਕੰਮ ਛੇਤੀ ਤੋਂ ਛੇਤੀ ਨਿਪਟਾਉਣਾ ਹੋਵੇ।

**ਝੱਲੇ ਕਿੱਦਾਂ ਜਾਪਣ, ਗੱਲਾਂ ਕਰਨ ਤੇ ਸੰਞਾਪਣ**—ਭਾਵ ਇਹ ਹੈ ਕਿ ਮੂਰਖ਼ ਬੰਦੇ ਦਾ ਉਦੋਂ ਪਤਾ ਲੱਗ ਜਾਂਦਾ ਹੈ ਜਦ ਉਹ ਗੱਲਬਾਤ ਰਾਹੀਂ ਆਪਣੀ ਮੂਰਖ਼ਤਾ ਦਾ ਪ੍ਰਗਟਾਵਾ ਕਰਦਾ ਹੈ।

**ਝਾੜਿਆ ਝੰਬਿਆ ਭੂਰਾ ਜਿਉਂ ਦਾ ਤਿਉਂ**—ਜਦੋਂ ਕਿਸੇ ਨੂੰ ਘਟੀਆ ਕਿਸਮ ਦਾ ਕੰਮ ਕਰਨ ਲਈ ਕਿਹਾ ਜਾਵੇ, ਉਹ ਅੱਗੋਂ ਨਾਂਹ-ਨੁੱਕਰ ਨਾ ਕਰੇ, ਉਦੋਂ ਇਹ਼ ਅਖਾਣ ਬੋਲਦੇ ਹਨ।

**ਝੂਠ ਚਾਹੇ ਭੇਸ, ਸੱਚ ਕਹੇ ਮੈਂ ਨੰਗਾ ਭਲਾ**—ਭਾਵ ਇਹ ਹੈ ਕਿ ਝੂਠ ਨੂੰ ਲੁਕਾਉਣ ਲਈ ਸੈਆਂ ਪਰਦੇ ਵਰਤਣੇ ਪੈਂਦੇ ਹਨ ਪ੍ਰੰਤੂ ਸੱਚ ਨੂੰ ਲੁਕਾਉਣ ਦੀ ਕੋਈ ਲੋੜ ਨਹੀਂ।

**ਝੂਠੇ ਦੇ ਪੈਰ ਨਹੀਂ ਹੁੰਦੇ**—ਜਦੋਂ ਕੋਈ ਝੂਠਾ ਬੰਦਾ ਪਲੋ ਪਲੀ ਆਪਣੀ ਗੱਲ ਬਦਲੇ, ਉਦੋਂ ਆਖਦੇ ਹਨ।

**ਝੂਠੇ ਦਾ ਦਾਰੂ ਅਈਂ ਅਈਂ**—ਜਦੋਂ ਕਿਸੇ ਝੂਠੇ ਬੰਦੇ ਦੇ ਮੂੰਹ 'ਤੇ ਉਹਦੇ ਝੂਠ ਦਾ ਪਾਜ ਉਘੇੜਿਆ ਜਾਵੇ ਤੇ ਅੱਗੋਂ ਜਵਾਬ ਵਿੱਚ ਉਹ ਨੂੰ ਸਫ਼ਾਈ ਦੇਣ ਲਈ ਕੁਝ ਨਾ ਸੁਝੇ, ਉਦੋਂ ਆਖਦੇ ਹਨ।

## ਟ

**ਟਕੇ ਸਹਿਆ ਮਹਿੰਗਾ ਤੇ ਰੁਪਏ ਸਹਿਆ ਸਸਤਾ**—ਭਾਵ ਇਹ ਹੈ ਕਿ ਜਦੋਂ ਕਿਸੇ ਚੀਜ਼ ਦੀ ਲੋੜ ਨਾ ਹੋਵੇ ਤੇ ਪੱਲੇ ਪੈਸੇ ਵੀ ਨਾ ਹੋਣ, ਉਹ ਸਸਤੀ ਚੀਜ਼ ਵੀ ਮਹਿੰਗੀ ਲੱਗਦੀ ਹੈ ਜਦੋਂ ਲੋੜ ਹੋਵੇ ਉਹ ਕਿਸੇ ਮੁੱਲ ਵੀ ਮਹਿੰਗੀ ਨਹੀਂ ਜਾਪਦੀ।

**ਟਕੇ ਦੀ ਹਾਂਡੀ ਗਈ, ਕੁੱਤੇ ਦੀ ਜ਼ਾਤ ਪਰਖੀ ਗਈ**—ਜਦੋਂ ਕੋਈ ਕਮੀਨਾ ਬੰਦਾ ਥੋੜ੍ਹੀ ਜਿਹੀ ਰਕਮ ਉਧਾਰ ਲੈ ਕੇ ਮੁੱਕਰ ਜਾਵੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਟੱਟੂ ਭਾੜੇ ਕਰਨਾ ਏ ਤਾਂ ਕੁੜਮਾਂ ਦਾ ਈ ਕਰਨੈ**—ਜਦੋਂ ਕੋਈ ਚੀਜ਼ ਮੁੱਲ ਦੀ ਹੀ ਲੈਣੀ ਹੋਵੇ ਤਾਂ ਕਿਸੇ ਅੰਗ-ਸਾਕ ਦੀ ਮੁਥਾਜੀ ਦੀ ਲੋੜ ਨਹੀਂ, ਜਿੱਥੋਂ ਮਰਜ਼ੀ ਖ਼ਰੀਦ ਲਵੋ।

**ਟਟੂਆ ਖਾ ਗਿਆ ਬਟੂਆ, ਫਿਰ ਟਟੂਏ ਦਾ ਟਟੂਆਂ**—ਜਦੋਂ ਕਿਸੇ ਕਮਜ਼ੋਰ ਪੁੱਤ-ਧੀ ਨੂੰ ਰੱਜਵਾਂ ਖਾਣ-ਪੀਣ ਨੂੰ ਮਿਲੇ ਪ੍ਰੰਤੂ ਉਸ ਦੀ ਸਿਹਤ 'ਤੇ ਕੋਈ ਅਸਰ ਨਾ ਪਵੇ, ਉਦੋਂ ਹਾਸੇ ਵਿੱਚ ਇਹ ਅਖਾਣ ਵਰਤਦੇ ਹਨ।

**ਟੱਪਾ ਜ਼ਮੀਂ ਤੇ ਨਾ ਜ਼ਿਮੀਂਦਾਰ**—ਜਦੋਂ ਕੋਈ ਹੋਛਾ ਬੰਦਾ ਆਪਣੇ ਅਸਲੇ ਨਾਲ਼ੋਂ ਵਧੇਰੀ ਫ਼ੂੰ-ਫ਼ਾਂ ਕਰੇ, ਉਦੋਂ ਇੰਜ ਆਖਦੇ ਹਨ।

**ਟੱਬਰ ਭੁੱਖਾ ਮਰੇ ਤੇ ਬਨਰਾ ਸੈਲਾਂ ਕਰੇ**—ਜਦੋਂ ਕਿਸੇ ਬੰਦੇ ਦਾ ਪਰਿਵਾਰ ਤਾਂ ਭੁੱਖਾ ਮਰੇ ਪ੍ਰੰਤੂ ਆਪ ਬਾਹਰ ਸੈਰ ਸਪਾਟਾ ਕਰਦਾ ਫਿਰੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਟਾਟ ਦੀ ਜੁੱਲੀ ਰੇਸ਼ਮ ਦਾ ਬਖੀਆ**—ਬਹੁਤੀ ਘਟੀਆ ਤੇ ਬਹੁਤੀ ਵਧੀਆ ਵਸਤੂ ਦੇ ਅਢੁੱਕਵੇਂ ਮੇਲ ਨੂੰ ਵੇਖ ਕੇ ਇੰਜ ਆਖੀਦਾ ਹੈ।

**ਟਿੰਡ ਵਿੱਚ ਦਾਣੇ, ਘਰਾਟੀਆਂ ਨਾਲ਼ ਸਾਈਆਂ**—ਇਹ ਅਖਾਣ ਉਸ ਬੰਦੇ ਪ੍ਰਤੀ ਬੋਲਿਆ ਜਾਂਦਾ ਹੈ ਜਿਸ ਨੇ ਚੀਜ਼ ਤਾਂ ਥੋੜ੍ਹੀ ਜਿਹੀ ਲੈਣੀ ਹੋਵੇ, ਪ੍ਰੰਤੂ ਭਾਅ ਥੋਕ ਦਾ ਪੁੱਛਦਾ ਫਿਰੇ।

**ਟੁੱਕਰ ਖਾਧੇ ਦਿਲ ਵਲਾਏ, ਕੱਪੜੇ ਪਾਟੇ ਘਰ ਨੂੰ ਆਏ**—ਜਦੋਂ ਕੋਈ ਬੰਦਾ ਬਾਹਰ ਪ੍ਰਦੇਸ ਵਿੱਚ ਕਮਾਈ ਕਰਨ ਜਾਵੇ, ਉਥੇ ਆਪਣੇ ਸਾਕ ਸਬੰਧੀਆਂ ਕੋਲ ਕੁਝ ਦਿਨ ਰਹਿ ਕੇ ਬਿਨਾ ਕਮਾਈ ਕੀਤਿਆਂ ਵਾਪਸ ਆ ਜਾਵੇ, ਉਦੋਂ ਆਖਦੇ ਹਨ।

**ਟੁੱਟੀਆਂ ਬਾਹਾਂ ਗਲ਼ ਨੂੰ ਆਉਂਦੀਆਂ ਹਨ**—ਇਸ ਅਖਾਣ ਦਾ ਭਾਵ ਇਹ ਹੈ ਕਿ ਆਪਸ ਵਿੱਚ ਭਾਵੇਂ ਕਿੰਨਾ ਲੜਾਈ ਝਗੜਾ ਹੋ ਜਾਵੇ ਆਖ਼ਰ ਆਪਣੇ-ਆਪਣੇ ਹੀ ਕੰਮ ਆਉਂਦੇ ਹਨ।

**ਟੁੱਟੇ ਰਾਸ ਨਾ ਆਉਂਦੇ, ਗੰਢ ਗੰਢੀਲੇ ਹੋਏ**—ਜਦੋਂ ਲੜਨ-ਭਿੜਨ ਮਗਰੋਂ ਮਿੱਤਰਾਂ ਦੀ ਸੁਲਾਹ ਸਫ਼ਾਈ ਹੋ ਜਾਵੇ, ਪ੍ਰੰਤੂ ਇਹ ਸੁਲਾਹ ਬਹੁਤਾ ਚਿਰ ਨਾ ਨਿਭੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਟੁਣੂਆ ਗਿਆ ਪੱਤਰਾਂ ਨੂੰ, ਨਾ ਪੱਤਰ ਆਏ ਨਾ ਟੁਣੂਆਂ**—ਜਦੋਂ ਕੋਈ ਨਿਕੰਮਾ ਬੰਦਾ ਕੋਈ ਚੀਜ਼ ਲੈਣ ਘਲਿਆ ਹੋਵੇ, ਪ੍ਰੰਤੂ ਆਪ ਵੀ ਵਾਪਸ ਨਾ ਮੁੜੇ, ਉਦੋਂ ਇੰਜ ਆਖਦੇ ਹਨ।

## ਠ

**ਠਠਿਆਰ ਦੀ ਗਾਗਰ ਚੋਂਦੀ ਹੈ**—ਇਹ ਇਕ ਅਟੱਲ ਸੱਚਾਈ ਹੈ ਕਿ ਕਾਰੀਗਰ ਆਪਣੇ ਘਰ ਦੇ ਕੰਮਾਂ ਲਈ ਆਲਸ ਵਰਤਦੇ ਹਨ, ਦਰਜ਼ੀਆਂ ਦੇ ਕਪੜੇ ਉਧੜੇ ਰਹਿੰਦੇ ਹਨ, ਮਲਾਹ ਦਾ ਹੁੱਕਾ ਸੁੱਕੇ ਦਾ ਸੁੱਕਾ।

**ਠੂਹੇਂ ਦਾ ਡੰਗਿਆ ਭਵੇਂ, ਸੱਪ ਦਾ ਡੰਗਿਆ ਸਵੇਂ**—ਇਸ ਅਖਾਣ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਠੂਹੇਂ ਦਾ ਡੰਗਿਆ ਹੋਇਆ ਬੰਦਾ ਪਲ ਭਰ ਲਈ ਵੀ ਟਿਕ ਕੇ ਬਹਿ ਨਹੀਂ ਸਕਦਾ, ਪ੍ਰੰਤੂ ਸੱਪ ਦੇ ਡੰਗੇ ਨੂੰ ਛੇਤੀ ਨੀਂਦ ਆ ਜਾਂਦੀ ਹੈ, ਜਿਸ ਕਰਕੇ ਸੱਪ ਦੀ ਜ਼ਹਿਰ ਛੇਤੀ ਅਸਰ ਕਰਕੇ ਮਾਰ ਦਿੰਦੀ ਹੈ।

**ਠੇਲ੍ਹ ਦਾਲ਼ ਮੇਂ ਪਾਣੀ, ਰਾਮ ਭਲੀ ਕਰੇਗਾ**—ਜਦੋਂ ਖਾਣ ਵਾਲ਼ੇ ਬਹੁਤੇ ਹੋ ਜਾਣ ਤੇ ਦਾਲ਼ ਘੱਟ ਹੋਵੇ ਤਾਂ ਕੰਮ ਸਾਰਨ ਲਈ ਦਾਲ਼ ਵਿੱਚ ਹੋਰ ਪਾਣੀ ਪਾ ਦਿੰਦੇ ਹਨ, ਉਦੋਂ ਮਜ਼ਾਕ ਵਿੱਚ ਇਹ ਅਖਾਣ ਬੋਲਿਆ ਜਾਂਦਾ ਹੈ।

## ਡ

**ਡੱਡਾਂ ਦੀ ਪਸੇਰੀ, ਕਦੀ ਇਕ ਕਦੀ ਢੇਰੀ**—ਜਦੋਂ ਵੱਖ-ਵੱਖ ਵਿਚਾਰਾਂ ਦੇ ਧਾਰਨੀ ਬੰਦੇ ਇਕ ਥਾਂ ਇਕੱਠੇ ਹੋ ਕੇ ਕਿਸੇ ਮਾਮਲੇ ਤੇ ਇਕ ਮਤ ਹੋ ਕੇ ਫ਼ੈਸਲਾ ਨਾ ਲੈ ਸਕਣ, ਉਦੋਂ ਇਹ ਅਖਾਣ ਬੋਲਦੇ ਹਨ।

**ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ**—ਜਦੋਂ ਕਿਸੇ ਭੈੜੇ ਬੰਦੇ ਨਾਲ਼ ਤੁਹਾਡਾ ਵਾਹ ਪੈ ਜਾਵੇ, ਉਹ ਭਲਾਮਾਣਸੀ ਨਾਲ਼ ਸੂਤ ਨਾ ਆਵੇ ਤੇ ਉਹਨੂੰ ਡੰਡਿਆਂ ਨਾਲ਼ ਸੋਧਣ ਦੀ ਲੋੜ ਪੈ ਜਾਵੇ, ਉਦੋਂ ਇੰਜ ਆਖਦੇ ਹਨ।

**ਡਰਦੀ ਹਰ ਹਰ ਕਰਦੀ**—ਜਦੋਂ ਕੋਈ ਜਣਾ ਡੰਡੇ ਦੇ ਡਰ ਕਾਰਨ ਸੂਤ ਹੋ ਕੇ ਕੰਮ ਕਰੇ, ਉਦੋਂ ਇੰਜ ਬੋਲਦੇ ਹਨ।

**ਡਾਢਾ ਮਾਰੇ ਵੀ ਤੇ ਰੋਣ ਵੀ ਨਾ ਦੇਵੇ**—ਇਹ ਅਖਾਣ ਉਦੋਂ ਬੋਲੀਦਾ ਹੈ ਜਦੋਂ ਕੋਈ ਤਕੜਾ ਬੰਦਾ ਸਖ਼ਤੀ ਵੀ ਕਰੇ ਤੇ ਅੱਗੋਂ ਫ਼ਰਿਆਦ ਵੀ ਨਾ ਕਰਨ ਦੇਵੇ।

**ਡਾਢਿਆਂ ਦਾ ਸੱਤੀਂ ਵੀਹੀਂ ਸੌ**—ਭਾਵ ਇਹ ਹੈ ਜਦੋਂ ਤਕੜਾ ਬੰਦਾ ਕਿਸੇ ਕਮਜ਼ੋਰ ਬੰਦੇ ਨਾਲ਼ ਜ਼ੁਲਮ ਕਰੇ ਤੇ ਆਪਣੀ ਅਣਹੱਕੀ ਮੰਗ ਨੂੰ ਮਨਵਾਏ, ਉਦੋਂ ਕਹਿੰਦੇ ਹਨ।

**ਡਿੱਗ ਡਿੱਗ ਕੇ ਹੀ ਸਵਾਰ ਹੋਈਦਾ ਹੈ**—ਜਦੋਂ ਇਹ ਦੱਸਣਾ ਹੋਵੇ ਕਿ ਕਿਸੇ ਕਸਬ ਵਿੱਚ ਮਾਹਰ ਹੋਣ ਲਈ ਤਕਲੀਫ਼ਾਂ ਝੱਲਣੀਆਂ ਹੀ ਪੈਂਦੀਆਂ ਹਨ।

**ਡੁੱਬਦੇ ਨੂੰ ਤਿਨਕੇ ਦਾ ਸਹਾਰਾ**—ਜਦੋਂ ਔਖੇ ਸਮੇਂ ਕਿਸੇ ਨੂੰ ਮਾੜੀ ਮੋਟੀ ਵੀ ਮਦਦ ਮਿਲ ਜਾਵੇ, ਉਦੋਂ ਆਖਦੇ ਹਨ।

**ਡੁੱਬੀ ਤਾਂ ਜੇ ਸਾਹ ਨਾ ਆਇਆ**—ਇਸ ਅਖਾਣ ਦਾ ਭਾਵ ਇਹ ਹੈ ਕਿ ਬੰਦਾ ਉਦੋਂ ਹੀ ਹਥਿਆਰ ਸੁੱਟਦਾ ਹੈ ਜਦੋਂ ਉਸ ਨੂੰ ਜਿੱਤਣ ਦੀ ਆਸ ਨਾ ਹੋਵੇ।

**ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ**—ਜਦੋਂ ਕੋਈ ਥੋੜ੍ਹਾ ਜਿਹਾ ਖ਼ਰਾਬ ਹੋਇਆ ਕੰਮ ਮੁੜ ਸੁਆਰਿਆ ਜਾ ਸਕਦਾ ਹੋਵੇ, ਉਦੋਂ ਇੰਜ ਆਖਦੇ ਹਨ।

**ਡੇਢ ਪਾ ਖਿਚੜੀ, ਚੁਬਾਰੇ ਰਸੋਈ**—ਜਦੋਂ ਕੋਈ ਥੋੜ੍ਹੀ ਜਿਹੀ ਹੈਸੀਅਤ ਦਾ ਮਾਲਕ ਬੰਦਾ ਫ਼ੋਕੀ ਫੂੰ-ਫ਼ਾਂ ਕਰੇ, ਉਦੋਂ ਆਖਦੇ ਹਨ।

**ਡੈਣ ਦੇ ਕੁੱਛੜ ਮੁੰਡਾ**—ਜਦੋਂ ਕੋਈ ਚੀਜ਼ ਕਿਸੇ ਅਜਿਹੇ ਬੰਦੇ ਦੇ ਹਵਾਲੇ ਕੀਤੀ ਜਾਵੇ, ਜਿਹੜਾ ਪਹਿਲਾਂ ਹੀ ਉਸ ਦਾ ਭੁੱਖਾ ਹੋਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਡੋਰਾ (ਬੋਲਾ) ਦੋ ਵਾਰੀ ਹੱਸਦਾ ਹੈ**—ਇਹ ਅਖਾਣ ਬੋਲ਼ਿਆਂ ਬਾਰੇ ਹੈ। ਬੋਲ਼ਾ ਆਦਮੀ ਇਕ ਵਾਰੀ ਤਾਂ ਲੋਕਾਂ ਨੂੰ ਦੇਖ ਕੇ ਰੀਸ ਨਾਲ਼ ਹੱਸਦਾ ਹੈ, ਦੂਜੀ ਵਾਰ ਉਦੋਂ ਹੱਸਦਾ ਹੈ ਜਦੋਂ ਉਸ ਨੂੰ ਹਾਸੇ ਵਾਲ਼ੀ ਗੱਲ ਦੀ ਸਮਝ ਪੈਂਦੀ ਹੈ।

**ਡੋਰੇ ਅੱਗੇ ਗਾਉਣਾ, ਗੂੰਗੇ ਅੱਗੇ ਗੱਲ, ਅੰਨ੍ਹੇ ਅੱਗੇ ਨੱਚਣਾ, ਡੁੱਬੇ ਝੱਲ ਵਲਲ**—ਇਸ ਅਖਾਣ ਦਾ ਭਾਵ ਸਪੱਸ਼ਟ ਹੈ।

## ਢ

**ਢਕੀ ਰਿੱਝੇ, ਕੋਈ ਨਾ ਬੁਝੇ**—ਇਹ ਅਖਾਣ ਆਮ ਕਰਕੇ ਸ਼ਰੀਕਾਂ ਦੇ ਘਰ ਦੀ ਵਿਗੜੀ ਹੋਈ ਮੰਦੀ ਹਾਲਤ, ਜਿਹੜੀ ਆਮ ਤੌਰ 'ਤੇ ਬਾਹਰੋਂ ਨਜ਼ਰ ਨਹੀਂ ਆਉਂਦੀ, ਬਾਰੇ ਵਰਤਿਆ ਜਾਂਦਾ ਹੈ।

**ਢੱਗਿਆ ਤੈਨੂੰ ਚੋਰ ਲੈ ਜਾਣ, ਅਖੇ ਯਾਰਾਂ ਪੱਠੇ ਹੀ ਖਾਣੇ ਨੇ**—ਢੱਗੇ ਨੂੰ ਇਸ ਗੱਲ ਨਾਲ਼ ਕੋਈ ਵਾਸਤਾ ਨਹੀਂ ਕਿ ਉਹਦਾ ਮਾਲਕ ਕੋਈ ਚੋਰ ਹੈ ਜਾਂ ਸਾਊ ਮਨੁੱਖ, ਉਹਨੇ ਤਾਂ ਪੱਠੇ ਹੀ ਖਾਣੇ ਹਨ। ਭਾਵ ਇਹ ਹੈ ਕਿ ਕੰਮ ਕਰਨ ਵਾਲ਼ੇ ਕਾਮੇ ਨੇ ਤਾਂ ਕੰਮ ਕਰਕੇ ਹੀ ਖਾਣਾ ਹੈ, ਚਾਹੇ ਉਹ ਕਿਹੋ ਜਿਹੇ ਬੰਦੇ ਕੋਲ਼ ਕੰਮ ਕਰੇ।

**ਢੱਗੀ ਨਾ ਵੱਛੀ ਨੀਂਦ ਆਵੇ ਅੱਛੀ**—ਇਹ ਅਖਾਣ ਆਮ ਕਰਕੇ ਮਸਤ ਮਲੰਗ ਬੰਦਿਆਂ ਬਾਰੇ ਵਰਤਿਆ ਜਾਂਦਾ ਹੈ, ਜਿਨ੍ਹਾਂ ਨੂੰ ਘਰ-ਬਾਰ ਦਾ ਕੋਈ ਫ਼ਿਕਰ ਨ੍ਹੀਂ ਹੁੰਦਾ।

**ਢਾਈ ਘਰ ਤਾਂ ਡੈਣ ਵੀ ਛੱਡ ਦੇਂਦੀ ਹੈ**—ਜਦੋਂ ਕੋਈ ਆਪਣਾ ਹੀ ਦੋਸਤ-ਮਿੱਤਰ ਜਾਂ ਸਾਕ-ਸਬੰਧੀ ਵੈਰ ਕਮਾਉਣ ਲੱਗ ਜਾਵੇ, ਉਸ ਨੂੰ ਸ਼ਰਮਿੰਦਾ ਕਰਨ ਲਈ ਇਹ ਅਖਾਣ ਵਰਤਿਆ ਜਾਂਦਾ ਹੈ।

**ਢਾਈ ਬੂਟੀਆਂ ਫੱਤੂ ਬਾਗ਼ਬਾਨ**—ਜਦੋਂ ਥੋੜ-ਚਿੱਤਾ ਬੰਦਾ ਥੋੜ੍ਹੀ ਜਿਹੀ ਜਾਇਦਾਦ ਬਣਾ ਕੇ ਫ਼ੁੱਲਿਆ ਫਿਰੇ, ਉਦੋਂ ਇਹ ਅਖਾਣ ਬੋਲਦੇ ਹਨ।

**ਢਿੱਡ ਸ਼ਰਮ ਨਹੀਂ ਰਹਿਣ ਦੇਂਦਾ**—ਭਾਵ ਇਹ ਹੈ ਕਿ ਜਦੋਂ ਭੁੱਖ ਲੱਗੀ ਹੋਵੇ ਤਾਂ ਰੋਟੀ ਮੰਗ ਕੇ ਵੀ ਖਾਣੀ ਪੈਂਦੀ ਹੈ ਜਾਂ ਪਰਿਵਾਰ ਨੂੰ.ਪਾਲਣ ਲਈ ਕਈ ਵਾਰ ਚੰਗੇ-ਮੰਦੇ ਕੰਮ ਕਰਨੇ ਪੈਂਦੇ ਹਨ, ਜਿਨ੍ਹਾਂ ਨੂੰ ਕਰਨ ਲੱਗਿਆਂ ਸ਼ਰਮ ਮਹਿਸੂਸ ਹੋਵੇ।

**ਢਿੱਡ ਨੂੰ ਨੱਕ ਨਹੀਂ ਹੁੰਦਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਇਹ ਦੱਸਣਾ ਹੋਵੇ ਕਿ ਉਲਾਦ ਦੇ ਲਈ ਸ਼ਰਮ ਵੀ ਤਿਆਗ ਦਈਦੀ ਹੈ।

**ਢਿੱਡ ਭਰਿਆ ਤੇ ਕੰਮ ਸਰਿਆ**—ਇਹ ਅਖਾਣ ਉਸ ਆਦਮੀ ਪ੍ਰਤੀ ਵਰਤਿਆ ਜਾਂਦਾ ਹੈ ਜਿਹੜਾ ਆਪਣਾ ਮਤਲਬ ਕੱਢ ਕੇ ਮਗਰੋਂ ਵੱਟੀ ਨਾ ਵਾਹੇ।

**ਢਿੱਡੋਂ ਭੁੱਖੀ ਭੰਗੜੇ ਦਾ ਚਾਅ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਗ਼ਰੀਬ, ਆਦਮੀ ਹਵਾਈ ਕਿਲ੍ਹੇ ਉਸਾਰਨ ਲੱਗ ਜਾਵੇ, ਆਪਣੇ ਵਿੱਤ ਅਨੁਸਾਰ ਨਾ ਸੋਚੇ।

**ਢੋਲ ਵੱਜੇ, ਢਮੱਕਾ ਵੱਜੇ ਸਾਨੂੰ ਕੀ ਭਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਇਹ ਦੱਸਣਾ ਹੋਵੇ ਕਿ ਕਿਸੇ ਦੇ ਘਰ ਦੀ ਖ਼ੁਸ਼ੀ ਨਾਲ਼ ਸਾਡਾ ਕੋਈ ਸਰੋਕਾਰ ਨਹੀਂ।

**ਢੋਲ ਵੱਜੇ ਢਮੱਕਾ ਵੱਜੇ, ਮੁੜ ਵਹੁਟੀ ਨੇ ਪੈਰ ਨਾ ਕੱਜੇ**—ਜਦੋਂ ਵਾਰ-ਵਾਰ ਸਮਝਾਉਣ 'ਤੇ ਵੀ ਕੋਈ ਨਾ ਸਮਝੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

## ਤ

**ਤਕਦੀਰ ਅੱਗੇ ਤਦਬੀਰ ਨਹੀਂ ਚਲਦੀ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਬੀਮਾਰ ਬੰਦੇ ਦੀ ਤੀਮਾਰਦਾਰੀ ਤੇ ਬਹੁਤ ਸਾਰਾ ਧਨ ਖ਼ਰਚ ਕਰਨ 'ਤੇ ਵੀ ਉਸ ਦੀ ਮੌਤ ਹੋ ਜਾਵੇ। ਭਾਵ ਇਹ ਹੈ ਕੋਈ ਵੀ ਬੰਦਾ ਜਾਂ ਯਤਨ ਹੋਣੀ ਨੂੰ ਟਾਲ਼ ਨਹੀਂ ਸਕਦਾ।

**ਤਖ਼ਤ ਜਾਂ ਤਖ਼ਤਾ**—ਜਦੋਂ ਕੋਈ ਬੰਦਾ ਕਿਸੇ ਮੰਤਵ ਦੀ ਪ੍ਰਾਪਤੀ ਲਈ ਸਿਰ-ਧੜ ਦੀ ਬਾਜ਼ੀ ਲਾ ਦੇਵੇ, ਉਦੋਂ ਇਹ ਅਖਾਣ ਬੋਲਦੇ ਹਨ। ਇਹ ਅਖਾਣ ਦ੍ਰਿੜ੍ਹ ਇਰਾਦੇ ਦਾ ਸੂਚਕ ਹੈ।

**ਤਕੜੇ ਤੇ ਡਿਗਾਂ ਨਾ, ਮਾੜੇ ਤੇ ਘੜੰਮ**—ਜਦੋਂ ਕੋਈ ਬੰਦਾ ਮਾੜੇ ਜਾਂ ਕਮਜ਼ੋਰ ਬੰਦੇ ਤੇ ਰੋਹਬ ਛਾਂਟੇ ਪ੍ਰੰਤੂ ਤਕੜੇ ਤੋਂ ਦੂਰ ਰਹੇ, ਉਦੋਂ ਆਖਦੇ ਹਨ।

**ਤੱਤਾ ਪਾਣੀ ਵੀ ਅੱਗ ਨੂੰ ਬੁਝਾ ਦੇਂਦਾ ਹੈ**—ਭਾਵ ਇਹ ਹੈ ਕਿ ਸਤਾਏ ਹੋਏ ਕਮਜ਼ੋਰ ਵੈਰੀ ਦੀ ਚੋਟ ਵੀ ਕਈ ਵਾਰ ਤਕੜੇ ਵੈਰੀ ਦਾ ਨੁਕਸਾਨ ਕਰ ਦਿੰਦੀ ਹੈ।

**ਤੰਦ ਤੰਦ ਕਰਦਿਆਂ ਤਾਣੀ ਬਣ ਜਾਂਦੀ ਹੈ**—ਭਾਵ ਸਪੱਸ਼ਟ ਹੈ ਕਿ ਥੋੜ੍ਹੀ-ਥੋੜ੍ਹੀ ਬੱਚਤ ਕਰਨ ਨਾਲ਼ ਬਹੁਤ ਸਾਰਾ ਧਨ ਇਕੱਠਾ ਹੋ ਜਾਂਦਾ ਹੈ।

**ਤੰਦ ਨਹੀਂ, ਤਾਣੀ ਹੀ ਵਿਗੜੀ ਹੋਈ ਹੈ**—ਜਦੋਂ ਕਿਸੇ ਪਰਿਵਾਰ ਵਿੱਚ ਆਪੋ-ਧਾਪੀ ਪੈ ਜਾਵੇ, ਉਦੋਂ ਇੰਜ ਆਖਦੇ ਹਨ।

**ਤੰਦ ਨਾ ਤਾਣੀ, ਜੁਲਾਹੇ ਨਾਲ਼ ਡਾਂਗੋ ਡਾਂਗੀ**—ਜਦੋਂ ਕੋਈ ਬੰਦਾ ਬਿਨਾਂ ਕਿਸੇ ਕਾਰਨ ਹੀ ਕਿਸੇ ਨਾਲ਼ ਲੜਾਈ-ਝਗੜਾ ਕਰੇ, ਉਦੋਂ ਆਖਦੇ ਹਨ।

**ਤਨ ਸੁਖੀ ਮਨ ਸੁਖੀ**—ਭਾਵ ਇਹ ਹੈ ਕਿ ਜਦੋਂ ਸਰੀਰ ਨੂੰ ਕਿਸੇ ਕਿਸਮ ਦੀ ਬੀਮਾਰੀ ਨਾ ਹੋਵੇ ਜਾਂ ਸਰੀਰ ਨੂੰ ਪੂਰਾ ਸੁਖ ਅਰਾਮ ਮਿਲੇ, ਉਦੋਂ ਮਨ ਸ਼ਾਂਤ ਰਹਿੰਦਾ ਹੈ

**ਤਬੇਲੇ ਦਾ ਘੋੜਾ, ਮਦਰਸੇ ਦਾ ਮੁੰਡਾ ਬਿਨਾਂ ਛੂਛਕੋਂ ਸਿੱਧੇ ਨਹੀਂ ਹੁੰਦੇ**—ਭਾਵ ਇਹ ਹੈ ਕਿ ਤਬੇਲਾ ਦਾ ਘੋੜਾ ਅਤੇ ਸਕੂਲ ਪੜ੍ਹਦਾ ਮੁੰਡਾ ਡੰਡੇ ਬਿਨਾਂ ਸੂਤ ਨਹੀਂ ਆਉਂਦੇ, ਲਾਡ ਲਡਾਇਆਂ ਵਿਗੜ ਜਾਂਦੇ ਹਨ।

**ਤਬੇਲੇ ਦੀ ਬਲਾ ਬਾਂਦਰ ਦੇ ਸਿਰ**—ਜਦੋਂ ਦੋਸ਼ੀ ਤਾਂ ਕੋਈ ਹੋਰ ਹੋਵੇ, ਸਜ਼ਾ ਕਿਸੇ ਹੋਰ ਨੂੰ ਭੁਗਤਣੀ ਪਵੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਤਰ ਓਏ ਸੂਰਮਿਆਂ ਆਪਣੀ ਬਾਹੀਂ**—ਜਦੋਂ ਕਿਸੇ ਪਾਸੇ ਤੋਂ ਸਹਾਇਤਾ ਮਿਲਣ ਦੀ ਆਸ ਨਾ ਹੋਵੇ, ਆਪਣੇ ਆਪ ਹੀ ਕੰਮ ਨੇਪਰੇ ਚਾੜ੍ਹਨ ਲਈ ਆਪਣੇ ਮਨ ਨੂੰ ਤਕੜਾ ਕਰਨ ਵਾਸਤੇ ਇਹ ਅਖਾਣ ਵਰਤਦੇ ਹਨ।

**ਤਰ ਗਏ ਜਣੇਂਦੇ, ਅੱਖਾਂ ਨੂਟ ਕੇ ਲਾਵਾਂ ਦੇਂਦੇ**—ਜਦੋਂ ਕੋਈ ਆਪਣੀ ਧੀ ਦੇ ਪੈਸੇ ਵਟਕੇ ਉਸ ਨੂੰ ਕਿਸੇ ਅਣਜੋੜ ਸਾਥੀ ਨਾਲ਼ ਵਿਆਹ ਦੇਵੇ, ਉਦੋਂ ਇੰਜ ਆਖਦੇ ਹਨ।

**ਤ੍ਰੇਏ ਵੰਨ ਕਵੰਨ, ਮੱਝ ਡੱਬੀ, ਭੇਡ ਭਸਲੀ ਤੇ ਦਾੜ੍ਹੀ ਵਾਲ਼ੀ ਰੰਨ**—ਉੱਪਰ ਦੱਸੀ ਕਿਸਮ ਦੀ ਮੱਝ, ਭੇਡ ਤੇ ਤੀਵੀਂ ਨੂੰ ਚੰਗਾ ਨਹੀਂ ਸਮਝਿਆ ਜਾਂਦਾ।

**ਤਰਸਦੀ ਨੇ ਦਿੱਤਾ, ਵਿਲਕਦੀ ਨੇ ਖਾਧਾ, ਨਾ ਜੀਭ ਜਲੀ ਨਾ ਸੁਆਦ ਆਇਆ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਜਦੋਂ ਕੋਈ ਜਣਾ ਮੱਥੇ ਵੱਟ ਪਾ ਕੇ ਕੋਈ ਚੀਜ਼ ਕਿਸੇ ਨੂੰ ਦੇਵੇ, ਉਦੋਂ ਲੈਣ ਵਾਲ਼ੇ ਨੂੰ ਕੋਈ ਖ਼ੁਸ਼ੀ ਨਹੀਂ ਹੁੰਦੀ।

**ਤਰਖਾਣ ਸਿੱਧਾ ਹੋਵੇ ਲਕੜੀ ਆਪੇ ਸਿੱਧੀ ਹੋ ਜਾਂਦੀ ਹੈ**—ਭਾਵ ਇਹ ਹੈ ਕਿ ਜੇਕਰ ਕਾਰੀਗਰ ਸਿਆਣਾ ਹੋਵੇ ਤਾਂ ਉਹ ਘਟੀਆ ਸਮਾਨ ਤੋਂ ਵੀ ਕੰਮ ਲੈ ਲੈਂਦਾ ਹੈ।

**ਤ੍ਰੀਹ ਪੁੱਤਰ ਤੇ ਚਾਲੀ ਪੋਤਰੇ, ਅਜੇ ਵੀ ਬਾਬਾ ਘਾਹ ਖੋਤਰੇ**—ਜਦੋਂ ਕੋਈ ਬਜ਼ੁਰਗ ਪੁੱਤ, ਪੋਤਰਿਆਂ ਵਾਲ਼ਾ ਹੋ ਕੇ ਵੀ ਮਿਹਨਤ ਮਜ਼ਦੂਰੀ ਕਰੇ ਜਾਂ ਜਿਸ ਨੂੰ ਉਸ ਦੀ ਔਲਾਦ ਸਾਂਭੇ ਨਾ, ਰੁਲਦਾ ਫਿਰੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਤ੍ਰੇਹ ਲੱਗਣ ਤੇ ਖੂਹ ਨਹੀਂ ਪੁੱਟਣ ਹੁੰਦੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਚੀਜ਼ ਦੀ ਲੋੜ ਵੇਲੇ ਉਸ ਦੀ ਪ੍ਰਾਪਤੀ ਲਈ ਭੱਜ-ਨੱਠ ਕੀਤੀ ਜਾਵੇ।

**ਤ੍ਰੇਲ ਚੱਟਿਆਂ ਤ੍ਰੇਹ ਨਹੀਂ ਲਹਿੰਦੀ**—ਭਾਵ ਇਹ ਹੈ ਕਿ ਜ਼ਰੂਰੀ ਖ਼ਰਚ ਕਰਨ ਵੇਲੇ ਕਿਰਸ ਕਰਨ ਨਾਲ਼ ਕੰਮ ਨਹੀਂ ਚਲਦਾ।

**ਤਲਵਾਰ ਦਾ ਫੱਟ ਮਿਲ਼ ਜਾਂਦੈ, ਜ਼ਬਾਨ ਦਾ ਨਹੀਂ ਮਿਲ਼ਦਾ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਕਿਸੇ ਦੋਸਤ-ਮਿੱਤਰ ਜਾਂ ਸ਼ਰੀਕ ਵੱਲੋਂ ਬੋਲੇ ਚੁੱਭਵੇਂ ਬੋਲ ਨਹੀਂ ਭੁੱਲਦੇ ਤਰਵਾਰ ਦਾ ਫਟ ਮਿਲ਼ ਜਾਂਦਾ ਹੈ।

**ਤਵੇ ਤੇ ਆ ਕੇ ਰੱਬ ਦੀ ਮਾਰ**—ਜਦੋਂ ਕੋਈ ਬੰਦਾ ਉਂਜ ਤੇ ਚੰਗਾ ਭਲਾ ਹੋਵੇ, ਪ੍ਰੰਤੂ ਕੰਮ ਕਰਨ ਨੂੰ ਆਖਣ 'ਤੇ ਮੱਥੇ ਵੱਟ ਪਾ ਲਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਤਵੇ ਵਾਲ਼ੀ ਤੇਰੀ ਤੇ ਹੱਥ ਵਾਲ਼ੀ ਮੇਰੀ**—ਇਹ ਅਖਾਣ ਚਲਾਕ ਬੰਦੇ ਲਈ ਉਦੋਂ ਵਰਤਦੇ ਹਨ ਜਦੋਂ ਉਹ ਚਲਾਕੀ ਨਾਲ਼ ਠੱਗਣ ਦਾ ਯਤਨ ਕਰੇ।

**ਤਾਏ ਦੀ ਧੀ ਚੱਲੀ ਮੈਂ ਕਿਉਂ ਰਹਾਂ ਕੱਲੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਕਿਸੇ ਦੀ ਰੀਸੋ ਰੀਸ ਕੰਮ ਕਰੇ।

**ਤਾਰ ਹਿੱਲੀ ਤੇ ਰਾਗ ਬੁੱਝਿਆ**—ਜਦੋਂ ਕਿਸੇ ਦਾ ਇਸ਼ਾਰਾ ਕਰਨ ਤੇ ਕਹਿਣ ਵਾਲ਼ੇ ਦੀ ਗੱਲ ਸਮਝ ਪੈ ਜਾਵੇ, ਉਦੋਂ ਇੰਜ ਆਖੀਦਾ ਹੈ।

**ਤਾਰੂ ਹਮੇਸ਼ਾ ਦਰਿਆ ਦੀ ਮੌਤ ਮਰਦਾ ਹੈ**—ਭਾਵ ਇਹ ਹੈ ਕਿ ਖ਼ਤਰਨਾਕ ਕੰਮ ਕਰਨ ਵਾਲ਼ੇ ਅਕਸਰ ਖ਼ਤਰਨਾਕ ਮੌਤ ਮਰਦੇ ਹਨ।

**ਤਾਲੋਂ ਘੁੱਥੀ ਡੂਮਣੀ ਬੋਲੇ ਤਾਲ ਬੇਤਾਲ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਮੌਕਾ ਖੁੰਝ ਜਾਣ ਤੇ ਕੋਈ ਇਧਰ-ਉਧਰ ਹੱਥ ਪੈਰ ਮਾਰੇ ਤੇ ਭਟਕਦਾ ਫਿਰੇ।

**ਤਾੜੀ ਦੋਹੀਂ ਹੱਥੀਂ ਵਜਦੀ ਹੈ**—ਭਾਵ ਸਪੱਸ਼ਟ ਹੈ ਕਿ ਲੜਾਈ-ਝਗੜਾ ਦੋਹਾਂ ਧਿਰਾਂ ਦੀ ਆਪਸੀ ਖਿੱਚੋਤਾਣ ਨਾਲ਼ ਹੁੰਦਾ ਹੈ। ਦੋਨੋਂ ਧਿਰਾਂ ਜ਼ਿੰਮੇਵਾਰ ਹਨ। ਜੇ ਆਪਸ ਵਿੱਚ ਸੁਲਾਹ ਸਫ਼ਾਈ ਹੋ ਜਾਵੇ ਤਾਂ ਝਗੜਾ ਮੁੱਕ ਜਾਂਦਾ ਹੈ।

**ਤਿੱਤਰ ਖੰਭੀ ਬਦਲੀ, ਮਿਹਰੀ (ਤੀਵੀਂ) ਸੁਰਮਾ ਪਾ, ਉਹ ਵਸਾਵੇ ਮੇਘਲਾ, ਉਹ ਨੂੰ ਖਸਮ ਦੀ ਚਾਹ**—ਭਾਵ ਇਹ ਹੈ ਕਿ ਤਿੱਤਰ ਖੰਭੀ ਬੱਦਲੀ ਜ਼ਰੂਰ ਮੀਂਹ ਵਰਸਾਉਂਦੀ ਹੈ, ਹਾਰ ਸ਼ਿੰਗਾਰ ਕਰਨ ਵਾਲ਼ੀ ਤੀਵੀਂ ਨੂੰ ਆਪਣੇ ਪਤੀ ਦੇ ਮਿਲਾਪ ਦੀ ਚਾਹਨਾ ਹੁੰਦੀ ਹੈ।

**ਤਿੱਤਰ ਖੰਭੀ ਬੱਦਲੀ, ਰੰਡੀ ਸੁਰਮਾ ਪਾਏ, ਉਹ ਵੱਸੇ ਉਹ ਉਜੜੇ (ਉਧਲੇ) ਕਦੇ ਨਾ ਬਿਰਥੀ ਜਾਏ**—ਇਸ ਅਖਾਣ ਦੇ ਭਾਵ ਅਰਥ ਸਪੱਸ਼ਟ ਹਨ, ਤਿੱਤਰ ਖੰਭੀ ਬਦਲੀ ਜ਼ਰੂਰ ਵਸਦੀ ਹੈ ਅਤੇ ਹਾਰ ਸ਼ਿੰਗਾਰ ਲਾ ਕੇ ਅੱਖ ਮਟੱਕੇ ਲਾਉਣ ਵਾਲ਼ੀ ਵਿਧਵਾ ਨਾਰ ਉੱਧਲ ਜਾਂਦੀ ਹੈ।

**ਤਿੰਨ ਚੀਜ਼ਾਂ ਮਿੱਠੀਆਂ ਨਾਗੀ, ਕੁੜਮ, ਕਮੀਨ, ਤਿੰਨ ਚੀਜ਼ਾਂ ਕੌੜੀਆਂ ਮਿਰਚ, ਤਮਾਕੂ, ਅਫ਼ੀਮ**—ਇਸ ਅਖਾਣ ਦਾ ਭਾਵ ਸਪੱਸ਼ਟ ਹੈ।

**ਤਿੰਨ ਬੁਲਾਏ ਤੇਰਾਂ ਆਏ, ਸੁਣ ਸੰਤਨ ਦੀ ਬਾਣੀ, ਰਾਧਾ ਕ੍ਰਿਸ਼ਨ ਗੋਬਿੰਦਾ, ਠੇਲ੍ਹ ਦਾਲ਼ ਮੇਂ ਪਾਣੀ**—ਇਹ ਅਖਾਣ ਉਦੋਂ ਬੋਲਿਆ ਜਾਂਦਾ ਹੈ ਜਦੋਂ ਅਚਾਨਕ ਹੀ ਘਰ ਵਿੱਚ ਬਹੁਤੇ ਪ੍ਰਾਹੁਣੇ ਆ ਜਾਣ ਤੇ ਡੰਗ ਸਾਰਨ ਲਈ ਦਾਲ਼ ਵਿੱਚ ਹੋਰ ਪਾਣੀ ਪਾ ਕੇ ਦਾਲ਼ ਵਧਾਉਣੀ ਪਵੇ।

**ਤਿੰਨਾਂ ਵਿੱਚ ਨਾ ਤੇਰਾਂ ਵਿੱਚ**—ਜਦੋਂ ਕੋਈ ਬੰਦਾ ਕਿਸੇ ਗਿਣਤੀ ਵਿੱਚ ਨਾ ਗਿਣਿਆਂ ਜਾਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਤਿੰਨੇ ਟੁੱਟੇ ਨਾ ਮਿਲਣ, ਪੱਥਰ, ਸ਼ੀਸ਼ਾ, ਚਿੱਤ**—ਇਹ ਅਖਾਣ ਅਟੱਲ ਸੱਚਾਈ ਨੂੰ ਦਰਸਾਉਂਦਾ ਹੈ। ਉਪਰੋਕਤ ਤਿੰਨੇ ਚੀਜ਼ਾਂ ਟੁੱਟ ਜਾਣ ਮਗਰੋਂ ਦੁਬਾਰਾ ਨਹੀਂ ਜੁੜਦੀਆਂ।

**ਤੀਜਾ ਰਲ਼ਿਆ ਤਾਂ ਕੰਮ ਗਲ਼ਿਆ**—ਆਮ ਲੋਕਾਂ ਵਿੱਚ ਇਹ ਵਹਿਮ ਪ੍ਰਚੱਲਿਤ ਹੈ ਕਿ ਤੀਜਾ ਬੰਦਾ ਨਹਿਸ਼ ਹੁੰਦਾ ਹੈ। ਜਦੋਂ ਤਿੰਨ ਜਣੇ ਰਲ਼ ਕੇ ਕਿਸੇ ਕੰਮ ਜਾਣ, ਉਹ ਕੰਮ ਸਿਰੇ ਨਾ ਲੱਗੇ, ਉਦੋਂ ਇੰਜ ਆਖਦੇ ਹਨ।

**ਤੀਰ ਕਮਾਨੋ ਤੇ ਬੋਲ ਜ਼ਬਾਨੋਂ ਨਿਕਲਕੇ ਮੁੜ ਨਹੀਂ ਆਉਂਦੇ**—ਭਾਵ ਸਪੱਸ਼ਟ ਹੈ ਕਿ ਕਮਾਨੋਂ ਚਲਿਆ ਤੀਰ ਤੇ ਜ਼ਬਾਨੋਂ ਬੋਲਿਆ ਬੋਲ ਕਦੀ ਵਾਪਸ ਨਹੀਂ ਮੁੜਦੇ, ਇਸ ਲਈ ਬੋਲਣ ਲੱਗਿਆਂ ਸੋਚ ਸਮਝ ਕੇ ਬੋਲਣਾ ਚਾਹੀਦਾ ਹੈ।

**ਤੀਰ ਨਹੀਂ ਤੁੱਕਾ ਹੀ ਸਹੀ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਕੰਮ ਦੇ ਨੇਪਰੇ ਚੜ੍ਹਨ ਦਾ ਪੂਰਾ ਭਰੋਸਾ ਨਾ ਹੋਵੇ।

**ਤੁਹਾਡਾ ਮਾਲ ਵਧੇ, ਸਾਡੀਆਂ ਬੁੱਕਾਂ ਵੱਧਣ**—ਜਦੋਂ ਇਹ ਦੱਸਣਾ ਹੋਵੇ ਕਿ ਇਕ ਦੇ ਫ਼ਾਇਦੇ ਵਾਲ਼ੀ ਗੱਲ ਦੋਹਾਂ ਧਿਰਾਂ ਲਈ ਫ਼ਾਈਦੇਮੰਦ ਸਾਬਤ ਹੋ ਸਕਦੀ ਹੈ, ਉਦੋਂ ਇਹ ਅਖਾਣ ਬੋਲਦੇ ਹਨ।

**ਤੁਖ਼ਮ ਤਾਸੀਰ, ਤੇ ਸਹੁਬਤ ਦਾ ਅਸਰ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਚੰਗੀ ਕੁਲ ਦਾ ਬੰਦਾ ਮਾੜੀ ਸੰਗਤ ਵਿੱਚ ਪੈ ਕੇ ਚੌੜ ਹੋ ਜਾਵੇ ਤੇ ਮਾੜੇ ਕੰਮ ਕਰੇ।

**ਤੁਰਤ ਦਾਨ ਮਹਾਂ ਦਾਨ**—ਭਾਵ ਇਹ ਹੈ ਕਿ ਚੰਗੇ ਕੰਮ ਕਰਨ ਲੱਗਿਆਂ ਦੇਰ ਨਹੀਂ ਕਰਨੀ ਚਾਹੀਦੀ, ਕਈ ਵਾਰ ਸਲਾਹ ਬਦਲ ਜਾਂਦੀ ਹੈ।

**ਤੁਰੀ ਹੋਈ ਜੂੰ ਵੀ ਮਾਣ ਨਹੀਂ ਹੁੰਦੀ**—ਇਸ ਅਖਾਣ ਵਿੱਚ ਉੱਦਮ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਸਹਿਜ ਤੋਰ ਤੁਰਿਆਂ ਵੀ ਬੰਦਾ ਆਪਣੀ ਮੰਜ਼ਿਲ 'ਤੇ ਪੁੱਜ ਜਾਂਦਾ ਹੈ।

**ਤੂੰ ਕਿਉਂ ਰੋਂਦੀ ਏਂ ਰੰਘੜ ਦੀ ਮਾਈ, ਆਪ ਰੋਣਗੇ ਜਿਨ੍ਹਾਂ ਲੜ ਲਾਈ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਇਹ ਦੱਸਣਾ ਹੋਵੇ ਕਿ ਜਿਸ ਨੇ ਜਿਹੋ ਜਿਹਾ ਕੰਮ ਕੀਤਾ ਹੈ, ਉਸ ਦੀ ਜ਼ਿੰਮੇਵਾਰੀ ਉਸੇ ਦੇ ਸਿਰ ਹੈ, ਹੋਰ ਕਿਸੇ ਨੂੰ ਚਿੰਤਾ ਕਰਨ ਦੀ ਲੋੜ ਨਹੀਂ।

**ਤੂੰ ਕੌਣ ਤੇ ਮੈਂ ਕੌਣ**—ਜਦੋਂ ਕੋਈ ਮਤਲਬੀ ਬੰਦਾ ਆਪਣਾ ਕੰਮ ਕੱਢ ਕੇ ਸਹਾਇਤਾ ਕਰਨ ਵਾਲ਼ੇ ਬੰਦੇ ਨੂੰ ਭੁੱਲ-ਭਲਾ ਦੇਵੇ, ਉਦੋਂ ਇੰਜ ਆਖਦੇ ਹਨ।

**ਤੂੰ ਕੌਣ? ਮੈਂ ਖਾਹ ਮਖਾਹ**—ਜਦੋਂ ਕੋਈ ਬੰਦਾ ਕਿਸੇ ਦੇ ਕੰਮ ਵਿੱਚ ਦਖ਼ਲ ਦੇਵੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਤੂੰ ਦਰਾਣੀ, ਮੈਂ ਜਠਾਣੀ, ਤੇਰੇ ਅੱਗ ਨਾ ਮੇਰੀ ਪਾਣੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਦੋਵੇਂ ਇਕੋ ਜਿਹੇ ਭੁੱਖੇ-ਨੰਗੇ ਗ਼ਰੀਬ ਇਕੱਠੇ ਹੋ ਕੇ ਮਿਲ਼ ਬੈਠਣ।

**ਤੂੰ ਨਾ ਪਾਈ ਛੱਪਰੀ, ਮੈਂ ਨਾ ਪਾਣੀ ਚੁਲ੍ਹ, ਜਿੱਧਰ ਮਰਜ਼ੀ ਆ ਉੱਧਰ ਜੁੱਲ**—ਜਦੋਂ ਦੋਵੇਂ ਧਿਰਾਂ ਇਕੋ ਜਿਹੀਆਂ ਲਾਪ੍ਰਵਾਹ ਤੇ ਦੂਰ ਦ੍ਰਿਸ਼ਟੀ ਤੋਂ ਕੋਰੀਆਂ ਮਿਲ਼ ਜਾਣ, ਉਦੋਂ ਇੰਜ ਆਖਦੇ ਹਨ।

**ਤੂੰ ਪਾਈ ਮੈਂ ਬੁੱਝੀ, ਕਾਣੀ ਅੱਖ ਨਾ ਰਹਿੰਦੀ ਗੁੱਝੀ**—ਜਦੋਂ ਕਿਸੇ ਦੀ ਗੱਲਬਾਤ ਵਿੱਚੋਂ ਉਸ ਦੀ ਚਲਾਕੀ ਤੇ ਹੁਸ਼ਿਆਰੀ ਦਾ ਪਤਾ ਲੱਗ ਜਾਵੇ, ਉਦੋਂ ਇੰਜ ਆਖਦੇ ਹਨ।

**ਤੂੰ ਮੇਰਾ ਮੁੰਡਾ ਖਿਡਾ, ਮੈਂ ਤੇਰੀ ਖੀਰ ਖਾਨੀ ਆਂ**—ਜਦੋਂ ਕੋਈ ਬੰਦਾ ਚਲਾਕੀ ਨਾਲ਼ ਕਿਸੇ ਨੂੰ ਨੁਕਸਾਨ ਪੁਚਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਤੇਰੀ ਅੱਖੋਂ ਨੂਰ ਝਬੱਕੇ, ਮੇਰਾ ਫ਼ੀਹਨਾ ਨੱਕ, ਦੋਵੇਂ ਧਿਰਾਂ ਇਕੋ ਜਹੀਆਂ, ਖ਼ਾਤਰ ਜਮਾਂ ਰੱਖ**—ਜਦੋਂ ਦੋਹਾਂ ਧਿਰਾਂ ਇਕੋ ਜਿਹੀਆਂ ਊਣਤਾਈਆਂ ਅਤੇ ਔਗੁਣਾਂ ਵਾਲ਼ੀਆਂ ਹੋਣ, ਉਦੋਂ ਇਹ ਅਖਾਣ ਬੋਲਦੇ ਹਨ।

**ਤੇਰੀ ਮਿਲੇ ਨਾ ਮਿਲੇ ਮੈਨੂੰ ਦੋ ਥਣ ਚੋ ਦੇ**—ਇਹ ਅਖਾਣ ਮਤਲਬੀ ਬੰਦਿਆਂ ਪ੍ਰਤੀ ਵਰਤਿਆ ਜਾਂਦਾ ਹੈ, ਭਾਵ ਇਹ ਹੈ ਕਿ ਮੇਰਾ ਕੰਮ ਬਣ ਜਾਵੇ, ਅਗਲੇ ਦਾ ਬਣੇ ਭਾਵੇਂ ਨਾ ਬਣੇ।

**ਤੇਰੀ ਰੀਸ ਉਹ ਕਰੇ ਜਿਹੜਾ ਟੰਗ ਚੁੱਕ ਕੇ ਮੂਤੇ**—ਇਹ ਅਖਾਣ ਸ਼ੇਖ਼ੀਆਂ ਮਾਰਨ ਵਾਲ਼ੇ ਦਾ ਮੂੰਹ ਬੰਦ ਕਰਨ ਲਈ ਇਸ਼ਾਰੇ ਵਜੋਂ ਵਰਤਦੇ ਹਨ।

**ਤੇਰੇ ਢਿੱਡ ਵਿੱਚ ਏ ਤੇ ਮੇਰੇ ਨਹੁੰਆਂ ਵਿੱਚ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਚਲਾਕ ਬੰਦੇ ਦੀ ਚਲਾਕੀ ਫੜ ਕੇ ਉਹ ਨੂੰ ਦੱਸਣ ਲਈ ਇਹ ਕਿਹਾ ਜਾਂਦਾ ਹੈ ਕਿ ਮੈਂ ਤੇਰੇ ਦਿਲ ਦੀ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਬਹੁਤਾ ਚਲਾਕ ਨਾ ਬਣ।

**ਤੇਲ ਤਿਲਾਂ ਵਿੱਚੋਂ ਹੀ ਨਿਕਲਦਾ ਹੈ**—ਦੁਕਾਨਦਾਰ ਆਮ ਕਰਕੇ ਇਹ ਅਖਾਣ ਬੋਲਦੇ ਹਨ। ਭਾਵ ਇਹ ਹੈ ਕਿ ਜੇ ਮਾਲ ਵੇਚਿਆਂ ਲਾਭ ਨਾ ਹੋਵੇ ਤਾਂ ਉਸ ਵਿੱਚੋਂ ਰਿਆਇਤ ਨਹੀਂ ਕੀਤੀ ਜਾ ਸਕਦੀ।

**ਤੇਲ ਦੇਖੋ ਤੇਲ ਦੀ ਧਾਰ ਦੇਖੋ**—ਇਹ ਅਖਾਣ ਕਿਸੇ ਕੰਮ ਲਈ ਢੁੱਕਵਾਂ ਸਮਾਂ ਵਿਚਾਰਨ ਤੇ ਉਡੀਕ ਕਰਨ ਦੀ ਪ੍ਰੇਰਨਾ ਦੇਣ ਲਈ ਬੋਲਿਆ ਜਾਂਦਾ ਹੈ।

**ਤੇਲਾਂ ਬਾਝ ਨਾ ਬਲਣ ਮਸ਼ਾਲਾਂ, ਦਰਦਾਂ ਬਾਝ ਨਾ ਆਹੀਂ**—ਭਾਵ ਇਹ ਹੈ ਕਿ ਦੁਖ ਦਰਦ ਬਿਨਾਂ ਆਹ ਨਹੀਂ ਨਿਕਲਦੀ ਤੇ ਤੇਲ ਬਿਨਾਂ ਮਿਸ਼ਾਲ ਨਹੀਂ ਜਲਾਈ ਜਾ ਸਕਦੀ।

**ਤੇਲੀ ਜੋੜੇ ਪਲੀ ਪਲੀ ਤੇ ਰੱਬ ਰੁੜ੍ਹਾਏ ਕੁੱਪਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਮਨੁੱਖ ਕੁਝ ਸੋਚਦਾ ਹੈ, ਕਈ ਤਰ੍ਹਾਂ ਦੇ ਸੁਪਨੇ ਉਸਾਰਦਾ ਹੈ ਪ੍ਰੰਤੂ ਪ੍ਰਮਾਤਮਾ ਪਲਾਂ ਵਿੱਚ ਹੀ ਉਸ ਦੀਆਂ ਸਕੀਮਾਂ ਢਹਿ-ਢੇਰੀ ਕਰਕੇ ਰੱਖ ਦਿੰਦਾ ਹੈ, ਇਸ ਲਈ ਰੱਬ ਦੇ ਭਾਣੇ ਅਨੁਸਾਰ ਚੱਲਣਾ ਚਾਹੀਦਾ ਹੈ।

**ਤੇਲੀ ਦੇ ਬਲਦ ਨੂੰ ਘਰੇ ਹੀ ਪੰਜਾਹ ਕੋਹ**—ਜਦੋਂ ਘਰ ਦੇ ਕੰਮ ਕਾਜਾਂ ਵਿੱਚੋਂ ਹੀ ਵਿਹਲ ਨਾ ਮਿਲੇ, ਬਾਹਰਲੇ ਕੰਮ ਨਾਲੋਂ ਘਰ ਦੇ ਕੰਮਾਂ ਵਿੱਚ ਜ਼ਿਆਦਾ ਖੇਚਲ ਕਰਨੀ ਪਵੇ, ਉਦੋਂ ਇਹ ਅਖਾਣ ਵਰਤਦੇ ਹਨ। ਕੋਹਲੂ ਦਾ ਬੈਲ ਕੋਹਲੂ ਦੇ ਦੁਆਲੇ ਹੀ ਚੱਕਰ ਕੱਢਦਾ ਰਹਿੰਦਾ ਹੈ।

**ਤੇਲੀ ਵੀ ਕੀਤਾ, ਰੁੱਖਾ ਵੀ ਖਾਧਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਆਪਣੀ ਮਰਜ਼ੀ ਦੇ ਉਲਟ ਕੰਮ ਕਰੇ ਪ੍ਰੰਤੂ ਉਸ ਵਿੱਚ ਉਸ ਨੂੰ ਕੋਈ ਲਾਭ ਜਾਂ ਖ਼ੁਸ਼ੀ ਪ੍ਰਾਪਤ ਨਾ ਹੋਵੇ।

**ਤੌੜੀ ਵਿੱਚੋਂ ਇਕੋ ਦਾਣਾ ਹੀ ਟੋਹੀਦਾ ਹੈ**—ਭਾਵ ਇਹ ਹੈ ਕਿ ਕਿਸੇ ਬੰਦੇ ਦੀ ਇਕ ਅੱਧ ਗੱਲ ਤੋਂ ਹੀ ਉਸ ਦੇ ਕਿਰਦਾਰ ਤੇ ਸੁਭਾਅ ਦਾ ਪਤਾ ਲੱਗ ਜਾਂਦਾ ਹੈ ਕਿ ਉਹ ਕਿੰਨੇ ਕੁ ਪਾਣੀ 'ਚ ਹੈ।

## ਥ

**ਥਲਾਂ ਦੇ ਪਲੇ ਪਾਣੀ ਵਿੱਚ ਗਲ਼ੇ**—ਜਦੋਂ ਕਿਸੇ ਨੂੰ ਉਸ ਦੇ ਸੁਭਾਅ, ਆਦਤ ਜਾਂ ਰਹਿਣ-ਸਹਿਣ ਅਨੁਕੂਲ ਵਾਤਾਵਰਣ ਨਾ ਮਿਲਣ ਕਾਰਨ ਤਕਲੀਫ਼ ਅਤੇ ਬੇਅਰਾਮੀ ਮਹਿਸੂਸ ਹੋਵੇ, ਉਦੋਂ ਇੰਜ ਆਖਦੇ ਹਨ।

**ਥੁੱਕੀਂ ਵੜੇ ਨਹੀਂ ਪੱਕਦੇ**—ਜਦੋਂ ਮਾਲਕ ਕੰਮ ਤਾਂ ਚੰਗੇ ਚੋਖਾ ਚਾਹੇ ਪ੍ਰੰਤੂ ਦਿਲ ਖੋਲ੍ਹ ਕੇ ਪੈਸੇ ਨਾ ਖ਼ਰਚੇ, ਉਦੋਂ ਇਹ ਅਖਾਣ ਬੋਲਦੇ ਹਨ।

**ਥੱਥੇ ਸ਼ਾਹ ਦੀਆਂ ਮਨ ਵਿੱਚ ਥੇਪਾਂ, ਪੰਜੀਂ ਲਵਾਂ ਪੰਜਾਹੀਂ ਵੇਚਾਂ**—ਜਦੋਂ ਕੋਈ ਬੰਦਾ ਖ਼ਾਲੀ ਪਲਾਓ ਪਕਾਉਣ ਦੀਆਂ ਗੱਲਾਂ ਕਰੇ ਤੇ ਅਸਲ ਗੱਲ ਵਲ ਨਾ ਆਵੇ, ਉਦੋਂ ਆਖਦੇ ਹਨ।

**ਥੋੜ ਬੁਰੀ 'ਕ ਛੁਰੀ**—ਇਹ ਅਖਾਣ ਦਰਸਾਉਂਦਾ ਹੈ ਕਿ ਗ਼ਰੀਬੀ ਛੁਰੀ ਨਾਲ਼ੋਂ ਵੀ ਵੱਧ ਦੁਖਦਾਇਕ ਹੈ।

**ਥੋੜ੍ਹਾ ਖਾਣਾ ਸੁਖੀ ਰਹਿਣਾ**—ਭਾਵ ਇਹ ਹੈ ਕਿ ਲੋੜ ਤੋਂ ਵੱਧ ਖਾਣ ਨਾਲ਼ ਸਰੀਰ ਨੂੰ ਕਈ ਰੋਗ ਲੱਗ ਜਾਂਦੇ ਹਨ, ਸੰਜਮ ਨਾਲ਼ ਕੀਤੀ ਕਮਾਈ ਸ਼ਾਂਤੀ ਦਿੰਦੀ ਹੈ।

**ਥੋੜ੍ਹਾ ਲੱਦ ਸਵੇਰੇ ਆ**—ਇਹ ਅਖਾਣ ਵਪਾਰੀ ਵਰਤਦੇ ਹਨ। ਭਾਵ ਇਹ ਹੈ ਕਿ ਥੋੜ੍ਹਾ ਨਫ਼ਾ ਕਮਾ ਕੇ ਮਾਲ ਛੇਤੀ ਵੇਚ ਦੇਣਾ ਚਾਹੀਦਾ ਹੈ।

**ਥੋੜੀ ਖਾਏ ਆਪ ਨੂੰ ਬਹੁਤੀ ਖਾਏ ਗਾਹਕ ਨੂੰ**—ਇਸ ਅਖਾਣ ਦਾ ਭਾਵ ਇਹ ਹੈ ਕਿ ਵਪਾਰ ਵਿੱਚ ਥੋੜ੍ਹੀ ਪੂੰਜੀ ਲਾਉਣ ਨਾਲ਼ ਲਾਭ ਨਹੀਂ ਹੁੰਦਾ, ਪੂੰਜੀ ਬਹੁਤੀ ਖ਼ਰੀਦਣ ਨਾਲ਼ ਸੌਦੇ ਨਾਲ਼ ਭਰੀ-ਭਰੀ ਦੁਕਾਨ ਵੇਖ ਕੇ ਗਾਹਕ ਛੇਤੀ ਫਸਦੇ ਹਨ।

## ਦ

**ਦਸ ਫ਼ਕੀਰ ਇਕ ਗੋਦੜੀ ਵਿੱਚ ਸਮਾ ਜਾਂਦੇ ਹਨ, ਦੋ ਬਾਦਸ਼ਾਹ ਇਕ ਰਾਜ ਵਿੱਚ ਨਹੀਂ ਸਮਾ ਸਕਦੇ**—ਭਾਵ ਇਹ ਕਿ ਗ਼ਰੀਬ ਤਾਂ ਰਲ਼ ਕੇ ਕੱਟ ਲੈਂਦੇ ਹਨ ਪ੍ਰੰਤੂ ਅਮੀਰ ਆਪਸ ਵਿੱਚ ਖਹਿੰਦੇ ਰਹਿੰਦੇ ਹਨ।

**ਦਹੀਂ ਦੇ ਭੁਲੇਖੇ ਕਪਾਹ ਦੀ ਫੁੱਟੀ ਨਹੀਂ ਖਾਈਦੀ**—ਭਾਵ ਇਹ ਹੈ ਕਿ ਚੰਗੀ-ਮੰਦੀ ਚੀਜ਼ ਅਤੇ ਸੱਜਣ-ਦੁਸ਼ਮਣ ਦੇ ਫ਼ਰਕ ਨੂੰ ਸਮਝਣ ਵਿੱਚ ਹੀ ਭਲਾ ਹੈ।

**ਦੰਦ ਸੀ ਚਣੇ ਨਹੀਂ ਸੀ, ਚਣੇ ਨੇ ਦੰਦ ਨਹੀਂ**—ਜਦੋਂ ਇਹ ਦੱਸਣਾ ਹੋਵੇ ਕਿ ਜਦੋਂ ਸ਼ਕਤੀ ਸੀ ਉਦੋਂ ਸੁਖ-ਆਰਾਮ ਨਹੀਂ ਸਨ, ਜਦੋਂ ਸੁਖ ਅਰਾਮ ਪ੍ਰਾਪਤ ਹੋਇਆ ਹੈ ਤਾਂ ਹੁਣ ਇਹਨਾਂ ਨੂੰ ਮਾਨਣ ਦੀ ਸ਼ਕਤੀ ਜਾਂ ਚਾਹ ਨਹੀਂ ਰਹੀ।

**ਦੱਦਾ ਨਹੀਂ ਪੜ੍ਹਿਆ, ਲੱਲਾ ਪੜ੍ਹਿਆ ਏ**—ਇਹ ਅਖਾਣ ਉਸ ਖ਼ੁਦਗਰਜ਼ ਬੰਦੇ ਵੱਲ ਇਸ਼ਾਰਾ ਕਰਦਾ ਹੈ ਜਿਹੜਾ ਹਰ ਪਲ ਕੁਝ ਨਾ ਕੁਝ ਲੈਣ ਦੀ ਇੱਛਾ ਰੱਖੇ ਪ੍ਰੰਤੂ ਪੱਲਿਓਂ ਕੁਝ ਨਾ ਦੇਵੇ।

**ਦੰਮ ਹੀ ਦੰਮ ਨਾ ਧੋਖਾ ਨਾ ਗ਼ੰਮ**—ਇਹ ਅਖਾਣ ਛੜੇ ਮਲੰਗਾਂ ਬਾਰੇ ਹੈ ਜਿਨ੍ਹਾਂ ਨੂੰ ਕਿਸੇ ਹੋਰ ਦੀ ਚਿੰਤਾ ਨਹੀਂ ਹੁੰਦੀ।

**ਦੰਮ ਲੱਗਣ ਸ਼ਾਹਾਂ ਦੇ ਸੁਖੀ ਦੀ ਸਰਾਂ**—ਜਦੋਂ ਰੁਪਿਆ ਪੈਸਾ ਕਿਸੇ ਹੋਰ ਦਾ ਲੱਗੇ ਤੇ ਵਡਿਆਈ ਕਿਸੇ ਹੋਰ ਦੀ ਹੋਵੇ, ਉਦੋਂ ਇੰਜ ਆਖਦੇ ਹਨ।

**ਦੰਮਾਂ ਨਾਲ਼ ਦਮਾਮੇ ਵਜਦੇ ਹਨ**—ਇਸ ਅਖਾਣ ਦਾ ਭਾਵ ਇਹ ਹੈ ਕਿ ਪੱਲਿਓਂ ਪੈਸੇ ਖ਼ਰਚ ਕਰਕੇ ਹੀ ਸ਼ੋਭਾ ਕਰਵਾਈ ਜਾਂਦੀ ਹੈ।

**ਦਰਿਆ ਦਾ ਹਮਸਾਇਆ ਨਾ ਭੁੱਖਾ ਨਾ ਤਿਹਾਇਆ**—ਭਾਵ ਇਹ ਹੈ ਕਿ ਕਿਸੇ ਬਖ਼ਤਾਵਰ ਗੁਆਂਢੀ ਦੇ ਗੁਆਂਢ ਵੱਸਣ ਵਾਲ਼ੇ ਸਧਾਰਨ ਪਰਿਵਾਰ ਦੀਆਂ ਲੋੜਾਂ ਅਕਸਰ ਗੁਆਂਢੀ ਪੂਰੀਆਂ ਕਰ ਦਿੰਦੇ ਹਨ।

**ਦੜ ਵੱਟ ਜ਼ਮਾਨਾ ਕੱਟ ਭਲੇ ਦਿਨ ਆਉਣਗੇ**—ਜਦੋਂ ਇਹ ਸਮਝਾਉਣਾ ਹੋਵੇ ਕਿ ਮਾੜੇ ਦਿਨ ਸਦਾ ਨਹੀਂ ਰਹਿੰਦੇ, ਭਲੇ ਦਿਨ ਵੀ ਆਉਣਗੇ, ਉਦੋਂ ਇਹ ਅਖਾਣ ਵਰਤਦੇ ਹਨ।

**ਦਾਈ ਕੋਲੋਂ ਪੇਟ ਲੁਕਿਆ ਨਹੀਂ ਰਹਿੰਦਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਘਰ ਦੇ ਭੇਤੀ ਪਾਸੋਂ ਘਰ ਦੀ ਕੋਈ ਗੱਲ ਲੁਕੀ-ਛਿਪੀ ਨਹੀਂ ਰਹਿੰਦੀ।

**ਦਾਣੇ ਦਾਣੇ ਸਿਰ ਮੋਹਰ ਹੁੰਦੀ ਹੈ**—ਭਾਵ ਅਰਥ ਇਹ ਹੈ ਕਿ ਹਰ ਕੋਈ ਆਪਣਾ ਨਸੀਬ ਖਾਂਦਾ ਹੈ, ਜਿੱਥੇ ਵੀ ਜਾਵੇ ਉਸ ਨੂੰ ਖਾਣ ਨੂੰ ਮਿਲ ਜਾਂਦਾ ਹੈ।

**ਦਾਤਾ ਕਾਲ਼ ਪਰਖੀਏ, ਧਣਿਉਂ (ਦੁੱਧ ਦੇਣ ਵਾਲ਼ੀ ਗਾਂ) ਫੱਗਣ ਮਾਂਹ**—ਭਾਵ ਇਹ ਹੈ ਕਿ ਔਖੇ ਵੇਲੇ ਸੱਜਣ-ਮਿੱਤਰ ਪਰਖ਼ੇ ਜਾਂਦੇ ਹਨ ਅਤੇ ਗਾਂ ਦੀ ਪਰਖ਼ ਦੁੱਧ ਦੀ ਤੋਟ ਵਾਲ਼ੇ ਮਹੀਨੇ ਫੱਗਣ ਵਿੱਚ ਹੁੰਦੀ ਹੈ।

**ਦਾਤਾ ਦਾਨ ਕਰੇ ਭੰਡਾਰੀ ਦਾ ਪੇਟ ਫਟੇ**—ਜਦੋਂ ਕੋਈ ਬੰਦਾ ਕਿਸੇ ਗ਼ਰੀਬ ਦੀ ਸਹਾਇਤਾ ਕਰਦਿਆਂ ਵੇਖ ਕੇ ਸੜੇ, ਉਦੋਂ ਇਹ ਅਖਾਣ ਵਰਤਦੇ ਹਨ।

**ਦਾਦ ਪਰਾਏ, ਹਾਲੀ ਹੋਰ, ਜਿਵੇਂ ਭਾਵੇਂ ਤਿਵੇਂ ਟੋਰ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਹਰ ਨਿੱਕੇ ਮੋਟੇ ਕੰਮ ਲਈ ਕਿਸੇ ਦਾ ਮੁਥਾਜ ਹੋਵੇ।

**ਦਾਨਾ ਦੁਸ਼ਮਣ, ਮੂਰਖ਼ ਸੱਜਣ ਨਾਲੋਂ ਚੰਗਾ**—ਭਾਵ ਸਪੱਸ਼ਟ ਹੈ ਕਿ ਸਿਆਣਾ

ਦੁਸ਼ਮਣ ਮੂਰਖ਼ ਮਿੱਤਰ ਨਾਲ਼ੋਂ ਚੰਗਾ ਹੁੰਦਾ ਹੈ, ਮੂਰਖ਼ ਮਿੱਤਰ ਦੀ ਮੂਰਖ਼ਤਾ ਨਾਲ਼ ਕਈ ਵਾਰ ਨਮੋਸ਼ੀ ਸਹਿਣੀ ਪੈਂਦੀ ਹੈ।

**ਦਾਲ ਅਲੂਣੀ ਤੇ ਕਪੜੇ ਸਬੂਣੀ**—ਇਹ ਅਖਾਣ ਉਹਨਾਂ ਸਫ਼ੈਦਪੋਸ਼ਾਂ ਦੀ ਮਨੋਭਾਵਨਾ ਨੂੰ ਪ੍ਰਗਟ ਕਰਦਾ ਹੈ ਜੋ ਭੁੱਖੇ ਰਹਿੰਦੇ ਹੋਏ ਵੀ ਬਣ-ਠਣ ਕੇ ਬਾਹਰ ਨਿਕਲਦੇ ਹਨ।

**ਦਾਲ ਟਿੱਕੀ ਖਾਹ, ਨੱਕ ਦੀ ਸੇਧੇ ਜਾਹ**—ਇਹ ਅਖਾਣ ਸਵਾਦ ਮਗਰ ਲੱਗੇ ਬੰਦੇ ਨੂੰ ਵਰਜਣ ਤੇ ਸਮਝਾਉਣ ਲਈ ਵਰਤਿਆ ਜਾਂਦਾ ਹੈ। ਸਾਦਾ ਖਾਣਾ ਸਿਹਤ ਲਈ ਗੁਣਕਾਰੀ ਹੈ।

**ਦਾਲ਼ ਵਿੱਚ ਕੁਝ ਕਾਲ਼ਾ ਕਾਲ਼ਾ ਹੈ**—ਜਦੋਂ ਕਿਸੇ ਮਾਮਲੇ ਵਿੱਚ ਦੂਜਾ ਬੰਦਾ ਕੋਈ ਗੱਲ ਛੁਪਾਉਣ ਦੀ ਕੋਸ਼ਿਸ਼ ਕਰੇ, ਉਦੋਂ ਇੰਜ ਆਖਦੇ ਹਨ।

**ਦਾੜ੍ਹੀ ਨਾਲ਼ੋਂ ਮੁੱਛਾਂ ਵੱਧ ਗਈਆਂ**—ਜਦੋਂ ਆਮਦਨ ਨਾਲੋਂ ਖ਼ਰਚ ਵੱਧ ਹੋ ਜਾਵੇ, ਜਾਂ ਉਦੋਂ ਜੇ ਕਿਸੇ ਛੋਟੀ ਵਸਤੂ 'ਤੇ ਵੱਡੀ ਨਾਲੋਂ ਵੱਧ ਖ਼ਰਚਾ ਕਰਨਾ ਪੈ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਦਿੱਤੀ ਖ਼ਲ ਨਾ ਖਾਏ ਭੜੂਆ ਕੋਹਲੂ ਚੱਟਣ ਜਾਏ**—ਜਦੋਂ ਕੋਈ ਬੰਦਾ ਦਿੱਤੀ ਚੀਜ਼ ਲੈਣ ਤੋਂ ਨਾਂਹ-ਨੁੱਕਰ ਕਰੇ ਪ੍ਰੰਤੂ ਮਗਰੋਂ ਉਸੇ ਚੀਜ਼ ਨੂੰ ਲੈਣ ਲਈ ਹੱਥ-ਪੈਰ ਮਾਰੇ, ਉਦੋਂ ਆਖਦੇ ਹਨ।

**ਦਿੱਤੇ ਬਾਝ ਨਾ ਉਤਰਦੇ ਹੁਦਾਰ ਪਰਾਏ**—ਭਾਵ ਇਹ ਹੈ ਕਿ ਕਿਸੇ ਪਾਸੋਂ ਲਿਆ ਹੋਇਆ ਕਰਜ਼ਾ ਮੋੜਨ 'ਤੇ ਹੀ ਖ਼ਲਾਸੀ ਹੁੰਦੀ ਹੈ।

**ਦਿਨ ਗਵਾਇਆ ਭੌਂ ਕੇ, ਰਾਤ ਗਵਾਈ ਸੌਂ ਕੇ**—ਕਿਸੇ ਵਿਹਲੜ ਤੇ ਨਿਕੰਮੇ ਬੰਦੇ ਬਾਰੇ ਗੱਲ ਕਰਦਿਆਂ ਇਹ ਅਖਾਣ ਵਰਤਦੇ ਹਨ।

**ਦਿਲ ਆਵੇ ਗਧੀ ਤੇ ਤਾਂ ਪਰੀ ਕੀ ਚੀਜ਼ ਐ**—ਜਦੋਂ ਕੋਈ ਜਣਾ ਚੰਗੀ ਚੀਜ਼ ਨੂੰ ਛੱਡ ਕੇ ਮੰਦੀ ਚੀਜ਼ ਨੂੰ ਪਸੰਦ ਕਰੇ, ਉਦੋਂ ਆਖੀਦਾ ਹੈ।

**ਦਿਲ ਹਰਾਮੀ ਹੁਜਤਾਂ ਢੇਰ**—ਜਦੋਂ ਕਿਸੇ ਦਾ ਕੰਮ ਕਰਨ ਨੂੰ ਮਨ ਨਾ ਮੰਨੇ ਐਵੇਂ ਬਹਾਨੇ ਘੜੀ ਜਾਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਦਿਲ ਹੋਵੇ ਚੰਗਾ, ਕਟੋਰੇ ਵਿੱਚ ਗੰਗਾ**—ਭਾਵ ਇਹ ਹੈ ਕਿ ਜੇ ਮਨ ਸਾਫ਼ ਹੋਵੇ ਤਾਂ ਬਾਹਰ ਤੀਰਥਾਂ 'ਤੇ ਜਾਣ ਦੀ ਲੋੜ ਨਹੀਂ ਘਰ ਵਿੱਚ ਹੀ ਗੰਗਾ ਹੈ।

**ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਯਤਨ ਕਰਨ ਮਗਰੋਂ ਵੀ ਕਿਸੇ ਦੇ ਦਿਲ ਦਾ ਭੇਤ ਨਾ ਪਾ ਸਕੇ।

**ਦਿਲ ਦਾ ਮਹਿਰਮ ਕੋਈ ਨਾ ਮਿਲਿਆ, ਜੋ ਮਿਲਿਆ ਸੋ ਗਰਜ਼ੀ**—ਜਦੋਂ ਕਿਸੇ

ਨੂੰ ਦਿਲੀ ਦੋਸਤ ਨਾ ਮਿਲਣ,ਜਿਹੜੇ ਮਿਲਣ ਸਭ ਮਤਲਬੀ, ਉਦੋਂ ਉਹ ਆਪਣੇ ਦਿਲ ਦਾ ਦੁੱਖ ਦੱਸਣ ਲਈ ਇਹ ਅਖਾਣ ਵਰਤਦਾ ਹੈ।

**ਦਿਲ ਦਿਲਾਂ ਦੇ ਜ਼ਾਮਨ ਹੁੰਦੇ ਹਨ**—ਭਾਵ ਇਹ ਹੈ ਕਿ ਮਿੱਤਰ ਪਿਆਰਿਆਂ ਦੇ ਦਿਲਾਂ ਵਿੱਚ ਇਕ-ਦੂਜੇ ਨੂੰ ਮਿਲਣ ਦੀ ਚਾਹ ਹੁੰਦੀ ਹੈ।

**ਦੀਪਕ ਬਲੇ ਹਨ੍ਹੇਰਾ ਜਾਏ**—ਜਦੋਂ ਕਿਸੇ ਦੇ ਮਾੜੇ ਦਿਨ ਲੰਘ ਜਾਣ ਤੇ ਖ਼ੁਸ਼ੀ ਦੇ ਦਿਨ ਪਰਤ ਆਉਣ, ਉਦੋਂ ਆਖਦੇ ਹਨ।

**ਦੀਵੇ ਥੱਲੇ ਅਨ੍ਹੇਰਾ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਜ਼ਿੰਮੇਵਾਰ ਵਿਅਕਤੀ ਦੇ ਕੋਲ ਹੀ ਬੇਨਿਯਮੀ ਤੇ ਬੇਈਮਾਨੀ ਹੁੰਦੀ ਹੋਵੇ।

**ਦੁਸ਼ਮਣ ਬਾਤ ਕਰੇ ਅਣਹੋਣੀ**—ਭਾਵ ਸਪੱਸ਼ਟ ਹੈ ਕਿ ਦੁਸ਼ਮਣ ਕਈ ਵਾਰ ਅਜਿਹੇ ਦੂਸ਼ਨ ਲਾਉਂਦੇ ਹਨ ਜਿਨ੍ਹਾਂ ਦਾ ਕੋਈ ਸਿਰ-ਪੈਰ ਨਹੀਂ ਹੁੰਦਾ।

**ਦੁਖ ਉਤਰਿਆ, ਰਾਮ ਵਿਸਰਿਆ**—ਭਾਵ ਇਹ ਹੈ ਕਿ ਦੁਖ ਟੁੱਟਣ ਮਗਰੋਂ ਪ੍ਰਮਾਤਮਾ ਨੂੰ ਕੋਈ ਯਾਦ ਨਹੀਂ ਕਰਦਾ।

**ਦੁੱਖਾਂ ਦੀਆਂ ਘੜੀਆਂ ਲੰਘਣ ਵਿੱਚ ਨਹੀਂ ਆਉਂਦੀਆਂ**—ਇਸ ਅਖਾਣ ਦਾ ਭਾਵ ਇਹ ਹੈ ਕਿ ਬੀਮਾਰੀ ਅਤੇ ਚਿੰਤਾ ਦਾ ਸਮਾਂ ਬਹੁਤ ਲੰਮਾ ਹੁੰਦਾ ਹੈ, ਚਿੰਤਾਵਾਨ ਮਨੁੱਖ ਆਪਣੇ ਦਿਲ ਦੀ ਵੇਦਨਾ ਪ੍ਰਗਟ ਕਰਨ ਲਈ ਇਹ ਅਖਾਣ ਅਕਸਰ ਬੋਲਦੇ ਹਨ।

**ਦੁਖੀਏ ਕੂੜ ਪਿਆਰਾ**—ਜਿਹੜਾ ਬੰਦਾ ਕਿਸੇ ਦੁਖੀ ਮਨੁੱਖ ਨੂੰ ਝੂਠੇ ਦਿਲਾਸੇ ਦੇਵੇ, ਉਹ ਉਸ ਨੂੰ ਚੰਗਾ ਲੱਗਦਾ ਹੈ।

**ਦੁਖੇ ਸਿਰ ਬੰਨ੍ਹੋ ਗੋਡਾ**—ਜਦੋਂ ਕਿਸੇ ਬੰਦੇ ਦੀ ਮੰਗ ਤਾਂ ਕੁਝ ਹੋਰ ਹੋਵੇ ਤੇ ਉਸ ਨੂੰ ਉਸ ਦੀ ਥਾਂ ਕੁਝ ਹੋਰ ਦੇ ਦਿੱਤਾ ਜਾਵੇ, ਉਦੋਂ ਇੰਜ ਆਖਦੇ ਹਾਂ।

**ਦੁੱਧ ਸਾਂਭੇ ਗੁਜਰੇਟੀ, ਧੰਨ ਸਾਂਭੇ ਖਤਰੇਟੀ**—ਇਹਨਾਂ ਦੋਹਾਂ ਜਾਤਾਂ ਦੇ ਜਾਤੀ ਸੁਭਾਅ ਦੱਸਣ ਲਈ ਇਹ ਅਖਾਣ ਬੋਲਿਆ ਜਾਂਦਾ ਹੈ।

**ਦੁੱਧ ਤੇ ਬੁੱਧ ਫਿਟਦਿਆਂ ਦੇਰ ਨਹੀਂ ਲੱਗਦੀ**—ਭਾਵ ਇਹ ਹੈ ਕਿ ਦੁੱਧ ਅਤੇ ਬੁੱਧ ਦਾ ਕੋਈ ਭਰਵਾਸਾ ਨਹੀਂ ਪਤਾ ਨਹੀਂ ਕਦੋਂ ਨੀਤ ਫਿਟ ਜਾਵੇ ਅਤੇ ਦੁੱਧ ਫਟ ਜਾਵੇ।

**ਦੁੱਧ ਦਾ ਸਾੜਿਆ ਲੱਸੀ ਨੂੰ ਵੀ ਫ਼ੂਕਾਂ ਮਾਰ ਕੇ ਪੀਂਦਾ ਹੈ**—ਜਦੋਂ ਕਿਸੇ ਸਾਊ ਮਨੁੱਖ ਪਾਸੋਂ ਧੋਖਾ ਖਾਣ ਮਗਰੋਂ ਕਿਸੇ ਹੋਰ ਸਾਊ ਮਨੁੱਖ ਦੀ ਨੀਅਤ 'ਤੇ ਸ਼ੱਕ ਕੀਤਾ ਜਾਵੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਦੁੱਧ ਦਾ ਦੁੱਧ ਪਾਣੀ ਦਾ ਪਾਣੀ**—ਜਦੋਂ ਕਿਸੇ ਮਾਮਲੇ ਵਿੱਚ ਪੂਰਾ ਇਨਸਾਫ਼ ਹੋਇਆ ਹੋਵੇ, ਉਦੋਂ ਆਖਦੇ ਹਨ।

**ਦੁੱਧਾਂ ਦੀਆਂ ਤ੍ਰੇਹਾਂ ਲੱਸੀਆਂ ਨਾਲ਼ ਨਹੀਂ ਲਹਿੰਦੀਆਂ**—ਭਾਵ ਇਹ ਹੈ ਕਿ ਅਸਲ ਚੀਜ਼ ਦਾ ਬਦਲ ਨਕਲੀ ਚੀਜ਼ ਨਹੀਂ ਹੁੰਦੀ।

**ਦੁਬਿਧਾ ਵਿੱਚ ਦੋਵੇਂ ਗਏ, ਨਾ ਮਾਇਆ ਮਿਲੀ ਨਾ ਰਾਮ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਦੁਬਿਧਾ ਜਾਂ ਦੁਚਿੱਤੀ ਦੀ ਅਵਸਥਾ ਚੰਗੀ ਨਹੀਂ ਹੁੰਦੀ। ਦ੍ਰਿੜ੍ਹਤਾ ਨਾਲ਼ ਫ਼ੈਸਲਾ ਕਰਨਾ ਚੰਗਾ ਹੁੰਦਾ ਹੈ, ਦੁਚਿੱਤੀ ਨੁਕਸਾਨ ਪਹੁੰਚਾਉਂਦੀ ਹੈ।

**ਦੂਜੇ ਦੀ ਅੱਖ ਦਾ ਤਿਣਕਾ ਵੀ ਦਿਸਦੈ, ਪਰ ਆਪਣੀ ਅੱਖ ਦਾ ਸ਼ਤੀਰ ਨਹੀਂ ਦਿਸਦਾ**—ਜਦੋਂ ਕੋਈ ਬੰਦਾ ਆਪਣੇ ਐਬਾਂ ਵੱਲ ਨਾ ਦੇਖੇ, ਪ੍ਰੰਤੂ ਦੂਜਿਆਂ ਦੇ ਐਬਾਂ ਬਾਰੇ ਵਧਾਅ-ਚੜ੍ਹਾਅ ਕੇ ਗੱਲਾਂ ਕਰੇ, ਉਦੋਂ ਇਹ ਅਖਾਣ ਬੋਲਦੇ ਹਨ।

**ਦੂਜੇ ਦੇ ਥਾਲ ਵਿੱਚ ਲੱਡੂ ਵੱਡਾ ਜਾਪਦੈ**—ਜਦੋਂ ਕੋਈ ਬੰਦਾ ਕਿਸੇ ਦੂਜੇ ਬੰਦੇ ਦੇ ਰਹਿਣ-ਸਹਿਣ ਨੂੰ ਆਪਣੇ ਰਹਿਣ-ਸਹਿਣ ਨਾਲ਼ੋਂ ਚੰਗਾ ਸਮਝੇ, ਉਦੋਂ ਆਖਦੇ ਹਨ।

**ਦੂਰ ਦੇ ਢੋਲ ਸੁਹਾਉਣੇ**—ਜਦੋਂ ਕਿਸੇ ਦੂਰ ਵਸਦੇ ਬੰਦੇ ਦੀ ਚੰਗੀ ਸੋਭਾ ਸੁਣੀ ਹੋਵੇ, ਪ੍ਰੰਤੂ ਵਾਹ ਪੈਣ 'ਤੇ ਉਸ ਦੇ ਉਲਟ ਨਿਕਲੇ ਤਾਂ ਇੰਜ ਆਖਦੇ ਹਾਂ।

**ਦੇਸੀ ਟੱਟੂ ਖੁਰਾਸਾਨੀ ਦੁਲੱਤੇ**—ਜਦੋਂ ਕੋਈ ਬੰਦਾ ਦੂਜੇ ਬੰਦਿਆਂ ਦੀ ਰੀਸ ਵਿੱਚ ਆਪਣੇ ਘਰ ਦੀ ਰਹੁ-ਰੀਤ ਤਿਆਗ ਦੇਵੇ ਓਦੋਂ ਇੰਜ ਆਖਦੇ ਹਨ।

**ਦੇਖਾ ਦੇਖੀ ਸਾਧਿਆ ਜੋਗ, ਛਿੱਜੀ ਕਾਇਆ ਵਧਿਆ ਰੋਗ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਕਿਸੇ ਦੀ ਰੀਸ ਕੋਈ ਕੰਮ ਸ਼ੁਰੂ ਕਰ ਬੈਠੇ ਤੇ ਪਿੱਛੋਂ ਪਛਤਾਵੇ।

**ਦੇਣ ਤੇ ਆਵੇ ਤਾਂ ਛੱਤ ਪਾੜ ਕੇ ਦੇਂਦਾ ਹੈ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਨੂੰ ਬਿਨਾਂ ਕਿਸੇ ਮਿਹਨਤ ਦੇ ਤੇ ਉੱਦਮ ਕਰਨ ਦੇ ਪ੍ਰਾਪਤੀ ਹੋ ਜਾਂਦੀ ਹੈ।

**ਦੇਣਾ ਭਲਾ ਨਾ ਬਾਪ ਕਾ, ਬੇਟੀ ਭਲੀ ਨਾ ਏਕ**—ਇਹ ਅਖਾਣ ਸ਼ਾਹੂਕਾਰਾਂ ਦੀਆਂ ਸਖ਼ਤੀਆਂ ਅਤੇ ਧੀਆਂ ਦੇ ਦੁਖਾਂ ਤੋਂ ਤੰਗ ਆ ਕੇ ਬੋਲਦੇ ਹਨ।

**ਦੋ ਤਾਂ ਮਿੱਟੀ ਦੇ ਵੀ ਬੁਰੇ**—ਭਾਵ ਇਹ ਹੈ ਕਿ ਜਦੋਂ ਕਿਸੇ ਤਕੜੇ ਮਨੁੱਖ ਦੇ ਟਾਕਰੇ ਤੇ ਦੋ ਜਣੇ ਖੜੇ ਹੋ ਜਾਣ ਭਾਵੇਂ ਉਹ ਮਾੜੇ ਹੀ ਹੋਣ, ਉਸ ਨੂੰ ਹਰਾ ਦਿੰਦੇ ਹਨ।

**ਦੋ ਤੇ ਦੋ ਚਾਰ ਰੋਟੀਆਂ**—ਭਾਵ ਇਹ ਹੈ ਕਿ ਗਰਜ਼ਮੰਦ ਹਰ ਮਸਲੇ ਨੂੰ ਆਪਣੀ ਲੋੜ ਅਨੁਸਾਰ ਹੀ ਦੇਖਦਾ ਹੈ, ਜਿਵੇਂ ਕਹਿੰਦੇ ਹਨ—ਬਾਤ ਪਾਵਾਂ ਟੁੱਕ।

**ਦੋ ਪਈਆਂ ਵਿਸਰ ਗਈਆਂ, ਯਾਰਾਂ ਦੀਆਂ ਰੱਬ ਬਲਾਈਂ**—ਜਦੋਂ ਕੋਈ ਢੀਠ ਬੰਦਾ ਕਿਸੇ ਤੋਂ ਮਾਰ ਕੁੱਟ ਖਾ ਕੇ ਵੀ ਪਹਿਲਾਂ ਵਾਂਗ ਹੀ ਬੇਪ੍ਰਵਾਹ ਬਣਿਆ ਫਿਰੇ, ਉਦੋਂ ਆਖਦੇ ਹਨ।

**ਦੋ ਵਲ਼ ਪੱਗ ਦੇ, ਤ੍ਰੈ ਹੱਥ ਤੁਰਾ**—ਇਹ ਅਖਾਣ ਫ਼ੋਕੀ ਸ਼ਾਨੋ-ਸ਼ੌਕਤ ਤੇ ਫ਼ੂੰ-ਫ਼ਾਂ ਕਰਨ ਵਾਲ਼ਿਆਂ ਬਾਰੇ ਬੋਲਿਆ ਜਾਂਦਾ ਹੈ।

**ਦੋ ਘਰਾਂ ਦਾ ਮਹਿਮਾਨ ਭੁੱਖਾ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਦੋ ਪਾਸਿਆਂ ਤੇ ਟੇਕ ਰੱਖਣ ਵਾਲ਼ਾ ਬੰਦਾ ਆਮ ਤੌਰ 'ਤੇ ਨਿਰਾਸ਼ ਹੁੰਦਾ ਹੈ।

**ਦੋਹਾਂ ਭੈਣਾਂ ਇੱਕੀ ਪਾਏ**—ਜਦੋਂ ਕੋਈ ਕਮਜ਼ੋਰ ਬੰਦਾ ਆਪਣੀ ਕਮਜ਼ੋਰੀ ਨੂੰ ਢਕਣ ਲਈ ਦੂਜੇ ਖਾਂਦੇ-ਪੀਂਦੇ ਰਿਸ਼ਤੇਦਾਰ ਦਾ ਆਸਰਾ ਲਵੇ, ਉਦੋਂ ਆਖਦੇ ਹਨ।

## ਧ

**ਧਨ ਦਈਏ ਜੀ ਰੱਖੀਏ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਧਨ ਖ਼ਰਚ ਕੇ ਹੀ ਜ਼ਿੰਦਗੀ ਦੇ ਸੁਖ ਮਾਣੇ ਜਾ ਸਕਦੇ ਹਨ।

**ਧਨ ਰੱਬ ਹੈ ਜਿਹੜਾ ਦੇ ਕੇ ਚਿਤਾਰਦਾ ਨਹੀਂ**—ਜਦੋਂ ਕੋਈ ਹੋਛਾ ਬੰਦਾ ਕਿਸੇ 'ਤੇ ਅਹਿਸਾਨ ਕਰਕੇ ਉਸ ਨੂੰ ਬਾਰ-ਬਾਰ ਚਿਤਾਰੇ, ਉਸ ਦੇ ਅਜਿਹੇ ਵਰਤਾਰੇ ਦੀ ਨਿੰਦਿਆ ਕਰਨ ਲਈ ਇਹ ਅਖਾਣ ਬੋਲਦੇ ਹਨ।

**ਧਰਮ ਨਾਲੋਂ ਧੜਾ ਪਿਆਰਾ**—ਭਾਵ ਇਹ ਹੈ ਕਿ ਜਿਹੜਾ ਬੰਦਾ ਤੁਹਾਡੀ ਔਖ-ਸੌਖ ਵਿੱਚ ਸਹਾਇਤਾ ਕਰੇ, ਚਾਹੇ ਉਹ ਕਿਸੇ ਹੋਰ ਧਰਮ ਦਾ ਵੀ ਹੋਵੇ, ਉਸ ਦੀ ਹਮਾਇਤ ਕਰਨੀ ਚਾਹੀਦੀ ਹੈ।

**ਧਾਈਆਂ ਵਾਲਾ ਪਿੰਡ ਪਰਾਲੀਉ ਹੀ ਦਿਸ ਪੈਂਦੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਕਿਸੇ ਬੰਦੇ ਦੀ ਬਾਹਰੀ ਸ਼ਕਲ ਸੂਰਤ ਤੋਂ ਹੀ ਉਸ ਦੀ ਅੰਦਰੂਨੀ ਹਾਲਤ ਦਾ ਪਤਾ ਲੱਗ ਜਾਂਦੈ।

**ਧੀ ਉਸਰੀ, ਖਾਣ ਪੀਣ ਵਿਸਰਿਆ**—ਇਸ ਅਖਾਣ ਦਾ ਭਾਵ ਇਹ ਹੈ ਕਿ ਧੀ ਦੇ ਜਵਾਨ ਹੁੰਦਿਆਂ ਹੀ ਮਾਪਿਆਂ ਨੂੰ ਉਸ ਦੇ ਦਾਜ ਦਾ ਫ਼ਿਕਰ ਲੱਗ ਜਾਂਦਾ ਹੈ, ਜਿਸ ਕਰਕੇ ਉਹ ਆਪਣੇ ਖ਼ਰਚਾਂ 'ਚ ਸੰਕੋਚ ਕਰਨ ਲੱਗ ਜਾਂਦੇ ਹਨ।

**ਧੀ ਆਈ ਪੇਕੇ, ਜਮਾਈ ਮੱਥਾ ਟੇਕੇ, ਧੀ ਗਈ ਸਹੁਰੇ, ਜਮਾਈ ਮੂਲ ਨਾ ਬਾਹੁੜੇ**—ਭਾਵ ਇਹ ਕਿ ਹਰ ਕੋਈ ਮਤਲਬ ਪੂਰਾ ਹੋਣ ਤੱਕ ਮਿੱਤਰ ਬਣਿਆ ਰਹਿੰਦਾ ਹੈ, ਮਤਲਬ ਪੂਰਾ ਹੋਣ ਮਗਰੋਂ ਬਾਤ ਨਹੀਂ ਪੁੱਛਦਾ।

**ਧੀ ਹਸਦੀ ਨਾ ਮਰੇ, ਧੀ ਵਸਦੀ ਨਾ ਮਰੇ, ਧੀ ਜੰਮਦੀ ਮਰ ਜਾਏ ਜਿਸ ਦਾ ਦੁਖ ਵੀ ਨਾ ਆਏ**—ਇਹ ਅਖਾਣ ਅਜੋਕੇ ਸਮਾਜ ਵਿੱਚ ਲੜਕੀ ਦੀ ਬੇਕਦਰੀ ਦਾ ਸੂਚਕ ਹੈ, ਜਿਸ ਕਰਕੇ ਮਾਪੇ ਧੀ ਦੇ ਜੰਮਣ ਸਾਰ ਹੀ ਮਰਨ ਦੀ ਲੋਚਾ ਕਰਦੇ ਹਨ।

**ਧੀ ਧਾੜਾ, ਪੁੱਤਰ ਪੇੜਾ, ਰੰਨ ਦੁੱਖਾਂ ਦਾ ਘਰ**—ਇਹ ਅਖਾਣ ਸਾਡੇ ਸਮਾਜ ਦੀ ਅਜੋਕੀ ਵਿਵਸਥਾ ਤੇ ਵਿਅੰਗ ਕਰਦਾ ਹੈ, ਜਿਸ ਵਿੱਚ ਪਿਉਂ-ਧੀ ਦੇ ਦਾਜ ਲਈ ਪੈਸਾ ਖ਼ਰਚ ਕਰਨ ਦੇ ਯੋਗ ਨਹੀਂ, ਉਹ ਆਪਣੀ ਘਰਵਾਲੀ ਤੋਂ ਵੀ ਦੁਖੀ ਹੈ, ਕੇਵਲ ਪੁੱਤਰ ਤੇ ਹੀ ਆਸ ਲਾਈ ਬੈਠਾ ਹੈ।

**ਧੀ ਨਹੀਓਂ ਤਾਂ ਖਾ ਲੈ, ਨੂੰਹ ਨਹੀਓਂ ਤਾਂ ਲਾ ਲੈ**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਧੀਆਂ ਵਾਲ਼ੀਆਂ ਮਾਵਾਂ ਖਾਣ-ਪੀਣ ਤੋਂ ਸਦਾ ਸੰਕੋਚ

ਕਰਦੀਆਂ ਹਨ ਤੇ ਸੱਸਾਂ ਨੂੰ ਆਪਣੇ ਪਹਿਰਾਵੇ ਨਾਲੋਂ ਨੂੰਹ ਦੇ ਪਹਿਰਾਵੇ ਦਾ ਵਧੇਰੇ ਖ਼ਿਆਲ ਰੱਖਣਾ ਪੈਂਦਾ ਹੈ। ਸੱਸ ਬਣ-ਠਣ ਕੇ ਰਹੇ ਤੇ ਨੂੰਹ ਦਾ ਪਹਿਰਾਵਾ ਸਧਾਰਨ ਹੋਵੇ ਤਾਂ ਲੋਕੀਂ ਉਂਗਲਾਂ ਕਰਦੇ ਹਨ। ਲੋਕ ਗੀਤ ਹੈ—ਮੇਰੀ ਸੱਸ ਦੇ ਚਿਲਕਣੇ ਬਾਲੇ, ਬਾਪੂ ਮੈਨੂੰ ਸੰਗ ਲਗਦੀ।

**ਧੀ ਮੋਈ ਜਵਾਈ ਚੋਰ**—ਇਹ ਅਖਾਣ ਮਤਲਬੀ ਬੰਦਿਆਂ ਲਈ ਵਰਤਿਆ ਜਾਂਦਾ ਹੈ ਜੋ ਮਤਲਬ ਪੂਰਾ ਹੋਣ ਮਗਰੋਂ ਪਤਰਾ ਵਾਚ ਜਾਂਦੇ ਹਨ।

**ਧੀਆਂ ਕੋਲੋਂ ਨਾ ਡਰੀਏ ਧੀਆਂ ਦੇ ਕਰਮਾਂ ਕੋਲੋਂ ਡਰੀਏ**—ਭਾਵ ਇਹ ਹੈ ਕਿ ਧੀਆਂ ਦੇ ਸਹੁਰੇ ਘਰ ਵਸੇਵੇ ਨਾਲ਼ ਹੀ ਮਾਪਿਆਂ ਦੀ ਚਿੰਤਾ ਜੁੜੀ ਹੁੰਦੀ ਹੈ। ਜੇਕਰ ਧੀ ਦੇ ਸਹੁਰੇ ਚੰਗੇ ਟੱਕਰ ਜਾਣ ਤੇ ਉਹ ਸੁਖੀ ਵਸੇ ਤਾਂ ਮਾਪਿਆਂ ਨੂੰ ਸੁਖ ਦਾ ਸਾਹ ਆਉਂਦਾ ਹੈ।

**ਧੀਆਂ ਧਨ ਪਰਾਇਆ**—ਭਾਵ ਸਪੱਸ਼ਟ ਹੈ ਕਿ ਧੀਆਂ ਪਰਾਇਆ ਧਨ ਹੁੰਦੀਆਂ ਹਨ, ਜਿਨ੍ਹਾਂ ਨੂੰ ਪਰਾਏ ਘਰ ਦੇ ਪੁੱਤਰ ਆ ਕੇ ਲੈ ਜਾਂਦੇ ਹਨ।

**ਧੀਰਾ ਸੋ ਗੰਭੀਰਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਧੀਰਜ ਕਰਨ ਵਾਲ਼ਾ ਬੰਦਾ ਸਦਾ ਗਹਿਰ ਗੰਭੀਰ ਰਹਿੰਦਾ ਹੈ।

**ਧੀਏ ਗਲ ਸੁਣ, ਨੂੰਹੇ ਕੰਨ ਕਰ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਗੱਲ ਦਾ ਭਾਵ ਕਿਸੇ ਹੋਰ ਨੂੰ ਸੁਣਾਉਣ ਦਾ ਹੋਵੇ ਤੇ ਗੱਲ ਕਿਸੇ ਹੋਰ ਨੂੰ ਆਖੀ ਜਾਵੇ।

**ਧੇਲੇ ਦੀ ਬੁੜ੍ਹੀ, ਟਕਾ ਸਿਰ ਮੁਨਾਈ**—ਜਦੋਂ ਕਿਸੇ ਮਾੜੀ ਮੋਟੀ ਚੀਜ਼ 'ਤੇ ਉਹਦੀ ਸਾਂਭ ਸੰਭਾਲ ਲਈ ਉਸ ਦੀ ਕੀਮਤ ਨਾਲ਼ੋਂ ਵੱਧ ਖ਼ਰਚਾ ਕਰਨਾ ਪੈ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ—ਇਹ ਅਖਾਣ ਉਸ ਆਦਮੀ ਪ੍ਰਤੀ ਵਰਤਿਆ ਜਾਂਦਾ ਹੈ ਜੋ ਦੋਹੀਂ ਪਾਸੀਂ ਟੰਗ ਅੜਾਵੇ ਪ੍ਰੰਤੂ ਕਿਸੇ ਪਾਸੇ ਜੋਗਾ ਨਾ ਰਹੇ।

**ਧੋਬੀਆਂ ਦੇ ਘਰ ਢੁੱਕੇ ਚੋਰ, ਉਹ ਨਾ ਲੁੱਟੇ ਲੁੱਟੇ ਹੋਰ**—ਜਦੋਂ ਕਿਸੇ ਦੇ ਘਰ ਕਿਸੇ ਹੋਰ ਦਾ ਰੱਖਿਆ ਹੋਇਆ ਸਮਾਨ ਚੋਰੀ ਹੋ ਜਾਵੇ, ਉਦੋਂ ਇੰਜ ਆਖਦੇ ਹਨ।

**ਧੌਲ਼ਾ ਝਾਟਾ, ਆਟਾ ਖ਼ਰਾਬ**—ਜਦੋਂ ਕੋਈ ਵਡੇਰੀ ਉਮਰ ਦਾ ਬੰਦਾ ਮਾੜੀ ਕਰਤੂਤ ਕਰ ਬੈਠੇ, ਉਦੋਂ ਇਹ ਅਖਾਣ ਵਰਤਦੇ ਹਨ।

## ਨ

**ਨਾਤ੍ਹਾ ਕਰਾੜ ਤੇ ਭੁੱਖਾ ਬਘਿਆੜ**—ਇਸ ਅਖਾਣ ਦਾ ਭਾਵ ਇਹ ਹੈ ਕਿ ਨਹਾਉਣ-ਧੋਣ ਮਗਰੋਂ ਭੁੱਖ ਚਮਕ ਪੈਂਦੀ ਹੈ।

**ਨਾਤ੍ਹੀ ਧੋਤੀ ਰਹਿ ਗਈ ਤੇ ਮੂੰਹ ਤੇ ਮੱਖੀ ਬਹਿ ਗਈ**—ਜਦੋਂ ਕਿਸੇ ਦਾ

ਆਰੰਭਿਆ ਹੋਇਆ ਕੰਮ ਲਗਭਗ ਪੂਰਾ ਹੋਣ ਵਾਲ਼ਾ ਹੋਵੇ, ਪ੍ਰੰਤੂ ਕਿਸੇ ਕਾਰਨ ਮੁਕੰਮਲ ਹੁੰਦਾ-ਹੁੰਦਾ ਰਹਿ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਨਹੁਆਂ ਨਾਲੋਂ ਮਾਸ ਵੱਖ ਨਹੀਂ ਹੁੰਦਾ**—ਜਦੋਂ ਕੋਈ ਸਾਕ ਸਬੰਧੀ ਅਕਾਰਨ ਹੀ ਰੁਸ ਜਾਵੇ, ਉਸ ਨੂੰ ਮਨਾਉਣ ਸਮੇਂ ਇਹ ਅਖਾਣ ਬੋਲਦੇ ਹਨ।

**ਨਕਦ ਅੱਜ ਹੁਦਾਰ ਕੱਲ੍ਹ**—ਉਦਾਰ ਨਾ ਮੋੜਨ ਵਾਲ਼ਿਆਂ ਤੋਂ ਤੰਗ ਆ ਕੇ ਅਕਸਰ ਦੁਕਾਨਦਾਰ ਇਹ ਅਖਾਣ ਲਿਖ ਕੇ ਆਪਣੀ ਦੁਕਾਨ 'ਤੇ ਲਾ ਲੈਂਦੇ ਹਨ।

**ਨੰਗ ਪੁੱਤ ਚੋਰਾਂ ਨਾਲ਼ ਖੇਡੇ**—ਭਾਵ ਇਹ ਹੈ ਕਿ ਗ਼ਰੀਬ ਆਦਮੀ ਨੂੰ ਚੋਰੀ ਦਾ ਡਰ ਨਹੀਂ ਹੁੰਦਾ।

**ਨੱਚਣ ਲੱਗੀ ਤਾਂ ਘੁੰਗਟ ਕੀ**—ਭਾਵ ਇਹ ਹੈ ਕਿ ਜਿਹੜਾ ਕੰਮ ਆਪਣੀ ਮਰਜ਼ੀ ਵਿਰੁੱਧ ਕਰਨ ਹੀ ਲੱਗੇ ਹੋ, ਉਸ ਨੂੰ ਕਰਨ ਵਿੱਚ ਕਾਹਦੀ ਸ਼ਰਮ ਹੈ।

**ਨੱਚਣ ਵਾਲ਼ੀ ਦੇ ਪੈਰ ਨਚੱਲੇ ਨਹੀਂ ਰਹਿੰਦੇ**—ਭਾਵ ਇਹ ਹੈ ਕਿ ਬੰਦਾ ਆਪਣੇ ਸੁਭਾਅ ਅਤੇ ਕਿੱਤੇ ਅਨੁਸਾਰ ਕੋਈ ਨਾ ਕੋਈ ਹਰਕਤ ਕਰਕੇ ਉਸ ਦਾ ਪ੍ਰਗਟਾਵਾ ਕਰ ਦਿੰਦਾ ਹੈ।

**ਨੱਥ ਖਸਮ ਹੱਥ**—ਇਸ ਅਖਾਣ ਰਾਹੀਂ ਇਹ ਦੱਸਿਆ ਗਿਆ ਹੈ ਕਿ ਬੰਦਾ ਉਹੋ ਕੁਝ ਕਰਦਾ ਹੈ ਜੋ ਕੁਝ ਉਸ ਦਾ ਮਾਲਕ ਉਸ ਪਾਸੋਂ ਕਰਵਾਉਂਦਾ ਹੈ।

**ਨਦੀ ਕਿਨਾਰੇ ਰੁਖੜਾ, ਕਿਚਰਕ ਬੰਨ੍ਹੇ ਧੀਰ**—ਬੁਢਾਪੇ ਦੀ ਉਮਰ ਭੋਗਦੇ ਸਮੇਂ ਜਦੋਂ ਇਹ ਦੱਸਣਾ ਹੋਵੇ ਕਿ ਬੰਦੇ ਦੇ ਸਰੀਰ ਦਾ ਕੋਈ ਭਰੋਸਾ ਨਹੀਂ ਕਦੋਂ ਤੁਰ ਜਾਵੇ, ਓਦੋਂ ਇਹ ਅਖਾਣ ਬੋਲਦੇ ਹਨ।

**ਨਦੀ ਨਾਵ ਸੰਜੋਗੀ ਮੇਲੇ**—ਕੁਝ ਸਮਾਂ ਰਲ਼-ਮਿਲ਼ ਕੇ ਬਿਤਾਉਣ ਮਗਰੋਂ ਮਿੱਤਰ ਬੇਲੀ ਵਿਛੜਨ ਲੱਗਿਆਂ ਇੰਜ ਆਖਦੇ ਹਨ।

**ਨਮਾਜ਼ ਬਖ਼ਸ਼ਾਉਣ ਗਏ ਰੋਜ਼ੇ ਗਲ਼ ਪਏ**—ਜਦੋਂ ਕੋਈ ਬੰਦਾ ਆਪਣੇ ਮਾਲਕ ਪਾਸੋਂ ਕੋਈ ਸਹੂਲਤ ਮੰਗਣ ਗਿਆ ਵਿਗਾਰ ਗਲ਼ ਪੁਆ ਆਵੇ, ਉਦੋਂ ਇੰਜ ਆਖਦੇ ਹਨ।

**ਨਵਾਂ ਨੌ ਦਿਨ ਪੁਰਾਣਾ ਸੌ ਦਿਨ**—ਜਦੋਂ ਕੋਈ ਬੰਦਾ ਆਪਣੇ ਨਵੇਂ ਬਣਾਏ ਸੱਜਣਾਂ-ਮਿੱਤਰਾਂ ਨਾਲ਼ ਬਹੁਤਾ ਸਮਾਂ ਬਤੀਤ ਕਰੇ ਤੇ ਪੁਰਾਣਿਆਂ ਨੂੰ ਵਿਸਾਰ ਦੇਵੇ, ਉਦੋਂ ਇਹ ਅਖਾਣ ਵਰਤਦੇ ਹਨ। ਭਾਵ ਇਹ ਹੈ ਕਿ ਨਵੇਂ ਵੀ ਪੁਰਾਣੇ ਹੋ ਜਾਣੇ ਹਨ, ਕੰਮ ਤਾਂ ਪੁਰਾਣੇ ਹੀ ਆਉਣਗੇ।

**ਨਾ ਉਰਾਰ ਨਾ ਪਾਰ, ਅਧਕੜੇ ਵਿਚਕਾਰ**—ਜਦੋਂ ਕੋਈ ਬੰਦਾ ਦੁਬਿੱਧਾ ਵਿੱਚ ਪਿਆ ਕੋਈ ਅੰਤਿਮ ਫ਼ੈਸਲਾ ਨਾ ਲੈ ਸਕੇ, ਉਦੋਂ ਇੰਜ ਆਖਦੇ ਹਨ।

**ਨਾ ਅਗਲੀ ਤੋਂ ਨਾ ਪਿਛਲੀ ਤੋਂ, ਮੈਂ ਸਦਕੇ ਜਾਵਾਂ ਵਿਚਲੀ ਤੋਂ**—ਸਿਆਣੇ ਲੋਕ

ਜੀਵਨ ਦੀ ਵਿਚਕਾਰਲੀ ਅਵਸਥਾ ਜਵਾਨੀ 'ਤੇ ਬਲਿਹਾਰੇ ਜਾਂਦਿਆਂ ਆਖਦੇ ਹਨ ਕਿ ਜੇ ਇਸ ਉਮਰ ਵਿੱਚ ਰੱਬ ਯਾਦ ਰਹੇ ਤਾਂ ਕੀ ਕਹਿਣੇ।

**ਨਾ ਸੁੱਤੀ ਨਾ ਕੱਤਿਆ**—ਜਦੋਂ ਕੋਈ ਵਿਹਲੇ ਸਮੇਂ ਦਾ ਯੋਗ ਲਾਭ ਨਾ ਉਠਾਵੇ, ਉਦੋਂ ਆਖਦੇ ਹਨ।

**ਨਾ ਹਾੜ੍ਹ ਸੁੱਕੇ ਨਾ ਸਾਉਣ ਹਰੇ**—ਜਦੋਂ ਕਿਸੇ ਮਨੁੱਖ ਦੇ ਜੀਵਨ ਵਿੱਚ ਕਿਸੇ ਪ੍ਰਕਾਰ ਦੀ ਤਬਦੀਲੀ ਨਾ ਆਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਨਾ ਕੰਮ ਨਾ ਕੰਮੋਂ ਵਿਹਲੀ**—ਜਦੋਂ ਕੋਈ ਬੰਦਾ ਕਿਸੇ ਨਿਕੰਮੇ ਕੰਮ ਵਿੱਚ ਰੁੱਝਿਆ ਹੋਵੇ, ਉਦੋਂ ਇੰਜ ਕਹਿੰਦੇ ਹਨ।

**ਨਾ ਕੰਮ ਨਾ ਕਾਰ, ਲੜਨ ਨੂੰ ਤਿਆਰ**—ਇਹ ਅਖਾਣ ਕੌੜੇ ਸੁਭਾਅ ਵਾਲ਼ੇ ਨਿਕੰਮੇ ਤੇ ਵਿਹਲੇ ਬੰਦੇ ਲਈ ਵਰਤਦੇ ਹਨ।

**ਨਾ ਕੁੱਕੜੂ ਨਾ ਤਿੱਤਰੂ**—ਇਹ ਅਖਾਣ ਉਸ ਬੰਦੇ ਬਾਰੇ ਬੋਲਦੇ ਹਨ ਜਿਸ ਬਾਰੇ ਇਹ ਪਤਾ ਨਾ ਲੱਗੇ ਕਿ ਉਹ ਕਿਸ ਧੜੇ ਜਾਂ ਧਿਰ ਨਾਲ਼ ਖੜੋਤਾ ਹੈ।

**ਨਾ ਚੋਰ ਲੱਗੇ ਨਾ ਕੁੱਤਾ ਭੌਂਕੇ**—ਭਾਵ ਇਹ ਹੈ ਕਿ ਕੋਈ ਅਜਿਹਾ ਕੰਮ ਨਾ ਕਰੋ ਜਿਸ ਨਾਲ਼ ਬਦਨਾਮੀ ਹੋਵੇ।

**ਨਾ ਤਿਲ ਚੱਬੇ ਨਾ ਦੰਦੀਂ ਲੱਗੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਜਿਸ ਆਦਮੀ ਨੇ ਮੰਦਾ ਕੰਮ ਨਾ ਕੀਤਾ ਹੋਵੇ, ਉਸ ਨੂੰ ਦੰਡ ਨਹੀਂ ਭੁਗਤਣਾ ਪੈਂਦਾ।

**ਨਾ ਦੇਸ ਢੋਈ ਨਾ ਪ੍ਰਦੇਸ ਢੋਈ**—ਇਹ ਅਖਾਣ ਉਸ ਆਦਮੀ ਬਾਰੇ ਵਰਤਦੇ ਹਨ ਜਿਹੜਾ ਸੁਖ ਖ਼ਾਤਰ ਕਮਾਈ ਕਰਨ ਪ੍ਰਦੇਸ ਗਿਆ ਹੋਵੇ, ਪ੍ਰੰਤੂ ਉਥੇ ਵੀ ਉਸ ਨੂੰ ਸੁਖ ਨਾ ਮਿਲੇ।

**ਨਾ ਨੌਂ ਮਣ ਤੇਲ ਹੋਵੇ ਨਾ ਰਾਧਾ ਨੱਚੇ**—ਜਦੋਂ ਕੋਈ ਬੰਦਾ ਕਿਸੇ ਦਾ ਕੋਈ ਕੰਮ ਕਰਨ ਲਈ ਅਜਿਹੀਆਂ ਸ਼ਰਤਾਂ ਰੱਖ ਦੇਵੇ ਜਿਹੜੀਆਂ ਪੂਰੀਆਂ ਨਾ ਹੋ ਸਕਣ, ਉਦੋਂ ਇਹ ਅਖਾਣ ਵਰਤਦੇ ਹਨ।

**ਨਾ ਭੂਰੇ ਨੂੰ ਹੱਥ ਪਾਈਏ, ਨਾ ਦੁਸ਼ਾਲਾ ਪੜਵਾਈਏ**—ਜਦੋਂ ਇਹ ਸਮਝਾਉਣਾ ਹੋਵੇ ਕਿ ਦੂਜੇ ਦਾ ਥੋੜ੍ਹਾ ਨੁਕਸਾਨ ਕਰਨ ਬਦਲੇ ਤੁਹਾਡਾ ਵਧੇਰੇ ਨੁਕਸਾਨ ਹੋ ਸਕਦਾ ਹੈ, ਉਦੋਂ ਇਹ ਅਖਾਣ ਬੋਲਦੇ ਹਨ।

**ਨਾ ਮਰੇ ਨਾ ਮੰਜਾ ਛੱਡੇ**—ਜਦੋਂ ਕੋਈ ਬੰਦਾ ਕਿਸੇ ਦਾ ਖਹਿੜਾ ਨਾ ਛੱਡੇ, ਉਦੋਂ ਅੱਕ ਕੇ ਇਹ ਅਖਾਣ ਬੋਲਿਆ ਜਾਂਦਾ ਹੈ।

**ਨਾ ਮੂੰਹ ਨਾ ਮੱਥਾ ਜਿੰਨ ਪਹਾੜੋਂ ਲੱਥਾ**—ਕਿਸੇ ਕੋਝੇ ਤੇ ਬਦਸ਼ਕਲ ਬੰਦੇ ਨੂੰ ਦੇਖ ਕੇ ਘ੍ਰਿਣਾ ਨਾਲ਼ ਇੰਜ ਬੋਲਦੇ ਹਨ।

**ਨਾ ਮੋਇਆਂ ਵਿੱਚ, ਨਾ ਜਿਉਂਦਿਆਂ ਵਿੱਚ**—ਇਹ ਅਖਾਣ ਉਸ ਬੰਦੇ ਬਾਰੇ ਬੋਲਿਆ ਜਾਂਦਾ ਹੈ ਜਿਹੜਾ ਬੀਮਾਰੀ ਜਾਂ ਗ਼ਰੀਬੀ ਦੀ ਭੈੜੀ ਹਾਲਤ ਵਿੱਚ ਹੋਵੇ।

**ਨਾ ਰੂਹ ਨਾ ਰਹਿਮਤ**—ਇਹ ਅਖਾਣ ਉਸ ਆਦਮੀ ਬਾਰੇ ਬੋਲਿਆ ਜਾਂਦਾ ਹੈ ਜਿਹੜਾ ਨਾ ਸ਼ਕਲੋਂ ਸੂਰਤੋਂ ਚੰਗਾ ਹੋਵੇ, ਨਾ ਸੁਭਾਅ ਵੱਲੋਂ।

**ਨਾ ਲੈਣਾ ਨਾ ਦੇਣਾ, ਅਖੇ ਦੇਹ ਮੇਰੀ ਧੇਲੀ**—ਜਦੋਂ ਕੋਈ ਬੰਦਾ ਬਿਨਾ ਮਤਲਬ ਹੀ ਝੱਜੂ ਪਾਈ ਰੱਖੇ, ਉਦੋਂ ਆਖਦੇ ਹਨ।

**ਨਾਈਆਂ ਦੀ ਜੰਞ, ਸੱਭੇ ਰਾਜੇ**—ਭਾਵ ਇਹ ਹੈ ਕਿ ਜਦੋਂ ਇੱਕੋ ਪੇਸ਼ੇ ਦੇ ਬਹੁਤ ਸਾਰੇ ਬੰਦੇ ਇਕੱਠੇ ਹੋ ਕੇ ਜਾਣ ਤੇ ਆਪੋ ਆਪਣੀ ਮਾਰੀ ਜਾਣ ਦੂਜੇ ਦੀ ਨਾ ਸੁਣਨ, ਉਦੋਂ ਆਖਦੇ ਹਨ।

**ਨਾਨਕੂ ਆਇਆ ਨਾਨਕੇ, ਸਿਰ ਘੱਟਾ ਪਾਊ ਛਾਣਕੇ**—ਨਾਨਕੇ ਘਰ ਆਏ ਦੋਹਤੇ ਨੂੰ ਛੇੜਦੇ ਹੋਏ ਮਜ਼ਾਕ ਨਾਲ਼ ਇਹ ਅਖਾਣ ਬੋਲਦੇ ਹਨ।

**ਨਾਨੀ ਕੁਆਰੀ ਮਰ ਗਈ, ਦੋਹਤਰੇ ਦੇ ਨੌਂ ਨੌਂ ਵਿਆਹ**—ਜਦੋਂ ਕੋਈ ਅਤਿ ਗ਼ਰੀਬ ਹੁੰਦਾ ਹੋਇਆ ਵੀ ਸ਼ੇਖੀਆਂ, ਬਘੇਰੇ ਤੇ ਫੜਾਂ ਮਾਰੇ, ਉਦੋਂ ਆਖਦੇ ਹਨ।

**ਨਾਮ ਭਲਾ ਕਿ ਦਾਮ**—ਇਸ ਅਖਾਣ ਦਾ ਭਾਵ ਇਹ ਹੈ ਕਿ ਜਿਹੜਾ ਕੰਮ ਪੈਸਾ ਖ਼ਰਚਣ ਨਾਲ਼ ਹੋ ਸਕਦਾ ਹੈ ਉਹ ਨਿਰੇ ਨਾਂ ਦੀ ਪ੍ਰਸਿੱਧੀ ਕਰਕੇ ਨਹੀਂ ਹੋ ਸਕਦਾ। ਪੈਸੇ ਨਾਲ਼ ਹੀ ਕੰਮ ਬਣਦਾ ਹੈ।

**ਨਾਮੀ ਸ਼ਾਹ ਖੱਟ ਖਾਏ, ਨਾਮੀ ਚੋਰ ਬੱਧਾ ਜਾਏ**—ਭਾਵ ਇਹ ਹੈ ਕਿ ਪ੍ਰਸਿੱਧੀ ਪ੍ਰਾਪਤ ਬੰਦਾ ਸਦਾ ਹੀ ਆਦਰ-ਮਾਣ ਪ੍ਰਾਪਤ ਕਰਦਾ ਹੈ ਪ੍ਰੰਤੂ ਬਦਨਾਮ ਹੋਇਆ ਬੰਦਾ ਭਾਵੇਂ ਆਪਣੇ ਭੈੜੇ ਕੰਮ ਨੂੰ ਛੱਡ ਦੇਵੇ, ਫੇਰ ਵੀ ਬਦਨਾਮੀ ਖੱਟਦਾ ਹੈ।

**ਨਾਲੇ ਖਾਉ ਖੁਰਮਾਨੀਆਂ ਨਾਲੇ ਭੰਨੋ ਬਦਾਮ**—ਜਦੋਂ ਇਕ ਕੰਮ ਦੇ ਦੋ-ਦੋ ਲਾਭ ਹੋਣ, ਉਦੋਂ ਇੰਜ ਆਖਦੇ ਹਨ।

**ਨਾਲੇ ਚੋਰ ਨਾਲੇ ਚੱਤਰ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਗ਼ਲਤੀ ਕਰਕੇ, ਆਪਣੀ ਗ਼ਲਤੀ ਨਾ ਮੰਨੇ ਅਤੇ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ।

**ਨਾਲੇ ਚੋਪੜੀਆਂ ਨਾਲੇ ਦੋ ਦੋ**—ਜਦੋਂ ਕੋਈ ਚਲਾਕ ਬੰਦਾ ਕਈ ਪਾਸਿਆਂ ਤੋਂ ਲਾਭ ਪ੍ਰਾਪਤ ਕਰਨਾ ਚਾਹੇ, ਉਦੋਂ ਬੋਲਦੇ ਹਨ।

**ਨਾਲੇ ਜ਼ਰ ਗਿਆ ਨਾਲੇ ਯਾਰੀ ਗਈ**—ਜਦੋਂ ਕਿਸੇ ਬੰਦੇ ਦਾ ਦੋਹਾਂ ਪਾਸਿਆਂ ਤੋਂ ਹੀ ਨੁਕਸਾਨ ਹੋ ਜਾਵੇ, ਉਦੋਂ ਇਹ ਅਖਾਣ ਵਰਤਦੇ ਹਨ। ਮਿੱਤਰ ਨੂੰ ਉਧਾਰ ਦੇ ਕੇ, ਉਦਾਰ ਦੇ ਨਾ ਮੁੜਨ ਕਰਕੇ ਮਿੱਤਰਤਾ ਵੀ ਜਾਂਦੀ ਰਹਿੰਦੀ ਹੈ।

**ਨਹੁੰ ਨਾ ਪੁੱਛੇ ਜਾਤ**—ਭਾਵ ਸਪੱਸ਼ਟ ਹੈ ਕਿ ਜਦੋਂ ਕਿਸੇ ਦੀ ਕਿਸੇ ਨਾਲ਼ ਮੁਹੱਬਤ ਹੋ ਜਾਂਦੀ ਹੈ, ਉਦੋਂ ਉਹ ਇਕ ਦੂਜੀ ਦੀ ਜਾਤ ਨਹੀਂ ਪੁੱਛਦੇ।

**ਨਿਵਾਣਾਂ ਦਾ ਪਾਣੀ ਨਿਵਾਣਾਂ ਨੂੰ ਜਾਂਦਾ ਹੈ**—ਜਦੋਂ ਕੋਈ ਬੰਦਾ ਲੜਾਈ-ਝਗੜਾ ਕਰਕੇ ਆਖ਼ਰ ਫੇਰ ਆਪਣੇ ਸਾਕਾਂ ਸਬੰਧੀਆਂ ਨਾਲ਼ ਨਾਤਾ ਜੋੜ ਲਵੇ, ਉਦੋਂ ਇੰਜ ਆਖਦੇ ਹਨ।

**ਨੀਂਦ ਤਾਂ ਸੂਲੀ 'ਤੇ ਵੀ ਆ ਜਾਂਦੀ ਹੈ**—ਭਾਵ ਇਹ ਹੈ ਕਿ ਜਦੋਂ ਨੀਂਦ ਦਾ ਜ਼ੋਰ ਪੈ ਜਾਵੇ, ਉਦੋਂ ਇਹ ਮੰਜੇ-ਬਿਸਤਰੇ ਨਹੀਂ ਭਾਲ਼ਦੀ।

**ਨੀਮ ਹਕੀਮ ਖ਼ਤਰਾ ਜਾਨ ਦਾ**—ਭਾਵ ਇਹ ਹੈ ਕਿ ਕਿਸੇ ਅਣਸਿਖੇ ਡਾਕਟਰ ਜਾਂ ਹਕੀਮ ਪਾਸੋਂ ਕੋਈ ਦਵਾ-ਦਾਰੂ ਨਹੀਂ ਲੈਣੀ ਚਾਹੀਦੀ, ਅਜਿਹਾ ਕਰਕੇ ਤੁਸੀਂ ਆਪਣੀ ਜਾਨ ਨੂੰ ਖ਼ਤਰਾ ਸਹੇੜ ਲੈਂਦੇ ਹੋ।

**ਨੀਵੀਂ ਖੇਤੀ ਉੱਚਾ ਸਾਕ, ਜਦ ਲੱਗੇ ਤਦ ਤਾਰੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਨੀਵੇਂ ਖੇਤਾਂ ਵਿੱਚ ਉੱਚੇ ਖੇਤਾਂ ਨਾਲੋਂ ਪਾਣੀ ਵਧੇਰੇ ਖੜ੍ਹਦਾ ਹੈ, ਜਿਸ ਕਰਕੇ ਫ਼ਸਲ ਚੰਗੀ ਹੁੰਦੀ ਹੈ। ਇਸੇ ਤਰ੍ਹਾਂ ਬਖ਼ਤਾਵਰ ਸਾਕ ਸਧਾਰਨ ਰਿਸ਼ਤੇਦਾਰਾਂ ਨੂੰ ਵੀ ਤਾਰ ਦੇਂਦਾ ਹੈ।

**ਨੂੰਹ ਦਾ ਖਾਧਾ ਕੱਟੀ ਦਾ ਲੇਹਾ ਅਜਾਈਂ ਨਹੀਂ ਜਾਂਦਾ**—ਇਹ ਇਕ ਅਟੱਲ ਸੱਚਾਈ ਹੈ ਕਿ ਕੱਟੀ ਦਾ ਦੁੱਧ ਪੀਤਾ ਹੋਇਆ ਅਜਾਈਂ ਨਹੀਂ ਜਾਂਦਾ, ਉਹ ਮੱਝ ਬਣ ਜਾਂਦੀ ਹੈ, ਉਸੇ ਤਰ੍ਹਾਂ ਨੂੰਹ ਖਾ ਪੀ ਕੇ ਘਰ ਦਾ ਕੰਮ ਵੀ ਕਰੇਗੀ ਤੇ ਔਲਾਦ ਵੀ ਪੈਦਾ ਕਰੇਗੀ।

**ਨੂੰਹ ਮੰਜੇ ਸੱਸ ਧੰਦੇ, ਜੇ ਕੋਈ ਦਿਹਾੜਾ ਸੁਖ ਦਾ ਲੰਘੇ**—ਜਿਸ ਘਰ ਵਿੱਚ ਨੂੰਹ-ਸੱਸ ਦਾ ਝਗੜਾ ਹੁੰਦਾ ਰਹੇ ਉਹ ਘਰ ਸੁਖੀ ਨਹੀਂ ਹੁੰਦਾ। ਨੂੰਹ ਰੁੱਸੀ ਰਹੇ ਤੇ ਸੱਸ ਕੰਮ ਧੰਦਾ ਕਰੇ, ਇਹ ਗੱਲ ਸ਼ੋਭਦੀ ਨਹੀਂ।

**ਨੈਣ ਦੂਜੇ ਦੇ ਪੈਰ ਧੋਣਾ ਹੀ ਜਾਣਦੀ ਹੈ**—ਭਾਵ ਇਹ ਹੈ ਕਿ ਕਮੀਨੇ ਲੋਕ ਦੂਜਿਆਂ ਦਾ ਕੰਮ ਕਰਨਾ ਹੀ ਜਾਣਦੇ ਹਨ, ਆਪਣੇ ਕੰਮ ਵੱਲੋਂ ਸਦਾ ਅਵੇਸਲੇ ਰਹਿੰਦੇ ਹਨ।

**ਨੌ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ**—ਜਦੋਂ ਕੋਈ ਬੰਦਾ ਸਾਰੀ ਉਮਰ ਭੈੜੇ ਤੇ ਮੰਦੇ ਕੰਮ ਕਰਦਾ ਰਹੇ ਤੇ ਆਖ਼ਰੀ ਉਮਰ ਵਿੱਚ ਆ ਕੇ ਬੜਾ ਸਾਊ ਬਣ ਕੇ ਪੂਜਾ ਪਾਠ ਕਰੇ।

**ਨੌਂ ਕੋਹ ਦਰਿਆ ਘੱਗਰਾ ਮੋਢੇ 'ਤੇ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਡਰਾਕਲ ਬੰਦਾ ਆਉਣ ਵਾਲੇ ਖ਼ਤਰੇ ਤੋਂ ਪਹਿਲਾਂ ਹੀ ਡਰ ਕੇ ਸੁਚੇਤ ਹੋ ਜਾਵੇ।

**ਨੌਂ ਨਕਦ ਨਾ ਤੇਰਾਂ ਹੁਦਾਰ**—ਭਾਵ ਇਹ ਹੈ ਕਿ ਬਹੁਤੇ ਨਫ਼ੇ ਵਾਲੇ ਉਧਾਰ ਨਾਲ਼ੋਂ ਥੋੜ੍ਹੇ ਨਫ਼ੇ ਵਾਲ਼ਾ ਨਕਦ ਸੌਦਾ ਵੇਚਣਾ ਚੰਗਾ ਹੁੰਦੈ।

**ਨੌਕਰਾਂ ਅੱਗੇ ਚਾਕਰ, ਚਾਕਰਾਂ ਅੱਗੇ ਚੂਕਰ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਆਪਣੇ ਕਿਸੇ ਬੰਦੇ ਨੂੰ ਕੋਈ ਕੰਮ ਕਰਨ ਲਈ ਆਖੇ ਤੇ ਉਹ ਅੱਗੋਂ ਕਿਸੇ ਹੋਰ ਨੂੰ ਇਹ ਕੰਮ ਕਰਨ ਲਈ ਕਹਿ ਦੇਵੇ।

**ਨੌਕਰੀ ਕੀ ਤੇ ਨਖ਼ਰਾ ਕੀ**—ਇਸ ਅਖਾਣ ਦਾ ਭਾਵ ਸਪੱਸ਼ਟ ਹੈ ਕਿ ਨੌਕਰ ਨੂੰ ਆਪਣੇ ਮਾਲਕ ਦੀ ਹਰ ਗੱਲ ਮੰਨਣੀ ਪੈਂਦੀ ਹੈ, ਚਾਹੇ ਚੰਗੀ ਲੱਗੇ ਚਾਹੇ ਮੰਦੀ।

**ਨੌਂਕਰੀ ਦੀ ਜੜ੍ਹ ਜ਼ਮੀਨ ਤੋਂ ਉੱਚੀ ਹੁੰਦੀ ਹੈ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਮਾਲਕ ਜਦੋਂ ਚਾਹੇ ਆਪਣੇ ਨੌਕਰ ਨੂੰ ਹਟਾ ਸਕਦਾ ਹੈ। ਇਸ ਲਈ ਨੌਕਰੀ ਦੇ ਅਸਥਾਈ ਹੋਣ ਬਾਰੇ ਇਹ ਅਖਾਣ ਬੋਲਦੇ ਹਨ।

**ਨੌਂਵੀਂ ਰੂੰ ਤੇ ਤੇਰ੍ਹੀਂ ਕਪਾਹ**—ਜਦੋਂ ਕੋਈ ਵਧੀਆ ਵਸਤੂ ਸਸਤੀ ਹੋਵੇ ਤੇ ਘਟੀਆ ਵਸਤੂ ਮਹਿੰਗੀ ਵਿਕੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

## ਪ

**ਪਈ ਪਈ ਸੱਸ ਮੂਲੋਂ ਗਈ**—ਭਾਵ ਇਹ ਹੈ ਕਿ ਜਦੋਂ ਕਿਸੇ ਵਸਤੂ ਵੱਲ ਧਿਆਨ ਨਾ ਦਿੱਤਾ ਜਾਏ ਤਾਂ ਉਹ ਪਈ-ਪਈ ਹੀ ਵਰਤੋਂ ਯੋਗ ਨਹੀਂ ਰਹਿੰਦੀ, ਖ਼ਰਾਬ ਹੋ ਜਾਂਦੀ ਹੈ।

**ਪਹਾੜ ਦੂਰੋਂ ਹੀ ਸੋਹਣੇ ਲੱਗਦੇ ਨੇ**—ਜਦੋਂ ਕਿਸੇ ਵੱਡੇ ਪੁਰਸ਼ ਪਾਸੋਂ ਨਿਰਾਸ਼ਾ ਮਿਲੇ ਜਾਂ ਉਹ ਤੁਹਾਡੀਆਂ ਆਸਾਂ 'ਤੇ ਪੂਰਾ ਨਾ ਉਤਰੇ, ਉਦੋਂ ਇੰਜ ਆਖਦੇ ਹਨ।

**ਪਹਾੜ ਨਾਲ਼ ਟੱਕਰ ਮਾਰਿਆਂ ਸਿਰ ਈ ਪਾਟਦੈ**—ਭਾਵ ਸਪੱਸ਼ਟ ਹੈ ਕਿ ਕਿਸੇ ਸ਼ਕਤੀਸ਼ਾਲੀ ਮਨੁੱਖ ਨਾਲ਼ ਵੈਰ ਪਾ ਕੇ ਨੁਕਸਾਨ ਹੀ ਉਠਾਉਣਾ ਪੈਂਦਾ ਹੈ।

**ਪਹਾੜੀਏ ਮਿਤ ਕਿਸ ਕੇ, ਭਾਤ ਖਾਧਾ ਖਿਸਕੇ**—ਇਹ ਅਖਾਣ ਆਮ ਕਰਕੇ ਮਤਲਬੀ ਬੰਦਿਆਂ ਬਾਰੇ ਵਰਤਿਆ ਜਾਂਦਾ ਹੈ।

**ਪੱਗ ਰੱਖ ਘਿਉ ਖਾ**—ਭਾਵ ਇਹ ਹੈ ਕਿ ਖੁੱਲ੍ਹੇ ਖ਼ਰਚ ਕਰਨ ਨਾਲ਼ ਕਈ ਵਾਰ ਬੇਇੱਜ਼ਤੀ ਹੋ ਜਾਣ ਦਾ ਡਰ ਰਹਿੰਦਾ ਹੈ।

**ਪੱਗ ਵੇਚ ਕੇ ਘਿਉ ਨਹੀਂ ਖਾਈਦਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਆਪਣੇ ਵਿੱਤ ਅਨੁਸਾਰ ਹੀ ਖ਼ਰਚਾ ਕਰਨਾ ਚਾਹੀਦਾ ਹੈ, ਵਿਤੋਂ ਬਾਹਰਾ ਖ਼ਰਚ ਕਰਨਾ ਚੰਗਾ ਨਹੀਂ ਹੁੰਦਾ।

**ਪੰਜਾਂ ਵਿੱਚ ਪ੍ਰਮੇਸ਼ਰ ਹੈ**—ਭਾਵ ਇਹ ਹੈ ਕਿ ਏਕੇ ਵਿੱਚ ਹੀ ਬਰਕਤ ਹੁੰਦੀ ਹੈ।

**ਪੰਜੀ ਮੀਤ ਪੰਜਾਹੀਂ ਚਾਦਰ**—ਇਸ ਅਖਾਣ ਦਾ ਭਾਵ ਇਹ ਹੈ ਕਿ ਜੇ ਪੱਚੀ ਰੁਪਇਆਂ ਨਾਲ਼ ਦੋਸਤ-ਮਿੱਤਰ ਨੂੰ ਅਤੇ ਪੰਜਾਹ ਰੁਪਏ ਨਾਲ਼ ਪਿੰਡ ਦੇ ਚੌਧਰੀ ਨੂੰ ਖ਼ੁਸ਼ ਰੱਖਿਆ ਜਾ ਸਕਦੈ ਤਾਂ ਇਹ ਸੌਦਾ ਮਾੜਾ ਨਹੀਂ।

**ਪੰਜੇ ਉਂਗਲਾਂ ਇੱਕੋ ਜਹੀਆਂ ਨਹੀਂ ਹੁੰਦੀਆਂ**—ਭਾਵ ਸਪੱਸ਼ਟ ਹੈ ਕਿ ਸਾਰੇ ਆਦਮੀ ਇਕੋ ਜਿਹੇ ਨਹੀਂ ਹੁੰਦੇ, ਹਰ ਬੰਦੇ ਦੇ ਸੁਭਾਅ ਵਿੱਚ ਫ਼ਰਕ ਹੁੰਦਾ ਹੈ।

**ਪੰਜੇ ਉਂਗਲਾਂ ਘਿਉ ਵਿੱਚ ਤੇ ਸਿਰ ਕੜਾਹੀ ਵਿੱਚ**—ਜਦੋਂ ਕਿਸੇ ਨੂੰ ਪੂਰਾ ਲਾਭ ਲੈਣ ਦਾ ਮੌਕਾ ਮਿਲੇ, ਉਦੋਂ ਆਖਦੇ ਹਨ।

**ਪਟਿਆ ਪਹਾੜ ਤੇ ਨਿਕਲਿਆ ਚੂਹਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਬਹੁਤ ਸਾਰੀ ਮਿਹਨਤ ਕਰਨ ਮਗਰੋਂ ਨਿਗੂਣਾ ਜਿਹਾ ਲਾਭ ਹੋਵੇ।

**ਪਠਾਣ ਕਾ ਪੂਤ, ਘੜੀ ਵਿੱਚ ਔਲੀਆ ਘੜੀ ਵਿੱਚ ਭੂਤ**—ਇਹ ਅਖਾਣ ਕਿਸੇ ਅੱਖੜ ਸੁਭਾਅ ਵਾਲੇ ਬੰਦੇ ਬਾਰੇ ਬੋਲਿਆ ਜਾਂਦਾ ਹੈ, ਜਿਹੜਾ ਪਲ ਵਿੱਚ ਛੱਤੀਂ ਚੜ੍ਹ ਜਾਵੇ ਤੇ ਪਲ ਵਿੱਚ ਭੁੰਜੇ ਲਹਿ ਜਾਵੇ।

**ਪਤ ਪਰਤੀਤ ਤੇ ਖਰੀ ਰੀਤ**—ਇਸ ਅਖਾਣ ਵਿੱਚ ਸ਼ੁਭ ਗੁਣਾਂ ਬਾਰੇ ਦਰਸਾਇਆ ਗਿਆ ਹੈ ਕਿ ਆਦਮੀ ਦੀ ਨੀਯਤ ਸਾਫ਼ ਹੋਵੇ, ਉਹ ਇੱਜ਼ਤ ਵਾਲ਼ਾ ਤੇ ਭਰੋਸੇ ਯੋਗ ਹੋਵੇ, ਉਸ ਜਿਹਾ ਲੱਠਾ ਕੋਈ ਹੋਰ ਨਹੀਂ।

**ਪੱਤਣ ਮੇਉ ਨਾ ਛੇੜੀਏ, ਹੱਟੀ ਤੇ ਕਿਰਾੜ, ਬੰਨੇ ਜੱਟ ਨਾ ਛੇੜੀਏ ਭੰਨ ਸੁੱਟੇ ਬੁਥਾੜ**—ਭਾਵ ਇਹ ਹੈ ਕਿ ਕਿਸੇ ਦੇ ਟਿਕਾਣੇ 'ਤੇ ਜਾ ਕੇ ਉਸ ਨਾਲ਼ ਛੇੜ-ਛਾੜ ਕਰਨੀ ਜਾਂ ਝਗੜਾ ਕਰਨਾ ਠੀਕ ਨਹੀਂ ਹੁੰਦਾ, ਅਜਿਹਾ ਕਰਨ ਵਾਲ਼ਾ ਮਾਰ ਹੀ ਖਾਂਦਾ ਹੈ।

**ਪੱਥਰ ਕੂਲੇ ਹੋਣ ਤਾਂ ਗਿੱਦੜ ਹੀ ਚੱਟ ਜਾਣ**—ਕਈ ਵਾਰ ਕਈ ਪੁਰਸ਼ ਆਪਣੇ ਕੱਟੜ ਵਤੀਰੇ ਨੂੰ ਉੱਚਿਤ ਸਿੱਧ ਕਰਨ ਲਈ ਇਹ ਅਖਾਣ ਬੋਲਦੇ ਹਨ।

**ਪੱਥਰ ਨਾਲ਼ੋਂ ਚੱਕੀ ਭਲੀ ਜੋ ਪੀਸੇ ਸੰਸਾਰ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਇਹ ਦੱਸਣਾ ਹੋਵੇ ਕਿ ਨਿਕੰਮੀ ਚੀਜ਼ ਨਾਲ਼ੋਂ ਕੰਮ ਆਉਣ ਵਾਲ਼ੀ ਚੀਜ਼ ਵਧੇਰੇ ਚੰਗੀ ਹੁੰਦੀ ਹੈ।

**ਪੱਥਰ ਨੂੰ ਜੋਕ ਨਹੀਂ ਲੱਗਦੀ**—ਇਹ ਅਖਾਣ ਉਸ ਪੱਥਰ ਦਿਲ ਬੰਦੇ ਬਾਰੇ ਬੋਲਿਆ ਜਾਂਦਾ ਹੈ ਜਿਸ 'ਤੇ ਸਿੱਖਿਆ, ਨਸੀਹਤ ਤੇ ਮਿਹਨਤ-ਤਰਲੇ ਦਾ ਕੋਈ ਅਸਰ ਨਹੀਂ ਹੁੰਦਾ।

**ਪਰ ਘਰ ਗਈ ਨਾ ਬਹੁੜਦੀ, ਪੋਥੀ, ਲਿਖਣੀ ਨਾਰ**—ਇਸ ਅਖਾਣ ਵਿੱਚ ਸੁਚੇਤ ਕੀਤਾ ਗਿਆ ਹੈ ਕਿ ਕਲਮ, ਪੁਸਤਕ ਅਤੇ ਤੀਵੀਂ ਜੇਕਰ ਦੂਜੇ ਬੰਦੇ ਦੇ ਕਬਜ਼ੇ ਵਿੱਚ ਆ ਜਾਣ ਤਾਂ ਵਾਪਸ ਨਹੀਂ ਮੁੜਦੀਆਂ। ਇਸ ਲਈ ਇਹਨਾਂ ਤਿੰਨਾਂ ਤੋਂ ਸਾਵਧਾਨ ਰਹੋ।

**ਪ੍ਰਤੱਖ ਨੂੰ ਪ੍ਰਮਾਣ ਕੀ**—ਭਾਵ ਇਹ ਹੈ ਸਾਹਮਣੇ ਦਿਸਦੀ ਚੀਜ਼ ਨੂੰ ਸਾਬਤ ਕਰਨ ਦੀ ਲੋੜ ਨਹੀਂ।

**ਪਰਮੇਸ਼ਰ ਕੀ ਮਾਇਆ ਕਿਧਰੇ ਧੁੱਪ ਤੇ ਕਿਧਰੇ ਛਾਇਆ**—ਇਹ ਇਕ ਅਟੱਲ ਸੱਚਾਈ ਹੈ ਕਿ ਕਿਧਰੇ ਗ਼ਰੀਬੀ ਹੈ ਤੇ ਕਿਧਰੇ ਅਮੀਰੀ, ਕੋਈ ਕੋਝਾ ਹੈ, ਕੋਈ ਖ਼ੂਬਸੂਰਤ, ਕਿਧਰੇ ਬੀਮਾਰੀ ਹੈ ਤੇ ਕਿਧਰੇ ਸਿਹਤਮੰਦੀ। ਇਹ ਸਭ ਰੱਬ ਦੇ ਰੰਗ ਹਨ। ਉਸ ਦੀ ਰਜ਼ਾ ਵਿੱਚ ਹੀ ਰਹਿਣਾ ਚੰਗਾ ਹੈ।

**ਪਰਾਇਆ ਸੇਰ, ਪੰਜ ਸੇਰੀ ਬਰਾਬਰ**—ਭਾਵ ਇਹ ਹੈ ਕਿ ਬਿਗਾਨੀ ਮੰਗ ਕੇ ਲਿਆਂਦੀ ਹੋਈ ਪਰਾਈ ਵਸਤੂ ਦੀ ਵਧੇਰੇ ਸਾਂਭ-ਸੰਭਾਲ ਕਰਨੀ ਪੈਂਦੀ ਹੈ ਮਤੇ ਗੁੰਮ ਜਾਣ ਤੇ ਅਸਲ ਮੁੱਲ ਨਾਲੋਂ ਵੀ ਵੱਧ ਜ਼ੁਰਮਾਨਾ ਭਰਨਾ ਪਵੇ।

**ਪਰਾਇਆ ਗਹਿਣਾ ਪਾਇਆ ਆਪਣਾ ਰੂਪ ਗਵਾਇਆ**—ਇਸ ਅਖਾਣ ਨੂੰ ਉਦੋਂ ਵਰਤਦੇ ਹਨ ਜਦੋਂ ਇਹ ਦੱਸਣਾ ਹੋਵੇ ਕਿ ਮੰਗ ਕੇ ਲਿਆਂਦੀ ਹੋਈ ਪੁਸ਼ਾਕ ਜਾਂ ਗਹਿਣਾ ਆਦਿ ਪਹਿਨਣ ਨਾਲ਼ ਤੁਹਾਡੀ ਸ਼ਾਨ ਨਹੀਂ ਵਧਦੀ ਬਲਕਿ ਹੀਣ-ਭਾਵਨਾ ਪੈਦਾ ਹੋ ਜਾਂਦੀ ਹੈ।

**ਪਰਾਈ ਆਸ, ਸਦਾ ਨਿਰਾਸ਼**—ਭਾਵ ਸਪੱਸ਼ਟ ਹੈ ਕਿ ਕਦੇ ਵੀ ਕਿਸੇ ਦੀ ਆਸ 'ਤੇ ਨਾ ਰਹੋ, ਆਪ ਹਿੰਮਤ ਕਰੋ ਨਹੀਂ ਤਾਂ ਨਿਰਾਸ਼ਾ ਹੀ ਪੱਲੇ ਪਵੇਗੀ।

**ਪਰਾਏ ਹੱਥ ਕਹੀ ਹੌਲ਼ੀ ਲਗਦੀ ਹੈ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਦੂਜੇ ਬੰਦੇ ਤੋਂ ਕੰਮ ਕਰਵਾਉਣ ਲਈ ਉਹਦੀ ਝੂਠੀ ਪ੍ਰਸੰਸਾ ਕੀਤੀ ਜਾਵੇ।

**ਪਰਾਏ ਘਰ ਬਸੰਤਰ, ਆਪਣੇ ਘਰ ਅੱਗ**—ਜਦੋਂ ਕੋਈ ਬੰਦਾ ਕਿਸੇ ਦੂਜੇ ਬੰਦੇ ਦੇ ਘਰ ਪਏ ਕਲ੍ਹਾ-ਕਲੇਸ਼ ਨੂੰ ਵੇਖ ਕੇ ਖ਼ੁਸ਼ ਹੋਵੇ, ਉਦੋਂ ਉਸ ਨੂੰ ਸਮਝਾਉਣ ਲਈ ਇਹ ਅਖਾਣ ਬੋਲਿਆ ਜਾਂਦਾ ਹੈ।

**ਪਰਾਏ ਪੀਰ ਨੂੰ ਮਲੀਦਾ, ਘਰ ਦੇ ਪੀਰ ਨੂੰ ਧਤੂਰਾ**—ਜਦੋਂ ਕੋਈ ਬੰਦਾ ਘਰ ਦੇ ਗੁਣਵਾਨ ਦੀ ਤਾਂ ਕਦਰ ਨਾ ਪਾਏ ਪ੍ਰੰਤੂ ਪਰਾਏ ਮੂਰਖ਼ ਬੰਦੇ ਦੀ ਖ਼ੂਬ ਸੇਵਾ ਕਰੇ, ਉਦੋਂ ਇੰਜ ਆਖਦੇ ਹਨ।

**ਪਰੀਆਂ ਦੀ ਪਰਿਹਾ ਤੇ ਭੂਤਨੇ ਪੈਂਚ**—ਜਦੋਂ ਸ਼ਰੀਫ਼ ਤੇ ਭਲੇਮਾਣਸ ਬੰਦਿਆਂ ਦੇ ਝਗੜਾਲੂ ਤੇ ਕਮੀਨੇ ਬੰਦੇ ਮੱਲੋ-ਮੱਲੀ ਆਗੂ ਬਣ ਜਾਣ, ਉਦੋਂ ਆਖਦੇ ਹਨ।

**ਪਰੇ ਪਰੇਰੇ ਜਾਹ, ਕਰਮਾਂ ਦਾ ਖੱਟਿਆ ਖਾਹ**—ਭਾਵ ਇਹ ਹੈ ਕਿ ਤੁਸੀਂ ਕਮਾਈ ਕਰਨ ਲਈ ਭਾਵੇਂ ਕਿੰਨੀ ਦੂਰ ਚਲੇ ਜਾਵੋ ਪ੍ਰੰਤੂ ਮਿਲਣਾ ਤਾਂ ਉਹੀ ਹੈ ਜਿਹੜਾ ਤੁਹਾਡੇ ਕਰਮਾਂ ਵਿੱਚ ਲਿਖਿਆ ਹੋਇਆ ਹੈ।

**ਪਰੌਂਠਾ ਪਰੌਂਠਾ ਆਖਿਆਂ ਢਿੱਡ ਨਹੀਂ ਭਰਨ ਹੁੰਦਾ**—ਭਾਵ ਸਪੱਸ਼ਟ ਹੈ ਕਿ ਨਿਰੀਆਂ ਫ਼ੋਕੀਆਂ ਗੱਲਾਂ ਮਾਰਨ ਨਾਲ਼ ਕੁਝ ਪ੍ਰਾਪਤ ਨਹੀਂ ਹੁੰਦਾ। ਢਿੱਡ ਭਰਨ ਲਈ ਯਤਨ ਤਾਂ ਕਰਨੇ ਹੀ ਪੈਣੇ ਨੇ।

**ਪੱਲੇ ਹੋਵੇ ਸੱਚ, ਨੰਗਾ ਹੋ ਕੇ ਨੱਚ**—ਇਸ ਅਖਾਣ ਦਾ ਭਾਵ ਇਹ ਹੈ ਕਿ ਸੱਚੇ ਸੁੱਚੇ ਬੰਦੇ ਨੂੰ ਕਿਸੇ ਪ੍ਰਕਾਰ ਦਾ ਵੀ ਭੈ ਨਹੀਂ ਹੁੰਦਾ, ਉਹ ਬੇਧੜਕ ਜੀਵਨ ਜਿਉਂਦਾ ਹੈ।

**ਪੱਲੇ ਨਹੀਂ ਸੇਰ ਆਟਾ, ਹੀਂਗਦੀ ਦਾ ਸੰਘ ਪਾਟਾ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਫ਼ੋਕੀ ਆਕੜ ਵਿੱਚ ਤੁਰਿਆ ਫਿਰੇ, ਉਂਜ ਉਸ ਦੇ ਪੱਲੇ ਕੁਝ ਨਾ ਹੋਵੇ।

**ਪੱਲੇ ਨਹੀਂ ਧੇਲਾ, ਕਰਦੀ ਮੇਲਾ ਮੇਲਾ**—ਜਦੋਂ ਕੋਈ ਆਰਥਿਕ ਪੱਖੋਂ ਗ਼ਰੀਬ

ਬੰਦਾ ਵੱਡੀਆਂ-ਵੱਡੀਆਂ ਸਕੀਮਾਂ ਬਣਾਉਣ ਲੱਗ ਜਾਵੇ ਜਿਹੜੀਆਂ ਸਿਰੇ ਨਾ ਚੜ੍ਹ ਸਕਣ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਪੜ ਪਿਆ ਤੇ ਸਾਕ ਗਿਆ**—ਭਾਵ ਇਹ ਹੈ ਕਿ ਦੂਰ ਦੀ ਰਿਸ਼ਤੇਦਾਰੀ ਵਿੱਚ ਉਹ ਸਾਂਝ ਨਹੀਂ ਰਹਿੰਦੀ, ਜਿਹੜੀ ਨੇੜੇ ਦੀ ਰਿਸ਼ਤੇਦਾਰੀ ਵਿੱਚ ਹੁੰਦੀ ਹੈ।

**ਪੜ੍ਹਿਆ ਨਾ ਲਿਖਿਆ, ਨਾਂ ਵਿਦਿਆ ਸਾਗਰ**—ਜਦੋਂ ਕਿਸੇ ਬੰਦੇ ਦਾ ਨਾਂ ਉਸ ਦੇ ਸੁਭਾਅ, ਕੱਦ-ਕਾਠ ਅਤੇ ਕਿਰਦਾਰ ਦੇ ਉਲਟ ਹੋਵੇ, ਉਦੋਂ ਆਖਦੇ ਹਨ।

**ਪੜ੍ਹੇ ਫ਼ਾਰਸੀ, ਵੇਚੇ ਤੇਲ, ਇਹ ਦੇਖੋ ਕੁਦਰਤ ਦੇ ਖੇਲ**—ਜਦੋਂ ਕਿਸੇ ਪੜ੍ਹੇ-ਲਿਖੇ ਲਾਇਕ ਬੰਦੇ ਨੂੰ ਉਹਦੀ ਯੋਗਤਾ ਤੋਂ ਘਟੀਆ ਕੰਮ ਕਰਨਾ ਪਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਪਾਈ ਵਾਲ਼ਾ ਸੰਗੇ ਤੇ ਪੜੋਪੀ ਵਾਲ਼ਾ ਮੰਗੇ**—ਜਦੋਂ ਕੋਈ ਵੱਡਾ ਅਹਿਸਾਨ ਕਰਨ ਵਾਲ਼ਾ ਤਾਂ ਅਹਿਸਾਨ ਨਾ ਜਤਾਵੇ, ਪ੍ਰੰਤੂ ਮਾਮੂਲੀ ਸਹਾਇਤਾ ਕਰਨ ਵਾਲ਼ਾ ਆਪਣੇ ਕੀਤੇ ਅਹਿਸਾਨ ਦਾ ਢੰਡੋਰਾ ਪਿੱਟੇ, ਉਦੋਂ ਇੰਜ ਆਖਦੇ ਹਨ।

**ਪਾਸਾ ਪਏ ਅਨਾੜੀ ਜਿੱਤੇ**—ਭਾਵ ਇਹ ਹੈ ਕਿ ਜੂਏ ਵਿੱਚ ਜਿੱਤ-ਹਾਰ ਅਕਲ ਕਰਕੇ ਨਹੀਂ ਹੁੰਦੀ, ਜੇ ਪਾਸਾ ਸਿੱਧਾ ਪੈ ਜਾਵੇ ਤਾਂ ਮੂਰਖ਼ ਵੀ ਜਿੱਤ ਜਾਂਦਾ ਹੈ।

**ਪਾਣੀ ਨਾਲ਼ੋਂ ਖ਼ੂਨ ਗਾੜ੍ਹਾ ਹੁੰਦਾ ਹੈ**—ਭਾਵ ਇਹ ਹੈ ਕਿ ਜਦੋਂ ਬਿਪਤਾ ਸਿਰ ਆਣ ਪਵੇ ਤਾਂ ਉਦੋਂ ਭੈਣ-ਭਾਈ ਹੀ ਕੰਮ ਆਉਂਦੇ ਹਨ।

**ਪਾਣੀ ਪੀ ਕੇ ਜਾਤ ਕੀ ਪੁੱਛਣੀ**—ਭਾਵ ਇਹ ਹੈ ਕਿ ਜਦੋਂ ਤੁਸੀਂ ਕਿਸੇ ਬੰਦੇ ਕੋਲੋਂ ਆਪਣਾ ਕੰਮ ਕਰਵਾ ਹੀ ਲਿਆ ਹੈ ਮਗਰੋਂ ਉਸ ਦੀ ਜਾਤ-ਪਾਤ ਪੁੱਛਣ ਦਾ ਕੋਈ ਲਾਭ ਨਹੀਂ।

**ਪਾਣੀ ਪੀਵੀਏ ਪੁਣ ਕੇ ਗੁਰੂ ਧਾਰੀਏ ਚੁਣ ਕੇ**—ਭਾਵ ਇਹ ਹੈ ਕਿ ਪਾਣੀ ਸ਼ੁੱਧ ਪੀਣਾ ਚਾਹੀਦਾ ਹੈ ਤੇ ਗੁਰੂ ਪੂਰੀ ਪਰਖ਼ ਕਰਕੇ ਧਾਰਨਾ ਚਾਹੀਦਾ ਹੈ।

**ਪਾਪ ਦੀ ਬੇੜੀ ਭਰ ਕੇ ਡੁਬਦੀ ਹੈ**—ਭਾਵ ਇਹ ਹੈ ਕਿ ਜਦੋਂ ਕਿਸੇ ਬੰਦੇ ਨੇ ਅਤਿ ਚੁੱਕੀ ਹੋਵੇ ਅਤੇ ਜ਼ੁਲਮ ਤੇ ਕੁਕਰਮ ਕਰਨੋਂ ਨਾ ਟਲ਼ੇ, ਤਾਂ ਸਮਾਂ ਪਾ ਕੇ ਉਹਦੀ ਤਬਾਹੀ ਦੇ ਸਮਾਨ ਆਪਣੇ ਆਪ ਹੀ ਪੈਦਾ ਹੋ ਜਾਂਦੇ ਹਨ।

**ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ**—ਭਾਵ ਇਹ ਹੈ ਕਿ ਗੁਨਾਹਗਾਰ ਨੂੰ ਉਸ ਦੇ ਗੁਨਾਹ ਹੀ ਲੈ ਡੁਬਦੇ ਹਨ।

**ਪਾਰ ਵਾਲੇ ਕਹਿਣ ਉਰਾਰ ਵਾਲੇ ਚੰਗੇ ਨੇ, ਉਰਾਰ ਵਾਲੇ ਕਹਿਣ ਪਾਰ ਵਾਲ਼ੇ ਚੰਗੇ ਨੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਕੋਈ ਵੀ ਬੰਦਾ ਆਪਣੇ ਆਪ ਵਿੱਚ ਸੰਤੁਸ਼ਟ ਨਹੀਂ। ਦੂਜੇ ਦੀ ਥਾਲੀ ਵਿੱਚ ਲੱਡੂ ਵੱਡਾ ਹੀ ਦਿਸਦਾ ਹੈ।

**ਪਾਲ਼ੇ ਵਿੱਚ ਗੋਡੇ ਢਿੱਡ ਨੂੰ ਆਉਂਦੇ ਹਨ**—ਜਦੋਂ ਇਹ ਦੱਸਣਾ ਹੋਵੇ ਕਿ ਭੀੜ ਪੈਣ 'ਤੇ ਸਾਕ ਸਬੰਧੀਆਂ ਪਾਸੋਂ ਹੀ ਸਹਾਇਤਾ ਲਈ ਜਾਂਦੀ ਹੈ।

**ਪਿਉ ਹੁੰਦਿਆਂ ਹਰਾਮੀ ਕੌਣ ਅਖਵਾਉਂਦੈ**—ਇਸ ਅਖਾਣ ਵਿੱਚ ਇਹ ਦੱਸਿਆ ਗਿਆ ਹੈ ਕਿ ਕੋਈ ਵੀ ਅਣਖ ਵਾਲ਼ਾ ਬੰਦਾ ਕੋਈ ਅਜਿਹਾ ਕੰਮ ਨਹੀਂ ਕਰਦਾ, ਜਿਸ ਨਾਲ਼ ਉਸ ਦੀ ਅਣਖ ਨੂੰ ਠੇਸ ਪੁੱਜੇ।

**ਪਿਉ ਨਾ ਮਾਰੀ ਪਿੱਦੀ, ਬੇਟਾ ਤੀਰ ਅੰਦਾਜ਼**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਆਪਣੇ ਵਿੱਤ ਤੇ ਪਿਛੋਕੜ ਨੂੰ ਭੁੱਲ ਕੇ ਸ਼ੇਖੀਆਂ ਮਾਰੇ।

**ਪਿੱਠ ਪਿੱਛੇ ਤਾਂ ਬਾਦਸ਼ਾਹ ਨੂੰ ਗਾਲ੍ਹਾਂ ਕਢ ਲਈਦੀਆਂ ਨੇ**—ਭਾਵ ਇਹ ਹੈ ਕਿ ਸਾਹਮਣੇ ਬੈਠੇ ਬੰਦੇ ਨੂੰ ਕੋਈ ਕੁਝ ਨਹੀਂ ਆਖਦਾ ਪ੍ਰੰਤੂ ਦੂਰ ਬੈਠੇ ਤਕੜੇ ਬੰਦੇ ਨੂੰ ਬੁਰਾ ਭਲਾ ਆਖ ਕੇ ਉਹਦੀ ਨਿੰਦਿਆ-ਚੁਗਲੀ ਕੀਤੀ ਜਾ ਸਕਦੀ ਹੈ।

**ਪਿੰਡ ਦੀ ਕੁੜੀ ਤੇ ਸ਼ਹਿਰ ਦੀ ਚਿੜੀ ਇਕ ਬਰਾਬਰ**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਸ਼ਹਿਰਾਂ ਦੀਆਂ ਕੁੜੀਆਂ ਪਿੰਡਾਂ ਦੀਆਂ ਕੁੜੀਆਂ ਨਾਲ਼ੋਂ ਵਧੇਰੇ ਚੁਸਤ ਅਤੇ ਹੁਸ਼ਿਆਰ ਹੁੰਦੀਆਂ ਹਨ।

**ਪਿੰਡ ਨੂੰ ਅੱਗ ਲੱਗੀ ਕੁੱਤਾ ਨਿਆਈਏਂ**—ਇਹ ਅਖਾਣ ਉਸ ਆਦਮੀ ਪ੍ਰਤੀ ਵਰਤਿਆ ਜਾਂਦਾ ਹੈ ਜਿਹੜਾ ਖਾਣ-ਪੀਣ ਸਮੇਂ ਤਾਂ ਆਲ਼ੇ-ਦੁਆਲ਼ੇ ਰਹੇ ਪ੍ਰੰਤੂ ਲੋੜ ਪੈਣ ਤੇ ਮੂੰਹ ਛੁਪਾ ਲਵੇ। ਲੱਭੇ ਹੀ ਨਾ।

**ਪਿੰਡ ਵੱਸਿਆ ਨਹੀਂ, ਉਚੱਕੇ ਪਹਿਲਾਂ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਕੰਮ ਦੇ ਪੂਰੀ ਤਰ੍ਹਾਂ ਮੁਕੰਮਲ ਹੋਣ ਤੋਂ ਪਹਿਲਾਂ ਹੀ ਉਸ ਵਿੱਚ ਵਿਘਨ ਪਾਉਣ ਵਾਲ਼ੇ ਆ ਜਾਣ।

**ਪਿੱਦੀ ਨੇ ਵੀ ਪੀਂਘਾਂ ਪਾਈਆਂ**—ਜਦੋਂ ਕੋਈ ਕਮਜ਼ੋਰ ਬੰਦਾ ਵੱਡੇ ਬੰਦਿਆਂ ਦੀਆਂ ਰੀਸਾਂ ਕਰੇ, ਉਦੋਂ ਇੰਜ ਆਖਦੇ ਹਨ।

**ਪੀਹ ਮੋਈ ਪਕਾ ਮੋਈ, ਆਏ ਛੱਟੇ ਖਾ ਗਏ**—ਭਾਵ ਇਹ ਹੈ ਕਿ ਮਿਹਨਤ ਤਾਂ ਕੋਈ ਹੋਰ ਕਰਦਾ ਰਹੇ ਤੇ ਉਸ ਦਾ ਲਾਭ ਕੋਈ ਹੋਰ ਲੈ ਕੇ ਤੁਰਦਾ ਬਣੇ।

**ਪੀਹਠੇ ਦਾ ਕੀ ਕਹਿਣਾ**—ਭਾਵ ਇਹ ਜਦੋਂ ਕੋਈ ਮਾਮਲਾ ਨਿਪਟ ਗਿਆ ਹੋਵੇ, ਉਸ ਬਾਰੇ ਮੁੜ ਕੇ ਗੱਲ ਕਰਨ ਦਾ ਕੋਈ ਲਾਭ ਨਹੀਂ।

**ਪੀਹਣੇ ਦਾ ਪੀਹਣਾ ਤੇ ਰੰਘੜਊ ਦਾ ਰੰਘੜਊ**—ਇਹ ਅਖਾਣ ਉਸ ਬੰਦੇ ਪ੍ਰਤੀ ਬੋਲਦੇ ਹਨ ਜਿਹੜਾ ਗ਼ਰੀਬੀ ਦੀ ਹਾਲਤ ਵਿੱਚ ਪੁੱਜ ਕੇ ਨਿਕੰਮੇ ਕੰਮ ਕਰੇ ਪ੍ਰੰਤੂ ਆਪਣੀ ਆਕੜ ਨਾ ਛੱਡੇ।

**ਪੀਰ ਪੈਸਾ ਰੰਨ ਗੁਰ, ਜਿਧਰ ਆਖੇ ਉਧਰ ਤੁਰ**—ਇਹ ਅਖਾਣ ਆਮ ਤੌਰ 'ਤੇ ਆਪਣੀਆਂ ਘਰ ਵਾਲ਼ੀਆਂ ਰੰਨਾਂ ਤੋਂ ਡਰਨ ਵਾਲ਼ੇ ਤੇ ਉਹਨਾਂ ਦੇ ਆਖੇ ਲੱਗਣ ਵਾਲ਼ੇ ਮਰਦਾਂ ਲਈ ਵਰਤਿਆ ਜਾਂਦਾ ਹੈ।

**ਪੀੜੇ ਬਿਨਾਂ ਤੇਲ ਨਹੀਂ ਨਿਕਲਦਾ**—ਜਦੋਂ ਇਹ ਦੱਸਣਾ ਹੋਵੇ ਕਿ ਸਖ਼ਤੀ ਵਰਤੇ ਬਿਨਾ ਕਿਸੇ ਪਾਸੋਂ ਕੁਝ ਪ੍ਰਾਪਤ ਨਹੀਂ ਹੁੰਦਾ, ਉਦੋਂ ਇਹ ਅਖਾਣ ਵਰਤਦੇ ਹਨ।

**ਪੁੱਤਾਂ ਬਾਝ ਨਾ ਜੱਗ ਨਾਂ ਰੌਸ਼ਨ**—ਭਾਵ ਇਹ ਹੈ ਕਿ ਪੁੱਤ ਹੀ ਮਾਪਿਆਂ ਦਾ ਨਾਂ ਰੌਸ਼ਨ ਕਰਦੇ ਹਨ।

**ਪੁੱਤੀਂ ਗੰਢ ਪਵੇ ਸੰਸਾਰ**—ਇਸ ਮਹਾ ਵਾਕ ਦਾ ਭਾਵ ਇਹ ਹੈ ਕਿ ਪੁੱਤਾਂ-ਧੀਆਂ ਨਾਲ਼ ਹੀ ਮਨੁੱਖ ਦਾ ਇਸ ਸੰਸਾਰ ਨਾਲ਼ ਸਬੰਧ ਕਾਇਮ ਰਹਿੰਦਾ ਹੈ।

**ਪੁੱਤਰ ਕਪੁੱਤਰ ਹੋ ਜਾਂਦੇ ਨੇ ਮਾਪੇ ਕੁਮਾਪੇ ਨਹੀਂ ਹੁੰਦੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਮਾਪੇ ਆਪਣੇ ਪੁੱਤਾਂ ਦੀਆਂ ਗ਼ਲਤੀਆਂ ਨੂੰ ਵਿਸਾਰ ਕੇ ਉਹਨਾਂ ਨੂੰ ਮੁੜ ਆਪਣੇ ਗਲ਼ ਲਾ ਲੈਂਦੇ ਹਨ, ਪੁੱਤ ਭਾਵੇਂ ਮਾਪਿਆਂ ਨੂੰ ਵਿਸਾਰ ਦੇਣ।

**ਪੁੱਤਰ ਜੰਮਦੇ ਹੀ ਜਵਾਨ ਹੁੰਦੇ ਹਨ**—ਇਸ ਦਾ ਭਾਵ ਹੈ ਕਿ ਮਾਂ-ਬਾਪ ਆਪਣੇ ਪੁੱਤ ਦੇ ਜੰਮਦੇ ਸਾਰ ਹੀ ਉਸ 'ਤੇ ਆਸਾਂ, ਉਮੀਦਾਂ ਲਾ ਲੈਂਦੇ ਹਨ।

**ਪੁੱਤਰ ਮਿਠੇ ਮੇਵੇ, ਰੱਬ ਹਰ ਕਿਸੇ ਨੂੰ ਦੇਵੇ**—ਇਹ ਅਖਾਣ ਪੁੱਤਾਂ ਵਾਲ਼ੀਆਂ ਮਾਵਾਂ ਆਮ ਤੌਰ 'ਤੇ ਦੂਜੀਆਂ ਜ਼ਨਾਨੀਆਂ ਨੂੰ ਸ਼ੁੱਭ ਇੱਛਾਵਾਂ ਅਤੇ ਅਸੀਸਾਂ ਦੇਣ ਵਜੋਂ ਵਰਤਦੀਆਂ ਹਨ।

**ਪੁੱਤ ਰੋਂਦਾ ਕਿਉਂ ਐ, ਅਖੇ ਥਾਲੀ 'ਚ ਕੁਝ ਨਹੀਂ**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਭੁੱਖ ਹੀ ਸਭ ਤੋਂ ਵੱਡਾ ਰੋਣਾ ਹੈ, ਜਿਸ ਨੂੰ ਰੱਜਵੀਂ ਰੋਟੀ ਮਿਲੇਗੀ ਉਹ ਕਿਉਂ ਰੋਵੇਗਾ।

**ਪੁੱਤਰੀਂ ਭਾਗ, ਕੋਈ ਲਿਆਵੇ ਲੱਕੜੀਆਂ ਕੋਈ ਲਿਆਵੇ ਸਾਗ**—ਇਸ ਅਖਾਣ ਦਾ ਭਾਵ ਇਹ ਹੈ ਕਿ ਪੁੱਤਰ ਮਾਪਿਆਂ ਦੇ ਕੰਮ-ਕਾਰ ਵਿੱਚ ਉਹਨਾਂ ਦਾ ਹੱਥ ਵਟਾਉਂਦੇ ਹਨ ਅਤੇ ਵੇਲੇ ਕੁਵੇਲੇ ਸਹਾਇਤਾ ਵੀ ਕਰਦੇ ਹਨ।

**ਪੁੰਨ ਦੀ ਗਊ ਦੇ ਦੰਦ ਕੌਣ ਗਿਣਦਾ ਹੈ**—ਇਸ ਅਖਾਣ ਵਿੱਚ ਇਹ ਦੱਸਿਆ ਗਿਆ ਹੈ ਕਿ ਮੁਫ਼ਤ ਵਿੱਚ ਮਿਲੀ ਵਸਤੂ ਵਿੱਚ ਕੋਈ ਮੀਨ ਮੇਖ਼ ਨਹੀਂ ਕੱਢਦਾ, ਜੋ ਮਿਲ ਗਿਆ ਸੋਈ ਚੰਗਾ।

**ਪੂਰਾ ਕਿਸੇ ਨਾ ਤੋਲਿਆ ਜੋ ਤੋਲੇ ਸੋ ਘੱਟ**—ਇਹ ਅਖਾਣ ਉਦੋਂ ਵਰਦੇ ਹਨ ਜਦੋਂ ਕਿਸੇ ਨੂੰ ਪੂਰਾ ਨਿਆਂ ਨਾ ਮਿਲੇ, ਭਾਵ ਇਹ ਹੈ ਕਿ ਇਸ ਸੰਸਾਰ ਵਿੱਚ ਕਿਸੇ ਨੂੰ ਵੀ ਪੂਰਾ ਨਿਆਂ ਨਹੀਂ ਮਿਲਦਾ।

**ਪੇਕੇ ਗਈਆਂ ਦੀ ਖ਼ੈਰ ਕੌਣ ਪਾਏ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਕਿਸੇ ਗ਼ੈਰ-ਹਾਜ਼ਰ ਬੰਦੇ ਦਾ ਹਿੱਸਾ ਮੰਗੇ।

**ਪੇਕੇ ਮਾਵਾਂ ਨਾਲ਼, ਮਾਣ ਭਰਾਵਾਂ ਨਾਲ਼**—ਇਸ ਅਖਾਣ ਵਿੱਚ ਇਹ ਅਟੱਲ ਸੱਚਾਈ ਦਰਸਾਈ ਗਈ ਹੈ ਕਿ ਪੇਕੇ ਘਰ ਵਿੱਚ ਮਾਵਾਂ ਹੀ ਆਪਣੀਆਂ ਸਹੁਰੀਂ ਗਈਆਂ ਧੀਆਂ ਦੀ ਉਤਸੁਕਤਾ ਨਾਲ਼ ਉਡੀਕ ਕਰਦੀਆਂ ਹਨ ਅਤੇ ਭੈਣਾਂ ਨੂੰ ਪੇਕੇ ਘਰ ਵਿੱਚ ਆਦਰ-ਮਾਣ ਉਹਨਾਂ ਦੇ ਭਰਾਵਾਂ ਸਦਕਾ ਹੀ ਮਿਲਦਾ ਹੈ।

**ਪੇਕੇ ਵਸਣ ਕੁਆਰੀਆਂ ਮੈਂ ਵਸਾ ਸ਼ਰੀਕਾਂ ਨਾਲ਼**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਕੁਆਰੀਆਂ ਕੁੜੀਆਂ ਪੇਕੀਂ ਵਸਦੀਆਂ ਹਨ, ਵਿਆਹੀਆਂ ਕੁੜੀਆਂ ਦੇ ਸਹੁਰੀਂ ਵਸਣ ਨਾਲ਼ ਹੀ ਉਹਨਾਂ ਦਾ ਮਾਣ ਤਾਣ ਵਧਦਾ ਹੈ।

**ਪੇਟ ਨਾ ਪਈਆਂ ਰੋਟੀਆਂ, ਸੱਭੇ ਗੱਲਾਂ ਖੋਟੀਆਂ**—ਭਾਵ ਇਹ ਹੈ ਕਿ ਜ਼ਿੰਦਗੀ ਨੂੰ ਰੇੜ੍ਹਨ ਲਈ ਪੇਟ ਭਰਕੇ ਰੋਟੀ ਮਿਲਣੀ ਜ਼ਰੂਰੀ ਹੈ।

**ਪੈਸਾ ਉਹਦਾ ਜਿਸਦੇ ਪੱਲੇ**—ਇਸ ਅਖਾਣ ਵਿੱਚ ਇਹ ਸਿੱਖਿਆ ਦਿੱਤੀ ਗਈ ਹੈ ਕਿ ਪੈਸੇ ਨੂੰ ਆਪਣੇ ਹੱਥ ਹੇਠ ਹੀ ਰੱਖਣਾ ਚਾਹੀਦਾ ਹੈ ਤਾਂ ਜੋ ਸਮੇਂ ਸਿਰ ਲੋੜ ਅਨੁਸਾਰ ਵਰਤਿਆ ਜਾ ਸਕੇ।

**ਪੈਸਾ ਖੋਟਾ ਆਪਣਾ ਬਾਣੀਏਂ ਨੂੰ ਕੀ ਦੋਸ਼**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਆਪਣਾ ਸਾਕ ਸਬੰਧੀ ਹੀ ਕੋਈ ਮਾੜਾ ਕੰਮ ਕਰਕੇ ਬਦਨਾਮੀ ਖੱਟੇ।

**ਪੈਸਾ ਪੈਸੇ ਨੂੰ ਖੱਟਦਾ ਹੈ**—ਭਾਵ ਇਹ ਹੈ ਕਿ ਪੈਸਾ ਖ਼ਰਚ ਕਰਕੇ ਹੀ ਕਮਾਈ ਕੀਤੀ ਜਾ ਸਕਦੀ ਹੈ।

**ਪੈਸੇ ਵਾਲ਼ੀ ਦਾ ਬਾਲ ਖੇਡਦਾ ਹੈ**—ਭਾਵ ਸਪੱਸ਼ਟ ਹੈ ਕਿ ਪੈਸਾ ਖ਼ਰਚ ਕਰਕੇ ਹੀ ਸੁਖ ਸਹੂਲਤਾਂ ਪ੍ਰਾਪਤ ਹੁੰਦੀਆਂ ਹਨ।

**ਪੈਂਚਾਂ ਦਾ ਕਿਹਾ ਸਿਰ ਮੱਥੇ, ਪਰ ਪਰਨਾਲਾ ਉਥੇ ਹੀ**—ਇਹ ਅਖਾਣ ਉਸ ਬੰਦੇ ਪ੍ਰਤੀ ਵਰਤਦੇ ਹਨ ਜਿਹੜਾ ਸਾਰਿਆਂ ਦੀ ਗੱਲ ਮੰਨਕੇ ਵੀ ਆਪਣੀ ਜ਼ਿੱਦ 'ਤੇ ਅੜਿਆ ਰਹੇ, ਪੰਚਾਇਤ ਦੀ ਗੱਲ ਮੰਨਕੇ ਵੀ ਨਾ ਮੰਨੇ।

**ਪੈਰ ਵੱਡੇ ਗਵਾਰਾਂ ਦੇ, ਸਿਰ ਵੱਡੇ ਸਰਦਾਰਾਂ ਦੇ**—ਭਾਵ ਇਹ ਹੈ ਕਿ ਵੱਡੇ ਪੈਰ ਗੰਵਾਰ ਹੋਣ ਦੀ ਨਿਸ਼ਾਨੀ ਸਮਝੇ ਜਾਂਦੇ ਹਨ ਤੇ ਵੱਡਾ ਸਿਰ ਸਰਦਾਰ ਹੋਣ ਦਾ ਪ੍ਰਤੀਕ ਸਮਝਿਆ ਜਾਂਦਾ ਹੈ।

**ਪੋਹ ਪਾਲ਼ੇ ਦਾ ਰੋਹ**—ਭਾਵ ਇਹ ਹੈ ਕਿ ਪੋਹ ਦੇ ਮਹੀਨੇ ਵਿੱਚ ਪਾਲ਼ਾ ਆਪਣੇ ਸਿਖ਼ਰ 'ਤੇ ਹੁੰਦਾ ਹੈ।

**ਪੋਹ ਮਾਹ ਦੀ ਝੜੀ ਕੋਠਾ ਛੱਡੇ ਨਾ ਕੜੀ**—ਭਾਵ ਇਹ ਹੈ ਕਿ ਪੋਹ ਮਹੀਨੇ ਵਸਿਆ ਮੀਂਹ ਬਹੁਤ ਨੁਕਸਾਨ ਕਰਦਾ ਹੈ।

**ਪੋਹ ਮਾਹ ਦੀ ਦਿਹਾੜੀ ਚੌਂਕਾ ਚੁੱਲ੍ਹਾ ਤੇ ਬੁਹਾਰੀ**—ਭਾਵ ਸਪੱਸ਼ਟ ਹੈ ਕਿ ਪੋਹ ਮਹੀਨੇ 'ਚ ਦਿਨ ਛੋਟੇ ਹੋਣ ਕਰਕੇ ਸਾਰਾ ਦਿਨ ਚੁੱਲ੍ਹਾ ਚੌਂਕਾ ਕਰਦਿਆਂ ਅਤੇ ਘਰ ਸੁੰਭਰਦਿਆਂ ਬੀਤ ਜਾਂਦਾ ਹੈ।

**ਪੋਤੜਿਆਂ ਦੇ ਵਿਗੜੇ ਕਦੇ ਰਾਸ ਨਹੀਂ ਆਉਂਦੇ**—ਭਾਵ ਇਹ ਹੈ ਕਿ ਬਚਪਨ ਵਿੱਚ ਪਈਆਂ ਮਾੜੀਆਂ ਆਦਤਾਂ ਕਦੀ ਵੀ ਨਹੀਂ ਸੁਧਰਦੀਆਂ।

## ਫ

**ਫਸੀ ਨੂੰ ਫਟਕਣ ਕੀ**—ਭਾਵ ਇਹ ਹੈ ਕਿ ਜਦੋਂ ਕੋਈ ਕਿਸੇ ਕੰਮ ਨੂੰ ਸ਼ੁਰੂ ਕਰ ਬੈਠੇ ਤਾਂ ਉਸ ਨੂੰ ਪੂਰਾ ਕਰਕੇ ਹੀ ਦਮ ਲੈਣਾ ਚਾਹੀਦਾ ਹੈ, ਚਾਹੇ ਕਿੰਨੀ ਵੀ ਔਖ ਝੱਲਣੀ ਪਵੇ।

**ਫ਼ਕੀਰਾ ਫ਼ਕੀਰੀ ਦੂਰ ਹੈ, ਜਿਉਂ ਉੱਚੀ ਲੰਮੀ ਖਜੂਰ ਹੈ**—ਇਸ ਅਖਾਣ ਦਾ ਭਾਵ ਇਹ ਹੈ ਕਿ ਫ਼ਕੀਰੀ ਧਾਰਨ ਕਰਨ ਲਈ ਬੜੀ ਔਖੀ ਘਾਲਣਾ ਘਾਲਣੀ ਪੈਂਦੀ ਹੈ।

**ਫਫੇ-ਕੁੱਟਣ ਲੱਗੀ ਲੁੱਟਣ**—ਜਦੋਂ ਕੋਈ ਬੰਦਾ ਕਿਸੇ ਨਾਲ਼ ਧੋਖਾ ਕਰੇ ਜਾਂ ਠੱਗੀ ਮਾਰੇ, ਉਦੋਂ ਇੰਜ ਆਖਦੇ ਹਨ।

**ਫਾਟਕ ਟੁੱਟਿਆ ਘਰ ਲੁੱਟਿਆ**—ਜਦੋਂ ਕੋਈ ਕੰਮ ਨਿਰਵਿਘਨ ਸ਼ੁਰੂ ਹੋ ਜਾਵੇ, ਉਹ ਹਰ ਹਾਲਤ ਵਿੱਚ ਸਫ਼ਲਤਾਪੂਰਵਕ ਸਿਰੇ ਚੜ੍ਹ ਜਾਂਦਾ ਹੈ।

**ਫਾਥੀ ਨੂੰ ਫਟਕਣ ਕੀ**—ਇਹ ਅਖਾਣ ਉਸ ਸਮੇਂ ਬੋਲਦੇ ਹਨ ਜਦੋਂ ਕੋਈ ਬੰਦਾ ਮਜ਼ਬੂਰ ਹੋ ਕੇ ਕਿਸੇ ਔਖੇ ਕੰਮ ਵਿੱਚ ਫਸ ਜਾਂਦਾ ਹੈ।

**ਫਿਟੇ ਮੂੰਹ ਜੇਹੇ ਜੰਮੇ ਦਾ**—ਜਦੋਂ ਕੋਈ ਪੁੱਤਰ ਆਪਣੇ ਮਾਂ-ਬਾਪ ਲਈ ਖੁਨਾਮੀ ਖੱਟੇ ਤੇ ਉਹਨਾਂ ਨੂੰ ਬਦਨਾਮ ਕਰੇ ਤਾਂ ਸਤੇ ਹੋਏ ਮਾਪੇ ਇੰਜ ਆਖਦੇ ਹਨ।

**ਫੁੱਲਾਂ ਨਾਲ਼ ਕੰਡੇ ਵੀ ਹੁੰਦੇ ਨੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਸੁੱਖਾਂ ਨਾਲ਼ ਦੁੱਖ ਵੀ ਮਿਲਦੇ ਹਨ। ਜੀਵਨ ਦੋਹਾਂ ਦਾ ਸੁਮੇਲ ਹੈ।

**ਫੁੱਲਾਂ ਬਾਝ ਨਾ ਸੋਂਹਦੀਆਂ ਵੇਲਾਂ, ਪੁੱਤਰਾਂ ਬਾਝ ਨਾ ਮਾਵਾਂ**—ਭਾਵ ਇਹ ਹੈ ਕਿ ਜਿਸ ਤਰ੍ਹਾਂ ਵੇਲਾਂ ਫ਼ੁੱਲਾਂ ਨਾਲ਼ ਸੁਹਾਂਦੀਆਂ ਹਨ, ਉਵੇਂ ਹੀ ਮਾਵਾਂ ਪੁੱਤਰਾਂ ਨਾਲ਼ ਸੋਂਹਦੀਆਂ ਹਨ, ਮਾਵਾਂ ਦਾ ਸਤਿਕਾਰ ਪੁੱਤਰਾਂ ਨਾਲ਼ ਹੈ।

**ਫ਼ੂਹੀਂ ਫ਼ੂਹੀਂ ਤਲਾਅ ਭਰਿਆ ਜਾਂਦਾ ਹੈ**—ਭਾਵ ਇਹ ਹੈ ਕਿ ਥੋੜ੍ਹੀ-ਥੋੜ੍ਹੀ ਬਚਤ ਕਰਨ ਨਾਲ਼ ਬਹੁਤ ਸਾਰੀ ਰਕਮ ਇਕੱਠੀ ਹੋ ਜਾਂਦੀ ਹੈ।

## ਬ

**ਬਹੁਤਾ ਜਾਈਏ ਤਾਂ ਭਰਮ ਗਵਾਈਏ**—ਇਸ ਅਖਾਣ ਵਿੱਚ ਇਹ ਉਪਦੇਸ਼ ਦਿੱਤਾ ਗਿਆ ਹੈ ਕਿ ਸੱਜਣਾਂ-ਮਿੱਤਰਾਂ ਦੇ ਘਰੀਂ ਆਮ ਆਉਣ-ਜਾਣ ਨਾਲ਼ ਸਤਿਕਾਰ ਘੱਟ ਜਾਂਦਾ ਹੈ।

**ਬਹੁਤਾ ਭਲਾ ਨਾ ਮੇਘਲਾ, ਬਹੁਤੀ ਭਲੀ ਨਾ ਧੁੱਪ, ਬਹੁਤਾ ਭਲਾ ਨਾ ਬੋਲਣਾ, ਬਹੁਤੀ ਭਲੀ ਨਾ ਚੁੱਪ**—ਇਸ ਅਖਾਣ ਵਿੱਚ ਜੀਵਨ ਪ੍ਰਤੀ ਵਿਚਕਾਰਲਾ ਰਸਤਾ ਅਪਨਾਉਣ ਦੀ ਸਲਾਹ ਦਿੱਤੀ ਗਈ ਹੈ। ਨਾ ਬਹੁਤਾ ਬੋਲਣਾ ਚੰਗਾ ਹੈ ਤੇ ਨਾ ਹੀ

ਬਹੁਤੀ ਚੁੱਪ ਭਲੀ ਹੈ। ਇਸੇ ਪ੍ਰਕਾਰ ਲੋੜ ਨਾਲੋਂ ਵੱਧ ਵਰ੍ਹਿਆ ਮੀਂਹ ਨੁਕਸਾਨ ਪਹੁੰਚਾਉਂਦਾ ਹੈ ਅਤੇ ਬਹੁਤੀ ਧੁੱਪ ਮਾੜੀ ਹੈ।

**ਬਹੁਤੀ ਗਈ ਵਿਹਾ ਥੋਹੜੀ ਰਹਿ ਗਈ**—ਜਦੋਂ ਬਜ਼ੁਰਗ ਇਕੱਠੇ ਹੋ ਕੇ ਜ਼ਿੰਦਗੀ ਦੀ ਪੱਤਝੜ ਦੀ ਗੱਲ ਕਰਦੇ ਹਨ ਤਾਂ ਅਕਸਰ ਇਹ ਅਖਾਣ ਬੋਲਦੇ ਹਨ।

**ਬਹੁਤੇ ਡੂਮੀਂ ਢੱਡ ਨਹੀਂ ਵਜਦੀ**—ਜਦੋਂ ਕਿਸੇ ਕੰਮ ਨੂੰ ਕਰਨ ਵਾਲ਼ੇ ਬਹੁਤੇ ਹੋਣ ਪ੍ਰੰਤੂ ਕੰਮ ਸਿਰੇ ਨਾ ਚੜ੍ਹੇ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਬੱਕਰਾ ਜਾਨੋਂ ਗਿਆ, ਖਾਣ ਵਾਲ਼ੇ ਨੂੰ ਸੁਆਦ ਨਾ ਆਇਆ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਕਿਸੇ ਦੀ ਆਪਣੇ ਵਿੱਤੋਂ ਬਾਹਰ ਹੋ ਕੇ ਸਹਾਇਤਾ ਕਰੇ, ਪ੍ਰੰਤੂ ਸਹਾਇਤਾ ਪ੍ਰਾਪਤ ਕਰਨ ਵਾਲ਼ਾ ਬੰਦਾ ਉਸ ਨੂੰ ਕੋਈ ਮਾਨਤਾ ਨਾ ਦੇਵੇ।

**ਬੱਕਰਾ ਰੋਵੇ ਜਿੰਦ ਨੂੰ, ਕਸਾਈ ਰੋਵੇ ਮਿੰਝ ਨੂੰ**—ਇਸ ਅਖਾਣ ਨੂੰ ਉਦੋਂ ਵਰਤਦੇ ਹਨ ਜਦੋਂ ਕਿਸੇ ਦੀ ਜ਼ਿੰਦਗੀ-ਮੌਤ ਦਾ ਸਵਾਲ ਬਣਿਆ ਹੋਵੇ, ਪ੍ਰੰਤੂ ਕੋਈ ਹੋਰ ਬੰਦਾ ਉਸ ਦੇ ਅਜਿਹੇ ਹਾਲਾਤ ਤੋਂ ਕੋਈ ਲਾਭ ਲੈਣ ਦੀ ਕੋਸ਼ਿਸ਼ ਕਰੇ।

**ਬੱਕਰੇ ਦੀ ਮਾਂ ਕਦ ਤਕ ਖ਼ੈਰ ਮਨਾਏਗੀ**—ਭਾਵ ਇਹ ਹੈ ਕਿ ਬੰਦਾ ਫ਼ੋਕੇ ਆਸਰਿਆਂ ਦੇ ਸਹਾਰੇ ਕਦੋਂ ਤੱਕ ਜੀ ਸਕਦਾ ਹੈ, ਆਖ਼ਰ ਉਹ ਕੁਝ ਹੋਣਾ ਹੈ ਜੋ ਨਿਸ਼ਚਿਤ ਹੈ।

**ਬਗਲਾ ਭਗਤ ਮੱਛੀਆਂ ਦਾ ਰਾਖਾ**—ਜਦੋਂ ਕਿਸੇ ਪਹਿਲਾਂ ਹੀ ਬਦਨਾਮ ਬੰਦੇ ਨੂੰ ਕੋਈ ਜ਼ਿੰਮੇਵਾਰੀ ਵਾਲ਼ਾ ਕੰਮ ਸੌਂਪ ਦਿੱਤਾ ਜਾਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਬੱਤੀ ਦਿਨ ਤੇ ਤੇਤੀ ਮੇਲੇ, ਤੱਤਾ ਜਾਵੇ ਕਿਹੜੇ ਵੇਲੇ**—ਇਹ ਅਖਾਣ ਉਸ ਬੰਦੇ ਪ੍ਰਤੀ ਬੋਲਿਆ ਜਾਂਦਾ ਹੈ ਜਿਹੜਾ ਆਪਣੇ ਕਾਰੋਬਾਰ ਦੇ ਰੁਝੇਵਿਆਂ ਕਾਰਨ ਆਪਣੇ ਦੋਸਤਾਂ-ਮਿੱਤਰਾਂ ਨਾਲ਼ ਖ਼ੁਸ਼ੀ ਦੇ ਪਲ ਵੀ ਗੁਜ਼ਾਰਨ ਤੋਂ ਅਸਮਰਥ ਹੋਵੇ।

**ਬਦ ਨਾਲੋਂ ਬਦਨਾਮ ਬੁਰਾ**—ਭਾਵ ਇਹ ਹੈ ਕਿ ਜੇ ਕਿਸੇ ਦੇ ਮਾੜੇ ਧੰਦਿਆਂ ਦਾ ਕਿਸੇ ਨੂੰ ਪਤਾ ਨਾ ਲੱਗੇ, ਪਰਦਾ ਪਿਆ ਰਹੇ ਤਾਂ ਉਹ ਬੰਦਾ ਸਮਾਜ ਵਿੱਚ ਚੰਗਾ ਸਮਝਿਆ ਜਾਂਦਾ ਹੈ, ਪ੍ਰੰਤੂ ਬਦਨਾਮ ਹੋਇਆ ਬੰਦਾ ਭਾਵੇਂ ਉਸ ਨੇ ਕੋਈ ਮਾੜੀ ਗੱਲ ਨਾ ਕੀਤੀ ਹੋਵੇ, ਮਾੜਾ ਸਮਝਿਆ ਜਾਂਦਾ ਹੈ।

**ਬੰਦਾ ਏਂ ਕਿ ਨਾਈ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਮਿੱਤਰ-ਬੇਲੀਆਂ ਦੀ ਟੋਲੀ ਵਿੱਚ ਬੈਠਾ ਕੋਈ ਬੰਦਾ ਅਣਢੁਕਵੀਂ ਗੱਲ ਕਰੇ।

**ਬੰਦਾ ਬੰਦੇ ਦਾ ਦਾਰੂ ਹੈ**—ਭਾਵ ਸਪੱਸ਼ਟ ਹੈ ਕਿ ਕਿਸੇ ਦੀ ਤਕਲੀਫ਼ ਵਿੱਚ ਬੰਦਾ ਹੀ ਸਹਾਈ ਹੁੰਦਾ ਹੈ। ਬੰਦਾ ਬੰਦੇ ਦੇ ਕੰਮ ਆਉਂਦਾ ਹੈ।

**ਬਦੋਬਦੀ ਦੇ ਸੌਦੇ ਨਹੀਂ ਹੁੰਦੇ**—ਭਾਵ ਇਹ ਹੈ ਕਿ ਕਿਸੇ ਵੀ ਮਾਮਲੇ ਵਿੱਚ ਦੋਹਾਂ ਧਿਰਾਂ ਦੀ ਰਜ਼ਾਮੰਦੀ ਬਿਨਾਂ ਗੱਲ ਸਿਰੇ ਨਹੀਂ ਲੱਗਦੀ।

**ਬੱਦਲ ਵੀ ਨੀਵਾਂ ਹੋ ਕੇ ਵਸਦਾ ਹੈ**—ਇਹ ਅਖਾਣ ਕਿਸੇ ਹੰਕਾਰੀ ਬੰਦੇ ਨੂੰ ਨਿਮਰਤਾ ਤੇ ਹਲੀਮੀ ਦਾ ਉਪਦੇਸ਼ ਦੇਣ ਲਈ ਬੋਲਿਆ ਜਾਂਦਾ ਹੈ।

**ਬੱਦਲੀ ਦੀ ਧੁੱਪ ਬੁਰੀ, ਮਤਰੇਈ ਦੀ ਝਿੜਕ ਬੁਰੀ**—ਜਦੋਂ ਕੋਈ ਮਤਰੇਈ ਮਾ ਆਪਣੇ ਮਤਰੇਏ ਪੁੱਤਰ ਨਾਲ਼ ਦੁਰ-ਵਿਵਹਾਰ ਕਰੇ, ਗੱਲ ਗੱਲ 'ਤੇ ਝਿੜਕੇ, ਉਦੋਂ ਇਹ ਅਖਾਣ ਮਤਰੇਈ ਨੂੰ ਸੁਣਾ ਕੇ ਬੋਲਿਆ ਜਾਂਦਾ ਹੈ।

**ਬਣੀ ਤੇ ਕੋਈ ਨਹੀਂ ਬਹੁੜਦਾ**—ਜਦੋਂ ਕਿਸੇ ਬੰਦੇ 'ਤੇ ਮੁਸੀਬਤ ਆ ਜਾਂਦੀ ਹੈ ਤਾਂ ਉਸ ਦੇ ਮਿੱਤਰ ਬੇਲੀ ਵੀ ਸਾਥ ਛੱਡ ਜਾਂਦੇ ਹਨ, ਕੋਈ ਦੂਜਾ ਵੀ ਮਦਦ ਨਹੀਂ ਕਰਦਾ।

**ਬੱਧਾ ਚੱਟੀ ਜੋ ਭਰੇ ਨਾ ਗੁਣ ਨਾ ਉਪਕਾਰ**—ਇਹ ਅਖਾਣ ਉਸ ਬੰਦੇ ਪ੍ਰਤੀ ਵਰਤਿਆ ਜਾਂਦਾ ਹੈ ਜਿਹੜਾ ਮਜ਼ਬੂਰ ਹੋ ਕੇ ਨਾ ਚਾਹੁੰਦਾ ਹੋਇਆ ਕਿਸੇ ਦਾ ਕੰਮ ਕਰੇ। ਰਜ਼ਾਮੰਦੀ ਤੇ ਮਰਜ਼ੀ ਬਿਨਾ ਕੀਤੇ ਕੰਮ ਦਾ ਕੋਈ ਗੁਣ ਨਹੀਂ ਹੁੰਦਾ।

**ਬੱਧਾ (ਚੋਰ) ਮਾਰ ਖਾਂਦਾ ਹੈ**—ਇਸ ਅਖਾਣ ਦਾ ਭਾਵ ਇਹ ਹੈ ਕਿ ਕਾਬੂ ਆਇਆ ਬੰਦਾ ਹੀ ਈਨ ਮੰਨਦਾ ਹੈ, ਉਂਜ ਕੌਣ ਕਿਸੇ ਦੀ ਪ੍ਰਵਾਹ ਕਰਦਾ ਹੈ।

**ਬੱਧੀ ਮੁੱਠ ਲਖ ਬਰਾਬਰ**—ਇਹ ਅਖਾਣ ਇਹ ਦਰਸਾਉਂਦਾ ਹੈ ਕਿ ਜਿਸ ਆਦਮੀ ਦੀ ਆਪਣੇ ਭਾਈਚਾਰੇ ਵਿੱਚ ਇੱਜ਼ਤ ਤੇ ਸਾਖ ਬਣੀ ਹੋਈ ਹੋਵੇ, ਉਹ ਹੀ ਅਸਲ ਵਿੱਚ ਲੱਖ਼ਪਤੀ ਹੈ।

**ਬਲ ਬਿਨਾਂ ਆਦਰ ਨਹੀਂ**--ਭਾਵ ਇਹ ਹੈ ਕਿ ਕਮਜ਼ੋਰ ਬੰਦੇ ਦਾ ਕਿਧਰੇ ਆਦਰ-ਮਾਣ ਨਹੀਂ ਹੁੰਦਾ।

**ਬਲਦ ਦੇ ਹੱਡ ਵਗਣ, ਸੰਢੇ ਦਾ ਮਾਸ**—ਇਸ ਅਖਾਣ ਰਾਹੀਂ ਬਲਦ ਅਤੇ ਸੰਢੇ ਦੀ ਤਾਕਤ ਦਾ ਮੁਕਾਬਲਾ ਕਰਦਿਆਂ ਦੱਸਿਆ ਗਿਆ ਹੈ ਕਿ ਸੰਢਾ ਜ਼ੋਰ ਵਿੱਚ ਬਲਦ ਨਾਲੋਂ ਤਕੜਾ ਹੁੰਦਾ ਹੈ।

**ਬਾਹਾਂ ਉੱਤੇ ਹੀ ਬੜ੍ਹਕਾਂ ਹੁੰਦੀਆਂ ਨੇ**--ਭਾਵ ਇਹ ਹੈ ਕਿ ਜਿਹੜੇ ਬੰਦੇ ਦਾ ਪਿੱਛਾ ਤਕੜਾ ਹੋਵੇ, ਤੇ ਮਗਰ ਖਾਂਦੇ-ਪੀਂਦੇ ਰਿਸ਼ਤੇਦਾਰ ਹੋਣ ਉਹ ਉਹਨਾਂ ਦੇ ਮਾਣ ਤੇ ਤਾਂਗੜਦਾ ਹੈ।

**ਬਾਹਮਣ ਦੇ ਹੱਥ ਛੁਰਾ, ਉਹ ਵੀ ਬੁਰਾ**—ਇਸ ਅਖਾਣ ਰਾਹੀਂ ਇਹ ਦਰਸਾਇਆ ਗਿਆ ਕਿ ਜੇਕਰ ਚੰਗੇ ਬੰਦੇ ਵੀ ਮਾੜੇ ਕੰਮ ਕਰਨ ਲੱਗ ਜਾਣ ਤਾਂ ਇਹ ਸਾਡੇ ਸਮਾਜ ਲਈ ਬੜੀ ਮਾੜੀ ਗੱਲ ਹੋਵੇਗੀ।

**ਬਾਹਰ ਮੀਆਂ ਪੰਜ ਹਜ਼ਾਰੀ, ਘਰ ਬੀਬੀ ਝੋਲੇ ਦੀ ਮਾਰੀ**—ਇਹ ਅਖਾਣ ਉਦੋਂ ਬੋਲਿਆ ਜਾਂਦਾ ਹੈ ਜਦ ਕੋਈ ਬੰਦਾ ਬਾਹਰ ਤਾਂ ਪੂਰੀ ਟੌਹਰ ਤੇ ਠਾਠ-ਬਾਠ ਨਾਲ਼ ਰਹੇ ਪ੍ਰੰਤੂ ਘਰ ਦੀ ਹਾਲਤ ਬਹੁਤ ਮੰਦੀ ਹੋਵੇ।

**ਬਾਹਰ ਮੀਆਂ ਫ਼ੱਤੂ, ਘਰ ਨਾ ਸਾਗ ਨਾ ਸੱਤੂ**—ਇਸ ਅਖਾਣ ਦਾ ਭਾਵ ਉਪਰੋਕਤ ਅਖਾਣ ਵਾਲ਼ਾ ਹੀ ਹੈ।

**ਬਾਹਰੀਂ ਵਰ੍ਹੀਂ ਸੰਢ ਵਿਆਈ, ਉਸ ਵੀ ਕਾਣੀ ਕੁੜੀ ਜਾਈ**—ਜਦੋਂ ਕਿਸੇ ਲੰਬੀ ਉਡੀਕ ਮਗਰੋਂ ਕੋਈ ਮੁਰਾਦ ਪੂਰੀ ਹੁੰਦੀ ਦਿਸਦੀ ਹੋਵੇ ਪ੍ਰੰਤੂ ਮੁਰਾਦ ਪੂਰੀ ਨਾ ਹੋਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਬਾਹਰੀਂ ਵਰ੍ਹੀਂ ਮੁਕਾਣ ਆਈ, ਹੱਸਦਿਆਂ ਨੂੰ ਰੁਆਣ ਆਈ**—ਜਦੋਂ ਕੋਈ ਬੰਦਾ ਕਾਫ਼ੀ ਲੰਮੇ ਸਮੇਂ ਮਗਰੋਂ ਕਿਸੇ ਮਰਗ ਵਾਲੇ ਘਰ ਮਾਤਮਪੁਰਸ਼ੀ ਕਰਨ ਆਵੇ, ਤੇ ਘਰ ਵਾਲ਼ੇ ਮਰਨ ਵਾਲ਼ੇ ਨੂੰ ਭੁੱਲ ਭੁਲਾ ਚੁੱਕੇ ਹੋਣ ਤੇ ਆਉਣ ਵਾਲ਼ਾ ਮਰੇ ਹੋਏ ਬੰਦੇ ਦੀ ਯਾਦ ਤਾਜ਼ਾ ਕਰਵਾ ਕੇ ਘਰਦਿਆਂ ਨੂੰ ਰੋਣ ਪਿੱਟਣ ਲਾ ਦੇਵੇ ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਬਾਹਰੀਂ ਵਰ੍ਹੀਂ ਤਾਂ ਰੱਬ ਰੂੜੀ ਦੀ ਵੀ ਸੁਣ ਲੈਂਦਾ ਹੈ**—ਜਦੋਂ ਲੰਬੀ ਉਡੀਕ ਮਗਰੋਂ ਕਿਸੇ ਦਾ ਰੁਕਿਆ ਹੋਇਆ ਕੰਮ ਬਣ ਜਾਵੇ ਜਾਂ ਮਨ ਦੀ ਤਮੰਨਾ ਪੂਰੀ ਹੋ ਜਾਵੇ, ਉਦੋਂ ਇੰਜ ਆਖਦੇ ਹਨ।

**ਬਾਹਰੋਂ ਆਇਆ ਕੱਤਣਾ ਤੇ ਘਰੋਂ ਪਿਆ ਘੱਤਣਾ**—ਜਦੋਂ ਕੋਈ ਬੰਦਾ ਨਫ਼ੇ ਦੀ ਆਸ 'ਤੇ ਕੰਮ ਕਰਦਾ ਹੋਇਆ ਪੱਲਿਓਂ ਨੁਕਸਾਨ ਕਰਵਾ ਬੈਠੇ, ਉਦੋਂ ਆਖਦੇ ਹਨ।

**ਬਾਜਰਾ ਜੇਠੀ ਦਾ ਪੁੱਤਰ ਪਲੇਠੀ ਦਾ**—ਸਿਆਣੇ ਬੰਦੇ ਪਹਿਲ ਪਲੇਠੀ ਦੇ ਪੁੱਤ ਨੂੰ ਇਸ ਲਈ ਚੰਗਾ ਮੰਨਦੇ ਹਨ ਕਿਉਂਕਿ ਉਹ ਛੇਤੀ ਜਵਾਨ ਹੋ ਕੇ ਆਪਣੇ ਪਿਉ ਦੀ ਮਦਦ ਕਰਨ ਲੱਗ ਜਾਂਦਾ ਹੈ।

**ਬਾਂਝ ਕੀ ਜਾਣੇ ਪਰਸੂਤਾਂ ਦੀਆਂ ਪੀੜਾਂ**—ਭਾਵ ਇਹ ਹੈ ਕਿ ਜਿਸ ਨੇ ਦੁਖ ਆਪ ਨਹੀਂ ਝਲਿਆ ਉਹ ਦੂਜੇ ਦੇ ਦੁੱਖ ਦੀ ਪੀੜ ਕੀ ਸਮਝ ਸਕਦਾ ਹੈ।

**ਬਾਣ ਨਾ ਗਈ ਤੇਰੀ, ਬੁਢ ਬਢੇਂਦੀ ਵੇਰੀ**—ਜੇ ਕੋਈ ਬੰਦਾ ਬੁੱਢੇ ਬਾਰੇ ਵੀ ਆਪਣੀ ਪਹਿਲੀ ਆਦਤ ਅਨੁਸਾਰ ਕੋਈ ਮਾੜਾ ਕੰਮ ਕਰੇ, ਉਦੋਂ ਉਸ ਨੂੰ ਵਿਅੰਗ ਵਜੋਂ ਇੰਜ ਆਖਦੇ ਹਨ।

**ਬਾਣੀਏ ਦਾ ਪੁੱਤ ਕੁਝ ਦੇਖ ਕੇ ਡਿੱਗਦਾ ਹੈ**—ਭਾਵ ਇਹ ਹੈ ਕਿ ਬਾਣੀਆਂ ਹਰ ਹਾਲਤ ਵਿੱਚ ਆਪਣਾ ਲਾਭ ਕੱਢ ਲੈਂਦਾ ਹੈ।

**ਬਾਣੀਆਂ ਹੇਠ ਪਿਆ ਵੀ ਰੋਵੇ, ਉੱਤੇ ਪਿਆ ਵੀ**—ਇਸ ਅਖਾਣ ਦਾ ਪਿਛੋਕੜ ਇਹ ਹੈ ਕਿ ਕਿਸੇ ਕਾਰਨ ਜੱਟ ਤੇ ਬਾਣੀਆ ਹੱਥੋਂ ਪਾਈ ਹੋ ਗਏ ਤੇ ਜੱਟ ਅੜ੍ਹਕ ਤੇ ਥੱਲੇ ਡਿੱਗ ਪਿਆ। ਬਾਣੀਆਂ ਉਹ ਨੂੰ ਦਬ ਕੇ ਉੱਪਰ ਬੈਠ ਗਿਆ ਪ੍ਰੰਤੂ ਜੱਟ ਤੇ ਬੈਠਾ ਹੋਇਆ ਵੀ ਹਾਲ ਦੁਹਾਈ ਪਾਈ ਜਾਵੇ, ਅਖੇ ਜੱਟ ਨੇ ਉਠ ਕੇ ਢਾ ਲੈਣੇ, ਸੋ ਬਾਣੀਆਂ ਹਰ ਹਾਲਤ ਵਿੱਚ ਰੋਂਦਾ ਹੈ।

**ਬਾਂਦਰ ਕੀ ਜਾਣੇ ਲੌਂਗਾਂ ਦਾ ਭਾਅ**—ਜਦੋਂ ਕਿਸੇ ਬੰਦੇ ਨੂੰ ਕਿਸੇ ਵਸਤੂ ਬਾਰੇ ਜਾਣਕਾਰੀ ਨਾ ਹੋਵੇ, ਉਦੋਂ ਇੰਜ ਆਖਦੇ ਹਨ।

**ਬਾਂਦਰ ਦੇ ਗਲ਼ ਮੋਤੀਆਂ ਦੇ ਹਾਰ ਜਾਂ ਬਾਂਦਰ ਨੂੰ ਬਨਾਤ ਦੀਆਂ ਟੋਪੀਆਂ**—ਜਦੋਂ

ਕਿਸੇ ਬੇਕਦਰੇ ਪੁਰਸ਼ ਨੂੰ ਕੋਈ ਕੀਮਤੀ ਤੇ ਚੰਗੀ ਚੀਜ਼ ਮਿਲ ਜਾਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਬਾਂਦਰੀ ਦੇ ਪੈਰ ਸੜੇ, ਉਸ ਨੇ ਬੱਚੇ ਪੈਰਾਂ ਹੇਠ ਲੈ ਲਏ**—ਜਦੋਂ ਕੋਈ ਖ਼ੁਦਗਰਜ਼ ਬੰਦਾ ਆਪਣੇ ਲਾਭ ਲਈ ਜਾਂ ਆਪਣੇ ਵਿੱਤ ਲਈ ਆਪਣੇ ਹੀ ਸਕੇ ਸਬੰਧੀਆਂ ਦਾ ਬਲੀਦਾਨ ਦੇ ਦੇਵੇ, ਉਦੋਂ ਕਹਿੰਦੇ ਹਨ।

**ਬਾਂਦੀ ਦੇ ਹੱਥ ਕਾਮੇ, ਬੀਬੀ ਦਾ ਮੂੰਹ ਕਾਮਾ**—ਭਾਵ ਇਹ ਹੈ ਕਿ ਮਾਲਕਣ ਆਪਣੇ ਮੂੰਹ ਨਾਲ਼ ਨੌਕਰਾਣੀ ਨੂੰ ਹੁਕਮ ਦੇ ਕੇ ਕੰਮ ਕਰਵਾਉਂਦੀ ਹੈ ਤੇ ਅੱਗੋਂ ਨੌਕਰਾਣੀ ਆਪਣੇ ਹੱਥਾਂ ਨਾਲ਼ ਕੰਮ ਕਰਦੀ ਹੈ।

**ਬਾਪ ਜਿਨ੍ਹਾਂ ਦੇ ਸੂਰਮੇਂ ਪੁੱਤਰਾਂ ਦੀ ਉਹ ਖੋ**—ਭਾਵ ਇਹ ਹੈ ਕਿ ਜਿਹੋ ਜਿਹਾ ਬਾਪ ਹੋਵੇਗਾ ਉਹੋ ਜਿਹਾ ਪੁੱਤਰ ਹੋਵੇਗਾ। ਬਹਾਦਰਾਂ ਦੇ ਪੁੱਤ ਬਹਾਦਰ ਹੁੰਦੇ ਹਨ।

**ਬਾਪੂ ਬਾਪੂ ਕਹਿੰਦੇ ਸਾਂ, ਸਦਾ ਸੁਖੀ ਰਹਿੰਦੇ ਸਾਂ, ਬਾਪੂ ਬਾਪੂ ਕਹਾਇਆ ਡਾਢਾ ਦੁੱਖ ਪਾਇਆ**—ਜਦੋਂ ਕੋਈ ਬੰਦਾ ਆਪਣੇ ਗ੍ਰਹਿਸਤੀ ਜੀਵਨ ਦੇ ਦੁੱਖਾਂ ਤੋਂ ਤੰਗ ਆ ਕੇ ਆਪਣੇ ਬਾਲਪਣ ਦੇ ਦਿਨਾਂ ਨੂੰ ਯਾਦ ਕਰਦਾ ਹੈ ਤਾਂ ਇਹ ਅਖਾਣ ਅਕਸਰ ਬੋਲਿਆ ਜਾਂਦਾ ਹੈ।

**ਬਾਬਲ ਦਿੱਤੀ ਢੀਂਗਰੀ ਉਹ ਵੀ ਪ੍ਰਵਾਨ**—ਇਸ ਅਖਾਣ ਵਿੱਚ ਇਕ ਸਾਊ ਧੀ ਦੇ ਸਬਰ ਸੰਤੋਖ ਦੀ ਭਾਵਨਾ ਦਰਸਾਈ ਗਈ ਹੈ, ਜਿਸ ਨੂੰ ਆਪਣੇ ਬਾਪ ਵੱਲੋਂ ਚੰਗਾ ਜਾਂ ਮਾੜਾ ਸਹੇੜਿਆ ਵਰ ਪ੍ਰਵਾਨ ਹੈ।

**ਬਾਬਲ ਨੂੰਹਾਂ ਸਹੇੜੀਆਂ, ਕੁਝ ਟਿੰਡਾਂ ਤੇ ਕੁਝ ਰੇੜ੍ਹੀਆਂ**—ਜਦੋਂ ਨਨਾਣਾਂ ਨੂੰ ਆਪਣੀਆਂ ਭਰਜਾਈਆਂ ਪਸੰਦ ਨਾ ਆਉਣ, ਉਦੋਂ ਆਖਦੇ ਹਨ।

**ਬਾਬਲ ਮੇਰੇ ਚੀਰਾ ਦਿੱਤਾ, ਸਾਹ ਲਵਾਂ ਤੇ ਪਾਟੇ**—ਜਦੋਂ ਕਿਸੇ ਬੰਦੇ ਵੱਲੋਂ ਦਿੱਤੀ ਗਈ ਮਾੜੀ ਵਸਤੂ ਨੂੰ ਨਿੰਦਣਾ ਹੋਵੇ ਤਾਂ ਇੰਜ ਆਖਦੇ ਹਨ।

**ਬਾਬਾ ਆਊ ਤੇ ਬੱਕਰੀਆਂ ਚਰਾਊ**—ਜਦੋਂ ਕੋਈ ਜਣਾ ਕਿਸੇ ਹੋਰ ਦੇ ਆਸਰੇ 'ਤੇ ਜੀਵੇ, ਉਦੋਂ ਇਹ ਅਖਾਣ ਵਰਤਦੇ ਹਨ, ਕਿਸੇ ਤੇ ਨਿਰਭਰ ਹੋਣਾ ਚੰਗਾ ਨਹੀਂ ਹੁੰਦਾ।

**ਬਾਬਾ ਆਵੇ ਨਾ ਤੇ ਘੰਟਾ ਵੱਜੇ ਨਾ**—ਜਦੋਂ ਕੋਈ ਕੰਮ ਕਿਸੇ ਵਿਸ਼ੇਸ਼ ਬੰਦੇ ਦੇ ਨਾ ਹੋਣ ਕਰਕੇ ਰੁਕਿਆ ਪਿਆ ਹੋਵੇ, ਉਦੋਂ ਕਹਿੰਦੇ ਹਨ।

**ਬਾਬਾ ਵੀ ਗਰਮ ਤੇ ਗੋਲ਼ੀਆਂ ਵੀ ਗਰਮ**—ਜਦੋਂ ਇਕੋ ਜਿਹੇ ਗਰਮ ਸੁਭਾਅ ਵਾਲ਼ੀਆਂ ਦੋ ਧਿਰਾਂ ਆਪਸ ਵਿੱਚ ਟਕਰਾਅ ਜਾਣ, ਉਦੋਂ ਇੰਜ ਆਖਦੇ ਹਾਂ।

**ਬਾਰਾਂ ਸਾਲ ਦਿੱਲੀ ਰਹੇ, ਭੱਠ ਹੀ ਝੋਕਦੇ ਰਹੇ**—ਜਦੋਂ ਕੋਈ ਬੰਦਾ ਕਿਸੇ ਚੰਗੀ ਚੋਖੀ ਕਮਾਈ ਕਰਨ ਵਾਲ਼ੇ ਸ਼ਹਿਰ ਵਿੱਚ ਰਹਿ ਕੇ ਖ਼ਾਲੀ ਹੱਥ ਵਾਪਸ ਪਰਤ ਆਵੇ, ਉਦੋਂ ਆਖਦੇ ਹਨ।

**ਬਾਰਾਂ ਕੋਹ ਦਰਿਆ ਘਗਰਾ ਮੋਢਿਆਂ 'ਤੇ**—ਇਹ ਅਖਾਣ ਉਸ ਬੰਦੇ ਪ੍ਰਤੀ ਬੋਲਿਆ ਜਾਂਦਾ ਹੈ ਜਿਹੜਾ ਕਿਸੇ ਦੇਰ ਨਾਲ਼ ਕਰਨ ਵਾਲ਼ੇ ਕੰਮ ਬਾਰੇ ਪਹਿਲਾਂ ਹੀ ਚਿੰਤਿਤ ਹੋ ਜਾਵੇ।

**ਬਾਰਾਂ ਪੂਰਬੀਏ ਤੇਰਾਂ ਚੁੱਲ੍ਹੇ**—ਇਹ ਅਖਾਣ ਆਮ ਕਰਕੇ ਟੱਬਰ ਵਿੱਚ ਪਈ ਫੁੱਟ ਅਤੇ ਹੱਦੋਂ ਵਧੀ ਛੂਤ-ਛਾਤ ਨੂੰ ਦਰਸਾਉਣ ਲਈ ਬੋਲਦੇ ਹਨ।

**ਬਾਲ ਦਾ ਪੱਜ ਮਾਂ ਦਾ ਰੱਜ**—ਜਦੋਂ ਕਿਸੇ ਬੰਦੇ ਨੂੰ ਕਿਸੇ ਹੋਰ ਦੇ ਬਹਾਨੇ ਲਾਭ ਪ੍ਰਾਪਤ ਹੋਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਬਾਲ ਦੀ ਮਾਂ ਨਾ ਮਰੇ, ਬੁੱਢੇ ਦੀ ਰੰਨ ਨਾ ਮਰੇ**—ਭਾਵ ਇਹ ਹੈ ਕਿ ਤੀਵੀਂ ਦੇ ਮਰਨ ਨਾਲ਼ ਬੁੱਢੇ ਪੁਰਸ਼ ਦੀ ਅਤੇ ਮਾਂ ਦੇ ਮਰਨ ਨਾਲ਼ ਬੱਚੇ ਦੀ ਮਾੜੀ ਹਾਲਤ ਹੋ ਜਾਂਦੀ ਹੈ।

**ਬਿਗਾਨਾ ਮਹਿਲ ਵੇਖ ਕੇ ਆਪਣੀ ਕੁੱਲੀ ਨਹੀਂ ਢਾਈਦੀ**—ਜਦੋਂ ਕੋਈ ਬੰਦਾ ਅਮੀਰਾਂ ਦੀਆਂ ਚੰਗੀਆਂ ਚੀਜ਼ਾਂ ਵੇਖ ਕੇ ਆਪਣੀਆਂ ਮੰਦੀਆਂ ਚੀਜ਼ਾਂ ਨੂੰ ਫਿਟਕਾਰਨ ਲੱਗ ਜਾਵੇ, ਉਦੋਂ ਇੰਜ ਸਮਝਾਉਂਦੇ ਹਨ।

**ਬਿਗਾਨੀ ਛਾਹ ਤੇ ਮੁੱਛਾਂ ਨਹੀਂ ਮਨਾਈਦੀਆਂ**—ਜਦੋਂ ਕੋਈ ਬੰਦਾ ਕਿਸੇ ਦੂਜੇ ਬੰਦੇ ਦੇ ਆਸਰੇ 'ਤੇ ਲਾਭ ਹਾਸਲ ਕਰਨ ਦੀ ਥਾਂ ਉਲਟਾ ਨੁਕਸਾਨ ਕਰਵਾ ਬੈਠੇ, ਉਦੋਂ ਕਹਿੰਦੇ ਹਨ।

**ਬਿਗਾਨੇ ਦੰਮੀਂ ਸ਼ਾਹ ਨਹੀਂ ਬਣੀਦਾ**—ਜਦੋਂ ਕੋਈ ਬੰਦਾ ਕਿਸੇ ਹੋਰ ਤੋਂ ਵਸਤਾਂ ਉਧਾਰ ਲੈ ਕੇ ਆਪਣੀ ਟੋਹਰ ਕੱਢੇ, ਉਦੋਂ ਉਸ ਨੂੰ ਸਮਝਾਉਣ ਲਈ ਸਿਆਣੇ ਇਹ ਅਖਾਣ ਬੋਲਦੇ ਹਨ।

**ਬਿਜਲੀ ਸਹੇ ਤੇ ਹੀ ਪੈਂਦੀ ਹੈ**—ਇਸ ਅਖਾਣ ਦਾ ਭਾਵ ਇਹ ਹੈ ਕਿ ਮਾੜੇ ਬੰਦਿਆਂ ਨੂੰ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

**ਬਿਨ ਮਾਂਗੇ ਮੋਤੀ ਮਿਲੇ ਮਾਂਗੇ ਮਿਲੇ ਨਾ ਭੀਖ**—ਭਾਵ ਹਿ ਹੈ ਕਿ ਮੰਗਣ ਨਾਲ਼ ਮਨੁੱਖ ਦੀ ਕਦਰ ਘੱਟ ਜਾਂਦੀ ਹੈ, ਤਦੇ ਆਖਦੇ ਹਨ, ਮੰਗਣ ਗਿਆ ਸੋ ਮਰ ਗਿਆ।

**ਬਿਨਾਂ ਬੁਲਾਏ ਬੋਲਣਾ ਅਹਿਮਕਾਂ ਦਾ ਕੰਮ**—ਇਸ ਅਖਾਣ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਬਿਨਾ ਸਲਾਹ ਮੰਗੇ ਤੇ ਦੂਜੇ ਨੂੰ ਸਲਾਹ ਦੇਣੀ ਉਚਿਤ ਨਹੀਂ, ਨਾ ਹੀ ਕਿਸੇ ਦੇ ਮਾਮਲੇ ਵਿੱਚ ਦਖ਼ਲ ਦੇਣਾ ਚੰਗਾ ਹੈ।

**ਬਿੱਲੀ ਖਾਏਗੀ ਨਾ ਤਾਂ ਰੋੜ੍ਹ ਤਾਂ ਦੇਵੇਗੀ**—ਜਦੋਂ ਕੋਈ ਭੈੜੀ ਜ਼ਮੀਰ ਵਾਲ਼ਾ ਬੰਦਾ ਆਪਣਾ ਲਾਭ ਨਾ ਹੁੰਦਾ ਦੇਖ ਕੇ ਦੂਜਿਆਂ ਦਾ ਐਵੇਂ ਨੁਕਸਾਨ ਕਰ ਦੇਵੇ, ਉਦੋਂ ਇੰਜ ਆਖਦੇ ਹਨ।

**ਬਿੱਲੀ ਜਦੋਂ ਡਿਗਦੀ ਹੈ ਪੰਜਿਆਂ ਪਰਨੇ**—ਭਾਵ ਇਹ ਹੈ ਕਿ ਹੁਸ਼ਿਆਰ ਤੇ

ਚਾਲਾਕ ਬੰਦਾ ਜਦੋਂ ਕੋਈ ਖ਼ਤਰਨਾਕ ਕਿਸਮ ਦਾ ਕੰਮ ਕਰਦਾ ਹੈ ਤਾਂ ਉਹ ਬੜੀ ਸਾਵਧਾਨੀ ਵਰਤਦਾ ਹੈ।

**ਬਿੱਲੀ ਦੁੱਧ ਪੀ ਜਾਊ ਤਾਂ ਜਿੰਦਰੇ ਬਜਣਗੇ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਇਹ ਦੱਸਣਾ ਹੋਵੇ ਜਿਹੜਾ ਬੰਦਾ ਖ਼ਤਰੇ ਨੂੰ ਭਾਂਪ ਕੇ ਅਗਾਊਂ ਪ੍ਰਬੰਧ ਨਹੀਂ ਕਰਦਾ, ਖ਼ਤਰਾ ਆਉਣ 'ਤੇ ਪ੍ਰਬੰਧ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ।

**ਬਿੱਲੀ ਦੇ ਨਹੁੰ ਲੁਕੇ ਹੁੰਦੇ ਨੇ**—ਇਹ ਅਖਾਣ ਆਮ ਕਰਕੇ ਭੋਲ਼ੇ ਭਾਲ਼ੇ ਬੰਦਿਆਂ ਨੂੰ ਚਲਾਕ ਬੰਦਿਆਂ ਪਾਸੋਂ ਚੁਕੰਨਾ ਤੇ ਸੁਚੇਤ ਕਰਨ ਲਈ ਬੋਲਦੇ ਹਨ।

**ਬਿੱਲੀ ਨੂੰ ਚੂਹਿਆਂ ਦੇ ਸੁਪਨੇ**—ਜਦੋਂ ਕੋਈ ਬੰਦਾ ਆਪਣੇ ਹੀ ਮਤਲਬ ਦੀ ਗੱਲ ਚੇਤੇ ਰੱਖੇ, ਉਦੋਂ ਆਖਦੇ ਹਨ!

**ਬਿੱਲੀ ਦੇ ਭਾਗੀਂ ਛਿੱਕਾ ਟੁੱਟਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਨੁਕਸਾਨ ਹੋਣ ਮਗਰੋਂ ਥੋੜ੍ਹਾ ਬਹੁਤ ਸੁੱਖ ਦਾ ਸਾਹ ਮਹਿਸੂਸ ਕਰੇ।

**ਬਿੱਲੀ ਨੇ ਸ਼ੀਂਹ ਪੜ੍ਹਾਇਆ ਉਸ ਨੂੰ ਖਾਣ ਆਇਆ**—ਜਦੋਂ ਕੋਈ ਚਲਾਕ ਬੰਦਾ ਆਪਣੇ ਉਸਤਾਦ ਪਾਸੋਂ ਉਸਤਾਦੀ ਸਿਖ ਕੇ ਉਸ ਨਾਲ਼ ਉਸਤਾਦੀ ਵਰਤੇ, ਉਦੋਂ ਇੰਜ ਆਖਦੇ ਹਨ।

**ਬਿੱਲੇ ਦਾ ਵਿਸਾਹ ਨਾ ਕਰੀਏ ਭਾਵੇਂ ਸਕਾ ਭਾਈ**—ਇਹ ਗੱਲ ਆਮ ਪ੍ਰਚੱਲਿਤ ਹੈ ਕਿ ਬਿੱਲੀਆਂ ਅੱਖੀਆਂ ਵਾਲੇ ਬੰਦੇ ਚੁਸਤ ਅਤੇ ਚਲਾਕ ਹੁੰਦੇ ਹਨ, ਉਹਨਾਂ ਪਾਸੋਂ ਹੁਸ਼ਿਆਰ ਰਹਿਣਾ ਚਾਹੀਦਾ ਹੈ।

**ਬੀਜਿਆ ਨਾ ਬਾਹਿਆ ਘੜੱਪ ਪੱਲਾ ਡਾਹਿਆ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਕੰਮ ਅਤੇ ਮਿਹਨਤ ਵਿੱਚ ਤਾਂ ਆਪਣਾ ਯੋਗਦਾਨ ਨਾ ਪਾਵੇ ਪ੍ਰੰਤੂ ਹਿੱਸਾ ਪੱਤੀ ਲੈਣ ਲਈ ਤੱਤਪਰ ਰਹੇ।

**ਬੀਜੇ ਅੰਬ ਤੇ ਲੱਗੇ ਅੱਕ**—ਜਦੋਂ ਕਿਸੇ ਦੀ ਮਿਹਨਤ ਅਤੇ ਕੋਸ਼ਿਸ਼ ਦਾ ਸਿੱਟਾ ਆਸ ਤੋਂ ਉਲਟ ਨਿਕਲੇ, ਉਦੋਂ ਇੰਜ ਆਖਦੇ ਹਨ।

**ਬੀਤ ਗਈ ਬਾਤ ਦੀ ਘਸੀਟ ਕਾਹਦੀ**—ਜਦੋਂ ਕੋਈ ਬੰਦਾ ਸਮਾਂ ਵਿਹਾ ਚੁੱਕੀ ਗੱਲ ਨੂੰ ਵਾਰ-ਵਾਰ ਦੁਹਰਾਏ, ਉਦੋਂ ਇੰਜ ਆਖਦੇ ਹਨ।

**ਬੀਬੀ ਹੋਰੀਂ ਹੱਲੇ ਤਾਂ ਸਾਰਾ ਜੱਗ ਹੱਲੇ**—ਜਦੋਂ ਕਿਸੇ ਬੰਦੇ ਦੇ ਮਾੜੀ ਮੋਟੀ ਹਿਲਜੁਲ ਕਰਨ ਨਾਲ ਕੋਈ ਚੀਜ਼ ਡਿੱਗ ਕੇ ਟੁੱਟ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਬੀਬੀ ਦੇ ਤ੍ਰੈ ਕਪੜੇ, ਸੁੱਥਣ, ਨਾਲ਼ਾ ਹੱਥ**—ਜਦੋਂ ਕਿਸੇ ਨੂੰ ਕਮਜ਼ੋਰ ਤੇ ਹੀਣਾ ਦਰਸਾਉਣਾ ਹੋਵੇ, ਉਦੋਂ ਆਖਦੇ ਹਨ।

**ਬੀਬੋ ਦੇ ਸਿਰ ਮੱਕੀਆਂ, ਬੰਦੀ ਦਿਲ ਦਰਿਆ**—ਜਦੋਂ ਕਿਸੇ ਘਰਦੇ ਗੈਰ ਜ਼ਿਮੇਵਾਰ

ਬੰਦੇ ਨੂੰ ਖ਼ਰਚ ਕਰਨ ਵਿੱਚ ਤਾਂ ਕੋਈ ਸੰਕੋਚ ਨਾ ਹੋਵੇ, ਪ੍ਰੰਤੂ ਘਰ ਦਾ ਮਾਲਕ ਖ਼ਰਚ ਕਰਨ ਵਿੱਚ ਮੁੱਠੀ ਘੁੱਟ ਕੇ ਰੱਖੇ, ਉਦੋਂ ਇੰਜ ਆਖਦੇ ਹਨ।

**ਬੀਵੀ ਮੋਈ ਤਾਂ ਸਭ ਜਗ ਆਇਆ, ਮੀਆਂ ਮੋਇਆ ਤਾਂ ਕੋਈ ਵੀ ਨਾ ਆਇਆ**—ਜਦੋਂ ਇਹ ਦੱਸਣਾ ਹੋਵੇ ਕਿ ਮੂੰਹਾਂ ਨੂੰ ਮੁਲਾਹਜ਼ੇ ਹੁੰਦੇ ਹਨ ਤੇ ਜੀਂਦਿਆਂ ਨੂੰ ਸਲਾਮਾਂ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

**ਬੁਹਾਰੀ ਦਾ ਬੰਨ੍ਹ ਨਹੀਂ ਤਾਂ ਤੀਲਾ ਤੀਲਾ**—ਇਹ ਅਖਾਣ ਇਹ ਦਰਸਾਉਂਦਾ ਹੈ ਕਿ ਇਕੱਠ ਵਿੱਚ ਬਰਕਤ ਹੁੰਦੀ ਹੈ, ਖਿੰਡਿਆਂ-ਪੁੰਡਿਆਂ ਨੂੰ ਕੋਈ ਨਹੀਂ ਪੁੱਛਦਾ।

**ਬੁੱਢਾ ਚੋਰ ਮਸੀਤੀਂ ਡੇਰੇ**—ਭਾਵ ਇਹ ਹੈ ਕਿ ਜਦੋਂ ਕੋਈ ਬੰਦਾ ਕੰਮ ਕਰਨ ਤੋਂ ਅਸਮਰਥ ਹੋ ਜਾਵੇ ਤਾਂ ਉਹ ਰੱਬ ਦੀ ਭਗਤੀ ਕਰਨ ਲੱਗ ਜਾਂਦਾ ਹੈ।

**ਬੁੱਢਾ ਢੱਗਾ ਸੱਭੇ ਔਗੁਣ**—ਭਾਵ ਇਹ ਹੈ ਕਿ ਬੁੱਢੇ ਬੰਦੇ ਨੂੰ ਬਹੁਤ ਸਾਰੀਆਂ ਬੀਮਾਰੀਆਂ ਚਿੰਬੜ ਜਾਂਦੀਆਂ ਹਨ।

**ਬੁੱਢਾ ਵਰਿਆਮ ਨਹੀਂ, ਭੁੱਖਾ ਸਖੀ ਨਹੀਂ**—ਭਾਵ ਸਪੱਸ਼ਟ ਹੈ ਕਿ ਬੁੱਢਾ ਬੰਦਾ ਬਹਾਦਰੀ ਨਹੀਂ ਦਿਖਾ ਸਕਦਾ ਅਤੇ ਭੁੱਖੇ ਬੰਦੇ ਨੇ ਕੀ ਦਾਨ ਕਰਨਾ ਹੈ।

**ਬੁੱਢਿਆਂ ਢੱਗਿਆਂ ਦੀ ਵਾਹੀ, ਉੱਗੇ ਦੱਭ ਤੇ ਕਾਹੀ**—ਜਦੋਂ ਢੱਗੇ ਤੇ ਕਾਮੇ ਕਮਜ਼ੋਰ ਹੋਣ ਤਾਂ ਜ਼ਿਮੀਂਦਾਰ ਨੂੰ ਵਾਹੀ ਵਿੱਚ ਕੋਈ ਲਾਭ ਨਹੀਂ ਹੁੰਦਾ।

**ਬੁੱਢੀ ਕੰਜਰੀ, ਤੇਲ ਦਾ ਉਜਾੜਾ**—ਇਹ ਅਖਾਣ ਉਸ ਬੰਦੇ ਪ੍ਰਤੀ ਵਰਤਦੇ ਹਨ ਜਿਸ ਦੀ ਹਾਰ-ਸ਼ਿੰਗਾਰ ਲਗਾਉਣ ਦੀ ਉਮਰ ਲੰਘ ਜਾਵੇ, ਪ੍ਰੰਤੂ ਬੁੱਢੀ ਉਮਰੇ ਵੀ ਹਾਰ-ਸ਼ਿੰਗਾਰ ਲਾਉਣੋਂ ਨਾ ਹਟੇ।

**ਬੁੱਢੀ ਨੂੰ ਰਾਹ, ਸੰਢੇ ਨੂੰ ਗਾਹ, ਮਰਦ ਨੂੰ ਚੱਕੀ ਅਸਮਾਨੋਂ ਬਿਜ ਕੜੱਕੀ**—ਭਾਵ ਇਹ ਹੈ ਕਿ ਉੱਪਰ ਦਿੱਤੀਆਂ ਨੂੰ ਉਪਰ ਦੱਸੇ ਕੰਮ ਕਰਨੇ ਪੈ ਜਾਣ ਤਾਂ ਇਹ ਉਹਨਾਂ ਲਈ ਮੁਸੀਬਤ ਸਮਾਨ ਹੁੰਦੇ ਹਨ।

**ਬੁੱਢੀ ਮਹਿੰ ਦਾ ਦੁੱਧ ਸ਼ੱਕਰ ਦਾ ਘੋਲਣਾ, ਬੁੱਢੇ ਮਰਦ ਦੀ ਰੰਨ ਗਲ਼ੇ ਦਾ ਢੋਲਣਾ (ਗਲ਼ 'ਚ ਪਾਉਣ ਵਾਲਾ ਗਹਿਣਾ)**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੁੱਢਾ ਪਤੀ ਆਪਣੀ ਸ਼ੌਕੀਨ ਵਹੁਟੀ ਦੇ ਨਾਜ਼ ਨਖ਼ਰੇ ਖ਼ੁਸ਼ੀ-ਖ਼ੁਸ਼ੀ ਬਰਦਾਸ਼ਤ ਕਰੇ।

**ਬੁੱਢੀ ਰੰਨ ਖਦੀਜ਼ਾਂ ਨਾ**—ਜਦੋਂ ਦੋ ਅਨਜੋੜ ਵਸਤੂਆਂ ਦੀ ਉਦਾਹਰਣ ਦੇਣੀ ਹੋਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਬੁੱਢੀ ਰੰਨ ਪੁਰਾਣੀ ਗੱਡ, ਮੁੜ ਘਿੜ ਖਾਏ ਮਾਲਕ ਦੇ ਹੱਡ**—ਇਸ ਅਖਾਣ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਬੁੱਢੀ ਤੀਵੀਂ ਆਮ ਤੌਰ 'ਤੇ ਬੀਮਾਰ ਰਹਿਣ

ਕਾਰਨ ਅਤੇ ਪੁਰਾਣਾ ਗੱਡਾ ਟੁੱਟ ਭੱਜ ਕਾਰਨ ਮਾਲਕ ਲਈ ਨਿੱਤ ਨਵੇਂ ਖ਼ਰਚੇ ਸਹੇੜਦੇ ਰਹਿੰਦੇ ਹਨ।

**ਬੁੱਢੇ ਤੋਤੇ ਪੜ੍ਹਨ ਕੁਰਾਨ**—ਜਦੋਂ ਕੋਈ ਪੁਰਸ਼ ਵਡੇਰੀ ਉਮਰ ਵਿੱਚ ਜਾ ਕੇ ਪੜ੍ਹਨਾ ਸ਼ੁਰੂ ਕਰ ਦੇਵੇ, ਉਦੋਂ ਇੰਜ ਆਖੀਦਾ ਹੈ।

**ਬੁੱਢੇ ਬਾਰੇ, ਖਲਕ ਦੁਆਰੇ**—ਭਾਵ ਇਹ ਹੈ ਕਿ ਬੁੱਢੀ ਉਮਰ ਵਿੱਚ ਪੁੱਜ ਕੇ ਨਿਆਸਰਾ ਬੰਦਾ ਲੋਕਾਂ ਦੇ ਹੱਥਾਂ ਵੱਲ ਦੇਖ ਕੇ ਗੁਜ਼ਾਰਾ ਕਰਦਾ ਹੈ।

**ਬੁੱਢੇ ਬਾਰੇ ਨਿਸਰੀ ਭੂਮਾਂ ਦੀ ਜਵਾਰ**—ਜਦੋਂ ਬਹੁਤ ਉਡੀਕ ਕਰਨ ਮਗਰੋਂ ਕਿਸੇ ਦੀ ਤਮੰਨਾ ਪੂਰੀ ਹੋਈ ਹੋਵੇ, ਉਦੋਂ ਆਖਦੇ ਹਨ।

**ਬੁਰਾ ਹਾਲ ਬਾਂਕੇ ਦਿਹਾੜੇ**—ਜਦੋਂ ਕਿਸੇ ਬੰਦੇ ਦੀ ਆਰਥਿਕ ਹਾਲਤ ਬਹੁਤ ਪਤਲੀ ਹੋ ਜਾਵੇ, ਉਦੋਂ ਇੰਜ ਆਖੀਦਾ ਹੈ।

**ਬੁਰਾ ਗ਼ਰੀਬ ਦਾ ਮਾਰਨਾ, ਬੁਰੀ ਗ਼ਰੀਬ ਦੀ ਆਹ, ਗਲ਼ੇ ਬੱਕਰੇ ਦੀ ਖਲ ਨਾ, ਲੋਹਾ ਭਸਮ ਹੋ ਜਾ**—ਇਸ ਅਖਾਣ ਵਿੱਚ ਅਟੱਲ ਸੱਚਾਈ ਬਿਆਨ ਕੀਤੀ ਗਈ ਹੈ। ਗ਼ਰੀਬ ਨੂੰ ਸਤਾਉਣਾ ਚੰਗਾ ਨਹੀਂ, ਸਤੇ ਹੋਏ ਗ਼ਰੀਬ ਦੀ ਆਹ ਸਤਾਉਣ ਵਾਲੇ ਨੂੰ ਤਬਾਹ ਕਰਕੇ ਰੱਖ ਦਿੰਦੀ ਹੈ।

**ਬੁਰਾਈ ਖੰਭ ਲਾ ਕੇ ਉਡਦੀ ਹੈ**—ਭਾਵ ਇਹ ਹੈ ਕਿ ਕਿਸੇ ਦੀ ਮਾੜੀ ਤੇ ਬਦਨਾਮੀ ਵਾਲ਼ੀ ਖ਼ਬਰ ਬਹੁਤ ਛੇਤੀ ਫੈਲ ਜਾਂਦੀ ਹੈ।

**ਬੁਰਿਆ, ਤੈਥੋਂ ਡਰ ਨਹੀਂ, ਤੇਰੀ ਬੁਰਿਆਇਉਂ ਡਰ ਲਗਦੈ**—ਭਾਵ ਇਹ ਹੈ ਕਿ ਸਭ ਬੰਦੇ ਰੱਬ ਦਾ ਰੂਪ ਹਨ, ਡਰ ਕਾਹਦਾ? ਪ੍ਰੰਤੂ ਬੁਰਾ ਕਰਨ ਵਾਲ਼ਾ ਬੰਦਾ ਸਭ ਨੂੰ ਮਾੜਾ ਲੱਗਦਾ ਹੈ ਤੇ ਹਰ ਭਲਾਮਾਣਸ ਬੰਦਾ ਆਪਣੀ ਇੱਜ਼ਤ ਆਬਰੂ ਬਚਾਉਣ ਲਈ ਉਸ ਤੋਂ ਦੂਰ ਭੱਜਦਾ ਹੈ।

**ਬੁਰਿਆਂ ਦੇ ਸੰਗ ਬੈਠ ਕੇ ਭਲਿਆਂ ਦੀ ਪੱਤ ਜਾਏ**—ਭਾਵ ਸਪੱਸ਼ਟ ਹੈ ਕਿ ਬੁਰੇ ਬੰਦਿਆਂ ਦੀ ਸੰਗਤ ਕਰਨ ਨਾਲ਼ ਭਲਾਮਾਣਸ ਵੀ ਬਦਨਾਮ ਹੋ ਜਾਂਦੇ ਹਨ।

**ਬੁਰੇ ਨੂੰ ਨਾ ਮਾਰੋ, ਬੁਰੇ ਦੀ ਮਾਂ ਨੂੰ ਮਾਰੋ**—ਭਾਵ ਇਹ ਹੈ ਕਿ ਬੁਰਾਈ ਨੂੰ ਖ਼ਤਮ ਕਰਨ ਲਈ ਬੁਰਾਈ ਦੇ ਕਾਰਨਾਂ ਦਾ ਨਾਸ਼ ਕਰਨਾ ਜ਼ਰੂਰੀ ਹੈ।

**ਬੂਹੇ ਆਈ ਜੰਞ, ਵਿਨ੍ਹੋ ਕੁੜੀ ਦੇ ਕੰਨ**—ਜਦੋਂ ਕਿਸੇ ਅਤਿ ਜ਼ਰੂਰੀ ਕੰਮ ਨੂੰ ਐਨ ਮੌਕੇ 'ਤੇ ਹੀ ਆਰੰਭ ਕੀਤਾ ਜਾਵੇ, ਉਦੋਂ ਆਖਦੇ ਹਨ।

**ਬੂਰ ਦੇ ਲੱਡੂ, ਖਾਏ ਉਹ ਵੀ ਪਛਤਾਏ, ਨਾ ਖਾਏ ਉਹ ਵੀ ਪਛਤਾਏ**—ਆਮ ਕਰਕੇ ਇਹ ਅਖਾਣ ਵਿਆਹੁਤਾ ਜੀਵਨ ਦੀ ਤਲਖ਼ ਹਕੀਕਤ ਬਾਰੇ ਬੋਲਿਆ ਜਾਂਦਾ ਹੈ। ਜਿਹੜੇ ਵਿਆਹੇ ਨਹੀਂ ਉਹ ਵਿਆਹ ਦਾ ਸੁਖ ਮਾਨਣਾ ਲੋਚਦੇ ਹਨ, ਵਿਆਹੇ ਹੋਏ ਵਿਆਹ ਦੇ ਖਲਜਗਣਾਂ ਤੋਂ ਦੁਖੀ ਹੋ ਕੇ ਵਿਆਹ ਕਰਕੇ ਪਛਤਾਉਂਦੇ ਹਨ।

**ਬੂਰ ਪਿਐ ਤਾਂ ਫਲ ਵੀ ਪਏਗਾ**—ਜਦੋਂ ਕੋਈ ਆਸ ਪੂਰੀ ਹੁੰਦੀ ਨਜ਼ਰ ਆਉਂਦੀ ਹੋਵੇ, ਉਦੋਂ ਕਹਿੰਦੇ ਹਨ।

**ਬੇਕਾਰੀ ਤੋਂ ਬੇਗਾਰ ਭਲੀ**—ਭਾਵ ਇਹ ਹੈ ਕਿ ਵਿਹਲਾ ਰਹਿਣਾ ਬਹੁਤ ਹੀ ਮਾੜਾ ਕਰਮ ਹੈ।

**ਬੇਰੀ ਬੇਰ ਤੇ ਕਣਕਾਂ ਢੇਰ**—ਇਸ ਅਖਾਣ ਦਾ ਭਾਵ ਇਹ ਹੈ ਕਿ ਹੁਨਰਮੰਦ ਬੰਦਾ ਕਦੀ ਵੀ ਰੋਟਿਓਂ ਭੁੱਖਾ ਨਹੀਂ ਮਰਦਾ।

**ਬੇੜੀ ਸੰਗ ਲੋਹਾ ਵੀ ਤਰ ਜਾਂਦਾ ਹੈ**—ਜਦੋਂ ਕਿਸੇ ਚੰਗੇ ਬੰਦੇ ਦੀ ਸੰਗਤ ਕਰਕੇ ਕਿਸੇ ਮਾੜੇ ਬੰਦੇ ਨੂੰ ਲਾਭ ਪ੍ਰਾਪਤ ਹੋ ਜਾਵੇ, ਉਦੋਂ ਆਖਦੇ ਹਨ।

**ਬੈਠੇ ਦੀ ਢੇਰੀ, ਤੇ ਫਿਰਦੇ ਦੀ ਫੇਰੀ**—ਭਾਵ ਸਪੱਸ਼ਟ ਹੈ ਕਿ ਉੱਦਮੀ ਪੁਰਸ਼ ਨੂੰ ਸਦਾ ਸਫ਼ਲਤਾ ਦਾ ਫ਼ਲ ਪ੍ਰਾਪਤ ਹੁੰਦਾ ਹੈ, ਆਲਸੀ ਬੰਦੇ ਨੂੰ ਕੋਈ ਲਾਭ ਨਹੀਂ ਮਿਲਦਾ, ਬਸ ਹੱਥ ਮਲਦਾ ਹੀ ਰਹਿ ਜਾਂਦਾ ਹੈ।

**ਬੋਹਲ ਸਾਈਆਂ ਦਾ ਹਵਾ ਚੂਹੜਿਆਂ ਦੀ**—ਭਾਵ ਇਹ ਹੈ ਕਿ ਜਦੋਂ ਕੋਈ ਥੋੜ੍ਹ-ਚਿੱਤਾ ਬੰਦਾ ਕਿਸੇ ਬਿਗਾਨੇ ਦੀ ਧੌਂਸ ਕਰਕੇ ਆਕੜਿਆ ਫਿਰੇ, ਉਦੋਂ ਇੰਜ ਆਖਦੇ ਹਨ।

**ਬੋਲੀ ਕਾਜ ਬਿਗਾੜਿਆ ਜਿਉਂ ਮੂਲੀ ਪੱਤਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਦੇ ਮੂੰਹੋਂ ਅਯੋਗ ਸ਼ਬਦ ਕਹਿਣ 'ਤੇ ਉਸ ਦੀ ਹੀਣੀ ਜਾਤ ਦਾ ਪਤਾ ਲੱਗ ਜਾਵੇ।

**ਬੋਲ਼ੇ ਅੱਗੇ ਗਾਵੀਏ ਭੈਰੋ ਸੋ ਗੌੜੀ**—ਭਾਵ ਇਹ ਕਿ ਕਿਸੇ ਬੇਅਕਲ ਤੇ ਬੇਸਮਝ ਬੰਦੇ ਨਾਲ਼ ਅਕਲ ਦੀਆਂ ਤੇ ਗਿਆਨ ਦੀਆਂ ਗੱਲਾਂ ਕਰਨੀਆਂ ਬੇਅਰਥ ਹਨ।

## ਭ

**ਭਗਤ ਕੁੱਤੇ ਭਗਵਾਨ ਦੇ ਭੌਂਕਣ ਸਾਰੀ ਰਾਤ**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਰੱਬ ਦੇ ਪਿਆਰੇ ਸਾਰੀ ਰਾਤ ਉਸ ਦੀ ਭਗਤੀ ਕਰਦਿਆਂ ਗੁਜ਼ਾਰ ਦਿੰਦੇ ਹਨ ਅਤੇ ਕੁੱਤੇ ਨੂੰ ਰੱਬ ਦਾ ਕੂਕਰ ਆਖਿਆ ਗਿਆ ਹੈ, ਤਦੇ ਤਾਂ ਆਖਦੇ ਹਨ ਕੁੱਤੇ ਦੀ ਕੂਕ ਰੱਬ ਦੀ ਦਰਗਾਹ ਵਿੱਚ ਸੁਣਦੀ ਹੈ।

**ਭਜਦਿਆਂ ਨੂੰ ਵਾਹਣ ਇੱਕੋ ਜਿਹੇ**—ਜਦੋਂ ਦੋ ਧਿਰਾਂ ਆਪਸ ਵਿੱਚ ਝਗੜਾ ਕਰਕੇ ਇਕ-ਦੂਜੇ ਨੂੰ ਨੀਚਾ ਦਿਖਾਉਣ ਦੀ ਕੋਸ਼ਿਸ਼ ਕਰਦੀਆਂ ਹਨ, ਉਦੋਂ ਇਹ ਅਖਾਣ ਬੋਲਿਆ ਜਾਂਦਾ ਹੈ।

**ਭੱਜੀ ਟੁੱਟੀ ਮੂੰਗਲੀ ਗੋਹਿਆਂ ਜੋਗੀ ਵੀ ਨਾ**—ਜਦੋਂ ਕੋਈ ਵਰਤੋਂ ਯੋਗ ਚੀਜ਼ ਭੱਜ ਟੁੱਟ ਕੇ ਨਿਕੰਮੀ ਹੋ ਜਾਵੇ, ਉਦੋਂ ਆਖਦੇ ਹਨ।

**ਭੱਜੀ ਟੁੱਟੀ ਦਾ ਪੱਤਣ ਮੇਲਾ**—ਜਦੋਂ ਮੱਠੀ ਚਾਲੇ ਤੁਰਨ ਵਾਲ਼ੇ ਰਾਹੀ ਪੱਤਣ ਉੱਤੇ ਜਾ ਕੇ ਪਹਿਲਾਂ ਤੇਜ਼ ਤੁਰੇ, ਆਪਣਾ ਸਾਥੀਆਂ ਨੂੰ ਜਾ ਮਿਲਦੇ ਹਨ, ਉਦੋਂ ਇਹ ਅਖਾਣ ਵਰਤਦੇ ਹਨ।

**ਭੱਜੀਆਂ ਬਾਹਾਂ ਗਲ਼ ਨੂੰ ਆਉਂਦੀਆਂ ਹਨ**—ਭਾਵ ਇਹ ਹੈ ਕਿ ਕਿਸੇ ਕਾਰਨ ਕਰਕੇ ਵੀ ਦੁਖੀ ਹੋਇਆ ਬੰਦਾ ਆਖ਼ਰ ਆਪਣੇ ਸਾਕ ਸਬੰਧੀਆਂ ਦਾ ਹੀ ਆਸਰਾ ਭਾਲਦਾ ਹੈ।

**ਭੱਠ ਪਿਆ ਸੋਨਾ, ਜਿਹੜਾ ਕੰਨਾਂ ਨੂੰ ਪਾੜੇ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਇਹ ਦੱਸਣਾ ਹੋਵੇ ਕਿ ਕਿਸੇ ਕੀਮਤੀ ਵਸਤੂ ਦਾ ਕੋਈ ਲਾਭ ਨਹੀਂ, ਜੇਕਰ ਉਹ ਤੁਹਾਡੇ ਲਈ ਦੁਖ ਦਾ ਕਾਰਨ ਬਣਦੀ ਹੈ।

**ਭੰਡਾਂ (ਡੂਮਾਂ) ਘ੍ਰ ਵਿਆਹ ਜੇਹੇ ਮਰਜ਼ੀ ਸੋਹਲੇ ਗਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਕਿਸੇ ਕਲਾਕਾਰ ਬੰਦੇ ਨੇ ਆਪਣੀ ਹੀ ਕਲਾ ਦੁਆਰਾ ਆਪਣੇ ਘਰ ਦੇ ਸਮਾਰੋਹ ਦੀ ਸ਼ਾਨ ਵਧਾਉਣੀ ਹੈ, ਵਾਧੂ ਖ਼ਰਚ ਕਰਕੇ ਹੋਰ ਕਲਾਕਾਰ ਮੰਗਾਉਣ ਦੀ ਉਹ ਨੂੰ ਭਲਾ ਕੀ ਲੋੜ ਹੈ।

**ਭੰਡਾ ਭੰਡਾਰੀਆ ਕਿੰਨਾ ਕੁ ਭਾਰ? ਇਕ ਮੁੱਠ ਚੱਕ ਲੈ ਦੂਜੀ ਤਿਆਰ**—ਜਦੋਂ ਕਿਸੇ ਬੰਦੇ ਦਾ ਇਕ ਮੁਸੀਬਤ ਤੋਂ ਤਾਂ ਮਸੀਂ ਖਹਿੜਾ ਛੁੱਟੇ ਪ੍ਰੰਤੂ ਨਾਲ਼ ਹੀ ਕੋਈ ਹੋਰ ਮੁਸੀਬਤ ਖੜ੍ਹੀ ਹੋ ਜਾਵੇ, ਉਦੋਂ ਇੰਜ ਆਖਦੇ ਹਨ।

**ਭੰਨ ਘੜਾਈਆਂ ਡੰਡੀਆਂ (ਕੰਨਾਂ ਦਾ ਗਹਿਣਾ) ਪਰ ਬੂਥਾ ਓਹੀ**—ਭਾਵ ਇਹ ਹੈ ਕਿ ਹਾਰ-ਸ਼ਿੰਗਾਰ ਕਰਨ ਨਾਲ਼ ਬੰਦੇ ਦੀ ਨੁਹਾਰ ਨਹੀਂ ਬਦਲ ਜਾਂਦੀ, ਚਿਹਰਾ ਤਾਂ ਉਹੀ ਰਹਿੰਦਾ ਹੈ। ਜਾਂ ਜੇਕਰ ਕੋਈ ਰੁਸਿਆ ਹੋਇਆ ਬੰਦਾ ਆਪਣੀਆਂ ਸ਼ਰਤਾਂ ਮੰਨਵਾ ਕੇ ਵੀ ਬੂਥਾ ਸੁਜਾਈ ਰੱਖੇ, ਉਦੋਂ ਵੀ ਇਹ ਅਖਾਣ ਬੋਲਦੇ ਹਨ।

**ਭਰ ਕੁਨਾਲਾ ਛਾਣਦੀ, ਫੱਗਣ ਨਹੀਂ ਸੀ ਜਾਣਦੀ**—ਇਸ ਅਖਾਣ ਵਿੱਚ ਅਣਗਹਿਲੀ ਕਰਕੇ ਫ਼ਜ਼ੂਲ ਖ਼ਰਚੀ ਕਰਨ ਤੋਂ ਵਰਜਿਆ ਗਿਆ ਹੈ। ਆਮ ਤੌਰ 'ਤੇ ਫੱਗਣ-ਚੇਤ੍ਰ ਮਹੀਨਿਆਂ 'ਚ ਘਰਾਂ ਦੇ ਦਾਣੇ ਮੁੱਕਣ ਤੇ ਆਏ ਹੁੰਦੇ ਹਨ, ਇਸ ਲਈ ਸਾਵਧਾਨੀ ਵਰਤਣੀ ਜ਼ਰੂਰੀ ਹੈ।

**ਭਰਮ ਗਵਾਈਏ ਆਪਣਾ ਕੋਈ ਨਾ ਦੇਂਦਾ ਵੰਡ**—ਭਾਵ ਇਹ ਹੈ ਕਿ ਆਪਣੀ ਇੱਜ਼ਤ ਆਪਣੇ ਹੱਥ ਹੁੰਦੀ ਹੈ, ਫ਼ਜ਼ੂਲ ਖ਼ਰਚੀ ਕਰਕੇ ਆਪਣੇ ਘਰ ਦਾ ਉਜਾੜਾ ਕਰਨਾ ਠੀਕ ਨਹੀਂ, ਕੋਈ ਕਿਸੇ ਨੂੰ ਵੰਡਕੇ ਨਹੀਂ ਦਿੰਦਾ।

**ਭਰਾ ਦੇ ਪੱਜ ਖਾਈਏ, ਭਤੀਜੇ ਦੇ ਪੱਜ ਦੇਈਏ**—ਇਸ ਅਖਾਣ ਵਿੱਚ ਭਰਾਵਾਂ ਨੂੰ ਭਰਾਵਾਂ ਨਾਲ਼ ਸਾਂਝ ਭਿਆਲੀ ਬਣਾਈ ਰੱਖਣ ਲਈ ਉਪਦੇਸ਼ ਦਿੱਤਾ ਗਿਆ ਹੈ ਕਿ ਜੇਕਰ ਉਹ ਆਪਣੇ ਭਰਾ ਦੇ ਘਰੋਂ ਖਾਂਦੇ ਹਨ ਤਾਂ ਉਹਨਾਂ ਨੂੰ ਚਾਚੇ-ਤਾਏ ਬਣ ਕੇ

ਆਪਣੇ ਭਤੀਜੇ-ਭਤੀਜੀਆਂ ਨੂੰ ਵੀ ਆਪਣੇ ਪੱਲਿਓਂ ਕੁਝ ਨਾ ਕੁਝ ਦੇਣਾ ਚਾਹੀਦਾ ਹੈ।

**ਭਰਾ ਭਰਾਵਾਂ ਦੇ ਢੋਡਰ ਕਾਵਾਂ ਦੇ**—ਭਾਵ ਇਹ ਹੈ ਕਿ ਭਰਾਵਾਂ-ਭਰਾਵਾਂ ਦਾ ਨਹੁੰ ਮਾਸ ਦਾ ਰਿਸ਼ਤਾ ਹੈ, ਜੇਕਰ ਕਿਸੇ ਕਾਰਨ ਉਹਨਾਂ ਵਿੱਚ ਤ੍ਰੇੜ ਪੈ ਜਾਵੇ ਤਾਂ ਇਹ ਅਖਾਣ ਬੋਲਿਆ ਜਾਂਦਾ ਹੈ।

**ਭਰਾਵਾਂ ਨਾਲ਼ ਬਾਹਵਾਂ**—ਇਸ ਅਖਾਣ ਵਿੱਚ ਭਰਾਵਾਂ ਭਰਾਵਾਂ ਦੇ ਏਕੇ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ। ਭਰਾਵਾਂ ਵਰਗਾ ਏਕਾ ਕੋਈ ਹੋਰ ਨਹੀਂ ਹੁੰਦਾ।

**ਭਰੀ ਭਕੁੰਨੀ ਚੁਪ ਚੁਪੀਤੀ, ਖੜਕੇ ਕੁੰਨੀ ਸੱਖਣੀ**—ਇਸ ਅਖਾਣ ਦਾ ਭਾਵ ਇਹ ਹੈ ਕਿ ਬੁੱਧੀਵਾਨ ਤੇ ਗਹਿਰ ਗੰਭੀਰ ਬੰਦੇ ਕਦੀ ਵੀ ਹੋਛਾਪਨ ਨਹੀਂ ਦਿਖਾਉਂਦੇ ਪ੍ਰੰਤੂ ਘਟੀਆ ਸੋਚ ਵਾਲ਼ੇ ਮਨੁੱਖ ਸ਼ੇਖ਼ੀ-ਖ਼ੋਰੇ ਅਤੇ ਵਡਿਆਈ-ਖ਼ੋਰੇ ਹੁੰਦੇ ਹਨ।

**ਭਰੇ ਸਮੁੰਦਰੋਂ ਘੋਗਾ ਲੱਭਾ**—ਜਦੋਂ ਕਿਸੇ ਨੂੰ ਬਹੁਤ ਭਾਰੀ ਲਾਭ ਦੀ ਆਸ ਹੋਵੇ ਪ੍ਰੰਤੂ ਪ੍ਰਾਪਤੀ ਬਹੁਤ ਥੋੜ੍ਹੀ ਹੋਵੇ, ਉਦੋਂ ਆਖਦੇ ਹਨ।

**ਭਲੇ ਕੰਮ ਦਾ ਕੀ ਪੁੱਛਣਾ**—ਭਾਵ ਇਹ ਹੈ ਕਿ ਕੋਈ ਚੰਗਾ ਤੇ ਭਲਾਈ ਦਾ ਕੰਮ ਕਰਨ ਲੱਗਿਆਂ ਕਿਸੇ ਦੀ ਸਲਾਹ ਲੈਣ ਦੀ ਲੋੜ ਨਹੀਂ, ਤੁਰੰਤ ਆਰੰਭ ਦੇਵੋ।

**ਭਲੇ ਦੇ ਭਾਈ ਬੁਰੇ ਦੇ ਜਮਾਈ**—ਭਾਵ ਇਹ ਹੈ ਕਿ ਚੰਗੇ ਨਾਲ਼ ਚੰਗਾ ਸਲੂਕ ਕਰੋ ਤੇ ਮੰਦੇ ਬੰਦੇ ਨਾਲ਼ ਬੁਰਾ ਬਣਕੇ ਟੱਕਰੋ ਤਾਂ ਜੋ ਮੁੜਕੇ ਬੁਰਾ ਕੰਮ ਨਾ ਕਰੇ।

**ਭਲੇਮਾਣਸਾਂ ਦੀ ਮਿੱਟੀ ਖ਼ਰਾਬ**—ਜਦੋਂ ਕੋਈ ਬੰਦਾ ਕਿਸੇ ਸ਼ਰੀਫ਼ ਆਦਮੀ ਨੂੰ ਉਸ ਦੀ ਭਲਾਮਾਣਸੀ ਕਰਕੇ ਤੰਗ ਪ੍ਰੇਸ਼ਾਨ ਕਰੇ, ਪ੍ਰੰਤੂ ਉਹ ਉਸ ਦਾ ਟਾਕਰਾ ਨਾ ਕਰੇ, ਉਦੋਂ ਇੰਜ ਆਖਦੇ ਹਨ।

**ਭੜਭੂੰਜਿਆਂ ਦੀ ਕੁੜੀ ਕੇਸਰ ਦਾ ਟਿੱਕਾ**—ਜਦੋਂ ਕੋਈ ਬੰਦਾ ਆਪਣੀ ਔਕਾਤ ਤੋਂ ਬਾਹਰਾ ਕੰਮ ਕਰੇ, ਉਦੋਂ ਇੰਜ ਬੋਲਦੇ ਹਨ।

**ਭਾ ਨਾਲ਼ ਭਰਾ ਕਾਹਦਾ**—ਭਾਵ ਇਹ ਹੈ ਕਿ ਵਪਾਰ ਵਿੱਚ ਕਿਸੇ ਰਿਸ਼ਤੇਦਾਰੀ ਦਾ ਲਿਹਾਜ਼ ਨਹੀਂ ਕੀਤਾ ਜਾਂਦਾ, ਦੁਕਾਨਦਾਰ ਲਈ ਸਾਰੇ ਗਾਹਕ ਇਕੋ ਜਿਹੇ ਨੇ।

**ਭਾਈ ਭਾ ਵਿਹੂਣੇ, ਭਤਰੀਜੇ ਤਰੀਜੇ**—ਜਦੋਂ ਭਰਾਵਾਂ ਵਿੱਚ ਆਪਸੀ ਪਿਆਰ ਨਾ ਰਹੇ ਤਾਂ ਅੱਗੋਂ ਭਤੀਜੇ ਵੀ ਉਹਨਾਂ ਦੀ ਪ੍ਰਵਾਹ ਨਹੀਂ ਕਰਦੇ।

**ਭਾਈ ਮਰਨ ਤਾਂ ਪੈਂਦੀਆਂ ਭੱਜ ਬਾਹੀਂ**—ਇਸ ਅਖਾਣ ਰਾਹੀਂ ਭਰਾਵਾਂ ਦੇ ਅਟੁੱਟ ਰਿਸ਼ਤੇ ਦੇ ਮਹੱਤਵ ਨੂੰ ਦਰਸਾਉਂਦਿਆਂ ਇਹ ਦੱਸਿਆ ਗਿਆ ਹੈ ਕਿ ਭਰਾ ਇਕ-ਦੂਜੇ ਲਈ ਬਾਹਵਾਂ ਹੁੰਦੀਆਂ ਹਨ। ਭਰਾ ਦਾ ਮਰ ਜਾਣਾ ਬਾਂਹ ਟੁੱਟਣ ਸਮਾਨ ਹੈ।

**ਭਾਈਆਂ ਜਹੀ ਬਹਾਰ ਨਹੀਂ ਜੇ ਖਾਰ ਨਾ ਹੋਵੇ, ਮੀਹਾਂ ਜਹੀ ਬਹਾਰ ਨਹੀਂ ਜੇ ਗਾਰ ਨਾ ਹੋਵੇ, ਜੂਏ ਜਿਹਾ ਵਪਾਰ ਨਹੀਂ ਜੇ ਹਾਰ ਨਾ ਹੋਵੇ**—ਭਾਵ ਸਪੱਸ਼ਟ ਹੈ। ਇਸ

ਅਖਾਣ ਰਾਹੀਂ ਭਰਾਵਾਂ, ਮੀਂਹ ਅਤੇ ਜੂਏ ਬਾਰੇ ਸਾਰਥਕ ਟਿੱਪਣੀ ਕੀਤੀ ਗਈ ਹੈ।

**ਭਾਗਹੀਣ ਜੇ ਜੰਜੇ ਜਾਏ, ਰਸ ਬਹੇ ਜਾਂ ਮੱਖ ਖਾਏ**—ਭਾਵ ਇਹ ਹੈ ਕਿ ਮਾੜੀ ਕਿਸਮਤ ਵਾਲ਼ਾ ਬੰਦਾ ਲਾਭ ਪ੍ਰਾਪਤ ਹੋਣ ਵਾਲ਼ੀ ਥਾਂ 'ਤੇ ਜਾ ਕੇ ਵੀ ਲਾਭ ਪ੍ਰਾਪਤ ਨਹੀਂ ਕਰ ਸਕਦਾ।

**ਭਾਗ ਭਰੀ ਨੇ ਪੈਰ ਪਾਇਆ, ਤਖਤ ਹਜ਼ਾਰਾ ਉੱਜੜ ਆਇਆ**—ਜਦੋਂ ਕਿਸੇ ਮਨਹੂਸ ਬੰਦੇ ਦੇ ਆਉਣ ਨਾਲ ਆਮ ਲੋਕਾਂ ਦਾ ਨੁਕਸਾਨ ਹੋ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਭਾਗ ਦੇਖ ਕੇ ਨਹੀਂ ਲਗਦੇ**—ਭਾਵ ਇਹ ਹੈ ਕਿ ਕਿਸੇ ਦੀ ਕਿਸਮਤ ਉਹਦਾ ਰੰਗ ਰੂਪ ਦੇਖ ਕੇ ਨਹੀਂ ਜਾਗਦੀ, ਸੁੱਤੇ ਸਿੱਧ ਹੀ ਭਾਗ ਜਾਗ ਪੈਂਦੇ ਹਨ।

**ਭਾਂਡੇ ਦਾ ਮੂੰਹ ਖੁੱਲ੍ਹਾ ਹੋਵੇ ਤਾਂ ਕੁੱਤੇ ਨੂੰ ਸ਼ਰਮ ਕਰਨੀ ਚਾਹੀਦੀ ਹੈ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦੇ ਆਪਣੇ ਕਿਸੇ ਦੋਸਤ, ਮਿੱਤਰ ਜਾਂ ਰਿਸ਼ਤੇਦਾਰ ਦੀ ਫ਼ਰਾਖ਼ਦਿਲੀ ਦਾ ਨਾਜਾਇਜ਼ ਲਾਭ ਉਠਾਵੇ।

**ਭਾਦੋਂ ਦੇ ਵਿੱਚ ਵਰਖਾ ਹੋਵੇ, ਕਾਲ਼ ਪਿਛੋਕੜ ਬਹਿਕੇ ਰੋਵੇ**—ਭਾਵ ਇਹ ਹੈ ਕਿ ਜੇਕਰ ਭਾਦੋਂ ਮਹੀਨੇ ਵਿੱਚ ਚੰਗੀ ਬਾਰਿਸ਼ ਹੋ ਜਾਵੇ ਤਾਂ ਫ਼ਸਲ ਚੰਗਾ ਝਾੜ ਦਿੰਦੀ ਹੈ, ਜਿਸ ਕਰਕੇ ਅਕਾਲ ਪੈਣ ਦਾ ਕੋਈ ਖ਼ਤਰਾ ਨਹੀਂ ਹੁੰਦਾ।

**ਭਾਦਰੋਂ ਬਦਰੰਗ, ਗੋਰਾ ਕਾਲ਼ਾ ਇੱਕੋ ਰੰਗ**—ਭਾਵ ਇਹ ਹੈ ਕਿ ਭਾਦੋਂ ਮਹੀਨੇ ਵਿੱਚ ਹੁੰਮਸ ਹੋਣ ਕਾਰਨ ਸਭ ਦੇ ਰੰਗ ਇਕੋ ਜਿਹੇ ਹੋ ਜਾਂਦੇ ਹਨ।

**ਭਾਬੀ ਦੀਆਂ ਪੂਣੀਆਂ ਦੇਵਰ ਦਲਾਲ**—ਜਦੋਂ ਕੋਈ ਬੰਦਾ ਕਿਸੇ ਝਗੜੇ ਵਿੱਚ ਆਪਣਿਆਂ ਦਾ ਹੀ ਪੱਖ ਪੂਰੇ, ਉਦੋਂ ਆਖਦੇ ਹਨ।

**ਭਾਰਾ ਛਾਬਾ ਨੀਵਾਂ ਹੁੰਦਾ ਹੈ**—ਭਾਵ ਇਹ ਹੈ ਕਿ ਗੁਣਵਾਨ ਬੰਦਾ ਸਦਾ ਨਿਰਮਾਣ ਰਹਿੰਦਾ ਹੈ, ਕਦੀ ਹੰਕਾਰ ਨਹੀਂ ਕਰਦਾ। ਜਿਵੇਂ ਆਖਦੇ ਹਨ—'ਫ਼ਲ਼ ਨੀਵਿਆਂ ਰੁੱਖਾਂ ਨੂੰ ਲਗਦੇ, ਸਿੰਬਲਾਂ ਤੂੰ ਮਾਣ ਨਾ ਕਰੀਂ' (ਲੋਕ ਗੀਤ)।

**ਭਾਵੇਂ ਕਿਹੋ ਜਿਹੇ ਰੰਗ ਤਾਂ ਬੈਂਗਣੀ ਚੜ੍ਹਨੈ**—ਇਹ ਅਖਾਣ ਉਸ ਬੰਦੇ ਪ੍ਰਤੀ ਵਰਤਦੇ ਹਨ ਜਿਹੜਾ ਵਾਰ-ਵਾਰ ਸਮਝਾਉਣ 'ਤੇ ਵੀ ਆਪਣੀ ਜ਼ਿੱਦ ਨਾ ਛੱਡੇ।

**ਭੁੱਖੇ ਅੱਗੇ ਜੌਂ ਜਵਾਰ ਸਭ ਬਰਾਬਰ**—ਭਾਵ ਇਹ ਹੈ ਕਿ ਗਰਜ਼ਮੰਦ ਆਦਮੀ ਆਪਣੀ ਲੋੜ ਨੂੰ ਮੁੱਖ ਰੱਖਦਿਆਂ ਕਿਸੇ ਚੀਜ਼ ਦੇ ਮਹਿੰਗੇ-ਸਸਤੇ ਹੋਣ ਬਾਰੇ ਨਹੀਂ ਸੋਚਦਾ ਝੱਟ ਲੈ ਲੈਂਦਾ ਹੈ।

**ਭੁੱਖ ਨਾ ਪੁੱਛੇ ਸੁੱਚ ਭਿੱਟ, ਨਿਹੁੰ ਨਾ ਪੁੱਛੇ ਜਾਤ**—ਇਸ ਅਖਾਣ ਦਾ ਭਾਵ ਇਹ ਹੈ ਕਿ ਲੋੜਵੰਦ ਬੰਦਾ ਲੋੜ ਵੇਲੇ ਚੀਜ਼ ਖ਼ਰੀਦਣ ਸਮੇਂ ਚੀਜ਼ ਦਾ ਚੰਗਾ-ਮਾੜਾ ਨਹੀਂ ਸੋਚਦਾ, ਨਾ ਹੀ ਪਿਆਰ ਪੈਣ ਸਮੇਂ ਕੋਈ ਇਕ-ਦੂਜੇ ਦੀ ਜਾਤ ਪੁੱਛਦਾ ਹੈ।

**ਭੁੱਖ ਲੱਗੇ ਤੇ ਤੰਦੂਰ ਦੀ, ਪੇਟ ਭਰੇ ਦਾਂ ਦੂਰ ਦੀ**—ਭਾਵ ਇਹ ਹੈ ਕਿ ਜਦੋਂ ਤੱਕ ਢਿੱਡ ਵਿੱਚ ਰੋਟੀਆਂ ਨਹੀਂ ਪੈਂਦੀਆਂ ਕੁਝ ਵੀ ਸੁਝਦਾ ਨਹੀਂ।

**ਭੁੱਖ ਵਿੱਚ ਚਣੇ ਵੀ ਬਦਾਮ ਨੇ**—ਭਾਵ ਇਹ ਹੈ ਕਿ ਲੋੜਵੰਦ ਬੰਦੇ ਨੂੰ ਮਿਲੀ ਘਟੀਆ ਚੀਜ਼ ਵੀ ਚੰਗੀ ਲੱਗਦੀ ਹੈ।

**ਭੁੱਖਾ ਸੋ ਰੁੱਖਾ**—ਜਦੋਂ ਇਹ ਦੱਸਣਾ ਹੋਵੇ ਕਿ ਭੁੱਖਾ ਬੰਦਾ ਕਿਸੇ ਦਾ ਵੀ ਲਿਹਾਜ਼ ਨਹੀਂ ਕਰਦਾ, ਉਦੋਂ ਇਹ ਅਖਾਣ ਬੋਲਦੇ ਹਨ।

**ਭੁੱਖਾ ਬਾਣੀਆਂ ਵਹੀਆਂ ਫ਼ੋਲੇ**—ਭਾਵ ਇਹ ਹੈ ਕਿ ਜਦੋਂ ਬਾਣੀਏਂ ਦੀ ਆਰਥਿਕ ਹਾਲਤ ਪਤਲੀ ਪੈ ਜਾਵੇ ਤਾਂ ਉਹ ਵਹੀਆਂ ਫ਼ੋਲ ਕੇ ਵੇਖਣ ਲੱਗ ਜਾਂਦਾ ਹੈ ਕਿ ਉਸ ਨੇ ਕਿਨ੍ਹਾਂ ਲੋਕਾਂ ਪਾਸੋਂ ਪੈਸੇ ਲੈਣੇ ਹਨ।

**ਭੁੱਖਾ ਜੱਟ ਮੂਲੀ ਖਾਏ, ਮੂਲੀ ਭੁੱਖ ਵਧੇਰੀ ਲਾਏ**—ਜਦੋਂ ਕੋਈ ਬੰਦਾ ਆਪਣੀਆਂ ਮੁਸ਼ਕਲਾਂ 'ਤੇ ਕਾਬੂ ਪਾਉਣ ਲਈ ਕੁਝ ਯਤਨ ਕਰੇ ਪ੍ਰੰਤੂ ਉਹਨਾਂ ਯਤਨਾਂ ਸਦਕਾ ਮੁਸ਼ਕਲਾਂ ਵਿੱਚ ਹੋਰ ਵਾਧਾ ਹੋ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਭੁੱਖਾ ਮਰੇ ਤਾਂ ਕੀ ਨਾ ਕਰੇ**—ਇਸ ਅਖਾਣ ਦਾ ਭਾਵ ਸਪੱਸ਼ਟ ਹੈ ਕਿ ਭੁੱਖ ਬੰਦੇ ਪਾਸੋਂ ਘਟੀਆ ਤੋਂ ਘਟੀਆ ਕੰਮ ਵੀ ਕਰਵਾ ਲੈਂਦੀ ਹੈ।

**ਭੁੱਖਿਆਂ ਨੂੰ ਬੇਰ ਤੇ ਤਿਹਾਇਆਂ ਨੂੰ ਗੰਨੇ**—ਜਦੋਂ ਕਿਸੇ ਅਸਲ ਚੀਜ਼ ਦੀ ਥਾਂ ਉਸ ਨਾਲ਼ੋਂ ਘਟੀਆ ਕਿਸਮ ਦੀ ਚੀਜ਼ ਨਾਲ਼ ਕੰਮ ਸਾਰ ਲਿਆ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਭੁੱਖੀ ਮਰੇ ਉੱਖਲੀ, ਹੁਬਕੇ ਲਵੇ ਛੱਜ**—ਇਹ ਅਖਾਣ ਕਿਸੇ ਅਤਿ ਗ਼ਰੀਬ ਪਰਿਵਾਰ ਦੀ ਗ਼ਰੀਬੀ ਦੀ ਦਾਸਤਾਨ ਪੇਸ਼ ਕਰਦਾ ਹੈ।

**ਭੁੱਖੇ ਅੱਗੇ ਬਾਤ ਪਾਈ, ਅਖੇ ਟੁੱਕ**—ਭਾਵ ਇਹ ਹੈ ਕਿ ਲੋੜਵੰਦ ਬੰਦੇ ਨੂੰ ਤਾਂ ਹਰ ਵੇਲੇ ਆਪਣੀ ਲੋੜ ਦਾ ਹੀ ਖ਼ਿਆਲ ਰਹਿੰਦਾ ਹੈ।

**ਭੁੱਖੇ ਜੱਟ ਕਟੋਰਾ ਲੱਭਾ ਪਾਣੀ ਪੀ-ਪੀ ਆਫ਼ਰਿਆ**—ਜਦੋਂ ਕਿਸੇ ਬੰਦੇ ਨੂੰ ਕੋਈ ਅਜਿਹੀ ਚੀਜ਼ ਅਚਾਨਕ ਮਿਲ ਜਾਵੇ, ਜਿਹੜੀ ਉਸ ਨੇ ਪਹਿਲਾਂ ਨਾ ਦੇਖੀ ਹੋਵੇ ਤੇ ਉਸ ਨੂੰ ਬਾਰ-ਬਾਰ ਵਰਤਦਿਆਂ ਫ਼ਾਇਦੇ ਦੀ ਥਾਂ ਨੁਕਸ਼ਾਨ ਉਠਾ ਬੈਠੇ, ਉਦੋਂ ਇੰਜ ਆਖਦੇ ਹਨ।

**ਭੁੱਖੇ ਦੀ ਧੀ ਰੱਜੀ, ਖੇਤ ਉਜਾੜਨ ਲੱਗੀ**—ਜਦੋਂ ਕਿਸੇ ਥੋੜ੍ਹ-ਚਿੱਤੇ ਬੰਦੇ ਨੂੰ ਬਹੁਤ ਸਾਰੀ ਦੌਲਤ ਮਿਲ ਜਾਵੇ ਤੇ ਉਹ ਅਤਿ ਚੁੱਕ ਕੇ ਮਾੜੀਆਂ ਕਰਤੂਤਾਂ ਕਰਨ ਲੱਗੇ, ਉਦੋਂ ਇਹ ਅਖਾਣ ਵਰਤਦੇ ਹਨ।

**ਭੁੱਲ ਗਈ ਨਮਾਜ਼ ਮਾਰੀ ਵਕਤਾਂ ਦੀ**—ਜਦੋਂ ਕੋਈ ਬੰਦਾ ਘਰ ਦੇ ਖਲਜਗਣਾਂ

ਵਿੱਚ ਰੁੱਝ ਕੇ ਆਪਣੀਆਂ ਪਹਿਲਿਆਂ ਵਿੱਚ ਮਾਣੀਆਂ ਮੌਜਾਂ ਨੂੰ ਯਾਦ ਕਰਦਾ ਹੋਵੇ, ਉਦੋਂ ਇੰਜ ਆਖਦੇ ਹਨ।

**ਭੁੱਲ ਗਏ ਉਹ ਲੀਰ ਪਰਾਂਦੇ ਜਾਂ ਮੌਲਾ ਦਿਨ ਸਿੱਧੇ ਆਂਦੇ**—ਜਦੋਂ ਕੋਈ ਗ਼ਰੀਬ ਬੰਦਾ ਅਮੀਰ ਹੋ ਕੇ ਆਪਣੇ ਗ਼ਰੀਬੀ ਦੇ ਦਿਨਾਂ ਨੂੰ ਭੁੱਲ ਜਾਵੇ, ਉਦੋਂ ਕਹਿੰਦੇ ਹਨ।

**ਭੁੱਲ ਗਏ ਰਾਗ ਰੰਗ, ਭੁੱਲ ਗਈਆਂ ਜਕੜੀਆਂ, ਤਿੰਨੇ ਗੱਲਾਂ ਯਾਦ ਰਹੀਆਂ ਲੂਣ ਤੇਲ ਲੱਕੜੀਆਂ**—ਇਹ ਅਖਾਣ ਉਸ ਬੰਦੇ ਪ੍ਰਤੀ ਬੋਲਿਆ ਜਾਂਦਾ ਹੈ ਜਿਹੜਾ ਕੰਵਾਰਾ ਰਹਿ ਕੇ ਮੌਜਾਂ ਮਾਣਦਾ ਰਿਹਾ ਹੋਵੇ ਤੇ ਵਿਆਹੇ ਜਾਣ ਮਗਰੋਂ ਘਰ ਦੇ ਧੰਦਿਆਂ ਵਿੱਚ ਬੁਰੀ ਤਰ੍ਹਾਂ ਫਸ ਜਾਵੇ।

**ਭੁੱਲਾ ਉਹ ਨਾ ਜਾਣੀਏਂ ਜੋ ਮੁੜ ਘਰ ਆਵੇ**—ਭਾਵ ਇਹ ਹੈ ਕਿ ਜਿਹੜਾ ਬੰਦਾ ਕੋਈ ਗ਼ਲਤੀ ਕਰਕੇ ਆਪਣੀ ਭੁੱਲ ਮੰਨ ਲਵੇ ਤੇ ਪਸ਼ਚਾਤਾਪ ਕਰਕੇ ਆਪਣੇ ਆਪ ਨੂੰ ਸੁਧਾਰ ਲਵੇ ਉਸ ਨੂੰ ਭੁੱਲਿਆ ਹੋਇਆ ਨਹੀਂ ਆਖਦੇ।

**ਭੁੱਖੇ ਭਗਤ ਨਾ ਕੀਜੈ, ਯੇਹ ਮਾਲਾ ਆਪਣੀ ਲੀਜੈ**—ਭਾਵ ਇਹ ਹੈ ਕਿ ਭੁੱਖਿਆਂ ਤਾਂ ਭਗਤੀ ਵੀ ਨਹੀਂ ਹੁੰਦੀ।

**ਭੂਰਾ ਸ਼ਾਲ, ਭੂਰਾ ਦੋਸ਼ਾਲਾ, ਇਕੋ ਗਲ ਭੂਰੇ ਦੀ ਮਾੜੀ, ਵੇਖੋ ਭੂਰਾ ਤੇ ਫੜੇ ਵਗਾਰੀ**—ਭਾਵ ਇਹ ਹੈ ਕਿ ਪਹਿਰਾਵਾ ਮਨੁੱਖ ਦੇ ਮਾਨ-ਸਨਮਾਨ ਦਾ ਪ੍ਰਤੀਕ ਹੈ। ਸਾਦੀ ਪੁਸ਼ਾਕ ਪਹਿਨਣ ਵਾਲੇ ’ਤੇ ਹਰ ਕੋਈ ਰੋਹਬ ਛਾਂਟਣ ਲੱਗ ਜਾਂਦਾ ਹੈ।

**ਭੂਰੇ ਨੂੰ ਹੱਥ ਨਾ ਪਾਈਏ, ਦੁਸ਼ਾਲਾ ਨਾ ਲੁਹਾਈਏ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਜੇਕਰ ਤੁਸੀਂ ਆਪਣੀ ਇੱਜ਼ਤ ਆਬਰੂ ਨੂੰ ਕਾਇਮ ਰੱਖਣਾ ਚਾਹੁੰਦੇ ਹੋ ਤਾਂ ਦੂਜੇ ਦੀ ਬੇਇੱਜ਼ਤੀ ਨਾ ਕਰੋ, ਜੇ ਅਜਿਹਾ ਕਰੋਗੇ ਤਾਂ ਅਗਲਾ ਅੱਗੋਂ ਇਕ ਦੀਆਂ ਦਸ ਸੁਣਾਏਗਾ।

**ਭੇਡ ਦਾ ਭੱਜਾ ਚੂਕਣਾ, ਨਾ ਕਿਸੇ ਰੋਣਾ ਨਾ ਕਿਸੇ ਕੂਕਣਾ**—ਜੇਕਰ ਕਿਸੇ ਮਾੜੇ ਜਾਂ ਗ਼ਰੀਬ ਬੰਦੇ ਦੇ ਘਰ ਕੋਈ ਮੰਦਭਾਗੀ ਘਟਨਾ ਵਾਪਰ ਜਾਵੇ ਤਾਂ ਕੋਈ ਉਹਦੇ ਘਰ ਅਫ਼ਸੋਸ ਕਰਨ ਨਹੀਂ ਜਾਂਦਾ। ਇਹ ਜਗ ਦੀ ਰੀਤ ਹੈ।

**ਭੇਡ ਦਾ ਮੁੱਲ, ਊਠ ਦਾ ਝੂੰਗਾ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਸੌਦਾ ਤਾਂ ਥੋੜ੍ਹੇ ਮੁੱਲ ਦਾ ਹੋਵੇ, ਪ੍ਰੰਤੂ ਝੂੰਗੇ ਵਿੱਚ ਸੌਦੇ ਨਾਲ਼ੋਂ ਮਹਿੰਗੀ ਵਸਤੂ ਦੀ ਮੰਗ ਕੀਤੀ ਜਾਵੇ।

**ਭੇਡ ਰੱਖੀ ਉੱਨ ਨੂੰ ਬੰਨ੍ਹੀ ਖਾਏ ਕਪਾਹ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਕੰਮ ਲਾਭ ਲਈ ਕੀਤਾ ਜਾਏ ਪ੍ਰੰਤੂ ਲਾਭ ਦੀ ਥਾਂ ਨੁਕਸਾਨ ਹੋਵੇ।

**ਭੇਡਾਂ ਨੇ ਉੱਨ ਹੀ ਲੁਹਾਣੀ ਏ ਕੋਈ ਲਾਹ ਲਏ**—ਭਾਵ ਇਹ ਕਿ ਦੁਕਾਨਦਾਰ ਨੇ ਤਾਂ ਗਾਹਕਾਂ ਨੂੰ ਲੁੱਟਣਾ ਹੀ ਹੈ, ਚਾਹੇ ਕਿਸੇ ਦੁਕਾਨਦਾਰ ਪਾਸੋਂ ਲੁਟਾਈ ਕਰਵਾ ਲਵੋ।

**ਭੇਡਾਂ ਤਾਂ ਵਿਗੜਨੀਆਂ ਸਨ ਲੇਲੇ ਵੀ ਵਿਗੜ ਗਏ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਵੱਡੇ ਬੰਦਿਆਂ ਦੀਆਂ ਮਾੜੀਆਂ ਕਰਤੂਤਾਂ ਨੂੰ ਦੇਖ ਕੇ ਛੋਟੇ ਬੰਦੇ ਵੀ ਉਹੋ ਜਿਹੀਆਂ ਹਰਕਤਾਂ ਕਰਨ ਲੱਗ ਜਾਣ।

**ਭੈੜਾ ਕੁੱਤਾ ਖਸਮੇ ਗਾਲ੍ਹ**—ਜਦੋਂ ਕੋਈ ਘਰ ਦਾ ਪੁੱਤ-ਧੀ ਬਾਹਰੋਂ ਬਦਨਾਮੀ ਖਟ ਕੇ ਆਵੇ ਜਾਂ ਉਲਾਂਭੇ ਲਿਆਵੇ, ਉਦੋਂ ਇੰਜ ਆਖਦੇ ਹਨ।

**ਭੈੜਿਆਂ ਦੇ ਲੜ ਲੱਗੀ ਆਂ ਤੇ ਰੋ ਰੋ ਹੋਈ ਅੱਧੀ ਆਂ**—ਜਦੋਂ ਕਿਸੇ ਮਾੜੇ ਬੰਦੇ ਨਾਲ਼ ਸਾਂਝ ਭਿਆਲੀ ਪੈ ਜਾਵੇ ਤੇ ਉਹ ਦੁੱਖਾਂ ਤੇ ਮੁਸ਼ਕਿਲਾਂ ਦਾ ਕਾਰਨ ਬਣ ਜਾਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਭੈੜਿਆਂ ਦੇ ਯਾਰ ਚੰਦਰੇ ਨਾ ਘਰ ਬੂਹੇ ਨਾ ਜੰਦਰੇ**—ਭਾਵ ਇਹ ਹੈ ਕਿ ਹਰ ਕੋਈ ਆਪਣੀ ਵਿੱਤ ਅਨੁਸਾਰ ਹੀ ਆਪਣੇ ਵਰਗੇ ਬੰਦਿਆਂ ਨਾਲ਼ ਮਿੱਤਰਤਾ ਪਾਉਂਦਾ ਹੈ।

**ਭੈੜੀ ਗਾਂ ਦੇ ਭੈੜੇ ਵੱਛੇ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਦੀ ਉਲਾਦ ਦਾ ਸੁਭਾਅ ਆਪਣੀ ਮਾਂ 'ਤੇ ਗਿਆ ਹੋਵੇ ਤੇ ਮਾਂ ਮਾੜੇ ਸੁਭਾਅ ਦੀ ਮਾਲਕ ਹੋਵੇ।

**ਭੈੜੇ ਭੈੜੇ ਯਾਰ ਭੈੜੀ ਫੱਤੋ ਦੇ**—ਜਦੋਂ ਕਿਸੇ ਮਾੜੇ ਬੰਦੇ ਦੇ ਯਾਰ ਬੇਲੀ ਵੀ ਉਹਦੇ ਵਰਗੇ ਮਾੜੇ ਚਾਲ ਚਲਣ ਵਾਲ਼ੇ ਹੋਣ, ਉਦੋਂ ਆਖਦੇ ਹਨ।

**ਭੈੜੇ ਰੋਣ ਨਾਲ਼ੋਂ ਚੁੱਪ ਚੰਗੀ**—ਭਾਵ ਇਹ ਹੈ ਕਿ ਮਾੜਾ ਕੰਮ ਕਰਨ ਨਾਲ਼ੋਂ ਨਾ ਕਰਨਾ ਚੰਗਾ ਹੈ।

## ਮ

**ਮਹਿੰਗਾ ਰੋਵੇ ਇਕ ਵਾਰ ਸਸਤਾ ਰੋਵੇ ਵਾਰ ਵਾਰ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਮਹਿੰਗੀ ਖ਼ਰੀਦੀ ਵਸਤੂ ਆਮ ਤੌਰ 'ਤੇ ਚੰਗੀ ਨਿਕਲਦੀ ਹੈ ਅਤੇ ਸਸਤੀ ਚੀਜ਼ ਛੇਤੀ ਖ਼ਰਾਬ ਹੋ ਜਾਂਦੀ ਹੈ ਤੇ ਉਸ 'ਤੇ ਬਾਰ-ਬਾਰ ਖ਼ਰਚਾ ਕਰਨਾ ਪੈਂਦਾ ਹੈ, ਜਿਸ ਕਰਕੇ ਮਨ ਦੁਖੀ ਹੋ ਜਾਂਦਾ ਹੈ।

**ਮੱਕ, ਇਕ ਖਾ ਦੂਜੀ ਤੱਕ, ਤੀਜੀ ਬੰਨ੍ਹੀਂ ਲੱਕ ਤਾਂ ਚੜ੍ਹੀਂ ਢੱਕ**—ਇਸ ਅਖਾਣ ਵਿੱਚ ਮੱਕੀ ਦੀ ਰੋਟੀ ਦੇ ਬਾਰੇ ਦੱਸਿਆ ਗਿਆ ਹੈ ਕਿ ਮੱਕੀ ਦੀ ਰੋਟੀ ਤਵੇ ਉੱਤੇ ਹੌਲ਼ੀ-ਹੌਲ਼ੀ ਪਕਦੀ ਹੈ, ਜਿਸ ਕਰਕੇ ਰੋਟੀ ਖਾਣ ਵਾਲ਼ੇ ਨੂੰ ਦੂਜੀ ਰੋਟੀ ਦੀ ਉਡੀਕ ਕਰਨੀ ਪੈਂਦੀ ਹੈ। ਇਹ ਰੋਟੀ ਛੇਤੀ ਹਜ਼ਮ ਹੋ ਜਾਂਦੀ ਹੈ ਜੇਕਰ ਬਾਹਰ ਕਿਧਰੇ ਜਾਣਾ ਪਵੇ ਤਾਂ ਮੱਕੀ ਦੀ ਤੀਜੀ ਰੋਟੀ ਪੱਲ੍ਹੇ ਬੰਨ੍ਹ ਲੈਣੀ ਚਾਹੀਦੀ ਹੈ ਤਾਂ ਜੋ ਭੁੱਖ ਲੱਗਣ 'ਤੇ ਖਾਧੀ ਜਾ ਸਕੇ।

**ਮੱਕਿਓਂ ਪਰ੍ਹਾਂ ਉਜਾੜ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਕਿਸੇ ਗੱਲ ਦੀ ਹੱਦ ਟਪ ਜਾਵੇ ਤੇ ਅੜਿਆ ਰਹੇ ਤੇ ਉਸ ਦੀ ਗੱਲ ਮੰਨਣ ਯੋਗ ਨਾ ਹੋਵੇ।

**ਮੱਖਣ ਖਾਂਦਿਆਂ ਜੇ ਦੰਦ ਘਸਦੇ ਨੇ ਤਾਂ ਘਸਣ ਦਿਓ**—ਇਸ ਅਖਾਣ ਦਾ ਭਾਵ ਅਰਥ ਹੈ ਕਿ ਸਾਰੀਆਂ ਸੁੱਖ ਸੁਵਿਧਾਵਾਂ ਹੁੰਦਿਆਂ ਵੀ ਜੇ ਕੋਈ ਬੰਦਾ ਦੁਖੀ ਹੋਵੇ ਤਾਂ ਹੋਣ ਦਿਓ।

**ਮੰਗਣ ਗਏ ਸੋ ਮਰ ਗਏ, ਮੰਗਣ ਮੂਲ ਨਾ ਜਾ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਘਰ ਦੀਆਂ ਲੋੜਾਂ ਸਬਰ ਸੰਤੋਖ ਨਾਲ਼ ਪੂਰੀਆਂ ਕਰਨੀਆਂ ਚਾਹੀਦੀਆਂ ਹਨ, ਕਿਸੇ ਦੂਜੇ ਪਾਸੋਂ ਮੰਗਣਾ ਚੰਗਾ ਨਹੀਂ।

**ਮੰਗਤਿਆਂ ਨੂੰ ਘਰ ਇਤਨੇ ਜਿਤਨੇ ਨੈਣ ਪਰਾਣ**—ਭਾਵ ਇਹ ਹੈ ਕਿ ਜੇਕਰ ਬੰਦਾ ਢੀਠ ਬਣ ਜਾਵੇ ਤਾਂ ਉਸ ਨੂੰ ਮੰਗਣ ਲੱਗਿਆਂ ਘਰਾਂ ਦੀ ਤੋਟ ਨਹੀਂ ਰਹਿੰਦੀ।

**ਮੰਗਤਿਆਂ ਤੋਂ ਮੰਗਣਾ ਲਾਹਨਤੀਆਂ ਦਾ ਕੰਮ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਜਿਸ ਬੰਦੇ ਦੀਆਂ ਆਪਣੀਆਂ ਲੋੜਾਂ ਹੀ ਮਸਾਂ ਪੂਰੀਆਂ ਹੁੰਦੀਆਂ ਹਨ, ਉਸ ਬੰਦੇ ਪਾਸੋਂ ਮੰਗਣਾ ਚੰਗਾ ਨਹੀਂ।

**ਮਗਰ ਬਿਗਾਨੇ ਮੁੱਕੀਆਂ ਬੀਬੇ ਦਏ ਨਸੰਗ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਦੂਜੇ ਦਾ ਦੁਖ ਨਾ ਸਮਝੇ, ਸਗੋਂ ਹੋਰ ਦੁਖੀ ਕਰੇ।

**ਮੰਗੀ ਸੀ ਚੜ੍ਹਨ ਨੂੰ, ਮਿਲ ਗਈ ਚੁੱਕਣ ਨੂੰ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਕੰਮ ਤਾਂ ਲਾਭ ਤੇ ਸੁਖ ਲਈ ਸ਼ੁਰੂ ਕੀਤਾ ਜਾਵੇ, ਪ੍ਰੰਤੂ ਉਸ ਵਿੱਚੋਂ ਉਲਟਾ ਦੁਖ ਤੇ ਨੁਕਸਾਨ ਪ੍ਰਾਪਤ ਹੋਵੇ।

**ਮੱਛੀ ਪੱਥਰ ਚੱਟ ਕੇ ਮੁੜਦੀ ਹੈ**—ਇਹ ਅਖਾਣ ਉਸ ਬੰਦੇ ਪ੍ਰਤੀ ਬੋਲਿਆ ਜਾਂਦਾ ਹੈ ਜਿਹੜਾ ਆਪਣੀ ਜ਼ਿੱਦ 'ਤੇ ਅੜਿਆ ਹੋਇਆ ਕਿਸੇ ਦੀ ਨਾ ਮੰਨ ਕੇ ਆਪਣਾ ਨੁਕਸਾਨ ਕਰਵਾ ਕੇ ਹਟੇ।

**ਮੱਝ ਲੋਹੀ, ਭੌਂ ਰੋਹੀ, ਰੰਨ ਜੱਟੀ, ਹੋਰ ਸਭ ਚੱਟੀ**—ਇਸ ਅਖਾਣ ਵਿੱਚ ਲੋਹੀ ਮੱਝ ਅਤੇ ਰੋਹੀ ਭੌਂ ਨੂੰ ਗੁਣਕਾਰੀ ਦੱਸਦਿਆਂ ਹੋਇਆਂ ਰੰਨਾਂ ਵਿੱਚੋਂ ਰੰਨ ਜੱਟੀ ਚੰਗੀ ਸਮਝੀ ਗਈ ਹੈ, ਬਾਕੀ ਜਾਤਾਂ ਦੀਆਂ ਤੀਵੀਆਂ ਤਾਂ ਖਾਣ-ਪੀਣ ਦੀਆਂ ਸ਼ੌਕੀਨ ਹੁੰਦੀਆਂ ਹਨ।

**ਮੱਝੀਂ ਘਰ ਵਰਿਆਮਾਂ, ਘੋੜੀਆਂ ਘਰ ਸੁਲਤਾਨਾਂ**—ਭਾਵ ਇਹ ਹੈ ਕਿ ਤਕੜੇ ਬੰਦੇ ਹੀ ਮੱਝਾਂ ਰਖਦੇ ਹਨ ਤੇ ਘੋੜੀਆਂ ਅਮੀਰ ਲੋਕ ਹੀ ਪਾਲ਼ ਸਕਦੇ ਹਨ, ਗ਼ਰੀਬ ਨਹੀਂ ਪਾਲ ਸਕਦੇ।

**ਮਣ ਭਾਵੇਂ ਮਾਣੀ, ਕਣਕ ਜਵਾਈਆਂ ਖਾਣੀ**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਐਸ਼ ਕਰਨ ਵਾਲ਼ੇ ਬੰਦੇ ਐਸ਼ ਕਰਨ ਲਈ ਕਿਸੇ ਵਸਤੂ ਦੀ ਕੀਮਤ ਦੇ ਵੱਧ-ਘੱਟ ਹੋਣ ਦਾ ਖ਼ਿਆਲ ਨਹੀਂ ਕਰਦੇ।

**ਮੱਥਰਾ ਤੀਨ ਲੋਕ ਸੇ ਨਿਆਰੀ**—ਇਹ ਅਖਾਣ ਉਸ ਆਦਮੀ ਪ੍ਰਤੀ ਬੋਲਿਆ

ਜਾਂਦਾ ਹੈ ਜਿਹੜਾ ਆਮ ਲੋਕਾਂ ਨਾਲੋਂ ਵੱਖਰਾ-ਵੱਖਰਾ ਰਹਿੰਦਾ ਹੋਵੇ ਤੇ ਉਸ ਦੀ ਸੋਚ ਵੀ ਉਹਨਾਂ ਨਾਲ਼ ਨਾ ਮਿਲਦੀ ਹੋਵੇ।

**ਮੰਦੇ ਕੰਮੀਂ ਨਾਨਕਾ, ਜਦ ਕਦ ਮੰਦਾ ਹੋਏ**—ਇਸ ਮਹਾਂ ਵਾਕ ਵਿੱਚ ਇਹ ਦੱਸਿਆ ਗਿਆ ਹੈ ਕਿ ਮੰਦੇ ਕੰਮਾਂ ਦਾ ਨਤੀਜਾ ਮਾੜਾ ਹੀ ਨਿਕਲਦਾ ਹੈ।

**ਮਨ ਹਰਾਮੀ ਹੁਜਤਾਂ ਢੇਰ**—ਜਦੋਂ ਕੋਈ ਬੰਦਾ ਕਿਸੇ ਕੰਮ ਨੂੰ ਕਰਨ ਲਈ ਟਾਲ-ਮਟੋਲ ਕਰਕੇ ਬਹਾਨੇ ਲਾਈ ਜਾਵੇ, ਉਦੋਂ ਇੰਜ ਆਖਦੇ ਹਨ।

**ਮੰਨ ਮੰਨੇ ਦਾ ਮੇਲਾ, ਕੌਣ ਗੁਰੂ ਕੌਣ ਚੇਲਾ**—ਇਸ ਅਖਾਣ ਵਿੱਚ ਮਨ ਦੀ ਮਰਜ਼ੀ ਦੀ ਉੱਚਤਾ ਦਰਸਾਈ ਗਈ ਹੈ ਕਿ ਜੇਕਰ ਮੰਨ ਨਾ ਮੰਨੇ ਤਾਂ ਮੇਲਾ ਵੀ ਫ਼ਿੱਕਾ ਲੱਗਦਾ ਹੈ।

**ਮਨੁੱਖ ਪਰਖ਼ੀਏ ਵਸ ਪਿਆ, ਸੋਨਾ ਪਰਖ਼ੀਏ ਕਸ ਪਿਆ**—ਭਾਵ ਸਪੱਸ਼ਟ ਹੈ, ਵਾਹ ਪਏ ਤੋਂ ਹੀ ਕਿਸੇ ਬੰਦੇ ਦਾ ਪਤਾ ਲੱਗਦਾ ਹੈ ਤੇ ਸੋਨਾ ਕਸਵੱਟੀ 'ਤੇ ਹੀ ਪਰਖ਼ਿਆ ਜਾਂਦਾ ਹੈ।

**ਮਰਦ ਦੀ ਮਾਇਆ ਤੇ ਬ੍ਰਿਛ ਦੀ ਛਾਇਆ ਉਹਦੇ ਨਾਲ਼ ਹੀ ਜਾਂਦੀ ਹੈ**—ਜਦੋਂ ਕਿਸੇ ਧਨਵਾਨ ਮਨੁੱਖ ਦੇ ਮਰ ਜਾਣ ਮਗਰੋਂ ਉਹਦੇ ਘਰ ਦਾ ਬੁਰਾ ਹਾਲ ਹੋ ਜਾਵੇ ਤਾਂ ਸੋਗ ਕਰਨ ਆਏ ਬੰਦੇ ਅਕਸਰ ਇਹ ਅਖਾਣ ਬੋਲਦੇ ਹਨ।

**ਮਰਦਾਂ ਅਤੇ ਘੋੜਿਆਂ ਕੰਮ ਪੈਣ ਅਵੱਲੇ**—ਭਾਵ ਇਹ ਹੈ ਕਿ ਮਰਦਾਂ ਅਤੇ ਘੋੜਿਆਂ ਨੂੰ ਔਖ ਝੱਲਣੀ ਹੀ ਪੈਂਦੀ ਹੈ।

**ਮਰਦਾ ਕੀ ਨਾ ਕਰਦਾ**—ਭਾਵ ਇਹ ਹੈ ਕਿ ਕਈ ਵਾਰ ਮਜ਼ਬੂਰੀ ਵਿੱਚ ਮਨੁੱਖ ਨੂੰ ਅਜਿਹਾ ਕੰਮ ਕਰਨਾ ਪੈ ਜਾਂਦਾ ਹੈ ਜਿਹੜਾ ਕੰਮ ਉਹ ਆਮ ਹਾਲਤਾਂ ਵਿੱਚ ਕਰਨ ਲਈ ਕਦੀ ਵੀ ਰਾਜ਼ੀ ਨਾ ਹੋਵੇ।

**ਮਰਦਾਂ ਭੱਜਣਾ ਮਹਿਣਾ, ਮਹੀਆਂ ਡੁੱਬਣ ਲਾਜ**—ਇਹ ਅਖਾਣ ਮੈਦਾਨ ਵਿੱਚ ਟਾਕਰਾ ਅਥਵਾ ਮੁਕਾਬਲਾ ਕਰ ਰਹੇ ਕਿਸੇ ਬੰਦੇ ਨੂੰ ਹੌਸਲਾ ਦੇਣ ਲਈ ਵਰਤਿਆ ਜਾਂਦਾ ਹੈ। ਮਰਦ ਮੈਦਾਨੋਂ ਨਹੀਂ ਭਜਦੇ ਤੇ ਮੱਝਾਂ ਤੈਰ ਕੇ ਦਰਿਆ ਪਾਰ ਕਰ ਜਾਂਦੀਆਂ ਹਨ।

**ਮਰਦੀ ਮਰ ਗਈ ਨਖ਼ਰਾ ਨਾ ਗਿਆ**—ਜਦੋਂ ਕੋਈ ਬੰਦਾ ਆਰਥਿਕਤਾ ਪੱਖੋਂ ਬਹੁਤ ਕਮਜ਼ੋਰ ਹੋ ਜਾਵੇ ਪ੍ਰੰਤੂ ਆਪਣੀ ਬਾਹਰੀ ਸ਼ਾਨੋ-ਸ਼ੌਕਤ ਕਾਇਮ ਰੱਖੇ, ਉਦੋਂ ਆਖਦੇ ਹਨ।

**ਮਲਾਹ ਦਾ ਹੁੱਕਾ ਸੁੱਕੇ ਦਾ ਸੁੱਕਾ**—ਭਾਵ ਇਹ ਹੈ ਕਿ ਆਲਸ ਕਾਰਨ ਕਾਰੀਗਰ ਅਤੇ ਹੁਨਰਮੰਦ ਬੰਦੇ ਆਪਣੇ ਘਰ ਵੱਲ ਘੱਟ ਹੀ ਧਿਆਨ ਦਿੰਦੇ ਹਨ। ਆਮ ਤੌਰ 'ਤੇ ਰਾਜ ਮਿਸਤਰੀਆਂ ਦੇ ਕੌਲ਼ੇ ਢਹੇ ਹੋਏ ਹੁੰਦੇ ਹਨ ਤੇ ਦਰਜੀਆਂ ਦੇ ਪਜਾਮੇ ਫਟੇ ਹੋਏ।

**ਮਾਂ ਜਹੀ ਮਾਸੀ, ਕੰਧ ਔਰੇ ਤੇ ਜਾਸੀ**—ਜਦੋਂ ਦੋ ਭੈਣਾਂ ਜਾਂ ਭਰਾਵਾਂ ਦੇ ਸੁਭਾਵਾਂ ਦੀ ਸਮਾਨਤਾ ਦਰਸਾਉਣੀ ਹੋਵੇ, ਉਦੋਂ ਆਖਦੇ ਹਨ।

**ਮਾਂ ਟਟੀਹਰੀ ਪਿਉ ਕੁਲੰਗ, ਬੱਚੇ ਨਿਕਲੇ ਰੰਗ ਬਰੰਗ**—ਜਦੋਂ ਮਾਂ-ਪਿਉ ਦੇ ਵੱਖਰੇ-ਵੱਖਰੇ ਸੁਭਾਅ ਹੋਣ ਅਤੇ ਉਹਨਾਂ ਦੇ ਪੁੱਤਾਂ-ਧੀਆਂ ਦੇ ਸੁਭਾਅ ਵੀ ਨਾ ਮਿਲਦੇ ਹੋਣ, ਉਦੋਂ ਇਹ ਅਖਾਣ ਵਰਤਦੇ ਹਨ।

**ਮਾਂ ਦਾ ਪੇਟ ਘੁਮਿਆਰਾਂ ਦਾ ਆਵਾ, ਕੋਈ ਕਾਲ਼ਾ ਕੋਈ ਚਿੱਟਾ**—ਭਾਵ ਇਹ ਹੈ ਕਿ ਮਾਂ ਦੀ ਉਲਾਦ ਅਕਲੋਂ, ਸ਼ਕਲੋਂ ਤੇ ਸੁਭਾਅ ਵੱਲੋਂ ਇਕਸਾਰ ਨਹੀਂ ਹੁੰਦੀ।

**ਮਾਂ ਦੀ ਸੌਂਕਣ ਧੀ ਦੀ ਸਹੇਲੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਘਰ ਦਾ ਬੰਦਾ ਅਜਿਹੇ ਬੰਦੇ ਨਾਲ਼ ਦੋਸਤੀ ਰੱਖੇ ਜਿਸ ਦੀ ਭਾਵਨਾ ਘਰ ਬਾਰੇ ਮੰਦੀ ਹੋਵੇ।

**ਮਾਂ ਨਾ ਭੈਣ ਕੌਣ ਕਹੇ ਵੈਣ**—ਇਹ ਅਖਾਣ ਉਸ ਬੰਦੇ ਪ੍ਰਤੀ ਬੋਲਿਆ ਜਾਂਦਾ ਹੈ ਜਿਸ ਦਾ ਕੋਈ ਵੀ ਮਿੱਤਰ ਪਿਆਰਾ ਨਾ ਹੋਵੇ।

**ਮਾਂ ਨਾਲ਼ੋਂ ਹੇਜਲੀ ਸੋ ਫਫੇ ਕੁੱਟਣ**—ਜਦੋਂ ਕੋਈ ਓਪਰਾ ਬੰਦਾ ਆਪਣੇ ਸਕਿਆਂ ਨਾਲ਼ੋਂ ਵੀ ਵੱਧ ਪਿਆਰ ਦਾ ਦਿਖਾਵਾ ਕਰੇ, ਉਦੋਂ ਆਖਦੇ ਹਨ।

**ਮਾਂ ਨਾਲ਼ੋਂ ਧੀ ਸਿਆਣੀ, ਰਿੱਧੇ ਪੱਕੇ ਪਾਏ ਪਾਣੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਇਹ ਦੱਸਣਾ ਹੋਵੇ ਕਿ ਮਾਂ ਨਾਲ਼ੋਂ ਧੀ ਵਧੇਰੇ ਕੰਜੂਸ ਜਾਂ ਮੂਰਖ਼ ਹੈ।

**ਮਾਂ ਪਿਉ ਦੀਆਂ ਗਾਲ੍ਹਾਂ, ਘਿਉ ਦੀਆਂ ਨਾਲ਼ਾਂ**—ਇਸ ਅਖਾਣ ਵਿੱਚ ਮਾਂ-ਪਿਉ ਦੀਆਂ ਝਿੜਕਾਂ ਨੂੰ ਖਿੜੇ ਮੱਥੇ ਸਹਿਣ ਲਈ ਬੱਚਿਆਂ ਨੂੰ ਉਪਦੇਸ਼ ਦਿੱਤਾ ਗਿਆ ਹੈ।

**ਮਾਂ ਫਿਰੇ ਫੋਸੀ ਫੋਸੀ ਨੂੰ ਪੁੱਤ ਗਹੀਰੇ ਮਣਸੇ**—ਜਦੋਂ ਕੋਈ ਬੰਦਾ ਆਪਣੇ ਗ਼ਰੀਬ ਮਾਪਿਆਂ ਦੀ ਥੋੜ੍ਹੀ-ਥੋੜ੍ਹੀ ਮਿਹਨਤ ਕਰਕੇ ਜੋੜੀ ਪੂੰਜੀ ਨੂੰ ਫ਼ੋਕੀ ਸ਼ੇਖ਼ੀ ਮਾਰਕੇ ਉਜਾੜੇ, ਉਦੋਂ ਇੰਜ ਆਖਦੇ ਹਨ।

**ਮਾਂ ਮੇਰੇ ਨਾਨਕੇ ਬੜੇ ਚੰਗੇ ਨੇ, ਪੁੱਤ ਪੇਕੇ ਮੇਰੇ ਈ ਐ**—ਜਦੋਂ ਕੋਈ ਬੰਦਾ ਕਿਸੇ ਬੰਦੇ ਮੂਹਰੇ ਅਜਿਹੇ ਬੰਦੇ ਦਾ ਗੁਣ-ਗਾਨ ਕਰੇ ਜਿਸ ਦੇ ਮਾੜੇ ਪੱਖ ਨੂੰ ਉਹ ਚੰਗੀ ਤਰ੍ਹਾਂ ਜਾਣਦਾ ਹੋਵੇ, ਉਦੋਂ ਆਖਦੇ ਹਨ।

**ਮਾਸੀ ਕਾਣੀਏਂ ਹੱਥ ਲੱਗਣ ਤਾਂ ਜਾਣੀਏਂ**—ਜਦੋਂ ਕਿਸੇ ਬੰਦੇ ਦੇ ਕਰੜੇ ਸੁਭਾਅ ਬਾਰੇ ਕਿਸੇ ਦੂਜੇ ਨੂੰ ਭੁਲੇਖਾ ਲੱਗਾ ਹੋਵੇ, ਉਸ ਨੂੰ ਦੂਰ ਕਰਨ ਲਈ ਇੰਜ ਆਖਦੇ ਹਨ।

**ਮਾਮਲਾ ਪਏ ਜਾਣੀਏਂ ਉੱਤੋਂ ਕੀ ਪਛਾਣੀਏਂ**—ਭਾਵ ਸਪੱਸ਼ਟ ਹੈ ਕਿ ਕਿਸੇ ਨਾਲ਼ ਵਾਹ ਪਏ ਤੇ ਹੀ ਉਸ ਦੇ ਸੁਭਾਅ ਦਾ ਪਤਾ ਲੱਗਦਾ ਹੈ। ਸ਼ਕਲ ਸੂਰਤੋਂ ਕਿਸੇ ਦੀ ਪਛਾਣ ਨਹੀਂ ਹੋ ਸਕਦੀ।

**ਮਾਮੇ ਕੰਨੀਂ ਬੀਰ ਬਾਲੀਆਂ, ਭਾਣਜਾ ਆਕੜਿਆ ਫਿਰੇ**—ਜਦੋਂ ਕੋਈ ਬੰਦਾ ਆਪਣੇ ਕਿਸੇ ਅਮੀਰ ਰਿਸ਼ਤੇਦਾਰ ਦੇ ਬਲਬੂਤੇ 'ਤੇ ਆਕੜਿਆ ਫਿਰੇ ਜਾਂ ਟੋਹਰਾਂ ਮਾਰੇ, ਉਦੋਂ ਆਖਦੇ ਹਨ।

**ਮਾਰਨ ਵਾਲ਼ੇ ਛੁੱਟ ਗਏ ਤੇ ਪਿਛਲੇ ਫੜੇ ਗਏ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਦੋਸ਼ੀ ਤਾਂ ਸਾਫ਼ ਬਚ ਕੇ ਨਿਕਲ ਜਾਏ, ਪ੍ਰੰਤੂ ਬੇਦੋਸ਼ਾ ਬੰਦਾ ਫੜ ਲਿਆ ਜਾਵੇ।

**ਮਾਰੀ ਅੱਖ ਤੇ ਫਰਕੇ ਗੋਡਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਥੋੜ੍ਹ-ਦਿਲਾ ਬੰਦਾ ਮਾੜੇ ਮੋਟੇ ਦੁੱਖ ਨੂੰ ਵਧਾਅ-ਚੜ੍ਹਾਅ ਕੇ ਦੱਸੇ।

**ਮਾਰੇ ਨਾਲ਼ੋਂ ਯਰਕਾਇਆ/ਭਜਾਇਆ ਚੰਗਾ**—ਭਾਵ ਇਹ ਹੈ ਕਿ ਕਿਸੇ ਵੈਰੀ ਨੂੰ ਜਾਨੋਂ ਮਾਰਨ ਨਾਲ਼ੋਂ ਉਸ ਨੂੰ ਡਰਾ-ਧਮਕਾ ਕੇ ਭਜਾਉਣ ਵਿੱਚ ਹੀ ਰਾਜਨੀਤੀ ਹੈ।

**ਮਾਰੇ ਨੀ ਭਿੱਤ ਚਾਏ ਨੀ ਚਿੱਤ, ਖ਼ੁਸ਼ ਰਹੁ ਗਵਾਂਢਣੇ ਲੜਦੀ ਸੈਂ ਨਿੱਤ**—ਜਦੋਂ ਕੋਈ ਚੰਦਰੇ ਤੇ ਅਵੈੜੇ ਸੁਭਾਅ ਵਾਲ਼ੇ ਗੁਆਂਢੀ ਦਾ ਸਾਥ ਛੱਡਣ ਲੱਗੇ, ਉਦੋਂ ਇਹ ਅਖਾਣ ਬੋਲਦੇ ਹਨ।

**ਮਾਲ ਤੇ ਜਗਾਤ ਹੁੰਦੀ ਹੈ**—ਭਾਵ ਸਪੱਸ਼ਟ ਹੈ ਕਿ ਜਿੰਨਾ ਕਿਸੇ ਦਾ ਮਾਲ ਹੋਵੇਗਾ, ਓਨਾ ਹੀ ਉਸ ਨੂੰ ਟੈਕਸ ਭਰਨਾ ਪਵੇਗਾ।

**ਮਾਵਾਂ ਧੀਆਂ ਰਿੱਧਾ ਭੱਤਾ, ਮਿੱਠਾ ਬੇਬੇ  ਮਿੱਠਾ ਹੈ**—ਇਹ ਅਖਾਣ ਉਦੋਂ ਬੋਲਿਆ ਜਾਂਦਾ ਹੈ ਜਦੋਂ ਦੋ ਜਣੇ ਇਕ-ਦੂਜੇ ਦੀਆਂ ਸਿਫ਼ਤਾਂ ਕਰੀ ਜਾਣ ਜਾਂ ਇਕ-ਦੂਜੇ ਦੀਆਂ ਵਸਤਾਂ ਨੂੰ ਸਲਾਹੁਣ।

**ਮਾੜਾ ਢੱਗਾ ਛੱਤੀ ਰੋਗ**—ਕਿਸੇ ਕਮਜ਼ੋਰ ਤੇ ਮਾੜੇ ਬੰਦੇ ਨੂੰ ਦੇਖ ਕੇ ਲੋਕ ਅਕਸਰ ਇਹ ਅਖਾਣ ਬੋਲਦੇ ਹਨ ਜਾਂ ਕਮਜ਼ੋਰ ਬੰਦਾ ਵੀ ਆਪਣੇ ਆਪ ਲਈ ਇਹ ਅਖਾਣ ਵਰਤ ਲੈਂਦਾ ਹੈ।

**ਮਾੜੇ ਸ਼ਾਹ ਦੀਆਂ ਮਨ ਵਿੱਚ ਖੇਪਾਂ, ਪੰਜੀਂ ਲਵਾਂ ਪੰਜਾਹੀਂ ਵੇਚਾਂ**—ਇਸ ਅਖਾਣ ਰਾਹੀਂ ਕਿਸੇ ਮਾੜੇ ਸ਼ਾਹੂਕਾਰ ਦੀਆਂ ਮਨ ਬਚਨੀਆਂ ਨੂੰ ਜੋ ਸ਼ੇਖ਼ਚਿਲੀ ਵਾਲ਼ੇ ਸੁਪਨੇ ਲੈਂਦੀਆਂ ਹਨ, ਦਰਸਾਇਆ ਗਿਆ ਹੈ।

**ਮਾੜੇ ਦੀ ਜੋਰੂ ਜਣੇ ਖਣੇ ਦੀ ਭਾਬੀ**—ਭਾਵ ਇਹ ਹੈ ਕਿ ਗ਼ਰੀਬ ਅਤੇ ਕਮਜ਼ੋਰ ਬੰਦੇ 'ਤੇ ਹਰ ਕੋਈ ਆਪਣਾ ਅਧਿਕਾਰ ਜਤਾਉਂਦਾ ਹੈ।

**ਮਿੱਠਾ ਮਿੱਠਾ ਹੱਪ, ਕੌੜਾ ਕੌੜਾ ਥੂਹ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਚੁਸਤ ਬੰਦਾ ਚੰਗੇ ਕੰਮ ਲਈ ਵਡਿਆਈ ਆਪ ਖਟ ਲਏ ਤੇ ਮਾੜੇ ਕੰਮ ਦਾ ਦੋਸ਼ ਦੂਜੇ 'ਤੇ ਮੜ੍ਹੇ ਜਾਂ ਕਿਸੇ ਚੀਜ਼ ਵਿੱਚੋਂ ਚੰਗਾ ਹਿੱਸਾ ਆਪ ਲੈ ਲਵੇ ਤੇ ਮਾੜਾ ਦੂਜੇ ਨੂੰ ਦੇ ਦੇਵੇ।

**ਮਿਰਜ਼ਾ ਮਰ ਗਿਐ ਕਿ ਸਰੰਗੀ ਟੁਟਗੀ**—ਜਦੋਂ ਇਹ ਦੱਸਣਾ ਹੋਵੇ ਕਿ ਗੱਲ ਅਜੇ ਮੁੱਕੀ ਨਹੀਂ ਚਾਲੂ ਹੈ ਜਾਂ ਮਾਮਲਾ ਨਿਪਟਿਆ ਨਹੀਂ, ਉਦੋਂ ਇਹ ਅਖਾਣ ਬੋਲਦੇ ਹਨ।

**ਮਿਲਦਿਆਂ ਦੇ ਸਾਕ, ਵਾਂਹਦਿਆਂ ਦੀਆਂ ਜ਼ਮੀਨਾਂ ਤੇ ਵਸਦਿਆਂ ਦੇ ਘਰ**—ਭਾਵ ਇਹ ਹੈ ਕਿ ਸਕੀਰੀਆਂ ਮਿਲਣ-ਗਿਲਣ ਨਾਲ਼ ਕਾਇਮ ਰਹਿੰਦੀਆਂ ਹਨ ਤੇ ਜ਼ਮੀਨਾਂ

ਮਾਲਕ ਆਪ ਵਾਹੇ ਤਾਂ ਕੁਝ ਪੱਲੇ ਪੈਂਦਾ ਹੈ ਤੇ ਘਰ ਵੀ ਆਪ ਵਸਣ ਕਰਕੇ ਸਬੂਤੇ ਰਹਿੰਦੇ ਹਨ।

**ਮੀਆਂ ਬੀਬੀ ਰਾਜ਼ੀ ਕੀ ਕਰੂਗਾ ਕਾਜ਼ੀ**—ਜਦੋਂ ਇਹ ਦੱਸਣਾ ਹੋਵੇ ਕਿ ਜੇਕਰ ਦੋਵੇਂ ਧਿਰਾਂ ਕੋਈ ਕੰਮ ਕਰਨ ਲਈ ਰਾਜ਼ੀ ਹੋ ਜਾਣ ਤਾਂ ਤੀਜਾ ਬੰਦਾ ਉਹਨਾਂ ਨੂੰ ਇਹ ਕੰਮ ਕਰਨੋਂ ਰੋਕ ਨਹੀਂ ਸਕਦਾ।

**ਮੀਸਣੀ ਖਾਵੇ ਤੇ ਮੂੰਹ ਨਾ ਹਿਲਾਵੇ**—ਇਹ ਅਖਾਣ ਉਸ ਬੰਦੇ ਪ੍ਰਤੀ ਵਰਤਿਆ ਜਾਂਦਾ ਹੈ ਜਿਹੜਾ ਆਪਣੇ ਮਕਰ, ਫ਼ਰੇਬ ਤੇ ਚਲਾਕੀ ਵਾਲ਼ੀ ਗੱਲ ਨੂੰ ਪ੍ਰਗਟ ਨਾ ਹੋਣ ਦੇਵੇ।

**ਮੀਂਹ ਉਠੇ ਤੇ, ਚੋਰ ਡਿੱਠੇ ਤੇ**—ਭਾਵ ਇਹ ਹੈ ਕਿ ਤਸੱਲੀ ਕੀਤੇ ਬਿਨਾ ਕਿਸੇ 'ਤੇ ਦੋਸ਼ ਲਾਉਣਾ ਠੀਕ ਨਹੀਂ।

**ਮੀਂਹ ਜੇਠੀ ਦਾ ਪੁੱਤਰ ਪਲੇਠੀ ਦਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਜੇਠ ਮਹੀਨੇ ਵਸਿਆ ਮੀਂਹ ਫ਼ਸਲਾਂ ਲਈ ਚੰਗਾ ਹੁੰਦਾ ਹੈ ਤੇ ਪਲੇਠੀ ਦਾ ਪੁੱਤਰ ਛੇਤੀ ਜਵਾਨ ਹੋ ਕੇ ਆਪਣੇ ਬਾਪ ਨਾਲ਼ ਸਹਾਇਤਾ ਕਰਨ ਲੱਗ ਜਾਂਦਾ ਹੈ।

**ਮੁੰਡਾ ਭੂਤਨਾ ਕੁੜੀ ਚੁੜੇਲ ਪੜ੍ਹਕੇ ਮੰਤਰ ਦਿੱਤੇ ਮੇਲ**—ਜਦੋਂ ਵੱਖੋ-ਵੱਖਰੀਆਂ ਅਵੈੜੀਆਂ ਆਦਤਾਂ ਵਾਲੇ ਮੁੰਡੇ ਤੇ ਕੁੜੀ ਦਾ ਆਪਸ ਵਿੱਚ ਵਿਆਹ ਹੋ ਜਾਵੇ, ਉਦੋਂ ਮਜ਼ਾਕ-ਮਜ਼ਾਕ ਵਿੱਚ ਇਹ ਅਖਾਣ ਬੋਲਦੇ ਹਨ।

**ਮੁੰਡਾ ਮੰਗਿਆ ਚਰਖਾ ਕੀਲੀ ਟੰਗਿਆ**—ਜਦੋਂ ਮੁੰਡੇ ਦਾ ਮੰਗਣਾ ਹੋ ਜਾਂਦਾ ਹੈ ਤੇ ਆਮ ਰਿਵਾਜ਼ ਅਨੁਸਾਰ ਕੁੜੀ ਵਾਲ਼ੇ ਮੁੰਡੇ ਵਾਲ਼ਿਆਂ ਨੂੰ ਕੁਝ ਨਾ ਕੁਝ ਭੇਜਦੇ ਰਹਿੰਦੇ ਹਨ ਉਦੋਂ ਮੁੰਡੇ ਦੀ ਮਾਂ, ਮੁੰਡੇ ਦੇ ਵਿਆਹ ਵਿੱਚ ਦਾਜ 'ਚ ਖੇਸੀਆਂ ਆਦਿ ਮਿਲਣ ਦੀ ਆਸ ਵਿੱਚ ਚਰਖਾ ਕੱਤਣਾ ਬੰਦ ਕਰ ਦਿੰਦੀ ਹੈ।

**ਮੁੰਡਾ ਮਰ ਜਾਏ ਤੜਾਗੀ ਨਾ ਟੁੱਟੇ**—ਕਿਸੇ ਚੀਜ਼ ਦੀ ਪਕਿਆਈ ਤੇ ਮਜ਼ਬੂਤੀ ਜ਼ਾਹਿਰ ਕਰਨ ਲਈ ਮਜ਼ਾਕ ਵਿੱਚ ਇਹ ਅਖਾਣ ਬੋਲਦੇ ਹਨ।

**ਮੁਰਦਾ ਬੋਲੂ, ਖੱਫਣ ਪਾੜੂ**—ਜਦੋਂ ਕੋਈ ਬੰਦਾ ਕਿਸੇ ਨੂੰ ਚੁਭਵੀਂ ਗੱਲ ਆਖ ਕੇ ਅਗਲੇ ਦਾ ਸੀਨਾ ਸਾੜ ਦੇਵੇ, ਉਦੋਂ ਇੰਜ ਕਹਿੰਦੇ ਹਨ।

**ਮੂਸਾ ਨਠਿਆ ਮੌਤ ਤੋਂ ਅੱਗੇ ਮੌਤ ਖੜ੍ਹੀ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਕਿਸੇ ਮੁਸੀਬਤ ਤੋਂ ਨਿਜ਼ਾਤ ਹਾਸਿਲ ਕਰਨ ਲਈ ਭੱਜ-ਦੌੜ ਕਰਦਾ ਹੋਇਆ ਕੋਈ ਨਵੀਂ ਮੁਸੀਬਤ ਸਹੇੜ ਬੈਠੇ।

**ਮੂੰਹ ਆਈ ਗੱਲ ਨਾ ਰਹਿੰਦੀ ਏ**—ਭਾਵ ਇਹ ਹੈ ਕਿ ਮੂੰਹ ਵਿੱਚ ਆਈ ਗੱਲ ਬਾਹਰ ਨਿਕਲ ਹੀ ਜਾਂਦੀ ਹੈ, ਦਬਾਈ ਨਹੀਂ ਜਾ ਸਕਦੀ।

**ਮੂੰਹ ਜੱਟੇ, ਕੂੜ ਨਖੁੱਟੇ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਮੂੰਹੋਂ ਮੂੰਹੀਂ ਗੱਲਬਾਤ ਕਰਨ ਨਾਲ਼ ਸਾਰੀਆਂ ਗ਼ਲਤ-ਫ਼ਹਿਮੀਆਂ ਦੂਰ ਹੋ ਜਾਂਦੀਆਂ ਹਨ।

**ਮੂੰਹ ਤੋਂ ਲਾਹੀ ਲੋਈ, ਕੀ ਕਰੇਗਾ ਕੋਈ**—ਇਹ ਅਖਾਣ ਆਮ ਤੌਰ 'ਤੇ ਬੇਸ਼ਰਮ ਤੇ ਢੀਠ ਬੰਦੇ ਪ੍ਰਤੀ ਬੋਲਿਆ ਜਾਂਦਾ ਹੈ।

**ਮੂੰਹ ਦੀ ਲਹਿਰ ਬਹਿਰ, ਹੱਥਾਂ ਦੀ ਹੜਤਾਲ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਗੱਲੀਂ-ਬਾਤੀਂ ਹੀ ਦੂਜੇ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕਰੇ ਪ੍ਰੰਤੂ ਆਪਣੇ ਪੱਲਿਓਂ ਕੁਝ ਵੀ ਨਾ ਦੇਵੇ।

**ਮੂੰਹ ਨਾ ਮੱਥਾ ਜਿੰਨ ਪਹਾੜੋਂ ਲੱਥਾ**—ਇਹ ਅਖਾਣ ਮਜ਼ਾਕ ਵਿੱਚ ਕਿਸੇ ਕਰੂਪ ਬੰਦੇ ਨੂੰ ਵੇਖ ਕੇ ਬੋਲਿਆ ਜਾਂਦਾ ਹੈ।

**ਮੂੰਹ ਮੰਗੀ ਤਾਂ ਮੌਤ ਵੀ ਨਹੀਂ ਮਿਲਦੀ**—ਇਸ ਅਖਾਣ ਦਾ ਭਾਵ ਇਹ ਹੈ ਕਿ ਇਨਸਾਨ ਦੇ ਮਨ ਦੀ ਚਾਹਨਾ ਪੂਰਨ ਤੌਰ 'ਤੇ ਕਦੀ ਵੀ ਪੂਰੀ ਨਹੀਂ ਹੁੰਦੀ।

**ਮੂੰਹ ਵਿੱਚ ਸ਼ੇਖ਼ ਫ਼ਰੀਦ, ਬਗਲ ਵਿੱਚ ਇੱਟਾਂ**—ਜਦੋਂ ਉੱਤੋਂ-ਉੱਤੋਂ ਸਾਊ ਦਿਸਦੇ ਕਿਸੇ ਬੰਦੇ ਦੀਆਂ ਕਾਲ਼ੀਆਂ ਕਰਤੂਤਾਂ ਦਾ ਪਰਦਾ-ਫ਼ਾਸ਼ ਹੋ ਜਾਵੇ, ਉਦੋਂ ਕਹਿੰਦੇ ਹਨ।

**ਮੂੰਹਾਂ ਦੇ ਮੁਲ੍ਹਾਜ਼ੇ, ਸਿਰਾਂ ਨੂੰ ਸਲਾਮਾਂ**—ਜਦੋਂ ਇਹ ਦੱਸਣਾ ਹੋਵੇ ਕਿ ਸਾਹਮਣੇ ਬੈਠੇ ਬੰਦੇ ਦਾ ਜਿਹੜਾ ਲਿਹਾਜ਼ ਹੁੰਦਾ ਹੈ ਉਹ ਅੱਖੋਂ ਓਹਲੇ ਬੈਠੇ ਬੰਦੇ ਦਾ ਨਹੀਂ ਹੁੰਦਾ, ਉਦੋਂ ਇਹ ਅਖਾਣ ਵਰਤਦੇ ਹਨ।

**ਮੂੰਹੋਂ ਨਿਕਲੀ, ਤੁਰਤ ਪਰਾਈ**—ਭਾਵ ਇਹ ਹੈ ਕਿ ਮੂੰਹੋਂ ਨਿਕਲੀ ਗੱਲ ਮੁੜਕੇ ਵਾਪਸ ਨਹੀਂ ਪਰਤਦੀ।

**ਮੂਰਖ ਦਾ ਹਾਸਾ, ਭੰਨ ਸੁੱਟੇ ਪਾਸਾ**—ਕਈ ਵਾਰ ਹਾਸਾ ਮਖ਼ੌਲ ਕਰਦਿਆਂ ਮਖ਼ੌਲ-ਮਖ਼ੌਲ ਵਿੱਚ ਕਿਸੇ ਦੇ ਸੱਟ-ਫੇਟ ਲੱਗ ਜਾਂਦੀ ਹੈ, ਉਦੋਂ ਇੰਜ ਆਖਦੇ ਹਨ।

**ਮੂਰਖ਼ਾਂ ਦੇ ਕਹਿੜਾ ਸਿੰਗ ਹੁੰਦੇ ਹਨ**—ਜਦੋਂ ਕੋਈ ਬੰਦਾ ਜੁੜੀ ਮਹਿਫ਼ਲ ਵਿੱਚ ਮੂਰਖ਼ਾਂ ਵਾਲ਼ੀ ਗੱਲ ਕਰ ਬੈਠੇ, ਉਸ ਨੂੰ ਠਿਠ ਕਰਨ ਲਈ ਇਹ ਅਖਾਣ ਬੋਲਿਆ ਜਾਂਦਾ ਹੈ।

**ਮੂਰਖ਼ਾਂ ਦੇ ਪਿੰਡ ਵੱਖਰੇ ਨਹੀਂ ਹੁੰਦੇ**—ਭਾਵ ਇਹ ਹੈ ਕਿ ਮੂਰਖ਼ਾਂ ਵਾਸਤੇ ਵੱਖਰੇ ਟਿਕਾਣੇ ਨਹੀਂ ਹੁੰਦੇ, ਉਹ ਕਿਸੇ ਥਾਂ ਵੀ ਹੋ ਸਕਦੇ ਹਨ। ਇਹ ਅਖਾਣ ਵੀ ਉੱਪਰ ਦਿੱਤੇ ਅਖਾਣ ਵਾਂਗ ਉਦੋਂ ਬੋਲਦੇ ਹਨ, ਜਦੋਂ ਕੋਈ ਇਕੱਠ ਵਿੱਚ ਮੂਰਖ਼ਾਂ ਵਾਲ਼ੀ ਹਰਕਤ ਕਰ ਬੈਠੇ, ਉਸ ਨੂੰ ਸ਼ਰਮਿੰਦਾ ਕਰਨ ਲਈ ਇੰਜ ਆਖਦੇ ਹਨ।

**ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਇਹ ਦੱਸਣਾ ਹੋਵੇ ਕਿ ਧੀਆਂ-ਪੁੱਤਾਂ ਨਾਲੋਂ ਉਹਨਾਂ ਦੀ ਔਲਾਦ ਵਧੇਰੇ ਪਿਆਰੀ ਲੱਗਦੀ ਹੈ।

**ਮੇਰਾ ਗੱਲ਼ ਤੇਰੇ ਹੱਥ**—ਜਦੋਂ ਕੋਈ ਬੰਦਾ ਆਪਣੇ ਆਪ ਨੂੰ ਪੂਰਨ ਤੌਰ 'ਤੇ ਕਿਸੇ ਦੇ ਹਵਾਲੇ ਕਰ ਦਿੰਦਾ ਹੈ ਜਾਂ ਕਿਸੇ ਨੂੰ ਆਪਣਾ ਆਗੂ ਮੰਨ ਲੈਂਦਾ ਹੈ, ਉਦੋਂ ਆਖਦੇ ਹਨ।

**ਮੇਲਾ ਮੇਲੀਆਂ ਦਾ ਜਾਂ ਪੈਸੇ ਧੇਲੀਆਂ ਦਾ**—ਮੇਲੇ ਜਾਣ ਦਾ ਸੁਆਦ ਉਦੋਂ ਹੀ ਆਉਂਦਾ ਹੈ ਜੇ ਜੇਬ ਵਿੱਚ ਪੈਸੇ ਹੋਣ ਤੇ ਅੱਗੋਂ ਬੇਲੀ ਮਿੱਤਰ ਮਿਲ ਜਾਣ।

**ਮੈਂ ਸ਼ਰਮਾਂਦੀ ਅੰਦਰ ਵੜੀ, ਮੂਰਖ਼ ਆਖੇ ਮੈਥੋਂ ਡਰੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਅੱਖੜ ਸੁਭਾਅ ਦਾ ਬੰਦਾ ਕਿਸੇ ਭਲੇਮਾਣਸ ਬੰਦੇ ਦੀ ਸ਼ਰਾਫ਼ਤ ਨੂੰ ਉਸ ਦੀ ਕਮਜ਼ੋਰੀ ਸਮਝਣ ਲੱਗ ਜਾਵੇ।

**ਮੈਂ ਤੈਨੂੰ ਕਿਹੋ ਜਿਹਾ ਲਗਦਾਂ, ਅਖੇ ਆਪਣੇ ਦਿਲ ਕੋਲੋਂ ਪੁੱਛ**—ਜਦੋਂ ਇਹ ਦੱਸਣਾ ਹੋਵੇ ਕਿ ਤੁਹਾਡੇ ਬਾਰੇ ਕਿਸੇ ਦੇ ਦਿਲ ਵਿੱਚ ਉਹੀ ਭਾਵਨਾ ਹੋਵੇਗੀ ਜਿਹੜੀ ਤੁਸੀਂ ਦੂਜੇ ਬੰਦੇ ਬਾਰੇ ਰਖਦੇ ਹੋ, ਉਦੋਂ ਇਹ ਅਖਾਣ ਬੋਲਦੇ ਹਨ।

**ਮੈਂ ਨਾ ਜੰਮਦੀ ਤੈਨੂੰ ਕੀਹਨੇ ਵਿਆਹੁਣਾ ਸੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਆਕੜ ਕੇ ਇਹ ਆਖੇ ਕਿ ਮੇਰੇ ਬਿਨਾਂ ਫਲਾਣਾ ਕੰਮ ਹੋ ਹੀ ਨਹੀਂ ਸੀ ਸਕਣਾ, ਉਸ ਆਕੜਖ਼ਾਨ ਵਾਸਤੇ ਇਹ ਅਖਾਣ ਬੋਲਦੇ ਹਨ।

**ਮੈਂ ਵੀ ਰਾਣੀ ਤੂੰ ਵੀ ਰਾਣੀ ਕੌਣ ਭਰੂਗਾ ਪਾਣੀ**—ਜਦੋਂ ਇਕੋ ਜਿਹੀ ਪੱਧਰ ਦੇ ਬੰਦੇ ਕੋਈ ਕੰਮ ਕਰਨ ਤੋਂ ਪਾਸਾ ਵੱਟਣ, ਉਦੋਂ ਇੰਜ ਆਖਦੇ ਹਨ।

**ਮੋਇਆਂ ਲੱਗੇ ਕੰਢੇ ਜਿਊਂਦੇ ਲੱਗੇ ਧੰਦੇ**—ਇਸ ਅਖਾਣ ਵਿੱਚ ਜਗ ਦੀ ਰੀਤ ਬਾਰੇ ਦੱਸਿਆ ਗਿਆ ਹੈ ਕਿ ਮਰੇ ਬੰਦੇ ਦੀਆਂ ਅੰਤਿਮ ਰੀਤਾਂ ਪੂਰੀਆਂ ਹੋਣ ਮਗਰੋਂ ਉਸ ਦੇ ਪਰਿਵਾਰ ਦੇ ਬੰਦੇ ਆਪਣੇ-ਆਪਣੇ ਧੰਦਿਆਂ ਵਿੱਚ ਜੁੱਟ ਜਾਂਦੇ ਹਨ।

**ਮੋਈ ਤਾਂ ਜੇ ਸਾਹ ਨਾ ਆਇਆ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਬੰਦਾ ਫੜਾਂ ਮਾਰ ਕੇ ਇਹ ਆਖੇ ਕਿ ਜੇ ਮੈਨੂੰ ਨਾ ਰੋਕਦੇ ਤਾਂ ਮੈਂ ਆਹ ਕਰ ਦੇਣਾ ਸੀ, ਔਹ ਕਰ ਦੇਣਾ ਸੀ।

**ਮੋਈ ਵੱਛੀ ਬਾਹਮਣਾਂ ਦੇ ਨਾਂ**—ਜਦੋਂ ਕੋਈ ਬੰਦਾ ਕੋਈ ਅਜਿਹੀ ਚੀਜ਼ ਦੂਜੇ ਬੰਦੇ ਨੂੰ ਦੇ ਕੇ ਉਹਦੇ ਸਿਰ ਅਹਿਸਾਨ ਚਾੜ੍ਹੇ ਜੋ ਕਿਸੇ ਕੰਮ ਦੀ ਨਾ ਹੋਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਮੌਜਾਂ ਕਰਨ ਗੁਮਾਸ਼ਤੇ, ਧਾਹੀਂ ਮਾਰਨ ਸ਼ਾਹ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਅਣ-ਕਮਾਏ ਧੰਨ ਨੂੰ ਪ੍ਰਾਪਤ ਕਰਨ ਵਾਲੇ ਮੌਜਾਂ ਕਰਨ ਪ੍ਰੰਤੂ ਅਸਲ ਮਾਲਕ ਔਖ ਦੇ ਦਿਨ ਕੱਟ ਰਹੇ ਹੋਣ।

**ਮੌਤ ਤੇ ਗਾਹਕ ਦਾ ਕੋਈ ਪਤਾ ਨਹੀਂ**—ਆਮ ਤੌਰ 'ਤੇ ਦੁਕਾਨਦਾਰ ਆਪਣੀ ਦੁਕਾਨ ਤੋਂ ਉਰੇ-ਪਰੇ ਨਹੀਂ ਹੁੰਦੇ, ਪਤਾ ਨਹੀਂ ਕਿਹੜੇ ਵੇਲੇ ਕੋਈ ਗਾਹਕ ਆ ਜਾਵੇ। ਇਸੇ ਤਰ੍ਹਾਂ ਮੌਤ ਦਾ ਵੀ ਕੋਈ ਸਮਾਂ ਨਿਸ਼ਚਿਤ ਨਹੀਂ।

## ਯ

**ਯਮਲਾ ਜੱਟ, ਖ਼ੁਦਾ ਨੂੰ ਲੈ ਗਏ ਚੋਰ**—ਜਦੋਂ ਕੋਈ ਬੰਦਾ ਜਾਣ-ਬੁੱਝ ਕੇ ਕਿਸੇ ਮਾਮਲੇ ਵਿੱਚ ਮਚਲਾ ਬਣ ਬੈਠੇ, ਉਦੋਂ ਆਖਦੇ ਹਨ।

**ਯਾਰਾਨੇ ਲਾਉਣੇ ਊਠਾਂ ਵਾਲ਼ਿਆਂ ਨਾਲ਼ ਤੇ ਦਰ ਰੱਖਣੇ ਭੀੜੇ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਸਧਾਰਨ ਬੰਦਾ ਸੱਤਾਧਾਰੀ ਤੇ ਸ਼ਕਤੀਸ਼ਾਲੀ ਬੰਦਿਆਂ ਨਾਲ਼ ਭਾਈਵਾਲੀ ਪਾਉਂਦਾ ਫਿਰੇ, ਪ੍ਰੰਤੂ ਉਹਨਾਂ ਨੂੰ ਆਪਣੇ ਘਰ ਲਿਆਉਣ ਤੋਂ ਝਿਜਕੇ ਜਾਂ ਉਹਨਾਂ ਦੇ ਬਰਾਬਰ ਦਾ ਹੋ ਕੇ ਨਾ ਨਿਬੜੇ।

**ਯਾਰ ਉਹ ਜੋ ਮੈਦਾਨ ਪੁੱਕਰੇ**—ਭਾਵ ਇਹ ਹੈ ਕਿ ਮਿੱਤਰ ਉਹੀ ਹੈ ਜਿਹੜਾ ਭੀੜ ਬਣੇ ਤੇ ਕੰਮ ਆਵੇ।

**ਯਾਰ ਦੀ ਯਾਰੀ ਵੱਲ ਜਾਈਏ, ਐਬਾਂ ਵੱਲ ਨਹੀਂ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਮਿੱਤਰ ਪਿਆਰੇ ਵੱਲ ਪਿਆਰ ਭਾਵਨਾ ਨਾਲ਼ ਹੀ ਵੇਖਣਾ ਚਾਹੀਦਾ ਹੈ, ਉਹਦੇ ਐਬਾਂ ਤੇ ਔਗੁਣਾਂ ਵੱਲ ਨਹੀਂ ਝਾਕੀ ਦਾ।

**ਯਾਰ ਯਾਰਾਂ ਨੂੰ ਇੰਜ ਮਿਲਦੇ ਜਿਉਂ ਘੜੇ ਨੂੰ ਵੱਟਾ**—ਜਦੋਂ ਦੋ ਜਾਣਕਾਰ ਮਿਲਦਿਆਂ ਸਾਰ ਹੀ ਆਪਸ ਵਿੱਚ ਝਗੜਾ ਕਰ ਲੈਣ, ਉਦੋਂ ਇਹ ਅਖਾਣ ਬੋਲਦੇ ਹਨ।

**ਯਾਰਾਂ ਨਾਲ਼ ਬਹਾਰਾਂ**—ਜਦੋਂ ਇਹ ਦਰਸਾਉਣਾ ਹੋਵੇ ਕਿ ਜ਼ਿੰਦਗੀ ਜਿਊਣ ਦਾ ਸੁਆਦ ਤਾਂ ਉਦੋਂ ਹੀ ਆਉਂਦਾ ਹੈ ਜੇ ਸੱਜਣ-ਮਿੱਤਰ ਨਾਲ਼ ਹੋਣ, ਉਦੋਂ ਇੰਜ ਆਖਦੇ ਹਨ।

**ਯਾਰੀ ਇਕੋ ਜੇਡਿਆਂ ਦੀ, ਦੂਆ ਹੱਥ ਜੰਜਾਲ**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਦੋਸਤੀ ਤਾਂ ਹੀ ਨਿਭਦੀ ਹੈ ਜੇਕਰ ਤੁਹਾਡਾ ਦੋਸਤ ਤੁਹਾਡਾ ਹਾਣੀ ਹੋਵੇ। ਭਾਵ ਇਹ ਹੈ ਕਿ ਹਾਣ ਨੂੰ ਹਾਣ ਪਿਆਰਾ ਹੁੰਦਾ ਹੈ।

**ਯਾਰੀ ਨਾ ਹੋਈ ਛੋਲਿਆਂ ਦਾ ਵਢ ਹੋਇਆ**—ਜਦੋਂ ਕੋਈ ਦੋਸਤ-ਮਿੱਤਰ ਆਪਣੀ ਦੋਸਤੀ 'ਤੇ ਪੂਰਾ ਨਾ ਉਤਰ ਕੇ ਆਪਣੀ ਦੋਸਤੀ ਦੇ ਫ਼ਰਜ਼ ਨੂੰ ਨਾ ਨਿਭਾਵੇ, ਉਦੋਂ ਇੰਜ ਆਖਦੇ ਹਨ।

## ਰ

**ਰੱਸੀ ਸੜ ਗਈ ਵੱਟ ਨਾ ਗਿਆ**—ਇਹ ਅਖਾਣ ਉਸ ਬੰਦੇ ਪ੍ਰਤੀ ਬੋਲਿਆ ਜਾਂਦਾ ਹੈ ਜਿਹੜਾ ਬੰਦਾ ਆਰਥਿਕ ਪੱਖੋਂ ਕੰਗਾਲ ਹੋ ਕੇ ਵੀ ਆਪਣੀ ਪੁਰਾਣੀ ਟੀਪ-ਟਾਪ ਵਾਲ਼ੀ ਆਕੜ ਨਾ ਛੱਡੇ।

**ਰਹਿੰਦੀ ਰਹਿੰਦੀ ਰਹਿ ਨਾ ਸਕਾਂ**—ਜਦੋਂ ਕੋਈ ਬੰਦਾ ਕਿਸੇ ਕੰਮ ਨੂੰ ਝਿਜਕਦਾ ਝਿਜਕਦਾ ਸਿਰੇ ਚਾੜ੍ਹ ਦੇਵੇ, ਉਦੋਂ ਆਖਦੇ ਹਨ।

**ਰਹੀ ਖਹੀ ਦਾ ਪੱਤਣ ਮੇਲਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਵਿਛੜੇ ਹੋਏ ਮਿੱਤਰ ਕਿਸੇ ਥਾਂ ਅਚਾਨਕ ਹੀ ਇਕੱਠੇ ਹੋ ਜਾਣ।

**ਰਖ ਦੇਹ ਖਾਹ ਖੇਹ, ਡੋਲ੍ਹ ਰੱਤ ਖਾ ਭੱਤ**—ਇਸ ਅਖਾਣ ਰਾਹੀਂ ਅਟੱਲ ਸੱਚਾਈ ਬਿਆਨ ਕੀਤੀ ਗਈ ਹੈ ਕਿ ਮਿਹਨਤ ਕਰਨ ਵਾਲ਼ੇ ਸਦਾ ਰੱਜ ਕੇ ਖਾਂਦੇ ਹਨ, ਜਿਹੜੇ ਬੰਦੇ ਮਿਹਨਤ ਨਹੀਂ ਕਰਦੇ ਉਹ ਭੁੱਖੇ ਮਰਦੇ ਹਨ। ਆਲਸੀ ਬੰਦਿਆਂ ਦੀ ਕਿਧਰੇ ਕਦਰ ਨਹੀਂ ਪੈਂਦੀ।

**ਰੱਖੀ ਨਹੀਂ ਖ਼ੁਦਾ ਨਾਲ, ਮਰਨਾ ਨਹੀਂ ਕਜ਼ਾ ਨਾਲ਼**—ਇਹ ਅਖਾਣ ਉਸ ਹੈਂਕੜਬਾਜ਼ ਬੰਦੇ ਬਾਰੇ ਵਰਤਿਆ ਜਾਂਦਾ ਹੈ ਜਿਹੜਾ ਕਿਸੇ ਨਾਲ਼ ਬਣਾ ਕੇ ਨਹੀਂ ਰੱਖਦਾ, ਜਿਸ ਕਰਕੇ ਔਖੇ ਸਮੇਂ ਉਹਦੀ ਕੋਈ ਸਹਾਇਤਾ ਨਹੀਂ ਕਰਦਾ।

**ਰੱਖੇ ਰੱਬ ਤੇ ਮਾਰੇ ਕੌਣ**—ਭਾਵ ਸਪੱਸ਼ਟ ਹੈ ਕਿ ਜਿਸ ਬੰਦੇ ਨੂੰ ਰੱਬ ਦਾ ਆਸਰਾ ਹੋਵੇ, ਉਹਦਾ ਕੋਈ ਵੀ ਵਾਲ ਵਿੰਗਾ ਨਹੀਂ ਕਰ ਸਕਦਾ।

**ਰੱਜ ਨੂੰ ਚੱਜ ਆ ਜਾਂਦਾ ਹੈ**—ਜਿਸ ਬੰਦੇ ਨੂੰ ਖਾਣ-ਪੀਣ ਨੂੰ ਚੰਗਾ ਚੋਖਾ ਮਿਲੇ ਉਸ ਨੂੰ ਹਰ ਪ੍ਰਕਾਰ ਦਾ ਸਲੀਕਾ ਆ ਜਾਂਦਾ ਹੈ।

**ਰੱਜਿਆ ਹੋਇਆ ਢਿੱਡ ਫ਼ਾਰਸੀਆਂ ਬੋਲਦਾ ਹੈ**—ਜਦੋਂ ਕੋਈ ਗ਼ਰੀਬੀ ਤੋਂ ਅਮੀਰ ਬਣਿਆਂ ਹੋਇਆ ਬੰਦਾ ਆਕੜ-ਆਕੜ ਬੋਲੇ ਤੇ ਅਮੀਰੀ ਦਾ ਘੁਮੰਡ ਦਿਖਾਵੇ, ਉਦੋਂ ਆਖਦੇ ਹਨ।

**ਰੱਜਿਆ ਜੱਟ ਕਰੇ ਕੁਲੱਲ, ਰੱਜੀ ਮਹਿੰ ਨਾ ਖਾਏ ਖਲ਼**—ਭਾਵ ਇਹ ਹੈ ਕਿ ਖਾਂਦੇ-ਪੀਂਦੇ ਘਰਾਂ ਦੇ ਗੱਭਰੂ ਹੀ ਖ਼ਰਮਸਤੀਆਂ ਕਰਦੇ ਹਨ, ਗ਼ਰੀਬਾਂ ਨੂੰ ਤਾਂ ਆਪਣੀ ਰੋਟੀ ਰੋਜ਼ੀ ਦਾ ਹੀ ਫ਼ਿਕਰ ਲੱਗਿਆ ਰਹਿੰਦਾ ਹੈ।

**ਰੱਜਿਆ ਰਾਜਪੂਤ ਤੇ ਭੁੱਖਾ ਰੰਘੜ**—ਜਦੋਂ ਕੋਈ ਅਮੀਰ ਰਾਜਪੂਤ ਤੇ ਕੰਗਾਲ ਰੰਘੜ ਕਿਸੇ ਨੂੰ ਦੁੱਖ ਦੇਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਰੱਜੀ ਮਹਿੰ ਵਿਘੇ ਦਾ ਉਜਾੜਾ**—ਜਦੋਂ ਕੋਈ ਰੱਜਿਆ ਹੋਇਆ ਪਸ਼ੂ ਥੋੜ੍ਹਾ ਖਾਣ ਦੀ ਥਾਂ ਬਹੁਤਾ ਨੁਕਸਾਨ ਕਰੇ, ਉਦੋਂ ਆਖਦੇ ਹਨ।

**ਰੱਜੇ ਘਰ ਦਾ ਕੁੱਤਾ ਭੁੱਖਾ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕਿਸੇ ਖਾਂਦੇ-ਪੀਂਦੇ ਪਰਿਵਾਰ ਦਾ ਕੋਈ ਵਿਅਕਤੀ ਕਿਸੇ ਮਹਿਫ਼ਲ ਵਿੱਚ ਜਾ ਕੇ ਭੁੱਖ ਜ਼ਾਹਿਰ ਕਰੇ।

**ਰੰਡਾ ਚਲਿਆ ਕੁੜਮਾਈ, ਆਪਣੀ ਕਰੇ ਕਿ ਪਰਾਈ**—ਭਾਵ ਇਹ ਹੈ ਕਿ ਜਦੋਂ ਕੋਈ ਆਪ ਕਿਸੇ ਚੀਜ਼ ਦਾ ਲੋੜਵੰਦ ਬੰਦਾ ਚੀਜ਼ ਮਿਲਣ 'ਤੇ ਆਪਣਾ ਹੀ ਗੁਜ਼ਾਰਾ ਕਰਨ ਜੋਗਾ ਹੋਵੇ, ਉਹ ਕਿਸੇ ਹੋਰ ਨੂੰ ਉਸ ਚੀਜ਼ ਵਿੱਚ ਕਿਵੇਂ ਭਾਈਵਾਲ ਬਣਾ ਸਕਦਾ ਹੈ।

**ਰੰਡੀ ਦਾ ਪੁੱਤਰ ਸੌਦਾਗਰ ਦਾ ਘੋੜਾ, ਖਾਏਗਾ ਬਹੁਤਾ ਚੱਲੇਗਾ ਥੋੜ੍ਹਾ**—ਭਾਵ ਇਹ ਹੈ ਕਿ ਰੰਡੀ ਦਾ ਪੁੱਤਰ ਬਹੁਤਾ ਲਾਡਲਾ ਹੋਣ ਕਰਕੇ ਵਿਹਲਾ ਰਹਿੰਦਾ ਹੈ, ਇਸੇ ਤਰ੍ਹਾਂ ਸੌਦਾਗਰ ਦਾ ਘੋੜਾ ਵੀ ਵਿਹਲਾ ਖੜ੍ਹਾ ਰਹਿੰਦਾ ਹੈ। ਇਹ ਦੋਨੋਂ ਕੋਈ ਕਰੜਾ ਕੰਮ ਕਰਨ ਦੇ ਯੋਗ ਨਹੀਂ ਰਹਿੰਦੇ।

**ਰੰਡੀ ਪਾਵੇ ਭੰਡੀ**—ਭਾਵ ਇਹ ਹੈ ਕਿ ਸਾਡੇ ਸਮਾਜ ਵਿੱਚ ਵਿਧਵਾ ਤੀਵੀਂ ਦੀ ਸਥਿਤੀ ਅਜਿਹੀ ਹੈ ਕਿ ਉਹ ਕਿਸੇ ਨਾ ਕਿਸੇ ਝਗੜੇ ਦਾ ਕਾਰਨ ਬਣੀ ਰਹਿੰਦੀ ਹੈ।

**ਰੰਡੀਆਂ ਤਾਂ ਰੰਡੇਪਾ ਕੱਟ ਲੈਂਦੀਆਂ ਨੇ, ਪਰ ਮਸ਼ਟੰਡੇ ਨਹੀਂ ਕੱਟਣ ਦੇਂਦੇ**—ਇਸ ਅਖਾਣ ਨੂੰ ਉਦੋਂ ਵਰਤਦੇ ਹਨ ਜਦੋਂ ਕਿਸੇ ਝਗੜੇ ਦਾ ਨਿਪਟਾਰਾ ਹੋਣ ਦੇ ਨੇੜੇ ਹੋਵੇ, ਪ੍ਰੰਤੂ ਸਵਾਦ ਲੈਣ ਵਾਲ਼ੇ ਖੋਚਰੀ ਬੰਦੇ ਉਸ ਦਾ ਨਿਪਟਾਰਾ ਨਾ ਹੋਣ ਦੇਣ।

**ਰੰਡੇ ਰੰਨ ਪਿਆਰੀ ਜਿਉਂ ਫ਼ੁੱਲਾਂ ਦੀ ਖਾਰੀ**—ਇਸ ਅਖਾਣ ਦਾ ਭਾਵ ਇਹ ਹੈ ਕਿ ਰੰਡੇ ਆਦਮੀ ਨੂੰ ਤੀਵੀਂ ਸਭ ਤੋਂ ਪਿਆਰੀ ਲੱਗਦੀ ਹੈ ਤੇ ਉਹ ਉਸ ਨੂੰ ਫ਼ੁੱਲਾਂ ਸਮਾਨ ਸਾਂਭ ਕੇ ਰੱਖਦਾ ਹੈ ਤੇ ਉਸ ਦੇ ਨਾਜ਼ੋ-ਨਖ਼ਰੇ ਖ਼ੁਸ਼ੀ-ਖ਼ੁਸ਼ੀ ਬਰਦਾਸ਼ਤ ਕਰਦਾ ਹੈ।

**ਰੰਨ ਗਈ ਸਿਆਪੇ, ਘਰ ਆਵੇ ਤਾਂ ਜਾਪੇ**—ਇਸ ਅਖਾਣ ਵਿੱਚ ਤੀਵੀਆਂ ਦੀ ਉਸ ਮਨੋਵਿਰਤੀ ਦਾ ਵਰਨਣ ਕੀਤਾ ਗਿਆ ਹੈ ਜਿਸ ਅਨੁਸਾਰ ਤੀਵੀਆਂ ਮਰਗ ਵਾਲੇ ਘਰ ਜਾ ਕੇ ਮਾਤਮਪੁਰਸ਼ੀ ਕਰਨ ਵਿੱਚ ਵਧੇਰੇ ਰੁਚੀ ਰਖਦੀਆਂ ਹਨ ਤੇ ਇਕ ਘਰ ਗਈਆਂ ਅੱਗੇ ਹੋਰ ਕਈ ਘਰਾਂ ਵਿੱਚ ਵੀ ਜਾ ਆਉਂਦੀਆਂ ਹਨ, ਜਿਸ ਕਰਕੇ ਉਹ ਆਪਣੇ ਘਰ ਪਛੜ ਕੇ ਮੁੜਦੀਆਂ ਹਨ।

**ਰੰਨ ਗਿਆਨਣ ਨੀ, ਭੇਡ ਅਸ਼ਨਾਨਣ ਨੀ, ਲੋਈ ਖੁੰਭ ਨਾ ਹੋਈ**—ਇਹ ਅਖਾਣ ਆਮ ਕਰਕੇ ਉਹਨਾਂ ਤੀਵੀਆਂ ਪ੍ਰਤੀ ਬੋਲਿਆ ਜਾਂਦਾ ਹੈ ਜਿਹੜੀਆਂ ਬਾਹਰੀ ਤੌਰ 'ਤੇ ਧਾਰਮਿਕ ਹੋਣ ਦਾ ਦਿਖਾਵਾ ਕਰਦੀਆਂ ਹਨ।

**ਰੰਨ ਤਮਾਕੂ ਛਿਕਣੀ, ਹਾਕਮ ਵੱਢੀ ਖੋਰ, ਪੁੱਤਰ ਹੋਵੇ ਲਾਡਲਾ ਤ੍ਰਏ ਤ੍ਰੱਟੀ ਚੌੜ**—ਇਸ ਅਖਾਣ ਦਾ ਭਾਵ ਇਹ ਹੈ ਕਿ ਤਮਾਕੂ ਦਾ ਸੇਵਨ ਕਰਨ ਵਾਲ਼ੀ ਤੀਵੀਂ, ਵੱਢੀ ਖਾਣ ਵਾਲ਼ਾ ਹਾਕਮ ਅਤੇ ਲਾਡਲਾ ਪੁੱਤਰ ਤਿੰਨੇ ਖ਼ਰਾਬੀ ਦਾ ਕਾਰਨ ਬਣਦੇ ਹਨ।

**ਰੰਨ ਨੂੰ ਰੰਨ ਛਲੇ, ਉਹਦੇ ਕੋਲੋਂ ਖ਼ੁਦਾ ਡਰੇ**—ਇਸ ਅਖਾਣ ਵਿੱਚ ਇਹ ਦਰਸਾਇਆ ਗਿਆ ਹੈ ਕਿ ਔਰਤਾਂ ਇੰਨੀਆਂ ਹੁਸ਼ਿਆਰ ਹੁੰਦੀਆਂ ਹਨ ਕਿ ਇਹਨਾਂ ਦੀ ਚਲਾਕੀ ਦਾ ਮੁਕਾਬਲਾ ਤਾਂ ਰੱਬ ਵੀ ਨਹੀਂ ਕਰ ਸਕਦਾ।

**ਰੰਨ ਪਈ ਰਾਹੀਂ ਉਹ ਵੀ ਗਈ, ਗੱਲ ਪਈ ਸਲਾਹੀਂ ਉਹ ਵੀ ਗਈ**—ਭਾਵ ਸਪੱਸ਼ਟ ਹੈ ਕਿ ਤੀਵੀਆਂ ਪੈਦਲ ਸਫ਼ਰ ਨਹੀਂ ਕਰ ਸਕਦੀਆਂ, ਇਸੇ ਤਰ੍ਹਾਂ ਜੇ ਕਿਸੇ ਗੱਲ ਬਾਰੇ ਬਹੁਤੀਆਂ ਸਲਾਹਾਂ ਕੀਤੀਆਂ ਜਾਣ ਤਾਂ ਉਹ ਗੱਲ ਵੀ ਸਿਰੇ ਨਹੀਂ ਲੱਗਦੀ।

**ਰੰਨ ਭੈੜੀ ਦਾਦ (ਬਲਦ) ਡੱਬਾ ਇਹ ਕੀ ਕੀਤੋ ਈ ਰੱਬਾ**—ਕਿਸਾਨੀ ਜੀਵਨ

ਵਿੱਚ ਡੱਬੇ ਰੰਗ ਦੇ ਬਲਦ ਨੂੰ ਚੰਗਾ ਨਹੀਂ ਸਮਝਿਆ ਜਾਂਦਾ, ਜੇਕਰ ਕਿਸੇ ਜੱਟ ਨੂੰ ਭੈੜੇ ਸੁਭਾਅ ਵਾਲ਼ੀ ਤੀਵੀਂ ਅਤੇ ਡੱਬੇ ਰੰਗ ਦਾ ਬਲਦ ਮਿਲ ਜਾਵੇ ਤਾਂ ਉਹ ਰੱਬ ਨੂੰ ਕੋਸਦਾ ਹੋਇਆ ਇਹ ਅਖਾਣ ਬੋਲਦਾ ਹੈ।

**ਰੰਨਾਂ ਘਰ ਦੀਆਂ ਰਾਣੀਆਂ, ਮਰਦ ਢੋਂਵਦੇ ਭਾਰ, ਜਿਹੜਾ ਰੰਨ ਪਤਿਆਉਂਦਾ ਸੋਈ ਉਤਰੇ ਪਾਰ**—ਇਹ ਅਖਾਣ ਵਿਅੰਗ ਵਜੋਂ ਉਸ ਆਦਮੀ ਪ੍ਰਤੀ ਵਰਤਿਆ ਜਾਂਦਾ ਹੈ ਜੋ ਰੰਨ ਮੁਰੀਦ ਹੋਵੇ ਤੇ ਆਪ ਔਖਿਆਂ ਹੋ ਕੇ ਕਮਾਈ ਕਰੇ ਅਤੇ ਆਪਣੀ ਤੀਵੀਂ ਨੂੰ ਰਾਣੀ ਬਣਾ ਕੇ ਰੱਖੇ।

**ਰੰਨਾਂ ਦਾ ਪੀਰ ਭੁੱਖਾ ਨਹੀਂ ਮਰਦਾ**—ਇਸ ਅਖਾਣ ਦਾ ਭਾਵ ਇਹ ਹੈ ਕਿ ਤੀਵੀਆਂ ਛੇਤੀ ਠੱਗੀਆਂ ਜਾਂਦੀਆਂ ਹਨ। ਭੇਖੀ ਲੋਕ ਉਹਨਾਂ ਨੂੰ ਸੌਖਿਆਂ ਹੀ ਆਪਣੇ ਮਗਰ ਲਾ ਲੈਂਦੇ ਹਨ।

**ਰੱਬ ਦੇਣ ਤੇ ਆਵੇ ਤਾਂ ਛੱਤ ਪਾੜ ਕੇ ਦੇਂਦਾ ਹੈ**—ਭਾਵ ਇਹ ਹੈ ਕਿ ਰੱਬ ਦੇ ਰੰਗ ਨਿਆਰੇ ਹਨ, ਕਿਸੇ ਨੂੰ ਕਿਸੇ ਬਹਾਨੇ ਤੇ ਕਿਸੇ ਨੂੰ ਕਿਸੇ ਬਹਾਨੇ ਕੁਝ ਦੇ ਦੇਂਦਾ ਹੈ।

**ਰੱਬ ਦਏ ਬੰਦਾ ਸਹੇ**—ਭਾਵ ਇਹ ਹੈ ਕਿ ਰੱਬ ਵੱਲੋਂ ਦਿੱਤੀਆਂ ਮੁਸੀਬਤਾਂ ਬੰਦੇ ਨੂੰ ਝੱਲਣੀਆਂ ਹੀ ਪੈਂਦੀਆਂ ਹਨ, ਮੁਸੀਬਤਾਂ ਦਾ ਮੁਕਾਬਲਾ ਤਕੜੇ ਦਿਲ ਨਾਲ਼ ਕਰਨਾ ਚਾਹੀਦਾ ਹੈ, ਸੁੱਖ ਜ਼ਰੂਰ ਮਿਲਣਗੇ।

**ਰੱਬ ਦੇ ਦਿੱਤਿਆਂ ਰੱਜੀਦਾ ਏ, ਬੱਬ (ਬਾਪ) ਦੇ ਦਿੱਤਿਆਂ ਨਹੀਂ**—ਇਸ ਅਖਾਣ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਬੰਦੇ ਨੂੰ ਆਪਣੇ ਹੱਥੀਂ ਮਿਹਨਤ ਕਰਕੇ ਕਮਾਈ ਕਰਨੀ ਚਾਹੀਦੀ ਹੈ। ਕਿਸੇ ਦੂਜੇ ਦਾ ਆਸਰਾ ਨਹੀਂ ਤੱਕਣਾ ਚਾਹੀਦਾ।

**ਰੱਬ ਨੇ ਦਿੱਤੀਆਂ ਗਾਜਰਾਂ ਵਿੱਚੇ ਰੰਬਾ ਰੱਖ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਬੰਦੇ ਨੂੰ ਵਧੀਆ ਮੌਕਾ ਹੱਥ ਆਇਆ ਹੋਵੇ ਤੇ ਉਸ ਦਾ ਉਹ ਖ਼ੂਬ ਲਾਭ ਉਠਾਵੇ।

**ਰੱਬ ਨੇੜੇ ਕਿ ਘਸੁੰਨ**—ਭਾਵ ਇਹ ਹੈ ਕਿ ਤਕੜੇ ਕੋਲ਼ੋਂ ਹਰ ਕੋਈ ਡਰਦਾ ਹੈ।

**ਰੱਬ ਮਿਹਰਬਾਨ ਤੇ ਸਭ ਮਿਹਰਬਾਨ**—ਜਦੋਂ ਕੋਈ ਬੰਦਾ ਔਖੇ ਹਾਲਾਤ 'ਚੋਂ ਗੁਜ਼ਰ ਕੇ ਚੰਗੇ ਹਾਲਾਤ ਵਿੱਚ ਜੀਵਨ ਜੀ ਰਿਹਾ ਹੋਵੇ, ਉਦੋਂ ਆਖਦੇ ਹਨ।

**ਰੱਬ ਮਲਾਈ ਜੋੜੀ ਇਕ ਅੰਨ੍ਹਾ ਇਕ ਕੋਹੜੀ**—ਜਦੋਂ ਇਕੋ ਜਿਹੇ ਸੁਭਾਅ ਵਾਲ਼ੇ ਦੋ ਬੰਦਿਆਂ ਦੀ ਸਾਂਝ ਪੈ ਜਾਵੇ, ਉਦੋਂ ਇੰਜ ਆਖਦੇ ਹਨ।

**ਰਬੜ ਦਾ ਫ਼ੀਤਾ, ਜਿਸ ਖਿਚਿਆ ਲੰਮਾ ਕੀਤਾ**—ਇਹ ਅਖਾਣ ਆਮ ਕਰਕੇ ਉਦੋਂ ਬੋਲਦੇ ਹਨ ਜਦੋਂ ਕੋਈ ਲੜਾਈ-ਝਗੜਾ ਹੋ ਰਿਹਾ ਹੋਵੇ, ਲੱਸੀ ਤੇ ਲੜਾਈ ਨੂੰ ਜਿੰਨਾ ਮਰਜ਼ੀ ਵਧਾ ਲਵੋ। ਇਹ ਅਖਾਣ ਉਸ ਬੰਦੇ ਪ੍ਰਤੀ ਵੀ ਬੋਲਦੇ ਹਨ ਜਿਹੜਾ ਲਾਈਲੱਗ ਹੋਵੇ ਤੇ ਹਰ ਕਿਸੇ ਦੇ ਪਿੱਛੇ ਲੱਗ ਤੁਰੇ।

**ਰਲ਼ਿਆ ਨਹੀਂ ਮੇਰਾ, ਮੂੰਹ ਕਾਲ਼ਾ ਹੋਇਆ ਤੇਰਾ**—ਇਹ ਅਖਾਣ ਉਦੋਂ ਵਰਤਿਆ ਜਾਂਦਾ ਹੈ ਜਦੋਂ ਜੀਵਨ ਦੇ ਵਿਹਾਰ ਵਿੱਚ ਦੋ ਧਿਰਾਂ ਦੀ ਸਾਂਝ ਟੁੱਟ ਜਾਵੇ ਤੇ ਦੂਜੀ ਧਿਰ ਦੇ ਮੱਥੇ ਸਾਂਝ ਟੁੱਟਣ ਕਾਰਨ ਬਦਨਾਮੀ ਦਾ ਧੱਬਾ ਲੱਗੇ, ਪਹਿਲੀ ਧਿਰ ਵਾਲ਼ੇ ਅਕਸਰ ਇਹ ਅਖਾਣ ਬੋਲਦੇ ਹਨ।

**ਰਾਹ ਪਿਆ ਜਾਣੀਏਂ ਜਾਂ ਵਾਹ ਪਿਆ ਜਾਣੀਏ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਕਿਸੇ ਬੰਦੇ ਦੇ ਸੁਭਾਅ ਤੇ ਕਿਰਦਾਰ ਦਾ ਉਦੋਂ ਹੀ ਪਤਾ ਲੱਗਦਾ ਹੈ ਜਦੋਂ ਉਸ ਨਾਲ਼ ਵਰਤੋਂ ਵਿਹਾਰ ਕੀਤੀ ਜਾਵੇ।

**ਰਾਹ ਵਿੱਚ ਹੱਗੇ ਨਾਲ਼ੇ ਆਨੇ ਕਢੇ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਬੰਦਾ ਗ਼ਲਤੀ ਕਰਕੇ ਉਪਰੋਂ ਰੋਹਬ ਜਮਾਵੇ।

**ਰਾਕੀ ਨੂੰ ਸੈਨਤ ਗਧੇ ਨੂੰ ਸੋਟਾ**—ਭਾਵ ਇਹ ਹੈ ਕਿ ਸਿਆਣਾ ਬੰਦਾ ਇਸ਼ਾਰੇ ਨਾਲ਼ ਗੱਲ ਸਮਝ ਲੈਂਦਾ ਹੈ, ਪ੍ਰੰਤੂ ਮੂਰਖ਼ ਆਦਮੀ ਸਖ਼ਤੀ ਕਰਨ ਨਾਲ਼ ਹੀ ਸਮਝ ਪਾਉਂਦਾ ਹੈ।

**ਰਾਜ ਪਿਆਰੇ ਰਾਜਿਆਂ, ਵੀਰ ਦੁਪਿਆਰੇ**—ਇਸ ਅਖਾਣ ਦਾ ਭਾਵ ਇਹ ਹੈ ਕਿ ਦੌਲਤ ਅਤੇ ਸੱਤਾ ਦੇ ਨਸ਼ੇ ਵਿੱਚ ਆ ਕੇ ਭਰਾ ਵੀ ਆਪਣੇ ਭਰਾਵਾਂ ਨੂੰ ਭੁੱਲ ਜਾਂਦੇ ਹਨ।

**ਰਾਜਿਆਂ ਦੇ ਘਰ ਮੋਤੀਆਂ ਦਾ ਕਾਲ਼**—ਇਹ ਅਖਾਣ ਕਿਸੇ ਧਨ-ਦੌਲਤ ਵਾਲ਼ੇ ਪਾਸੋਂ ਕੁਝ ਪ੍ਰਾਪਤ ਕਰਨ ਲਈ, ਉਸ ਦੀ ਖ਼ੁਸ਼ਾਮਦ ਵਿੱਚ ਬੋਲਿਆ ਜਾਂਦਾ ਹੈ।

**ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਅਖਵਾਉਂਦੀ**—ਇਸ ਅਖਾਣ ਵਿੱਚ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਘਰ ਦਾ ਕੰਮ ਕਰਨ ਵਿੱਚ ਕੋਈ ਨਮੋਸ਼ੀ ਨਹੀਂ ਹੁੰਦੀ, ਹਰ ਕਿਸੇ ਨੂੰ ਆਪਣਾ ਕੰਮ ਆਪ ਕਰਨਾ ਚਾਹੀਦਾ ਹੈ।

**ਰਾਣੀ ਦੀ ਜੂਠ, ਗੋਲੀ ਦਾ ਰੱਜ**—ਭਾਵ ਇਹ ਹੈ ਕਿ ਕਿਸੇ ਧੰਨਵਾਨ ਵੱਲੋਂ ਕਿਸੇ ਗ਼ਰੀਬ ਨੂੰ ਦਿੱਤੀ ਗਈ ਸਧਾਰਨ ਵਸਤੂ ਵੀ ਉਹਦੇ ਕਈ ਕੰਮ ਸਾਰ ਦਿੰਦੀ ਹੈ।

**ਰਾਮ ਨਾਮ ਸੱਤ ਹੈ, ਜਿੱਚਰ ਮੁਰਦਾ ਹੱਥ ਹੈ**—ਇਹ ਅਖਾਣ ਦਰਸਾਉਂਦਾ ਹੈ ਕਿ ਲੋਕ ਉਨੀ ਦੇਰ ਰੱਬ ਨੂੰ ਯਾਦ ਰੱਖਦੇ ਹਨ ਜਿੰਨੀ ਦੇਰ ਮੁਸੀਬਤ ਵਿੱਚ ਫਸੇ ਹੋਣ। ਸੁਖੀ ਹੋ ਕੇ ਕੋਈ ਰੱਬ ਨੂੰ ਯਾਦ ਨਹੀਂ ਕਰਦਾ।

**ਰਾਮ ਨਾਮ ਜਪਣਾ, ਪਰਾਇਆ ਮਾਲ ਆਪਣਾ**—ਇਹ ਅਖਾਣ ਉਸ ਚਲਾਕ ਤੇ ਧੋਖੇਬਾਜ਼ ਬੰਦੇ ਬਾਰੇ ਵਰਤਦੇ ਹਨ ਜਿਹੜਾ ਉਪਰੋਂ-ਉਪਰੋਂ ਸਾਊਆਂ ਵਾਲ਼ਾ ਭੇਸ ਧਾਰ ਕੇ ਰੱਖੇ ਪਰ ਅੰਦਰੋਂ ਮਾੜੀਆਂ ਕਰਤੂਤਾਂ ਕਰੇ।

**ਰੀਸਾਂ ਕਰੇਂ ਝਨਾਂ ਦੀਆਂ ਤੂੰ ਰਾਵੀ ਤੁਲ ਵੀ ਨਾਂਹ**—ਇਹ ਅਖਾਣ ਉਸ ਹੋਛੇ ਤੇ ਘਟੀਆ ਦਰਜੇ ਦੇ ਬੰਦੇ ਬਾਰੇ ਬੋਲਿਆ ਜਾਂਦਾ ਹੈ ਜਿਹੜਾ ਆਪਣੀ ਹੈਸੀਅਤ ਤੋਂ ਬਹੁਤ ਵੱਡਾ ਬੰਦਾ ਬਣ ਕੇ ਦਿਖਾਵੇ।

**ਰਿਛ ਪਾਇਆ ਬੁਰਕੇ, ਨਾਲ਼ੇ ਖੰਘੇ ਨਾਲ਼ੇ ਘੁਰਕੇ**—ਇਹ ਅਖਾਣ ਉਹਨਾਂ ਘੁੰਡ ਕੱਢਣ ਵਾਲ਼ੀਆਂ ਉਜੱਡ ਤੀਵੀਆਂ ਬਾਰੇ ਬੋਲਿਆ ਜਾਂਦਾ ਹੈ ਜਿਨ੍ਹਾਂ ਨੂੰ ਬੋਲਣ ਦੀ ਤਮੀਜ਼ ਨਹੀਂ ਹੁੰਦੀ।

**ਰੁੱਝਾ ਰਹੁ ਭਾਵੇਂ ਭੁੱਖਾ ਰਹੁ**—ਇਹ ਅਖਾਣ ਆਲਸੀ ਤੇ ਵਿਹਲੇ ਬੰਦਿਆਂ ਨੂੰ ਕਿਸੇ ਅਹਾਰ ਵਿੱਚ ਲੱਗਣ ਦੀ ਪ੍ਰੇਰਣਾ ਦੇਣ ਲਈ ਬੋਲਿਆ ਜਾਂਦਾ ਹੈ।

**ਰੁੱਠਾ ਮੰਨੇ, ਪਾਸੇ ਭੰਨੇ**—ਜਦੋਂ ਕੋਈ ਰੁੱਸਿਆ ਹੋਇਆ ਬੰਦਾ ਮਨਾਏ ਜਾਣ ਮਗਰੋਂ ਤੰਗ ਪ੍ਰੇਸ਼ਾਨ ਕਰਨ ਲੱਗੇ, ਉਦੋਂ ਆਖਦੇ ਹਨ।

**ਰੁਪਈਏ ਦੀ ਵਡਿਆਈ, ਆ ਬਹੁ ਭਾਈ**—ਇਹ ਅਖਾਣ ਇਹ ਦਰਸਾਉਂਦਾ ਹੈ ਕਿ ਇਸ ਸਮਾਜ ਵਿੱਚ ਕਿਸੇ ਬੰਦਾ ਦਾ ਆਦਰ-ਮਾਣ ਕੇਵਲ ਉਹਦੀ ਧਨ-ਦੌਲਤ ਕਰਕੇ ਹੀ ਹੁੰਦਾ ਹੈ।

**ਰੋਏ ਤੋਂ ਬਿਨਾਂ ਮਾਂ ਦੁੱਧ ਨਹੀਂ ਦੇਂਦੀ**—ਭਾਵ ਇਹ ਹੈ ਕਿ ਹਰ ਕਿਸੇ ਨੂੰ ਆਪਣੇ ਹੱਕ ਦੀ ਪ੍ਰਾਪਤੀ ਲਈ ਰੌਲ਼ਾ-ਰੱਪਾ ਪਾਉਣਾ ਹੀ ਪੈਂਦਾ ਹੈ।

**ਰੰਗਣ ਗਈ ਤੇ ਭੋਗਣ ਆਈ**—ਜਦੋਂ ਕੋਈ ਮਨੁੱਖ ਇਕ ਦੁਖ ਤੋਂ ਛੁੱਟ ਕੇ ਦੂਜੇ ਦੇ ਕਾਬੂ ਆ ਜਾਵੇ, ਉਦੋਂ ਕਹਿੰਦੇ ਹਨ।

**ਰੋਗੀ ਦੇ ਭਾਣੇ ਸਭ ਰੋਗੀ**—ਇਹ ਅਖਾਣ ਸਪੱਸ਼ਟ ਹੈ ਕਿ ਬੀਮਾਰ ਬੰਦੇ ਨੂੰ ਸਾਰੇ ਬੰਦੇ ਬੀਮਾਰ ਹੀ ਨਜ਼ਰ ਆਉਂਦੇ ਹਨ।

**ਰੋਟੀ ਖਾਈਏ ਸ਼ੱਕਰ ਨਾਲ਼, ਦੁਨੀਆਂ ਲੁਟੀਏ ਮਕਰ ਨਾਲ**—ਕਿਸੇ ਫ਼ਰੇਬੀ ਤੇ ਚਲਾਕ ਬੰਦੇ ਨੂੰ ਚਲਾਕੀ ਵਾਲ਼ੀਆਂ ਚਾਲਾਂ ਚਲਦਿਆਂ ਦੇਖ ਕੇ ਇੰਜ ਆਖਦੇ ਹਨ।

**ਰੋਟੀ ਚੋਪੜੀ ਤੇ ਵਣਜ ਰੁੱਖਾ**—ਇਹ ਅਖਾਣ ਆਮ ਤੌਰ 'ਤੇ ਵਪਾਰੀ ਲੋਕ ਵਰਤਦੇ ਹੋਏ ਆਖਦੇ ਹਨ ਕਿ ਵਪਾਰ ਵਿੱਚ ਕਿਸੇ ਨਾਲ਼ ਕੋਈ ਲਿਹਾਜ਼ ਨਹੀਂ ਹੁੰਦਾ।

**ਰੋਟੀ ਲੰਗਰੋਂ, ਘਾਹ ਘਾਇੜਿਉਂ**—ਜਦੋਂ ਕੋਈ ਬੇਕਾਰ ਬੰਦਾ ਆਪਣਾ ਗੁਜ਼ਾਰਾ ਮੰਗ ਤੁੰਗ ਕੇ ਤੋਰਦਾ ਹੋਵੇ, ਉਦੋਂ ਆਖਦੇ ਹਨ।

**ਰੋਟੀਆਂ ਕਾਰਨ ਪੂਰੇ ਤਾਲ**—ਇਸ ਮਹਾਂਵਾਕ ਵਿੱਚ ਇਹ ਦਰਸਾਇਆ ਗਿਆ ਹੈ ਕਿ ਮਨੁੱਖ ਨੂੰ ਆਪਣਾ ਪੇਟ ਪਾਲਣ ਲਈ ਅਨੇਕਾਂ ਪ੍ਰਕਾਰ ਦੇ ਵੇਲਣ ਵੇਲਣੇ ਪੈਂਦੇ ਹਨ।

**ਰੋਂਦਾ ਕਿਉਂ ਐਂ, ਸ਼ਕਲ ਹੀ ਐਸੀ ਹੈ**—ਇਹ ਅਖਾਣ ਕਿਸੇ ਰੋਣੀ ਸੂਰਤ ਵਾਲ਼ੇ ਬੰਦੇ ਨੂੰ ਵੇਖ ਕੇ ਉਸ ਨੂੰ ਸ਼ਰਮਿੰਦਾ ਕਰਨ ਲਈ ਬੋਲਦੇ ਹਨ।

**ਰੋਂਦੀ ਘੋੜੀ ਚਾੜ੍ਹੀਏ, ਹੱਗ ਭਰੇ ਪਲਾਣ**—ਜਦੋਂ ਇਹ ਦੱਸਣਾ ਹੋਵੇ ਕਿ ਜਦੋਂ ਅਸੀਂ ਕਿਸੇ ਬੰਦੇ ਤੋਂ ਉਸ ਨੂੰ ਮਜ਼ਬੂਰ ਕਰਕੇ ਕੰਮ ਕਰਵਾਉਂਦੇ ਹਾਂ ਤਾਂ ਉਹ ਹਰ ਹਾਲਤ ਵਿੱਚ ਕੰਮ ਵਿਗਾੜ ਦੇਂਦਾ ਹੈ।

**ਲਏ ਵਿਆਜੀ ਦਏ ਉਧਾਰਾ, ਉਹ ਵੀ ਸ਼ਾਹ ਨਿਖੱਟਾ ਹਾਰਾ**—ਇਹ ਅਖਾਣ ਉਹਨਾਂ ਸ਼ਾਹੂਕਾਰਾਂ ਬਾਰੇ ਵਰਤਦੇ ਹਨ ਜਿਹੜੇ ਆਪ ਕਰਜ਼ਾ ਲੈ ਕੇ ਸ਼ਾਹੂਕਾਰੀ ਕਰਦੇ ਹਨ।

**ਲੱਸੀ ਤੇ ਲੜਾਈ ਦਾ ਕੀ ਵਧਾਣ ਏ**—ਭਾਵ ਇਹ ਹੈ ਕਿ ਲੜਾਈ ਨਿੱਕੀਆਂ-ਨਿੱਕੀਆਂ ਇਕ-ਦੋ ਗੱਲਾਂ ਤੋਂ ਵੀ ਵੱਧ ਜਾਂਦੀ ਹੈ, ਇਸੇ ਤਰ੍ਹਾਂ ਲੱਸੀ ਨੂੰ ਜਿੰਨਾ ਮਰਜ਼ੀ ਪਾਣੀ ਪਾ ਕੇ ਵਧਾ ਲਵੋ।

**ਲਹੁਕਾ ਲੱਦ ਸਵੇਲੇ ਆ**—ਭਾਵ ਇਹ ਹੈ ਕਿ ਥੋੜ੍ਹੀ ਜ਼ਿੰਮੇਵਾਰੀ ਵਾਲ਼ੇ ਕੰਮ ਵਿੱਚ. ਖੇਚਲ ਵੀ ਥੋੜ੍ਹੀ ਹੁੰਦੀ ਹੈ। ਜੇਕਰ ਕੋਈ ਦੁਕਾਨਦਾਰ ਥੋੜ੍ਹਾ ਨਫ਼ਾ ਲੈ ਕੇ ਆਪਣਾ ਸੌਦਾ ਵੇਚੇ ਤਾਂ ਉਹਦਾ ਸੌਦਾ ਜਲਦੀ ਵਿਕ ਜਾਂਦਾ ਹੈ ਤੇ ਉਹ ਸਾਝਰੇ ਘਰ ਆ ਜਾਂਦਾ ਹੈ।

**ਲਾਹੌਰ ਦੇ ਸੌਕੀ, ਬੋਝੇ ਵਿੱਚ ਗਾਜਰਾਂ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਸਫ਼ੈਦ ਪੋਸ਼ ਫ਼ੋਕੀਆਂ ਫੜਾਂ ਮਾਰੇ।

**ਲੱਕ ਬੱਧਾ ਰੋੜਿਆਂ, ਮੁੰਨਾ ਕੋਹ ਲਾਹੌਰ**—ਭਾਵ ਇਹ ਹੈ ਕਿ ਜੇਕਰ ਕੋਈ ਬੰਦਾ ਪੱਕੇ ਤੇ ਮਜ਼ਬੂਤ ਇਰਾਦੇ ਨਾਲ਼ ਕੰਮ ਸ਼ੁਰੂ ਕਰੇ ਤਾਂ ਉਹ ਜ਼ਰੂਰ ਸਿਰੇ ਲੱਗ ਜਾਂਦਾ ਹੈ।

**ਲੱਕੜ ਭਾਵੇਂ ਵਿੰਗੀ ਹੋਵੇਂ, ਤਰਖਾਣ ਸਿੱਧਾ ਚਾਹੀਦੈ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਸਿਆਣਾ ਕਾਰੀਗਰ ਕਿਸੇ ਖ਼ਰਾਬ ਚੀਜ਼ ਨੂੰ ਸੌਖਿਆਂ ਹੀ ਸੰਵਾਰ ਦਿੰਦਾ ਹੈ, ਜੇਕਰ ਉਸ ਦੀ ਕੰਮ ਕਰਨ ਦੀ ਨੀਯਤ ਨੇਕ ਹੋਵੇ।

**ਲਖ ਲਾਹਨਤ ਹੀ ਸੁਥਰਿਆ ਜੇ ਦਮ ਦਾ ਕਰੇਂ ਵਸਾਹ**—ਇਸ ਅਖਾਣ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਸਾਡਾ ਜੀਵਨ ਨਾਸ਼ਵਾਨ ਹੈ, ਪਲ ਦਾ ਵੀ ਭਰੋਸਾ ਨਹੀਂ, ਕਦੋਂ ਮੌਤ ਦਾ ਸੱਦਾ ਆ ਜਾਵੇ।

**ਲੱਖੀਂ ਹੱਥ ਨਾ ਆਂਵਦੀ ਦਾਨਸ਼ਮੰਦਾਂ ਦੀ ਪੱਤ**—ਇਸ ਅਖਾਣ ਦਾ ਭਾਵ ਇਹ ਹੈ ਕਿ ਮਨੁੱਖ ਦੀ ਇੱਜ਼ਤ ਦਾ ਕੋਈ ਮੁੱਲ ਨਹੀਂ। ਜੇਕਰ ਕਿਸੇ ਦੀ ਇੱਜ਼ਤ ਆਬਰੂ ਇਕ ਵਾਰ ਲੱਥ ਜਾਵੇ ਤਾਂ ਲੱਖਾਂ ਖ਼ਰਚ ਕੀਤਿਆਂ ਵੀ ਨਹੀਂ ਮਿਲਦੀ।

**ਲੱਗ ਗਿਆ ਤੀਰ ਨਹੀਂ ਤੁੱਕਾ ਹੀ ਸਹੀ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਕਿਸਮਤ ਅਜ਼ਮਾਉਣ ਲਈ ਯਤਨ ਕਰੇ, ਕੰਮ ਹੋ ਗਿਆ ਤਾਂ ਵਾਹ-ਵਾਹ ਨਹੀਂ ਵਾਹ ਭਲੀ।

**ਲੱਗ ਲੜਾਈਏ, ਧੇਲੇ ਦਾ ਸਿਰ ਖਾਈਏ**—ਜਦੋਂ ਕੋਈ ਬਦੋ-ਬਦੀ ਰਾਹ ਜਾਂਦਿਆਂ ਲੜਾਈ ਆਪਣੇ ਗਲ਼ ਪੁਆ ਲਵੇ, ਉਦੋਂ ਆਖਦੇ ਹਨ।

**ਲੱਗੀ ਨਾਲੋਂ ਟੁੱਟੀ ਚੰਗੀ ਬੇਕਦਰਾਂ ਦੀ ਯਾਰੀ**—ਭਾਵ ਇਹ ਹੈ ਕਿ ਜਿਹੜਾ ਬੰਦਾ

ਤੁਹਾਡੀ ਕਦਰ ਨਹੀਂ ਪਾਉਂਦਾ ਉਸ ਨਾਲ਼ ਦੋਸਤੀ ਰੱਖਣ ਦਾ ਕੋਈ ਲਾਭ ਨਹੀਂ, ਅਜਿਹੀ ਦੋਸਤੀ ਟੁੱਟਦੀ ਹੀ ਚੰਗੀ ਹੈ।

**ਲੱਗੀ ਜਾਣਨ ਦੋ ਜਣੇ, ਲੋਹਾ ਤੇ ਲੁਹਾਰ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਇਹ ਦੱਸਣਾ ਹੋਵੇ ਕਿ ਜਿਸ ਨੂੰ ਕੋਈ ਦੁੱਖ ਹੋਵੇ, ਉਹ ਹੀ ਦੁੱਖ ਦੀ ਪੀੜ ਨੂੰ ਜਾਣਦਾ ਹੈ, ਦੂਜਾ ਉਸ ਦੀ ਸਾਰ ਨਹੀਂ ਜਾਣਦਾ।

**ਲੰਘੇ ਹੱਥ ਨਾ ਆਉਂਦੇ, ਝਖੜ, ਪਾਣੀ, ਕਾਲ**—ਭਾਵ ਇਹ ਹੈ ਕਿ ਬੀਤਿਆ ਹੋਇਆ ਸਮਾਂ ਮੁੜ ਕੇ ਹੱਥ ਨਹੀਂ ਆਉਂਦਾ।

**ਲੰਡਾ ਟੱਟੂ ਲਾਹੌਰ ਦਾ ਦਾਈਆ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਥੋੜ੍ਹੀ ਹੈਸੀਅਤ ਦਾ ਮਾਲਕ ਵੱਡੇ-ਵੱਡੇ ਸੁਪਨੇ ਲੈਣ ਲੱਗ ਪਏ।

**ਲੱਛੇ ਸਭ ਨੂੰ ਅੱਛੇ**—ਭਾਵ ਇਹ ਹੈ ਕਿ ਖ਼ੁਸ਼ਾਮਦ ਵਾਲ਼ੀਆਂ ਚੋਪੜੀਆਂ ਗੱਲਾਂ ਸਭ ਨੂੰ ਚੰਗੀਆਂ ਲੱਗਦੀਆਂ ਹਨ। ਹਰ ਬੰਦਾ ਆਪਣੀ ਵਡਿਆਈ ਸੁਣ ਕੇ ਖ਼ੁਸ਼ ਹੁੰਦਾ ਹੈ।

**ਲੱਜ ਲਈ ਲਾਹ ਫੇਰ ਪੈਂਚਾਂ ਦੀ ਕੀ ਪ੍ਰਵਾਹ**—ਭਾਵ ਇਹ ਹੈ ਕਿ ਜਦੋਂ ਬੰਦਾ ਬੇਸ਼ਰਮ ਹੀ ਹੋ ਜਾਵੇ, ਉਹ ਆਪਣੇ ਭਾਈਚਾਰੇ ਦੀ ਕੀ ਪ੍ਰਵਾਹ ਕਰਦਾ ਹੈ। ਕਹਿੰਦੇ ਨੇ ਜਿਸ ਨੇ ਲਾਹ ਲਈ ਲੋਈ ਉਹ ਦਾ ਕੀ ਕਰੇਗਾ ਕੋਈ।

**ਲੰਡਿਆ ਤੈਨੂੰ ਚੋਰ ਖੜਨ, ਯਾਰਾਂ ਹਲ਼ ਹੀ ਵਾਹੁਣਾ ਹੈ**—ਜਦੋਂ ਕਿਸੇ ਬੰਦੇ ਨੂੰ ਇਕ ਕੰਮ ਛੱਡ ਕੇ ਦੂਜਾ ਅਜਿਹਾ ਕੰਮ ਕਰਨਾ ਪਵੇ, ਜਿਸ ਵਿੱਚ ਪਹਿਲੇ ਕੰਮ ਨਾਲ਼ੋਂ ਔਖ ਜਾਂ ਸੌਖ ਨਾ ਹੋਵੇ, ਉਦੋਂ ਇੰਜ ਆਖਦੇ ਹਨ।

**ਲੱਦਿਆ ਕਹਾਰ ਤੇ ਸਖਣਾ ਘੁਮਾਰ**—ਝਿਉਰ ਨੂੰ ਪਾਣੀ ਦੀ ਭਰੀ ਮਸ਼ਕ ਚੁੱਕੀ ਦੌੜਦਿਆਂ ਅਤੇ ਘੁਮਿਆਰ ਨੂੰ ਗੱਧਿਆਂ ਮਗਰ ਤੇਜ਼-ਤੇਜ਼ ਤੁਰਦਿਆਂ ਵੇਖ ਕੇ ਇਹ ਅਖਾਣ ਬੋਲਦੇ ਹਨ।

**ਲਖ ਲਾਹਨਤ ਤੇ ਤਮ੍ਹਾਂ ਖ਼ਰਾਬ**—ਜਦੋਂ ਕੋਈ ਬੰਦਾ ਲਾਲਚ ਵਸ ਕੋਈ ਮਾੜਾ ਕੰਮ ਕਰ ਬੈਠੇ, ਉਦੋਂ ਇੰਜ ਆਖਦੇ ਹਨ।

**ਲੱਭੀ ਚੀਜ਼ ਖ਼ੁਦਾ ਦੀ ਨਾ ਧੇਲੇ ਦੀ ਨਾ ਪਾ ਦੀ**—ਜਦੋਂ ਬੱਚਿਆਂ ਨੂੰ ਕਿਧਰੇ ਪਈ ਕੋਈ ਚੀਜ਼ ਲੱਭ ਜਾਵੇ ਤਾਂ ਉਸ ਤੇ ਆਪਣਾ ਹੱਕ ਦੱਸਣ ਲਈ ਇਹ ਆਖਦੇ ਹਨ ਕਿ ਇਹ ਤਾਂ ਰੱਬ ਨੇ ਘੱਲੀ ਹੈ। ਇਸ ਕਰਕੇ ਉਸ ਦੀ ਹੈ।

**ਲੰਮੇ ਦੀ ਅਕਲ ਗਿੱਟਿਆਂ ਵਿੱਚ ਹੁੰਦੀ ਹੈ**—ਇਹ ਅਖਾਣ ਉਦੋਂ ਪ੍ਰਚੱਲਿਤ ਹੋਇਆ ਜਾਪਦਾ ਹੈ ਜਦੋਂ ਕਿਸੇ ਲੰਮੇ ਬੰਦੇ ਪਾਸੋਂ ਕੋਈ ਬੇਅਕਲੀ ਵਾਲ਼ੀ ਹਰਕਤ ਹੋ ਗਈ ਹੋਵੇ।

**ਲੱਲੂ ਕਰੇ ਵਲੱਲੀਆਂ ਰੱਬ ਸਿੱਧੀਆਂ ਪਾਵੇ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਸਧਾਰਨ ਸੁਭਾਅ ਵਾਲ਼ੇ ਬੰਦੇ ਨੂੰ ਕਿਸੇ ਕੰਮ ਵਿੱਚ ਸਹਿਜੇ ਲਾਭ ਪ੍ਰਾਪਤ ਹੋ ਜਾਵੇ।

**ਲੜ ਲੱਗਿਆਂ ਦੀ ਤੋੜ ਨਿਭਾਈਏ**—ਭਾਵ ਇਹ ਹੈ ਕਿ ਜਿਸ ਨਾਲ਼ ਇਕ ਵਾਰ ਮਿੱਤਰਤਾਈ ਪੈ ਜਾਵੇ ਉਸ ਨੂੰ ਸਾਰੀ ਉਮਰ ਨਿਭਾਉਣਾ ਚਾਹੀਦਾ ਹੈ।

**ਲੜਦਿਆਂ ਦੇ ਪਿੱਛੇ, ਭੱਜਦਿਆਂ ਦੇ ਅੱਗੇ**—ਇਹ ਅਖਾਣ ਉਸ ਡਰਾਕਲ ਬੰਦੇ ਬਾਰੇ ਬੋਲਿਆ ਜਾਂਦਾ ਹੈ ਜੋ ਲੜਾਈ-ਝਗੜੇ ਵਿੱਚ ਆਪਣੇ ਆਪ ਨੂੰ ਬਚਾਉਂਦਾ ਫਿਰੇ।

**ਲੜਾਈ ਅਤੇ ਕੁੜਮਾਈ, ਦੋ ਢਾਈ ਫੁੱਟੇ ਹੁੰਦੇ ਨੇ**—ਜਦੋਂ ਇਹ ਦੱਸਣਾ ਹੋਵੇ ਕਿ ਲੜਾਈ-ਝਗੜੇ ਅਤੇ ਕੁੜਮਾਈ ਦਾ ਮਾਮਲਾ ਲਮਕਾਉਣਾ ਨਹੀਂ ਚਾਹੀਦਾ ਬਲਕਿ ਛੇਤੀ ਨਿਪਟਾ ਲੈਣਾ ਚਾਹੀਦਾ ਹੈ, ਉਦੋਂ ਇਹ ਅਖਾਣ ਬੋਲਦੇ ਹਨ।

**ਲੜੇ ਫ਼ੌਜ ਨਾਂ ਸਰਕਾਰ ਦਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੰਮ-ਕਾਰ ਤਾਂ ਕੋਈ ਹੋਰ ਕਰੇ ਤੇ ਕੰਮ ਦੀ ਸੋਭਾ ਤੇ ਵਡਿਆਈ ਕਿਸੇ ਹੋਰ ਨੂੰ ਮਿਲੇ।

**ਲਾਈ (ਵਾਢੀਆਂ 'ਚ ਆਵਤ) ਦੀ ਲਾਈ ਨਾਲ਼ੇ ਦਾਤਰੀ ਗਵਾਈ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਕੰਮ ਲਈ ਕੀਤੀ ਮਿਹਨਤ ਅਕਾਰਥ ਚਲੀ ਜਾਵੇ, ਨਾਲ਼ੇ ਨੁਕਸਾਨ ਵੀ ਹੋ ਜਾਵੇ।

**ਲਾਹ ਛੱਡੀ ਲੋਈ ਕੀ ਕਰੇਗਾ ਕੋਈ**—ਇਹ ਅਖਾਣ ਉਸ ਬੇਸ਼ਰਮ ਤੇ ਨਿਲੱਜ ਬੰਦੇ ਲਈ ਬੋਲਦੇ ਹਨ ਜੋ ਆਪਣੀ ਇੱਜ਼ਤ ਤੇ ਬੇਇੱਜ਼ਤੀ ਦੀ ਪ੍ਰਵਾਹ ਨਾ ਕਰੇ।

**ਲਾਹ ਲਿਆ ਪਲਾਣਾ ਖੋਤੀ ਓਹੋ ਜਹੀ**—ਜਦੋਂ ਕੋਈ ਸ਼ੌਕੀਨ ਬੰਦਾ ਆਪਣਾ ਹਾਰ-ਸ਼ਿੰਗਾਰ ਲਾਹ ਕੇ ਸਧਾਰਨ ਰੂਪ ਵਿੱਚ ਨਜ਼ਰ ਆਵੇ, ਉਦੋਂ ਇੰਜ ਕਹਿੰਦੇ ਹਨ।

**ਲਾਗੀਆਂ ਨੇ ਤਾਂ ਲਾਗ ਲੈਣੈ ਭਾਵੇਂ ਜਾਂਦੀ ਰੰਡੀ ਹੋ ਜਾਵੇ**—ਭਾਵ ਇਹ ਹੈ ਕਿ ਕਾਰੀਗਰਾਂ ਅਤੇ ਮਜ਼ਦੂਰਾਂ ਨੇ ਤਾਂ ਆਪਣੀ ਮਜ਼ਦੂਰੀ ਲੈਣੀ ਹੁੰਦੀ ਹੈ, ਭਾਵੇਂ ਮਾਲਕ ਦਾ ਕੰਮ ਸਿਰੇ ਲੱਗੇ ਜਾਂ ਨਾ ਲੱਗੇ।

**ਲਾਡ ਲਡਾਏ, ਪੁੱਤ ਵੰਜਾਏ**—ਇਸ ਅਖਾਣ ਵਿੱਚ ਇਹ ਦੱਸਿਆ ਗਿਆ ਹੈ ਕਿ ਪੁੱਤਾਂ ਨੂੰ ਬਹੁਤਾ ਲਾਡ ਨਹੀਂ ਲਡਾਉਣਾ ਚਾਹੀਦਾ, ਅਜਿਹਾ ਕਰਨ ਨਾਲ਼ ਉਹ ਵਿਗੜ ਜਾਂਦੇ ਹਨ।

**ਲਾਲ ਗੋਦੜੀਆਂ ਵਿੱਚੋਂ ਹੀ ਨਿਕਲਦੇ ਹਨ**—ਜਦੋਂ ਕੋਈ ਸਧਾਰਨ ਪਹਿਰਾਵੇ ਵਾਲ਼ਾ ਸਾਦਾ ਜਿਹਾ ਬੰਦਾ ਗੁਣੀ ਗਿਆਨੀਆਂ ਵਾਲ਼ੀਆਂ ਗੱਲਾਂ ਕਰੇ, ਉਦੋਂ ਇੰਜ ਆਖਦੇ ਹਨ।

**ਲਿੱਸਾ ਟੱਟੂ ਸੰਦੇਹੇ ਸਵਾਰੀ**—ਜਦੋਂ ਕੋਈ ਥੋੜ੍ਹੀ ਸ਼ਕਤੀ ਵਾਲ਼ਾ ਕਿਸੇ ਔਖੇ ਕੰਮ ਨੂੰ

ਸਮੇਂ ਸਿਰ ਮੁਕਾਉਣ ਲਈ, ਆਮ ਹਾਲਤਾਂ ਨਾਲ਼ੋਂ ਪਹਿਲਾਂ ਕਰਨਾ ਸ਼ੁਰੂ ਕਰ ਦੇਵੇ, ਉਦੋਂ ਇਹ ਅਖਾਣ ਬੋਲਦੇ ਹਨ।

**ਲਿਖੇ ਮੂਸਾ ਤੇ ਪੜ੍ਹੇ ਖ਼ੁਦਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਦੀ ਲਿਖਤ ਪੜ੍ਹਨ ਵਿੱਚ ਔਖਿਆਈ ਆਵੇ।

**ਲੀਹੇ ਲੀਹੇ ਗੱਡੀ ਚੱਲੇ ਕੁਲੀਹੇ ਚੱਲੇ ਕਪੂਤ**—ਜਦੋਂ ਕਿਸੇ ਦੀ ਉਲਾਦ ਮੰਦੇ ਕੰਮ ਕਰਨ ਲੱਗ ਜਾਵੇ, ਉਦੋਂ ਇੰਜ ਆਖਦੇ ਹਨ।

**ਲੁਹਾਰ ਦੀ ਸੰਨ੍ਹੀ ਕਦੇ ਪਾਣੀ ਵਿੱਚ ਕਦੇ ਅੱਗ ਵਿੱਚ**—ਇਹ ਅਖਾਣ ਉਸ ਬੰਦੇ ਬਾਰੇ ਬੋਲਦੇ ਹਨ ਜਿਹੜਾ ਕਿਸੇ ਧੜੇ ਨਾਲ਼ ਪੱਕਾ ਨਾ ਰਹੇ, ਕਦੇ ਕਿਸੇ ਇਕ ਨਾਲ਼ ਰਲ਼ ਜਾਵੇ, ਕਦੇ ਦੂਜੇ ਧੜੇ ਵਿੱਚ ਜਾ ਸ਼ਾਮਿਲ ਹੋਵੇ।

**ਲੁੱਚੇ ਸਭ ਤੋਂ ਉੱਚੇ**—ਜਦੋਂ ਬਦਮਾਸ਼ ਤੇ ਲੜਾਕੇ ਬੰਦਿਆਂ ਨੂੰ ਸਮਾਜ ਵਿੱਚ ਚੌਧਰੀ ਮੰਨ ਲਿਆ ਜਾਵੇ, ਉਦੋਂ ਆਖਦੇ ਹਨ। ਇਕ ਹੋਰ ਅਖਾਣ ਹੈ ਲੁੱਚਾ, ਲੰਡਾ ਚੌਧਰੀ, ਗੁੰਡੀ ਰੰਨ ਪ੍ਰਧਾਨ।

**ਲੂਣ ਹਰਾਮੀ ਗੁਨਾਹਗਾਰ ਮੰਦੇ ਹੂੰ ਮੰਦਾ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਲੂਣ ਖਾ ਕੇ ਹਰਾਮ ਕਰਨ ਵਾਲ਼ੇ ਅਕ੍ਰਿਤਘਣ ਬੰਦੇ ਦਾ ਜ਼ਿਕਰ ਕਰਨਾ ਹੋਵੇ।

**ਲੂਣ ਨਾ ਹਲਦ ਤੇ ਖਾਣਗੇ ਬਲਦ**—ਜਦੋਂ ਸਬਜ਼ੀ ਭਾਜ਼ੀ 'ਚ ਲੂਣ ਤੇ ਹਲਦੀ ਘੱਟ ਹੋਣ ਕਾਰਨ,ਖਾਣ ਵਾਲ਼ੇ ਨੂੰ ਸੁਆਦ ਨਾ ਲੱਗੇ, ਉਦੋਂ ਇੰਜ ਆਖਦੇ ਹਨ।

**ਲੂਣ ਪਾਣੀ ਖਾਹ ਕੇ ਨੱਕ ਦੀ ਸੇਧੇ ਜਾਹ**—ਜਦੋਂ ਕਿਸੇ ਬੰਦੇ ਨੂੰ ਰੁੱਖਾ ਮਿੱਸਾ ਖਾ ਕੇ ਜੀਵਨ ਬਤੀਤ ਕਰਨ ਦੀ ਸਿੱਖਿਆ ਦੇਣੀ ਹੋਵੇ, ਉਦੋਂ ਇਹ ਅਖਾਣ ਵਰਤਦੇ ਹਨ।

**ਲੇਖਾ ਕਰਕੇ ਦੱਸਿਆ ਮੂਰਖ ਮਾਹਣੂ ਹੱਸਿਆ**—ਜਦੋਂ ਕਿਸੇ ਬੰਦੇ ਨੂੰ ਹਿਸਾਬ-ਕਿਤਾਬ ਕਰਨ ਤੇ ਲੈਣ ਦੀ ਥਾਂ ਦੇਣੇ ਪੈ ਜਾਣ, ਉਦੋਂ ਆਖਦੇ ਹਨ।

**ਲੇਖਾ ਮਾਵਾਂ ਧੀਆਂ ਦਾ ਬਖ਼ਸ਼ੀਸ਼ ਲੱਖ ਦੀ**—ਜਦੋਂ ਇਹ ਦੱਸਣਾ ਹੋਵੇ ਕਿ ਹਿਸਾਬ ਕਿਤਾਬ ਰੱਖਣਾ ਚੰਗਾ ਹੁੰਦਾ ਹੈ। ਇਸ ਵਿੱਚ ਲਿਹਾਜ਼ਦਾਰੀ ਦਾ ਕੋਈ ਸਵਾਲ ਨਹੀਂ, ਉਦੋਂ ਇਹ ਅਖਾਣ ਵਰਤਦੇ ਹਨ।

**ਲੇਖਾ ਰੱਬ ਮੰਗੇਸੀਆ ਬੈਠਾ ਕੱਢ ਵਹੀ**—ਇਹ ਅਖਾਣ ਮਾੜੀਆਂ ਕਰਤੂਤਾਂ ਕਰਨ ਵਾਲ਼ਿਆਂ ਨੂੰ ਚੰਗੇ ਕੰਮ ਕਰਨ ਦੀ ਪ੍ਰੇਰਨਾ ਦੇਣ ਵਾਸਤੇ ਬੋਲਿਆ ਜਾਂਦਾ ਹੈ।

**ਲੈਣ ਆਇਆ ਆਪ ਤੇ ਨਾਂ ਧਰਾਇਆ ਤਾਪ**—ਭਾਵ ਇਹ ਹੈ ਕਿ ਮੌਤ ਨੇ ਤਾਂ ਆਖ਼ਿਰ ਆਉਣਾ ਹੀ ਹੈ, ਚਾਹੇ ਕੋਈ ਬਹਾਨਾ ਬਣਾ ਕੇ ਆਵੇ।

**ਲੈਣ ਦਾ ਸ਼ਾਹ ਦੇਣ ਦਾ ਦਵਾਲੀਆ**—ਇਹ ਅਖਾਣ ਉਸ ਬੰਦੇ ਪ੍ਰਤੀ ਬੋਲਿਆ ਜਾਂਦਾ ਹੈ ਆਪਣਾ ਦਿੱਤਾ ਲੈਣ ਲਈ ਫੇਰੇ 'ਤੇ ਫੇਰਾ ਮਾਰੇ ਪ੍ਰੰਤੂ ਜਦੋਂ ਆਪ ਲਿਆ ਉਧਾਰ ਮੋੜਨਾ ਹੋਵੇ ਤਾਂ ਅਗਲੇ ਦੇ ਫੇਰੇ ਮਰਵਾਏ।

**ਲੈਣਾ ਨਾ ਦੇਣਾ, ਦੇਹ ਮੇਰੀ ਥੇਲੀ**—ਜਦੋਂ ਕੋਈ ਬੰਦਾ ਕਿਸੇ ਦੇ ਮਾਮਲੇ ਵਿੱਚ ਖਾਹ-ਮਖਾਹ ਦਖ਼ਲ ਦੇਵੇ, ਉਦੋਂ ਕਹਿੰਦੇ ਹਨ।

**ਲੈਣਾ ਨਾ ਦੇਣਾ, ਵਜਾ ਦਾਦਾ ਵਾਜਾ**—ਜਦੋਂ ਕੋਈ ਬੰਦਾ ਕਿਸੇ ਪਾਸੋਂ ਕੰਮ ਤਾਂ ਕਰਵਾਈ ਜਾਵੇ ਪ੍ਰੰਤੂ ਮਜ਼ਦੂਰੀ ਨਾ ਦੇਵੇ, ਉਦੋਂ ਇੰਜ ਆਖੀਦਾ ਹੈ।

**ਲੈਣਾ ਇਕ ਨਾ ਦੇਣੇ ਦੋ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਮਾਮਲੇ ਦਾ ਪੂਰਨ ਤੌਰ 'ਤੇ ਫ਼ੈਸਲਾ ਹੋ ਗਿਆ ਹੋਵੇ।

**ਲੋਹੇ ਨੂੰ ਲੋਹਾ ਕੱਟਦਾ ਏ**—ਭਾਵ ਇਹ ਹੈ ਕਿ ਕਿਸੇ ਤਕੜੇ ਬੰਦੇ ਦਾ ਟਾਕਰਾ ਕੋਈ ਤਕੜਾ ਬੰਦਾ ਹੀ ਕਰ ਸਕਦਾ ਹੈ—ਮਾੜੇ ਧੀੜੇ ਦੇ ਵਸ ਦਾ ਰੋਗ ਨਹੀਂ।

**ਲੋਕ ਚੱਲੇ ਵਿਸਾਖੀ ਨੰਦਾ ਰਹੇ ਘਰ ਦੀ ਰਾਖੀ**—ਜਦੋਂ ਕਈ ਬੰਦਿਆਂ ਦੇ ਕੰਮ ਤਾਂ ਹੋ ਜਾਣ ਪ੍ਰੰਤੂ ਉਹਨਾਂ ਵਿੱਚੋਂ ਇਕ ਦਾ ਨਾ ਹੋਵੇ ਤਾਂ ਇੰਜ ਆਖਦੇ ਹਨ।

**ਲੋਕਾਂ ਦੇ ਵੱਛੇ ਮੈਂ ਚਾਰਾਂ, ਮੇਰੇ ਕੌਣ ਚਾਰੇ**—ਜਦੋਂ ਕੋਈ ਘੱਟ ਹੁਸ਼ਿਆਰ ਬੰਦਾ ਆਪਣੇ ਤੋਂ ਵੱਧ ਸਿਆਣੇ ਤੇ ਹੁਸ਼ਿਆਰ ਬੰਦੇ ਨੂੰ ਬੁੱਧੂ ਬਣਾਉਣ ਦਾ ਯਤਨ ਕਰੇ, ਉਦੋਂ ਆਖਦੇ ਹਨ।

**ਲੋਕਾਂ ਨੂੰ ਦੇਣਾ ਬ੍ਰਹਮ ਗਿਆਨ, ਆਪ ਰਹਿਣਾ ਪੱਥਰ ਪ੍ਰਾਣ**—ਜਦੋਂ ਕੋਈ ਭੈੜਾ ਬੰਦਾ ਦੂਜੇ ਬੰਦਿਆਂ ਨੂੰ ਚੰਗਾ ਬਣਨ ਦੀ ਨਸੀਹਤ ਦੇਵੇ, ਉਦੋਂ ਆਖਦੇ ਹਨ।

**ਲੋਕੋ ਅੱਗੇ ਮੁੰਡਿਓਂ ਪਿੱਛੇ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਚਲਾਕ ਬੰਦਾ ਹੋਰਨਾਂ ਨੂੰ ਕੁਰਬਾਨੀ ਦੇਣ ਲਈ ਉਕਸਾਵੇ ਤੇ ਆਪਣੇ ਪਰਿਵਾਰ ਵਾਲ਼ਿਆਂ ਨੂੰ ਅਜਿਹਾ ਕਰਨ ਤੋਂ ਰੋਕੇ।

**ਲੋੜੇ ਦਾਖ਼ ਬਿਜੌਰੀਆਂ ਕਿੱਕਰ ਬੀਜੇ ਜੱਟ**—ਜਦੋਂ ਇਹ ਦੱਸਣਾ ਹੋਵੇ ਕਿ ਮਾੜੇ ਕੰਮਾਂ ਦਾ ਨਤੀਜਾ ਮਾੜਾ ਨਿਕਲਦਾ ਹੈ, ਉਦੋਂ ਇਹ ਅਖਾਣ ਵਰਤਦੇ ਹਨ।

**ਲੋੜ ਵੇਲੇ ਗਧੇ ਨੂੰ ਵੀ ਬਾਪ ਬਣਾ ਲਈਦਾ ਹੈ**—ਭਾਵ ਇਹ ਹੈ ਕਿ ਆਪਣਾ ਮਤਲਬ ਸਿੱਧਾ ਕਰਨ ਲਈ ਕਈ ਵਾਰ ਕਿਸੇ ਦੂਜੇ ਬੰਦੇ ਦੀ ਚਾਪਲੂਸੀ ਕਰਨੀ ਪੈ ਜਾਂਦੀ ਹੈ।

**ਲੋੜੀਦਾ ਗੁੜ ਢਿੱਲਾ**—ਜਦੋਂ ਕਿਸੇ ਦਾ ਇਕੋ-ਇਕ ਬੱਚਾ ਹੋਵੇ ਤੇ ਉਹ ਵੀ ਢਿੱਲਾ-ਮੱਠਾ ਰਹੇ, ਉਦੋਂ ਇਹ ਅਖਾਣ ਵਰਤਦੇ ਹਨ।

## ਵ

**ਵੱਸੀਏ ਸ਼ਹਿਰ ਭਾਵੇਂ ਹੋਵੇ ਕਹਿਰ**—ਇਸ ਅਖਾਣ ਵਿੱਚ ਸ਼ਹਿਰ ਦੀਆਂ ਸੁੱਖ ਸੁਵਿਧਾਵਾਂ ਕਾਰਨ ਪਿੰਡਾਂ ਨਾਲ਼ੋਂ ਸ਼ਹਿਰ ਵਿੱਚ ਵਸਣ ਨੂੰ ਤਰਜੀਹ ਦਿੱਤੀ ਗਈ ਹੈ।

**ਵੱਸੇ ਚੇਤ ਨਾ, ਘਰ ਨਾ ਖੇਤ**—ਇਸ ਅਖਾਣ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਚੇਤ ਮਹੀਨੇ ਵੱਸਿਆ ਮੀਂਹ ਨੁਕਸਾਨ ਕਰਦਾ ਹੈ ਕਿਉਂਕਿ ਇਸ ਮਹੀਨੇ ਵਿੱਚ ਘਰਾਂ ਵਿੱਚ ਪਈ ਕਣਕ ਵੀ ਮੁੱਕਣ ਵਾਲ਼ੀ ਹੁੰਦੀ ਹੈ, ਮੀਂਹ ਕਾਰਨ ਖੇਤਾਂ 'ਚ ਖੜ੍ਹੀ ਕਣਕ ਦੀ ਫ਼ਸਲ ਖ਼ਰਾਬ ਹੋ ਜਾਂਦੀ ਹੈ।

**ਵੱਸੇ ਦੀਵਾਲੀ ਜਿਹਾ ਫ਼ੌਜੀ ਤਿਹਾ ਹਾਲੀ**—ਇਸ ਅਖਾਣ ਦਾ ਭਾਵ ਇਹ ਹੈ ਕਿ ਜੇਕਰ ਦੀਵਾਲੀ ਨੂੰ ਮੀਂਹ ਪੈ ਜਾਵੇ ਤਾਂ ਥੋੜ੍ਹੀ ਮਿਹਨਤ ਕਰਨ ਵਾਲ਼ੇ ਕਿਸਾਨ ਲਈ ਵੀ ਇਹ ਵਰਖਾ ਚੰਗੀ ਹੁੰਦੀ ਹੈ।

**ਵੱਸੇ ਪੋਹ ਜਿਹਾ ਇਹ, ਤਿਹਾ ਉਹ**—ਭਾਵ ਇਹ ਹੈ ਕਿ ਪੋਹ ਮਹੀਨੇ ਵਿੱਚ ਪਈ ਵਰਖਾ ਅਗੇਤੀਆਂ ਅਤੇ ਪਛੇਤੀਆਂ ਬਿਆਈਆਂ ਲਈ ਇਕੋ ਜਿਹੀ ਲਾਭਦਾਇਕ ਹੁੰਦੀ ਹੈ।

**ਵੱਗ ਢੋਈ ਮਿਲੇ ਨਾ ਤੇ ਬੜ੍ਹਕਦਾ ਮੇਰਾ**—ਇਸ ਅਖਾਣ ਦਾ ਭਾਵ ਅਰਥ ਇਹ ਹੈ ਕਿ ਜਦੋਂ ਕੋਈ ਕਮਜ਼ੋਰ ਬੰਦਾ ਅਜਾਈਂ ਆਪਣੇ ਆਪ ਨੂੰ ਵੱਡਾ ਬੰਦਾ ਬਣ ਦਿਖਾਵੇ, ਉਦੋਂ ਆਖਦੇ ਹਨ।

**ਵਗਦਾ ਪਾਣੀ ਪਾਕ ਹੁੰਦਾ ਏ**—ਇਹ ਅਖਾਣ ਆਮ ਤੌਰ 'ਤੇ ਵਿਉਪਾਰ ਕਰਨ ਵਾਲ਼ੇ ਲੋਕ ਵਰਤਦੇ ਹਨ। ਭਾਵ ਇਹ ਹੈ ਕਿ ਜੇਕਰ ਉਧਾਰ ਸਮੇਂ ਸਿਰ ਮੁੜਦਾ ਰਹੇ ਤਾਂ ਚੰਗਾ ਹੁੰਦਾ ਹੈ।

**ਵੰਝਲੀ ਦਾ ਕੀ ਬਜਾਉਣਾ, ਮੂੰਹ ਹੀ ਵਿੰਗਾ ਕਰਨਾ ਏ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕਿਸੇ ਵੱਲੋਂ ਕੀਤੀ ਮਿਹਨਤ ਨੂੰ ਛੁਟਿਆਇਆ ਜਾਵੇ।

**ਵੰਡ ਖਾਏ ਖੰਡ ਖਾਏ, ਕੱਲਾ ਖਾਏ ਗੰਦ ਖਾਏ**—ਇਸ ਅਖਾਣ ਵਿੱਚ ਵੰਡ ਕੇ ਖਾਣ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ।

**ਵੱਡਾ ਢੇਰ ਗਾਹਕ ਨੂੰ ਢਾਏ, ਛੋਟਾ ਢੇਰ ਮਾਲਕ ਨੂੰ ਢਾਏ**—ਭਾਵ ਇਹ ਹੈ ਕਿ ਥੋੜ੍ਹੀ ਪੂੰਜੀ ਨਾਲ਼ ਵਪਾਰ ਚੰਗਾ ਨਹੀਂ ਚਲ ਸਕਦਾ। ਵੱਧ ਪੂੰਜੀ ਖਰਚਣ ਨਾਲ਼ ਵਪਾਰੀ ਵੱਧ ਸੌਦਾ ਖ਼ਰੀਦਦਾ ਹੈ। ਜਿਸ ਦੁਕਾਨ ਤੇ ਵੱਧ ਮਾਲ ਹੋਵੇ, ਉਥੇ ਵਧੇਰੇ ਗਾਹਕ ਆਉਂਦੇ ਹਨ ਤੇ ਉਸ ਦਾ ਸੌਦਾ ਵਿਕਦਾ ਰਹਿੰਦਾ ਹੈ।

**ਵੱਡਿਆਂ ਸਿਰਾਂ ਦੀਆਂ ਵੱਡੀਆਂ ਸਿਰ ਪੀੜਾਂ**—ਇਸ ਅਖਾਣ ਦਾ ਭਾਵ ਇਹ ਹੈ ਕਿ ਜਿੰਨੇ ਕਿਸੇ ਦੇ ਕੰਮ ਵੱਧ ਪਸਾਰੇ ਵਾਲ਼ੇ ਹੋਣਗੇ ਓਨੀ ਹੀ ਉਸ ਨੂੰ ਵੱਧ ਜ਼ਿੰਮੇਵਾਰੀ ਨਿਭਾਉਣੀ ਪਵੇਗੀ ਤੇ ਭੱਜ-ਨੱਠ ਕਰਨੀ ਪਏਗੀ, ਜਿਸ ਕਾਰਨ ਸਿਰਦਰਦੀ ਵਧੇਗੀ।

**ਵੱਡਿਆਂ ਘਰਾਂ ਦੇ ਵੱਡੇ ਦਰ**—ਜਦੋਂ ਇਹ ਦੱਸਣਾ ਹੋਵੇ ਕਿ ਵੱਡੇ ਅਮੀਰ ਤੇ ਧੰਨਵਾਨ ਲੋਕਾਂ ਦੇ ਖ਼ਰਚ ਵੀ ਉਹਨਾਂ ਦੀ ਸ਼ਾਨੋ-ਸ਼ੌਕਤ ਅਨੁਸਾਰ ਵੱਡੇ ਹੀ ਹੁੰਦੇ ਹਨ, ਉਦੋਂ ਇਹ ਅਖਾਣ ਬੋਲਦੇ ਹਨ।

**ਵੱਡਿਆਂ ਦੀਆਂ ਵੱਡੀਆਂ ਗੱਲਾਂ**—ਜਦੋਂ ਕੋਈ ਅਮੀਰ ਆਦਮੀ ਕੋਈ ਅਲੋਕਾਰ ਜਿਹੀ ਗੱਲ ਕਰੇ, ਚਾਹੇ ਉਹ ਮਾਮੂਲੀ ਹੀ ਹੋਵੇ, ਉਦੋਂ ਕਹਿੰਦੇ ਹਨ।

**ਵੱਡਿਆਂ ਘਰਾਂ ਦੀ ਘਰੋੜੀ ਹੀ ਮਾਨ ਨਹੀਂ**—ਭਾਵ ਇਹ ਹੈ ਕਿ ਚੰਗਾ ਖਾਂਦੇ ਪੀਂਦੇ ਪਰਿਵਾਰਾਂ ਦੇ ਘਰਾਂ ਵਿੱਚ ਕਦੇ ਕੋਈ ਚੀਜ਼ ਦੀ ਕਮੀ ਨਹੀਂ ਆਉਂਦੀ, ਕਿਸੇ ਗ਼ਰੀਬ ਦਾ ਕੰਮ ਸਾਰਨ ਲਈ ਉਥੋਂ ਕੁਝ ਨਾ ਕੁਝ ਜ਼ਰੂਰ ਪ੍ਰਾਪਤ ਹੋ ਜਾਂਦਾ ਹੈ।

**ਵੱਡੀ ਮੱਛੀ ਛੋਟੀ ਨੂੰ ਖਾਂਦੀ ਹੈ**—ਇਹ ਅਖਾਣ ਉਦੋਂ ਵਰਤਦੇ ਹਨ ਜਦੋਂ ਕੋਈ ਵੱਡਾ ਆਦਮੀ ਕਿਸੇ ਗ਼ਰੀਬ ਆਦਮੀ ਨੂੰ ਨੁਕਸਾਨ ਪਹੁੰਚਾਵੇ।

**ਵਣਜ ਕਰੇਂਦੇ ਬਾਣੀਏਂ, ਹੋਰ ਕਰੇਂਦੇ ਰੀਸ**—ਇਸ ਅਖਾਣ ਦਾ ਭਾਵ ਸਪੱਸ਼ਟ ਹੈ ਕਿ ਵਪਾਰ ਕਰਨ ਵਿੱਚ ਬਾਣੀਏਂ ਮਾਹਿਰ ਹੁੰਦੇ ਹਨ, ਹੋਰ ਜਾਤਾਂ ਉਹਨਾਂ ਦਾ ਮੁਕਾਬਲਾ ਨਹੀਂ ਕਰ ਸਕਦੀਆਂ।

**ਵਧੀ ਨੂੰ ਗ਼ਮ ਨਹੀਂ ਤੇ ਘਟੀ ਦਾ ਦਾਰੂ ਨਹੀਂ**—ਇਹ ਅਖਾਣ ਆਮ ਤੌਰ 'ਤੇ ਬਜ਼ੁਰਗ ਆਪਣੇ ਜੀਵਨ ਦੇ ਅੰਤਿਮ ਦਿਨਾਂ ਵਿੱਚ ਇਕ-ਦੂਜੇ ਨੂੰ ਹੌਸਲਾ ਦੇਣ ਲਈ ਵਰਤਦੇ ਹਨ।

**ਵਾ ਪੁਰੇ ਦੀ ਵੱਗੇ, ਚੂੜ੍ਹਾ ਛੱਜ ਕਰੇਂਦਾ ਅੱਗੇ**—ਇਹ ਅਖਾਣ ਉਸ ਸਮੇਂ ਦੀ ਯਾਦ ਦਿਵਾਉਂਦਾ ਹੈ ਜਦੋਂ ਕਣਕ ਧੜਾਂ ਲਾ ਕੇ ਉਡਾਈ ਜਾਂਦੀ ਸੀ। ਪੁਰਾ ਵੱਗੇ ਤੇ ਜੱਟ ਤੂੜੀ ਉਡਾਉਂਦੇ ਸਨ ਤੇ ਸਾਂਝੀ ਛੱਜ ਨਾਲ਼ ਕਣਕ ਹਵਾ 'ਚ ਉਡਾ ਕੇ ਸਾਫ਼ ਕਰਦਾ ਸੀ।

**ਵਾ ਵੱਗੇ ਤਾਂ ਕਿਹੜਾ ਰੁੱਖ ਨੀ ਡੋਲਦਾ**—ਭਾਵ ਇਹ ਹੈ ਕਿ ਅੱਲੜ੍ਹ ਉਮਰ ਵਿੱਚ ਸਭ ਤੋਂ ਕੋਈ ਨਾ ਕੋਈ ਗ਼ਲਤੀ ਹੋ ਜਾਂਦੀ ਹੈ। ਜਦੋਂ ਕੋਈ ਜਵਾਨੀ ਵਿੱਚ ਮਾੜੀ ਮੋਟੀ ਗ਼ਲਤੀ ਕਰ ਬੈਠੇ, ਉਦੋਂ ਸਿਆਣੇ ਇੰਜ ਆਖਦੇ ਹਨ।

**ਵਾ ਵੱਗੇ ਤਾਂ ਚੂਹੇ ਦੀ ਖੁੱਡ ਵਿੱਚ ਵੀ ਪੁੱਜ ਜਾਂਦੀ ਹੈ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਇਹ ਦੱਸਣਾ ਹੋਵੇ ਕਿ ਮਾੜੀ ਖ਼ਬਰ ਛੇਤੀ ਤੋਂ ਛੇਤੀ ਦੂਰ-ਦੂਰ ਤੱਕ ਫ਼ੈਲ ਜਾਂਦੀ ਹੈ।

**ਵਾਹ ਉਏ ਕਰਮਾਂ ਦਿਆ ਬਲੀਆ, ਰਿੱਧੀ ਖੀਰ, ਹੋ ਗਿਆ ਦਲ਼ੀਆ**—ਉਦੋਂ ਆਖਦੇ ਹਨ ਜਦੋਂ ਕੋਈ ਬੰਦਾ ਕੰਮ ਤਾਂ ਚੰਗੇਰੇ ਫ਼ਲ ਲਈ ਕਰੇ, ਪ੍ਰੰਤੂ ਉਲਟਾ ਨੁਕਸਾਨ ਹੋ ਜਾਵੇ।

**ਵਾਹੀ ਉਹਦੀ ਜੀਹਦੇ ਘਰ ਦੇ ਢੱਗੇ**—ਭਾਵ ਇਹ ਕਿ ਉਹੀ ਕਿਸਾਨ ਵਧੀਆ ਤੇ ਲਾਹੇਵੰਦ ਖੇਤੀ ਕਰ ਸਕਦਾ ਹੈ ਜਿਸ ਕੋਲ ਖੇਤੀ ਕਰਨ ਦਾ ਆਪਣਾ ਸਾਜੋ ਸਮਾਨ ਹੋਵੇ।

**ਵਾਹੀ ਪਾਤਸ਼ਾਹੀ, ਨਾ ਜੰਮੇ ਤਾਂ ਫਾਹੀ**—ਅਸਲ ਵਿੱਚ ਜੱਟ ਦਾ ਨਿਰਭਰ ਵਰਖਾ

'ਤੇ ਹੁੰਦਾ ਹੈ ਜੇ ਸਮੇਂ ਸਿਰ ਮੀਂਹ ਪੈ ਜਾਵੇ ਤਾਂ ਚੰਗੀ ਫ਼ਸਲ ਹੋ ਜਾਂਦੀ ਹੈ, ਜੇ ਨਾ ਪਵੇ ਤਾਂ ਫ਼ਸਲ ਸਿਰੇ ਨਹੀਂ ਲੱਗਦੀ, ਜਿਸ ਕਰਕੇ ਜੱਟ ਦਾ ਨੁਕਸਾਨ ਹੋ ਜਾਂਦਾ ਹੈ।

**ਵਾਹੁੰਦਿਆਂ ਦੇ ਖ਼ੂਹ, ਮਿਲ਼ਦਿਆਂ ਦੇ ਸਾਕ**—ਭਾਵ ਸਪੱਸ਼ਟ ਹੈ ਕਿ ਸਾਕ ਸਬੰਧੀ ਮਿਲ਼ਦੇ-ਗਿਲ਼ਦੇ ਰਹਿਣ ਤਾਂ ਸਕੀਰੀ ਬਣੀ ਰਹਿੰਦੀ ਹੈ। ਇਸੇ ਤਰ੍ਹਾਂ ਖ਼ੂਹ ਚਲਦੇ ਰਹਿਣ ਤਾਂ ਖ਼ੂਹਾਂ ਦਾ ਪਾਣੀ ਠੀਕ ਰਹਿੰਦਾ ਹੈ, ਨਹੀਂ ਸੜ੍ਹਾਂਦ ਮਾਰਨ ਲੱਗ ਜਾਂਦਾ ਹੈ।

**ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ਼**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਇਹ ਦੱਸਣਾ ਹੋਵੇ ਕਿ ਬੰਦੇ ਦੀਆਂ ਭੈੜੀਆਂ ਆਦਤਾਂ ਜੀਵਨ ਭਰ ਉਸ ਦਾ ਸਾਥ ਦਿੰਦੀਆਂ ਹਨ।

**ਵਾਲ ਨਾ ਵਿੰਗਾ ਕਰ ਸਕੇ ਜੇ ਸਭ ਜਗ ਵੈਰੀ ਹੋਏ**—ਭਾਵ ਇਹ ਹੈ ਕਿ ਜੇ ਪ੍ਰਮਾਤਮਾ ਦੀ ਮਿਹਰ ਹੋਵੇ ਤਾਂ ਵਾਲ ਵਿੰਗਾ ਨਹੀਂ ਹੋ ਸਕਦਾ ਭਾਵੇਂ ਸਾਰਾ ਜਹਾਨ ਵੈਰ ਕਮਾਵੇ।

**ਵਿਆਹ ਨਾਈਆਂ ਤੇ ਛਿੰਜ ਭਰਾਈਆਂ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਖ਼ੁਸ਼ੀ ਦਾ ਸਮਾਗਮ ਤਾਂ ਕਿਸੇ ਹੋਰ ਘਰ ਹੋਵੇ ਤੇ ਦੂਜਾ ਕੋਈ ਹੋਰ ਐਵੇਂ ਚਾਂਭਲਿਆ ਫਿਰੇ ਤੇ ਬਦੋ-ਬਦੀ ਚਾਂਭੜਾਂ ਪਾਵੇ।

**ਵਿਆਹ ਵਿੱਚ ਬੀ ਦਾ ਲੇਖਾ**—ਜਦੋਂ ਕਿਸੇ ਖ਼ਾਸ ਅਵਸਰ 'ਤੇ ਕੋਈ ਬੰਦਾ ਅਣਢੁਕਵੀਂ ਗੱਲ ਛੇੜ ਦੇਵੇ, ਉਦੋਂ ਇੰਜ ਆਖਦੇ ਹਨ।

**ਵਿਆਜ ਵਧੇ ਗਹਿਣਾ ਘਸੇ, ਝੁੱਗਾ ਖਾਣੀਏ ਘਰ ਕਿਵੇਂ ਵਸੇ**—ਇਸ ਅਖਾਣ ਰਾਹੀਂ ਇਹ ਸਿੱਖਿਆ ਦਿੱਤੀ ਗਈ ਹੈ ਕਿ ਵਿਆਜ਼ ਤੇ ਲ਼ਈ ਰਕਮ ਨਾਲ਼ ਗਹਿਣੇ ਖ਼ਰੀਦਣਾ ਅਕਲਮੰਦੀ ਨਹੀਂ। ਵਿਆਜ਼ ਨੇ ਤਾਂ ਵਧੀ ਜਾਣਾ ਹੈ ਤੇ ਗਹਿਣਾ ਪਾਏ ਤੇ ਘਸਦਾ ਹੈ, ਅਜਿਹਾ ਕਰਨ ਵਾਲ਼ੇ ਨੂੰ ਦੂਹਰਾ ਨੁਕਸਾਨ ਝਲਣਾ ਪੈਂਦਾ ਹੈ।

**ਵਿਹਲਾ ਸੱਚ ਵਿਹਾਜਣ ਆਇਆ**—ਇਹ ਅਖਾਣ ਅਜੋਕੇ ਸਮਾਜ ਦੀ ਸਥਿਤੀ 'ਤੇ ਚਾਨਣ ਪਾਉਂਦਾ ਹੈ। ਅੱਜ ਦੇ ਸਮੇਂ ਵਿੱਚ ਹਰ ਪਾਸੇ ਝੂਠ ਤੇ ਠੱਗੀ ਦਾ ਪਸਾਰਾ ਹੈ, ਸੱਚ ਲੱਭਿਆਂ ਵੀ ਕਿਧਰੇ ਦਿਖਾਈ ਨਹੀਂ ਦਿੰਦਾ, ਮੂਰਖ਼ ਹਨ ਉਹ ਲੋਕ ਜਿਹੜੇ ਸੱਚ ਦੀ ਭਾਲ਼ ਕਰਦੇ ਹਨ।

**ਵਿਹਲਾ ਬਾਣੀਆਂ ਕੀ ਕਰੇ, ਏਥੋਂ ਚੁੱਕੇ ਓਥੇ ਧਰੇ**—ਇਹ ਅਖਾਣ ਉਸ ਬੰਦੇ ਪ੍ਰਤੀ ਬੋਲਿਆ ਜਾਂਦਾ ਹੈ ਜਿਹੜਾ ਕਦੀ ਵੀ ਵਿਹਲਾ ਹੋ ਕੇ ਨਾ ਬੈਠੇ, ਕੁਝ ਨਾ ਕੁਝ ਕਰਦਾ ਹੀ ਰਹੇ।

**ਵਿਹਲੀ ਜੱਟੀ ਉਨ ਵੇਲੇ**—ਇਹ ਅਖਾਣ ਉਦੋਂ ਬੋਲਦੇ ਹਨ ਜਦੋਂ ਕੋਈ ਵਿਹਲਾ ਆਦਮੀ ਅਜਿਹਾ ਕੰਮ ਕਰੇ ਜਿਸ ਤੋਂ ਕੋਈ ਲਾਭ ਨਾ ਹੋਵੇ।

**ਵਿਚ ਸ਼ਰੀਕਾਂ ਵੱਸੀਏ, ਅੰਦਰੋਂ ਰੋਈਏ ਬਾਹਰੋਂ ਹੱਸੀਏ**—ਸਿਆਣੇ ਆਖਦੇ ਹਨ

ਕਿ ਸ਼ਰੀਕੇ ਵਿੱਚ ਪੂਰੀ ਟੌਹਰ ਨਾਲ਼ ਵਸਣਾ ਚਾਹੀਦਾ ਹੈ, ਭਾਵੇਂ ਕਿੰਨਾ ਹੀ ਦੁਖ ਹੋਵੇ ਪਰ ਬਾਹਰੋਂ ਖ਼ੁਸ਼-ਖ਼ੁਸ਼ ਦਿਖਾਈ ਦੇਵੇ ਨਹੀਂ ਤਾਂ ਸ਼ਰੀਕ ਤੁਹਾਨੂੰ ਦੁਖੀ ਦੇਖ ਕੇ ਖ਼ੁਸ਼ੀਆਂ ਮਨਾਉਣਗੇ।

**ਵੇਲਾ ਵਖਤ ਵਿਹਾਣਿਆਂ, ਕੀ ਹੁੰਦਾ ਪੱਛੋਤਾਣਿਆਂ**—ਭਾਵ ਇਹ ਹੈ ਕਿ ਢੁਕਵੇਂ ਸਮੇਂ ਤੇ ਕੰਮ ਕੀਤਾ ਹੀ ਚੰਗਾ ਹੁੰਦਾ ਹੈ। ਜੇ ਸਮਾਂ ਗੁਆ ਲਿਆ ਤੇ ਪਿੱਛੋਂ ਸੈਆਂ ਵਾਰ ਪਛਤਾਵਾ ਕਰਨ ਦਾ ਕੋਈ ਲਾਭ ਨਹੀਂ।

**ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ**—ਇਸ ਅਖਾਣ ਵਿੱਚ ਦਰਸਾਇਆ ਗਿਆ ਹੈ ਕਿ ਯੋਗ ਸਮਾਂ ਬੀਤ ਜਾਣ ਮਗਰੋਂ ਕੀਤਾ ਕੰਮ ਨਾ ਕਰਨ ਦੇ ਬਰਾਬਰ ਹੁੰਦਾ ਹੈ। ਹਰ ਕੰਮ ਉੱਚਿਤ ਸਮੇਂ 'ਤੇ ਹੀ ਕਰਨਾ ਚਾਹੀਦਾ ਹੈ।

## ਭਾਗ ਦੂਜਾ

# ਮੁਹਾਵਰੇ

# ਮੁਹਾਵਰੇ

## ੳ

ਉਸਤਰਿਆਂ ਦੀ ਮਾਲ਼ਾ—ਔਖਾ ਕੰਮ, ਦੁੱਖਾਂ ਦਾ ਘਰ।

ਉਸਤਾਦੀ ਕਰਨੀ—ਹੁਸ਼ਿਆਰੀ ਕਰਨੀ, ਧੋਖਾ ਕਰਨਾ, ਚਲਾਕੀ ਵਰਤਣੀ।

ਉਸੱਲ ਵੱਟੇ ਭੰਨਣੇ—ਬੇਅਰਾਮੀ ਹੋਣੀ, ਨੀਂਦ ਨਾ ਪੈਣੀ।

ਉਕਤਾ ਜਾਣਾ—ਕੰਮ 'ਚ ਮਨ ਨਾ ਲੱਗਣਾ, ਅੱਕ ਜਾਣਾ।

ਉਕਾਈ ਖਾ ਜਾਣਾ—ਗ਼ਲਤੀ ਲੱਗ ਜਾਣੀ, ਖੁੰਝ ਜਾਣਾ।

ਉੱਖਲੀ ਛੜਨਾ—ਚੰਗੀ ਤਰ੍ਹਾਂ ਭੁਗਤ ਸੁਆਰਨੀ, ਮਾਰ ਕੁਟਾਈ ਕਰਨਾ।

ਉੱਖ਼ਲ਼ੀ ਵਿੱਚ ਸਿਰ ਹੋਣਾ—ਔਖਾ ਕੰਮ ਸ਼ੁਰੂ ਕਰਨਾ, ਮੁਸੀਬਤ ਸਹੇੜਨੀ।

ਉੱਖੜ ਜਾਣਾ—ਮਨ ਨਾ ਲੱਗਣਾ, ਬਿਰਤੀ ਨਾ ਟਿਕਣੀ, ਟਿਕਾਣੇ ਤੋਂ ਪੁੱਟਿਆ ਜਾਣਾ।

ਉਂਗਲ਼ ਕਰਨੀ—ਅਜਾਈਂ ਤੁਹਮਤ ਲਾਉਣੀ, ਨੁਕਸ ਕੱਢਣਾ।

ਉਂਗਲ਼ ਧਰਨੀ—ਦੋਸ਼ ਲਾਉਣਾ, ਊਜ ਲਾਉਣੀ, ਪਸੰਦ ਕਰਨਾ।

ਉਂਗਲ਼ ਮੂੰਹ ਪਾਉਣੀ—ਕੋਈ ਗੱਲ ਸੁਣ ਕੇ ਹੈਰਾਨ ਹੋਣਾ, ਅਫ਼ਸੋਸ ਪ੍ਰਗਟ ਕਰਨਾ।

ਉਂਗਲ਼ਾਂ ਟੁਕਣਾ—ਮੂੰਹ 'ਚ ਉਂਗਲਾਂ ਪਾ ਕੇ ਹੈਰਾਨੀ ਜ਼ਾਹਿਰ ਕਰਨੀ।

ਉਂਗਲ਼ਾਂ ਤੇ ਨੱਚਣਾ—ਕਿਸੇ ਦੂਜੇ ਦੇ ਪ੍ਰਭਾਵ ਥੱਲ੍ਹੇ ਹੋਣਾ, ਬਿਨਾ ਸੋਚੇ ਸਮਝੇ ਦੂਜੇ ਦੇ ਕਹੇ 'ਤੇ ਕੰਮ ਕਰਨਾ।

ਉਂਗਲ਼ੀ ਤੇ ਨਚਾਉਣਾ—ਆਪਣੇ ਪਿੱਛੇ ਲਾ ਕੇ ਮਨ ਮਰਜ਼ੀ ਦੇ ਕੰਮ ਕਰਵਾਉਣੇ।

ਉਂਗਲ਼ੀ ਉਠਾਉਣੀ—ਭੈੜੀ ਨਿਗਾਹ ਨਾਲ਼ ਵੇਖਣਾ, ਨੁਕਸਾਨ ਕਰਨਾ।

ਉੱਘ ਸੁੱਘ ਮਿਲਣੀ—ਸੂਹ ਲਗਣੀ, ਪਤਾ ਲੱਗ ਜਾਣਾ।

ਉੱਘਰ ਉੱਘਰ ਪੈਣਾ—ਜੋਸ਼ 'ਚ ਉਛਲ ਉਛਲ ਕੇ ਕਿਸੇ ਨੂੰ ਮਾਰਨਾ।

ਉੱਚੜ ਪੈੜੇ ਲੱਗਣਾ—ਪੈਰਾਂ ਥੱਲ੍ਹੇ ਅੱਗ ਬਲਣੀ, ਟਿਕ ਕੇ ਨਾ ਬਹਿਣਾ।

ਉੱਚਾ ਸਾਹ ਨਾ ਕੱਢਣਾ—ਦਬਿਆ ਰਹਿਣਾ, ਡਰਿਆ ਰਹਿਣਾ।

**ਉੱਚਾ ਦੁਆਰਾ ਦੇਖਣਾ**—ਅਮੀਰ ਘਰ ਲੱਭਣਾ।

**ਉੱਚਾ ਨੀਵਾਂ ਬੋਲਣਾ**—ਬੇਇਜ਼ਤੀ ਕਰਨੀ, ਮੰਦੇ ਚੰਗੇ ਬੋਲ ਬੋਲਣਾ, ਵੱਧ ਘੱਟ ਬੋਲਣਾ।

**ਉੱਚਾ ਨੀਵਾਂ ਹੋਣਾ**—ਲੜਾਈ ਝਗੜਾ ਹੋ ਜਾਣਾ, ਰੌਲ਼ਾ ਪੈ ਜਾਣਾ।

**ਉੱਛਲ ਉੱਛਲ ਪੈਣਾ**—ਸ਼ੇਖ਼ੀ ਮਾਰਨੀ, ਅਮੀਰੀ ਦਾ ਰੋਅਬ ਦਿਖਾਉਣਾ।

**ਉਜਾੜ ਮੱਲਣੀ**—ਘਰ ਬਾਰ ਛੱਡ ਕੇ ਸਾਧੂ ਹੋ ਜਾਣਾ।

**ਉੱਠਣ ਬਹਿਣ ਹੋਣਾ**—ਸੰਗਤ, ਮੇਲ ਜੋਲ, ਸਾਂਝ।

**ਉਠਾ ਉਠਣਾ**—ਸਰੀਰ 'ਤੇ ਫੋੜਾ ਨਿਕਲ਼ ਆਉਣਾ।

**ਉੱਡ ਜਾਣਾ**—ਖ਼ਤਮ ਹੋ ਜਾਣਾ, ਮੁਕ ਜਾਣਾ, ਭੱਜ ਜਾਣਾ।

**ਉੱਡ ਉੱਡ ਪੈਣਾ**—ਅੱਗੇ ਵੱਧ ਕੇ ਲੜਾਈ ਲੜਨੀ।

**ਉੱਡਦਾ ਛਾਪਾ ਚੰਬੜਨਾ**—ਐਵੇਂ ਦੀ ਬਦਨਾਮੀ ਹੋਣੀ, ਰਾਹ ਜਾਂਦੀ ਬਦਨਾਮੀ ਗਲ਼ ਪੈ ਜਾਣੀ।

**ਉਡੀਕ ਉਡੀਕ ਬੁੱਢੇ ਹੋ ਜਾਣਾ**—ਲੰਬਾ ਸਮਾਂ ਉਡੀਕਣਾ, ਆਸ ਮੁੱਕ ਜਾਣੀ, ਉਡੀਕ ਉਡੀਕ ਥੱਕ ਜਾਣਾ।

**ਉਤਸ਼ਾਹ ਠੰਢਾ ਪੈ ਜਾਣਾ**—ਹੌਸਲਾ ਪਸਤ ਹੋ ਜਾਣਾ, ਹੌਸਲਾ ਹਾਰ ਜਾਣਾ, ਹੌਸਲਾ ਢਹਿ ਜਾਣਾ, ਉਤਸ਼ਾਹ ਨਾ ਰਹਿਣਾ।

ਉਤਸ਼ਾਹ ਭਰਨਾ—ਹੌਸਲਾ ਵੱਧਣਾ, ਕੰਮ ਕਰਨ ਨੂੰ ਜੀ ਕਰਨਾ।

**ਉਤਲੇ ਮੂੰਹੋਂ ਕਹਿਣਾ**—ਦਿਲੋਂ ਨਾ ਆਖਣਾ, ਐਵੇਂ ਮੂੰਹ ਰੱਖਣ ਲਈ ਕਹਿ ਦੇਣਾ।

**ਉਤਾਵਲੇ ਹੋਣਾ**—ਕੋਈ ਕੰਮ ਕਰਨ ਲਈ ਕਾਹਲੇ ਪੈ ਜਾਣਾ।

**ਉੱਤੇ ਡਿੱਗਣਾ**—ਕਿਸੇ ਪਿੱਛੇ ਲੱਗਣਾ, ਵਾਧੂ ਦੀ ਵਡਿਆਈ ਕਰਨੀ, ਲੱਟੂ ਹੋਣਾ, ਕਿਸੇ ਲਈ ਆਪਣਾ ਸਭ ਕੁਝ ਵਾਰਨ ਲਈ ਤਿਆਰ ਹੋਣਾ।

**ਉੱਥਲ ਪੁੱਥਲ ਮਚਾਉਣੀ**—ਗੜਬੜ ਕਰਨੀ।

**ਉਧੜ ਧੁੰਮੀ ਪਾਉਣੀ**—ਰੌਲ਼ਾ ਰੱਪਾ ਪਾਉਣਾ।

**ਉਧੜ ਧੁੰਮੀ ਮਚਾਉਣੀ**—ਰੌਲ਼ਾ ਪਾਉਣਾ।

**ਉਧੇੜ ਬੁਣ ਵਿੱਚ ਪੈਣਾ**—ਸੋਚਾਂ 'ਚ ਡੁੱਬ ਜਾਣਾ, ਵਿਚਾਰਾਂ ਦੀ ਢਾਹ ਭੰਨ ਕਰਨਾ।

**ਉਧੇੜ ਪੁਧੇੜ ਕਰਨਾ**—ਢਾਹ ਕੇ ਫੇਰ ਬਨਾਉਣਾ।

**ਉੱਨ ਲਾਹੁਣੀ**—ਧੋਖਾ ਕਰਨਾ, ਆਮ ਲੋਕਾਂ ਨੂੰ ਧੋਖੇ ਨਾਲ਼ ਲੁੱਟਣਾ, ਪੈਸੇ 'ਕੱਠੇ ਕਰਨੇ।

**ਉੱਨੀ ਇੱਕੀ ਦਾ ਫ਼ਰਕ ਹੋਣਾ**—ਬਹੁਤ ਥੋੜ੍ਹਾ ਫ਼ਰਕ ਹੋਣਾ।

**ਉਪੱਦਰ ਤੋਲਣਾ**—ਵੱਡਾ ਝੂਠ ਮਾਰਨਾ, ਅਣਹੋਣਾ ਦੋਸ਼ ਲਾਉਣਾ।

**ਉਪਮਾ ਦੇ ਪੁਲ਼ ਬੰਨ੍ਹਣੇ**—ਸਿਫ਼ਤ ਕਰਨੀ, ਵਡਿਆਈ ਕਰਨੀ।

**ਉੱਪਰ ਨਾ ਤੱਕ ਸਕਣਾ**—ਸ਼ਰਮਸਾਰ ਹੋ ਜਾਣਾ, ਕਿਸੇ ਖੁਨਾਮੀ ਕਾਰਨ ਸਿਰ ਉੱਚਾ ਨਾ ਕਰਨਾ।

**ਉਫ਼ ਨਾ ਕਰਨੀ**—ਅੰਦਰੇ ਅੰਦਰ ਸਹਿ ਜਾਣਾ, ਸ਼ਕਾਇਤ ਨਾ ਕਰਨੀ, ਮੂੰਹੋਂ ਕੁਝ ਨਾ ਬੋਲਣਾ।

**ਉਬਾਲ ਉੱਠਣਾ**—ਜੋਸ਼ ਆਉਣਾ, ਹਿਰਦੇ ਅੰਦਰੋਂ ਵਿਚਾਰ ਉੱਠਣੇ।

**ਉਬਾਲ ਆਉਣਾ**—ਦੁੱਖ ਯਾਦ ਆਉਣਾ, ਮਨ ਭਰ ਆਉਣਾ।

**ਉਬਾਲ ਕੱਢਣੇ**—ਦਿਲ ਦਾ ਗ਼ੁੱਸਾ ਜ਼ਾਹਰ ਕਰਨਾ, ਭੜਾਸ ਕੱਢਣੀ।

**ਉਬਾਲੇ ਖਾਣਾ**—ਗ਼ੁੱਸੇ ਵਿੱਚ ਆ ਕੇ ਕਚੀਚੀਆਂ ਵੱਟਣੀਆਂ, ਗ਼ੁੱਸੇ ਵਿੱਚ ਤਿਲਮਲਾਉਣਾ।

**ਉੱਭੇ ਸਾਹ ਲੈਣਾ**—ਠੰਢੇ ਹਉਕੇ ਭਰਨੇ, ਆਪਣੇ ਦੱਬੇ ਜਜ਼ਬਿਆਂ ਨੂੰ ਹਾਉਕਿਆਂ ਰਾਹੀਂ ਪ੍ਰਗਟ ਕਰਨਾ।

**ਉਮਰ ਪੱਕਣੀ**—ਵੱਡੀ ਉਮਰ ਦਾ ਹੋ ਜਾਣਾ।

**ਉਮਰਾਂ ਬੱਧੀ**—ਸਾਰੀ ਉਮਰ, ਆਯੂ ਭਰ।

**ਉਰੇ ਪਰੇ ਕਰਨਾ**—ਏਧਰ ਓਧਰ ਕਰ ਦੇਣਾ, ਲਕੋ ਦੇਣਾ।

**ਉਲਟੇ ਕਾਨੂੰਨ ਪੜ੍ਹਨਾ**—ਬਿਨਾਂ ਮਤਲਬ ਦੇ ਗੱਲਾਂ ਕਰਨੀਆਂ, ਅਜਾਈਂ ਬਹਿਸ 'ਚ ਪੈਣਾ।

**ਉਲਾਂਘਾਂ ਭਰਨੀਆਂ**—ਛੇਤੀ ਛੇਤੀ ਅੱਗੇ ਵਧਣਾ, ਤਰੱਕੀ ਕਰਨੀ।

**ਉੱਲੂ ਬਨਾਉਣਾ**—ਦੂਜੇ ਨੂੰ ਮੂਰਖ ਬਨਾਉਣਾ।

**ਉੱਲੂ ਸਿੱਧਾ ਕਰਨਾ**—ਆਪਣੀ ਗਰਜ਼ ਪੂਰੀ ਕਰਨੀ, ਆਪਣਾ ਕੰਮ ਕੱਢਣਾ।

**ਉੱਲੂ ਬੋਲਣਾ**—ਉਜਾੜ ਹੋਣਾ, ਕਿਸੇ ਥਾਂ ਦੀ ਰੌਣਕ ਉੱਡ ਜਾਣੀ।

**ਊਠ ਤੋਂ ਛਾਨਣੀ ਲਾਹੁਣੀ**—ਜ਼ਿਆਦਾ ਖ਼ਰਚ ਦੇ ਬੋਝ 'ਚ ਦੱਬੇ ਵਿਅਕਤੀ ਦੀ ਨਾਂ ਮਾਤਰ ਸਹਾਇਤਾ ਕਰਨੀ।

**ਊਠ ਦੇ ਮੂੰਹ ਜੀਰਾ ਦੇਣਾ**—ਬਹੁਤਾ ਖਾਣ ਵਾਲ਼ੇ ਨੂੰ ਨਾਂ ਮਾਤਰ ਖਾਣ ਨੂੰ ਦੇਣਾ।

**ਓਤ ਪੋਤ ਹੋਣਾ**—ਘੁਲ਼ ਮਿਲ਼ ਜਾਣਾ, ਇਕਮਿਕ ਹੋਣਾ, ਘਣੇ ਸੰਬੰਧ ਪੈਦਾ ਕਰਨੇ।

**ਓਪਰੇ ਪੈਰੀਂ ਖਲੋਣਾ**—ਕਿਸੇ ਦੂਜੇ ਦੇ ਸਹਾਰੇ 'ਤੇ ਹੋਣਾ, ਆਪਣੇ ਪੈਰਾਂ 'ਤੇ ਨਾ ਖੜ੍ਹਨਾ।

**ਓੜਾ ਨਾ ਰਹਿਣਾ**—ਕਿਸੇ ਚੀਜ਼ ਦੀ ਘਾਟ ਨਾ ਰਹਿਣੀ, ਬਹੁਤਾਤ ਹੋਣੀ।

## ਅ

**ਅਸ਼ ਅਸ਼ ਕਰਨਾ**—ਵਡਿਆਈ ਕਰਨੀ, ਸਿਫ਼ਤਾਂ ਕਰਨੀਆਂ, ਸ਼ਾਬਾਸ਼ ਦੇਣੀ।

**ਅਸਤਾਉਣਾ**—ਕੰਮ ਕਰਦਿਆਂ ਥੋੜ੍ਹਾ ਸਮਾਂ ਅਰਾਮ ਕਰਨਾ, ਦਮ ਲੈਣਾ।

**ਅਈਂ ਅਈਂ ਕਰਨਾ**—ਮਿੰਨਤਾਂ ਕਰਨੀਆਂ, ਹਾੜ੍ਹੇ ਕਢਣੇ, ਤਰਲੇ ਪਾਉਣੇ।

**ਅਸਮਾਨ ਸਿਰ 'ਤੇ ਚੁੱਕਣਾ**—ਬਹੁਤ ਰੌਲ਼ਾ-ਰੱਪਾ ਪਾਉਣਾ, ਡੰਡ ਪਾਉਣੀ, ਬਹੁਤ ਉੱਚੀ ਬੋਲਣਾ, ਸ਼ੋਰ ਪਾਉਣਾ।

**ਅਸਮਾਨੀਂ ਚੜ੍ਹਾਉਣਾ**—ਬਹੁਤੀ ਵਡਿਆਈ ਕਰਨੀ, ਫੋਕੀ ਵਡਿਆਈ ਕਰਕੇ ਫੁਲਾ ਦੇਣਾ।

**ਅਸਮਾਨ ਦੇ ਤਾਰੇ ਤੋੜਨੇ**—ਫੜ੍ਹਾਂ ਮਾਰਨੀਆਂ, ਬੇਲੋੜੀ ਚਤੁਰਾਈ ਵਿਖਾਉਣੀ।

**ਅਸਮਾਨ ਨਾਲ਼ ਗੱਲਾਂ ਕਰਨਾ**—ਕਿਸੇ ਇਮਾਰਤ ਜਾਂ ਬ੍ਰਿਛ ਆਦਿ ਦਾ ਬਹੁਤ ਉੱਚਾ ਹੋਣਾ।

**ਅਸਮਾਨ ਨੂੰ ਟਾਕੀਆਂ ਲਾਉਣੀਆਂ**—ਹੁਸ਼ਿਆਰੀ ਦਿਖਾਉਣੀ, ਚਤੁਰਾਈ ਵਾਲ਼ੀਆਂ ਗੱਲਾਂ ਕਰਨੀਆਂ।

**ਅਸਮਾਨ ਵਿੱਚ ਚਮਕਣਾ**—ਪ੍ਰਸਿੱਧੀ ਪ੍ਰਾਪਤ ਕਰਨੀ, ਮਸ਼ਹੂਰ ਹੋਣਾ।

**ਅਸਮਾਨੋਂ ਗੋਲ਼ਾ ਪੈਣਾ**—ਅਚਾਨਕ ਵਿਪਤਾ ਪੈ ਜਾਣੀ, ਮੁਸੀਬਤ ਵਿੱਚ ਫਸ ਜਾਣਾ।

**ਅਸਰ ਹੇਠ ਹੋਣਾ**—ਕਿਸੇ ਦੇ ਪ੍ਰਭਾਵ ਥੱਲ੍ਹੇ ਹੋਣਾ, ਡਰੇ ਰਹਿਣਾ।

**ਅਸਲਾ ਦਖਾਉਣਾ**—ਆਪਣਾ ਸਹੀ ਖਾਸਾ ਦਿਖਾਉਣਾ, ਅਸਲੀ ਸੁਭਾ ਦਾ ਪ੍ਰਗਟ ਕਰਨਾ।

**ਅਹੰਕਾਰ ਟੁੱਟਣਾ**—ਕਾਰੋਬਾਰ ਵਿੱਚ ਤਬਾਹ ਹੋ ਜਾਣਾ, ਕਿਸੇ ਖ਼ੁਨਾਮੀ ਕਾਰਨ ਸਮਾਜ ਵਿੱਚ ਨੀਵਾਂ ਹੋ ਜਾਣਾ।

**ਅਹਿਸਾਨ ਹੇਠ ਦਬਿਆ ਹੋਣਾ**—ਕਿਸੇ ਦੀ ਕੀਤੀ ਭਲਾਈ ਨੂੰ ਨਾ ਭੁੱਲਣਾ, ਰਿਣੀ ਰਹਿਣਾ।

**ਅਕਲ ਖਰਚ ਕਰਨਾ**—ਡੂੰਘੀ ਸੋਚ ਸੋਚਣੀ, ਵਿਚਾਰ ਕਰਨਾ।

**ਅਕਲ ਖਾਤੇ ਸੁੱਟਣਾ**—ਕੋਈ ਬੇਅਕਲੀ ਵਾਲਾ ਕੰਮ ਕਰਨਾ, ਬੇਸਮਝੀ ਵਾਲੀ ਗੱਲ ਕਰਨੀ।

**ਅਕਲ ਖੁੰਢੀ ਹੋਣਾ**—ਦਿਮਾਗ਼ੀ ਤਾਕਤ ਘੱਟ ਹੋਣਾ, ਚੱਜ ਦੀ ਗੱਲ ਨਾ ਸੁਝਣੀ, ਦਿਮਾਗ਼ ਦਾ ਤੇਜ਼-ਤਰਾਰ ਨਾ ਹੋਣਾ।

**ਅਕਲ ਗਿੱਟਿਆਂ ਵਿੱਚ ਹੋਣਾ**—ਬੇਸਮਝ ਮਨੁੱਖ, ਬੇਵਕੂਫ਼, ਘੱਟ ਅਕਲ ਵਾਲ਼ਾ।

**ਅਕਲ ਗੁੰਮ ਹੋਣਾ**—ਕਿਸੇ ਬਿਪਤਾ ਸਮੇਂ ਘਬਰਾ ਜਾਣਾ, ਹੋਸ਼ ਗੁਆ ਬੈਠਣਾ।

**ਅਕਲ ਚੱਕਰਾ ਜਾਣਾ**—ਕੋਈ ਗੱਲ ਨਾ ਸੁਝਣੀ, ਸਿਰ ਭੌਂ ਜਾਣਾ।

**ਅਕਲ 'ਤੇ ਪੱਥਰ ਪੈਣਾ**—ਸਮਝ ਗੁਆ ਬੈਠਣਾ, ਬੇਸਮਝੀ ਨਾਲ਼ ਗ਼ਲਤੀ ਕਰ ਲੈਣੀ।

**ਅਕਲ 'ਤੇ ਪਰਦਾ ਪਾਉਣਾ**—ਜਾਣ ਬੁਝ ਕੇ ਕਿਸੇ ਨੂੰ ਮੂਰਖ਼ ਬਨਾਉਣਾ, ਅਕਲ ਨਾ ਆਉਣ ਦੇਣੀ।

**ਅਕਲ 'ਤੇ ਪਰਦਾ ਪੈਣਾ**—ਦਿਮਾਗ਼ੀ ਸੂਝ ਨੇ ਕੰਮ ਨਾ ਕਰਨਾ, ਮੱਤ ਮਾਰੀ ਜਾਣੀ।

**ਅਕਲ ਦਾ ਅੰਨ੍ਹਾ ਹੋਣਾ**—ਅਗਿਆਨੀ, ਮਹਾਂ ਮੂਰਖ਼।

**ਅਕਲ ਦਾ ਕੋਟ ਹੋਣਾ**—ਅਤਿ ਸਿਆਣਾ, ਵਿਦਵਾਨ, ਗਿਆਨੀ।

**ਅਕਲ ਦੇ ਡੰਡ ਲਾਉਣਾ**—ਸੋਚ ਉਡਾਰੀ, ਅਕਲ ਲੜਾਉਣੀ, ਅਕਲ ਨਾਲ਼ ਅੰਦਾਜ਼ਾ ਲਾਉਣਾ।

**ਅਕਲ ਦੇ ਨਹੁੰ ਲਹਾਉਣੇ**—ਸੋਚ ਵਿਚਾਰ ਨਾਲ਼ ਕੰਮ ਕਰਨਾ, ਹੋਸ਼-ਹਵਾਸ ਵਿੱਚ ਹੋਣਾ।

**ਅਕਲ ਦੁੜਾਉਣਾ**—ਵਿਚਾਰ ਵਿਮਰਸ਼ ਕਰਨਾ, ਸੋਚ ਵਿਚਾਰ ਕਰਨੀ।

**ਅਕਲ ਦੀ ਮਾਰ ਪੈਣੀ**—ਅਕਲ ਗੁਆ ਬੈਠਣਾ, ਮੱਤ ਮਾਰੀ ਜਾਣੀ।

**ਅਕਲ ਨੂੰ ਜਿੰਦਰਾ ਮਾਰਨਾ**—ਕੋਈ ਗੱਲ ਨਾ ਸੁਝਣੀ, ਕੋਈ ਸਮਝ ਨਾ ਆਉਣੀ।

**ਅਕਲ ਫਿਰਨੀ**—ਮੱਤ ਮਾਰੀ ਜਾਣੀ, ਉਲਟੀਆਂ ਪੁਲਟੀਆਂ ਗੱਲਾਂ ਕਰਨਾ, ਬੇਵਕੂਫ਼ਾਂ ਵਾਲ਼ੀਆਂ ਬੇਥਵੀਆਂ ਮਾਰਨੀਆਂ।

**ਅਕਲ ਲੈਣੀ**—ਸਿੱਖਿਆ ਲੈਣਾ, ਮੱਤ ਲੈਣੀ।

**ਅਕਲ ਵਿੱਚ ਪੱਥਰ ਪੈਣੇ**—ਕੋਈ ਗੱਲ ਨਾ ਸੁਝਣਾ, ਮੱਤ ਮਾਰੀ ਜਾਣੀ।

**ਅੱਕਾਂ ਨੂੰ ਬਾੜ ਕਰਨੀ**—ਬੇਲੋੜੀ ਵਸਤੂ ਦੀ ਰਾਖੀ ਕਰਨੀ, ਕਿਸੇ ਅਯੋਗ ਚੀਜ਼ ਦੀ ਕਦਰ ਕਰਨਾ।

**ਅੱਕੀਂ ਪਲਾਹੀਂ ਹੱਥ ਮਾਰਨਾ**—ਆਪਣੇ ਮੰਤਵ ਦੀ ਪੂਰਤੀ ਲਈ ਹਰ ਹੀਲਾ ਵਰਤਣਾ, ਹਾੜ੍ਹੇ ਕੱਢਣਾ।

**ਅੱਖ ਉੱਚੀ ਕਰਨੀ**—ਵੇਖਣ ਦਾ ਜੇਰਾ ਕਰਨਾ, ਤੱਕਣਾ।

**ਅੱਖ ਚੁੱਕ ਕੇ ਵੇਖਣਾ**—ਬਿਨਾਂ ਝਿਜਕ ਤੋਂ ਦੇਖਣਾ, ਦਲੇਰੀ ਨਾਲ਼ ਤੱਕਣਾ।

**ਅੱਖ ਖੁੱਲ੍ਹਣੀ**—ਨੀਦੋਂ ਜਾਗਣਾ, ਅਗਿਆਨਤਾ ਦੂਰ ਹੋਣੀ।

**ਅੱਖ ਚੁਰਾਣਾ**—ਲੁਕਣਾ, ਸਾਹਮਣੇ ਹੋਣੋਂ ਝਿਜਕਣਾ, ਮੱਥੇ ਨਾ ਲੱਗਣਾ।

**ਅੱਖ ਤਿਣ ਹੋਣਾ**—ਚੁੱਭਣਾ, ਚੰਗਾ ਨਾ ਲੱਗਣਾ, ਨਫ਼ਰਤ ਹੋ ਜਾਣੀ।

**ਅੱਖ ਦਾ ਤਾਰਾ ਹੋਣਾ**—ਪਿਆਰਾ ਤੇ ਲਾਡਲਾ ਹੋਣਾ।

**ਅੱਖ ਦਾ ਤਿਣਕਾ ਬਣਨਾ**—ਦੁੱਖਾਂ ਦਾ ਕਾਰਨ ਬਣਨਾ।

**ਅੱਖ ਦਾ ਪਾਣੀ ਮਰਨਾ**—ਲਜਿਆ ਜਾਂਦੀ ਰਹਿਣੀ-ਸ਼ਰਮ ਨਾ ਹੋਣੀ।

**ਅੱਖ ਦਾ ਲਿਹਾਜ਼ ਰੱਖਣਾ**—ਜਾਣ ਪਹਿਚਾਣ ਦਾ ਲਿਹਾਜ਼ ਕਰਨਾ।

**ਅੱਖ ਦੇ ਫੋਰ ਵਿੱਚ**—ਤੁਰਤ ਫੁਰਤ, ਬਹੁਤ ਛੇਤੀ।

**ਅੱਖ ਨਾ ਚੁੱਕ ਸਕਣਾ**—ਕਿਸੇ ਵੱਲ ਦੇਖਣ ਦੀ ਜੁਰਅੱਤ ਨਾ ਕਰਨਾ, ਰੋਹਬ ਹੇਠ ਰਹਿਣਾ, ਸ਼ਰਮਸਾਰ ਹੋਣਾ।

**ਅੱਖ ਨਾ ਮਿਲਾਣਾ**—ਕਿਸੇ ਵੱਲ ਨਾ ਦੇਖਣਾ, ਗੱਲ ਨਾ ਮੰਨਣੀ, ਪ੍ਰਵਾਹ ਨਾ ਕਰਨੀ।

**ਅੱਖ ਨਾਲ਼ ਅੱਖ ਰਲਾਉਣਾ**—ਬਰਾਬਰਤਾ ਕਰਨੀ, ਸਨਮੁਖ ਹੋਣਾ।

**ਅੱਖ ਨੀਵੀਂ ਹੋਣਾ**—ਕਿਸੇ ਦੇ ਅਹਿਸਾਨ ਥੱਲ੍ਹੇ ਦਬ ਜਾਣਾ, ਸ਼ਰਮਿੰਦਾ ਹੋਣਾ, ਆਪਣੇ ਆਪ ਨੂੰ ਘਟੀਆ ਸਮਝਣਾ।

**ਅੱਖ ਨੂੰ ਜਚਣਾ**—ਚੰਗਾ ਲੱਗਣਾ, ਪਸੰਦ ਆਉਣਾ।

**ਅੱਖ ਪੁਟਣੀ**—ਨੀਂਦ ਤੋਂ ਜਾਗ ਆਉਣੀ, ਅੱਖ ਖੋਲ੍ਹਣੀ, ਹੋਸ਼ 'ਚ ਆਉਣਾ।

**ਅੱਖ ਪਰਤ ਕੇ ਵੇਖਣਾ**—ਬੁਰੀ ਨਿਗਾਹ ਨਾਲ਼ ਦੇਖਣਾ, ਰੋਅਬ ਪਾਉਣਾ।

**ਅੱਖ ਪੁੱਟ ਕੇ ਤੱਕਣਾ**—ਬੇਸ਼ਰਮਾਂ ਵਾਲ਼ੀ ਨਿਗਾਹ ਨਾਲ਼ ਦੇਖਣਾ, ਉੱਚਾ ਹੋ ਕੇ ਤੱਕਣਾ।

**ਅੱਖ ਫਰਕਣਾ**—ਆਸ ਬੱਝਣੀ, ਵਿਗੜੇ ਕੰਮ ਰਾਸ ਆਉਣੇ।

**ਅੱਖ ਬਚਾਉਣਾ**—ਅਛੋਪਲੇ ਜਹੇ ਖਿਸਕ ਜਾਣਾ, ਅਜਿਹਾ ਕੰਮ ਕਰਨਾ ਜਿਸ ਨੂੰ ਦੂਜਾ ਨਾ ਦੇਖ ਸਕੇ।

**ਅੱਖ ਭਰ ਕੇ ਦੇਖਣਾ**—ਪੂਰੇ ਧਿਆਨ ਨਾਲ਼ ਦੇਖਣਾ।

**ਅੱਖ ਮਾਰਨਾ**—ਅੱਖ ਨਾਲ਼ ਇਸ਼ਾਰਾ ਕਰਨਾ (ਪੱਲਾ ਮਾਰ ਕੇ ਬੁਝਾ ਗਈ ਦੀਵਾ, ਅੱਖ ਨਾਲ਼ ਗੱਲ ਕਰਗੀ-ਲੋਕ ਗੀਤ)

**ਅੱਖ ਮਾਰੀ ਜਾਣੀ**—ਕਿਸੇ ਸਟ ਫੇਟ ਜਾਂ ਬੀਮਾਰੀ ਨਾਲ਼ ਇਕ ਅੱਖ ਦੀ ਨਿਗਾਹ ਜਾਂਦੀ ਰਹਿਣੀ, ਕਾਣਾ ਹੋ ਜਾਣਾ।

**ਅੱਖ ਮਿਲਾਉਣਾ**—ਕਿਸੇ ਵੱਲ ਨਿਗਾਹ ਮਿਲਾ ਕੇ ਦੇਖਣਾ, ਸਹਿਮਤੀ ਹੋਣੀ।

**ਅੱਖ ਮੀਟ ਲੈਣਾ**—ਕਿਸੇ ਵੱਲ ਧਿਆਨ ਨਾ ਦੇਣਾ, ਨਜ਼ਰ-ਅੰਦਾਜ਼ ਕਰਨਾ।

**ਅੱਖ ਰੱਖਣਾ**—ਦੂਜੇ ਦੀ ਹਰ ਹਰਕਤ 'ਤੇ ਨਿਗਾਹ ਰੱਖਣੀ, ਪੂਰਾ ਧਿਆਨ ਰੱਖਣਾ।

**ਅੱਖ ਲੱਗਣਾ**—ਸੌਂ ਜਾਣਾ, ਨੀਂਦ ਆ ਜਾਣੀ।

**ਅੱਖ ਲੜਾਉਣਾ**—ਇਸ਼ਕ ਕਰਨਾ, ਪਿਆਰ ਕਰਨਾ।

**ਅੱਖ ਵਿੱਚ ਨਾ ਰੜਕਣਾ**—ਰੱਤੀ ਭਰ ਵੀ ਬੁਰਾ ਨਾ ਲੱਗਣਾ।

**ਅੱਖਾਂ ਉਘਾੜਨਾ**—ਗਿਆਨ ਹੋਣਾ, ਸਮਝ ਆ ਜਾਣੀ।

**ਅੱਖਾਂ ਅੱਖਾਂ ਵਿੱਚ ਸਮਝਾਉਣਾ**—ਇਸ਼ਾਰੇ ਨਾਲ਼ ਗੱਲ ਦੱਸਣੀ।

**ਅੱਖਾਂ ਅੱਗੇ ਆਉਣਾ**—ਵਿਸਰੀ ਗੱਲ ਚੇਤੇ ਆਉਣੀ।

**ਅੱਖਾਂ ਅੱਗੇ ਸਰ੍ਹੋਂ ਫੁਲਣੀ**—ਘਬਰਾ ਜਾਣਾ, ਹੱਥਾਂ ਪੈਰਾਂ ਦੀ ਪੈ ਜਾਣੀ।

**ਅੱਖਾਂ ਅੱਗੇ ਹਨ੍ਹੇਰਾ ਆ ਜਾਣਾ**—ਸੁੰਨ ਹੋ ਜਾਣਾ, ਘਾਬਰ ਜਾਣਾ, ਸੁਧ ਬੁਧ ਗੁਆਚ ਜਾਣੀ।

**ਅੱਖਾਂ ਅੱਗੇ ਖੋਪੇ ਚਾੜ੍ਹਨੇ**—ਮੱਤ ਮਾਰ ਦੇਣੀ, ਉੱਲੂ ਬਣਾ ਦੇਣਾ।

**ਅੱਖਾਂ ਅੱਗੇ ਤਾਰਿਆਂ ਦਾ ਝੁੰਡ ਆਉਣਾ**—ਘਬਰਾ ਜਾਣਾ।

**ਅੱਖਾਂ ਅੱਗੇ ਫਿਰਨਾ**—ਚੇਤੇ ਆ ਜਾਣਾ, ਨਜ਼ਰ ਆਉਣਾ।

**ਅੱਖਾਂ ਅੱਗੋਂ ਦੂਰ ਹੋਣਾ**—ਸਾਹਮਣੇ ਤੋਂ ਦੂਰ ਹੋਣਾ, ਦਫ਼ਾ ਹੋ ਜਾਣਾ।

**ਅੱਖਾਂ ਸੇਜਲ ਹੋਣਾ**—ਅੱਥਰੂ ਆ ਜਾਣੇ, ਅੱਖਾਂ ਵਿੱਚ ਪਾਣੀ ਸਿਮ ਆਉਣਾ।

**ਅੱਖਾਂ ਸਾਹਮਣੇ ਫਿਰਨਾ**—ਸ਼ਿੱਦਤ ਨਾਲ਼ ਯਾਦ ਆਉਣਾ।

**ਅੱਖਾਂ ਕੱਢਣਾ**—ਗੁੱਸੇ ਵਿੱਚ ਡਰਾਉਣਾ, ਅੱਖਾਂ ਤਾਣ ਕੇ ਦੇਖਣਾ।

**ਅੱਖਾਂ ਖੁੱਲ੍ਹਣੀਆਂ**—ਸਮਝ ਆ ਜਾਣੀ, ਗਿਆਨ ਹੋਣਾ।

**ਅੱਖਾਂ ਖੋਲ੍ਹ ਦੇਣਾ**—ਅਸਲੀਅਤ ਦਾ ਚਾਨਣ ਕਰਵਾ ਦੇਣਾ, ਭੁਲੇਖੇ ਦੂਰ ਕਰ ਦੇਣੇ।

**ਅੱਖਾਂ ਗਿੱਲੀਆਂ ਹੋਣਾ**—ਅੱਥਰੂ ਵਗ ਤੁਰਨੇ।

**ਅੱਖਾਂ ਚਮਕ ਪੈਣੀਆਂ**—ਚਾਅ ਚੜ੍ਹ ਜਾਣਾ, ਖ਼ੁਸ਼ੀ ਨਾਲ਼ ਅੱਖਾਂ 'ਚ ਚਮਕ ਲਿਸ਼ਕਣੀ।

**ਅੱਖਾਂ ਚਾੜ੍ਹਨੀਆਂ**—ਨਸ਼ੇ ਨਾਲ਼ ਅੱਖਾਂ ਤਾੜੇ ਲੱਗਣੀਆਂ, ਸਰੂਰਿਆ ਜਾਣਾ।

**ਅੱਖਾਂ ਚੁਕ ਚੁਕ ਦੇਖਣਾ**—ਬੇ-ਸਬਰੀ ਨਾਲ਼ ਉਡੀਕ ਕਰਨੀ।

**ਅੱਖਾਂ 'ਤੇ ਬਿਠਾਉਣਾ**—ਆਦਰ ਮਾਣ ਕਰਨਾ।

**ਅੱਖਾਂ ਤੋਂ ਪੱਟੀ ਉਤਾਰਨਾ**—ਚੰਗੀ ਤਰ੍ਹਾਂ ਘੋਖ ਨਾਲ਼ ਦੇਖਣਾ।

**ਅੱਖਾਂ ਨੀਵੀਆਂ ਕਰਨਾ**—ਸ਼ਰਮਿੰਦਾ ਹੋਣਾ।

**ਅੱਖਾਂ ਪਥਰਾ ਜਾਣਾ**—ਨਿਗਾਹ ਇਕੋ ਥਾਂ ਜਮ ਜਾਣਾ, ਠਠੰਬਰ ਜਾਣਾ, ਟਿਕਟਕੀ ਬੰਨ੍ਹ ਕੇ ਦੇਖਣਾ।

**ਅੱਖਾਂ ਪਰਤ ਲੈਣਾ**—ਮੂੰਹ ਮੋੜ ਲੈਣਾ, ਯਾਰੀ ਦੋਸਤੀ ਤੋੜ ਦੇਣੀ।

**ਅੱਖਾਂ ਪਾੜ ਪਾੜ ਦੇਖਣਾ**—ਬੇਸ਼ਰਮੀ ਨਾਲ਼ ਦੇਖਣਾ, ਢੀਠਤਾਈ ਵਖਾਉਣੀ।

**ਅੱਖਾਂ ਫੇਰ ਲੈਣਾ**—ਦੋਸਤੀ ਤੇ ਮਿੱਤਰਤਾ ਛੱਡ ਦੇਣੀ, ਆਪਣਾ ਨਾਤਾ ਤੋੜ ਲੈਣਾ।

**ਅੱਖਾਂ ਬਦਲ ਲੈਣਾ**—ਦੋਸਤ ਤੋਂ ਦੁਸ਼ਮਣ ਬਣ ਜਾਣਾ।

**ਅੱਖਾਂ ਭਰ ਆਉਣੀਆਂ**—ਅੱਖਾਂ 'ਚ ਅੱਥਰੂ ਆ ਜਾਣੇ।

**ਅੱਖਾਂ ਮੀਟਣਾ**—ਲਾਪ੍ਰਵਾਹ ਹੋ ਜਾਣਾ, ਮਰ ਜਾਣਾ।

**ਅੱਖਾਂ ਵਿੱਚ ਘੱਟਾ ਪਾਉਣਾ**—ਬੇਵਕੂਫ਼ ਬਨਾਉਣਾ, ਧੋਖਾ ਦੇਣਾ, ਠੱਗੀ ਮਾਰਨੀ।

**ਅੱਖਾਂ ਵਿੱਚ ਰੜਕਣਾ**—ਭੈੜਾ ਲੱਗਣਾ, ਘਿਰਣਾ ਹੋ ਜਾਣੀ।

**ਅੱਖਾਂ 'ਚ ਲਹੂ ਉਤਰਨਾ**—ਬਹੁਤ ਗ਼ੁਸੇ ਹੋਣਾ।

**ਅੱਖਾਂ 'ਚ ਲਾਲੀ ਉਤਰਨੀ**—ਗ਼ੁਸੇ ਨਾਲ਼ ਭਰ ਜਾਣਾ।

**ਅੱਖਾਂ ਅੱਗੇ ਹਨ੍ਹੇਰਾ ਆਉਣਾ**—ਗ਼ੁਸੇ ਜਾਂ ਕ੍ਰੋਧ ਵਿੱਚ ਹੋਸ਼ ਗੁਆ ਬੈਠਣਾ।

**ਅੱਖੀਆਂ ਭਰਨਾ**—ਦੁਰਘਟਨਾ ਦੇਖ ਕੇ ਅੱਖਾਂ 'ਚ ਪਾਣੀ ਆ ਜਾਣਾ, ਯਾਦ ਕਰਨਾ।

**ਅੱਖੀਆਂ ਮਿਲਣੀਆਂ**—ਇਕ ਦੂਜੇ ਦੇ ਆਮ੍ਹੋ-ਸਾਹਮਣੇ ਹੋਣਾ, ਥੋੜ੍ਹੇ ਸਮੇਂ ਲਈ ਮਿਲਣਾ।

**ਅੱਖੋਂ ਓਹਲੇ ਕਰਨਾ**—ਭੁਲਾ ਦੇਣਾ, ਵਿਸਰ ਜਾਣਾ, ਲੁਕੋ ਦੇਣਾ।

ਅੱਗ ਨਾਲ਼ ਖੇਡਣਾ—ਖਤਰਾ ਮੁੱਲ ਲੈਣਾ, ਜਾਣ ਬੁਝ ਕੇ ਔਖਾ ਕੰਮ ਕਰਨਾ।

ਅੱਗ ਪਾ ਦੇਣੀ—ਸ਼ਾਂਤੀ ਭੰਗ ਕਰਨਾ, ਅਮਨ 'ਚ ਖਲਲ ਪਾਉਣਾ।

ਅੱਗ ਭਬੂਕਾ ਹੋਣਾ—ਗੁੱਸੇ ਵਿੱਚ ਲਾਲ ਸੂਹਾ ਹੋਣਾ।

ਅੱਗ 'ਤੇ ਤੇਲ ਪਾਉਣਾ—ਝਗੜੇ ਨੂੰ ਹੋਰ ਵਧਾਉਣਾ।

ਅੱਗ ਲਾਉਣਾ—ਅਮਨ ਭੰਗ ਕਰਨਾ, ਸ਼ੋਸ਼ੇ ਛੱਡ ਕੇ ਗੱਲ ਵਧਾਉਣੀ, ਲੜਾਈ ਤੇਜ਼ ਕਰਨੀ।

ਅੱਗ ਵਰ੍ਹਨੀ—ਅਤਿ ਦੀ ਗਰਮੀ ਪੈਣੀ।

ਅੱਗ 'ਚ ਛਾਲ ਮਾਰਨੀ—ਅਜਿਹਾ ਖ਼ਤਰਾ ਮੁਲ ਲੈਣਾ ਜਿਸ 'ਚ ਜਾਨ ਚਲੀ ਜਾਵੇ।

ਅਗਲੇ ਘਰੋਂ ਬਚਣਾ—ਮੌਤ ਦੇ ਮੂੰਹ 'ਚੋਂ ਬਚ ਕੇ ਨਿਕਲਣਾ।

ਅੱਗਾ ਪਿੱਛਾ ਨਾ ਸੁਝਣਾ—ਔਖੀ ਘੜੀ 'ਚੋਂ ਨਿਕਲਣ ਦਾ ਰਾਹ ਨਾ ਲੱਭਣਾ।

ਅੱਗਾ ਪਿੱਛਾ ਵੇਖਣਾ—ਸਾਰੇ ਪੱਖ ਦੇਖਣੇ, ਨਫੇ ਨੁਕਸਾਨ ਬਾਰੇ ਸੋਚਣਾ।

ਅੱਗਾ ਭਾਰੀ ਹੋਣਾ—ਬੁਰੇ ਕੰਮ ਕਰਕੇ ਨਰਕਾਂ ਦੇ ਰਾਹ ਪੈਣਾ।

ਅੱਗਾ ਮਾਰਨਾ—ਕਿਸੇ ਦੀ ਤਰੱਕੀ ਵਿੱਚ ਰੋੜਾ ਬਨਣਾ, ਰੋਕ ਲਾਉਣੀ।

ਅੱਗੇ ਹਿੱਕਣਾ—ਆਮ ਲੋਕਾਂ 'ਤੇ ਜ਼ੋਰ ਜ਼ੁਲਮ ਕਰਨਾ।

ਅੱਗੇ ਲੱਗ ਤੁਰਨਾ—ਬੇਬਸ ਹੋ ਜਾਣਾ।

ਅੱਗੇ ਲਾ ਲੈਣਾ—ਆਪਣੀ ਈਨ ਮਨਾਉਣੀ, ਮਰਜ਼ੀ ਨਾਲ਼ ਕੰਮ ਕਰਵਾਉਣੇ।

ਅੱਜ ਕੱਲ੍ਹ ਕਰਨਾ—ਲਾਰੇ ਲਾਉਣਾ, ਟਾਲ ਮਟੋਲ ਕਰਨਾ।

ਅਜ਼ਾਬ ਦੇ ਮੂੰਹ ਆਉਣਾ—ਕਿਸੇ ਡਾਢੀ ਪੀੜਾ ਵਿੱਚ ਫਸ ਜਾਣਾ,ਦੁੱਖ ਝੱਲਣੇ।

ਅਜ਼ੀਬ ਮਿੱਟੀ ਦੇ ਘੜੇ ਹੋਣਾ—ਅਨੋਖੇ ਸੁਭਾਅ ਦੇ ਮਾਲਕ ਹੋਣਾ।

ਅਟੇਰ ਕੇ ਲੈ ਜਾਣਾ—ਕਿਸੇ ਨੂੰ ਧੋਖੇ ਨਾਲ਼ ਆਪਣੇ ਮਗਰ ਲਾ ਲੈਣਾ।

ਅਠੋ ਅੱਠ ਮਾਰਨੀਆਂ—ਮੌਜ ਵਿੱਚ ਹੋਣਾ।

ਅੱਡ੍ਹਾ ਲਾਉਣਾ—ਪੂਰੀ ਟੱਕਰ ਲੈਣੀ।

ਅੱਡੀ ਚੋਟੀ ਤੱਕ ਡੁਬ ਜਾਣਾ—ਆਪਣੇ ਧਿਆਨ ਵਿੱਚ ਮਗਨ ਹੋ ਜਾਣਾ।

ਅੱਡੀ ਚੋਟੀ ਦਾ ਜ਼ੋਰ ਲਾਉਣਾ—ਕਿਸੇ ਕੰਮ ਨੂੰ ਪੂਰੀ ਲਗਨ ਨਾਲ਼ ਕਰਨਾ।

ਅੱਡੀ ਨਾ ਲੱਗਣੀ—ਟਿਕ ਕੇ ਨਾ ਬਹਿਣਾ।

ਅੱਡੀਆਂ ਗੋਡੇ ਰਗੜਨਾ—ਮਿੰਨਤਾਂ ਤਰਲੇ ਕਰਨੇ।

**ਅੱਡੀਆਂ ਰਗੜਨਾ**—ਤਰਲੇ ਕਰਨੇ।

**ਅੱਡੇ ਚਾੜ੍ਹਨਾ**—ਵਸ ਵਿੱਚ ਕਰਨਾ।

**ਅਣਖ ਗੁਆਉਣੀ**—ਗ਼ੈਰਤ-ਸੂਰਬੀਰਤਾ ਗੁਆ ਲੈਣੀ।

**ਅਣਿਆਈ ਮੌਤ ਮਰਨਾ**—ਅਚਾਨਕ ਕਿਸੇ ਹਾਦਸੇ ਵਿੱਚ ਜਾਨ ਗੁਆ ਦੇਣੀ, ਅਜਾਈਂ ਮਰ ਜਾਣਾ।

**ਅੱਤ ਚੁੱਕਣਾ**—ਬੇਓੜਕਾ ਜ਼ੁਲਮ ਕਰਨਾ, ਹੱਦ ਟੱਪ ਜਾਣਾ।

**ਅੱਥਰੂ ਕੇਰਨੇ**—ਸ਼ੋਕ ਪ੍ਰਗਟਾਉਣਾ।

**ਅੱਥਰੂ ਛੱਲਕਣੇ**—ਬਦੋ ਬਦੀ ਰੋਣ ਨਿਕਲ ਆਉਣਾ, ਅੱਥਰੂ ਵਗ ਤੁਰਨੇ।

**ਅੱਥਰੂ ਨਾ ਠੱਲ੍ਹੇ ਜਾਣੇ**—ਰੋਣੋਂ ਚੁੱਪ ਨਾ ਹੋਣਾ।

**ਅਨਘੜਿਆ ਡੰਡਾ ਹੋਣਾ**—ਬੇਵਕੂਫ਼, ਕੁਚੱਜਾ, ਅਣਤਰਾਸ਼ਿਆ।

**ਅਨ੍ਹੇਰ ਮਾਰਨਾ**—ਧੱਕਾ ਕਰਨਾ, ਅੱਤ ਚੁੱਕਣੀ।

**ਅਫਰੇਵਾਂ ਨਾ ਲੱਥਣਾ**—ਸ਼ਾਂਤੀ ਨਾ ਆਉਣੀ।

**ਅਬਾ ਤਬਾ ਬੋਲਣਾ**—ਗਾਲ਼ੀ ਗਲੋਚ ਕਰਨਾ, ਗਾਲ਼ਾਂ ਕੱਢਣੀਆਂ, ਮੰਦਾ ਬੋਲਣਾ।

**ਅਰਸ਼ ਦੇ ਕਿੰਗਰੇ ਚੜ੍ਹਨਾ**—ਬਹੁਤ ਉੱਨਤੀ ਕਰਨੀ, ਉੱਚੀ ਪਦਵੀ 'ਤੇ ਪੁੱਜ ਜਾਣਾ।

**ਅਲ.ਫ ਨੰਗਾ ਹੋਣਾ**—ਹੱਦ ਦਰਜੇ ਦਾ ਬੇਸ਼ਰਮ ਹੋਣਾ, ਬਿਲਕੁਲ ਨੰਗਾ ਹੋ ਜਾਣਾ।

**ਅਲਖ ਮਕਾਉਣਾ**—ਜਾਨੋਂ ਮਾਰ ਦੇਣਾ।

**ਅੱਲਮ ਗੱਲਮ ਖਾਣਾ**—ਖਾਣ ਵਿੱਚ ਪ੍ਰਹੇਜ਼ ਨਾ ਕਰਨਾ।

**ਅਲੂਣੀ ਸਿਲ ਚੱਟਣੀ**—ਬੇਸੁਆਦਾ ਕੰਮ ਕਰਨਾ, ਉਹ ਕੰਮ ਕਰਨਾ ਜਿਸ ਨੂੰ ਕਰਨ ਨੂੰ ਜੀ ਨਾ ਕਰੇ।

**ਅਲ੍ਹੇ ਜ਼ਖ਼ਮਾਂ 'ਤੇ ਲੂਣ ਛਿੜਕਣਾ**—ਦੁਖੇ ਹੋਏ ਨੂੰ ਹੋਰ ਦੁਖਾਉਣਾ, ਦੁਖੀ ਕਰਨਾ।

**ਅੜ ਬਹਿਣਾ**—ਜ਼ਿਦ ਕਰਨੀ, ਅੱਗੇ ਨਾ ਤੁਰਨਾ।

**ਅੜਿੱਕੇ ਚੜ੍ਹਨਾ**—ਕਿਸੇ ਦੇ ਜਾਲ਼ 'ਚ ਫਸਣਾ, ਢਾਹੇ ਚੜ੍ਹਨਾ, ਵਸ 'ਚ ਪੈ ਜਾਣਾ।

**ਆਈ ਗਈ ਕਰ ਛੱਡਣਾ**—ਬਹਾਨੇ ਘੜਨਾ, ਟਾਲ ਮਟੋਲ ਕਰਨਾ।

**ਆਈ ਚਲਾਈ ਵਾਲ਼ਾ ਕੰਮ ਹੋਣਾ**—ਆਮਦਨ-ਖ਼ਰਚ ਬਰਾਬਰ ਹੋਣਾ।

**ਆਈ ਤੇ ਆਉਣਾ**—ਹੱਠ ਕਰਨਾ, ਬਦਲਾ ਲੈਣ ਲਈ ਮਨ ਪੱਕਾ ਕਰਨਾ।

**ਆਸਣ ਹਿੱਲ ਜਾਣਾ**—ਸੱਤਾ ਜਾਂਦੀ ਰਹਿਣੀ, ਸੋਭਾ ਘੱਟ ਜਾਣੀ।

**ਆਸਾਂ ਉੱਤੇ ਪਾਣੀ ਫਿਰਨਾ**—ਆਸ ਮੁੱਕ ਜਾਣੀ, ਨਿਰਾਸ਼ ਹੋ ਜਾਣਾ।

**ਆਸਾਂ ਦੇ ਮਹਿਲ ਉਸਾਰਨਾ**—ਸ਼ੇਖ਼ਚਿੱਲੀ ਵਾਲ਼ੀਆਂ ਗੱਲਾਂ ਕਰਨਾ, ਹਵਾਈ ਕਿਲੇ ਉਸਾਰਨਾ।

**ਆਹੂ ਲਾਹੁਣਾ**—ਮਾਰ ਮੁਕਾਉਣਾ, ਖ਼ੂਬ ਲੜਾਈ ਕਰਨੀ।

**ਆਕੜ ਜਾਣਾ**—ਜ਼ਿੱਦ ਕਰਨੀ, ਐਵੇਂ ਦਾ ਰੋਅਬ ਛਾਂਟਣਾ।

**ਆਕੜ ਭੱਜਣਾ**—ਹੰਕਾਰ ਜਾਂਦਾ ਰਹਿਣਾ, ਮਗਰੂਰੀ ਖ਼ਤਮ ਹੋ ਜਾਣੀ।

**ਆਖ਼ਰ ਆਉਣੀ**—ਅਤਿ ਹੋ ਜਾਣੀ, ਜ਼ੁਲਮ ਤੇ ਅਨਿਆ ਵੱਧ ਜਾਣਾ।

**ਆਂਚ ਨਾ ਲੱਗਣੀ**—ਕੋਈ ਦੁੱਖ ਨਾ ਹੋਣਾ, ਸੇਕ ਨਾ ਲੱਗਣਾ।

**ਆਟਾ ਖ਼ਰਾਬ ਹੋਣਾ**—ਬੇਇਜ਼ਤੀ ਹੋਣੀ।

**ਆਟਾ ਭੁੜਕਣਾ**—ਆਟੇ ਦਾ ਪੇੜਾ ਹੱਥੋਂ ਡਿੱਗ ਪੈਣਾ (ਲੋਕ ਵਿਸ਼ਵਾਸ਼ ਅਨੁਸਾਰ ਅਜਿਹਾ ਹੋਣ ਤੇ ਕੋਈ ਪ੍ਰਾਹੁਣਾ ਆਉਂਦਾ ਹੈ)

**ਆਟੇ ਵਿੱਚ ਲੂਣ ਹੋਣਾ**—ਬਹੁਤ ਘੱਟ ਗਿਣਤੀ ਵਿੱਚ ਹੋਣਾ।

**ਆਢਾ ਲਾਉਣਾ**—ਐਵੇਂ ਸਿੰਗੜੀ ਸਹੇੜੀ ਰੱਖਣੀ, ਝਗੜਾ ਕਰਨਾ, ਅਣ ਬਣ ਰੱਖਣੀ।

**ਆਂਦਰਾਂ ਸਾੜਨਾ**—ਦੁਖੀ ਹੋਣਾ, ਫ਼ਿਕਰ ਕਰੀ ਜਾਣਾ।

**ਆਂਦਰਾਂ ਠੰਢੀਆਂ ਹੋਣਾ**—ਉਲਾਦ ਦੀ ਉੱਨਤੀ ਦੇਖ ਕੇ ਮਨ ਸ਼ਾਂਤ ਹੋਣਾ, ਖ਼ੁਸ਼ੀ ਮਹਿਸੂਸ ਕਰਨੀ।

**ਆਂਦਰਾਂ ਨੂੰ ਖਿੱਚ ਪੈਣੀ**—ਉਲਾਦ ਦੇ ਪਿਆਰ 'ਚ ਦੁਖੀ ਹੋਣਾ।

**ਆਂਦਰਾਂ ਲੂਹਣੀਆਂ**—ਦੁਖੀ ਹੋਣਾ।

**ਆਪਣਾ ਉੱਲੂ ਸਿੱਧਾ ਕਰਨਾ**—ਆਪਣਾ ਕੰਮ ਕੱਢਣਾ, ਸੁਆਰਥੀ ਬਣਨਾ।

**ਆਪਣਾ ਆਪ ਤੋੜਨਾ**—ਜਾਨ ਤੋੜਵੀਂ ਮਿਹਨ਼ਤ ਕਰਨੀ, ਪੂਰੀ ਤਾਕਤ ਨਾਲ਼ ਕੰਮ ਕਰਨਾ।

**ਆਪਣਾ ਹੋਣਾ**—ਦੋਸਤ, ਮਿੱਤਰ ਬਣ ਜਾਣਾ।

**ਆਪਣਾ ਕਰ ਲੈਣਾ**—ਵਿਰੋਧੀ ਨੂੰ ਮਿੱਤਰ ਬਣਾ ਲੈਣਾ।

**ਆਪਣਾ ਰੰਗ ਕੱਢਣਾ**—ਆਪਣੇ ਅਸਲੀ ਰੂਪ ਵਿੱਚ ਪ੍ਰਗਟ ਹੋਣਾ, ਅਸਲੀਅਤ ਪ੍ਰਗਟ ਕਰਨੀ।

**ਆਪਣਾ ਰਾਗ ਅਲਾਪਣਾ**—ਆਪਣੀ ਹੀ ਵਡਿਆਈ ਕਰੀ ਜਾਣੀ।

**ਆਪਣੀ ਆਈ ਕਰਨਾ**—ਆਪਣੀ ਮਰਜ਼ੀ ਕਰਨੀ।

**ਆਪਣੀ ਆਈ ਤੋਂ ਨਾ ਟਲਣਾ**—ਆਪਣੀ ਜ਼ਿਦ ਪੁਗਾਉਣੀ।

**ਆਪਣੀ ਆਪਣੀ ਪੈ ਜਾਣੀ**—ਹਰ ਇਕ ਨੂੰ ਆਪਣੀ ਹੀ ਫ਼ਿਕਰ ਹੋਣੀ।

**ਆਪਣੀ ਕਰਨੀ ਭਰਨਾ**—ਆਪਣਾ ਕੀਤਾ ਭੁਗਤਣਾ, ਮਾੜੇ ਕੰਮਾਂ ਦੇ ਫ਼ਲ ਪਾਉਣੇ।

**ਆਪਣੀ ਗੱਲੋਂ ਨਾ ਮੁੜਨਾ**—ਆਪਣੀ ਗੱਲ ਮਨਾਉਣੀ।

**ਆਪਣੀ ਢਾਈ ਪਾ ਖਿਚੜੀ ਵੱਖਰੀ ਪਕਾਉਣਾ**—ਸਾਥੀਆਂ ਤੋਂ ਵੱਖਰੇ ਹੋ ਕੇ ਕੋਈ ਕੰਮ ਕਰਨਾ, ਮਰਜ਼ੀ ਕਰਨੀ।

**ਆਪਣੀ ਪੀਹੜੀ ਹੇਠ ਸੋਟਾ ਫੇਰਨਾ**—ਆਪਣੇ ਨੁਕਸ ਦੇਖਣੇ।

**ਆਪਣੇ ਪੈਰਾਂ 'ਤੇ ਖੜ੍ਹੇ ਹੋਣਾ**— ਆਪਣੀ ਹਿੰਮਤ ਨਾਲ਼ ਉੱਨਤੀ ਕਰਨੀ।

**ਆਪਣੇ ਪੈਰੀਂ ਆਪ ਕੁਹਾੜਾ ਮਾਰਨਾ**—ਆਪਣੀ ਕਰਤੂਤ ਨਾਲ਼ ਆਪਣਾ ਨੁਕਸਾਨ ਕਰਨਾ।

**ਆਪਣੀ ਮਾਰੀ ਜਾਣਾ**—ਦੂਜੇ ਦੀ ਗੱਲ ਨਾ ਸੁਣਨੀ, ਆਪਣੀਆਂ ਹੀ ਮਾਰੀ ਜਾਣੀਆਂ।

**ਆਪਣੀ ਲੱਤ ਉੱਪਰ ਰੱਖਣੀ**—ਅਹਿਸਾਨ ਜਤਾਉਣਾ, ਆਪਣੇ ਆਪ ਨੂੰ ਉੱਪਰ ਰੱਖਣਾ।

**ਆਪਣੇ ਆਪ ਵਿੱਚ ਨਾ ਹੋਣਾ**—ਸੁਰਤ ਗੰਵਾ ਬੈਠਣਾ।

**ਆਪਣੇ ਆਪ ਵਿੱਚ ਮਸਤ ਹੋਣਾ**—ਦੂਜੇ ਦੀ ਪ੍ਰਵਾਹ ਨਾ ਕਰਨੀ।

**ਆਪਣੇ ਢਿੱਡ 'ਤੇ ਹੱਥ ਫੇਰਨਾ**—ਖ਼ੁਦਗਰਜ਼ ਹੋਣਾ।

**ਆਪਣੇ ਮੂੰਹ ਮੀਆਂ ਮਿੱਠੂ ਬਣਨਾ**—ਆਪਣੀ ਵਡਿਆਈ ਆਪ ਹੀ ਕਰੀ ਜਾਣੀ।

**ਆਪੇ ਤੋਂ ਬਾਹਰ ਹੋ ਜਾਣਾ**—ਗ਼ੁੱਸੇ ਵਿੱਚ ਆਪਣੇ ਆਪ 'ਤੇ ਕਾਬੂ ਨਾ ਰੱਖ ਸਕਣਾ, ਜੋਸ਼ ਵਿੱਚ ਆਉਣਾ।

**ਆਪੋ ਆਪਣੀਆਂ ਚਲਾਉਣਾ**—ਵੱਖ-ਵੱਖ ਵਿਚਾਰ ਰੱਖਣੇ, ਵੱਖਰੀ ਵੱਖਰੀ ਰਾਏ ਦੇਣੀ।

**ਆਫ਼ਰ ਜਾਣਾ**—ਹੰਕਾਰ ਵਿੱਚ ਆਕੜ ਜਾਣਾ।

**ਆਬਰੂ ਉੱਤੇ ਦਾਗ਼ ਲਾਉਣਾ**—ਕੋਈ ਬਦਨਾਮੀ ਖੱਟਣੀ।

**ਆਲ ਉਲਾਦ ਅੱਗੇ ਆਉਣਾ**—ਕਿਸੇ ਦੇ ਮਾੜੇ ਕੰਮਾਂ ਦਾ ਫ਼ਲ਼ ਉਸ ਦੀ ਸੰਤਾਨ ਨੂੰ ਮਿਲਣਾ।

**ਆਲ਼ਿਆਂ ਟੋਲ਼ਿਆਂ 'ਚ ਰੱਖਣਾ**—ਗੋਲ਼ ਮੋਲ਼ ਗੱਲ ਕਰਨੀ, ਕਿਸੇ ਗੱਲ ਦਾ ਨਿਪਟਾਰਾ ਨਾ ਹੋਣ ਦੇਣਾ।

**ਆਲ਼ੇ ਕੌਡੀ ਛਿੱਕੇ ਕੌਡੀ ਕਰਨਾ**—ਟਾਲ਼ ਮਟੋਲ਼ ਕਰਨਾ, ਬਹਾਨੇ ਘੜਨੇ।

**ਆਵਾ ਊਤ ਜਾਣਾ**—ਸਾਰਾ ਟੱਬਰ ਈ ਨਿਕੰਮਾ ਹੋਣਾ, ਤਾਣਾ ਪੇਟਾ ਵਿਗੜ ਜਾਣਾ।

**ਔਸੀਆਂ ਪਾਉਣਾ**—ਉਡੀਕ ਕਰਨੀ।

**ਔਖੀਆਂ ਘਾਟੀਆਂ ਚੀਰਨੀਆਂ**—ਔਖੇ ਇਮਤਿਹਾਨਾਂ ਅਤੇ ਔਖੀਆਂ ਮੁਸ਼ਕਲਾਂ 'ਚੋਂ ਸਫ਼ਲ ਹੋ ਜਾਣਾ।

**ਔਲ਼ੇ ਕੌਲ਼ੇ ਮੂੰਹ ਮਾਰਨਾ**—ਭੈੜੀ ਸੰਗਤ 'ਚ ਰਲ਼ਕੇ ਮਾੜੇ ਕੰਮ ਕਰਨਾ, ਅਜਾਈਂ ਟੱਕਰਾਂ ਮਾਰਨੀਆਂ।

**ਔੜ ਲੱਗਣੀ**—ਬਾਰਸ਼ ਨਾ ਹੋਣੀ।

**ਅੰਗ ਅੰਗ ਹੱਸਣਾ**—ਅਤਿ ਦੀ ਖ਼ੁਸ਼ੀ ਹੋਣੀ।

**ਅੰਗ ਹਿਲਾਣਾ**—ਹੱਥੀਂ ਮਿਹਨਤ ਕਰਨੀ।

**ਅੰਗ ਪਾਲਣਾ**—ਮਿੱਤਰਤਾ ਨਿਭਾਉਣੀ, ਸਮੇਂ ਸਿਰ ਕੰਮ ਆਉਣਾ।

**ਅੰਗ ਮਾਰਿਆ ਜਾਣਾ**—ਕਿਸੇ ਬੀਮਾਰੀ ਕਾਰਨ ਜਾਂ ਸੱਟ ਲੱਗਣ ਨਾਲ਼ ਸਰੀਰ ਦਾ ਕੋਈ ਅੰਗ ਨਕਾਰਾ ਹੋ ਜਾਣਾ।

**ਅੰਗੜਾਈਆਂ ਭੰਨਣਾ**—ਆਕੜਾਂ ਭੰਨਣੀਆਂ, ਮਨ ਵਿੱਚ ਉਬਾਲ ਆਉਣੇ।

**ਅੰਤ ਲੈਣਾ**—ਦੂਜੇ ਦੀ ਅਖ਼ੀਰ ਤੱਕ ਪ੍ਰੀਖਿਆ ਲੈਣੀ।

**ਅੰਦਰ ਤੀਕ ਧਸ ਜਾਣਾ**—ਦੂਜੇ ਦਾ ਦਿਲ ਮੋਹ ਲੈਣਾ, ਆਪਣਾ ਬਣਾ ਲੈਣਾ।

**ਅੰਦਰਲਾ ਸਾਹ ਅੰਦਰ ਤੇ ਬਾਹਰਲਾ ਸਾਹ ਬਾਹਰ ਰਹਿਣਾ**—ਘਬਰਾ ਜਾਣਾ, ਹੋਸ਼ ਜਾਂਦੀ ਰਹਿਣੀ।

**ਅੰਦਰੋਂ ਕਾਲ਼ਾ ਹੋਣਾ**—ਧੋਖੇਬਾਜ਼ ਹੋਣਾ, ਮਨ ਵਿੱਚ ਖੋਟ ਹੋਣਾ।

**ਅੰਨ ਜਲ ਚੁਗਣਾ**—ਰੋਜ਼ੀ ਰੋਟੀ ਦਾ ਪ੍ਰਬੰਧ ਹੋ ਜਾਣਾ।

**ਅੰਨ੍ਹਾ ਖ਼ਰਚ ਕਰਨਾ**—ਬਹੁਤਾ ਖ਼ਰਚ ਕਰਨਾ, ਫਜ਼ੂਲ ਖ਼ਰਚ।

**ਅੰਨ੍ਹੇ ਅੱਗੇ ਦੀਦੇ ਗਾਲਣੇ**—ਬੇਕਦਰੇ ਅੱਗੇ ਦੁੱਖ ਫੋਲਣੇ।

**ਅੰਨ੍ਹੇ ਅੱਗੇ ਨੱਚਣਾ**—ਕਿਸੇ ਬੇਕਦਰੇ ਅੱਗੇ ਵਧੀਆ ਕੰਮ ਕਰਨਾ।

**ਅੰਨ੍ਹੇ ਖੂਹ ਵਿੱਚ ਛਾਲ਼ ਮਾਰਨੀ**—ਬਿਨ੍ਹਾਂ ਸੋਚੇ ਸਮਝੇ ਕੋਈ ਕੰਮ ਕਰਨਾ।

**ਅੰਨ੍ਹੇ ਹੱਥ ਬਟੇਰਾ**—ਅਚਾਨਕ ਕੋਈ ਜਿੱਤ ਪ੍ਰਾਪਤ ਹੋ ਜਾਣੀ, ਅਯੋਗ ਬੰਦੇ ਨੂੰ ਕੋਈ ਪ੍ਰਾਪਤੀ ਹੋ ਜਾਣੀ।

**ਅੰਨ੍ਹੇਵਾਹ ਤੁਰਨਾ**—ਬਿਨ੍ਹਾਂ ਦੇਖੇ ਵਾਹੋਦਾਰੀ ਤੁਰਨਾ, ਕਾਹਲੀ ਕਾਹਲੀ ਕਦਮ ਪੁੱਟਣੇ।

**ਅੰਨ੍ਹੇਰਾ ਦਿਸਣਾ**—ਕੋਈ ਸਹਾਰਾ ਦਖਾਈ ਨਾ ਦੇਣਾ, ਨਿਰਾਸ਼ਤਾ ਹੋ ਜਾਣੀ।

## ੲ

**ਇਸ਼ਾਰੇ 'ਤੇ ਨੱਚਣਾ**—ਆਪਣੀ ਸਮਝ ਨਾਲ਼ ਕੋਈ ਕੰਮ ਨਾ ਕਰਨਾ, ਦੂਜੇ ਦੇ ਕਹੇ ਅਨੁਸਾਰ ਚੱਲਣਾ।

**ਇਕ ਅੱਖ ਨਾਲ਼ ਦੇਖਣਾ**—ਬਰਾਬਰ ਸਮਝਣਾ, ਸਭ ਨਾਲ਼ ਇਕੋ ਜਿਹਾ ਵਰਤਾਰਾ ਕਰਨਾ।

**ਇਕ ਕੰਨ ਨਾਲ਼ ਸੁਣ ਕੇ ਦੂਜੇ ਕੰਨ ਰਾਹੀਂ ਕੱਢ ਦੇਣਾ**—ਸੁਣੀ ਗੱਲ ਅਣ-ਸੁਣੀ ਕਰਨੀ, ਧਿਆਨ ਨਾ ਦੇਣਾ।

**ਇਕ ਦੀਆਂ ਚਾਰ ਸੁਣਾਉਣੀਆਂ**—ਵਧਾ ਚੜ੍ਹਾ ਕੇ ਗੱਲ ਕਰਨੀ, ਬਾਤ ਦਾ ਬਤੰਗੜ ਬਣਾਉਣਾ।

**ਇਕ ਨਾ ਇਕ ਕਰਨਾ**—ਗੱਲ ਸਿਰੇ ਲਾਉਣੀ। ਪੂਰਾ ਫ਼ੈਸਲਾ ਕਰਕੇ ਗੱਲ ਮੁਕਾਉਣੀ।

**ਇਕ ਨਾ ਸੁਣਨਾ**—ਕਿਸੇ ਦੀ ਪ੍ਰਵਾਹ ਨਾ ਕਰਨੀ, ਅੜੇ ਰਹਿਣਾ।

**ਇਕ ਪੱਥਰ ਨਾਲ਼ ਦੋ ਸ਼ਿਕਾਰ ਮਾਰਨਾ**—ਅਜਿਹੀ ਚਾਲ ਚੱਲਣਾ ਕਿ ਦੋਹਾਂ ਧਿਰਾਂ ਦਾ ਨੁਕਸਾਨ ਹੋ ਜਾਵੇ।

**ਇਕ ਮੁੱਠਾ ਹੋਣਾ**—ਏਕਾ ਹੋਣਾ, ਸਾਰਿਆਂ ਦਾ ਇਕ ਮੱਤ ਹੋਣਾ।

**ਇਕ ਰੰਗ ਆਉਣਾ ਤੇ ਇਕ ਜਾਣਾ**—ਘਬਰਾਹਟ ਨਾਲ਼ ਡੌਰ ਭੌਰ ਹੋ ਜਾਣਾ।

**ਇਕੋ ਰੱਸੇ ਫਾਹੇ ਦੇਣਾ**—ਸਭ ਨਾਲ਼ ਇਕੋ ਜਿਹਾ ਵਰਤਾਓ ਕਰਨਾ।

**ਇਕੋ ਹੋ ਜਾਣਾ**- -ਸਾਰੇ ਝਗੜੇ ਮੁਕਾ ਕੇ ਇਕ ਹੋ ਜਾਣਾ।

**ਇਕੋ ਗੱਲ ਹੋਣਾ**—ਕੋਈ ਫ਼ਰਕ ਨਾ ਹੋਣਾ।

**ਇਕੋ ਤੱਕੜ ਦੇ ਵੱਟੇ ਹੋਣਾ**—ਇਕੋ ਜਿਹੇ ਸੁਭਾਅ ਦੇ ਹੋਣਾ।

**ਇੱਜ਼ਤ ਨੂੰ ਵੱਟਾ ਲਾਉਣਾ**—ਬਦਨਾਮੀ ਖੱਟ੍ਣੀ, ਖੁਨਾਮੀ ਲੈਣਾ।

**ਇੱਜ਼ਤ ਵੇਚਣੀ**—ਆਪਣੀ ਬੇ-ਆਬਰੂਈ ਕਰਨੀ।

**ਇੱਟ ਇੱਟ ਕਰਨੀ**—ਮੁਕੰਮਲ ਤੌਰ 'ਤੇ ਤਬਾਹ ਕਰਨਾ, ਢਾਹ ਦੇਣਾ।

**ਇੱਟ ਕੁੱਤੇ ਦਾ ਵੈਰ ਹੋਣਾ**—ਕੁਦਰਤੀ ਵੈਰ ਹੋਣਾ, ਪੱਕਾ ਵੈਰ ਹੋਣਾ।

**ਇੱਟ ਖੜੱਕਾ ਲਾਉਣਾ**--ਝੱਜੂ ਪਾ ਕੇ ਬਹਿਣਾ, ਅਜਾਈਂ ਝਗੜਾ ਕਰਨਾ।

**ਇੱਟ ਚੁੱਕਦੇ ਨੂੰ ਪੱਥਰ ਚੁੱਕਣਾ**—ਵੈਰੀ ਨੂੰ ਸਾਵੇਂ ਹੋ ਕੇ ਟੱਕਰਨਾ, ਇੱਟ ਦਾ ਜਵਾਬ ਪੱਥਰ ਨਾਲ਼ ਮੋੜਨਾ।

**ਇੱਟ ਨਾਲ਼ ਇੱਟ ਖੜਕਾਣਾ**—ਤਬਾਹ ਕਰ ਦੇਣਾ, ਕਿਸੇ ਇਮਾਰਣ ਦਾ ਮਲੀਆਮੇਟ ਕਰ ਦੇਣਾ।

**ਇੱਟ ਨਾਲ਼ ਇੱਟ ਵਜਾਉਣਾ**—ਕਿਸੇ ਸ਼ਹਿਰ ਜਾਂ ਇਮਾਰਤ ਦੀ ਤਬਾਹੀ ਕਰ ਦੇਣੀ।

**ਇਨਸਾਫ਼ ਦਾ ਗਲਾ ਘੁੱਟਣਾ**—ਅੰਨਿਆਂ ਕਰਨਾ, ਸਹੀ ਇਨਸਾਫ਼ ਨਾ ਦੇਣਾ।

**ਇਲ੍ਹ ਦਾ ਨਾਂ ਕੱਕੋ ਵੀ ਨਾ ਜਾਨਣਾ**—ਕੋਰਾ ਅਨਪੜ੍ਹ ਹੋਣਾ।

**ਇਲ੍ਹ ਦੀ ਅੱਖ ਵਾਲ਼ਾ ਹੋਣਾ**--ਤੇਜ਼ ਤਰਾਰ ਨਿਗਾਹ ਵਾਲ਼ਾ ਹੋਣਾ, ਪੂਰੀ ਚੌਕਸੀ ਵਰਤਣ ਵਾਲ਼ਾ।

**ਇੱਲਤ ਚਿਮੜਨਾ**—ਨਸ਼ੇ ਆਦਿ ਦੀ ਮਾੜੀ ਆਦਤ ਪੈ ਜਾਣੀ।

**ਈਦ ਦਾ ਚੰਦ ਹੋਣਾ**—ਚਿਰਾਂ ਮਗਰੋਂ ਮਿਲਣਾ, ਬਹੁਤ ਘੱਟ ਮਿਲਣਾ, ਕਦੀ ਕਦੀ ਨਜ਼ਰ ਆਉਣਾ।

**ਈਨ ਮੰਨੀ ਜਾਣੀ**—ਕਿਸੇ ਅੱਗੇ ਝੁਕ ਜਾਣਾ, ਦਬਾਓ ਮੰਨ ਲੈਣਾ।

**ਈਨ ਵਿੱਚ ਆਉਣਾ**—ਪ੍ਰਭਾਵ ਕਬੂਲ ਕਰਨਾ, ਦਾਬੇ ਹੇਠ ਆਉਣਾ, ਗੱਲ ਮੰਨੀ ਜਾਣੀ।

**ਈਮਾਨ ਲਿਆਉਣਾ**—ਕਿਸੇ 'ਤੇ ਪੂਰਾ ਵਿਸ਼ਵਾਸ ਕਰਨਾ, ਇਸ਼ਟ ਮੰਨਣਾ।

## ਸ

**ਸਖ਼ਤੀ ਦੇ ਵਰ ਆਉਣਾ**—ਕਿਸੇ ਮੁਸੀਬਤ ਵਿੱਚ ਫਸਣਾ, ਔਕੜ ਆਉਣੀ।

**ਸੱਚੇ ਵਿੱਚ ਢਲਿਆ ਹੋਣਾ**—ਬਹੁਤ ਖ਼ੂਬਸੂਰਤ ਹੋਣਾ।

**ਸੱਚੇ ਵਿੱਚ ਢਾਲਣਾ**--ਖ਼ਾਸ ਢੰਗ ਅਨੁਸਾਰ ਜੀਵਣ ਜਿਊਣਾ।

**ਸੱਜੀ ਬਾਂਹ ਹੋਣਾ**—ਪੱਕਾ ਸਾਥੀ, ਹਰ ਸਮੇਂ ਮਦਦ ਕਰਨ ਵਾਲ਼ਾ।

**ਸੱਟ ਸਿਰ ਤੇ ਪੈਣਾ**—ਆਪਣੇ ਨਾਲ਼ ਕੋਈ ਦੁਰਘਟਨਾ ਵਾਪਰਨੀ।

**ਸੱਟ ਲੱਗਣਾ**—ਕੋਈ ਮਾੜੀ ਖ਼ਬਰ ਸੁਣਕੇ ਸਦਮਾ ਹੋਣਾ।

**ਸਤ ਸਲਾਮਾਂ ਕਰਨਾ**—ਦੂਰੋਂ ਮੱਥਾ ਟੇਕਣਾ, ਨੇੜੇ ਨਾ ਲੱਗਣਾ, ਦੂਰ ਭੱਜ ਜਾਣਾ।

**ਸਤ ਘੜੇ ਪਾਣੀ ਪੈਣਾ**—ਦੂਜੇ ਦੀ ਖ਼ੁਸ਼ੀ ਦਾ ਚਾਅ ਨਾ ਕਰਨਾ।

**ਸਤ ਤੇ ਵੀਹ ਵੀਹ ਖੈਰੀਂ ਹੋਣਾ**—ਹਰ ਪਾਸੇ ਸੁਖ ਸਾਂਦ ਹੋਣੀ।

**ਸੱਤ ਭੰਗ ਕਰਨਾ**—ਕਿਸੇ ਇਸਤਰੀ ਦੀ ਬੇਪਤੀ ਕਰਨੀ, ਬਲਾਤਕਾਰ ਕਰਨਾ।

**ਸੱਤਰਿਆ ਬਹੱਤਰਿਆ ਜਾਣਾ**—ਬੁਢਾਪੇ ਕਾਰਨ ਮੱਤ ਮਾਰੀ ਜਾਣੀ।

**ਸੱਤ ਪੱਤਣਾਂ ਦਾ ਪਾਣੀ ਪੀਤਾ ਹੋਣਾ**—ਬਹੁਤ ਚਲਾਕ ਤੇ ਹੁਸ਼ਿਆਰ ਹੋਣਾ।

**ਸਤਾਰਾ ਉਘੜਨਾ**—ਕਿਸਮਤ ਜਾਗਣੀ, ਚੰਗੇ ਦਿਨ ਆਉਣੇ, ਮੰਦਹਾਲੀ ਤੋਂ ਖ਼ੁਸ਼ਹਾਲੀ ਆ ਜਾਣੀ।

**ਸਤਿਆ ਹੋਣਾ**—ਬਹੁਤ ਦੁਖੀ ਹੋਣਾ।

**ਸਤਿਆਨਾਸ ਹੋਣਾ**—ਨੁਕਸਾਨ ਹੋ ਜਾਣਾ, ਤਬਾਹ ਹੋ ਜਾਣਾ।

**ਸੱਤੀਂ ਕੱਪੜੀਂ ਅੱਗ ਲੱਗਣਾ**—ਬਹੁਤ ਗੁੱਸੇ ਵਿੱਚ ਆਉਣਾ, ਸੜ ਬਲ਼ ਜਾਣਾ।

**ਸੱਧਰ ਲਾਹੁਣਾ**—ਸਾਰੇ ਚਾਅ ਪੂਰੇ ਕਰਨੇ।

**ਸਨਿਛਰ ਆਉਣਾ**—ਮਾੜੇ ਦਿਨ ਆਉਣੇ, ਖ਼ੁਸ਼ਹਾਲੀ ਦੀ ਥਾਂ ਮੰਦਹਾਲੀ ਹੋਣੀ।

**ਸੱਪ ਸੁੰਘ ਜਾਣਾ**—ਦਿਲ ਢਹਿ ਜਾਣਾ।

**ਸੱਪ ਦੇ ਸਿਰੋਂ ਕੌਡੀ ਕੱਢਣਾ**—ਜਫ਼ਰ ਜਾਲ਼ ਕੇ ਪੈਸੇ ਕਮਾਉਣੇ, ਮਿਹਨਤ ਕਰਨੀ।

**ਸੱਪਾਂ ਨੂੰ ਦੁੱਧ ਪਿਆਉਣਾ**—ਆਪਣੇ ਵੈਰੀ ਨੂੰ ਪਾਲਣਾ, ਦੁਸ਼ਮਣਾਂ ਨਾਲ਼ ਨੇਕੀਆਂ ਕਰਨੀਆਂ।

**ਸਬਕ ਸਿਖਾਉਣਾ**—ਦੋਸ਼ੀ ਨੂੰ ਸਖ਼ਤ ਸਜ਼ਾ ਦੇਣੀ।

**ਸਬਰ ਦਾ ਘੁੱਟ ਭਰਨਾ**—ਹੌਸਲੇ ਨਾਲ਼ ਨੁਕਸਾਨ ਝੱਲ੍ਹ ਲੈਣਾ, ਵਧੀਕੀ ਜਰ ਲੈਣੀ।

**ਸਬਰ ਦਾ ਪਿਆਲਾ ਛਲਕਣਾ**—ਵਧੀਕੀ ਜਰਨ ਦੀ ਹਿੰਮਤ ਨਾ ਰਹਿਣੀ।

**ਸਮਾਂ ਹੱਥੋਂ ਨਾ ਛੱਡਣਾ**—ਕੋਈ ਵੀ ਮੌਕਾ ਨਾ ਖੁੰਝਾਉਣਾ।

**ਸਮਾਂ ਟਪਾਣਾ**—ਔਖ ਸੌਖ ਵਿੱਚ ਗੁਜ਼ਾਰਾ ਕਰਨਾ, ਔਖੇ ਹੋ ਕੇ ਫ਼ਰਜ਼ ਪੂਰਾ ਕਰਨਾ।

**ਸਮਾਂ ਬੰਨ੍ਹਣਾ**—ਸਰੋਤਿਆਂ ਨੂੰ ਕੀਲ ਲੈਣਾ, ਐਸਾ ਪ੍ਰਭਾਵ ਪੈਦਾ ਕਰਨਾ ਕਿ ਸਾਰੇ ਲੋਕ ਪ੍ਰਭਾਵ ਮਹਿਸੂਸ ਕਰਨ।

**ਸਮੇਂ ਦਾ ਇਤਬਾਰ ਨਾ ਹੋਣਾ**—ਸਮੇਂ ਦੇ ਹਾਲਾਤ ਮਾੜੇ ਹੋਣੇ, ਚੋਰੀ ਦਾ ਡਰ ਰਹਿਣਾ।

**ਸਮੇਂ ਦੀ ਨਬਜ਼ ਪਛਾਨਣਾ**—ਮੌਕਾ ਦੇਖ ਕੇ ਮੌਕੇ ਅਨੁਸਾਰ ਕੰਮ ਕਰਨਾ।

**ਸਮੇਂ ਨੂੰ ਅੱਗ ਲੱਗਣੀ**—ਪੁਰਾਣੀ ਪੀੜ੍ਹੀ ਦਾ ਨਵੀਂ ਪੀੜ੍ਹੀ ਦੇ ਵਤੀਰੇ ਨੂੰ ਦੇਖ ਕੇ ਅਜੀਬ ਲੱਗਣਾ।

**ਸਰਕਾਰੇ ਦਰਬਾਰੇ ਚੜ੍ਹਨਾ**—ਕਚਹਿਰੀ ਵਿੱਚ ਨਿਆਂ ਲਈ ਮੁਕੱਦਮਾ ਕਰਨਾ, ਸ਼ਕੈਤ ਕਰਨੀ।

**ਸਰਬੰਸ ਲਾਉਣਾ**—ਸਭ ਕੁਝ ਕੁਰਬਾਨ ਕਰਨਾ।

**ਸਰੀਰ ਸੁੰਨ ਹੋਣਾ**—ਸਰੀਰ ਵਿੱਚ ਤਾਕਤ ਨਾ ਰਹਿਣੀ, ਡਰ ਜਾਣਾ।

**ਸਰੀਰ ਢਿੱਲਾ ਪੈਣਾ**—ਬੀਮਾਰ ਹੋ ਜਾਣਾ, ਸਧਾਰਨ ਬੀਮਾਰੀ ਲੱਗ ਜਾਣੀ।

**ਸਲਾਹੁੰਦਿਆਂ ਦਾ ਮੂੰਹ ਸੁੱਕਣਾ**—ਅਤਿ ਸਲਾਹੁਣਯੋਗ ਕਿ ਸਲਾਹੁਣ ਲਈ ਸ਼ਬਦ ਨਾ ਲੱਭਣੇ।

**ਸਲਾਮੀ ਉਤਾਰਨਾ**—ਕੌਮੀ ਝੰਡਾ ਲਹਿਰਾਉਣ ਉਪਰੰਤ ਉਸ ਨੂੰ ਸਲਾਮੀ ਦੇਣੀ।

**ਸਵਾਇਆ ਰੰਗ ਚੜ੍ਹਨਾ**—ਖ਼ੁਸ਼ੀ ਵਿੱਚ ਝੂਮ ਉਠਣਾ, ਬਹੁਤੀ ਖ਼ੁਸ਼ੀ ਮਹਿਸੂਸ ਕਰਨੀ।

**ਸੜਕਾਂ ਕੱਛਣਾ**—ਬਿਨਾਂ ਕੰਮ ਤੋਂ ਵਿਹਲੇ ਰਹਿਣਾ, ਅਵਾਰਾ ਫਿਰਨਾ।

**ਸੜਦਾ ਸੜਦਾ ਕੋਲਾ ਦਿਲ 'ਤੇ ਰਖਣਾ**—ਦੁਖੀ ਨੂੰ ਹੋਰ ਦੁਖੀ ਕਰਨਾ।

**ਸ਼ਸ਼ੋਪੰਜ ਵਿੱਚ ਪੈਣਾ**—ਦੁਬਿਧਾ ਵਿੱਚ ਪੈ ਜਾਣਾ, ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਬਾਰੇ ਝਿਜਕਣਾ, ਸਪੱਸ਼ਟ ਫ਼ੈਸਲਾ ਨਾ ਕਰ ਸਕਣਾ।

**ਸ਼ਹਿਦ ਲਾ ਕੇ ਚੱਟਣਾ**—ਨਕੰਮੀ ਵਸਤੂ ਨੂੰ ਕੋਲ ਰੱਖਣਾ।

**ਸ਼ਹੁ ਪਤੀਜਣਾ**—ਸੰਤੁਸ਼ਟੀ ਹੋਣੀ, ਸਬਰ ਹੋਣਾ, ਭਰੋਸਾ ਬੱਝ ਜਾਣਾ।

**ਸ਼ਕੰਜਾ ਢਿੱਲਾ ਹੋਣਾ**—ਸਰੀਰ ਢਿੱਲਾ ਮੱਠਾ ਹੋਣਾ, ਮਾਣ ਟੁੱਟ ਜਾਣਾ।

**ਸ਼ਰਮ ਨਾਲ਼ ਗਰਕਣਾ**—ਮਾੜਾ ਕੰਮ ਕਰਕੇ ਸ਼ਰਮ ਮਹਿਸੂਸ ਕਰਨੀ।

**ਸ਼ਰਮ ਨਾਲ਼ ਪਾਣੀ ਪਾਣੀ ਹੋਣਾ**—ਬਹੁਤ ਸ਼ਰਮ ਮਹਿਸੂਸ ਕਰਨੀ।

**ਸਾਹ ਆਉਣਾ**—ਜ਼ੋਰ ਦਾ ਕੰਮ ਕਰਨ ਮਗਰੋਂ ਵਿਹਲ ਮਿਲਣੀ।

**ਸਾਹ ਸਤ ਮੁਕਾ ਦੇਣਾ**—ਘਬਰਾਹਟ ਵਿੱਚ ਪਾ ਦੇਣਾ।

**ਸਾਹ ਸੁੱਕ ਜਾਣਾ**—ਡਰ ਜਾਣਾ।

**ਸਾਹ ਸੁਕਾਈ ਰੱਖਣਾ**—ਡਰਾਈ ਰੱਖਣਾ, ਸਹਿਮ ਪਾਈ ਜਾਣਾ।

**ਸਾਹ ਚੜ੍ਹਨਾ**—ਹਫ਼ ਜਾਣਾ।

**ਸਾਹ ਨਾ ਲੈਣ ਦੇਣਾ**—ਜੀਵਨ ਵਿੱਚ ਸੁਖ ਨਾ ਆਉਣ ਦੇਣਾ।

**ਸਾਹ ਨਾਲ਼ ਸਾਹ ਰਲ਼ਣਾ**—ਔਖਾ ਕਾਰਜ ਸੰਪੰਨ ਹੋ ਜਾਣਾ, ਸੌਖਾ ਸਾਹ ਆਉਣਾ, ਘਬਰਾਹਟ ਤੋਂ ਮੁਕਤ ਹੋ ਜਾਣਾ।

**ਸਾਹ ਪੀਤਾ ਜਾਣਾ**—ਡਰ ਜਾਣਾ, ਚੁੱਪ ਸਾਧੀ ਜਾਣੀ।

**ਸਾਹ ਲੈਣਾ**—ਸਬਰ ਕਰਨਾ, ਉਡੀਕ ਕਰਨਾ।

**ਸਾਹਾ ਬੱਝਣਾ**—ਵਿਆਹ ਦਾ ਦਿਨ ਧਰਿਆ ਜਾਣਾ।

**ਸਾਹੀਂ ਸਾਹ ਲੈਣਾ**—ਬਹੁਤ ਪਿਆਰ ਕਰਨਾ।

**ਸਾਹੋ ਸਾਹ ਹੋਣਾ**—ਹਫ਼ ਜਾਣਾ, ਥਕਾਵਟ ਨਾਲ਼ ਸਾਹ ਦਾ ਤੇਜ਼ ਚੱਲਣਾ।

**ਸਾਖੀ ਭਰਨਾ**—ਸਹਿਮਤੀ ਜ਼ਾਹਿਰ ਕਰਨੀ, ਪ੍ਰੋੜ੍ਹਤਾ ਕਰਨਾ।

**ਸਾਂਗ ਕੱਢਣਾ**—ਕਿਸੇ ਦੀ ਨਕਲ ਉਤਾਰਨਾ।

**ਸਾਂਗ ਭਰਨਾ**—ਵਖਾਵਾ ਕਰਨਾ।

**ਸਾਂਗ ਰਚਨਾ**—ਠੱਗੀ ਮਾਰਨ ਦੀ ਚਾਲ ਚੱਲਣੀ।

**ਸਾਂਗ ਲਾਉਣੀ**—ਕਿਸੇ ਨੂੰ ਚੜ੍ਹਾਉਣ ਲਈ ਉਹਦੀ ਨਕਲ ਉਤਾਰਨੀ।

**ਸਾਂਝ ਗੰਢਣਾ**—ਮਿੱਤਰਤਾ ਪਾਉਣੀ।

**ਸਾਂਝ ਪਾਉਣਾ**—ਭਾਈਵਾਲੀ ਪਾਉਣੀ, ਦੋਸਤੀ ਪਾਉਣੀ।

**ਸਾਂਝਾ ਜੋਤਰਾ ਲਾਉਣਾ**—ਰਲ਼ਕੇ ਮਿਹਨਤ ਨਾਲ਼ ਕੰਮ ਕਰਨਾ, ਸਾਂਝਾ ਜ਼ੋਰ ਲਾਉਣਾ।

**ਸਾਣ ਚਾੜ੍ਹਨਾ**—ਤਿੱਖਾ ਕਰਨਾ, ਤੇਜ਼-ਤਰਾਰ ਕਰਨਾ।

**ਸ਼ਾਨ ਨੂੰ ਵੱਟਾ ਲਾਉਣਾ**—ਬਦਨਾਮੀ ਖੱਟਣੀ, ਬੇਇਜ਼ਤੀ ਕਰਵਾਉਣੀ।

**ਸਾਬਤ ਕਦਮ ਰਹਿਣਾ**—ਅਡੋਲ ਰਹਿਣਾ, ਆਪਣੇ ਅਸੂਲਾਂ 'ਤੇ ਕਾਇਮ ਰਹਿਣਾ।

**ਸ਼ਾਮਤ ਹੋਣੀ**—ਮਾਰ ਕੁਟਾਈ ਹੋਣੀ, ਬਹੁਤ ਦੁਖੀ ਹੋਣਾ, ਤੰਗ ਕੀਤੇ ਜਾਣਾ।

**ਸਾਰ ਲੈਣਾ**—ਖ਼ਬਰਸਾਰ ਲੈਣਾ, ਖ਼ਬਰ ਰੱਖਣੀ।

**ਸਾਰੀ ਤਾਣੀ ਉਲਝੀ ਹੋਣੀ**—ਸਮੁੱਚੇ ਪ੍ਰਬੰਧ ਦਾ ਵਿਗੜਿਆ ਹੋਣਾ, ਹਰ ਥਾਂ ਨੁਕਸ ਹੋਣੇ।

**ਸਾੜ ਸਾੜ ਮਾਰਨਾ**—ਕਿਸੇ ਨੂੰ ਚੁੱਭਵੇਂ ਬੋਲ ਬੋਲ ਕੇ ਸਤਾਉਣਾ।

**ਸਿਆਹੀ ਸਫ਼ੈਦੀ ਕਰਨਾ**—ਆਪਣੀ ਮਰਜ਼ੀ ਵਰਤਣੀ, ਪੂਰੇ ਅਖ਼ਤਿਆਰ ਹੋਣਾ।

**ਸਿਆਪਾ ਪਾਉਣਾ**—ਝਗੜੇ ਵਾਲ਼ਾ ਕੰਮ ਸਹੇੜਨਾ, ਵੱਟਾ ਪਾਉਣਾ, ਵਖ਼ਤ ਪਾਉਣਾ।

**ਸਿਆਪਾ ਮਕਾਉਣਾ**—ਕਿਸੇ ਮਨ ਚਿਤ ਨਾ ਲੱਗਦੀ ਗੱਲ ਦਾ ਸਦਾ ਲਈ ਖਿਹੜਾ ਛੱਡ ਦੇਣਾ।

**ਸਿੱਕ ਪੈ ਜਾਣੀ**—ਤਾਂਘ ਲੱਗ ਜਾਣੀ।

**ਸਿੱਕਾ ਮੰਨਣਾ**—ਜ਼ੋਰ ਜਾਂ ਸੁੰਦਰਤਾ ਵਿੱਚ ਦੂਜੇ ਨੂੰ ਆਪਣੇ ਨਾਲ਼ੋਂ ਵਧੀਆ ਮੰਨਣਾ।

ਸਿੱਕਾ ਬਿਠਾਉਣਾ—ਗਹਿਰਾ ਪ੍ਰਭਾਵ ਪਾ ਦੇਣਾ।

ਸ਼ਿਕਾਰ ਹੋਣਾ—ਕਾਬੂ ਆ ਜਾਣਾ।

ਸਿੰਗ ਸਮਾਣਾ—ਰਾਹ ਮਿਲਣਾ, ਓਟ ਮਿਲਣੀ।

ਸਿੱਟ ਪਸਿੱਟ ਕਰਨਾ—ਚੀਜ਼ਾਂ ਨੂੰ ਬੇਤਰਤੀਬੀ ਨਾਲ਼ ਸੁੱਟਣਾ।

ਸਿੱਧੇ ਹੱਥੀਂ ਦੇਣਾ—ਆਪਣੀ ਮਰਜ਼ੀ ਨਾਲ਼ ਕੋਈ ਚੀਜ਼ ਦੇਣੀ, ਖ਼ੁਸ਼ੀ-ਖ਼ੁਸ਼ੀ ਦੇ ਦੇਣੀ।

ਸਿੱਧੇ ਮੂੰਹ ਗੱਲ ਨਾ ਕਰਨੀ—ਦੂਜੇ ਦੀ ਗੱਲ ਵੱਲ ਧਿਆਨ ਨਾ ਦੇਣਾ, ਹੰਕਾਰ ਵਖਾਉਣਾ।

ਸਿੱਧੇ ਰਾਹ 'ਤੇ ਲਿਆਉਣਾ—ਠੀਕ ਰਸਤੇ 'ਤੇ ਲੈ ਆਉਣਾ, ਸਮਝਾ ਕੇ ਜਾਂ ਮਾਰ ਕੁਟਾਈ ਕਰਕੇ ਮਨਾ ਲੈਣਾ।

ਸਿਰ ਉੱਚਾ ਕਰਨਾ—ਆਦਰ ਸਤਿਕਾਰ ਦੇ ਯੋਗ ਹੋ ਜਾਣਾ।

ਸਿਰ ਉੱਤੇ ਰੱਖਣਾ—ਸਹਾਰਾ ਦੇਣਾ, ਆਸਰਾ ਦੇਣਾ।

ਸਿਰ ਉੱਤੇ ਪਹਾੜ ਆ ਡਿੱਗਣਾ—ਬਹੁਤ ਭਾਰੀ ਜ਼ਿੰਮੇਵਾਰੀ ਗਲ਼ ਪੈ ਜਾਣੀ।

ਸਿਰ ਉੱਤੇ ਪਾਣੀ ਲੰਘਣਾ—ਮੁਸੀਬਤ ਦੀ ਅਤਿ ਹੋ ਜਾਣੀ, ਵਿਤੋਂ ਬਾਹਰ ਹੋ ਜਾਣਾ।

ਸਿਰ ਸਿਹਰਾ ਆਉਣਾ—ਕਿਸੇ ਕੰਮ ਦੀ ਕਾਮਯਾਬੀ ਤੇ ਵਡਿਆਈ ਪ੍ਰਾਪਤ ਕਰਨੀ।

ਸਿਰ ਸੁੱਟ ਦੇਣਾ—ਈਨ ਮੰਨਣਾ, ਹਾਰ ਮੰਨਣੀ, ਆਪਣੇ ਆਪ ਨੂੰ ਕਿਸੇ ਨੂੰ ਸੌਂਪ ਦੇਣਾ।

ਸਿਰ ਹੋਣਾ—ਅਜਾਈਂ ਗ਼ਲ ਪੈ ਜਾਣਾ।

ਸਿਰ ਖਪਾਉਣਾ—ਬੇਥਵੀਆਂ ਗੱਲਾਂ ਮਾਰ ਮਾਰ ਕੇ ਅਕਾ ਦੇਣਾ।

ਸਿਰ ਖਾਣਾ—ਫ਼ਜ਼ੂਲ ਗੱਲਾਂ ਕਰਕੇ ਤੰਗ ਕਰਨਾ, ਖਪਾਉਣਾ।

ਸਿਰ ਖ਼ਾਲੀ ਹੋ ਜਾਣਾ—ਬਹੁਤਾ ਬੋਲਣ ਜਾਂ ਕੰਮ ਕਰਨ ਕਰਕੇ ਥੱਕ ਜਾਣਾ, ਸਿਰ ਦਾ ਕਮਜ਼ੋਰ ਹੋ ਜਾਣਾ।

ਸਿਰ ਖ਼ੁਰਕਣ ਦੀ ਵਿਹਲ ਨਾ ਹੋਣੀ—ਬਹੁਤ ਰੁੱਝੇ ਹੋਣਾ, ਉੱਕਾ ਹੀ ਵਿਹਲ ਨਾ ਹੋਣੀ।

ਸਿਰ ਖੇਹ ਪਾਉਣੀ—ਖ਼ੁਨਾਮੀ ਹੋਣੀ, ਬੇਇਜ਼ਤੀ ਹੋਣੀ।

ਸਿਰ ਚੜ੍ਹ ਕੇ ਮਰਨਾ—ਕਿਸੇ ਦੂਜੇ ਕਾਰਨ ਮੌਤ ਸਹੇੜਨੀ।

**ਸਿਰ ਚੜ੍ਹਨਾ**—ਅਜਾਈਂ ਲਾਡ ਪਿਆਰ ਕਰਨਾ।

**ਸਿਰ ਛੱਤ ਨੂੰ ਛੂਹਣਾ**—ਜਵਾਨ ਹੋ ਜਾਣਾ, ਬਹੁਤ ਲੰਬਾ ਹੋਣਾ।

**ਸਿਰ ਜੁੜਨਾ**—ਪਿਆਰ ਤੇ ਸਾਂਝ ਵਧਣੀ।

**ਸਿਰ ਜੋੜ ਬੈਠਣਾ**—ਏਕਾ ਕਰਨਾ, ਇਕੱਠੇ ਹੋਣਾ।

**ਸਿਰ ਡਾਹੁਣਾ**—ਪੂਰੀ ਹਿੰਮਤ ਨਾਲ਼ ਕਿਸੇ ਕੰਮ ਵਿੱਚ ਜੁਟ ਜਾਣਾ।

**ਸਿਰ ਤਲੀ 'ਤੇ ਧਰਨਾ**—ਹਰ ਕੁਰਬਾਨੀ ਲਈ ਤਿਆਰ ਹੋ ਜਾਣਾ, ਮਰਨ ਲਈ ਤਿਆਰ ਹੋ ਜਾਣਾ।

**ਸਿਰ 'ਤੇ ਸਹਿਣਾ**—ਹਰ ਮੁਸੀਬਤ ਨੂੰ ਬਰਦਾਸ਼ਤ ਕਰਨਾ।

**ਸਿਰ 'ਤੇ ਸੱਤ ਘੜੇ ਪਾਣੀ ਪੈਣਾ**—ਸਾਰੀਆਂ ਆਸਾਂ ਮੁੱਕ ਜਾਣੀਆਂ।

**ਸਿਰ 'ਤੇ ਸਵਾਰ ਹੋਣਾ**—ਦੁਖੀ ਕਰਨਾ, ਤੰਗ ਕਰਨਾ।

**ਸਿਰ 'ਤੇ ਹੱਥ ਰੱਖਣਾ**—ਮਦਦ ਕਰਨੀ, ਹੌਸਲਾ ਦੇਣਾ।

**ਸਿਰ 'ਤੇ ਕੁਹਾੜਾ ਲਟਕਣਾ**—ਹਰ ਸਮੇਂ ਕੋਈ ਨਾ ਕੋਈ ਮੁਸੀਬਤ ਜਾਂ ਖ਼ਤਰਾ ਹੋਣਾ।

**ਸਿਰ 'ਤੇ ਕੁੰਡਾ ਨਾ ਹੋਣਾ**—ਰੋਕਣ ਲਈ ਘਰ 'ਚ ਕੋਈ ਵੱਡਾ ਨਾ ਹੋਣਾ।

**ਸਿਰ 'ਤੇ ਕੱਫਨ ਬੰਨ੍ਹ ਕੇ ਨਿਕਲਣਾ**—ਹਰ ਮੁਸੀਬਤ ਝੱਲਣ ਲਈ ਤਿਆਰ ਹੋਣਾ, ਮਰਨ ਮਾਰਨ ਲਈ ਤਿਆਰ ਰਹਿਣਾ।

**ਸਿਰ 'ਤੇ ਚੜ੍ਹਨਾ**—ਭੂਏ ਚੜ੍ਹਨਾ, ਆਕੜ ਵਖਾਉਣੀ।

**ਸਿਰ 'ਤੇ ਜੂੰ ਨਾ ਸਰਕਣੀ**—ਕਿਸੇ ਦੀ ਉੱਕਾ ਹੀ ਪ੍ਰਵਾਹ ਨਾ ਕਰਨੀ।

**ਸਿਰ 'ਤੇ ਝੁਰਲੂ ਫਿਰ ਜਾਣਾ**—ਸਹਿਮ ਜਾਣਾ, ਜਾਦੂ ਦਾ ਪ੍ਰਭਾਵ ਪੈਣਾ, ਦਾਬੇ ਵਿੱਚ ਆ ਜਾਣਾ।

**ਸਿਰ 'ਤੇ ਪੈਰ ਰੱਖਕੇ ਭੱਜਣਾ**—ਬੇਸੁਧ ਹੋ ਕੇ ਤੇਜ਼ੀ ਨਾਲ਼ ਭੱਜ ਜਾਣਾ।

**ਸਿਰ 'ਤੇ ਬਣਨੀ**—ਦੁਖਾਂ ਦਾ ਪਹਾੜ ਟੁੱਟ ਪੈਣਾ।

**ਸਿਰ 'ਤੇ ਬਿਠਾਣਾ**—ਆਦਰ ਮਾਣ ਕਰਨਾ।

**ਸਿਰ 'ਤੇ ਭਾਰ ਹੋਣਾ**—ਜ਼ਿੰਮੇਵਾਰੀ ਹੋਣੀ।

**ਸਿਰ ਧੜ ਦੀ ਬਾਜ਼ੀ ਲਾਉਣੀ**—ਮੌਤ ਦੀ ਵੀ ਪ੍ਰਵਾਹ ਨਾ ਕਰਨੀ।

**ਸਿਰ ਨਾ ਚੁੱਕਣ ਦੇਣਾ**—ਦਬਾ ਕੇ ਰੱਖਣਾ, ਹੌਸਲਾ ਨਾ ਪੈਣ ਦੇਣਾ।

**ਸਿਰ ਨਿਵਾ ਦੇਣਾ**—ਸਹਿਮਤੀ ਪ੍ਰਗਟ ਕਰਨੀ, ਈਨ ਮੰਨਣਾ, ਹਾਰ ਮੰਨਣੀ।

**ਸਿਰ ਨੀਵਾਂ ਕਰ ਦੇਣਾ**—ਸ਼ਰਮਿੰਦਾ ਕਰ ਦੇਣਾ।

**ਸਿਰ ਪਿੱਟਣਾ**—ਸਧਾਰਨ ਬੁੱਧੀ ਵਾਲ਼ੇ ਨੂੰ ਸਮਝਾ ਸਮਝਾ ਕੇ ਥੱਕ ਜਾਣਾ।

**ਸਿਰ ਪੈਰ ਨਾ ਹੋਣਾ**—ਗੱਲ ਵਿੱਚ ਸੱਚਾਈ ਨਾ ਹੋਣੀ, ਗੱਲ ਦੀ ਸਮਝ ਨਾ ਲੱਗਣੀ।

**ਸਿਰ ਫਿਰਨਾ**—ਪਾਗ਼ਲ ਹੋ ਜਾਣਾ, ਮੱਤ ਮਾਰੀ ਜਾਣੀ।

**ਸਿਰ ਫੇਰ ਦੇਣਾ**—ਨਾਂਹ ਕਰ ਦੇਣੀ।

**ਸਿਰ ਭਾਰੀ ਹੋਣਾ**—ਸਿਰ ਦਰਦ ਹੋਣਾ।

**ਸਿਰ ਭੁੱਬਲ ਪੈਣਾ**—ਬਦਨਾਮੀ ਹੋਣੀ, ਬੇਇੱਜ਼ਤੀ ਹੋਣੀ।

**ਸਿਰ ਮੱਥੇ ਮੰਨਣਾ**—ਖ਼ੁਸ਼ੀ ਖ਼ੁਸ਼ੀ ਪ੍ਰਵਾਨ ਕਰਨਾ, ਮੰਨਣਾ।

**ਸਿਰ ਮਾਰਨਾ**—ਨਾਂਹ ਕਰਨੀ, ਕਿਸੇ ਨੂੰ ਸਮਝਾਉਣ ਦਾ ਵਿਅਰਥ ਯਤਨ ਕਰਨਾ।

**ਸਿਰ ਮੁਨਾ ਕੇ ਭੱਦਰਾਂ ਪੁੱਛਣਾ**—ਕੰਮ ਵਿਗਾੜਨ ਪਿੱਛੋਂ ਸੁਰਤ ਆਉਣੀ।

**ਸਿਰ ਮੁਨਾਣਾ**—ਸਭ ਕੁਝ ਗੰਵਾ ਦੇਣਾ, ਤਬਾਹ ਹੋ ਜਾਣਾ।

**ਸਿਰ ਮੂੰਹ ਸਾੜਨਾ**—ਮਿਹਨਤ ਕਰਨੀ, ਚੁੱਲ੍ਹੇ ਅੱਗੇ ਔਖੇ ਹੋ ਕੇ ਕੰਮ ਕਰਨਾ

**ਸਿਰ ਲੁਕਾਉਣਾ**—ਆਸਰਾ ਲੱਭਣਾ, ਓਟ ਤੱਕਣੀ।

**ਸਿਰ ਲੈ ਲੈਣਾ**—ਸਹੇੜ ਲੈਣਾ, ਆਪਣੇ ਗਲ਼ ਪੁਆ ਲੈਣਾ, ਆਪਣੇ ਜ਼ੁੰਮੇ ਲੈ ਲੈਣਾ, ਪ੍ਰਵਾਨ ਕਰਨਾ।

**ਸਿਰਾਂ ਦੀ ਬਾਜ਼ੀ ਲਾਉਣੀ**—ਮੌਤ ਸਹੇੜਨ ਨੂੰ ਤਿਆਰ ਹੋ ਜਾਣਾ, ਹਰ ਕੁਰਬਾਨੀ ਦੇਣ ਨੂੰ ਰਾਜ਼ੀ ਹੋ ਜਾਣਾ।

**ਸਿਰੇ ਚਾੜ੍ਹਨਾ**—ਸਫ਼ਲਤਾ ਤੱਕ ਪਹੁੰਚਾਉਣਾ, ਕਾਮਯਾਬ ਕਰਨਾ।

**ਸਿਰੋਂ ਨੰਗੀ ਹੋਣਾ**—ਵਿਧਵਾ ਹੋ ਜਾਣਾ।

**ਸਿਰੋਂ ਬਲਾ ਟਾਲ਼ਣਾ**—ਮੁਸੀਬਤ 'ਚੋਂ ਨਿਕਲਣਾ, ਸਿਰ 'ਤੇ ਪਈ ਔਕੜ ਦੂਰ ਹੋਣੀ।

**ਸੀ ਨਾ ਕਰਨਾ**—ਕੂਣਾ ਤੱਕ ਨਾ, ਦੁਖ ਪੀ ਜਾਣਾ।

**ਸੀਖ ਪਾ ਹੋਣਾ**—ਬਹੁਤ ਦੁਖੀ ਹੋਣਾ, ਦਿਲ ਤੇ ਡੂੰਘਾ ਅਸਰ ਹੋਣਾ।

**ਸੀਨੇ ਸੱਟ ਲਾਣਾ**—ਹਿਰਦੇ 'ਤੇ ਚੋਟ ਲੱਗਣੀ।

**ਸੀਨੇ ਪ੍ਰੇਮ ਮੁਆਤਾ ਲੱਗਣਾ**—ਪਿਆਰ ਹੋ ਜਾਣਾ।

**ਸੀਨੇ ਵਿੱਚ ਸੂਲਾਂ ਚੁਭਣੀਆਂ**—ਦਿਲ ਵਿੱਚ ਦੁਖ ਮਹਿਸੂਸ ਕਰਨਾ।

**ਸੀਨੇ ਵਿੱਚ ਚੁਭਣਾ**—ਕਿਸੇ ਵੱਲੋਂ ਮਾਰੇ ਤਾਹਨੇ ਮਿਹਣੇ ਦਾ ਦੁੱਖ ਲ਼ੱਗਣਾ।

**ਸੀਨੇ ਵਿੱਚ ਛੇਕ ਹੋਣਾ**—ਦੁੱਖ ਦੀ ਸੱਟ ਮਹਿਸੂਸ ਕਰਨੀ।

**ਸੀਰਮੇ ਪੀ ਜਾਣਾ**—ਮਾਰ ਦੇਣਾ।

**ਸੁਆਸਾਂ ਦਾ ਧਾਗਾ ਟੁੱਟਣਾ**—ਪ੍ਰਾਣ ਤਿਆਗ ਦੇਣੇ, ਮਰ ਜਾਣਾ।

**ਸੁਆਹ ਉਡਣਾ**—ਲੋਕਾਂ ਵਿੱਚ ਬੇਇਜ਼ਤੀ ਹੋ ਜਾਣੀ।

**ਸੁਹਾਗ ਲੁੱਟ ਲੈਣਾ**—ਪਤੀ ਦੀ ਮੌਤ ਹੋ ਜਾਣੀ।

**ਸੁਹਾਗਾ ਫੇਰਨਾ**—ਕੀਤੇ ਕਤਰੇ ਕੰਮ ਦਾ ਮਲੀਆ ਮੇਟ ਕਰ ਦੇਣਾ, ਕੰਮ ਦਾ ਨਾਸ਼ ਹੋ ਜਾਣਾ।

**ਸੁੱਕ ਕੇ ਤੀਲਾ ਹੋਣਾ**—ਫ਼ਿਕਰ ਜਾਂ ਬੀਮਾਰੀ ਕਰਕੇ ਸਰੀਰ ਦਾ ਨਿਰਬਲ ਹੋ ਜਾਣਾ, ਕਮਜ਼ੋਰ ਹੋਣਾ।

**ਸੁੱਕਣੇ ਪਾ ਛੱਡਣਾ**—ਕਿਸੇ ਨੂੰ ਇਕੋ ਥਾਂ ਬਹਾ ਕੇ ਮੁੜ ਕੇ ਉਹਦੀ ਬਾਤ ਨਾ ਪੁੱਛਣੀ, ਤੰਗ ਕਰਨਾ।

**ਸੁੱਕਾ ਬਚਣਾ**—ਕਿਸੇ ਕਿਸਮ ਦਾ ਨੁਕਸਾਨ ਨਾ ਹੋਣਾ, ਬੱਚ ਜਾਣਾ।

**ਸੁੱਕੇ ਸੰਘ ਅੜਾਉਣਾ**—ਊਈਂ ਮੀਚੀਂ ਰੋਣਾ, ਪਖੰਡ ਕਰਨਾ।

**ਸੁੱਕੇ ਬਾਗ ਹਰੇ ਹੋਣੇ**—ਕਿਸਮਤ ਜਾਗਣੀ, ਉਦਾਸੀ ਦਾ ਖ਼ੁਸ਼ੀ ਵਿੱਚ ਬਦਲ ਜਾਣਾ।

**ਸੁੱਖ ਦਾ ਸਾਹ ਆਉਣਾ**—ਔਖੇ ਦਿਨ ਬੀਤ ਜਾਣ ਮਗਰੋਂ ਸੁਖੀ ਜ਼ਿੰਦਗੀ ਸ਼ੁਰੂ ਹੋਣੀ।

**ਸੁੱਖ ਦੀ ਨੀਂਦਰ ਸੌਣਾ**—ਨਿਸ਼ਚਿੰਤ ਹੋ ਕੇ ਸੌਣਾ, ਚੰਗੇ ਦਿਨ ਆਉਣੇ।

**ਸੁੱਜ ਭੜੋਲਾ ਬਣਨਾ**—ਰੁਸ ਕੇ ਮੂੰਹ ਮੋਟਾ ਕਰ ਲੈਣਾ।

**ਸੁੰਞ ਮਸਾਣ ਵਰਤਣਾ**—ਮੜ੍ਹੀਆਂ ਵਾਂਗ ਚੁੱਪ ਛਾ ਜਾਣੀ, ਬਿਲਕੁਲ ਚੁੱਪ ਹੋਣੀ।

**ਸੁੱਟ ਪਾਉਣਾ**—ਕਿਸੇ ਚੀਜ਼ ਨੂੰ ਮਹਿੰਗੀ ਸਸਤੀ ਕਰਕੇ ਵੇਚ ਦੇਣਾ, ਗਲੋਂ ਲਾਹੁਣਾ।

**ਸੁਣਾਉਤਾਂ ਸੁੱਟਣਾ**—ਕਿਸੇ ਖ਼ਾਸ ਮੰਤਵ ਲਈ ਗੱਲਾਂ ਕਰਨੀਆਂ, ਸੁਝਾ ਦੇਣੇ, ਤਾਹਨੇ ਮਾਰ ਕੇ ਵੰਗਾਰਨਾ।

**ਸੁਣੀ ਅਣਸੁਣੀ ਕਰਨਾ**—ਧਿਆਨ ਨਾ ਦੇਣਾ, ਮੰਨਣਾ ਨਾ।

**ਸੁੱਤੀ ਕਲਾ ਜਗਾਉਣੀ**—ਖ਼ਤਮ ਹੋਏ ਝਗੜੇ ਨੂੰ ਨਵੇਂ ਸਿਰਿਓਂ ਖੜ੍ਹਾ ਕਰ ਲੈਣਾ।

**ਸੁਪਨਾ ਹੋ ਜਾਣਾ**—ਆਸ ਮੁੱਕ ਜਾਣੀ, ਮੁੜ ਕੇ ਵਾਪਸ ਆਉਣ ਦੀ ਆਸ ਨਾ ਹੋਣੀ।

**ਸੁਪਨਾ ਟੁੱਟ ਜਾਣਾ**—ਚੰਗੀ ਬਣਾਈ ਵਿਓਂਤ ਸਦਾ ਲਈ ਮੁੱਕ ਜਾਣੀ।

**ਸੁਪਨੇ ਆਉਣੇ**—ਮੁੜ ਮੁੜ ਚੇਤੇ ਆਉਣਾ।

**ਸੁਪਨੇ ਲੈਣਾ**—ਆਸਾਂ ਬੰਨ੍ਹਣੀਆਂ।

**ਸੁਭਾਅ ਦਾ ਕੌੜਾ ਹੋਣਾ**—ਗੁਸੈਲ ਤੇ ਕ੍ਰੋਧੀ।

**ਸੁਰ ਮਿਲਣਾ**—ਸਹਿਮਤੀ ਹੋਣੀ, ਇਕੋ ਰਾਏ ਹੋਣੀ।

**ਸੁੰਨ ਹੋ ਜਾਣਾ**—ਆਪਣੇ ਆਪ ਦੀ ਸੁਰਤ ਨਾ ਰਹਿਣੀ, ਘਬਰਾ ਜਾਣਾ।

**ਸੂਹ ਕਢਣਾ**—ਕਿਸੇ ਦਾ ਭੇਤ ਪਤਾ ਕਰਨਾ।

**ਸੂਤ ਆਉਣਾ**—ਲਾਭਦਾਇਕ ਸਿੱਧ ਹੋਣਾ, ਠੀਕ ਬੈਠਣਾ।

**ਸੂਰਜ ਚੜ੍ਹਨਾ**—ਉੱਨਤੀ ਵੱਲ ਜਾਣਾ, ਪ੍ਰਸਿੱਧੀ ਹਾਸਿਲ ਹੋਣੀ, ਤੇਜ਼ ਪ੍ਰਤਾਪ ਰੌਸ਼ਨ ਹੋਣਾ।

**ਸੂਲੀ 'ਤੇ ਟੰਗਣਾ**—ਚਿੰਤਾ ਵਿੱਚ ਪਾਈ ਰੱਖਣਾ, ਦੁਖੀ ਕਰਨਾ।

**ਸ਼ੂਟ ਲਾਉਣਾ**—ਜ਼ੋਰ ਨਾਲ਼ ਦੌੜਨਾ।

**ਸੇਕ ਲੱਗਣਾ**—ਦੁੱਖ ਮਹਿਸੂਸ ਕਰਨਾ।

**ਸ਼ੇਖਚਿੱਲੀ ਦੇ ਪਲਾਓ ਪਕਾਉਣਾ**—ਖ਼ਿਆਲੀ ਆਸਾਂ।

**ਸੇਕ ਲੱਗਣਾ**—ਕਿਸੇ ਦੂਜੇ ਦੇ ਦੁੱਖ ਨੂੰ ਆਪਣਾ ਦੁੱਖ ਸਮਝਣਾ, ਘਾਟਾ ਪੈਣਾ।

**ਸ਼ੇਰ ਹੋ ਜਾਣਾ**—ਹੌਸਲਾ ਬੁਲੰਦ ਕਰਨਾ, ਦਲੇਰੀ ਫੜਨੀ।

**ਸ਼ੇਰ ਦੀ ਮੁੱਛ ਫੜਨਾ**—ਹੌਸਲੇ ਭਰਪੂਰ ਕਰਤਵ ਕਰਨੇ।

**ਸ਼ੈਤਾਨ ਦੇ ਕੰਨ ਕੁਤਰਨੇ**—ਬਹੁਤ ਹੀ ਸਿਆਣਾ ਤੇ ਚਲਾਕ ਹੋਣਾ।

**ਸੈਲ ਪੱਥਰ ਹੋਣਾ**—ਡਰ ਨਾਲ਼ ਥਾਂ 'ਤੇ ਗੱਡਿਆ ਜਾਣਾ, ਅਹਿਲ ਹੋ ਜਾਣਾ, ਪੱਥਰਾ ਜਾਣਾ।

**ਸੋਹਲੇ ਸੁਣਾਉਣਾ**—ਕਿਸੇ ਨੂੰ ਮੰਦੇ ਬੋਲ ਬੋਲਣੇ, ਗਾਲ਼ਾਂ ਕੱਢਣੀਆਂ।

**ਸੋਚ ਦੀ ਮੂਰਤ ਬਣਨਾ**—ਚੁਪ ਚਾਪ ਸੋਚੀ ਜਾਣਾ, ਆਲ਼ੇ ਦੁਆਲ਼ੇ ਦੀ ਸੁਰਤ ਨਾ ਰਹਿਣੀ।

**ਸੋਚਾਂ ਵਿੱਚ ਉਤਰਨਾ**—ਸੋਚਾਂ 'ਚ ਡੁੱਬ ਜਾਣਾ।

**ਸੋਤਰ ਸੁੱਕ ਜਾਣੇ**—ਡਰ ਜਾਣਾ, ਡਰ ਨਾਲ਼ ਬੁਲ੍ਹ ਸੁਕ ਜਾਣੇ।

**ਸੋਨੇ ਉੱਤੇ ਸੁਹਾਗੇ ਦਾ ਕੰਮ ਕਰਨਾ**—ਹੋਰ ਚਮਕਾ ਦੇਣਾ, ਵਧੇਰੇ ਚੰਗਾ ਬਣਾ ਦੇਣਾ।

**ਸੋਨੇ ਦੀ ਲੰਕਾ ਬਣਾਉਣਾ**—ਬਹੁਤ ਅਮੀਰ ਹੋ ਜਾਣਾ, ਬਹੁਤ ਧੰਨ ਇਕੱਠਾ ਕਰਨਾ।

**ਸੌ ਦੀ ਇਕੋ ਮੁਕਾ ਦੇਣਾ**—ਮੁੱਕਦੀ ਗੱਲ ਕਰਨੀ।

**ਸੌਖਾ ਨਾ ਮਾਰਨਾ**—ਸੌਖੀ ਤਰ੍ਹਾਂ ਬਸ ਵਿੱਚ ਨਾ ਆਉਣਾ।

**ਸੰਘ ਪਾੜਨਾ**—ਉੱਚੀ ਬੋਲਣਾ।

**ਸੰਘੀ ਘੁਟੀ ਹੋਣਾ**—ਬਹੁਤ ਤੰਗ ਹੋਣਾ।

**ਸੰਘੀ ਨਹੁੰ ਦੇਣਾ**—ਜ਼ਬਰਦਸਤੀ ਆਪਣੀ ਗੱਲ ਮਨਾਉਣੀ, ਬਹੁਤ ਤੰਗ ਕਰਨਾ।

## ਹ

**ਹੰਝੂਆਂ ਦਾ ਹਾਰ ਪਰੋਣਾ**—ਜ਼ਾਰ ਜ਼ਾਰ ਰੋਣਾ, ਹੰਝੂ ਕੇਰਨਾ।

**ਹੱਟੀ ਵਧਾਣਾ**—ਹੱਟ ਬੰਦ ਕਰਨੀ, ਦੁਕਾਨ ਬੰਦ ਕਰਨੀ।

**ਹੱਡ ਭੰਨ ਕੇ ਕੰਮ ਕਰਨਾ**—ਸਖ਼ਤ ਮਿਹਨਤ ਕਰਨੀ, ਔਖਾ ਕੰਮ ਕਰਨਾ।

**ਹੱਡ ਸੁਜਾਉਣਾ**—ਜਿਸਮਾਨੀ ਮਾਰ ਮਾਰਨੀ, ਬੁਰੀ ਤਰ੍ਹਾਂ ਕੁੱਟਣਾ।

**ਹੱਡ ਖਾਣਾ**—ਬਹੁਤ ਸਤਾਉਣਾ।

**ਹੱਡ ਗੋਡੇ ਰਗੜਨਾ**—ਦੁੱਖ ਭੋਗਣੇ, ਦੁਖ ਸਹਿਣੇ।

**ਹੱਡ ਨਾ ਹਿਲਾਉਣਾ**—ਕੋਈ ਕੰਮ ਨਾ ਕਰਨਾ, ਨਿਕੰਮਾ ਬੰਦਾ।

**ਹੱਡਾਂ ਨੂੰ ਰੋਗ ਲਾਉਣਾ**—ਸਦਾ ਦਾ ਦੁੱਖ ਸਹੇੜ ਲੈਣਾ।

**ਹੱਡਾਂ ਵਿੱਚ ਪਾਣੀ ਪੈਣਾ**—ਕੰਮ ਕਰਨ ਨੂੰ ਜੀ ਨਾ ਕਰਨਾ, ਆਲਸੀ ਹੋ ਜਾਣਾ।

**ਹੱਡੀ ਪਸਲੀ ਨਾ ਲੱਭਣੀ**—ਖੁਰਾ ਖੋਜ ਨਾ ਲੱਭਣਾ।

**ਹੱਡੀਆਂ ਨਿਕਲ ਆਉਣਾ**—ਕਮਜ਼ੋਰ ਹੋ ਜਾਣਾ।

**ਹੱਥ ਉਠਾਉਣਾ**—ਮਾਰਨ ਨੂੰ ਪੈਣਾ।

**ਹੱਥ ਉੱਤੇ ਹੱਥ ਧਰਕੇ ਬੈਠਣਾ**—ਨਿਕੰਮਾ ਹੋਣਾ।

**ਹੱਥ ਅੱਡਣਾ**—ਭਿੱਖ ਮੰਗਣਾ, ਦੂਜੇ ਪਾਸੋਂ ਮੰਗਣਾ।

**ਹੱਥ ਆ ਜਾਣਾ**—ਕਾਬੂ ਆਉਣਾ, ਪ੍ਰਾਪਤ ਹੋਣਾ।

**ਹੱਥ ਸਾਫ਼ ਕਰਨਾ**—ਧੋਖੇ ਨਾਲ ਕੋਈ ਚੀਜ਼ ਲੈਣੀ।

**ਹੱਥ ਹਿਲਾਉਣਾ**—ਉੱਦਮ ਕਰਨਾ।

ਹੱਥ ਹੇਠ ਆਉਣਾ—ਕਾਬੂ ਆਉਣਾ।

ਹੱਥ ਹੌਲਾ ਕਰਵਾਉਣਾ—ਕਿਸੇ ਦੁੱਖ ਲਈ ਟੂਣਾ ਆਦਿ ਕਰਾਉਣਾ।

ਹੱਥ ਕਰ ਜਾਣਾ—ਧੋਖਾ ਕਰਨਾ।

ਹੱਥ ਖੁੱਲ੍ਹਾ ਰੱਖਣਾ—ਖੁੱਲ੍ਹਾ ਖ਼ਰਚ ਕਰਨਾ।

ਹੱਥ ਗਰਮ ਹੋਣਾ—ਮੁੱਠੀ ਗਰਮ ਹੋਣੀ, ਰਿਸ਼ਵਤ ਲੈਣੀ।

ਹੱਥ ਗਰਮ ਕਰਨਾ—ਵੱਢੀ ਦੇਣੀ, ਰਿਸ਼ਵਤ ਦੇਣੀ।

ਹੱਥ ਚੁੱਕਣਾ—ਅੱਗੋਂ ਮਾਰਨਾ।

ਹੱਥ ਜੋੜਨਾ—ਖਿਮਾਂ ਮੰਗਣੀ, ਨਿਮਰਤਾ ਦਿਖਾਣੀ।

ਹੱਥ ਝਾੜਕੇ ਮਗਰ ਪੈਣਾ—ਗੁੱਸੇ ਵਿੱਚ ਆ ਕੇ ਗਲ਼ ਪੈ ਜਾਣਾ।

ਹੱਥ ਤੰਗ ਹੋਣਾ—ਗ਼ਰੀਬੀ ਆ ਜਾਣੀ।

ਹੱਥ 'ਤੇ ਹੱਥ ਮਾਰ ਕੇ ਨੱਸ ਜਾਣਾ—ਖਿਸਕ ਜਾਣਾ, ਫੜਿਆ ਨਾ ਜਾਣਾ।

ਹੱਥਾਂ ਦਾ ਸੁੱਚਾ ਹੋਣਾ—ਬਹੁਤ ਸਿਆਣਾ ਕਾਰੀਗਰ ਹੋਣਾ, ਦਿਆਨਤਦਾਰ ਹੋਣਾ।

ਹੱਥ ਦੇ ਕੇ ਰੱਖਣਾ—ਕਿਸੇ ਦੁਰਘਟਨਾ 'ਚੋਂ ਬਚਾਅ ਹੋ ਜਾਣਾ।

ਹੱਥ ਦੇਣਾ—ਸਹਾਰਾ ਦੇਣਾ।

ਹੱਥ ਧੋ ਕੇ ਮਗਰ ਪੈਣਾ—ਕਿਸੇ ਦਾ ਬੇਲੋੜਾ ਵਿਰੋਧ ਕਰੀ ਜਾਣਾ, ਤੰਗ ਕਰਨਾ, ਖ਼ਤਮ ਕਰਨਾ।

ਹੱਥ ਧੋ ਬਹਿਣਾ—ਗੁਆ ਦੇਣਾ।

ਹੱਥ ਨੂੰ ਹੱਥ ਨਾ ਦਿਸਣਾ—ਘੁਪ ਹਨ੍ਹੇਰਾ ਹੋਣਾ।

ਹੱਥ ਪੀਲ਼ੇ ਕਰਨੇ—ਧੀ ਦਾ ਵਿਆਹ ਕਰ ਦੇਣਾ।

ਹੱਥ ਪੈਰ ਮਾਰਨੇ—ਕੋਸ਼ਿਸ਼ ਕਰਨੀ, ਯਤਨ ਕਰਨਾ।

ਹੱਥ ਫੜਨਾ—ਕਿਸੇ ਕੰਮ ਤੋਂ ਰੋਕਣਾ।

ਹੱਥ ਬੰਨ੍ਹੀਂ ਖੜ੍ਹੇ ਹੋਣਾ—ਹੁਕਮ ਮੰਨਣ ਲਈ ਤਿਆਰ ਰਹਿਣਾ।

ਹੱਥ ਮਲ਼ਣਾ—ਅਫ਼ਸੋਸ ਕਰਨਾ।

ਹੱਥ ਮਿਲਾਣਾ—ਮਿੱਤਰਤਾ ਗੰਢਣੀ, ਰੁੱਸੇ ਹੋਏ ਦੀ ਸੁਲਾਹ ਕਰਵਾ ਦੇਣੀ।

ਹੱਥ ਮਾਰਨੇ—ਯਤਨ ਕਰਨੇ।

ਹੱਥ ਰੰਗਣਾ—ਖ਼ੂਬ ਕਮਾਈ ਕਰਨੀ।

ਹੱਥ ਰੁਪਿਆ ਰੱਖਣਾ—ਧੀ ਦਾ ਸਾਕ ਦੇਣਾ।

ਹੱਥ ਲਾਇਆਂ ਮੈਲ਼ਾ ਹੋਣਾ—ਬਹੁਤ ਸੋਹਣਾ ਹੋਣਾ।

**ਹੱਥ ਲਾਉਣਾ**—ਧੋਖਾ ਦੇਣਾ।

**ਹੱਥ ਲਮਕਾਉਂਦੇ ਆਉਣਾ**—ਖ਼ਾਲੀ ਹੱਥ ਪਰਤਣਾ।

**ਹੱਥ ਵਟਾਉਣਾ**—ਦੂਜੇ ਦੀ ਸਹਾਇਤਾ ਕਰਨੀ।

**ਹੱਥ ਵਢ ਦੇਣਾ**—ਲਿਖਤੀ ਕਾਰਵਾਈ ਕਰਨੀ, ਅਸ਼ਟਾਮ ਆਦਿ 'ਤੇ ਗੂਠਾ ਤੇ ਸਹੀ ਪੁਆ ਲੈਣੀ।

**ਹੱਥ ਵਖਾਉਣਾ**—ਤਾਕਤ ਨਾਲ਼ ਵਿਰੋਧੀ ਨੂੰ ਨੀਵਾਂ ਵਿਖਾਉਣਾ।

**ਹੱਥਾਂ ਹੇਠ ਹੋਣਾ**—ਪ੍ਰਭਾਵ ਅਧੀਨ ਹੋਣਾ।

**ਹੱਥਾਂ ਹੇਠ ਰੱਖਣਾ**—ਅਸਰ ਥੱਲ੍ਹੇ ਰਹਿਣਾ।

**ਹੱਥਾਂ ਦੇ ਤੋਤੇ ਉਡਣਾ**—ਘਬਰਾ ਜਾਣਾ, ਹੋਸ਼ ਗੁਆਚ ਜਾਣੇ।

**ਹੱਥਾਂ ਪੈਰਾਂ ਦੀ ਪੈਣੀ**—ਚਿੰਤਾ ਅਤੇ ਘਬਰਾਹਟ ਹੋ ਜਾਣੀ।

**ਹਥਿਆਰ ਸੁੱਟਣਾ**—ਈਨ ਮੰਨ ਲੈਣੀ, ਹਾਰ ਜਾਣਾ।

**ਹੱਥੀਂ ਛਾਵਾਂ ਕਰਨਾ**—ਆਦਰ ਸਤਿਕਾਰ ਕਰਨਾ।

**ਹਥੇਲੀ ਵਿੱਚ ਖੁਰਕ ਹੋਣੀ**—ਚੈਨ ਨਾ ਆਉਣੀ।

**ਹੱਥੋਂ ਨਾ ਛੱਡਣਾ**—ਵਿਸਾਹ ਨਾ ਕਰਨਾ।

**ਹੱਥੋ ਪਾਈ ਹੋਣੀ**—ਲੜ ਪੈਣਾ, ਘਸੁੰਨ ਮੁੱਕੀ ਹੋਣਾ।

**ਹੱਦ ਟੱਪ ਜਾਣਾ**—ਹੱਦੋਂ ਅੱਗੇ ਵੱਧ ਜਾਣਾ, ਕਿਸੇ ਗੱਲ ਦੀ ਅਤਿ ਹੋਣੀ, ਬਰਦਾਸ਼ਤ ਤੋਂ ਬਾਹਰ ਹੋਣਾ।

**ਹੱਦ ਬੰਨਾ ਨਾ ਹੋਣਾ**—ਬਹੁਤ ਖ਼ਰਚ ਹੋ ਜਾਣਾ।

**ਹੱਦ ਮੁਕਾ ਦੇਣਾ**—ਕਮਾਲ ਦੀ ਗੱਲ ਕਰਨੀ, ਵਿਤੋਂ ਬਾਹਰੀ ਗੱਲ।

**ਹਨ੍ਹੇਰ ਆਉਣਾ**—ਵਿਪਤਾ ਪੈਣੀ, ਔਖਾ ਸਮਾਂ ਆਉਣਾ।

**ਹਨ੍ਹੇਰ ਮਚਾਉਣਾ**—ਆਪਣੇ ਤੋਂ ਕਮਜ਼ੋਰ ਨਾਲ਼ ਵਧੀਕੀ ਕਰਨੀ, ਜ਼ੁਲਮ ਕਰਨਾ।

**ਹੰਨੇ ਹੰਨੇ ਮੀਰ ਹੋਣਾ**—ਹਰ ਕਿਸੇ ਦਾ ਚੌਧਰੀ ਬਣਨਾ।

**ਹੰਨੇ ਜਾਂ ਬੰਨੇ ਕਰਨਾ**—ਦੋ ਟੁਕ ਫ਼ੈਸਲਾ ਕਰਨਾ, ਗੱਲ ਦਾ ਨਬੇੜਾ ਕਰਨਾ।

**ਹਨ੍ਹੇਰਾ ਪੱਖ ਦੱਸਣਾ**—ਕਿਸੇ ਦੇ ਮਾੜੇ ਔਗੁਣ ਹੀ ਦੱਸਣੇ।

**ਹਨ੍ਹੇਰੇ ਵਿੱਚ ਹੋਣਾ**—ਅਗਿਆਨੀ ਹੋਣਾ, ਪਤਾ ਨਾ ਹੋਣਾ, ਅਣਜਾਣ।

**ਹੰਭਲਾ ਮਾਰਨਾ**—ਯਤਨ ਕਰਨਾ, ਕੋਸ਼ਿਸ਼ ਕਰਨੀ।

**ਹਰਫਨ ਮੌਲਾ ਹੋਣਾ**—ਹਰ ਕੰਮ ਦਾ ਮਾਹਰ ਹੋਣਾ, ਉਸਤਾਦ ਹੋਣਾ।

**ਹਰਨ ਹੋਣਾ**—ਭੱਜ ਜਾਣਾ, ਦੌੜ ਜਾਣਾ।

**ਹਰਫ਼ ਆਉਣਾ**—ਦੂਸ਼ਣ ਲੱਗਣਾ, ਖੁਨਾਮੀ ਹੋਣੀ।

**ਹੱਲਾਸ਼ੇਰੀ ਦੇਣਾ**—ਹੌਸਲਾ ਅਫ਼ਜ਼ਾਈ ਕਰਨਾ, ਹੌਸਲਾ ਵਧਾਉਣਾ।

**ਹਵਾ ਉਲਟੀ ਚੱਲਣੀ**—ਮਾੜਾ ਰਿਵਾਜ਼ ਪੈ ਜਾਣਾ।

**ਹਵਾ ਹੋ ਜਾਣਾ**—ਨੱਸ ਜਾਣਾ, ਦੌੜ ਜਾਣਾ, ਪੱਤਰਾ ਵਾਚ ਜਾਣਾ।

**ਹਵਾ ਤੱਕ ਨਾ ਨਿਕਲਣਾ**—ਭੇਤ ਗੁਪਤ ਰਹਿਣਾ।

**ਹਵਾ ਦੇ ਘੋੜ ਅਸਵਾਰ ਹੋਣਾ**—ਹੈਂਕੜ ਵਿੱਚ ਰਹਿਣਾ।

**ਹਵਾ ਨਾਲ਼ ਗੱਲਾਂ ਕਰਨਾ**—ਬਹੁਤ ਤੇਜ਼ ਦੌੜਨਾ।

**ਹਵਾ ਨੂੰ ਸੋਟੇ ਮਾਰਨੇ**—ਫ਼ਜ਼ੂਲ ਗੱਲਾਂ ਕਰਨੀਆਂ, ਬੇਧਵੀਆਂ ਮਾਰਨੀਆਂ।

**ਹਵਾਈ ਕਿਲੇ ਉਸਾਰਨਾ**—ਫ਼ਰਜ਼ੀ ਆਸਾਂ ਬਣਾਉਣੀਆਂ, ਸ਼ੇਖ਼ਚਿੱਲੀ ਵਾਲ਼ੀਆਂ ਗੱਲਾਂ ਕਰਨਆਂ, ਝੂਠੇ ਮਨਸੂਬੇ ਬਣਾਉਣੇ।

**ਹਵਾਸ ਗੁੰਮ ਕਰਨਾ**—ਸੁਧ ਬੁਧ ਨਾ ਰਹਿਣ ਦੇਣੀ।

**ਹਾਸੇ ਦਾ ਮੜ੍ਹਾਸਾ ਹੋਣਾ**—ਹਾਸੇ ਵਿੱਚ ਕੀਤੀ ਗੱਲ ਦਾ ਉਲਟਾ ਅਸਰ ਹੋਣਾ, ਉਲਟੀ ਪੈਣੀ।

· **ਹਾਕਲ਼ ਬਾਕਲ਼ ਹੋਣਾ**—ਬੇਸੁਰਤ ਹੋਣਾ।

**ਹਾਥ ਲੈਣਾ**—ਪਰਖਣਾ, ਟੋਹਣਾ।

**ਹਾਥੀ ਬਣਕੇ ਝੂਲਣਾ**—ਬਹੁਤਾ ਖ਼ਰਚ ਕਰਕੇ ਡਰਾਉਣਾ।

**ਹਾਮੀ ਭਰਨਾ**—ਹੁੰਗਾਰਾ ਭਰਨਾ, ਸਹਿਮਤੀ ਦੇਣੀ।

**ਹਾਲਤ ਪਤਲੀ ਹੋਣੀ**—ਗ਼ਰੀਬ ਹੋਣਾ।

**ਹਾੜ੍ਹੇ ਕੱਢਣਾ**—ਮਿੰਨਤਾਂ ਤਰਲੇ ਕਰਨੇ।

**ਹਾਂ ਵਿੱਚ ਹਾਂ ਮਿਲਾਉਣੀ**—ਸਹਿਮਤੀ ਦਰਸਾਉਣੀ।

**ਹਿੱਕ ਕਢ ਕੇ ਕਹਿਣਾ**—ਦਲੇਰੀ ਨਾਲ਼ ਗੱਲ ਕਹਿਣੀ।

**ਹਿੱਕ ਡਾਹੁਣੀ**—ਪੂਰੀ ਮਦਦ ਕਰਨੀ।

**ਹਿੱਕ 'ਤੇ ਹੱਥ ਰੱਖਣਾ**—ਦੁਖੀ ਹੋਣਾ।

**ਹਿੱਕ 'ਤੇ ਚੜ੍ਹਨਾ**—ਜ਼ਬਰਦਸਤੀ ਆਪਣੀ ਗੱਲ ਮਨਵਾਉਣੀ।

**ਹਿੱਕ 'ਤੇ ਮੂੰਗੀ ਦਲਣੀ**—ਕਿਸੇ ਦੇ ਸਾਹਮਣੇ ਉਹਨੂੰ ਸਤਾਉਣ ਜਾਂ ਚੜ੍ਹਾਉਣ ਵਾਲ਼ਾ ਕੰਮ ਕਰਨਾ।

**ਹਿੱਕ 'ਤੇ ਸੱਪ ਲੰਘ ਜਾਣਾ**—ਦਿਲ 'ਚ ਸਾੜਾ ਹੋਣਾ।

**ਹਿੱਕ ਦਾ ਧੱਕਾ ਕਰਨਾ**—ਵਧੀਕੀ ਕਰਨੀ, ਜ਼ਬਰਦਸਤੀ ਕਰਨਾ।

**ਹਿੱਕ ਨਾਲ਼ ਲਾਉਣਾ**—ਪਿਆਰ ਕਰਨਾ।

**ਹਿੰਗ ਫੜਕੜੀ ਨਾ ਲੱਗਣਾ**—ਮਾਮੂਲੀ ਖ਼ਰਚ ਹੋਣਾ, ਬਹੁਤ ਖ਼ਰਚਾ ਨਾ ਹੋਣਾ।

**ਹਿਰਦਾ ਚੀਰ ਦੇਣਾ**—ਦਿਲ ਨੂੰ ਕਰਾਰੀ ਸੱਟ ਲੱਗਣੀ।

**ਹਿਰਦਾ ਪਿਘਲਣਾ**—ਦਿਲ 'ਤੇ ਕਿਸੇ ਗੱਲ ਦਾ ਅਸਰ ਹੋਣਾ।

**ਹਿਰਦੇ 'ਤੇ ਉੱਕਰ ਜਾਣਾ**—ਦਿਲ 'ਤੇ ਡੂੰਘਾ ਅਸਰ ਹੋਣਾ।

**ਹੀਜ ਪਿਆਜ ਟੋਹਣਾ**—ਪੂਰੀ ਪਰਖ਼ ਕਰਨੀ, ਤਸੱਲੀ ਕਰਨੀ।

**ਹੀਰਾ ਚੱਟ ਕੇ ਮੁੜਨਾ**—ਮੌਤ ਸਹੇੜਨੀ।

**ਹੁਕਮ ਸਿਰ ਮੱਥੇ 'ਤੇ ਮੰਨਣਾ**—ਬਿਨਾਂ ਕਿਸੇ ਨਾਂਹ ਨੁੱਕਰ ਤੋਂ ਹੁਕਮ ਦੀ ਪਾਲਣਾ ਕਰਨਾ।

**ਹੁੱਤ ਨਾ ਕੱਢਣਾ**—ਦਿਲ ਦੀ ਗੱਲ ਮੂੰਹੋਂ ਨਾ ਕੱਢਣੀ।

**ਹੁਲਾਰਾ ਖਾ ਜਾਣਾ**—ਜਵਾਨ ਹੋਣਾ, ਖ਼ੁਸ਼ੀ 'ਚ ਝੂਮਣਾ।

**ਹੂੰਝਾ ਫਿਰ ਜਾਣਾ**—ਨਾਸ਼ ਹੋ ਜਾਣਾ।

**ਹੇਠ ਉੱਤੇ ਹੋਣਾ**—ਲੜਾਈ ਝਗੜਾ ਕਰਨਾ, ਹੱਥੋ-ਪਾਈ ਕਰਨਾ।

**ਹੇਠਲੀ ਉੱਤੇ ਆਉਣੀ**—ਰਾਜ ਪ੍ਰਬੰਧ ਬਦਲ ਜਾਣਾ, ਰਾਜ ਰੌਲ਼ਾ ਪੈ ਜਾਣਾ।

**ਹੋਸ਼ ਉਡਣਾ**—ਘਬਰਾ ਜਾਣਾ, ਹੋਸ਼ ਨਾ ਰਹਿਣੀ, ਬੇਸੁਰਤੀ।

**ਹੋਸ਼ ਆ ਜਾਣਾ**—ਭੁਲੇਖਾ ਦੂਰ ਹੋ ਜਾਣਾ, ਸਮਝ ਆ ਜਾਣੀ, ਚੁਕੰਨਾ ਹੋ ਜਾਣਾ।

**ਹੋਸ਼ ਟਿਕਾਣੇ ਆਉਣਾ**—ਨੁਕਸਾਨ ਜਾਂ ਦੁਖ ਮਗਰੋਂ ਹੰਕਾਰ ਨਾ ਰਹਿਣਾ, ਸਾਵਧਾਨ ਹੋਣਾ।

**ਹੋਸ਼ ਮਾਰੀ ਜਾਣੀ**—ਕੁਝ ਵੀ ਨਾ ਪਤਾ ਲੱਗਣਾ, ਘਬਰਾ ਜਾਣਾ।

**ਹੋਣੀ ਦਾ ਹੱਥ ਹੋਣਾ**—ਮਾੜੀ ਕਿਸਮਤ ਹੋਣੀ, ਬਣਦਾ ਕੰਮ ਵਿਗੜ ਜਾਣਾ।

**ਹੋਣੀ ਨੂੰ ਮਿਲਣਾ**—ਅੱਗੋਂ ਵਾਪਰਨ ਵਾਲੀ ਵਿਪਤਾ ਦਾ ਟਾਕਰਾ ਕਰਨ ਲਈ ਤਿਆਰ ਹੋਣਾ।

ਹੋਰ ਦਾ ਹੋਰ ਹੋਣਾ—ਨਵੀਂ ਤਬਦੀਲੀ ਵਾਪਰਨੀ, ਨਵੇਂ ਜਜ਼ਬੇ ਪੈਦਾ ਹੋਣਾ, ਚਾਲ ਢਾਲ ਬਦਲ ਜਾਣੀ।

ਹੌਲਾ ਹੋਣਾ—ਹੌਸਲਾ ਢਹਿ ਜਾਣਾ, ਸਨਮਾਨ ਤੇ ਕਦਰ ਘੱਟ ਜਾਣੀ।

ਹੌਲ਼ਾ ਫੁੱਲ ਹੋ ਜਾਣਾ—ਚਿੰਤਾ ਤੋਂ ਮੁਕਤ ਹੋ ਜਾਣਾ।

ਹੌਲ਼ਿਆਂ ਪੈਣਾ—ਵਾਅਦੇ 'ਤੇ ਪੂਰਾ ਨਾ ਉਤਰਨਾ, ਸ਼ਰਮਸ਼ਾਰ ਹੋਣਾ।

## ਕ

**ਕਈ ਪੱਤਣਾਂ ਦਾ ਪਾਣੀ ਪੀਤਾ ਹੋਣਾ**—ਬਹੁਤ ਚਲਾਕ ਹੋਣਾ, ਕਈ ਦੇਸਾਂ ਦੇ ਸਫ਼ਰ ਦਾ ਤਜ਼ਰਬਾ ਹੋਣਾ।

**ਕਸਰ ਕੱਢਣਾ**—ਦਿਲ ਦੀ ਤਮੰਨਾ ਪੂਰੀ ਕਰਨੀ, ਪੂਰਾ ਬਦਲਾ ਲੈ ਲੈਣਾ, ਘਾਟਾ ਪੂਰਾ ਕਰ ਲੈਣਾ।

**ਕਸਵੱਟੀ 'ਤੇ ਲਾਉਣਾ**—ਪਰਖਣਾ, ਮਿਆਰ ਨਾਪਣਾ।

**ਕਹੀ ਸੁਣੀ ਨਾ ਲੱਗਣੀ**—ਗੱਲ ਨਾ ਮੰਨਣੀ, ਕਹੇ ਸੁਣੇ ਜਾਂ ਸਮਝਾਏ ਦਾ ਅਸਰ ਨਾ ਕਰਨਾ।

**ਕਹੇ ਤੋਂ ਬਾਹਰ ਹੋਣਾ**—ਹੁਕਮ ਨਾ ਮੰਨਣਾ, ਆਪ ਹੁਦਰੀਆਂ ਕਰਨੀਆਂ।

**ਕੱਖ ਨਾ ਰਹਿਣਾ**—ਸਭ ਕੁਝ ਮਲੀਆਮੇਟ ਹੋ ਜਾਣਾ, ਬਹੁਤ ਨੁਕਸਾਨ ਹੋਣਾ, ਵਣਜ ਵਿੱਚ ਘਾਟਾ ਪੈ ਜਾਣਾ।

**ਕੱਖ ਭੰਨ ਕੇ ਦੂਹਰਾ ਨਾ ਕਰਨਾ**—ਕੋਈ ਕੰਮ ਨਾ ਕਰਨਾ, ਵਿਹਲਾ ਰਹਿਣਾ।

**ਕੱਖਾਂ ਤੋਂ ਹੌਲ਼ਾ ਹੋ ਜਾਣਾ**—ਗ਼ਰੀਬੀ ਆ ਜਾਣੀ, ਬਹੁਤ ਸਧਾਰਨ ਹੈਸੀਅਤ ਰਹਿ ਜਾਣੀ।

**ਕੱਚ ਤੋਂ ਕੰਚਨ ਬਣਾ ਦੇਣਾ**—ਗੁਣਹੀਨ ਮਨੁੱਖ ਨੂੰ ਗੁਣੀ ਬਣਾ ਦੇਣਾ।

**ਕੱਚਾ ਕਰਨਾ**—ਸ਼ਰਮਿੰਦਾ ਕਰਨਾ।

**ਕੱਚੀ ਤੰਦ ਟੁੱਟ ਜਾਣਾ**—ਮਾੜਾ ਆਸਰਾ ਵੀ ਜਾਂਦਾ ਰਹਿਣਾ।

**ਕੱਚੀਆਂ ਗੋਲ਼ੀਆਂ ਖੇਡਣਾ**—ਭੋਲ਼ਾ ਭਾਲ਼ਾ ਹੋਣਾ, ਸਧਾਰਨ ਬੁੱਧੀ ਦਾ ਮਾਲਕ ਹੋਣਾ।

**ਕੱਚੇ ਘੜੇ ਪਾਣੀ ਭਰਨਾ**—ਔਖੀ ਤੋਂ ਔਖੀ ਸੇਵਾ ਕਰਨੀ।

**ਕਚੂਮਰ ਕੱਢਣਾ**—ਬੁਰੀ ਤਰ੍ਹਾਂ ਫੇਹ ਦੇਣਾ, ਮਾਰਨਾ।

**ਕੱਛਾਂ ਮਾਰਨੀਆਂ**—ਜਿੱਤ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਨਾ।

**ਕੱਜ ਕੇ ਰੱਖਣਾ**—ਐਬਾਂ ਨੂੰ ਢੱਕ ਕੇ ਰੱਖਣਾ, ਪਰਦਾ ਪਾਉਣਾ।

**ਕਣਕ ਨਾਲ਼ ਘੁਣ ਪਿਸਣਾ**—ਦੋਸ਼ੀ ਨਾਲ਼ ਲੱਗਕੇ ਬੇਦੋਸ਼ਾ ਮਾਰਿਆ ਜਾਣਾ।

**ਕਦਮ ਭਾਰੇ ਹੋਣਾ**—ਚਿੰਤਾ ਵਿੱਚ ਰੁਕ ਜਾਣਾ, ਉਦਾਸ ਹੋ ਜਾਣਾ।

**ਕਦਮਾਂ ਹੇਠ ਅੱਖਾਂ ਵਛਾਉਣਾ**—ਆਦਰ, ਮਾਣ ਕਰਨਾ, ਆਓ ਭਗਤ ਕਰਨਾ।

**ਕਦਮਾਂ 'ਤੇ ਡੁੱਲ੍ਹ ਜਾਣਾ**—ਕੁਰਬਾਨ ਹੋ ਜਾਣਾ, ਸਦਕੇ ਜਾਣਾ।

**ਕੱਪੜਿਆਂ ਤੋਂ ਬਾਹਰ ਹੋਣਾ**—ਆਪਣੇ ਆਪ 'ਤੇ ਕਾਬੂ ਨਾ ਰਹਿਣਾ, ਗੁੱਸੇ ਨਾਲ਼ ਭਰ ਜਾਣਾ।

**ਕੱਪੜਿਆਂ ਵਿੱਚ ਨਾ ਸਮਾਉਣਾ**—ਬਹੁਤ ਖ਼ੁਸ਼ੀ ਮਹਿਸੂਸ ਕਰਨੀ, ਮਾਣ ਕਰਨਾ।

**ਕੱਪੜੇ ਪਾੜ ਕੇ ਨਿਕਲ਼ਣਾ**—ਬਦੋ-ਬਦੀ ਆਪ ਨੂੰ ਜ਼ਾਹਿਰ ਕਰਨਾ।

**ਕੱਪੜੇ ਲਾਹੁਣਾ**—ਸਭ ਕੁਝ ਲੁੱਟ ਲੈਣਾ, ਠੱਗੀ ਮਾਰਨੀ।

**ਕਪਾਟ ਖੋਲ੍ਹਣਾ**—ਅਜਿਹੀ ਗੱਲ ਆਖਣੀ ਜਿਸ ਨਾਲ਼ ਸੁਣਨ ਵਾਲ਼ਾ ਹੈਰਾਨ ਹੋ ਜਾਵੇ, ਸਾਰੇ ਸ਼ੰਕੇ ਨਵਿਰਤ ਹੋ ਜਾਣ।

**ਕਬਰ ਕਨਾਰੇ ਹੋਣਾ**—ਮੌਤ ਦੇ ਕੰਢੇ ਹੋਣਾ।

**ਕਬਰਾਂ ਦੇ ਮੁਰਦੇ ਫੋਲਣਾ**—ਵਿੱਸਰ ਚੁੱਕੀਆਂ ਗੱਲਾਂ ਯਾਦ ਕਰਨੀਆਂ।

**ਕਮਰ ਕੱਸੇ ਕਰਨੇ**—ਕੋਈ ਕੰਮ ਕਰਨ ਲਈ ਤਿਆਰੀ ਕਰਨੀ।

**ਕਰਨੀ ਭਰਨੀ**—ਆਪਣੇ ਵੱਲੋਂ ਕੀਤੇ ਮਾੜੇ ਕੰਮ ਦਾ ਨਤੀਜਾ ਭੁਗਤਣਾ, ਦੁਖ ਭੋਗਣਾ।

**ਕਰਮ ਸੜੇ ਹੋਣੇ**—ਮਾੜੀ ਕਿਸਮਤ ਵਾਲ਼ਾ ਹੋਣਾ।

**ਕਲ੍ਹਾ ਮੁੱਕਣੀ**—ਝਗੜਾ-ਕਲੇਸ਼ ਮੁੱਕ ਜਾਣਾ।

**ਕਲਮ ਚਲਾਉਣਾ**—ਲਿਖਣਾ, ਹੁਕਮ ਚਲਾਉਣਾ।

**ਕਲਮ ਫੇਰਨਾ**—ਲਿਖੇ ਹੋਏ ਨੂੰ ਰੱਦੀ ਕਰਕੇ ਕੱਟ ਦੇਣਾ।

**ਕਲਮ ਲਾਉਣੀ**—ਕਿਸੇ ਬੂਟੇ ਦੀ ਟਾਹਣੀ ਕੱਟਕੇ ਦੂਜੀ ਥਾਂ ਧਰਤੀ 'ਚ ਦੱਬਣੀ।

**ਕੱਲਰ ਦਾ ਕੰਵਲ ਹੋਣਾ**—ਅਣਸੁਖਾਵੇਂ ਹਾਲਾਤਾਂ 'ਚੋਂ ਉਠ ਕੇ ਉੱਨਤੀ ਕਰਨੀ, ਚੰਗਾ ਵਿਅਕਤੀ ਬਣਨਾ।

**ਕਲੀ ਖੋਲ੍ਹਣਾ**—ਭੇਦ ਜ਼ਾਹਿਰ ਕਰਨਾ, ਅੰਦਰਲਾ ਧੋਖਾ ਪ੍ਰਗਟ ਕਰ ਦੇਣਾ।

**ਕਲੀ ਮੁਰਝਾ ਜਾਣੀ**—ਉਦਾਸ ਹੋ ਜਾਣਾ, ਦਿਲ ਢਹਿ ਜਾਣਾ।

**ਕਲੇਜਾ ਸਲਣਾ**—ਦੁਖੀ ਕਰਨਾ, ਦੂਜੇ ਨੂੰ ਅਜਿਹੀ ਗੱਲ ਕਹਿਣੀ ਜਿਸ ਨਾਲ਼ ਅਗਲਾ ਦੁਖੀ ਹੋ ਜਾਵੇ।

**ਕਲੇਜਾ ਕੰਬ ਜਾਣਾ**—ਡਰ ਪੈ ਜਾਣਾ, ਸਹਿਮ ਜਾਣਾ, ਘਬਰਾ ਜਾਣਾ।

**ਕਲੇਜਾ ਠੰਡਾ ਹੋਣਾ**—ਤਸੱਲੀ ਹੋਣੀ, ਖ਼ੁਸ਼ੀ ਹੋਣੀ।

**ਕਲੇਜਾ ਡਿਗੂੰ ਡਿਗੂੰ ਕਰਨਾ**—ਡਰ ਕਾਰਨ ਦਿਲ ਦੀ ਧੜਕਣ ਤੇਜ਼ ਹੋ ਜਾਣੀ।

**ਕਲੇਜਾ ਪਾਟਣ ਲੱਗਣਾ**—ਦਿਲ 'ਤੇ ਸੱਟ ਵੱਜਣੀ।

**ਕਲੇਜਾ ਫੜਕੇ ਬਹਿ ਜਾਣਾ**—ਅਤਿ ਦੁਖੀ ਹੋਣਾ, ਦੁਖ ਸਹਾਰਿਆ ਨਾ ਜਾਣਾ।

ਕਲੇਜਾ ਵਿੰਨ੍ਹਿਆ ਜਾਣਾ—ਬਹੁਤ ਦੁਖੀ ਹੋਣਾ।

ਕਲੇਜੇ ਛੇਕ ਪਾਉਣਾ—ਚੁੱਭਵੀਂ ਗੱਲ ਆਖਣੀ।

ਕਲੇਜੇ ਧ੍ਰੂਹ ਪਾਉਣਾ—ਪ੍ਰੇਮ ਦੀ ਖਿੱਚ ਪੈਣੀ।

ਕਲੇਜੇ ਭਾਂਬੜ ਬਾਲਣਾ—ਕ੍ਰੋਧ ਦੀ ਅੱਗ ਬਾਲਣੀ, ਦੁਖੀ ਕਰਨਾ।

ਕਲੇਜੇ ਲੂਹੇ ਜਾਣੇ—ਅਤਿ ਦਾ ਦੁੱਖ ਪੁੱਜਣਾ, ਦੁਖੀ ਹੋਣਾ।

ਕਲੋਲਾਂ ਕਰਨਾ—ਪਿਆਰ ਵਿੱਚ ਮਸਤੀ ਕਰਨੀ, ਨਖ਼ਰੇ ਕਰਨੇ।

ਕੜਿਆਲੇ ਚੱਬਣੇ—ਗੁੱਸਾ ਪ੍ਰਗਟ ਕਰਨਾ, ਗੁੱਸੇ ਹੋਣਾ।

ਕਾਇਆ ਪਲਟ ਦੇਣਾ—ਪੂਰੀ ਤਬਦੀਲੀ ਲੈ ਆਉਣੀ, ਨਵਾਂ ਨਰੋਆ ਕਰ ਦੇਣਾ।

ਕਾਗਜ਼ੀ ਘੋੜੇ ਦੁੜਾਉਣੇ—ਚਿੱਠੀ ਪੱਤਰ ਲਿਖ ਕੇ ਕੰਮ ਸਾਰਨਾ।

ਕਾਂਜੀ ਘੋਲਣਾ—ਬੇਸੁਆਦੀ ਪੈਦਾ ਕਰਨੀ, ਖ਼ਰਾਬੀ ਕਰਨੀ।

ਕਾਂਟਾ ਬਦਲਣਾ—ਆਪਣੇ ਵਿਚਾਰ ਬਦਲਣੇ, ਪੈਂਤੜਾ ਬਦਲ ਲੈਣਾ।

ਕਾਠ ਦਾ ਬੁੱਤ ਬਣਨਾ—ਹੈਰਾਨੀ ਨਾਲ਼ ਚੁੱਪ ਵੱਟ ਲੈਣੀ, ਡੌਰ ਭੌਰ ਹੋ ਜਾਣਾ।

ਕਾਠ ਮਾਰਨਾ—ਸਾਂਭ ਕੇ ਰੱਖਣਾ, ਬਾਹਰ ਨਾ ਕੱਢਣਾ।

ਕਾਠੀ ਪਾ ਲੈਣਾ—ਦੂਜੇ 'ਤੇ ਆਪਣਾ ਪ੍ਰਭਾਵ ਪਾ ਕੇ ਆਪਣੇ ਕਾਬੂ ਵਿੱਚ ਕਰ ਲੈਣਾ, ਵਿਗਾਰ ਲੈਣੀ।

ਕਾਣੀ ਕੌਡੀ ਪੱਲੇ ਨਾ ਹੋਣਾ—ਪੈਸ ਧੇਲੇ ਵਜੋਂ ਕਮਜ਼ੋਰ ਹੋਣਾ, ਅਤਿ ਦਾ ਗ਼ਰੀਬ ਹੋਣਾ।

ਕਾਫ਼ੀਆ ਤੰਗ ਕਰਨਾ—ਬਹੁਤ ਹੀ ਔਖਾ ਕਰਨਾ, ਔਕੜ ਵਿੱਚੋਂ ਨਿਕਲਣ ਨਾ ਦੇਣਾ, ਉਲਝਾਈ ਰੱਖਣਾ।

ਕਾਫ਼ੂਰ ਹੋ ਜਾਣਾ—ਨੱਸਣ ਲੱਗਿਆਂ ਪਤਾ ਨਾ ਲੱਗਣ ਦੇਣਾ।

ਕਾਰਜ ਸਿੱਧ ਹੋਣਾ—ਮੁਸ਼ਕਲ ਕੰਮ ਸਿਰੇ ਚੜ੍ਹ ਜਾਣਾ।

ਕਾਰਾ ਕਰ ਜਾਣਾ—ਕੋਈ ਮਾੜਾ ਕੰਮ ਕਰਨਾ।

ਕਾਲਜੇ ਛੁਰੀਆਂ ਮਾਰਨਾ—ਬੋਲ ਕਬੋਲ ਬੋਲ ਕੇ ਸੁਣਨ ਵਾਲ਼ੇ ਨੂੰ ਤੜਫ਼ਾ ਦੇਣਾ।

ਕਾਲਜੇ ਠੰਢ ਪੈਣਾ—ਵਿਰੋਧੀ ਤੋਂ ਬਦਲਾ ਲੈ ਕੇ ਖ਼ੁਸ਼ ਹੋਣਾ।

ਕਾਲ਼ਾ ਦਾਗ਼ ਲਾਉਣਾ—ਬਦਨਾਮੀ ਖਟਣੀ, ਚੋਭ ਲਾਉਣੀ, ਦੁਖੀ ਕਰਨਾ।

ਕਾਵਾਂ ਰੌਲੀ ਪਾਉਣਾ—ਰੌਲ਼ਾ ਪਾਉਣਾ, ਆਪਣੀ ਆਪਣੀ ਮਾਰੀ ਜਾਣੀ।

ਕਿਸਮਤ ਸੜ ਜਾਣਾ—ਮਾੜੇ ਦਿਨ ਆਉਣੇਂ, ਘਾਟੇ 'ਤੇ ਘਾਟਾ ਪੈਣਾ।

ਕਿਸਮਤ ਸੌਂ ਜਾਣਾ—ਮਾੜੇ ਦਿਨ ਆਉਣੇ।

ਕਿੱਸਾ ਛੋਹ ਲੈਣਾ—ਲੰਬੀ ਗੱਲ ਸ਼ੁਰੂ ਕਰ ਦੇਣੀ।

ਕਿੱਸਾ ਮੁਕਾਉਣਾ—ਕਿਸੇ ਗੱਲ ਨੂੰ ਖ਼ਤਮ ਕਰਨਾ, ਭੋਗ ਪਾਉਣਾ।

ਕਿਸੇ ਜੁੱਗ ਦਾ ਬਦਲਾ ਲੈਣਾ—ਪੁਰਾਣੀ ਦੁਸ਼ਮਣੀ ਕਢਣੀ, ਪੁਰਾਣਾ ਵੈਰ ਲੈਣਾ।

ਕਿਸੇ ਤੇ ਮਰਨਾ—ਕਿਸੇ 'ਤੇ ਮੋਹਿਤ ਹੋ ਜਾਣਾ, ਪਿਆਰ ਕਰਨਾ, ਆਸ਼ਕ ਹੋ ਜਾਣਾ।

ਕਿਸੇ ਦਾ ਹੋ ਜਾਣਾ—ਆਗਿਆਕਾਰੀ ਹੋ ਜਾਣਾ, ਚਾਕਰ ਬਣ ਜਾਣਾ।

ਕਿਨਾਰਾ ਕਰਨਾ—ਛੱਡ ਦੇਣਾ, ਖਹਿੜਾ ਹੀ ਛੱਡ ਦੇਣਾ।

ਕੀਤਾ ਪਾਉਣਾ—ਮਾੜੇ ਕੰਮਾਂ ਦੀ ਸਜ਼ਾ ਪਾਉਣੀ, ਆਪਣੀ ਕਰਨੀ ਦਾ ਫ਼ਲ ਭੁਗਤਣਾ।

ਕੀਤੀ ਕਰਾਈ ਖੂਹ ਪਾਉਣੀ—ਸਾਰੀ ਮਿਹਨਤ ਅਜਾਈਂ ਚਲੀ ਜਾਣੀ।

ਕੀੜੀ ਘਰ ਭਗਵਾਨ ਆਉਣਾ—ਕਿਸੇ ਗ਼ਰੀਬ ਦੇ ਘਰ ਵੱਡੇ ਆਦਮੀ ਨੇ ਆਉਣਾ।

ਕੁੱਕੜ ਖੋਹੀ ਕਰਨਾ—ਕਿਸੇ ਵਸਤੂ ਨੂੰ ਹਾਸਲ ਕਰਨ ਲਈ ਆਪਸ ਵਿੱਚ ਖਿੱਚ ਧੂਹ ਕਰਨੀ।

ਕੁੱਖ ਬੰਨ੍ਹਣਾ—ਪੁੱਤ ਪ੍ਰਾਪਤ ਕਰਨ ਲਈ ਦੂਜੇ 'ਤੇ ਜਾਦੂ ਟੂਣਾ ਕਰਨਾ।

ਕੁੱਛੜ ਖ਼ਾਲੀ ਹੋਣਾ—ਬੱਚਾ ਪੈਦਾ ਨਾ ਹੋਣਾ, ਗੋਦ ਖ਼ਾਲੀ ਰਹਿਣੀ।

ਕੁੱਛੜ ਬਹਿ ਕੇ ਦਾੜ੍ਹੀ ਖੋਹਣੀ—ਸਾਹਮਣੇ ਹੀ ਬੇਇੱਜ਼ਤੀ ਕਰਨੀ।

ਕੁੱਜੇ ਵਿੱਚ ਸਮੁੰਦਰ ਬੰਦ ਕਰਨਾ—ਲੰਬੀ ਚੌੜੀ ਵਾਰਤਾਲਾਪ ਨੂੰ ਥੋੜ੍ਹੇ ਸ਼ਬਦਾਂ 'ਚ ਬਿਆਨ ਕਰਨਾ।

ਕੁਝ ਘੋਲ਼ ਕੇ ਪਲਾਉਣਾ—ਦੂਜੇ ਨੂੰ ਆਪਣੇ ਪ੍ਰਭਾਵ ਥੱਲ੍ਹੇ ਲਿਆਉਣਾ।

ਕੁਝ ਬਣਨਾ—ਲਾਭ ਪ੍ਰਾਪਤ ਹੋਣਾ।

ਕੁੱਤੇ ਦੀ ਮੌਤ ਮਰਨਾ—ਔਖੀ ਜ਼ਿੰਦਗੀ ਬਤੀਤ ਕਰਨੀ, ਖੁਆਰ ਹੋ ਕੇ ਮਰਨਾ।

ਕੁੱਤੇ ਲਾਣਾ—ਤੁਹਮਤਾਂ ਲਾਉਣੀਆਂ, ਬੇਇਜ਼ਤੀ ਕਰਨੀ।

ਕੁੱਬੇ ਨੂੰ ਲੱਤ ਰਾਸ ਆਉਣੀ—ਦੁੱਖ ਵਿੱਚੋਂ ਸੁੱਖ ਪ੍ਰਾਪਤ ਹੋ ਜਾਣਾ, ਮਾੜੇ ਸਲੂਕ ਵਿੱਚੋਂ ਵੀ ਸੁੱਖ ਮਿਲ ਜਾਣਾ।

ਕੁੜ ਕੁੜ ਕਰਨਾ—ਗੁੱਸੇ ਵਿੱਚ ਅਵਾ ਤਵਾ ਬੋਲਣਾ।

ਕੂੰਡਾ ਕਰਵਾ ਲੈਣਾ—ਤਬਾਹੀ ਕਰਵਾ ਲੈਣੀ, ਸਭ ਕੁਝ ਗਵਾ ਲੈਣਾ।

**ਕੈਰੀ ਅੱਖ ਰੱਖਣਾ**—ਬੁਰੀ ਨਿਗਾਹ ਨਾਲ਼ ਝਾਕਣਾ, ਚੰਗਾ ਨਾ ਸਮਝਣਾ, ਗੁੱਸੇ ਨਾਲ਼ ਦੇਖਣਾ।

**ਕੋਈ ਮੁਕਾਬਲਾ ਨਾ ਹੋਣਾ**—ਆਪਸ ਵਿੱਚ ਬਹੁਤ ਫ਼ਰਕ ਹੋਣਾ।

**ਕੋਈ ਰਾਹ ਨਾ ਲੱਭਣਾ**—ਕਿਸੇ ਸਮੱਸਿਆ ਦਾ ਕੋਈ ਹੱਲ ਨਾ ਲੱਭਣਾ।

**ਕੋਠੀ ਸੱਖਣੀ ਹੋਣੀ**—ਬਹੁਤ ਗ਼ਰੀਬ ਹੋਣਾ, ਘਰ ਦਾਣੇ ਨਾ ਹੋਣੇ।

**ਕੋਠੇ ਜਿੱਡੀ ਹੋਣਾ**—ਕੁੜੀ ਦਾ ਮੁਟਿਆਰ ਹੋ ਜਾਣਾ, ਜਵਾਨ ਹੋਣਾ।

**ਕੋਠੇ ਟੱਪਣੇ**—ਪਰਾਏ ਘਰ ਵੱਲ ਝਾਕਣਾ।

**ਕੋਠੇ 'ਤੇ ਚੜ੍ਹ ਕੇ ਨੱਚਣਾ**—ਕੋਈ ਸ਼ਰਮ ਹਯਾ ਨਾ ਰੱਖਣੀ।

**ਕੋਰਾ ਜਵਾਬ ਦੇਣਾ**—ਟਕੇ ਵਰਗਾ ਜਵਾਬ ਦੇ ਦੇਣਾ, ਬੇਨਤੀ ਨਾ ਮੰਨਣੀ, ਨਾਂਹ ਕਰ ਦੇਣੀ।

**ਕ੍ਰੋਧ ਨਾਲ਼ ਲਾਲ ਹੋਣਾ**—ਪੂਰੇ ਗੁੱਸੇ ਵਿੱਚ ਆਉਣਾ, ਗੁੱਸੇ ਵਿੱਚ ਅੱਖਾਂ ਲਾਲ ਕਰ ਲੈਣੀਆਂ।

**ਕੌਡੀ ਕੰਮ ਦਾ ਨਾ ਹੋਣਾ**—ਨਿਕੰਮਾ ਹੋਣਾ, ਬੇਕਾਰ ਹੋਣਾ।

**ਕੌਲ ਪਾਲਣਾ**—ਇਕਰਾਰ ਪੂਰਾ ਕਰਨਾ।

**ਕੌੜ ਚੜ੍ਹਨਾ**—ਗੁੱਸੇ 'ਚ ਆਉਣਾ।

**ਕੌੜਾ ਘੁੱਟ ਭਰਨਾ**—ਨਾ-ਪਸੰਦ ਚੀਜ਼ ਵੀ ਪ੍ਰਵਾਨ ਕਰ ਲੈਣੀ, ਮਾੜੀ ਗੱਲ ਨੂੰ ਜਰ ਜਾਣਾ।

**ਕੌੜਾ ਬੋਲਣਾ**—ਗੁੱਸੇ ਵਿੱਚ ਮਾੜੇ ਬੋਲ ਬੋਲਣੇ।

**ਕੌੜਾ ਲੱਗਣਾ**—ਵਿਰੋਧੀ ਦੀ ਸੱਚੀ ਆਖੀ ਗੱਲ ਵੀ ਮਾੜੀ ਲੱਗਣੀ।

**ਕੰਘਾ ਹੋ ਜਾਣਾ**—ਨੁਕਸਾਨ ਹੋ ਜਾਣਾ, ਤਬਾਹੀ ਹੋ ਜਾਣੀ।

**ਕੰਠ ਕਰਨਾ**—ਜ਼ਬਾਨੀ ਯਾਦ ਕਰਨਾ।

**ਕੰਡ ਲਾਉਣਾ**—ਹਰਾ ਦੇਣਾ।

**ਕੰਡ ਲਾਉਣੀ**—ਪਿੱਠ ਦੇਣੀ, ਸਾਥ ਛੱਡ ਦੇਣਾ।

**ਕੰਡਾ ਕੱਢਣਾ**—ਵਿਰੋਧੀ ਨੂੰ ਮਾਰ ਦੇਣਾ, ਨਾ-ਪਸੰਦ ਵਸਤੂ ਨੂੰ ਰਾਹ 'ਚੋਂ ਚੁੱਕਣਾ, ਵੈਰੀ ਦਾ ਫਸਤਾ ਵੱਢ ਦੇਣਾ।

**ਕੰਡੇ ਬੀਜਣੇ**—ਕਿਸੇ ਨਾਲ਼ ਬੁਰਿਆਈ ਕਰਨੀ, ਮਾੜੇ ਕੰਮ ਕਰਨੇ ਜਿਨ੍ਹਾਂ ਨਾਲ਼ ਅੱਗੇ ਜਾ ਕੇ ਨੁਕਸਾਨ ਹੋਵੇ।

**ਕੰਧ ਉਸਾਰਨਾ**—ਭਾਈਆਂ ਵਿੱਚ ਵੰਡੀਆਂ ਪਾਉਣੀਆਂ, ਬੇ-ਇਤਫ਼ਾਕੀ ਪਾਉਣੀ।

**ਕੰਧੀ ਦੇਣਾ**—ਮੁਰਦੇ ਦੀ ਅਰਥੀ ਨੂੰ ਮੋਢਾ ਦੇਣਾ।

**ਕੰਧੀਂ ਲੱਗਣਾ**—ਉਹਲੇ ਹੋ ਕੇ ਗੱਲ ਸੁਨਣੀ, ਡਾਵਾਂਡੋਲ ਹੋ ਜਾਣਾ।

**ਕੰਧਾਂ ਨਾਲ਼ ਗੱਲਾਂ ਕਰਨੀਆਂ**—ਆਪਣੇ ਆਪ ਹੀ ਗੱਲਾਂ ਮਾਰੀ ਜਾਣੀਆਂ।

**ਕੰਨ ਹੋਣਾ**—ਚਿਤਾਵਨੀ ਹੋਣੀ, ਸਬਕ ਮਿਲਣਾ।

**ਕੰਨ ਕਤਰਨਾ**—ਬਹੁਤ ਚੁਸਤ ਹੋਣਾ, ਚਲਾਕੀ ਨਾਲ਼ ਠੱਗਣਾ।

**ਕੰਨ ਖੜ੍ਹੇ ਹੋਣੇ**—ਆਉਣ ਵਾਲ਼ੇ ਖ਼ਤਰੇ ਨੂੰ ਭਾਂਪ ਲੈਣਾ, ਸਾਵਧਾਨ ਹੋਣਾ।

**ਕੰਨ ਦੇਣਾ**—ਧਿਆਨ ਪੂਰਵਕ ਸੁਣਨਾ।

**ਕੰਨ ਨਾ ਹਲਾਉਣਾ**—ਪਸ਼ੂ ਦਾ ਅਸੀਲ ਹੋਣਾ।

**ਕੰਨ ਧਰਨਾ**—ਧਿਆਨ ਨਾਲ਼ ਸੁਣਨਾ।

**ਕੰਨ ਪਈ ਵਾਜ ਨਾ ਸੁਣਨੀ**—ਰੌਲ਼ਾ ਰੱਪਾ ਹੋਣਾ, ਰੌਲ਼ੇ ਵਿੱਚ ਕੋਈ ਗੱਲ ਸੁਣ ਨਾ ਹੋਣੀ।

**ਕੰਨ ਭਰਨਾ**—ਉਲਟੀ ਸਿੱਖਿਆ ਦੇਣੀ, ਦੂਜੇ ਨੂੰ ਚੁੱਕਣਾ, ਪੱਟੀ ਪੜ੍ਹਾਉਣੀ, ਸ਼ਕਾਇਤ ਕਰਨੀ।

**ਕੰਨ ਮਰੋੜਨਾ**—ਕਾਬੂ ਕਰਕੇ ਆਪਣਾ ਕੰਮ ਕੱਢ ਲੈਣਾ, ਹੁਸ਼ਿਆਰ ਤੇ ਚੁਕੰਨਾ ਕਰਨਾ।

**ਕੰਨ ਲਾ ਕੇ ਖਲੋਣਾ**—ਧਿਆਨ ਨਾਲ਼ ਗੱਲ ਸੁਣਨੀ।

**ਕੰਨ ਵਲ੍ਹੇਟ ਕੇ ਸੌਣਾ**—ਬੇਫ਼ਿਕਰ ਹੋ ਕੇ ਸੌਣਾ। ਆਲ਼ੇ-ਦੁਆਲ਼ੇ ਦੀ ਕੋਈ ਖ਼ਬਰ ਨਾ ਹੋਣੀ।

**ਕੰਨ ਵਲ੍ਹੇਟ ਕੇ ਤੁਰਨਾ**—ਆਪਣੀ ਮਰਜ਼ੀ ਕਰਨੀ, ਕਿਸੇ ਦੂਜੇ ਦੀ ਨਾ ਸੁਣਨੀ।

**ਕੰਨ ਵਲ੍ਹੇਟਣੇ**—ਚੁਪ ਚੁਪੀਤੇ ਪਾਸਾ ਵੱਟ ਲੈਣਾ।

**ਕੰਨਾਂ ਉੱਤੇ ਹੱਥ ਧਰਨਾ**—ਨਾਂਹ ਕਰ ਦੇਣੀ, ਤੋਬਾ ਕਰਨੀ।

**ਕੰਨਾਂ ਉੱਤੇ ਮਾਰਨਾ**—ਤਾਹਨੇ ਮਿਹਣੇ ਮਾਰਨੇ।

**ਕੰਨਾਂ ਤੀਕ ਮੂੰਹ ਪਾਟਣਾ**—ਮੂੰਹ ਫਟ ਹੋਣਾ, ਬਿਨਾਂ ਸੋਚੇ ਗੱਲਾਂ ਆਖੀ ਜਾਣੀਆਂ।

**ਕੰਨਾਂ ਦੇ ਕੱਚੇ ਹੋਣਾ**—ਲਾਈ ਲੱਗ ਹੋਣਾ, ਚੁਗਲੀਆਂ ਸੁਣਨੀਆਂ ਤੇ ਉਹਨਾਂ ਤੇ ਇਤਬਾਰ ਕਰ ਲੈਣਾ।

**ਕੰਨਾਂ ਨੂੰ ਹੱਥ ਲਵਾਉਣਾ**—ਤੋਬਾ ਕਰਵਾ ਦੇਣੀ, ਨੱਕ ਨਾਲ਼ ਲਕੀਰਾਂ ਕਢਵਾ ਦੇਣੀਆਂ, ਨਾਨੀ ਚੇਤੇ ਕਰਾ ਦੇਣੀ।

**ਕੰਨਾਂ ਵਿੱਚ ਉਂਗਲੀਆਂ ਦੇਣਾ**—ਬੁਰੀਆਂ ਗੱਲਾਂ ਨਾ ਸੁਣਨੀਆਂ, ਅਣਸੁਣੀ ਕਰਨਾ।

ਕੰਨਾਂ ਵਿੱਚ ਗੂੰਜਣਾ—ਮੁੜ ਮੁੜ ਧਿਆਨ ਲਾਉਣਾ, ਵਾਰ ਵਾਰ ਯਾਦ ਆਉਣਾ।

ਕੰਨਾਂ ਵਿੱਚ ਤੇਲ ਪਾਈ ਰੱਖਣਾ—ਬੇਪ੍ਰਵਾਹ ਬਣੇ ਰਹਿਣਾ।

ਕੰਨਾਂ ਵਿੱਚ ਫ਼ੂਕ ਮਾਰਨਾ—ਪੱਟੀ ਪੜ੍ਹਾਉਣੀ, ਕੰਨ ਵਿੱਚ ਗੱਲ ਸਮਝਾਉਣੀ।

ਕੰਨਾਂ ਵਿੱਚ ਰੂੰ ਦੇਣਾ—ਕੋਈ ਵੀ ਗੱਲ ਨਾ ਸੁਣਨੀ।

ਕੰਨੀਂ ਕਤਰਾਣਾ—ਦੂਰ-ਦੂਰ ਰਹਿਣਾ, ਸਾਹਮਣੇ ਨਾ ਹੋਣਾ, ਕੋਈ ਕੰਮ ਕਰਨ ਤੋਂ ਟਾਲ਼ਾ ਲਾਉਣਾ।

ਕੰਨੀਂ ਖਿਸਕਾਉਣਾ—ਖਿਹੜਾ ਛੁਡਾਉਣਾ।

ਕੰਨੀਂ ਪਾਇਆਂ ਨਾ ਦੁਖਣਾ—ਦੁੱਖ ਨਾ ਦੇਣ ਵਾਲ਼ੀ ਵਸਤੂ ਬਣਨਾ।

ਕੰਨੀਂ ਬੁੱਜੇ ਦੇ ਛੱਡਣਾ—ਜਾਣ-ਬੁੱਝ ਕੇ.ਕੋਈ ਗੱਲ ਨਾ ਸੁਣਨੀ, ਕੰਨ ਬੰਦ ਰੱਖਣੇ।

ਕੰਨੋਂ ਫੜਨਾ—ਜ਼ਬਰਦਸਤੀ ਕੰਨੋਂ ਫੜਕੇ ਹਾਜ਼ਰ ਕਰਨਾ।

ਕੰਮ ਸਾਰਨਾ—ਕੰਮ ਕੱਢਣਾ, ਗੌਂ ਪੂਰਾ ਕਰਨਾ।

ਕੰਮ ਕਰ-ਕਰ ਮਰਨਾ—ਮਿਹਨਤ ਨਾਲ਼ ਕੰਮ਼ ਕਰਨਾ, ਹੱਡ ਭੰਨਵੀਂ ਕਾਰ ਕਰਨੀ।

ਕੰਮ ਰਾਸ ਹੋਣਾ—ਕੰਮ ਪੂਰਾ ਹੋ ਜਾਣਾ, ਮਰਜ਼ੀ ਅਨੁਸਾਰ ਕੰਮ ਸਿਰੇ ਚੜ੍ਹ ਜਾਣਾ।

ਕੰਮ ਵਿੱਚ ਲਿਆਉਣਾ—ਵਰਤਣਾ।

## ਖ

ਖਹਿ ਖਹਿ ਮਰ ਜਾਣਾ—ਸਾਧਾਰਨ ਗੱਲਾਂ ਪਿੱਛੇ ਝਗੜਾ ਕਰ ਲੈਣਾ, ਆਪਸ ਵਿੱਚ ਅਜਾਈਂ ਲੜੀ ਜਾਣਾ।

ਖਹਿੜੇ ਪੈ, ਜਾਣਾ—ਕਿਸੇ ਗੱਲ ਨੂੰ ਵਾਰ-ਵਾਰ ਪੁੱਛਣਾ, ਅਕਾ ਦੇਣਾ, ਪਿੱਛੇ ਹੀ ਪਿਆ ਰਹਿਣਾ।

ਖਟਕਦੇ ਰਹਿਣਾ—ਅੱਖਾਂ ਵਿੱਚ ਰੜਕਣਾ, ਵੇਖ ਕੇ ਚੁੱਭਣਾ, ਵੇਖ ਕੇ ਬਰਦਾਸ਼ਤ ਨਾ ਹੋ ਸਕਣਾ।

ਖੱਟੇ ਪੈਣਾ—ਕਿਸੇ ਕੰਮ ਦਾ ਅੱਧ ਵਿਚਕਾਰ ਲਟਕਣਾ, ਗੱਲ ਦਾ ਨਿਪਟਾਰਾ ਨਾ ਹੋਣਾ, ਫ਼ੈਸਲਾ ਨਾ ਹੋਣਾ।

ਖੱਪਾ ਪੂਰਨਾ—ਘਾਟ ਪੂਰੀ ਕਰ ਦੇਣੀ।

ਖ਼ਬਰ ਲੱਗਣਾ—ਹੋਸ਼ ਆਉਣੀ, ਦੁਖੀ ਹੋ ਕੇ ਪਛਤਾਵਾ ਕਰਨਾ।

ਖਰੀਆਂ-ਖਰੀਆਂ ਸੁਣਾਉਣੀਆਂ—ਕਿਸੇ ਦੇ ਔਗੁਣਾਂ ਨੂੰ ਬਿਨਾਂ ਕਿਸੇ ਝਿਜਕ ਦੇ ਉਹਦੇ ਮੂੰਹ 'ਤੇ ਸੁਣਾ ਦੇਣਾ।

**ਖਲੋਣ ਜੋਗਾ ਨਾ ਛੱਡਣਾ**—ਬਹੁਤ ਬੇਇਜ਼ਤੀ ਕਰਵਾਉਣੀ, ਅਜਿਹਾ ਵਿਵਹਾਰ ਕਰਨਾ ਜਿਸ ਨਾਲ਼ ਵੱਡਿਆਂ ਨੂੰ ਸ਼ਰਮ ਆਵੇ।

**ਖੜਕਾ ਦੜਕਾ ਕਰਨਾ**—ਲੜਾਈ ਵਿੱਚ ਲੈਣੀ, ਝਗੜਾ ਕਰਨਾ।

**ਖੜੀ ਮਾਲੀ ਲੈਣੀ**—ਬਿਨਾਂ ਕੰਮ ਕੀਤੇ ਇਨਾਮ ਪ੍ਰਾਪਤ ਕਰਨਾ।

**ਖੜੀ ਲੱਤ ਹੋਣਾ**—ਲਗਾਤਾਰ ਕੰਮ ਕਰਨਾ, ਸਾਹ ਨਾ ਲੈਣਾ।

**ਖਾ ਲੈਣਾ**—ਕਿਸੇ ਨੂੰ ਸਤਾ ਸਤਾ ਕੇ ਜਾਨੋਂ ਮਾਰ ਦੇਣਾ, ਜਾਨ ਲੈ ਲੈਣੀ।

**ਖਾਕ ਛਾਣਨਾ**—ਵਿਹਲੇ ਰਹਿਣਾ, ਕੋਈ ਕੰਮ ਨਾ ਕਰਨਾ, ਅਵਾਰਾਗਰਦੀ ਕਰਨੀ।

**ਖਾਣ ਨੂੰ ਪੈਣਾ**—ਅੜਬੈੜਾ ਬੋਲਣਾ, ਗੁੱਸੇ 'ਚ ਬੋਲਣਾ।

**ਖਾਤਰ ਜਮਾਂ ਰੱਖਣਾ**—ਬੇਫ਼ਿਕਰ ਹੋ ਜਾਣਾ, ਨਿਸ਼ਚਿੰਤ ਹੋ ਜਾਣਾ, ਦ੍ਰਿੜ੍ਹ ਇਰਾਦਾ ਰੱਖਣਾ।

**ਖਾਧਾ ਪੀਤਾ ਲੱਗਣਾ**—ਖਾਧੀ ਖ਼ੁਰਾਕ ਦਾ ਸਿਹਤ 'ਤੇ ਅਸਰ ਹੋਣਾ, ਚੰਗੀ ਸਿਹਤ ਹੋਣੀ।

**ਖਾਨਾ ਖ਼ਰਾਬ ਹੋਣਾ**—ਘਰ ਉਜੜ ਜਾਣਾ, ਘਰ ਬਰਬਾਦ ਹੋ ਜਾਣਾ।

**ਖ਼ਾਬ ਵਿੱਚ ਨਾ ਆਉਣਾ**—ਅਣਹੋਣੀ ਵਾਪਰਨੀ, ਚਿਤ ਚੇਤੇ ਵੀ ਨਾ ਹੋਣਾ।

**ਖਾਰ ਖਾਣਾ**—ਸੜਨਾ, ਵਿਰੋਧ ਕਰਨਾ, ਚੁੱਭਣਾ, ਦੇਖ ਕੇ ਨਾ ਸੁਖਾਣਾ।

**ਖ਼ਿਆਲਾਂ ਵਿੱਚ ਗੁੰਮ ਹੋਣਾ**—ਕਿਸੇ ਡੂੰਘੀ ਸੋਚ ਵਿੱਚ ਡੁੱਬ ਜਾਣਾ।

**ਖਿਆਲ ਵਿੱਚ ਨਾ ਲਿਆਉਣਾ**—ਰੱਤੀ ਭਰ ਵੀ ਪ੍ਰਵਾਹ ਨਾ ਕਰਨੀ।

**ਖਿਆਲੀ ਪਲਾਓ ਪਕਾਉਣਾ**—ਨਾ ਪੂਰੇ ਹੋਣ ਵਾਲ਼ੇ ਸੁਪਨੇ ਲੈਣੇ, ਕਲਪਨਾ ਦੇ ਘੋੜੇ 'ਤੇ ਸਵਾਰ ਰਹਿਣਾ।

**ਖਿੱਚ ਪਾਉਣੀ**—ਆਪਣੇ ਵੱਲ ਖਿਚ ਲੈਣਾ, ਮੋਹ ਮੁਹੱਬਤ ਪਾਉਣੀ।

**ਖਿਚੜੀ ਪਕਾਉਣਾ**—ਲੁਕ ਕੇ ਸਲਾਹ-ਮਸ਼ਵਰਾ ਕਰਨਾ।

**ਖਿੱਲੀ ਉਡਾਉਣਾ**—ਮਖ਼ੌਲ ਉਡਾਉਣਾ, ਹਾਸਾ ਮਚਾਉਣਾ।

**ਖਿੱਲੀ ਪਾਉਣੀ**—ਟਿੱਚਰਾਂ-ਮਖ਼ੌਲ ਕਰਨੇ।

**ਖਿੜ ਖਿੜ ਜਾਣਾ**—ਬਹੁਤ ਖ਼ੁਸ਼ ਹੋਣਾ, ਬਾਗੋ ਬਾਗ ਹੋ ਜਾਣਾ।

**ਖੀਸੇ ਭਰਨੇ**—ਅਥਾਹ ਕਮਾਈ ਕਰਨੀ, ਨੋਟਾਂ ਨਾਲ਼ ਜੇਬਾਂ ਭਰ ਲੈਣੀਆਂ।

**ਖ਼ੁਸ਼ੀ ਨਾਲ਼ ਖੀਵੇ ਹੋਣਾ**—ਖ਼ੁਸ਼ੀ ਵਿੱਚ ਮਸਤੀ ਚੜ੍ਹ ਜਾਣੀ।

**ਖੁਨਾਮੀ ਕਰਨੀ**—ਬਹੁਤ ਭਾਰੀ ਗ਼ਲਤੀ ਕਰਨੀ।

**ਖੁੰਭ ਟੱਪਣਾ**—ਚੰਗੀ ਮਾਤ ਦੇਣੀ, ਕਰੜੀ ਮਾਰ ਕੁਟਾਈ ਕਰਨੀ।

**ਖੁੰਭ ਵਾਂਗ ਉਠਣਾ**—ਅਛੋਪਲੇ ਜਿਹੇ ਨਿਕਲ਼ ਆਉਣਾ।

**ਖੁਰਾ ਖੋਜ ਨਾ ਲੱਭਣਾ**—ਨਾਮੋ ਨਿਸ਼ਾਨ ਨਾ ਰਹਿਣਾ, ਕੁਝ ਵੀ ਨਾ ਬਚਣਾ, ਤਬਾਹੀ ਹੋ ਜਾਣੀ।

**ਖੁਰਾ ਖੋਜ ਮਿਟਾ ਦੇਣਾ**—ਤਬਾਹੀ ਕਰ ਦੇਣੀ, ਨਾਮੋ ਨਿਸ਼ਾਨ ਮਿਟਾ ਦੇਣਾ।

**ਖੁਰੀ ਪਿੱਛੇ ਮਤ ਹੋਣਾ**—ਬੇਵਕੂਫ਼ ਹੋਣਾ, ਮੂਰਖ਼ ਹੋਣਾ, ਉਲਟੀ ਮੱਤ ਹੋਣਾ।

**ਖੁੱਲ੍ਹਮ ਖੁੱਲ੍ਹੀਆਂ ਆਖਣੀਆਂ**—ਅਗਲੇ ਦੇ ਮੂੰਹ 'ਤੇ ਅਗਲੇ ਦੇ ਨੁਕਸ ਦੱਸਣੇ, ਖ਼ਰੀਆਂ-ਖ਼ਰੀਆਂ ਸੁਣਾਉਣੀਆਂ।

**ਖੂਹ ਖਾਤੇ ਪਾਉਣਾ**—ਅਜਿਹੀ ਥਾਂ 'ਤੇ ਸੁੱਟਣਾ ਕਿ ਜਿੱਥੋਂ ਮੁੜ ਕੇ ਲੱਭੇ ਹੀ ਨਾ, ਖਪਾ ਦੇਣਾ।

**ਖੂਹ ਦੀ ਮਿੱਟੀ ਖੂਹ ਲੱਗਣਾ**—ਆਈ ਚਲਾਈ ਚੱਲਣਾ, ਨਾ ਲਾਭ ਹੋਣਾ ਨਾ ਘਾਟਾ ਹੋਣਾ, ਜਿੰਨੀ ਆਮਦਨ ਓਨਾ ਹੀ ਖ਼ਰਚ ਹੋਣਾ।

**ਖੂਹ ਨਖੁੱਟ ਜਾਣਾ**—ਸਾਰੀ ਰਾਸ਼ੀ ਮੁੱਕ ਜਾਣੀ, ਅਮੀਰੀ ਤੋਂ ਗ਼ਰੀਬੀ ਆ ਜਾਣੀ।

**ਖੂਹ ਪੁੱਟਣਾ**—ਅਜਿਹਾ ਕੰਮ ਕਰਨਾ ਜਿਸ ਨਾਲ਼ ਨਵੀਂ ਮੁਸੀਬਤ ਖੜ੍ਹੀ ਹੋ ਜਾਵੇ।

**ਖ਼ੂਨ ਉਬਲਣਾ**—ਗੁੱਸੇ ਕਾਰਨ ਜੋਸ਼ ਵਿੱਚ ਆਉਣਾ।

**ਖ਼ੂਨ ਸਫ਼ੈਦ ਹੋਣਾ**—ਸਕੇ-ਸਬੰਧੀਆਂ ਦਾ ਪਿਆਰ ਨਾ ਰਹਿਣਾ, ਖ਼ੁਦਗਰਜ਼ ਹੋ ਜਾਣਾ।

**ਖ਼ੂਨ ਕਰਨਾ**—ਕਤਲ ਕਰਨਾ, ਜਾਨੋਂ ਮਾਰ ਦੇਣਾ।

**ਖ਼ੂਨ ਖੌਲਣਾ**—ਗੁੱਸੇ 'ਚ ਜੋਸ਼ ਆਉਣਾ, ਗੁੱਸੇ ਨਾਲ਼ ਨਫ਼ਰਤ ਹੋ ਜਾਣੀ।

**ਖ਼ੂਨ ਦਾ ਪਿਆਸਾ ਹੋਣਾ**—ਜਾਨ ਦਾ ਵੈਰੀ ਹੋ ਜਾਣਾ।

**ਖ਼ੂਨ ਨਚੋੜਨਾ**—ਜ਼ੁਲਮ ਕਰਨਾ, ਕਾਮਿਆਂ ਤੋਂ ਜ਼ੋਰ ਦਾ ਕੰਮ ਕਰਵਾਉਣਾ ਪਰ ਮਿਹਨਤ ਪੂਰੀ ਨਾ ਦੇਣੀ।

**ਖੇਹ ਉਡਾਉਣਾ**—ਬਦਨਾਮੀ ਕਰਨੀ, ਮਿੱਟੀ ਪੱਟਣੀ।

**ਖੇਹ ਖਾਣਾ**—ਭੈੜੇ ਕੰਮ 'ਚ ਇਧਰ-ਉਧਰ ਟੱਕਰਾਂ ਮਾਰਨੀਆਂ, ਵਿਹਲੇ ਫਿਰਨਾ।

**ਖੇਹ ਛਾਣਦੇ ਫਿਰਨਾ**—ਦਰ ਦਰ ਠੋਕਰਾਂ ਖਾਣੀਆਂ।

**ਖੇਰੂੰ-ਖੇਰੂੰ ਹੋ ਜਾਣਾ**—ਇਤਫ਼ਾਕ ਨਾ ਹੋਣ ਕਰਕੇ ਆਪੋ ਵਿੱਚ ਪਾਟ ਕੇ ਤਬਾਹ ਹੋ ਜਾਣਾ।

**ਖੈਰ ਝੋਲੀ ਪਾਉਣੀ**—ਮੰਗ ਪੂਰੀ ਕਰ ਦੇਣੀ, ਮਨੋਕਾਮਨਾ ਪੂਰੀ ਕਰ ਦੇਣੀ।

**ਖੈਰ ਨਾ ਗੁਜ਼ਾਰਨਾ**—ਕੋਈ ਬਿਪਤਾ ਸਹੇੜ ਲੈਣੀ।

**ਖੋਹਣੂੰ ਖੋਹਣਾ**—ਸਫ਼ਲ ਹੋਣਾ, ਇਲਾਜ ਕਰਨਾ, ਕੁਝ ਨਾ ਕੁਝ ਸੰਵਾਰਨਾ।

**ਖੋਪਰੀ ਵਿੱਚ ਆਉਣਾ**—ਸਮਝ ਆ ਜਾਣੀ, ਦਿਮਾਗ਼ ਵਿੱਚ ਆਉਣੀ, ਗੱਲ ਸੁਝਣੀ।

**ਖੌਰੂ ਪਾਉਣਾ**—ਟੱਪਣਾ, ਗੜਬੜ ਕਰਨੀ।

**ਖੰਡ ਖੀਰ ਹੋਣਾ**—ਘਿਓ ਖਿਚੜੀ ਹੋ ਜਾਣਾ, ਪੂਰੀ ਏਕਤਾ ਹੋ ਜਾਣੀ, ਪਿਆਰ-ਭਾਵ ਪੈਦਾ ਹੋ ਜਾਣੇ।

**ਖੰਭ ਖੁਹਾਣਾ**—ਆਪਣੇ ਆਪ ਨੂੰ ਕਮਜ਼ੋਰ ਕਰ ਲੈਣਾ, ਆਪਣਾ ਨੁਕਸਾਨ ਕਰਨਾ।

**ਖੰਭ ਝੜਨਾ**—ਜੋਸ਼ ਮੱਠਾ ਪੈ ਜਾਣਾ, ਉਤਸ਼ਾਹ ਨਾ ਰਹਿਣਾ।

**ਖੰਭ ਲੱਗ ਜਾਣਾ**—ਜੋਸ਼ ਭਰ ਜਾਣਾ, ਤੇਜ਼ੀ ਆ ਜਾਣੀ।

**ਖੰਭ ਲਾ ਕੇ ਉੱਡਣਾ**—ਏਧਰ-ਓਧਰ ਛਿਪ ਜਾਣਾ, ਥਹੁ ਪਤਾ ਨਾ ਲੱਗਣਾ।

## ਗ

**ਗਈ ਗੁਜ਼ਰੀ ਕਰ ਛੱਡਣਾ**—ਗੱਲ ਆਈ ਗਈ ਕਰ ਦੇਣੀ, ਭੁੱਲਾ ਦੇਣਾ, ਕਿਸੇ ਦਾ ਕਸੂਰ ਮਾਫ਼ ਕਰ ਛੱਡਣਾ।

**ਗਹਿਣੇ ਕਰਨਾ**—ਕੋਈ ਗਹਿਣਾ ਜ਼ਮੀਨ ਜਾਂ ਮਕਾਨ ਕਿਸੇ ਕੋਲ਼ ਗਿਰਵੀ ਰੱਖ ਕੇ ਰੁਪਏ ਲੈਣੇ।

**ਗਹਿਮਾ ਗਹਿਮ ਹੋਣੀ**—ਬਹੁਤ ਰੌਣਕ ਹੋਣੀ, ਭੀੜ ਲੱਗ ਜਾਣੀ।

**ਗਹਿਰੇ ਗੱਫੇ ਲਾਉਣੇ**—ਰੱਜ ਕੇ ਕਮਾਈ ਕਰਨੀ, ਜੀ ਭਰਕੇ ਖਾਣਾ।

**ਗੱਚ ਭਰ ਜਾਣਾ**—ਗਲ਼ਾ ਭਰ ਆਉਣਾ, ਅੱਖਾਂ 'ਚ ਹੰਝੂ ਆ ਜਾਣੇ, ਰੋਣ ਹਾਕਾ ਹੋ ਜਾਣਾ।

**ਗੱਜ ਵੱਜ ਕੇ ਆਉਣਾ**—ਜੋਸ਼ ਨਾਲ਼ ਆਉਣਾ, ਵੱਜ ਵਜਾ ਕੇ ਆਉਣਾ, ਵੰਗਾਰ ਕੇ ਆਉਣਾ, ਧਮਾਲਾਂ ਪਾਉਂਦੇ ਹੋਏ ਆਉਣਾ।

**ਗਜ਼ਬ ਕਰਨਾ**—ਲੋਹੜਾ ਮੋਰਨਾ, ਬਹੁਤ ਜ਼ੁਲਮ ਕਰਨਾ, ਵਧੀਕੀ ਕਰਨੀ।

**ਗਜ਼ਬ ਵਿੱਚ ਹੋਣਾ**—ਪੂਰੇ ਜੋਸ਼ 'ਤੇ ਗੁੱਸੇ ਵਿੱਚ ਹੋਣਾ।

**ਗੱਟੀਆਂ ਗਿਣਨੀਆਂ**—ਸੋਚਾਂ 'ਚ ਪੈ ਜਾਣਾ, ਸੋਚਾਂ ਸੋਚਣੀਆਂ।

**ਗਤ ਬਨਾਉਣੀ**—ਮਾਰ ਕੁਟਾਈ ਕਰਨੀ, ਬੁਰੀ ਹਾਰ ਦੇਣੀ।

**ਗਦ ਗਦ ਹੋਣਾ**—ਬਹੁਤ ਖ਼ੁਸ਼ ਹੋ ਜਾਣਾ।

**ਗਦੋ ਖੁਰਕਣੀ ਕਰਨਾ**—ਚਾਪਲੂਸੀ ਕਰਨਾ, ਖ਼ੁਸ਼ਾਮਦ ਕਰਨਾ।

**ਗਧੇ ਚਾੜ੍ਹਨਾ**—ਕਿਸੇ ਦੇ ਬੁਰਾ ਕੰਮ ਕਰਨ ਤੇ ਮੂੰਹ ਕਾਲ਼ਾ ਕਰਕੇ ਗਧੇ 'ਤੇ ਚੜ੍ਹਾ ਦੇਣਾ, ਬੇਇਜ਼ਤੀ ਕਰਨੀ।

**ਗ੍ਰਹਿ ਦਿਸ਼ਾ ਹੋਣਾ**—ਮਾੜੇ ਦਿਨ ਹੋਣੇ, ਅਸ਼ੁੱਭ ਸਤਾਰੇ ਦੇ ਪ੍ਰਭਾਵ ਥੱਲੇ ਹੋਣਾ, ਮਾੜੀ ਕਿਸਮਤ ਹੋਣੀ।

**ਗਰਦਨ 'ਤੇ ਛੁਰੀ ਰੱਖਣਾ**—ਡਰਾਉਣਾ ਧਮਕਾਉਣਾ, ਡਰਾ ਕੇ ਕੰਮ ਕਰਵਾਉਣਾ, ਜ਼ਬਰਦਸਤੀ ਕਰਨਾ।

**ਗਰਮ ਹੋਣਾ**—ਗੁੱਸੇ ਵਿੱਚ ਆਉਣਾ।

**ਗਰਮਜੋਸ਼ੀ ਆਉਣੀ**—ਉਤਸ਼ਾਹ ਪੈਦਾ ਹੋਣਾ।

**ਗਰਾਹੀ ਬਣ.ਨਾ**—ਕਿਸੇ ਦੇ ਹੱਥੋਂ ਧੋਖਾ ਖਾ ਜਾਣਾ, ਧੋਖੇ ਕਾਰਨ ਤਬਾਹ ਹੋ ਜਾਣਾ।

**.ਗਰੀਬ ਮਾਰ ਕਰਨਾ**—ਨਿਮਾਣੇ ਤੇ ਨਿਰਬਲ ਤੇ ਜ਼ੁਲਮ ਕਰਨਾ।

**ਗੱਲ ਉਡਾਉਣੀ**—ਝੂਠੀ ਗੱਲ ਫ਼ੈਲਾ ਦੇਣੀ।

**ਗਲ਼ ਉੱਤੇ ਛੁਰੀ ਰੱਖਣਾ**—ਧੱਕਾ ਕਰਨਾ, ਜ਼ੁਲਮ ਕਰਨਾ, ਅਨਿਆਂ ਕਰਨਾ।

**ਗਲ਼ ਸਿਆਪਾ ਪੈ ਜਾਣਾ**—ਅਜਿਹਾ ਕੰਮ ਕਰਨਾ ਪੈ ਜਾਣਾ ਜਿਸ ਨੂੰ ਕਰਨ ਲਈ ਮਨ ਨਾ ਮੰਨਦਾ ਹੋਵੇ।

**ਗੱਲ ਕਿਸੇ 'ਤੇ ਛੱਡਣਾ**—ਗੱਲ ਦਾ ਫ਼ੈਸਲਾ ਕਿਸੇ ਦੂਜੇ ਦੇ ਸਹਾਰੇ ਛੱਡ ਦੇਣਾ।

**ਗੱਲ ਖਿਲਰਨਾ**—ਕਿਸੇ ਗੁਪਤ ਗੱਲ ਜਾਂ ਫ਼ੈਸਲੇ ਦਾ ਸਾਰਿਆਂ ਨੂੰ ਪਤਾ ਲੱਗ ਜਾਣਾ।

**ਗੱਲ ਖੋਹਲਣਾ**—ਭੇਤ ਦੱਸਣਾ, ਕੋਈ ਮੌਦਾ ਵਿਸਥਾਰ ਨਾਲ਼ ਕਰਨਾ, ਖੁੱਲ੍ਹ ਕੇ ਗੱਲ ਕਰਨੀ।

**ਗੱਲ ਗਰਮ ਹੋਣਾ**—ਕਿਸੇ ਗੱਲ ਦੀ ਚਰਚਾ ਆਮ ਹੋ ਜਾਣੀ।

**ਗਲ਼ ਗਲ਼ ਖੁਭਣਾ**—ਕਿਸੇ ਮੁਸ਼ਕਿਲ ਕੰਮ ਜਾਂ ਕਰਜ਼ੇ ਵਿੱਚ ਬੁਰੀ ਤਰ੍ਹਾਂ ਜਕੜਿਆਂ ਜਾਣਾ।

**ਗਲ਼ ਗਲਾਵਾਂ ਪੈਣਾ**—ਝਗੜਾ ਖੜ੍ਹਾ ਹੋ ਜਾਣਾ, ਕਜ਼ੀਆ ਪੈ ਜਾਣਾ।

**ਗੱਲ ਗੁਆ ਦੇਣਾ**—ਚੰਗੀ ਗੱਲ ਕਹੀ ਦਾ ਅਸਰ ਨਾ ਹੋਣਾ, ਗੱਲ ਨੂੰ ਚੰਗੀ ਤਰ੍ਹਾਂ ਸਮਝਣਾ ਹੀ ਨਾ।

**ਗੱਲ ਗੌਲਣਾ**—ਸਲਾਹ ਦੇਣੀ, ਸਲਾਹ ਮੰਨ ਲੈਣਾ, ਕਹੇ ਦਾ ਅਸਰ ਹੋਣਾ।

**ਗਲ਼ ਘੁਟਣਾ**—ਮਾੜੇ ਬੰਦੇ 'ਤੇ ਜ਼ੁਲਮ ਕਰਨਾ, ਅਨਿਆ ਕਰਨਾ, ਜਾਨੋਂ ਮਾਰ ਦੇਣਾ।

**ਗੱਲ ਚੁੱਕਣਾ**—ਦਬੀ ਗੱਲ ਨੂੰ ਉਛਾਲਣਾ, ਮੁਆਮਲਾ ਖੜ੍ਹਾ ਕਰਨਾ।

**ਗੱਲ ਛਿੜਨਾ**—ਕਿਸੇ ਗੱਲ 'ਤੇ ਬਹਿਸ ਹੋਣੀ, ਗੱਲ ਸ਼ੁਰੂ ਹੋ ਜਾਣੀ।

**ਗੱਲ ਟੁੱਕਣਾ**—ਗੱਲ ਕਰਦੇ ਹੋਏ ਬੰਦੇ ਨੂੰ ਟੋਕਣਾ, ਵਿੱਚ ਬੋਲ ਪੈਣਾ।

**ਗੱਲ ਠੰਢੀ ਪੈਣਾ**—ਕਿਸੇ ਗੱਲ ਦੀ ਚਰਚਾ ਖ਼ਤਮ ਹੋ ਜਾਣਾ, ਚਰਚਾ ਵਾਲ਼ੀ ਗੱਲ ਨੂੰ ਲੋਕਾਂ ਨੇ ਭੁੱਲਾ ਦੇਣਾ।

**ਗੱਲ ਤੇ ਤੁਰਨਾ**—ਸਿੱਖਿਆ ਵਾਲ਼ੀ ਗੱਲ ਮੰਨਣੀ।

**ਗਲ ਦੱਬ ਦੇਣਾ**—ਕਿਸੇ ਗੱਲ ਦਾ ਜ਼ਿਕਰ ਕਰਕੇ ਮੁੜਕੇ ਗੱਲ ਨਾ ਗੌਲਣਾ, ਭੋਗ ਪਾ ਦੇਣਾ।

**ਗਲ਼ ਦਾ ਹਾਰ ਹੋਣਾ**—ਹਰ ਵੇਲੇ ਦੀ ਚਿੰਤਾ ਦਾ ਕਾਰਨ ਬਣਨਾ।

**ਗਲ਼ ਦਾ ਹਾਰ ਬਣਨਾ**—ਹਰ ਵੇਲੇ ਨਾਲ਼ ਰਹਿਣਾ, ਖਹਿੜਾ ਨਾ ਛੱਡਣਾ।

**ਗੱਲ ਦਿਲ ਨੂੰ ਚੁੱਭਣੀ**—ਗੱਲ ਚੰਗੀ ਲੱਗਣੀ, ਪਸੰਦ ਆਉਣੀ।

**ਗੱਲ ਨਾ ਪਚਾ ਸਕਣਾ**—ਭੇਤ ਵਾਲ਼ੀ ਗੱਲ ਦਿਲ ਵਿੱਚ ਨਾ ਰੱਖ ਸਕਣਾ।

**ਗੱਲ ਨਾ ਪੋਹਣੀ**—ਸਿੱਖਿਆ ਦਾ ਅਸਰ ਨਾ ਹੋਣਾ।

**ਗਲ਼ ਨਾਲ਼ ਲਾਉਣਾ**—ਆਪਣਾ ਬਣਾ ਲੈਣਾ, ਪਿਆਰ ਤੇ ਸਨੇਹ ਪ੍ਰਗਟਾਉਣਾ।

**ਗੱਲ ਨਿਤਾਰਨਾ**—ਨਿਰਣਾ ਕਰਨਾ।

**ਗਲ਼ ਪਿਆ ਢੋਲ ਵਜਾਉਣਾ**—ਕੋਈ ਅਜਿਹਾ ਕੰਮ ਕਰਨ ਲਈ ਮਜ਼ਬੂਰ ਹੋ ਜਾਣਾ ਜਿਸ ਨੂੰ ਕਰਨ ਨੂੰ ਮਨ ਨਾ ਮੰਨਦਾ ਹੋਵੇ।

**ਗੱਲ ਪੀ ਜਾਣਾ**—ਮਾੜੀ ਗੱਲ ਸੁਣ ਕੇ ਚੁੱਪ ਵੱਟ ਲੈਣੀ, ਮੰਦੀ ਗੱਲ ਸਹਾਰਨੀ।

**ਗਲ਼ ਪੈ ਜਾਣਾ**—ਝਗੜਾ ਕਰਨਾ।

**ਗਲ਼ ਪੰਜਾਲੀ ਪਾਉਣਾ**—ਵਿਆਹ ਕਰਨਾ, ਜੰਜਾਲਾਂ 'ਚ ਫਸਾਉਣਾ।

**ਗੱਲ ਪੱਲੇ ਬੰਨ੍ਹਣਾ**—ਦਿੱਤੀ ਸਿੱਖਿਆ ਸਦਾ ਲਈ ਆਪਣੇ ਹਿਰਦੇ ਵਿੱਚ ਵਸਾ ਲੈਣੀ।

**ਗਲ਼ ਪਵਾਉਣਾ**—ਵਿਪਤਾ ਸਹੇੜ ਲੈਣਾ, ਅਵੈੜੇ ਸੁਭਾਅ ਵਾਲ਼ੇ ਬੰਦੇ ਨੂੰ ਗਲ਼ ਪੁਆ ਲੈਣਾ।

**ਗੱਲ ਬਾਹਰ ਨਿਕਲਣੀ**—ਭੇਤ ਦਾ ਪ੍ਰਗਟ ਹੋ ਜਾਣਾ, ਭੇਤ ਵਾਲ਼ੀ ਗੱਲ ਜ਼ਾਹਰ ਹੋ ਜਾਣੀ।

**ਗਲ਼ ਮੜ੍ਹਨਾ**—ਕਿਸੇ ਨੂੰ ਕੋਈ ਵਸਤੂ ਜ਼ਬਰਦਸਤੀ ਦੇਣੀ।

**ਗੱਲ ਮੂੰਹੋਂ ਕੱਢਣਾ**—ਭੇਤ ਵਾਲ਼ੀ ਗੱਲ ਦੱਸ ਦੇਣੀ।

**ਗਲ਼ ਲੀਰਾਂ ਲਮਕਾਉਣਾ**—ਫੱਟੇ ਪੁਰਾਣੇ ਕੱਪੜੇ ਪਾਉਣੇ।

**ਗੱਲ ਵਧਾਉਣਾ**—ਕਿਸੇ ਗੱਲ 'ਤੇ ਬਹਿਸ ਕਰਨੀ, ਗੱਲ ਤੋਂ ਗੱਲ ਛੇੜਨੀ।

**ਗਲ਼ਾ ਭਰ ਆਉਣਾ**—ਅੱਥਰੂ ਆ ਜਾਣੇ, ਰੋਣ ਹਾਕਾ ਹੋ ਜਾਣਾ।

**ਗੱਲਾਂ ਜੋੜਨਾ**—ਕਿਸੇ ਦੀ ਬਦਨਾਮੀ ਕਰਨ ਲਈ ਝੂਠੀਆਂ ਕਹਾਣੀਆਂ ਜੋੜਨੀਆਂ।

**ਗੱਲਾਂ ਬਣਾਉਣਾ**—ਕਿਸੇ ਨੂੰ ਬਦਨਾਮ ਕਰਨ ਲਈ ਝੂਠੀਆਂ ਗੱਲਾਂ ਕਰਨੀਆਂ।

**ਗੱਲਾਂ ਵਿੱਚ ਆਉਣਾ**—ਕਿਸੇ ਦੀਆਂ ਮਿੱਠੀਆਂ ਤੇ ਚੋਪੜੀਆਂ ਗੱਲਾਂ ਸੁਣ ਕੇ ਉਹਦੇ ਮਗਰ ਲੱਗ ਕੇ ਧੋਖਾ ਖਾਣਾ।

**ਗਲ਼ੀ ਗਲ਼ੀ ਸੁੰਘਦੇ ਫਿਰਨਾ**—ਗਲ਼ੀ ਵਿੱਚ ਫ਼ਿਰਕੇ ਤਾੜ ਰੱਖਣੀ।

**ਗਲ਼ੀਆਂ ਕੱਛਣਾ**—ਅਵਾਰਾ ਫਿਰਨਾ।

**ਗਲ਼ੀਆਂ ਦੇ ਕੱਖਾਂ ਨਾਲ਼ੋਂ ਹੌਲ਼ੇ ਹੌਣਾ** ਕੋਈ ਇੱਜ਼ਤ ਮਾਣ ਨਾ ਹੋਣਾ।

**ਗਲ਼ੋਂ ਗਲਾਵਾ ਲਾਹੁਣਾ**—ਗਲ਼ ਪਿਆ ਕੰਮ ਮੁਕਾਉਣਾ, ਆਪਣੀ ਬੇਵਸੀ ਦੀ ਹਾਲਤ ਖ਼ਤਮ ਕਰ ਦੇਣੀ।

**ਗਲ਼ੋਂ ਲਾਹੁਣਾ**—ਟਾਲ਼ ਦੇਣਾ।

**ਗੜੇ ਮਾਰ ਹੋ ਜਾਣੀ**—ਉਤਸ਼ਾਹ ਦਾ ਮਾਰਿਆ ਜਾਣਾ, ਦਿਲ ਢਹਿ ਜਾਣਾ, ਖਾਹਿਸ਼ ਪੂਰੀ ਨਾ ਹੋਣੀ।

**ਗਾਹ ਪਾਉਣਾ**—ਖ਼ਲਾਰਾ ਪਾਉਣਾ।

**ਗਲ਼ੇ ਤੋਂ ਬਿਨਾਂ ਚੱਕੀ ਪੀਹਣੀ**—ਦਿਲ ਲਾ ਕੇ ਕੰਮ ਨਾ ਕਰਨਾ, ਬੇਧਿਆਨ ਹੋ ਕੇ ਕੰਮ ਕਰਨਾ।

**ਗਿਣ ਗਿਣ ਕੇ ਬਦਲੇ ਲੈਣੇ**—ਸਾਰੇ ਵੈਰ ਕੱਢਣੇ, ਆਪਣੇ 'ਤੇ ਕੀਤੇ ਵੈਰਾਂ ਦਾ ਬਦਲਾ ਲੈਣਾ।

**ਗਿਣ ਮਿੱਥ ਲੈਣਾ**—ਸੋਚ ਵਿਚਾਰ ਕਰਕੇ ਕੋਈ ਕੰਮ ਕਰਨਾ।

**ਗਿਣਤੀ ਕਰਨਾ**—ਲੇਖਾ ਕਰਨਾ, ਚਿੰਤਾ ਕਰਨੀ।

**ਗਿਣਤੀ 'ਚ ਪੈਣਾ**—ਚਿੰਤਾ ਵਿੱਚ ਡੁੱਬ ਜਾਣਾ।

**ਗਿਣਤੀ ਵਿੱਚ ਹੀ ਨਾ ਲੈਣਾ**—ਉੱਕਾ ਹੀ ਪ੍ਰਵਾਹ ਨਾ ਕਰਨੀ।

**ਗਿੱਦੜ ਕੁੱਟ ਦੇਣਾ**—ਮਾਰ-ਮਾਰ ਕੇ ਬੁਰਾ ਹਾਲ ਕਰ ਦੇਣਾ।

**ਗਿਰੇਵਾਨ ਵਿੱਚ ਮੂੰਹ ਪਾਉਣਾ**—ਆਪਣੇ ਐਬਾਂ ਦਾ ਖ਼ਿਆਲ ਰੱਖਣਾਂ।

**ਗਿੱਲ ਗਾਲ਼ ਦੇਣਾ**—ਬਣਿਆ ਬਣਾਇਆ ਕੰਮ ਖ਼ਰਾਬ ਕਰ ਦੇਣਾ, ਥੋੜ੍ਹਾ ਵਿਗੜੇ ਕੰਮ ਨੂੰ ਜ਼ਿਆਦਾ ਖ਼ਰਾਬ ਕਰਨਾ।

**ਗਿੱਲਾ ਪੀਹਣ ਪਾਉਣਾ**—ਕੰਮ ਨੂੰ ਲਮਕਾਈ ਜਾਣਾ।

**ਗਿੱਲੇ ਗੋਹੇ ਵਾਂਗ ਧੁਖਣਾ**—ਦੁੱਖ ਵਿੱਚ ਸੜਨਾ, ਅੰਦਰੋਂ ਦੁਖੀ ਹੋਣਾ।

**ਗੀਟੀਆਂ ਗਾਲ਼ਣਾ**—ਐਵੇਂ ਬੇਅਰਥ ਸੋਚਾਂ 'ਚ ਡੁੱਬਿਆ ਰਹਿਣਾ।

**ਗੁਆਚ ਜਾਣਾ**—ਆਪਣਾ ਆਪ ਭੁੱਲ ਜਾਣਾ।

**ਗੁੱਸਾ ਪੀਣਾ**—ਗੁੱਸੇ ਨੂੰ ਕਾਬੂ ਕਰਨਾ, ਗੁੱਸਾ ਦਬਾ ਦੇਣਾ।

**ਗੁੱਸੇ ਦੀਆਂ ਲਾਟਾਂ ਨਿਕਲਣੀਆਂ**—ਬਹੁਤ ਗੁੱਸੇ ਹੋਣਾ।

**ਗੁੱਸੇ ਨਾਲ਼ ਦੰਦ ਪੀਹਣਾ**—ਬੇਵਸੀ ਦੀ ਹਾਲਤ ਵਿੱਚ ਕ੍ਰੋਧ ਨਾਲ਼ ਕਚੀਚੀਆਂ ਵੱਟਣੀਆਂ।

**ਗੁੱਸੇ ਵਿੱਚ ਉਬਲਣਾ**—ਬਹੁਤ ਗੁੱਸੇ ਵਿੱਚ ਸੜਨਾ, ਖਿਝਣਾ।

**ਗੁਗੱਲ ਹੋ ਜਾਣਾ**—ਜ਼ਾਇਆ ਹੋ ਜਾਣਾ, ਖ਼ਤਮ ਹੋ ਜਾਣਾ।

**ਗੁੱਝੀ ਸੱਟ ਮਾਰਨਾ**—ਲੁਕਵਾਂ ਵੈਰ ਕਮਾਉਣਾ।

**ਗੁੱਝੀਆਂ ਲਾਉਣਾ**—ਗੱਲਾਂ-ਗੱਲਾਂ 'ਚ ਮਿਹਣੇ ਤਾਹਨੇ ਮਾਰਨੇ, ਸੁਣੌਤੀਆਂ ਸੁਣਾਉਣੀਆਂ।

**ਗੁੱਟ ਹੋਣਾ**—ਨਸ਼ੇ ਵਿੱਚ ਗੜੂੰਦ ਹੋ ਜਾਣਾ, ਨਸ਼ੇ ਦੇ ਅਸਰ ਨਾਲ਼ ਸੁਰਤ ਮਾਰੀ ਜਾਣੀ।

**ਗੁੱਡੀ ਚੜ੍ਹਨੀ**—ਉੱਚੀਆਂ ਜੋਟਾਂ ਵਿੱਚ ਹੋਣਾ, ਉੱਚੀ ਪਦਵੀ ਤੇ ਵਡਿਆਈ ਹਾਸਲ ਕਰਨੀ।

**ਗੁੱਥਮ ਗੁੱਥਾ ਹੋਣਾ**—ਆਪਸ ਵਿੱਚ ਲੜਨਾ, ਹੂਰੋ ਹੂਰੀ ਹੋ ਜਾਣਾ।

**ਗੁਬਾਰ ਨਿਕਲ਼ਣਾ**—ਮਨ ਦਾ ਗੁੱਸਾ ਨਿਕਲ਼ ਜਾਣਾ!

**ਗੁੰਮ ਹੋ ਜਾਣਾ**—ਹੋਸ਼ ਜਾਂਦੀ ਰਹਿਣੀ।

**ਗੁਰੂ ਦਾ ਬਚਨ ਦੇਣਾ**—ਗੁਰੂ ਦੀ ਸਹੁੰ ਚੁੱਕ ਕੇ ਇਕਰਾਰ ਕਰਨਾ।

**ਗੁਲਛੱਰੇ ਉਡਾਉਣਾ**—ਐਸ਼ ਕਰਨੀ, ਮੌਜਾਂ ਮਾਰਨੀਆਂ।

**ਗੁੜ ਗੋਹਾ ਹੋ ਜਾਣਾ**—ਕੀਤੀ ਮਿਹਨਤ ਅਜਾਈਂ ਚਲੀ ਜਾਣੀ।

**ਗੇੜ ਵਿੱਚ ਪਾਉਣਾ**—ਲੰਮੀ ਫਾਹੀ ਵਿੱਚ ਫਸਾਉਣਾ।

**ਗੋਂਗਲੂ ਤੋਂ ਮਿੱਟੀ ਲਾਹੁਣਾ**—ਟਾਲ਼-ਮਟੌਲ਼ ਕਰਨੀ, ਬਹਾਨੇ ਘੜਨੇ।

**ਗੋਡਿਆਂ ਵਿੱਚ ਸਿਰ ਤੁੰਨਣਾ**—ਬਹੁਤ ਉਦਾਸ ਹੋ ਕੇ ਸੋਚਾਂ 'ਚ ਡੁੱਬ ਜਾਣਾ।

**ਗੋਤੇ ਖਾਣਾ**—ਸੋਚਾਂ ਸੋਚਣੀਆਂ।

**ਗੋਡੇ ਟੇਕਣੇ**—ਹਾਰ ਮੰਨ ਲੈਣੀ।

**ਗੋਦ ਹਰੀ ਹੋਣਾ**—ਬੱਚਾ ਪੈਦਾ ਹੋਣਾ।

**ਗੋਦ ਭਰੀ ਜਾਣੀ**—ਬਾਲ ਜੰਮਣਾ।

**ਗੋਦੜੀ ਵਿੱਚ ਲਾਲ ਹੋਣਾ**—ਗੁੱਝੇ ਗੁਣਾਂ ਵਾਲ਼ਾ ਹੋਣਾ।

**ਗੋਦ ਲੈਣਾ**—ਦੂਜੇ ਦੇ ਪੁੱਤਰ ਨੂੰ ਆਪਣਾ ਪੁੱਤਰ ਬਣਾਉਣਾ।

**ਗੰਗਾ ਜਲੀ ਚੁੱਕਣਾ**—ਗੰਗਾ ਜਲੀ ਸਿਰ 'ਤੇ ਰੱਖ ਕੇ ਸਹੁੰ ਖਾਣੀ।

**ਗੰਢ ਕੱਟਣਾ**—ਖੀਸੇ ਕੱਟਣੇ, ਲੁੱਟਣਾ, ਮਹਿੰਗੇ ਸੌਦੇ ਵੇਚਣਾ।

**ਗੰਢ ਬੱਝ ਜਾਣਾ**—ਕਿਸੇ ਨਾਲ਼ ਦਿਲੋਂ ਨਫ਼ਰਤ ਹੋ ਜਾਣੀ।

**ਗੰਡਾਂ ਭੇਜਣਾ**—ਵਿਆਹ ਦਾ ਸੱਦਾ ਭੇਜਣਾ।

**ਗੰਢ ਲੈਣਾ**—ਆਪਣੇ ਪੱਖ ਦਾ ਕਰ ਲੈਣਾ, ਆਪਣਾ ਹਾਮੀ ਬਣਾ ਲੈਣਾ।

**ਗ਼ਮ ਵਿੱਚ ਸੁੱਕਣਾ**—ਬਹੁਤ ਸੋਗ ਮਹਿਸੂਸ ਕਰਕੇ ਆਪਣੀ ਸਿਹਤ ਖ਼ਰਾਬ ਕਰ ਲੈਣੀ।

## ਘ

**ਘੱਟ ਨਾ ਕਰਨਾ**—ਪੂਰੀ ਕੋਸ਼ਿਸ਼ ਕਰਨਾ, ਕੋਈ ਕਸਰ ਨਾ ਛੱਡਣੀ, ਪੂਰਾ ਬਦਲਾ ਲੈਣਾ।

**ਘੱਟਾ ਉਡਾਉਣਾ**—ਬੇਇਜ਼ਤੀ ਕਰਨੀ, ਬਦਨਾਮੀ ਕਰਨੀ।

**ਘੱਟਾ ਛਾਣਨਾ**—ਅਵਾਰਾਗਰਦੀ ਕਰਨੀ, ਵਿਹਲੇ ਫਿਰਨਾ।

**ਘੱਟੇ ਕੌਡੀਆਂ ਰਲ਼ਾਉਣਾ**—ਕਿਸੇ ਗੱਲ ਦੀ ਆਈ ਗਈ ਨਾ ਦੇਣੀ।

**ਘਰ ਉਜੜਨਾ**—ਘਰਵਾਲੀ ਦਾ ਪ੍ਰਲੋਕ ਸਿਧਾਰ ਜਾਣਾ, ਘਰ ਬਰਬਾਦ ਹੋ ਜਾਣਾ।

**ਘਰ ਕਰ ਜਾਣਾ**—ਦਿਲ 'ਤੇ ਪੂਰਾ ਅਸਰ ਹੋਣਾ, ਪੂਰੀ ਤਰ੍ਹਾਂ ਸਮਝ 'ਚ ਪੈ ਜਾਣਾ, ਚੰਗਾ ਲੱਗਣਾ।

**ਘਰ ਗਾਲਣਾ**—ਹਾਨੀ ਪਹੁੰਚਾਉਣੀ, ਮਾੜੇ ਕੰਮਾਂ ਕਰਕੇ ਘਰ ਉਜਾੜ ਦੇਣਾ।

**ਘਰ ਦਾ ਨਾਂ ਡੋਬਣਾ**—ਮੰਦੇ ਕੰਮ ਕਾਰ ਕਰਕੇ ਆਪਣੇ ਮਾਂ-ਬਾਪ ਅਤੇ ਪਰਿਵਾਰ ਨੂੰ ਬਦਨਾਮ ਕਰਨਾ।

ਘਰ ਦੀ ਲੰਕਾ ਫੂਕਣਾ—ਆਪਣਾ ਨੁਕਸਾਨ ਆਪ ਕਰਨਾ।

ਘਰ ਨੂੰ ਸਿਆਣਾ ਹੋਣਾ—ਆਪਣਾ ਨੁਕਸਾਨ ਨਾ ਹੋਣ ਦੇਣਾ।

ਘਰ ਪਾਟਣਾ—ਭਰਾਵਾਂ ਵਿੱਚ ਫੁੱਟ ਪੈ ਜਾਣੀ, ਇਤਫ਼ਾਕ ਨਾ ਰਹਿਣਾ।

ਘਰ ਪੂਰਾ ਕਰਨਾ—ਪੂਰੀ ਤਸੱਲੀ ਕਰਵਾਉਣੀ, ਪੂਰਾ ਹੱਕ ਦੇਣਾ।

ਘਰ ਫ਼ੂਕ ਤਮਾਸ਼ਾ ਦੇਖਣਾ—ਆਪਣਾ ਘਰ ਬਰਬਾਦ ਕਰਕੇ ਮੌਜ ਮਸਤੀ ਕਰਨਾ।

ਘਰ ਭੰਨਣਾ—ਕੰਧ ਪਾੜਕੇ ਚੋਰੀ ਕਰਨੀ, ਸੰਨ੍ਹ ਮਾਰਨੀ।

ਘਰੋਂ ਘਾਟੋਂ ਜਾਣਾ—ਬੁਰੀ ਤਰ੍ਹਾਂ ਬਰਬਾਦ ਹੋ ਜਾਣਾ, ਬੇਘਰ ਹੋ ਜਾਣਾ।

ਘੜਿਆ ਘੜਾਇਆ ਉੱਤਰ ਦੇਣਾ—ਪਹਿਲਾਂ ਸੋਚਿਆ ਉੱਤਰ ਦੇ ਕੇ ਗੱਲ ਟਾਲ਼ ਦੇਣੀ।

ਘੜੀ 'ਚ ਤੋਲ਼ਾ ਘੜੀ 'ਚ ਮਾਸਾ ਹੋਣਾ—ਛੇਤੀ ਰੁੱਸ ਜਾਣਾ ਤੇ ਛੇਤੀ ਹੀ ਦਿਆਲ ਹੋ ਜਾਣਾ, ਤਰੁੱਠ ਪੈਣਾ।

ਘੜੀਆਂ ਗਿਣਨਾ—ਘਬਰਾਹਟ ਵਿੱਚ ਸਮਾਂ ਬਤੀਤ ਕਰਨਾ।

ਘੜੀਆਂ ਪਲਾਂ ਤੇ ਹੋਣਾਂ—ਮਰਨ ਕੰਢੇ ਹੋਣਾ।

ਘਾਣ ਬੱਚਾ ਪੀੜਿਆ ਜਾਣਾ—ਪੂਰੀ ਤਰ੍ਹਾਂ ਬਰਬਾਦ ਹੋ ਜਾਣਾ, ਕੁਝ ਵੀ ਨਾ ਬਚਣਾ।

ਘਾਪਾ ਮੇਲਣਾ—ਅਧੂਰੀ ਥਾਂ ਪੂਰੀ ਕਰਨੀ, ਖ਼ਾਲੀ ਥਾਂ ਪੂਰਨੀ।

ਘਾਪਾ ਪੂਰਾ ਹੋਣਾ—ਥੁੜ-ਮੁੱਕ ਜਾਣੀ, ਘਾਟ ਪੂਰੀ ਹੋ ਜਾਣੀ, ਵਿਗੋਚਾ ਨਾ ਰਹਿਣਾ।

ਘਾਲਣਾ ਘਾਲਣੀ—ਕੁਰਬਾਨੀ ਦੇਣੀ, ਮਿਹਨਤ ਕਰਕੇ ਕੋਈ ਰੁਤਬਾ ਹਾਸਿਲ ਕਰਨਾ।

ਘਾਵਾਂ ਤੇ ਲੂਣ ਛਿੜਕਣਾ—ਸਤਾਏ ਹੋਏ ਨੂੰ ਹੋਰ ਸਤਾਉਣਾ, ਤਾਹਨੇ- ਮਿਹਣੇ ਮਾਰਨੇ।

ਘਿਉ ਸ਼ੱਕਰ ਹੋਣਾ—ਆਪਸ ਵਿੱਚ ਘੁਲ਼-ਮਿਲ਼ ਜਾਣਾ, ਕੋਈ ਭੇਦਭਾਵ ਨਾ ਰੱਖਣਾ।

ਘਿਉ ਖਿੱਚੜੀ ਹੋਣਾ—ਆਪਸ ਵਿੱਚ ਡੂੰਘਾ ਪਿਆਰ ਪਾ ਲੈਣਾ, ਅਭੇਦ ਹੋ ਜਾਣਾ।

ਘਿਉ ਦੇ ਕੁੱਪੇ ਰੁੜ੍ਹਨੇ—ਬਹੁਤ ਹਾਨੀ ਹੋਣੀ, ਨੁਕਸਾਨ ਹੋ ਜਾਣਾ।

ਘੁਸਰ ਮੁਸਰ ਕਰਨਾ—ਨੀਵੀਂ ਸੁਰ ਵਿੱਚ ਕੋਈ ਗੁਪਤ ਸਲਾਹ ਮਸ਼ਵਰਾ ਕਰਨਾ।

ਘੁੱਟ ਘੁੱਟ ਮਿਲਣਾ—ਪਿਆਰ ਨਾਲ਼ ਮਿਲਣਾ, ਪਿਆਰ ਪਾਉਣਾ।

**ਘੁੱਟ ਵੱਟਣਾ**—ਸਬਰ ਕਰ ਲੈਣਾ।

**ਘੁੱਟੇ ਘੁੱਟੇ ਰਹਿਣਾ**—ਉਦਾਸੀ ਕਾਰਨ ਬਹੁਤ ਘੱਟ ਬੋਲਣਾ।

**ਘੁੰਡੀ ਖੋਲ੍ਹਣੀ**—ਭੇਤ ਵਾਲ਼ੀ ਗੱਲ ਵਿਸਥਾਰ ਨਾਲ਼ ਸਮਝਾਉਣੀ।

**ਘੁਣ ਲੱਗਣਾ**—ਗੁੱਝੀ ਬੀਮਾਰੀ ਲੱਗਣੀ, ਦੁਖੀ ਹੋਣਾ, ਸਰੀਰ ਦੀ ਕਮਜ਼ੋਰੀ ਪੈ ਜਾਣੀ।

**ਘੁਰ ਘੁਰ ਕਰਨਾ**—ਆਪਸ ਵਿੱਚ ਗੱਲਬਾਤ ਹੌਲੀ ਸੁਰ ਵਿੱਚ ਕਰਨੀ।

**ਘੁਲ਼ ਘੁਲ਼ ਕੇ ਮਰਨਾ**—ਅਤਿ ਦਾ ਦੁਖੀ ਹੋ ਕੇ ਲੰਬੀ ਬੀਮਾਰੀ ਕਾਰਨ ਮਰਨਾ।

**ਘੁਲ਼-ਮਿਲ਼ ਜਾਣਾ**—ਆਪਸ ਵਿੱਚ ਰਚ ਮਿਚ ਜਾਣਾ, ਓਪਰਾਪਣ ਦੂਰ ਹੋ ਜਾਣਾ।

**ਘੇਸ ਮਾਰਨੀ**—ਗੱਲ ਧਿਆਨ ਨਾਲ਼ ਨਾ ਸੁਣਨੀ, ਪ੍ਰਵਾਹ ਨਾ ਕਰਨੀ, ਕਹੀ ਗੱਲ ਦਾ ਅਸਰ ਨਾ ਹੋਣਾ।

**ਘੇਰ ਚੌੜਾ ਹੋਣਾ**—ਖ਼ਲਾਰਾ ਪਾਇਆ ਹੋਇਆ-ਕੋਈ ਕੰਮ ਵਿਉਂਤ ਅਨੁਸਾਰ ਨਾ ਕਰਨਾ।

**ਘੋਗਲ਼ ਕੰਨਾ ਹੋਣਾ**—ਮਚਲਾ ਬਣ ਜਾਣਾ, ਸੁਣੀ ਗੱਲ ਨੂੰ ਅਣਸੁਣੀ ਕਰ ਛੱਡਣਾ।

**ਘੋਗਾ ਚਿੱਤ ਕਰਨਾ**—ਮਾਰ ਮੁਕਾਉਣਾ, ਜਾਨੋਂ ਮਾਰ ਦੇਣਾ, ਅਲਖ ਮੁਕਾ ਦੇਣੀ।

**ਘੋਟ ਘੋਟ ਗੱਲਾਂ ਕਰਨੀਆਂ**—ਖ਼ੁਸ਼ੀ ਵਿੱਚ ਖੀਵੇ ਹੋਏ ਚਾਮਲ਼ ਚਾਮਲ਼ ਗੱਲਾਂ ਕਰਨੀਆਂ।

**ਘੋਟ ਘੋਟ ਪੀਣਾ**—ਕਿਸੇ ਵਸਤੂ ਦਾ ਹੌਲ਼ੀ-ਹੌਲ਼ੀ ਸੇਵਨ ਕਰਨਾ, ਇਕੋ ਵਸਤੂ ਨੂੰ ਥੋੜ੍ਹੀ-ਥੋੜ੍ਹੀ ਕਰਕੇ ਵਰਤਣਾ।

**ਘੋਰ ਤੱਪ ਕਰਨਾ**—ਕਠਿਨ ਮਿਹਨਤ ਕਰਨੀ, ਬੜੀ ਔਖ ਮਗਰੋਂ ਸੁੱਖ ਪ੍ਰਾਪਤ ਕਰਨਾ।

**ਘੋਲ਼ ਕੇ ਪੀਣਾ**—ਨਾਮੋ ਨਿਸ਼ਾਨ ਨਾ ਰਹਿਣ ਦੇਣਾ।

**ਘੋੜੇ ਕੰਨ ਬਰਾਬਰ ਹੋਣਾ**—ਖ਼ਰਚੀਲਾ ਹੋਣਾ, ਜਿੰਨਾ ਕਮਾਉਣਾ ਉਨਾ ਹੀ ਖ਼ਰਚ ਹੋ ਜਾਣਾ।

## ਚ

**ਚਉਲਾਂ ਭਰਿਆ ਵਾਤ**—ਆਰ ਪਰਿਵਾਰ ਵਾਲ਼ੀ ਹੋਣਾ, ਦੁੱਧ ਪੁੱਤ ਵਾਲ਼ੀ ਹੋਣਾ।

**ਚਹੇ ਖੁੱਲ੍ਹਣਾ**—ਵੱਡਿਆਂ ਦੀ ਪ੍ਰਵਾਹ ਨਾ ਕਰਨੀ, ਸ਼ਰਮ ਹਿਯਾ ਨੂੰ ਕਿੱਲੀ ਟੰਗਣਾ, ਖੰਭ ਲੱਗਣੇ।

**ਚਹੁੰ ਬੰਦਿਆਂ ਵਿੱਚ ਬੈਠਣ ਵਾਲ਼ਾ**—ਭਾਈਚਾਰੇ ਵਿੱਚ ਮਾਣ ਸਨਮਾਨ ਵਾਲ਼ਾ, ਇੱਜ਼ਤਦਾਰ ਵਿਅਕਤੀ।

**ਚੱਕ ਬੰਨ੍ਹਣਾ**—ਪਿੰਡ ਵਸਾਉਣਾ, ਪਿੰਡ ਦੀ ਨੀਂਹ ਰੱਖਣੀ।

**ਚੱਕ ਮਾਰਨਾ**—ਦੰਦੀ ਵੱਢਣੀ, ਦੁਖੀ ਕਰਨਾ, ਰਿਸ਼ਵਤ ਲੈਣੀ, ਵੱਢੀ ਲੈਣੀ।

**ਚੱਕਰ ਬੰਨ੍ਹਣਾ**—ਵਾਰ-ਵਾਰ ਗੇੜੇ ਮਾਰਨਾ।

**ਚੱਕਰ ਵਿੱਚ ਪੈ ਜਾਣਾ**—ਮਾੜੇ ਦਿਨ ਆਉਣੇ, ਬਿਪਤਾ ਵਿੱਚ ਪੈ ਜਾਣਾ।

**ਚੱਕਰ ਵਿੱਚ ਪਾਉਣਾ**—ਫ਼ਿਕਰਾਂ ਵਿੱਚ ਪਾ ਦੇਣਾ, ਚਿੰਤਾ ਲਾ ਦੇਣੀ।

**ਚੱਕਰੀ ਭਉਂ ਜਾਣੀ**—ਸੁਰਤ ਟਿਕਾਣੇ ਸਿਰ ਨਾ ਰਹਿਣੀ, ਠੀਕ ਸਮਝ ਨਾ ਪੈਣੀ।

**ਚੱਕੀ ਝੋਣਾ**—ਨਾ ਮੁੱਕਣ ਵਾਲ਼ੀ ਗੱਲ ਛੇੜ ਲੈਣੀ।

**ਚੱਟ ਕਰ ਜਾਣਾ**—ਸਭ ਕੁਝ ਖਾ ਜਾਣਾ, ਖਾ ਕੇ ਪਲੇਟ ਸਾਫ਼ ਕਰ ਦੇਣੀ।

**ਚੱਟ ਚੁੰਮ ਕੇ ਰੱਖਣਾ**—ਬਹੁਤ ਲਾਡ ਪਿਆਰ ਨਾਲ਼ ਰੱਖਣਾ।

**ਚੱਟਣੀ ਬਣਾ ਦੇਣੀ**—ਕਿਸੇ ਨੂੰ ਮਾਰ ਕੁੱਟ ਕੇ ਹੱਸਲੀਆਂ ਪੱਸਲੀਆਂ ਤੋੜ ਦੇਣੀਆਂ।

**ਚੱਟੀ ਪਈ ਹੋਣੀ**—ਬਿਪਤਾ ਪੈ ਜਾਣੀ, ਵਿਗਾਰ ਗਲ਼ ਪੈਣੀ।

**ਚੱਡੇ ਗਾਟੇ ਕਰਨਾ**—ਧੌਣ ਮਰੋੜ ਕੇ ਚੱਡਿਆਂ ਨਾਲ਼ ਲਾ ਦੇਣੀ, ਕਰਾਰੀ ਹਾਰ ਦੇਣੀ।

**ਚੱਪਣੀ ਵਿੱਚ ਨੱਕ ਡੋਬ ਕੇ ਮਰਨਾ**—ਸ਼ਰਮੋ ਸ਼ਰਮੀ ਹੋਣਾ, ਸ਼ਰਮ ਨਾਲ਼ ਮਰ ਜਾਣਾ।

**ਚਪੜ ਚਪੜ ਕਰਨਾ**—ਆਪਣੇ ਤੋਂ ਵੱਡੇ ਅੱਗੇ ਬਹੁਤ ਬੋਲਣਾ, ਗੁਸਤਾਖ਼ੀ ਕਰਨੀ।

**ਚਮਕ ਉੱਠਣਾ**—ਗੁੱਸੇ ਵਿੱਚ ਤੜਪ ਉੱਠਣਾ, ਗੁੱਸੇ ਨਾਲ਼ ਅੱਖਾਂ 'ਚ ਡੋਰੇ ਚਮਕ ਪੈਣੇ।

**ਚਲਦੀ ਗੱਡੀ ਵਿੱਚ ਰੋੜਾ ਅਟਕਾਉਣਾ**—ਹੋ ਰਹੇ ਕੰਮ ਵਿੱਚ ਵਿਘਨ ਪਾਉਣਾ।

**ਚੜ੍ਹ ਮਚਣੀ**—ਕਿਸੇ ਦੀ ਬੱਲੇ ਬੱਲੇ ਹੋ ਜਾਣੀ, ਆਪਣੇ ਪੱਖ ਦੀ ਗੱਲ ਸੁਣ ਕੇ ਖ਼ੁਸ਼ ਹੋਣਾ।

**ਚੜ੍ਹਦੀ ਕਲਾ ਵਿੱਚ ਹੋਣਾ**—ਬੁਲੰਦ ਹੌਂਸਲੇ ਵਿੱਚ ਹੋਣਾ, ਸਦਾ ਉੱਚੀਆਂ ਉਡਾਰੀਆਂ ਲਾਉਣੀਆਂ।

**ਚੜ੍ਹੀ ਲੱਥੀ ਦੀ ਨਾ ਹੋਣੀ**—ਬੇਸ਼ਰਮ ਮਨੁੱਖ ਜਿਸ ਨੂੰ ਆਪਣੀ ਬੇਇੱਜ਼ਤੀ ਦਾ ਅਹਿਸਾਸ ਨਾ ਹੋਵੇ।

**ਚਾਘੀਆਂ ਮਾਰਨੀਆਂ**—ਕਿਸੇ ਦਾ ਨੁਕਸਾਨ ਹੋਏ ਤੇ ਖ਼ੁਸ਼ ਹੋਣਾ, ਮਖ਼ੌਲ ਕਰਨਾ।

**ਚਾਂਦੀ ਹੋਣਾ**—ਵਿਉਪਾਰ ਵਿੱਚ ਬਹੁਤ ਨਫ਼ਾ ਹੋਣਾ।

**ਚਾਂਦੀ ਦੀ ਜੁੱਤੀ ਮਾਰਨੀ**—ਰਿਸ਼ਵਤ ਦੇਣੀ, ਵੱਢੀ ਦੇਣੀ।

**ਚਾਨਣ ਪਾਉਣਾ**—ਵਿਸਥਾਰ ਨਾਲ਼ ਗੱਲ ਸਮਝਾਉਣੀ, ਖੋਲ੍ਹ ਕੇ ਦੱਸਣਾ।

**ਚਾਬੀ ਮਰੋੜਨਾ**—ਕਿਸੇ ਨੂੰ ਗੱਲੀਂ-ਬਾਤੀਂ ਆਪਣੇ ਮਗਰ ਲਾ ਲੈਣਾ, ਆਪਣੇ ਵਸ 'ਚ ਕਰਕੇ ਆਪਣੀ ਮਰਜ਼ੀ ਦੇ ਕੰਮ ਕਰਵਾਉਣੇ।

**ਚਾਰ ਅੱਖਰ ਪੜ੍ਹਿਆ ਹੋਣਾ**—ਥੋੜ੍ਹਾ ਬਹੁਤਾ ਪੜ੍ਹਿਆ ਹੋਣਾ।

**ਚਾਰ ਸੌ ਵੀਹ ਕਰਨੀ**—ਕਿਸੇ ਨਾਲ਼ ਠੱਗੀ ਮਾਰਨੀ।

**ਚਾਰ ਚੰਨ ਲੱਗ ਜਾਣੇ**—ਬਹੁਤ ਵੱਡਿਆਈ ਹੋਣੀ, ਪ੍ਰਸਿੱਧੀ ਮਿਲਣੀ।

**ਚਾਰ ਦੇਣਾ**—ਕਿਸੇ ਨਾਲ਼ ਧੋਖਾ ਕਰਨਾ, ਠੱਗੀ ਮਾਰਨੀ।

**ਚਾਲ਼ੀ ਸੇਰੀ ਗੱਲ ਕਰਨੀ**—ਸਹੀ ਤੇ ਸਿਆਣੀ ਗੱਲ ਕਰਨੀ।

**ਚਾਲੇ ਫੜ ਲੈਣੇ**—ਮੰਦੇ ਕੰਮਾਂ ਵਿੱਚ ਪੈ ਜਾਣਾ, ਭੈੜੀਆਂ ਕਰਤੂਤਾਂ ਕਰਨੀਆਂ।

**ਚਿਹਰਾ ਖਿੜਨਾ**—ਖ਼ੁਸ਼ੀ ਵਿੱਚ ਚਿਹਰੇ 'ਤੇ ਚਮਕ ਆ ਜਾਣੀ।

**ਚਿਹਰਾ ਫੱਕ ਹੋਣਾ**—ਮਾੜੀ ਗੱਲ ਜਾਂ ਦੁੱਖ ਦੀ ਗੱਲ ਸੁਣ ਕੇ ਚਿਹਰਾ ਮੁਰਝਾ ਜਾਣਾ, ਸ਼ਰਮਿੰਦਾ ਹੋ ਜਾਣਾ।

**ਚਿਹਰਾ ਲਾਲ ਹੋਣਾ**—ਬਹੁਤ ਗੁੱਸਾ ਚੜ੍ਹਨਾ।

**ਚਿਹਰੇ ਤੇ ਗਿੱਟ ਗਿੱਠ ਲਾਲੀ ਹੋਣਾ**—ਖ਼ੁਸ਼ੀ ਨਾਲ਼ ਚਿਹਰਾ ਚਮਕ ਪੈਣਾ, ਖ਼ੁਸ਼ੀ ਦਾ ਪ੍ਰਭਾਵ ਪੈਣਾ।

**ਚਿਹਰੇ 'ਤੇ ਲਾਲੀ ਭੱਖਣੀ**—ਮੂੰਹ 'ਤੇ ਜਲਾਲ ਟਪਕਣਾ।

**ਚਿੱਕੜ ਸੁੱਟਣਾ**—ਕਿਸੇ 'ਤੇ ਗੰਦੇ ਦੂਸ਼ਨ ਲਾਉਣੇ।

**ਚਿੱਕੜ ਵਿੱਚ ਕੰਵਲ ਹੋਣਾ**—ਮਾੜੇ ਪਰਿਵਾਰ ਵਿੱਚ ਨੇਕ ਵਿਅਕਤੀ ਹੋਣਾ, ਮੰਦਿਆਂ 'ਚ ਚੰਗਾ ਹੋਣਾ।

**ਚਿੱਠਾ ਤਾਰਨਾ**—ਭੇਤ ਵਾਲ਼ੀ ਗੱਲ ਅਗਾਂਹ ਦੱਸ ਦੇਣੀ।

**ਚਿੱਤ ਸਵਾਇਆ ਹੋਣਾ**—ਬਹੁਤ ਖ਼ੁਸ਼ ਹੋਣਾ, ਹੌਂਸਲਾ ਵੱਧਣਾ।

**ਚਿੱਤ ਹੋਣਾ**—ਹਾਰ ਜਾਣਾ, ਮਰ ਜਾਣਾ।

**ਚਿੱਤ ਚਾ ਲੈਣਾ**—ਉਦਾਸ ਹੋ ਜਾਣਾ।

**ਚਿੱਤ ਚੇਤੇ ਨਾ ਆਉਣਾ**—ਰਤੀ ਭਰ ਵੀ ਖ਼ਿਆਲ ਨਾ ਆਉਣਾ।

**ਚਿੰਤਾ ਵਿੱਚ ਡੁੱਬਣਾ**—ਸੋਚਾਂ ਵਿੱਚ ਪੈ ਜਾਣਾ।

**ਚਿਪ ਚੜ੍ਹਨਾ**—ਖਿੱਝੇ ਹੋਏ ਹੋਣਾ।

**ਚਿੜੀ ਨਾ ਫੜਕਣਾ**—ਕਿਸੇ ਨੂੰ ਨੇੜੇ ਨਾ ਢੁੱਕਣ ਦੇਣਾ।

**ਚੀਂ ਪੀਂ ਕਰਨਾ**—ਨਾਂਹ-ਨੁੱਕਰ ਕਰਨੀ।

**ਚੀਣਾ ਖਿਲਾਰਨਾ**—ਖੇਰੂੰ ਖੇਰੂੰ ਹੋ ਜਾਣਾ, ਖਿੰਡ ਪੁੰਡ ਜਾਣਾ।

**ਚੀਣਾ ਚੀਣਾ ਹੋ ਜਾਣਾ**—ਕਿਣਕਾ ਕਿਣਕਾ ਹੋ ਜਾਣਾ।

**ਚੁਆਤੀਆਂ ਲਾਉਣੀਆਂ**—ਖਰਵਾ ਬੋਲ ਬੋਲ ਕੇ ਦੁਖੀਏ ਨੂੰ ਸਤਾਉਣਾ।

**ਚੁਸਕੀ ਲਾ ਲੈਣੀ**—ਦੋ ਘੁਟ ਸ਼ਰਾਬ ਛਕ ਲੈਣੀ, ਕੰਮ ਦੇ ਰੁਝੇਵੇਂ ਵਿੱਚ ਸਮਾਂ ਕੱਢ ਕੇ ਨਸ਼ੇ ਤੇ ਰਾਗ ਆਦਿ ਦਾ ਅਨੰਦ ਮਾਣਨਾ।

**ਚੁੱਕ ਵਿੱਚ ਆਉਣਾ**—ਕਿਸੇ ਦੀਆਂ ਗੱਲਾਂ ਵਿੱਚ ਆ ਕੇ ਦੂਜੇ ਦੇ ਖ਼ਿਲਾਫ਼ ਹੋ ਜਾਣਾ, ਪ੍ਰੇਰਿਆ ਜਾਣਾ।

**ਚੁੰਜ ਸੁਆਰਨਾ**—ਤਿਆਰ ਹੋਣਾ।

**ਚੁੰਝ-ਚਰਚਾ**—ਬਹਿਸ-ਵਿਮਰਸ਼ ਕਰਨਾ।

**ਚੁਟਕੀਆਂ ਭਰਨੀਆਂ**—ਮੁੜ-ਮੁੜ ਯਾਦ ਆਉਣਾ।

**ਚੁੱਪ ਵਰਤ ਜਾਣੀ**—ਖ਼ਾਮੋਸ਼ੀ ਛਾ ਜਾਣੀ।

**ਚੁਰਾਹੇ ਵਿੱਚ ਹਾਂਡੀ ਭੰਨਣੀ**—ਭੇਤ ਖੋਲ੍ਹ ਦੇਣਾ, ਕਰਤੂਤ ਪ੍ਰਗਟ ਕਰ ਦੇਣੀ, ਬੇਇੱਜ਼ਤੀ ਕਰਨੀ।

**ਚੁੱਲ੍ਹੇ ਅੱਗ ਨਾ ਬਲਣੀ**—ਅਤਿ ਦੀ ਗ਼ਰੀਬੀ ਆ ਜਾਣੀ, ਅਤਿ ਸ਼ੋਕ ਕਾਰਨ ਘਰ ਰੋਟੀ ਨਾ ਪੱਕਣੀ।

**ਚੂਲ਼ ਢਿੱਲ੍ਹੀ ਰਹਿ ਜਾਣੀ**—ਕੋਈ ਨਾ ਕੋਈ ਘਾਟ ਰਹਿ ਜਾਣੀ।

**ਚੂਲ਼ਾਂ ਉਖੜੀਆਂ ਰਹਿਣਾ**—ਕੋਈ ਨਾ ਕੋਈ ਰੋਗ ਚਿੰਬੜਿਆ ਰਹਿਣਾ।

**ਚੂਲੀ ਪਾਉਣਾ**—ਕਿਸੇ ਹੋਰ ਦੇ ਹਵਾਲੇ ਕਰ ਦੇਣਾ।

**ਚੂੰ ਚਾਂ ਕਰਨਾ**—ਨਾਂਹ-ਨੁੱਕਰ ਕਰਨੀ, ਕਿਸੇ ਗੱਲੋਂ ਇਨਕਾਰ ਕਰ ਦੇਣੀ।

**ਚੂੰ ਨਾ ਕਰ ਸਕਣਾ**—ਅੱਗੋਂ ਖੁਸਕਣਾ ਨਾ, ਕੋਈ ਹੀਲ ਹੁੱਜਤ ਨਾ ਕਰਨੀ।

**ਚਿਹਰਾ ਉਤਰਿਆ ਜਾਣਾ**—ਕਮਜ਼ੋਰ ਹੋ ਜਾਣਾ, ਸਰੀਰਕ ਤੌਰ 'ਤੇ ਲਿੱਸਾ ਹੋ ਜਾਣਾ।

**ਚਿਹਰਾ ਕਾਲ਼ਾ ਪੈ ਜਾਣਾ**—ਮੁਰਝਾ ਜਾਣਾ, ਬਦਨਾਮੀ ਕਾਰਨ ਚਿਹਰੇ ਦਾ ਰੰਗ ਉੱਤਰ ਜਾਣਾ।

**ਚਿਹਰੇ ਤੇ ਹਵਾਈਆਂ ਉਡਣੀਆਂ**—ਸ਼ਰਮ ਕਾਰਨ ਰੰਗ ਫੱਕ ਹੋ ਜਾਣਾ।

**ਚਿਹਰੇ ਖਿੜਨੇ**—ਖ਼ੁਸ਼ੀ ਕਾਰਨ ਚਿਹਰੇ 'ਤੇ ਜਲਾਲ ਆ ਜਾਣਾ, ਚਮਕ ਆ ਜਾਣੀ, ਲਿਸ਼ਕ ਮਾਰਨੀ।

**ਚੇਟਕ ਲਾਉਣੀ**—ਲਗਨ ਪੈਦਾ ਕਰਨੀ।

**ਚੈਨ ਦਾ ਸਾਹ ਆਉਣਾ**—ਡਰ ਦੂਰ ਹੋਣ ਕਾਰਨ ਸੁਖ ਦਾ ਸਾਹ ਆਉਣਾ।

**ਚੋ ਚੋ ਪੈਣਾ**—ਫੁਟ ਫੁਟ ਕੇ ਨਿਕਲਣਾ, ਸਾਵਾਂ ਵਖਾਈ ਦੇਣਾ।

**ਚੋਟੀ ਆਕਾਸ਼ ਲਾਉਣਾ**—ਬਹੁਤ ਵਡਿਆਈ ਕਰਨੀ।

**ਚੋਭ ਮਾਰਨਾ**—ਵਿਅੰਗ ਕੱਸਣਾ, ਬੋਲੀ ਮਾਰਨੀ, ਅਜਿਹੀ ਗੱਲ ਕਹਿਣੀ ਜਿਸ ਨਾਲ਼ ਸੁਣਨ ਵਾਲ਼ੇ ਨੂੰ ਦੁੱਖ ਲੱਗੇ।

**ਚੋਰ ਅੱਖਾਂ ਨਾਲ਼ ਵੇਖਣਾ**—ਲੁਕਵੇਂ ਰੂਪ ਵਿੱਚ ਝਾਤੀਆਂ ਮਾਰਨੀਆਂ, ਅੱਖ ਬਚਾ ਕੇ ਵੇਖਣਾ।

**ਚੋਲ਼ਾ ਛੱਡਣਾ**—ਸੁਰਗਵਾਸ ਹੋ ਜਾਣਾ, ਮਰ ਜਾਣਾ।

**ਚੌਕੜੀ ਮਾਰਨੀ**—ਚੱਪ ਮਾਰ ਕੇ ਬੈਠਣਾ।

**ਚੌਕਾ ਭਾਂਡਾ ਕਰਨਾ**—ਰਸੋਈ ਦਾ ਕੰਮ ਕਰਨਾ।

**ਚੌਕਾ ਪੈ ਜਾਣਾ**—ਬਰਬਾਦ ਹੋ ਜਾਣਾ।

**ਚੌਂਕੇ ਚੜ੍ਹਨਾ**—ਰਸੋਈ ਦੇ ਕੰਮ ਲੱਗਣਾ।

**ਚੌੜਾ ਹੋਣਾ**—ਆਪਣੀ ਵਡਿਆਈ ਸੁਣ ਕੇ ਫ਼ੁਲ ਜਾਣਾ।

**ਚੰਗਿਆੜੀ ਮਘਣੀ**—ਚੰਗੀ ਤਰ੍ਹਾਂ ਜੋਸ਼ ਪ੍ਰਗਟ ਹੋ ਜਾਣਾ, ਲੜਾਈ 'ਚ ਵਾਧਾ ਹੋ ਜਾਣਾ।

**ਚੰਗੀ ਮੰਦੀ ਸੁਣਨਾ**—ਨਿੰਦਾ ਤੇ ਚੁਗਲੀ ਸੁਣਨਾ।

**ਚੰਡਾਲ ਆਉਣਾ**—ਕ੍ਰੋਧ ਆਉਣਾ।

**ਚੰਡਿਆ ਹੋਣਾ**—ਚੰਗੀ ਤਰ੍ਹਾਂ ਸਿੱਖਿਆ ਪ੍ਰਾਪਤ ਕੀਤੀ ਹੋਣੀ, ਆਪਣੇ ਕਸਬ ਵਿੱਚ ਮਾਹਰ ਹੋਣਾ, ਚੰਗੇ ਉਸਤਾਦ ਪਾਸੋਂ ਸਿੱਖਿਆ ਲਈ ਹੋਣੀ।

**ਚੰਨ ਚਾੜ੍ਹਨਾ**—ਕੋਈ ਮਾੜਾ ਕੰਮ ਕਰਕੇ ਆਉਣਾ।

**ਚੰਨ ਚੜ੍ਹ ਆਉਣਾ**—ਕਿਸੇ ਪੁਰਸ਼ ਦੇ ਬਹੁਤ ਚਿਰ ਪਿੱਛੋਂ ਦਰਸ਼ਣ ਹੋਣੇ, ਅਚਨਚੇਤ ਹੀ ਕਿਸੇ ਦਾ ਆ ਜਾਣਾ, ਬਹੁਤ ਖ਼ੁਸ਼ੀ ਹੋਣੀ, ਖ਼ੁਸ਼ੀ ਨਾਲ਼ ਮੱਥਾ ਖਿੜ ਜਾਣਾ।

**ਚੰਨ ਚੜ੍ਹਾ ਬੈਠਣਾ**—ਕੋਈ ਮੂਰਖ਼ਾਂ ਵਾਲ਼ਾ ਕੰਮ ਕਰ ਲੈਣਾ।

**ਚੰਨ ਤਾਰੇ ਵਾਂਗ ਵੇਖਣਾ**—ਪਿਆਰ ਵਿੱਚ ਉਡੀਕਣਾ।

**ਚੰਮ ਉਧੇੜਨਾ**—ਬਹੁਤ ਮਾਰਨਾ, ਕੁੱਟਣਾ।

**ਛਹਿ ਜਾਣਾ**—ਸਹਿਮ ਨਾਲ਼ ਦਬਕ ਕੇ ਬਹਿ ਜਾਣਾ।

**ਛੱਕਾ ਪਊਆ ਕਰਨਾ**—ਅਵਾਰਾਗਰਦੀ ਕਰਨੀ, ਵਿਹਲੇ ਫਿਰਨਾ।

**ਛੱਕੇ ਛੁੱਟਣੇ**—ਹੋਸ਼ ਉੱਡ ਜਾਣੇ, ਘਬਰਾ ਜਾਣਾ।

**ਛੱਕੇ ਛੁਡਾਉਣੇ**—ਹੋਸ਼ ਗਵਾ ਦੇਣੇ, ਹੱਥਾਂ-ਪੈਰਾਂ ਦੀ ਪੈ ਜਾਣੀ।

**ਛਜ ਛਜ ਰੋਣਾ**—ਬਹੁਤ ਰੋਣਾ।

**ਛੱਜ 'ਚ ਪਾ ਕੇ ਛੱਟਣਾ**—ਖੁੱਲ੍ਹਮ ਖੁੱਲ੍ਹਾ ਭੰਡਣਾ, ਬਦਨਾਮੀ ਕਰਨੀ।

**ਛੱਜੀਂ ਖਾਰੀਂ ਵੱਸਣਾ**—ਮੂਸਲਾਧਾਰ ਬਾਰਿਸ਼ ਹੋਣੀ।

**ਛੱਟ ਆ ਪੈਣੀ**—ਜ਼ਿੰਮੇਵਾਰੀ ਗਲ਼ ਪੈ ਜਾਣੀ, ਬੋਝ ਪੈ ਜਾਣਾ, ਬਿਪਤਾ ਪੈ ਜਾਣੀ।

**ਛੱਟਿਆ ਫੂਕਿਆ ਹੋਣਾ**—ਬਹੁਤ ਹੀ ਭੈੜਾ ਹੋਣਾ।

**ਛੱਤ ਸਿਰ 'ਤੇ ਚੁੱਕਣਾ**—ਬਹੁਤ ਹੀ ਰੌਲ਼ਾ ਪਾਉਣਾ, ਉੱਚੀ ਉੱਚੀ ਜ਼ੋਰ ਨਾਲ਼ ਬੋਲਣਾ।

**ਛੱਤ ਪਾੜ ਕੇ ਰੱਬ ਬਹੁੜਨਾ**—ਬਿਨਾਂ ਮੰਗਿਆਂ ਅਚਾਨਕ ਕੋਈ ਸਹਾਇਤਾ ਪ੍ਰਾਪਤ ਹੋ ਜਾਣੀ।

**ਛਮ ਛਮ ਰੋਣਾ**—ਬੇਮੁਹਾਰੇ ਅੱਥਰੂ ਕੇਰਨੇ, ਜ਼ਾਰੋ ਜ਼ਾਰ ਰੋਣਾ।

**ਛਲ ਤਾੜਨਾ**—ਧੋਖੇ ਦੀ ਗੱਲ ਸਮਝ ਕੇ ਆਪਣਾ ਬਚਾ ਕਰ ਲੈਣਾ।

**ਛੇੜ ਛੇੜਨਾ**—ਲੜਾਈ ਝਗੜੇ ਦਾ ਬਾਨ੍ਹਣੂੰ ਬੰਨ੍ਹਣਾ, ਲੜਾਈ ਛੇੜ ਲੈਣੀ।

**ਛਾਊਂ ਮਾਊਂ ਹੋ ਜਾਣਾ**—ਏਧਰ-ਓਧਰ ਲੁੱਕ ਜਾਣਾ।

**ਛਾਉਣੀ ਪਾਉਣੀ**—ਕਿਸੇ ਇੱਕੋ ਥਾਂ ਜਾ ਕੇ ਪੱਕੇ ਡੇਰੇ ਲਾ ਦੇਣੇ।

**ਛਾਈਂ ਮਾਈਂ ਹੋ ਜਾਣਾ**—ਲੁਕ ਜਾਣਾ, ਮੁਕ ਜਾਣਾ।

**ਛਾਤੀ ਉੱਪਰ ਮੂੰਗੀ ਦਲਣੀ**—ਦੂਜੇ ਲਈ ਦੁੱਖ ਦਾ ਕਾਰਨ ਬਣਨ ਵਾਲ਼ੇ ਕੰਮ ਧੰਦੇ ਕਰਨੇ।

**ਛਾਤੀ 'ਤੇ ਪੱਥਰ ਧਰਨਾ**—ਆਪ ਦੁੱਖ ਸਹਿ ਕੇ ਦੂਜੇ ਨੂੰ ਸੁਖ ਦੇਣਾ।

**ਛਾਤੀ 'ਤੇ ਹੱਥ ਮਾਰ ਕੇ ਕਹਿਣਾ**—ਪੱਕੇ ਵਿਸ਼ਵਾਸ਼ ਨਾਲ਼ ਗੱਲ ਕਰਨੀ, ਗੱਜ ਵੱਜ ਕੇ ਗੱਲ ਕਹਿਣੀ।

**ਛਾਤੀ 'ਤੇ ਚੱਕੀ ਝੋਣੀ**—ਦੁੱਖ ਦੇਣਾ, ਜ਼ਬਰਦਸਤੀ ਕਰਨੀ।

**ਛਾਤੀ ਪਾਟਣਾ**—ਅਫ਼ਸੋਸ ਹੋਣਾ, ਗੱਲ ਸੁਣ ਕੇ ਬਹੁਤ ਗੁੱਸੇ 'ਚ ਆ ਜਾਣਾ।

**ਛਾਨਣੀ ਛਾਨਣੀ ਹੋਣਾ**—ਕਿਸੇ ਕੱਪੜੇ 'ਚ ਬਹੁਤ ਸਾਰੀਆਂ ਮੋਰੀਆਂ ਹੋ ਜਾਣੀਆਂ।

**ਛਾਪ ਲੱਗਣਾ**—ਕਿਸੇ ਦਾ ਅਸਰ ਕਬੂਲ ਕਰਨਾ, ਪ੍ਰਭਾਵ ਥੱਲ੍ਹੇ ਆ ਜਾਣਾ, ਅਸਰ ਪੈਣਾ।

**ਛਿੱਕੇ 'ਤੇ ਟੰਗਣਾ**—ਉੱਕਾ ਹੀ ਪ੍ਰਵਾਹ ਨਾ ਕਰਨੀ।

**ਛਿੰਝ ਪਾਉਣੀ**—ਝੱਜੂ ਪਾਉਣਾ, ਲੜਾਈ ਝਗੜਾ ਪਾ ਕੇ ਬੈਠ ਜਾਣਾ।

**ਛਿੱਤਰ ਖੌਸੜਾ ਹੋਣਾ**—ਆਪਸ ਵਿੱਚ ਲੜਾਈ ਝਗੜਾ ਕਰਨਾ।

**ਛਿੱਤਰ ਦੀ ਪ੍ਰਵਾਹ ਨਾ ਕਰਨਾ**—ਉੱਕਾ ਹੀ ਬੇਪ੍ਰਵਾਹ ਹੋਣਾ, ਕਿਸੇ ਦੀ ਪ੍ਰਵਾਹ ਨਾ ਕਰਨੀ।

**ਛਿੱਤਰ ਵਿਖਾਣਾ**—ਮਾਰਨ ਦੀ ਧਮਕੀ ਦੇਣੀ, ਪ੍ਰਵਾਹ ਨਾ ਕਰਨੀ।

**ਛਿੱਤਰੋਂ ਛਿਤਰੀ ਹੋਣਾ**—ਆਪਸ ਵਿੱਚ ਲੜਾਈ ਕਰਨੀ।

**ਛਿੰਨ ਭਿੰਨ ਹੋ ਜਾਣਾ**—ਉਡ-ਪੁੱਡ ਜਾਣਾ, ਖ਼ਤਮ ਹੋ ਜਾਣਾ।

**ਛਿੱਲ ਲਾਹੁਣਾ**—ਬਹੁਤ ਮਹਿੰਗਾ ਸੌਦਾ ਵੇਚਣਾ, ਠੱਗ ਲੈਣਾ, ਲੁੱਟ ਲੈਣਾ।

**ਛੁਹਾਰਾ ਪਾਉਣਾ**—ਮੁੰਡੇ ਦੀ ਕੁੜਮਾਈ ਕਰਨੀ, ਮੰਗਣਾ ਕਰਨਾ।

**ਛੁਲਕ ਛੁਲਕ ਪੈਣਾ**—ਖ਼ੁਸ਼ੀ ਵਿੱਚ ਛਾਲ੍ਹਾਂ ਮਾਰਨੀਆਂ, ਨੱਚਣਾ ਟੱਪਣਾ।

**ਛੋਲੇ ਦੇ ਕੇ ਪੜ੍ਹਨਾ**—ਨਾਲਾਇਕ ਹੋਣਾ, ਬੇਅਕਲ ਹੋਣਾ।

## ਜ

**ਜਸ ਖੱਟਣਾ**—ਪ੍ਰਸ਼ੰਸਾ ਪ੍ਰਾਪਤ ਕਰਨੀ, ਵਡਿਆਈ ਲੈਣੀ।

**ਜੱਸ ਦਾ ਟਿੱਕਾ ਲੈਣਾ**—ਵਡਿਆਈ ਮਿਲਣੀ।

**ਜਹਾਦ ਖੜ੍ਹਾ ਕਰਨਾ**—ਅਜਾਈਂ ਰੌਲ੍ਹਾ ਪਾਉਣਾ, ਹੋਰਨਾਂ ਨੂੰ ਕਿਸੇ ਵਿਰੁੱਧ ਉਕਸਾਉਣਾ।

**ਜ਼ਹਿਰ ਘੋਲਣਾ**—ਅੰਦਰੋਂ ਅੰਦਰ ਵਿਸ ਘੋਲਣਾ, ਖਿਝਣਾ।

**ਜ਼ਹਿਰ ਫ਼ੈਲਾਉਣਾ**—ਕਿਸੇ ਵਿਰੁੱਧ ਨਫ਼ਰਤ ਫ਼ੈਲਾਉਣੀ, ਤੁਖਣਾ ਦੇਣੀ।

**ਜ਼ਹਿਰ ਲੱਗਣਾ**—ਬੁਰਾ ਲੱਗਣਾ, ਮੰਦਾ ਲੱਗਣਾ।

**ਜ਼ਖ਼ਮਾਂ 'ਤੇ ਫਾਹਾ ਧਰਨਾ**—ਕਿਸੇ ਦੁਖੀ ਨੂੰ ਦਿਲਾਸਾ ਦੇ ਕੇ ਉਹਦਾ ਦੁੱਖ ਦੂਰ ਕਰਨਾ।

**ਜ਼ਖ਼ਮਾਂ ਤੇ ਮੱਲ੍ਹਮ ਲਾਉਣੀ**—ਦੁਖੀ ਦਿਲ ਨੂੰ ਢਾਰਸ ਦੇਣੀ।

**ਜ਼ਖ਼ਮਾਂ 'ਤੇ ਲੂਣ ਛਿੜਕਣਾ**—ਦੁਖੀਏ ਨੂੰ ਹੋਰ ਸਤਾਉਣਾ।

**ਜੱਗ ਰੱਖਣਾ**—ਲੋਕ ਲਾਜ ਦੀ ਪਾਲਣਾ ਕਰਨਾ, ਲੋਕਾਂ ਦਾ ਮੂੰਹ ਰੱਖਣਾ, ਲੋਕ ਰਾਏ ਮੰਨਣੀ।

**ਜੱਗ ਵਿੱਚ ਰੌਸ਼ਨ ਕਰਨਾ**—ਮਸ਼ਹੂਰੀ ਕਰਨੀ, ਪ੍ਰਸਿੱਧੀ ਦੁਆਉਣੀ।

**ਜਣਦਿਆਂ ਨੂੰ ਰੋਣਾ**—ਬਹੁਤ ਅਫ਼ਸੋਸ ਹੋਣਾ।

**ਜੱਦ ਸਵਾਰਨਾ**—ਆਪਣੇ ਖ਼ਾਨਦਾਨ ਨੂੰ ਉੱਨਤੀ ਦੇ ਮਾਰਗ 'ਤੇ ਪਾਉਣਾ, ਤਰੱਕੀ ਦਿਵਾਉਣੀ।

**ਜ਼ਫ਼ਰ ਜਾਲਣੇ**—ਕਰੜੀ ਮਿਹਨਤ ਨਾਲ਼ ਕਮਾਈ ਕਰਨੀ, ਔਖੇ ਦਿਨ ਕੱਟਣੇ।

**ਜ਼ਬਾਨ ਸਾਂਝੀ ਕਰਨੀ**—ਗੱਲਬਾਤ ਕਰਨੀ।

**ਜ਼ਬਾਨ ਹਲਾਉਣਾ**—ਗੱਲ ਕਰਨੀ, ਹਾਂ ਕਰਨੀ।

**ਜ਼ਬਾਨ ਦੇਣਾ**—ਇਕਰਾਰ ਕਰਨਾ, ਵਿਸ਼ਵਾਸ਼ ਦੁਆਉਣਾ।

**ਜ਼ਬਾਨ ਖੋਹਲਣਾ**—ਅੰਦਰ ਰੁਕੀ ਗੱਲ ਆਖ ਦੇਣੀ।

**ਜ਼ਬਾਨ ਖੰਡ ਦੀ ਛੁਰੀ ਹੋਣਾ**—ਉਪਰੋਂ ਮਿੱਠੀਆਂ-ਮਿੱਠੀਆਂ ਗੱਲਾਂ ਕਰਨੀਆਂ ਪਰ ਅੰਦਰੋਂ ਮਾੜੀਆਂ ਸੋਚਾਂ ਸੋਚਣੀਆਂ।

**ਜ਼ਬਾਨ ਢਹਿ ਪੈਣੀ**—ਬੋਲਣ ਦੀ ਸਮਰੱਥਾ ਨਾ ਰਹਿਣੀ।

**ਜ਼ਬਾਨ ਦੱਬ ਲੈਣਾ**—ਬੋਲਦਿਆਂ ਬੋਲਦਿਆਂ ਰੁਕ ਜਾਣਾ।

**ਜ਼ਬਾਨ ਚਲਾਣਾ**—ਬਹੁਤ ਗੱਲਾਂ ਕਰਨੀਆਂ, ਸਵਾਲ ਜਵਾਬ ਕਰਨੇ।

**ਜ਼ਬਾਨ ਦਾ ਧਨੀ ਹੋਣਾ**—ਆਪਣੇ ਬੋਲਾਂ 'ਤੇ ਪਹਿਰਾ ਦੇਣ ਵਾਲ਼ਾ, ਕੀਤੇ ਇਕਰਾਰ ਪੂਰੇ ਕਰਨ ਵਾਲ਼ਾ, ਜ਼ਬਾਨ ਦਾ ਪੱਕਾ।

**ਜ਼ਬਾਨ ਨੂੰ ਖੁੱਲ੍ਹ ਦੇਣਾ**—ਵਾਧੂ-ਘਾਟੂ ਗੱਲਾਂ ਮਾਰਨੀਆਂ, ਬੇਥਵੀਆਂ ਗੱਲਾਂ ਕਰਨੀਆਂ।

**ਜ਼ਬਾਨ ਨੂੰ ਲਗਾਮ ਦੇਣਾ**—ਸੋਚ ਸਮਝ ਕੇ ਗੱਲ ਕਰਨੀ, ਆਪਣੀ ਜ਼ਬਾਨ ਕਾਬੂ 'ਚ ਰੱਖਣੀ।

**ਜ਼ਬਾਨ ਫੜਨਾ**—ਕਿਸੇ ਨੂੰ ਅਜਾਈਂ ਗੱਲਾਂ ਕਹਿਣੋਂ ਰੋਕ ਸਕਣਾ।

**ਜ਼ਬਾਨ ਫੜੀ ਨਾ ਜਾਣੀ**—ਕਿਸੇ ਨੂੰ ਨਿੰਦਿਆ ਚੁਗਲੀ ਕਰਨ ਤੋਂ ਰੋਕ ਨਾ ਸਕਣਾ।

**ਜ਼ਬਾਨ ਫੇਰ ਲੈਣਾ**—ਕੀਤੇ ਇਕਰਾਰ ਨੂੰ ਪੂਰਾ ਨਾ ਕਰਨਾ, ਜ਼ਬਾਨੋਂ ਮੁੱਕਰ ਜਾਣਾ; ਬਚਨ ਪੂਰਾ ਨਾ ਕਰਨਾ।

ਜ਼ਬਾਨ ਬੰਦ ਕਰ ਲੈਣਾ—ਚੁੱਪ ਸਾਧ ਲੈਣੀ, ਬੋਲਣੋਂ ਮਨ੍ਹਾ ਕਰ ਦੇਣਾ।

ਜ਼ਬਾਨ ਮੂੰਹ ਵਿੱਚ ਨਾ ਪੈਣੀ—ਹਰਦਮ ਬੋਲੀ ਜਾਣਾ।

ਜ਼ਬਾਨ ਲੰਬੀ ਹੋਣਾ—ਬਹੁਤ ਲੰਬੀਆਂ ਗੱਲਾਂ ਕਰਨੀਆਂ।

ਜ਼ਬਾਨੀ ਜਮਾਂ ਖ਼ਰਚ ਕਰਨਾ—ਫੜ੍ਹਾਂ ਮਾਰਨੀਆਂ, ਫੋਕੀਆਂ ਫੜ੍ਹਾਂ ਮਾਰਨੀਆਂ।

ਜ਼ਬਾਨੋਂ ਭੈੜਾ ਹੋਣਾ—ਗੁੱਸੇ ਵਿੱਚ ਅਵੈੜੇ ਤੇ ਮੰਦੇ ਬੋਲ ਬੋਲਣ ਵਾਲ਼ਾ, ਗੁਸੈਲੇ ਸੁਭਾਅ ਵਾਲ਼ਾ।

ਜਮ ਹੋ ਕੇ ਚਿੰਬੜਨਾ—ਬਹੁਤ ਦੁਖੀ ਕਰਨਾ, ਖਹਿੜੇ ਪੈ ਜਾਣਾ।

ਜਮ ਕੇ ਬੈਠਣਾ—ਧਰਨਾ ਮਾਰ ਕੇ ਬੈਠ ਜਾਣਾ, ਪੱਕੇ ਤੌਰ 'ਤੇ ਬਹਿ ਜਾਣਾ।

ਜਮ ਦੇ ਮੂੰਹੋਂ ਵਾਪਸ ਆਉਣਾ—ਮੌਤ ਦੇ ਮੂੰਹੋਂ ਬਚ ਕੇ ਆ ਜਾਣਾ।

ਜ਼ਮੀਨ ਅਸਮਾਨ ਦੇ ਕਲਾਵੇ ਮੇਲਣਾ—ਬੇਅੰਤ ਝੂਠੀਆਂ ਗੱਲਾਂ ਕਰਨੀਆਂ।

ਜ਼ਮੀਨ ਤੇ ਅੱਡੀ ਨਾ ਲਾਉਣੀ—ਆਕੜ ਆਕੜ ਤੁਰਨਾ, ਘੁਮੰਡ ਵਖਾਉਣਾ।

ਜ਼ਮੀਨ ਵਿੱਚ ਨਿਘਰ ਜਾਣਾ—ਬਹੁਤ ਸ਼ਰਮਿੰਦਾ ਹੋਣਾ।

ਜ਼ਰ ਫੂਕਣਾ—ਸਾਰਾ ਰੁਪਿਆ ਬਰਬਾਦ ਕਰ ਦੇਣਾ।

ਜਵਾਬ ਦੇ ਜਾਣਾ—ਸਾਥ ਛੱਡ ਦੇਣਾ, ਮੁੱਕਰ ਜਾਣਾ।

ਜੜ ਪੁੱਟਣਾ—ਮੂਲੋਂ ਹੀ ਖ਼ਤਮ ਕਰ ਦੇਣਾ।

ਜੜ ਹਰੀ ਰਹਿਣਾ—ਸੰਤਾਨ ਹੋਣੀ, ਸੰਤਾਨ 'ਚ ਵਾਧਾ ਹੋਣਾ।

ਜੜ੍ਹ ਪਤਾਲ ਤੱਕ ਲੱਗਣੀ—ਕਿਸੇ ਕੰਮ ਦੀ ਪੱਕੀ ਨੀਂਹ ਬੱਝ ਜਾਣੀ।

ਜੜ੍ਹ ਮੇਖ ਪੁੱਟਣਾ—ਮਲੀਆ ਮੇਟ ਕਰ ਦੇਣੇ, ਨਾਂ ਨਿਸ਼ਾਨ ਖ਼ਤਮ ਕਰ ਦੇਣਾ।

ਜੜ੍ਹੀਂ ਤੇਲ ਦੇਣਾ—ਨੁਕਸਾਨ ਪਹੁੰਚਾਉਣਾ, ਨਾਸ਼ ਕਰਨਾ।

ਜਾ ਵੱਜਣਾ—ਕਿਸੇ ਥਾਂ ਅਚਾਨਕ ਜਾ ਪੁੱਜਣਾ।

ਜਾਗ ਲੱਗਣਾ—ਆਦਤ ਪੈ ਜਾਣਾ, ਅਸਰ ਹੋ ਜਾਣਾ।

ਜਾਦੂ ਦਾ ਅਸਰ ਕਰਨਾ—ਕਰਾਮਾਤ ਕਰ ਵਿਖਾਉਣੀ।

ਜਾਨ ਉੱਤੇ ਖੇਡਣਾ—ਜਾਨ ਦੀ ਕੁਰਬਾਨੀ ਦੇ ਦੇਣਾ, ਆਪਾ ਵਾਰ ਦੇਣਾ।

ਜਾਨ ਸੁੱਕਣਾ—ਡਰ ਕਾਰਨ ਸਹਿਮ ਜਾਣਾ।

ਜਾਨ ਹੂਲਣਾ—ਆਪਣੇ ਵੱਲੋਂ ਪੂਰੀ ਸ਼ਿੱਦਤ ਨਾਲ਼ ਕੰਮ ਕਰਨਾ, ਵਿਤੋਂ ਬਾਹਰਾ ਜ਼ੋਰ ਲਾ ਕੇ ਯਤਨ ਕਰਨਾ।

ਜਾਨ ਕੁੰਦਲ ਆਉਣੀ—ਕਿਸੇ ਔਕੜ ਵਿੱਚ ਫਸ ਜਾਣਾ, ਤਾਣੀ 'ਚ ਉਲਝ ਜਾਣਾ।

**ਜਾਨ ਖਾਣਾ**—ਬਹੁਤ ਹੀ ਤੰਗ ਕਰਨਾ।

**ਜਾਨ ਗਾਲ਼ਣਾ**—ਫ਼ਿਕਰ ਜਾਂ ਮਿਹਨਤ ਨਾਲ਼ ਕੰਮ 'ਚ ਰੁੱਝ ਜਾਣਾ, ਸਿਹਤ ਖ਼ਰਾਬ ਕਰ ਲੈਣੀ।

**ਜਾਨ ਛੁੱਟਣੀ**—ਕਿਸੇ ਮੁਸੀਬਤ ਤੋਂ ਖਹਿੜਾ ਛੁੱਟ ਜਾਣਾ।

**ਜਾਨ ਤਲੀ 'ਤੇ ਧਰਨਾ**—ਜਾਨ ਦਾ ਖ਼ਤਰਾ ਮੁੱਲ ਲੈ ਕੇ ਕੰਮ ਕਰਨਾ।

**ਜਾਨ ਤੇ ਬਣਨੀ**—ਜ਼ਿੰਦਗੀ ਖ਼ਤਰੇ 'ਚ ਪੈ ਜਾਣੀ, ਕੋਈ ਮੁਸੀਬਤ ਗਲ਼ ਪੈ ਜਾਣੀ।

**ਜਾਨ ਤੋੜ ਕੇ ਲੜਨਾ**—ਪੂਰੇ ਜ਼ੋਰ ਨਾਲ਼ ਕੰਮ ਕਰਨਾ।

**ਜਾਨ ਦੇਣਾ**—ਪਿਆਰ 'ਚ ਜਾਨ ਹਾਜ਼ਰ ਕਰ ਦੇਣੀ, ਜਾਨ ਦੀ ਕੁਰਬਾਨੀ ਦੇ ਦੇਣੀ।

**ਜਾਨ ਨਾਲ਼ੋਂ ਵੱਧ ਰੱਖਣਾ**—ਬਹੁਤ ਹੀ ਪਿਆਰ ਨਾਲ਼ ਰੱਖਣਾ।

**ਜਾਨ ਨੂੰ ਸਿਆਪੇ ਪਾਉਣੇ**—ਅਜਾਈਂ ਮੁਸੀਬਤ ਗਲ਼ ਪੁਆ ਲੈਣੀ।

**ਜਾਨ ਨੂੰ ਰੋਣਾ**—ਦੁਖੀ ਹੋ ਕੇ ਦੂਜੇ ਨੂੰ ਕੋਸਣਾ।

**ਜਾਨ ਪਾ ਦੇਣੀ**—ਕਿਸੇ ਵਸਤੂ ਨੂੰ ਸੁੰਦਰ ਬਣਾ ਦੇਣਾ, ਖੜ੍ਹੇ ਕੰਮ ਨੂੰ ਨਵੇਂ ਸਿਰਿਓਂ ਤੋਰ ਦੇਣਾ।

**ਜਾਨ ਮਾਰਨਾ**—ਲਹੂ ਪਸੀਨਾ ਇਕ ਕਰਕੇ ਮਿਹਨਤ ਕਰਨੀ।

**ਜਾਨ ਲਗਾਣਾ**—ਪੂਰੀ ਲਗਨ ਤੇ ਮਿਹਨਤ ਨਾਲ਼ ਕੰਮ ਕਰਨਾ।

**ਜਾਨ ਲਬਾਂ 'ਤੇ ਹੋਣੀ**—ਮੌਤ ਦੇ ਕੰਢੇ ਹੋਣਾ।

**ਜਾਨ ਵਿੱਚ ਜਾਨ ਆਉਣੀ**—ਸੁੱਖ ਦਾ ਸਾਹ ਆਉਣਾ, ਆਸ ਬੱਝ ਜਾਣੀ, ਹੌਂਸਲਾ ਵੱਧਣਾ।

**ਜਾਲ਼ ਵਿੱਚ ਫਸਣਾ**—ਕਿਸੇ ਦੇ ਧੋਖੇ ਵਿੱਚ ਆ ਜਾਣਾ।

**ਜਿਊਂਦਿਆਂ ਮਾਰਨਾ**—ਬੇਇੱਜ਼ਤ ਕਰਨਾ, ਚਾਲ ਚੱਲਣੀ।

**ਜਿਊਣਾ ਦੁੱਭਰ ਹੋਣਾ**—ਬਹੁਤ ਹੀ ਔਖੇ ਦਿਨ ਬਤੀਤ ਕਰਨੇ।

**ਜਿਸਮ ਟੁੱਟਣਾ**—ਜ਼ੋਰ ਦਾ ਕੰਮ ਕਰਨ ਕਰਕੇ ਸਰੀਰਕ ਕਮਜ਼ੋਰੀ ਮਹਿਸੂਸ ਕਰਨੀ।

**ਜਿਗਰ ਜਾਲਣਾ**—ਸੜਨਾ, ਖਿਝਣਾ, ਦੁਖੀ ਹੋਣਾ।

**ਜਿਗਰ ਨੂੰ ਠੰਢ ਪੈਣੀ**—ਦਿਲ ਨੂੰ ਧੀਰਜ ਮਿਲਣਾ, ਮਨ ਸ਼ਾਂਤ ਹੋ ਜਾਣਾ।

**ਜਿੰਦ ਨੱਕ ਵਿੱਚ ਆਉਣੀ**—ਦੁੱਖ ਸਹਿ ਨਾ ਹੋਣਾ, ਬਹੁਤ ਦੁਖੀ ਹੋਣਾ।

**ਜਿੰਦ ਪ੍ਰਾਣ ਵਾਰ ਦੇਣਾ**—ਆਪਣਾ ਸਭ ਕੁਝ ਕੁਰਬਾਨ ਕਰ ਦੇਣਾ।

**ਜਿੰਦੜੀ ਦੀ ਬਾਜ਼ੀ ਲਾਉਣਾ**—ਕੁਰਬਾਨੀ ਦੇਣ ਲਈ ਤਿਆਰ ਬਰ ਤਿਆਰ ਹੋ ਜਾਣਾ, ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾ ਲੈਣਾ।

**ਜਿੰਦੜੀ ਘੁਮਾਉਣਾ**—ਕੁਰਬਾਨ ਹੋ ਜਾਣਾ, ਵਾਰੀ ਘੋਲੀ ਹੋਣਾ, ਸਦਕੜੇ ਜਾਣਾ।

**ਜ਼ਿਮੀਂ ਅਸਮਾਨ ਦੇ ਕਲਾਵੇ ਮਿਲਾਉਣੇ**—ਫੀਂਗਾਂ ਮਾਰਨੀਆਂ, ਫੜ੍ਹਾਂ ਮਾਰਨੀਆਂ।

**ਜ਼ਿੰਮੇਵਾਰੀ ਸਿਰ ਚੁੱਕਣੀ**—ਜ਼ਿੰਮੇਵਾਰੀ ਨਿਬਾਹੁਣ ਦਾ ਇਕਰਾਰ ਕਰਨਾ।

**ਜੀਉਂਦੇ ਜੀ ਮਰ ਜਾਣਾ**—ਸ਼ਰਮਿੰਦਗੀ ਕਾਰਨ ਕਿਸੇ ਨੂੰ ਮੂੰਹ ਵਿਖਾਉਣ ਜੋਗੇ ਨਾ ਰਹਿਣਾ।

**ਜੀਅ ਉੱਛਲ ਉੱਛਲ ਪੈਣਾ**—ਬਹੁਤ ਹੀ ਖ਼ੁਸ਼ੀ ਤੇ ਉਤਸ਼ਾਹ ਵਿੱਚ ਹੋਣਾ।

**ਜੀਅ ਸੜ ਜਾਣਾ**—ਕਿਸੇ ਮੰਦਭਾਗੀ ਗੱਲ ਤੋਂ ਮਨ ਨੂੰ ਰੋਸ ਆਉਣਾ, ਬਹੁਤ ਦੁੱਖ ਹੋਣਾ।

**ਜੀਅ ਹੋਰ ਥੈ ਲਾਉਣਾ**—ਕਿਸੇ ਚਿੰਤਾ ਨੂੰ ਘਟਾਉਣ ਖ਼ਾਤਿਰ ਆਪਣੇ ਚਿਤ ਨੂੰ ਕਿਸੇ ਹੋਰ ਪਾਸੇ ਲਾਉਣਾ।

**ਜੀਅ ਹੌਲ਼ਾ ਹੋ ਜਾਣਾ**—ਦਿਲ ਉੱਤੋਂ ਚਿੰਤਾ ਲੱਥ ਜਾਣੀ।

**ਜੀਆ ਕੱਚਾ ਹੋਣਾ**—ਉਲਟੀ ਆਉਣੀ, ਚਿੱਤ ਕੱਚਾ ਹੋ ਜਾਣਾ।

**ਜੀਅ ਕੱਢਣਾ**—ਹੌਂਸਲਾ ਵਖਾਉਣਾ, ਦਲੇਰੀ ਕਰਨੀ।

**ਜੀਅ ਕਰਨਾ**—ਕਿਸੇ ਕੰਮ ਨੂੰ ਕਰਨ ਦੀ ਇੱਛਾ ਹੋਣੀ।

**ਜੀਅ ਕਾਹਲਾ ਪੈਣਾ**—ਦਿਲ ਨਾ ਗੱਲਣਾ, ਕਿਸੇ ਥਾਂ 'ਤੇ ਘੁੱਟਣ ਮਹਿਸੂਸ ਕਰਨੀ।

**ਜੀਆ ਖੱਟਾ ਹੋ ਜਾਣਾ**—ਕਿਸੇ ਕਾਰਨ ਕਰਕੇ ਆਪਣੇ ਮਿੱਤਰ ਨਾਲ਼ ਪਿਆਰ ਘੱਟ ਜਾਣਾ, ਮਨ ਵਿੱਚ ਬੇਸੁਆਦੀ ਹੋਣੀ, ਕਿਸੇ ਤੋਂ ਘ੍ਰਿਣਾ ਹੋ ਜਾਣੀ।

**ਜੀਅ ਖੱਪਣਾ**—ਦਿਲ ਦਾ ਦੁਖੀ ਹੋ ਕੇ ਕਲਪਣਾ।

**ਜੀਅ ਖਿੜਨਾ**—ਮਨ ਦਾ ਖ਼ੁਸ਼ ਹੋ ਜਾਣਾ, ਦਿਲ ਪ੍ਰਸੰਨ ਹੋ ਜਾਣਾ।

**ਜੀਅ ਖੁਸਣਾ**—ਦਿਲ ਨੂੰ ਡੋਬੂ ਪੈਣੇ, ਉਦਾਸ ਹੋ ਜਾਣਾ।

**ਜੀਅ ਥੋੜ੍ਹਾ ਹੋਣਾ**—ਡੋਲ ਜਾਣਾ, ਘਬਰਾ ਜਾਣਾ।

**ਜੀਅ ਘਾਊਂ ਮਾਊਂ ਹੋਣਾ**—ਦਿਲ ਵਿੱਚ ਤਰਲੋ ਮੱਛੀ ਲੱਗ ਜਾਣੀ, ਫ਼ਿਕਰ ਲੱਗਿਆ ਰਹਿਣਾ।

**ਜੀਅ ਘਿਰਨਾ**—ਜੀਅ ਕੱਚਾ ਹੋਣਾ।

**ਜੀਅ ਥੋੜ੍ਹਾ ਹੋਣਾ**—ਹੌਸਲਾ ਪਸਤ ਹੋ ਜਾਣਾ, ਹਿੰਮਤ ਨਾ ਰਹਿਣੀ।

ਜੀਅ ਨੂੰ ਧੁੜਕੂ ਲੱਗਣਾ—ਹਰ ਵਕਤ ਫ਼ਿਕਰ ਤੇ ਚਿੰਤਾ ਲੱਗੀ ਰਹਿਣੀ।

ਜੀਅ ਪੈ ਜਾਣੇ—ਕੀੜੇ ਪੈ ਜਾਣੇ।

ਜੀਅ ਭਰੰ ਆਉਣਾ—ਕਿਸੇ ਦੀ ਮੰਦੀ ਹਾਲਤ ਵੇਖ ਕੇ ਤਰਸ ਆ ਜਾਣਾ।

ਜੀਅ ਭਰ ਜਾਣਾ—ਖਾ ਕੇ ਰੱਜ ਜਾਣਾ, ਕੋਈ ਖ਼ਾਹਿਸ਼ ਨਾ ਰਹਿਣੀ।

ਜੀਅ ਰੱਖਣਾ—ਕਿਸੇ ਨੂੰ ਖ਼ੁਸ਼ ਕਰਨਾ, ਹੌਂਸਲਾ ਦੇਣਾ।

ਜੀਅ ਲੱਗਣਾ—ਕੰਮ ਕਰਨ ਨੂੰ ਦਿਲ ਕਰਨਾ, ਓਪਰੇ ਥਾਂ ਜਾ ਕੇ ਦਿਲ ਲੱਗ ਜਾਣਾ।

ਜੀਣਾ ਦੁੱਭਰ ਕਰਨਾ—ਦਿਨ ਕੱਟਣੇ ਔਖੇ ਕਰ ਦੇਣਾ, ਅਜਾਈਂ ਦੁਖੀ ਕਰਨਾ।

ਜੀਭ ਸਲੂਣੀ ਰੱਖਣੀ—ਹਰ ਵੇਲ਼ੇ ਖਾਣ ਪਕਾਉਣ ਵਿੱਚ ਲੱਗੇ ਰਹਿਣਾ।

ਜੀਭ ਸੰਭਾਲ ਕੇ ਰੱਖਣਾ—ਆਪਣੀ ਬੋਲੀ ਤੇ ਕਾਬੂ ਰੱਖਣਾ।

ਜੀਭ ਗੰਦੀ ਕਰਨੀ—ਗਾਲ੍ਹਾਂ ਕੱਢਣੀਆਂ, ਮੰਦੇ ਬੋਲ ਬੋਲਣੇ।

ਜੀਭ ਤੇ ਜੰਦਰਾ ਲਾਉਣਾ—ਚੁੱਪ ਵੱਟ ਲੈਣੀ।

ਜੀਭ ਤੇ ਮੋਹਰ ਲਾਉਣਾ—ਚੁੱਪ ਚਾਪ ਹੋ ਜਾਣਾ, ਕੂਣਾ ਤੱਕ ਨਾ।

ਜੀਭ ਤੇ ਲਿਆਉਣਾ—ਅੰਦਰਲੀ ਗੱਲ ਮੂੰਹੋਂ ਆਖ ਦੇਣੀ।

ਜੀਭ ਦੰਦਾਂ ਹੇਠ ਦੇਣਾ—ਔਖਾ ਸਮਾਂ ਚੁੱਪ ਕਰਕੇ ਲੰਘਾ ਦੇਣਾ।

ਜੀਭ ਨਾ ਸੁਕਣੀ—ਹਰ ਵੇਲੇ ਗੱਲਾਂ ਕਰੀ ਜਾਣੀਆਂ।

ਜੀਭ ਨੂੰ ਲਗਾਮ ਦੇਣੀ—ਆਪਣੀ ਜ਼ਬਾਨ ਨੂੰ ਕਾਬੂ ਵਿੱਚ ਰੱਖਣਾ।

ਜੀਭ ਲਮਕਾਉਣਾ—ਖਾਣ ਲਈ ਤਰਲੇ ਕਰਨੇ, ਲਾਲਚ ਕਰਨਾ।

ਜੀਵਨ ਹਰਾਮ ਹੋ ਜਾਣਾ—ਜੀਵਨ ਦਾ ਅਤਿ ਦੁਖੀ ਹੋ ਜਾਣਾ, ਨਰਕ ਭਰੀ ਜ਼ਿੰਦਗੀ ਜਿਉਣੀ।

ਜੀਵਨ ਨਰਕ ਹੋਣਾ—ਦੁੱਖਾਂ ਭਰੀ ਜ਼ਿੰਦਗੀ ਬਤੀਤ ਕਰਨੀ, ਬਹੁਤ ਦੁਖੀ ਹੋਣਾ।

ਜੀਵਨ ਮੱਸਿਆ ਦੀ ਰਾਤ ਹੋਣਾ—ਅਤਿ ਦੁੱਖਾਂ ਭਰਪੂਰ ਜੀਵਨ ਹੋਣਾ।

ਜੁਆਨੀ ਦੀ ਮੌਤ ਮਰਨਾ—ਮੁੰਡੇ ਜਾਂ ਕੁੜੀ ਦਾ ਜੁਆਨ ਅਵਸਥਾ ਵਿੱਚ ਮਰ ਜਾਣਾ।

ਜੁਆਬ ਦੇਣਾ—ਕੰਮ ਤੋਂ ਹਟਾ ਦੇਣਾ, ਨਾਂਹ ਕਰ ਦੇਣੀ।

ਜੁੱਸੇ ਨਾ ਸਮਾਉਣਾ—ਖ਼ੁਸ਼ੀ ਵਿੱਚ ਖੀਵੇ ਹੋ ਜਾਣ, ਬਹੁਤ ਹੀ ਖ਼ੁਸ਼ੀ ਹੋਣੀ।

ਜੁਹਦ ਜਾਲਣਾ—ਮੁਸੀਬਤ ਝੱਲਣੀ।.

ਜੁਗ ਬੀਤ ਜਾਣਾ—ਬਹੁਤ ਲੰਮਾ ਸਮਾਂ ਬਤੀਤ ਹੋ ਜਾਣਾ।

ਜੁੱਤੀ ਖੌਂਸੜੇ ਹੋਣਾ—ਆਪਸ ਵਿੱਚ ਝਗੜਾ ਕਰ ਲੈਣਾ।

ਜੁੱਤੀ ਦੀ ਨੋਕ 'ਤੇ ਲਿਖਣਾ—ਉੱਕਾ ਹੀ ਪ੍ਰਵਾਹ ਨਾ ਕਰਨੀ।

ਜੁੱਤੀ ਦੀ ਨੋਕ ਨਾਲ਼ ਜਾਣਨਾ—ਕਿਸੇ ਦੀ ਪ੍ਰਵਾਹ ਨਾ ਕਰਨਾ, ਟਿੱਚ ਕਰਕੇ ਜਾਣਨਾ।

ਜੁੱਤੀ ਫੇਰਨਾ—ਮਾਰਨਾ, ਕੁੱਟਣਾ, ਜੁੱਤੀਆਂ ਮਾਰ-ਮਾਰ ਕੇ ਬੇਇੱਜ਼ਤੀ ਕਰਨੀ।

ਜੁੱਤੀ ਵਿੱਚ ਪਾਣੀ ਪਲਾਉਣਾ—ਬਹੁਤ ਤੰਗ ਕਰਨਾ, ਬੇਇੱਜ਼ਤੀ ਕਰਨੀ।

ਜੁੱਤੀਆਂ ਚੱਲਣੀਆਂ—ਲੜਾਈ ਵਿੱਚ ਜੁੱਤੀਆਂ ਦੀ ਵਰਤੋਂ ਕਰਨੀ, ਇਕ-ਦੂਜੇ ਦੇ ਜੁੱਤੀਆਂ ਮਾਰਨੀਆਂ।

ਜੂਤ ਪਤਾਣ ਕਰਨਾ—ਇਕ-ਦੂਜੇ ਨਾਲ ਲੜ ਪੈਣਾ, ਗਾਲ੍ਹਾਂ ਕੱਢਣੀਆਂ।

ਜੂਨ਼ ਕੱਟਣਾ—ਗ਼ਰੀਬੀ ਕਾਰਨ ਔਖੇ ਦਿਨ ਬਤੀਤ ਕਰਨੇ।

ਜੂਨ ਬਦਲਣਾ—ਅਮੀਰ ਹੋ ਜਾਣਾ, ਗ਼ਰੀਬੀ ਖ਼ਤਮ ਹੋ ਜਾਣੀ।

ਜੇਬ ਵੱਲ ਵੇਖਣਾ—ਆਪਣੀ ਵਿੱਤ ਅਨੁਸਾਰ ਖ਼ਰਚ ਕਰਨਾ।

ਜੇਬਾਂ ਕੱਟਣਾ—ਮਹਿੰਗੇ ਸੌਦੇ ਵੇਚਣੇ, ਮਜ਼ਦੂਰਾਂ ਨੂੰ ਘੱਟ ਮਜ਼ਦੂਰੀ ਦੇਣੀ ਤੇ ਵੱਧ ਕੰਮ ਕਰਵਾਉਣਾ।

ਜੇਰਾ ਕਰਨਾ—ਹੌਂਸਲਾ ਕਰਨਾ, ਸਬਰ ਕਰਨਾ, ਸ਼ਾਂਤ ਹੋ ਕੇ ਜਰਨਾ।

ਜੋਕਾਂ ਪਾਲਣਾ—ਕਿਸੇ ਦੀ ਕਮਾਈ ਤੇ ਪਲਣਾ, ਹਰਾਮਖ਼ੋਰੀ ਕਰਨੀ।

ਜ਼ੋਰ ਕਰਨਾ—ਕਸਰਤ ਕਰਨੀ।

ਜ਼ੋਰ ਚੱਲਣਾ—ਵਾਹ ਚੱਲਣੀ, ਵੱਸ ਚੱਲਣਾ, ਮਰਜ਼ੀ ਚੱਲਣੀ।

ਜ਼ੋਰ ਚਲਾਉਣਾ—ਆਪਣਾ ਰਸੂਖ਼ ਵਰਤਣਾ, ਕੋਸ਼ਿਸ਼ ਕਰਨੀ।

ਜ਼ੋਰ ਦੇਣਾ—ਆਪਣੇ ਵੱਲੋਂ ਕਿਸੇ ਕੰਮ ਨੂੰ ਕਰਨ ਲਈ ਵਾਰ-ਵਾਰ ਆਖਣਾ।

ਜ਼ੋਰ ਫੜਨਾ—ਵੱਧ ਜਾਣਾ, ਆਮ ਹੋ ਜਾਣਾ।

ਜੋੜ ਜੋੜ ਦੇਣਾ—ਮੁੰਡੇ-ਕੁੜੀ ਦਾ ਵਿਆਹ ਕਰਵਾ ਦੇਣਾ।

ਜੋੜ ਤੋੜ ਕਰਨੀ—ਗੰਢ ਤੁਪ ਕਰਨਾ।

ਜੰਗਲ ਪਾਣੀ ਹੋਣਾ—ਹਾਜ਼ਤ ਕਰਨਾ।

ਜੰਗਾਲੀ ਜੰਦਰੇ ਖੋਹਲਣਾ—ਉਸ ਵਿਅਕਤੀ ਦਾ ਵਿਆਹ ਕਰ ਦੇਣਾ ਜਿਸ ਦਾ ਵਿਆਹ ਨਾ ਹੋ ਰਿਹਾ ਹੋਵੇ, ਵਿਆਹ ਕਰਕੇ ਘਰ ਵਸਾ ਦੇਣਾ।

**ਜੰਦਰੇ ਵੱਜਣੇ**—ਘਰ ਜਾਂ ਦੁਕਾਨ ਬੰਦ ਹੋ ਜਾਣੀ।

**ਜੰਮ ਦਾ ਰੂਪ ਹੋ ਕੇ ਟਕਰਨਾ**—ਮੁਸੀਬਤਾਂ ਦਾ ਕਾਰਨ ਬਣਨਾ।

**ਜੰਮਣ ਘੁੱਟੀ ਹੋਣਾ**—ਛੋਟੀ ਉਮਰੇ ਹੀ ਕਿਸੇ ਗੱਲ ਦੀ ਚਾਟ ਲੱਗ ਜਾਣੀ।

## ਝ

**ਝਸ ਪੂਰਾ ਕਰਨਾ**—ਆਪਣੀ ਪੁਰਾਣੀ ਆਦਤ ਪੂਰੀ ਕਰਨੀ, ਪੁਰਾਣੀ ਆਦਤ ਦਾ ਸੁਆਦ ਚੱਖਣਾ।

**ਝਸ ਮਾਰਨਾ**—ਕੋਈ ਘਟੀਆ ਤੇ ਕਮੀਨੀ ਗੱਲ ਕਰਨੀ, ਝੂਠ ਮਾਰਨਾ, ਗੰਦੀ ਗੱਲ ਕਰਨੀ।

**ਝੱਖੜ ਝੋਲੇ ਲੰਘਾਉਣੇ**—ਔਖੇ ਤੇ ਮੁਸੀਬਤ ਭਰੇ ਦਿਨ ਬਤੀਤ ਕਰਨੇ, ਔਖੇ ਸਮੇਂ ਨੂੰ ਪਾਰ ਕਰਨਾ।

**ਝੱਗ ਛੱਡਣਾ**—ਗੁੱਸੇ ਵਿੱਚ ਆਉਣਾ, ਗੁੱਸੇ 'ਚ ਆ ਕੇ ਅਬਾ-ਤਬਾ ਬੋਲਣਾ।

**ਝੱਟ ਲੰਘਾਉਣਾ**—ਰੋਜ਼ ਦੀ ਰੋਟੀ ਦੇ ਖ਼ਰਚ ਜੋਗੇ ਪੈਸੇ ਕਮਾਉਣੇ, ਔਕੜਾਂ ਭਰੀ ਜ਼ਿੰਦਗੀ ਬਤੀਤ ਕਰਨੀ।

**ਝੁਰਲੂ ਫੇਰਨਾ**—ਆਪਣੀ ਗੱਲ ਮੰਨਵਾ ਲੈਣੀ, ਅਸਰ ਪਾ ਦੇਣਾ।

**ਝੱਲ ਖਲਾਰਨਾ**—ਮੂਰਖ਼ਾਂ ਵਾਲੀਆਂ ਗੱਲਾਂ ਕਰਨੀਆਂ, ਬੇਥਵੀਆਂ ਮਾਰਨੀਆਂ।

**ਝਲਕ ਦਿਖਾਉਣੀ**—ਆਪਣੀ ਸੁੰਦਰਤਾ ਨਾਲ਼ ਮੋਹ ਲੈਣਾ।

**ਝੜੀ ਲਾਉਣੀ**—ਇਕੋ ਸਮੇਂ ਗੱਲ ਕਰੀ ਜਾਣੀ।

**ਝਾਂਸੇ ਦੇਣਾ**—ਸਬਜ਼ ਬਾਗ ਦਖਾਉਣੇ, ਝੂਠੇ ਇਕਰਾਰ ਕਰਨੇ।

**ਝਾਂਸੇ ਵਿੱਚ ਆਉਣਾ**—ਕਿਸੇ ਵੱਲੋਂ ਵਿਖਾਏ ਸਬਜ਼ ਬਾਗਾਂ ਕਾਰਨ ਠੱਗੇ ਜਾਣਾ, ਲਾਲਚ ਵਿੱਚ ਫਸ ਜਾਣਾ, ਲਾਲਚ ਕਰ ਬੈਠਣਾ।

**ਝਾਟਾ ਖੋਹਣਾ**—ਲੜਾਈ ਕਰਨੀ, ਆਪਣੇ ਕੇਸ ਆਪ ਹੀ ਪੁੱਟਣੇ।

**ਝਾਟੇ ਵਿੱਚ ਸੁਆਹ ਪਾਉਣੀ**—ਬੇਇੱਜ਼ਤੀ ਕਰਨੀ, ਖ਼ੁਆਰ ਕਰਨਾ।

**ਝਾਤੀ ਮਾਰਨਾ**—ਧਿਆਨ ਨਾਲ਼ ਪਰਖ਼ ਕਰਨੀ, ਗਹੁ ਨਾਲ਼ ਵੇਖਣਾ।

**ਝਾਲ ਝੱਲਣਾ**—ਵੱਡੇ ਦਾ ਖ਼ਰਚ ਝੱਲਣਾ, ਕਿਸੇ ਪੁਰਸ਼ ਜਾਂ ਇਸਤਰੀ ਦੀ ਸ਼ਖ਼ਸੀਅਤ ਦਾ ਤੇਜ ਝੱਲਣਾ।

**ਝਾੜ ਲੈਣਾ**—ਠੱਗੀ ਮਾਰਨੀ, ਸਫ਼ਾਈ ਕਰ ਦੇਣੀ।

**ਝਾੜੂ ਫਿਰਨਾ**—ਤਬਾਹ ਹੋ ਜਾਣਾ, ਘਰ 'ਚ ਕਖ ਨਾ ਰਹਿਣਾ, ਸਫ਼ਾਈ ਹੋ ਜਾਣੀ।

**ਝਿੱਕੀ ਮੰਜੀ ਲੈਣਾ**—ਕਿਸੇ ਕੰਮ ਕਾਰ 'ਚ ਅਸਫ਼ਲ ਹੋ ਕੇ ਨਿਰਾਸ਼ ਹੋ ਜਾਣਾ ਤੇ ਦਿਲ ਛੱਡ ਦੇਣਾ।

**ਝੀਕੋ ਝੀਕ ਚੜ੍ਹਾਉਣਾ**—ਇਕੋ ਸਾਹ ਡੀਕ ਲਾ ਕੇ ਪੀ ਜਾਣਾ।

**ਝੁੱਗਾ ਚੌੜ ਹੋਣਾ**—ਸਭ ਕੁਝ ਬਰਬਾਦ ਹੋ ਜਾਣਾ।

**ਝੁੱਗਾ ਚੌੜ ਕਰਨਾ**—ਆਪਣਾ ਘਰ ਤੇ ਕਾਰੋਬਾਰ ਆਪ ਹੀ ਬਰਬਾਦ ਕਰ ਲੈਣਾ।

**ਝੁਲਕਾ ਫਿਰਨਾ**—ਦਿਲ ਵਿੱਚ ਦਰਦ ਪੈਦਾ ਹੋ ਜਾਣਾ।

**ਝੂਠ ਤੋਲਣਾ**—ਝੂਠ ਬੋਲਦੇ ਰਹਿਣਾ।

**ਝੂਠ ਦੇ ਪਹਾੜ ਉਸਾਰਨੇ**—ਬਹੁਤ ਝੂਠ ਬੋਲਣਾ, ਕੁਫ਼ਰ ਤੋਲੀ ਜਾਣਾ।

**ਝੂਠੀਆਂ ਸੱਚੀਆਂ ਲਾਉਣਾ**—ਮਨਘੜਤ ਤੇ ਝੂਠੀਆਂ ਗੱਲਾਂ ਕਰਕੇ ਉਕਸਾਉਣਾ।

**ਝੇਪ ਖਾ ਜਾਣਾ**—ਝੱਕ ਜਾਣਾ, ਡਰ ਜਾਣਾ।

**ਝੋਲ ਸੱਖਣੀ ਹੋਣੀ**—ਸੰਤਾਨ ਤੋਂ ਬਾਂਝੇ ਹੋਣਾ, ਨਿਰਸੰਤਾਨ ਹੋਣਾ।

**ਝੋਲ ਮਾਰ ਜਾਣਾ**—ਅੰਗ ਝੂਲਦੇ ਰਹਿਣ ਦੀ ਬੀਮਾਰੀ ਲੱਗ ਜਾਣੀ, ਸਰੀਰ ਦਾ ਕੋਈ ਅੰਗ ਨਕਾਰਾ ਹੋ ਜਾਣਾ।

**ਝੋਲੀ ਅੱਡਣੀ**—ਭੀਖ ਮੰਗਣੀ, ਤਰਲੇ ਕਰਨੇ, ਅਰਦਾਸ ਕਰਕੇ ਮੰਗ ਮੰਗਣੀ।

**ਝੋਲੀ ਚੁੱਕਣਾ**—ਵਡਿਆਈ ਕਰਨੀ, ਖ਼ੁਸ਼ਾਮਦ ਕਰਨੀ, ਚਾਪਲੂਸੀ ਕਰਨੀ।

**ਝੋਲੀ ਪਾ ਦੇਣਾ**—ਦੇ ਦੇਣਾ, ਸੌਂਪ ਦੇਣਾ, ਹਵਾਲੇ ਕਰਨਾ।

**ਝੋਲੀ ਪਾ ਲੈਣੀ**—ਮਨਜ਼ੂਰ ਕਰ ਲੈਣਾ, ਕਬੂਲ ਕਰ ਲੈਣਾ।

**ਝੋਲੀ ਪਾਣਾ**—ਰਕਮ ਸੌਂਪ ਦੇਣੀ।

**ਝੋਲੀਆਂ ਮੂੰਹੀਂ ਆਉਣਾ**—ਝੋਲੀਆਂ ਭਰ ਕੇ ਪ੍ਰਾਪਤੀ ਹੋਣੀ, ਬਹੁਤ ਆਮਦਨ ਹੋਣੀ।

**ਝੰਡਾ ਲੱਗਣਾ**—ਪੱਕਾ ਡੇਰਾ ਜਮਾ ਲੈਣਾ।

## ਟ

**ਟੱਸ ਤੋਂ ਮੱਸ ਨਾ ਹੋਣਾ**—ਬਿਲਕੁਲ ਚੁੱਪ ਰਹਿਣਾ, ਰੱਤੀ ਭਰ ਵੀ ਪ੍ਰਵਾਹ ਨਾ ਕਰਨੀ।

**ਟਹਿ ਟਹਿ ਕਰਨਾ**—ਖ਼ੁਸ਼ੀ ਵਿੱਚ ਖੀਵੇ ਹੋ ਜਾਣਾ, ਖਿੜ ਖਿੜ ਜਾਣਾ।

**ਟੱਕਰ ਮਾਰਨਾ**—ਅਜਿਹਾ ਕੰਮ ਕਰਨਾ ਜੋ ਹੋ ਨਾ ਸਕੇ, ਸ਼ਰਮਨਾਕ ਕੰਮ ਕਰਨ ਦਾ ਯਤਨ ਕਰਨਾ।

**ਟੱਕਰ ਲਾਉਣੀ**—ਕਿਸੇ ਦਾ ਮੁਕਾਬਲਾ ਕਰਨਾ, ਵਿਰੋਧ ਕਰਨਾ।

**ਟੱਕਰਾਂ ਮਾਰਨਾ**—ਅਜਾਈਂ ਭਟਕਣ 'ਚ ਪਏ ਰਹਿਣਾ।

**ਟਕੇ ਚਾਲ ਚੱਲਣਾ**—ਸੁਸਤ ਰਫ਼ਤਾਰ ਨਾਲ਼ ਕੰਮ ਕਰਨਾ।

**ਟਕੇ ਵਰਗਾ ਜੁਆਬ ਦੇਣਾ**—ਕੋਰਾ ਜਵਾਬ ਦੇ ਦੇਣਾ, ਸਪੱਸ਼ਟ ਨਾਂਹ ਕਰ ਦੇਣੀ।

**ਟਕੋਰ ਕਰਨਾ**—ਗੁੱਝੀ ਮਾਰ ਮਾਰਨੀ, ਸੱਟ ਵਾਲੀ ਥਾਂ 'ਤੇ ਕੋਸੇ ਪਾਣੀ ਦਾ ਛੜਕਾ ਕਰਨਾ।

**ਟੱਟੀ ਉਹਲੇ ਸ਼ਿਕਾਰ ਖੇਡਣਾ**—ਆਪਣੇ ਨਿੱਜੀ ਹਿੱਤਾਂ ਦੀ ਪਾਲਣਾ ਲਈ ਛੁਪ ਕੇ ਕੰਮ ਕਰਨਾ।

**ਟੱਟੂ ਪਾਰ ਹੋਣਾ**—ਕਾਮਯਾਬੀ ਹਾਸਲ ਕਰਨਾ, ਸਫ਼ਲਤਾ ਮਿਲਣੀ।

**ਟੱਪਰੀ ਨਾ ਬੰਨ੍ਹਣ ਦੇਣਾ**—ਟਿਕ ਕੇ ਨਾ ਬਹਿਣ ਦੇਣਾ, ਸਥਾਪਤ ਨਾ ਹੋਣ ਦੇਣਾ।

**ਟਪੂੰ ਟਪੂੰ ਕਰਨਾ**—ਫੁਦਕਦੇ ਫਿਰਨਾ, ਹੱਕ ਜਤਾਉਣਾ, ਫੜ੍ਹਾਂ ਮਾਰਨੀਆਂ।

**ਟਰ ਟਰ ਕਰਨਾ**—ਐਵੇਂ ਬੇਥਵੀਆਂ ਮਾਰਨੀਆਂ, ਬਕਵਾਸ ਕਰੀ ਜਾਣਾ।

**ਟਰਕਾ ਦੇਣਾ**—ਗੱਪਾਂ ਮਾਰ ਕੇ ਟਾਲ਼ਾ ਲਾ ਦੇਣਾ।

**ਟਾਹਣਾ ਨਿਵਣਾ**—ਕਿਸੇ ਪਾਸੇ ਤੋਂ ਅਚਾਨਕ ਮਦਦ ਮਿਲ ਜਾਣੀ।

**ਟਾਹਣੀਆਂ ਤੇ ਚੜ੍ਹਨਾ**—ਕਿਸੇ ਹੋਰ ਖ਼ਿਆਲਾਂ ਮਗਰ ਲੱਗ ਤੁਰਨਾ, ਅਜਾਈਂ ਵਕਤ ਗੁਆਉਣਾ।

**ਟਾਲ਼ ਦੇਣਾ**—ਇਧਰ ਉਧਰ ਦੀਆਂ ਮਾਰ ਕੇ ਭੇਤ ਵਾਲ਼ੀ ਗੱਲ ਦਾ ਪਤਾ ਨਾ ਲੱਗਣ ਦੇਣਾ।

**ਟਾਲ਼ ਮਟੋਲ਼ ਕਰਨਾ**—ਬਹਾਨੇਬਾਜ਼ੀ ਕਰਨੀ, ਬਹਾਨੇ ਲਾ ਕੇ ਕੋਈ ਵਸਤੂ ਆਦਿ ਨਾ ਦੇਣਾ।

**ਟਿਕ ਜਾਣਾ**—ਅਰਾਮ ਨਾਲ਼ ਇਕ ਥਾਂ ਬਹਿ ਜਾਣਾ, ਸੌਂ ਜਾਣਾ।

**ਟੀਸ ਵੱਜਣੀ**—ਮਾੜੀ ਗੱਲ ਮਨ 'ਚ ਚੁੱਭ ਜਾਣੀ, ਸਦਮਾ ਲੱਗਣਾ।

**ਟੁੱਕਰ ਜੁੜਨਾ**—ਭੁੱਖਾਂ ਭਰੀ ਜ਼ਿੰਦਗੀ ਬਤੀਤ ਕਰਨ ਮਗਰੋਂ ਦੋ ਵੇਲ਼ੇ ਦੀ ਰੋਟੀ ਨਸੀਬ ਹੋ ਜਾਣੀ।

**ਟੁੱਟ ਕੇ ਪੈਣਾ**—ਜ਼ੋਰ ਦਾ ਕੰਮ ਕਰਨ ਮਗਰੋਂ ਥੱਕ-ਟੁੱਟ ਕੇ ਪੈ ਜਾਣਾ, ਖਿੱਝ ਕੇ ਬੋਲਣਾ, ਖਾਣੇ ਨੂੰ ਹਾਬੜਿਆਂ ਵਾਂਗ ਪੈ ਜਾਣਾ।

**ਟੁੱਟੀਆਂ ਗੰਢਣਾ**—ਟੁੱਟੀ ਦੋਸਤੀ ਪੁਆ ਦੇਣੀ, ਮਿੱਤਰਤਾ ਗੰਢ ਦੇਣੀ।

**ਟੁੱਲ ਵੱਜਣਾ**—ਦਾਅ ਲੱਗ ਜਾਣਾ, ਤੀਰ ਨਿਸ਼ਾਨੇ 'ਤੇ ਜਾ ਲੱਗਣਾ।

**ਟੇਟੇ ਚੜ੍ਹਨਾ**—ਕਾਬੂ ਆਉਣਾ, ਕਿਸੇ ਦੇ ਪ੍ਰਭਾਵ ਥੱਲੇ ਆਉਣਾ, ਮਗਰ ਲੱਗ ਜਾਣਾ।

**ਟੋਹਾ ਟਾਹੀ ਕਰਨਾ**—ਭਾਲ਼ ਕਰਨੀ, ਖੋਜਣਾ।

**ਟੋਰਾ ਟੋਰਨਾ**—ਰਿਵਾਜ਼ ਪਾ ਦੇਣਾ, ਔਖੇ-ਸੌਖੇ ਗੁਜ਼ਾਰਾ ਕਰਨਾ।

**ਟੋਲ੍ਹਿਆਂ ਨਾ ਲੱਭਣਾ**—ਵਿਖਾਈ ਨਾ ਦੇਣਾ, ਘੱਟ ਹੋਣਾ।

**ਟੰਗ ਅੜਾਉਣੀ**—ਅਜਾਈਂ ਕਿਸੇ ਦੇ ਕੰਮ 'ਚ ਦਖ਼ਲ ਦੇਣਾ।

## ਠ

**ਠਰਕ ਲੱਗਣਾ**—ਆਦਤ ਪੈ ਜਾਣੀ।

**ਠਰਕ ਭੋਰਨਾ**—ਇਸ਼ਕੀਆ ਗੱਲਾਂ ਕਰਨੀਆਂ, ਚੁਸਕੀਆਂ ਲੈਣੀਆਂ।

**ਠਰਕ ਪੈਣਾ**—ਚਸਕਾ ਹੋ ਜਾਣਾ, ਕਿਸੇ ਕੰਮ ਵਿੱਚ ਬਹੁਤ ਸੁਆਦ ਆਉਣਾ।

**ਠਾਹ ਠੀਆ ਕਰਨਾ**—ਕਿਸੇ ਕੰਮ ਨੂੰ ਕੰਮ ਸਾਰਨ ਜੋਗਾ ਕਰਕੇ ਕਰ ਲੈਣਾ, ਗੰਢ-ਤੁੱਪ ਕਰਨਾ।

**ਠਾਠ ਬੰਨ੍ਹਣੀ**—ਰੌਣਕਾਂ ਲਾ ਦੇਣੀਆਂ, ਗਾ ਕੇ ਮੰਤਰ ਮੁਗਧ ਕਰ ਦੇਣਾ।

**ਠਾਰ ਦੇਣਾ**—ਅੱਗੋਂ ਖਰਵਾ ਬੋਲ ਕੇ ਚੁੱਪ ਕਰਵਾ ਦੇਣਾ, ਵਰਜ ਦੇਣਾ।

**ਠਾਰ ਭੰਨਣਾ**—ਠੰਢੇ ਪਾਣੀ ਨੂੰ ਕੋਸਾ ਕਰਨਾ।

**ਠੁਠ ਵਖਾਉਣਾ**—ਮੁੱਕਰ ਜਾਣਾ, ਨਾਂਹ ਕਰ ਦੇਣੀ, ਕੋਈ ਵਸਤੂ ਦੇਣ ਤੋਂ ਇਨਕਾਰ ਕਰ ਦੇਣਾ।

**ਠੁਮਕ ਠੁਮਕ ਤੁਰਨਾ**—ਹੌਲ਼ੀ-ਹੌਲ਼ੀ ਮਜ਼ਾਜ਼ ਨਾਲ਼ ਤੁਰਨਾ।

**ਠੁੱਲ੍ਹੀਆਂ ਗੱਲਾਂ ਕਰਨੀਆਂ**—ਸਿੱਧੀਆਂ ਸਾਦੀਆਂ ਗੱਲਾਂ ਕਰਨੀਆਂ।

**ਠੂਠਾ ਚੜ੍ਹਾਉਣਾ**—ਸ਼ਰਾਬ ਦੇ ਨਸ਼ੇ ਵਿੱਚ ਗੁੱਟ ਹੋ ਜਾਣਾ।

**ਠੂਠਾ ਮਿਲਣਾ**—ਕੁਝ ਵੀ ਹੱਥ ਨਾ ਆਉਣਾ।

**ਠੂਠੇ ਖ਼ੈਰ ਪਾਉਣੀ**—ਘਰ ਆਏ ਮੰਗਤੇ ਨੂੰ ਕੁਝ ਦੇਣਾ, ਮੰਗ ਪੂਰੀ ਕਰਨੀ।

**ਠੇਸ ਖਾਣਾ**—ਸੱਟ ਵੱਜਣੀ, ਨਿਰਾਸ਼ਤਾ ਤੇ ਢਹਿੰਦੀ ਕਲਾ ਵਿੱਚ ਹੋਣਾ, ਕਿਸੇ ਕੰਮ 'ਚ ਕੌੜਾ ਅਨੁਭਵ ਹੋਣਾ।

**ਠੇਕਾ ਲੈਣਾ**—ਜ਼ਿੰਮੇਵਾਰੀ ਲੈਣੀ, ਕਿਸੇ ਕੰਮ ਨੂੰ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਚੁੱਕਣੀ।

**ਠੇਡੇ ਖਾਣੇ**—ਧੱਕੇ ਖਾਣੇ, ਮੁਸੀਬਤ ਗਲ਼ ਪੈਣੀ, ਔਕੜਾਂ 'ਚ ਪੈਣਾ।

**ਠੰਢਾ ਹੋਣਾ**—ਖ਼ੁਸ਼ੀ ਮਿਲਣੀ, ਖ਼ੁਸ਼ੀ ਭਰੀ ਖ਼ਬਰ ਸੁਣ ਕੇ ਮਨ ਖ਼ੁਸ਼ ਹੋ ਜਾਣਾ, ਦੁੱਖ ਮਗਰੋਂ ਸੁੱਖ ਪ੍ਰਾਪਤ ਹੋਣਾ।

**ਠੰਢ ਪੈਣਾ**—ਸੁੱਖ ਦਾ ਸਾਹ ਆਉਣਾ, ਖ਼ੁਸ਼ੀ ਪ੍ਰਾਪਤ ਕਰਨੀ।

**ਠੰਢ ਵਰਤਣਾ**—ਸਾਰੇ ਦੁੱਖ ਕਲੇਸ਼ ਮੁੱਕ ਜਾਣੇ, ਸ਼ਾਂਤੀ ਤੇ ਖ਼ੁਸ਼ੀ ਦੀ ਲਹਿਰ ਦੌੜ ਜਾਣੀ।

**ਠੰਢਾ ਤੱਤਾ ਹੋਣਾ**—ਗੁੱਸੇ-ਰਾਜ਼ੀ ਹੋਣਾ।

**ਠੰਢਾ ਠਾਰ ਹੋ ਜਾਣਾ**—ਮਰ ਮੁਕ ਜਾਣਾ, ਮਰਨ ਕਿਨਾਰੇ ਹੋਣਾ।

**ਠੰਢੀਆਂ ਛਾਵਾਂ ਮਾਣਨਾ**—ਮਾਤਾ-ਪਿਤਾ ਦੀ ਛਾਂ ਹੇਠ ਸੁੱਖ ਭੋਗਣਾ, ਸੁਖੀ ਤੇ ਆਨੰਦਮਈ ਜੀਵਨ ਜਿਉਣਾ।

**ਠੰਢੇ ਦੁੱਧ ਨੂੰ ਫੂਕਾਂ ਮਾਰਨੀਆਂ**—ਬਹੁਤ ਡਰ-ਡਰ ਕੇ ਕੰਮ ਕਰਨਾ, ਬਹੁਤ ਸੋਹਲ ਹੋਣਾ, ਨਖ਼ਰੇ ਕਰਨੇ, ਪ੍ਰਾਪਤ ਹੋਈ ਵਸਤੂ ਨੂੰ ਖ਼ੁਸ਼ੀ ਨਾਲ਼ ਨਾ ਕਬੂਲਣਾ।

**ਠੂੰਗਾ ਮਾਰਨਾ**—ਘੱਟ ਤੋਲਣਾ, ਡੰਡੀ ਮਾਰਨੀ।

## ਡ

**ਡਕਾਰ ਮਾਰਨਾ**—ਸਭ ਕੁਝ ਖਾ ਜਾਣਾ, ਹਜ਼ਮ ਕਰ ਜਾਣਾ।

**ਡੱਕੋ ਡੋਲੇ ਖਾਣੇ**—ਭਟਕਣਾਂ ਵਿੱਚ ਪੈ ਜਾਣਾ, ਡੋਲ ਜਾਣਾ, ਨਿਆਸਰਾ ਹੋ ਕੇ ਇਧਰ-ਉਧਰ ਭਟਕਣਾ।

**ਡੱਡੀ ਮੱਛੀ ਹਜ਼ਮ ਕਰਨਾ**—ਸਭ ਚੰਗਾ-ਮੰਦਾ ਡਕਾਰ ਲੈਣਾ, ਕੁਝ ਵੀ ਨਾ ਛੱਡਣਾ।

**ਡਰਦੇ ਹਰ ਹਰ ਕਰਨਾ**—ਡਰ ਡਰ ਕੇ ਸਮਾਂ ਲੰਘਾਉਣਾ।

**ਡਾਂਗ ਚੱਲਣੀ**—ਲੜਾਈ ਹੋ ਜਾਣੀ, ਡਾਂਗੋ-ਡਾਂਗ ਹੋ ਜਾਣਾ।

**ਡਾਡਾਂ ਨਿਕਲ ਜਾਣੀਆਂ**—ਭੁੱਬਾਂ ਮਾਰ-ਮਾਰ ਰੋਣਾ।

**ਡਾਵਾਂਡੋਲ ਹੋ ਜਾਣਾ**—ਹਰ ਪਾਸੇ ਤੋਂ ਨਿਰਾਸ਼ ਹੋ ਜਾਣਾ, ਨਿਰਾਸ਼ ਹੋ ਜਾਣਾ, ਵਿਸ਼ਵਾਸ਼ ਥਿੜਕ ਜਾਣਾ।

**ਡਿਕੋ ਡੋਲੇ ਖਾਣੇ**—ਇਧਰ-ਉਧਰ ਭੱੜਕਦੇ ਫਿਰਨਾ।

**ਡਿੱਬਰ ਡਿੱਬਰ ਤੱਕਣਾ**—ਹੈਰਾਨੀ ਵਿੱਚ ਅੱਖੀਆਂ ਫਾੜ ਫਾੜ ਦੇਖਣਾ।

**ਡੁਬਕੂ ਡੁਬਕੂ ਕਰਨਾ**—ਪਾਣੀ ਵਿੱਚ ਗੋਤੇ ਖਾਣੇ।

**ਡੁੱਬਣ ਨੂੰ ਥਾਂ ਨਾ ਮਿਲਣੀ**—ਬਹੁਤ ਬੇਇਜ਼ਤੀ ਹੋ ਜਾਣੀ, ਸ਼ਰਮ ਵਿੱਚ ਡੁੱਬ ਜਾਣਾ, ਬਹੁਤ ਲਿੱਜ਼ਤ ਹੋਣਾ।

**ਡੁਲ੍ਹ ਪੈਣਾ**—ਮੁਹੱਬਤ ਹੋ ਜਾਣੀ, ਕਿਸੇ 'ਤੇ ਮੋਹਿਤ ਹੋ ਜਾਣਾ, ਤਰਸ ਨਾਲ਼ ਭਰ ਜਾਣਾ।

**ਡੂਮਾਂ ਹੱਥ ਕਟੋਰਾ ਆਉਣਾ**—ਕਿਸੇ ਭੁੱਖੇ ਵਿਅਕਤੀ ਨੂੰ ਵਧੀਆ ਵਸਤੂ ਮਿਲ਼ ਜਾਣੀ ਜਿਸ ਨੂੰ ਉਹ ਛੱਡਣ ਦਾ ਨਾਂ ਨਾ ਲਵੇ।

**ਡੇਰਾ ਜਮਾਉਣਾ**—ਕਬਜ਼ਾ ਕਰ ਲੈਣਾ, ਡੇਰੇ ਲਾ ਕੇ ਬੈਠ ਜਾਣਾ।

**ਡੋਬੂ ਪੈਣਾ**—ਉਦਾਸ ਹੋ ਜਾਣਾ, ਦਿਲ ਘਿਰਨਾ, ਬੇਹੋਸ਼ੀ ਹੋ ਜਾਣੀ।

**ਡੋਰੇ ਸੁੱਟਣੇ**—ਆਪਣੇ ਜਾਲ਼ ਵਿੱਚ ਫਸਾਉਣਾ।

**ਡੋਰੇ ਪਾਉਣਾ**—ਪਿਆਰ ਵਿੱਚ ਫਸਾਉਣਾ, ਇਸ਼ਕੀਆ ਗੱਲਾਂ ਕਰਨੀਆਂ।

**ਡੋਲ ਜਾਣਾ**—ਆਪਣੇ ਨਿਸ਼ਾਨੇ ਤੋਂ ਉਖੜ ਜਾਣਾ, ਘਬਰਾ ਜਾਣਾ, ਦਿਲ 'ਤੇ ਕਾਬੂ ਨਾ ਰਹਿਣਾ, ਉਦਾਸ ਹੋ ਜਾਣਾ।

**ਡੋਲ਼ਾ ਦੇਣਾ**—ਆਪਣੀ ਧੀ ਦਾ ਸਾਕ ਦੇਣਾ।

**ਡੋਲ਼ੇ ਚੜ੍ਹਨਾ**—ਸਹੁਰੇ ਜਾਣ ਲਈ ਪਾਲਕੀ 'ਚ ਬੈਠਣਾ।

**ਡੌਂਡੀ ਪਿਟਣੀ**—ਮੰਦੀ ਗੱਲ ਦੀ ਥਾਂ-ਥਾਂ ਜਾ ਕੇ ਮਸ਼ਹੂਰੀ ਕਰਨੀ, ਭੇਤ ਵਾਲ਼ੀ ਗੱਲ ਸਭ ਨੂੰ ਦੱਸ ਦੇਣੀ।

**ਡੰਗਰ ਦਾ ਡੰਗਰ ਰਹਿਣਾ**—ਬਹੁਤਾ ਬੇਅਕਲ ਹੋਣਾ, ਮੂਰਖ਼।

**ਡੰਡਾ ਵਰ੍ਹਨਾ**—ਡੰਡੇ ਨਾਲ਼ ਕੁੱਟਣਾ।

**ਡੰਡੀ ਪਾ ਦੇਣਾ**—ਠੀਕ ਰਸਤੇ 'ਤੇ ਪਾਉਣਾ, ਚੰਗੀ ਗੱਲ ਸਮਝਾਉਣੀ।

**ਡੰਡੇ ਵਜਾਉਣਾ**—ਵਿਹਲੇ ਤੁਰੇ ਫਿਰਨਾ, ਕੋਈ ਕੰਮ ਕਾਰ ਨਾ ਕਰਨਾ।

## ਢ

**ਢਹਿ ਢੇਰੀ ਹੋ ਜਾਣਾ**—ਬਰਬਾਦ ਹੋ ਜਾਣਾ, ਕੁਝ ਨਾ ਬਚਣਾ।

**ਢਹੇ ਚੜ੍ਹਨਾ**—ਕਿਸੇ ਦੇ ਮਗਰ ਲੱਗ ਜਾਣਾ, ਪ੍ਰਭਾਵ ਥੱਲੇ ਆਉਣਾ, ਕਾਬੂ 'ਚ ਆ ਜਾਣਾ।

**ਢਕੀ ਰਿਝਣਾ**—ਚੁੱਪ ਚੁਪੀਤੇ ਦੁੱਖ ਝੱਲਣਾ, ਪਰਦਾ ਬਣਾਈ ਰੱਖਣਾ।

**ਢੱਠੇ ਖੂਹ ਵਿੱਚ ਪੈਣਾ**—ਕੋਈ ਆਸਰਾ ਨਜ਼ਰ ਨਾ ਆਉਣਾ।

**ਢੱਬ ਆ ਜਾਣਾ**—ਕਿਸੇ ਕੰਮ ਦਾ ਵਲ ਆ ਜਾਣਾ, ਸਮਝ ਪੈ ਜਾਣੀ।

**ਢੱਬ ਸਿਰ ਆ ਜਾਣਾ**—ਠੀਕ ਰਾਹ 'ਤੇ ਪੈ ਜਾਣਾ, ਸੂਤ ਆ ਜਾਣਾ।

**ਢਾਰਸ ਬੱਝਣਾ**—ਹੌਸਲਾ ਬਝ ਜਾਣਾ, ਕਿਸੇ ਗੱਲ ਦੀ ਆਸ ਬਝ ਜਾਣੀ, ਮਨ ਤਕੜਾ ਹੋਣਾ।

**ਢਿੱਗੀ ਢਾਹ ਬੈਠਣਾ**—ਹੌਂਸਲਾ ਛੱਡ ਦੇਣਾ, ਹੌਂਸਲਾ ਹਾਰ ਦੇਣਾ।

**ਢਿਡ ਅੜਿਕੇ ਲੈਣਾ**—ਕਿਸੇ ਨਾਲ਼ ਲੜਾਈ ਝਗੜਾ ਕਰਨਾ।

**ਢਿੱਡ ਨਾਲ਼ ਲੱਗ ਜਾਣਾ**—ਬਹੁਤ ਦੁਖੀ ਹੋਣਾ, ਦੁਖ ਭੋਗਣਾ।

**ਢਿੱਡ ਪਾਲਣਾ**—ਪੇਟ ਭਰਨਾ, ਆਪਣਾ ਅੱਗਾ ਵੇਖਣਾ।

**ਢਿਡ ਵਿੱਚ ਚੂਹੇ ਨੱਚਣੇ**—ਬਹੁਤ ਭੁੱਖ ਲੱਗਣੀ।

**ਢਿੱਡ ਵਿੱਚ ਰੱਖਣਾ**—ਕਿਸੇ ਗੱਲ ਨੂੰ ਲਕੋ ਕੇ ਰੱਖਣਾ।

**ਢਿੱਡੀਂ ਪੀੜਾਂ ਪੈਣੀਆਂ**—ਬਹੁਤਾ ਹੱਸਣ ਨਾਲ਼ ਬੱਖੀਆਂ ਦੁਖਣ ਲੱਗ ਜਾਣੀਆਂ।

**ਢਿੱਡੋਂ ਢਿਡ ਪਿੱਟਣਾ**—ਬਹੁਤ ਰੋਣਾ।

**ਢਿਬਰੀ ਟੈਟ ਕਰਨਾ**—ਬਹੁਤ ਕਸਕੇ ਰੱਖਣਾ, ਤੰਗ ਕਰਨਾ।

**ਢਿੱਲੇ ਹੋ ਕੇ ਬਹਿਣਾ**—ਕੋਸ਼ਿਸ਼ ਨਾ ਕਰਨਾ।

**ਢੇਰੀ ਹੋਣਾ**—ਕੰਮ ਕਰਕੇ ਥੱਕ ਟੁੱਟ ਜਾਣਾ।

**ਢੇਰੀ ਢਾਹੁਣਾ**—ਹਿੰਮਤ ਹਾਰ ਜਾਣੀ, ਹੌਂਸਲਾ ਛੱਡ ਦੇਣਾ, ਨਿਰਾਸ਼ ਹੋ ਜਾਣਾ।

**ਢੋ ਢੁਕਣਾ**—ਲੋੜੀਂਦਾ ਅਵਸਰ ਮਿਲ ਜਾਣਾ, ਚੰਗਾ ਸਬੱਬ ਬਣ ਜਾਣਾ।

**ਢੋ ਬਣਾਉਣਾ**—ਵਿਉਂਤ ਬਣਾਉਣਾ, ਤਰੀਕਾ ਲੱਭਣਾ।

## ਤ

ਤਾਂਉਣੀ ਲਾਉਣਾ—ਮਾਰ ਕੁਟਾਈ ਕਰਨੀ।

ਤਸਵੀਰ ਖਿੱਚਣਾ—ਅਸਲੀਅਤ ਬਿਆਨ ਕਰ ਦੇਣੀ।

ਤੱਕ ਵਿੱਚ ਹੋਣਾ—ਧਿਆਨ ਵਿੱਚ ਹੋਣਾ, ਨਜ਼ਰ ਥੱਲੇ ਹੋਣਾ।

ਤਕਦੀਰ ਰੁਸ ਜਾਣੀ—ਮੁਸੀਬਤ ਪੈ ਜਾਣੀ, ਮਾੜੇ ਦਿਨ ਆ ਜਾਣੇ।

ਤਕਲ਼ਾ ਰਾਸ ਹੋਣਾ—ਦੁਖੀ ਹੋਇਆ ਮਨ ਖ਼ੁਸ਼ ਹੋ ਜਾਣਾ, ਵਿਗੜਿਆ ਕੰਮ ਰਾਸ ਆ ਜਾਣਾ।

ਤਕਲ਼ਾ ਵਿੰਗਾ ਹੋਣਾ—ਕਦੇ ਵੀ ਸਿੱਧੇ ਮੂੰਹ ਨਾ ਹੋਣਾ, ਵਿਗੜੇ ਰਹਿਣਾ, ਨਾਰਾਜ਼ ਰਹਿਣਾ।

ਤਖ਼ਤ ਮੂਧਾ ਹੋਣਾ—ਸ਼ਾਹੀ ਤੋਂ ਕੰਗਾਲੀ ਆ ਜਾਣੀ, ਸੱਤਾ ਜਾਂਦੀ ਰਹਿਣੀ।

ਤਣ ਜਾਣਾ—ਕਿਸੇ ਦੇ ਵਿਰੋਧ ਵਿੱਚ ਡਟ ਜਾਣਾ।

ਤਣਾਵਾਂ ਢਿੱਲੀਆਂ ਹੋਣੀਆਂ—ਹੌਂਸਲਾ ਪਸਤ ਹੋ ਜਾਣਾ।

ਤੱਤਾ ਹੋਣਾ—ਗੁੱਸੇ ਵਿੱਚ ਆ ਕੇ ਗਾਲ੍ਹਾਂ ਕੱਢਣੀਆਂ, ਉੱਚਾ ਬੋਲਣਾ।

ਤੱਤੀ ਫ਼ੂਕ ਨਾ ਸਹਾਰਨੀ—ਰਤਾ ਭਰ ਵੀ ਔਖਿਆਈ ਨਾ ਝੱਲਣੀ।

ਤੱਤੀ ਵਾ ਨਾ ਲੱਗਣੀ—ਰਤੀ ਭਰ ਵੀ ਦੁੱਖ ਨਾ ਹੋਣ ਦੇਣਾ।

ਤਨ ਨੂੰ ਲੱਗਣੀ—ਦੁੱਖ ਨਾਲ਼ ਮਨ ਨੂੰ ਗੁੱਸਾ ਲੱਗਣਾ, ਗੁੱਸੇ ਦੀ ਅੱਗ ਭੜਕਣੀ।

ਤਨ ਮਨ ਅੱਗ ਲਾਉਣਾ—ਬਹੁਤ ਹੀ ਗੁੱਸੇ 'ਚ ਆਉਣਾ।

ਤਨ ਮਨ ਮਾਰਨਾ—ਸਬਰ ਸਬੂਰੀ ਕਰਨੀ, ਬਹੁਤ ਹੀ ਮਿਹਨਤ ਨਾਲ਼ ਕੰਮ ਕਰਨਾ।

ਤਪਦੇ ਕੜਾਹੇ ਵਿੱਚ ਹੱਥ ਪਾਉਣਾ—ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨ ਦਾ ਯਤਨ ਕਰਨਾ।

ਤਰੱਟੀ ਚੌੜ ਕਰਨਾ—ਤਬਾਹੀ ਮਚਾ ਦੇਣੀ, ਬਣਦਾ ਕੰਮ ਵਿਗਾੜ ਦੇਣਾ।

ਤਰਥੱਲੀ ਮਚਾਉਣੀ—ਊਧਮ ਮਚਾ ਦੇਣਾ, ਹੜਫ਼ਾ-ਦੜਫ਼ੀ ਪਾ ਦੇਣੀ।

ਤਰਲੋ ਮੱਛੀ ਹੋਣਾ—ਬਹੁਤ ਹੀ ਕਾਹਲ਼ਾ ਪੈਣਾ।

ਤ੍ਰਾਸ ਤ੍ਰਾਸ ਕਰਨਾ—ਡਰ ਜਾਣਾ, ਸਹਿਮ ਜਾਣਾ।

ਤ੍ਰਾਹ ਕੱਢਣਾ—ਬਹੁਤ ਹੀ ਡਰਾ ਦੇਣਾ।

ਤ੍ਰਾਹ ਨਿਕਲ਼ ਜਾਣਾ—ਕੋਈ ਮੰਦੀ ਗੱਲ ਸੁਣ ਕੇ ਡਰ ਜਾਣਾ।

ਤ੍ਰਾਹ ਤ੍ਰਾਹ ਕਰਨਾ—ਬਹੁਤ ਹੀ ਲਾਹ-ਪਾਹ ਕਰਨੀ, ਫਿਟਕਾਰ ਪਾਉਣੀ।

ਤ੍ਰੇਲੀਆਂ ਛੱਡਣਾ—ਮੱਥੇ 'ਤੇ ਮੁੜ੍ਹਕਾ ਆ ਜਾਣਾ।

ਤਰੇਲੀਓ ਤਰੇਲੀ ਹੋਣਾ—ਸ਼ਰਮਿੰਦਗੀ ਕਾਰਨ ਪਾਣੀ ਪਾਣੀ ਹੋ ਜਾਣਾ, ਕਿਸੇ ਬਿਪਤਾ ਵਿੱਚ ਘਬਰਾ ਜਾਣਾ।

ਤਰੇਲੀਆਂ ਛੁਟਣੀਆਂ—ਬਹੁਤ ਡਰ ਜਾਣਾ।

ਤਲਵਾਰ ਨੂੰ ਜੰਗ ਲੱਗਣੀ—ਤਲਵਾਰ ਦੀ ਵਰਤੋਂ ਨਾ ਹੋਣੀ।

ਤਲ਼ੀ ਗਰਮ ਕਰਨਾ—ਰਿਸ਼ਵਤ ਦੇਣਾ।

ਤਲ਼ੀ 'ਤੇ ਜਾਨ ਰੱਖਣੀ—ਜਾਨ ਹੂਲ ਕੇ ਕੁਰਬਾਨੀ ਦੇਣੀ, ਨਿਡਰ ਹੋ ਕੇ ਲੜਨਾ।

ਤਲ਼ੀਆਂ ਹੇਠੋਂ ਧਰਤੀ ਨਿਕਲਣੀ—ਬਹੁਤ ਹੀ ਹੈਰਾਨ ਹੋ ਜਾਣਾ।

ਤਲ਼ੀਆਂ ਨਾ ਲੱਗਣੀਆਂ—ਆਰਾਮ ਨਾ ਕਰਨਾ।

ਤਲ਼ੀਆਂ ਮਲਣਾ—ਪਛਤਾਉਣਾ।

ਤਵੀਤ* ਹੋ ਜਾਣਾ—ਬਹੁਤ ਹੀ ਕਮਜ਼ੋਰ ਹੋ ਜਾਣਾ।

ਤੜਿੰਗ ਹੋਣਾ—ਲੜਾਈ ਕਰਨੀ, ਰੁੱਸ ਜਾਣਾ, ਆਕੜ ਜਾਣਾ।

ਤਾਕ ਹੋਣਾ—ਆਪਣੇ ਹੁਨਰ ਵਿੱਚ ਨਿਪੁੰਨ ਹੋਣਾ।

ਤਾਣਾ ਪੇਟਾ ਉਣਨਾ—ਮਾੜੀ ਵਿਉਂਤ ਬਣਾਉਣੀ।

ਤਾਪ ਵਿਹਾਜਣਾ—ਮੁਸੀਬਤ ਗਲ਼ ਪੁਆ ਲੈਣੀ।

ਤਾਰ ਹਿਲਾਉਣੀ—ਕਿਸੇ ਨੂੰ ਆਪਣੀ ਮਰਜ਼ੀ ਅਨੁਸਾਰ ਚਲਾਉਣਾ।

ਤਾਰ ਤਾਰ ਹੋਣਾ—ਵੱਖ-ਵੱਖ ਹੋ ਜਾਣਾ, ਵੱਖਰੇ ਹੋ ਜਾਣਾ, ਫੁੱਟ ਪੈ ਜਾਣੀ।

ਤਾਰ ਦੇਣਾ—ਪਾਰ ਉਤਾਰਾ ਕਰਨਾ, ਕਿਸੇ ਨੂੰ ਦੁੱਖਾਂ ਤੋਂ ਨਿਜ਼ਾਤ ਦਿਲਾਉਣੀ।

ਤਾਰ ਵੱਜਣਾ—ਦੋ ਦਿਲਾਂ ਵਿੱਚ ਯਾਦਾਂ ਮਚਲ ਪੈਣੀਆਂ।

ਤਾਰੀਫ਼ਾਂ ਦੇ ਪੁਲ ਬੰਨ੍ਹਣਾ—ਵਡਿਆਈ ਕਰਨੀ, ਸੋਭਾ ਵਧਾਉਣੀ।

ਤਾਰੇ ਗਿਣਨਾ—ਰਾਤ ਨੂੰ ਨੀਂਦ ਨਾ ਆਉਣੀ, ਜਾਗਦੇ ਰਹਿਣਾ।

ਤਾਰੇ ਤੋੜਨਾ—ਅਣਹੋਣਾ ਕੰਮ ਕਰ ਵਖਾਉਣਾ, ਗੈਬੀ ਗੱਲਾਂ ਕਰਨੀਆਂ।

ਤਾੜ ਜਾਣਾ—ਲੁਕਵੀਂ ਗੱਲ ਸਮਝ ਜਾਣੀ।

ਤਾੜੀ ਲਾ ਕੇ ਬੈਠਣਾ—ਅੱਖਾਂ ਬੰਦ ਕਰਕੇ ਸਮਾਧੀ ਦੀ ਅਵਸਥਾ 'ਚ ਬੈਠਣਾ।

ਤਾੜੀ ਲਾ ਕੇ ਦੇਖਣਾ—ਨੀਝ ਲਾ ਕੇ ਇਕ ਟਿਕ ਵੇਖਣਾ।

ਤਾੜੀ ਵੱਜਣੀ—ਬਦਨਾਮੀ ਹੋਣੀ।

ਤਿਊੜੀ ਪਾਉਣੀ—ਗੁੱਸੇ ਨਾਲ਼ ਮੱਥੇ 'ਤੇ ਵਲ ਪੈਣੇ।

ਤਿੱਖੀ ਧਾਰ ਤੇ ਤੁਰਨਾ—ਔਕੜਾਂ ਭਰੇ ਕੰਮ ਕਰਨੇ, ਔਖਿਆਈ ਵਿੱਚੋਂ ਲੰਘਣਾ।

ਤਿਣਕਾ ਤੋੜਨਾ—ਆਪਸੀ ਸਬੰਧ ਤੋੜ ਲੈਣੇ।

ਤਿੱਤਰ ਬਿੱਤਰ ਹੋਣਾ—ਦੌੜ ਜਾਣਾ, ਖਿੰਡ-ਪੁੰਡ ਜਾਣਾ।

ਤਿੰਨੋ ਕਾਣੇ ਹੋਣੇ—ਕਿਸੇ ਪਾਸੇ ਵੀ ਸਫ਼ਲ ਨਾ ਹੋਣਾ।

ਤਿਲ਼ਾਂ ਪਾਸੋਂ ਤੇਲ ਲੈਣਾ—ਸਖ਼ਤੀ ਵਰਤਣੀ।

---

* ਤੇਰੇ ਪਿੱਛੇ ਗੋਰੀਏ ਰੰਨੇ, ਮੁੰਡਾ ਸੁੱਕ ਕੇ ਤਵੀਤ ਹੋ ਗਿਆ (ਲੋਕ ਗੀਤ)

ਤੀਰ ਹੋ ਜਾਣਾ—ਦੌੜ ਜਾਣਾ, ਨੱਸ ਜਾਣਾ।

ਤੀਰ ਕਮਾਨੋਂ ਨਿਕਲਣਾ—ਗੱਲ ਆਪਣੇ ਵਸ ਵਿੱਚ ਨਾ ਰਹਿਣੀ, ਗੱਲ ਮੂੰਹੋਂ ਨਿਕਲ਼ ਜਾਣੀ, ਮਾਮਲਾ ਵਿਤੋਂ ਬਾਹਰਾ ਹੋ ਜਾਣਾ।

ਤੀਰ ਛੱਡਣਾ—ਚੁੱਭਵੀਂ ਗੱਲ ਕਹਿਣੀ, ਦੁਖਦੀ ਗੱਲ ਆਖਣੀ।

ਤੀਰ ਨਿਸ਼ਾਨੇ ਬੈਠਣਾ—ਪੂਰੀ ਤਰ੍ਹਾਂ ਗੱਲ ਜਚ ਜਾਣੀ, ਚੁਕਿਆ ਕਦਮ ਸਹੀ ਟਿਕਾਣੇ 'ਤੇ ਰੱਖਣਾ।

ਤੀਲੀ ਲਾਉਣੀ—ਸ਼ਰਾਰਤ ਨਾਲ਼ ਝਗੜਾ ਕਰਵਾ ਦੇਣਾ।

ਤੀਲੀ ਲਾ ਦੇਣੀ—ਅੱਗ ਲਾ ਦੇਣੀ, ਸਾੜ ਦੇਣਾ।

ਤੁਣਕੇ ਮਾਰਨੇ—ਚੋਭਾਂ ਲਾਉਣੀਆਂ, ਖਿੱਚ ਪਾਉਣਾ।

ਤੁਰਮੁਰ ਤੁਰਮੁਰ ਵੇਖਣਾ—ਹੈਰਾਨ ਹੋ ਕੇ ਵੇਖਣਾ, ਬਿਟ ਬਿਟ ਤੱਕਣਾ।

ਤੁਲੇ ਹੋਣਾ—ਪੱਕਾ ਇਰਾਦਾ ਕਰਕੇ ਮਗਰ ਪੈ ਜਾਣਾ, ਅੜ ਖਲੋਣਾ।

ਤੂਫ਼ਾਨ ਖੜ੍ਹਾ ਕਰਨਾ—ਕਿਸੇ ਤੇ ਝੂਠੀਆਂ ਊਜਾਂ ਲਾ ਕੇ ਬਾਬੇਲਾ ਖੜ੍ਹਾ ਕਰ ਦੇਣਾ।

ਤੂਫ਼ਾਨ ਤੋਲਣਾ—ਬਹੁਤ ਹੀ ਕੂੜ ਬੋਲਣਾ, ਗੱਲਾਂ ਫੈਲਾਉਣੀਆਂ।

ਤੇਰਾਂ ਤਾਲੀ ਹੋਣਾ—ਬਹੁਤ ਚਲਾਕ ਹੋਣਾ।

ਤੇਲ ਚੋਣਾ—ਘਰ ਆਏ ਪ੍ਰਾਹੁਣੇ ਦਾ ਸਤਿਕਾਰ ਨਾਲ਼ ਆਦਰ ਮਾਣ ਕਰਨਾ।

ਤੇਲ ਦੀ ਕੜਾਹੀ ਵਿੱਚ ਪੈਣਾ—ਅਤਿ ਦਾ ਦੁਖੀ ਹੋਣਾ।

ਤੇੜ ਪੈਣੀ—ਲੱਕੜੀ ਜਾਂ ਫ਼ਰਸ਼ ਵਿੱਚ ਵਿਰਲ ਪੈ ਜਾਣੀ।

ਤੋਤੇ-ਚਸ਼ਮ ਹੋਣਾ—ਕੋਰਾ ਕਹਾਰਾ ਹੋਣਾ, ਕੀਤੀ ਭਲਾਈ ਨੂੰ ਭੁੱਲ ਜਾਣਾ, ਹੁਸ਼ਿਆਰ ਹੋਣਾ।

ਤੋਪੇ ਉਧੇੜਨੇ—ਭੇਦ ਦੱਸਣਾ, ਲੁਕਵੀਆਂ ਗੱਲਾਂ ਦੱਸ ਦੇਣੀਆਂ।

ਤੋੜ ਚੜ੍ਹਨਾ—ਪੂਰੀ ਹੋਣੀ, ਗੱਲ ਵਿੱਚ ਸਫ਼ਲਤਾ ਹੋਣੀ।

ਤੋੜ ਤੋੜ ਖਾਣਾ—ਹਰ ਵੇਲ਼ੇ ਦੁਖੀ ਕਰਨਾ।

ਤੋੜ ਨਿਬਾਹੁਣਾ—ਸਾਰੀ ਜ਼ਿੰਦਗੀ ਸਾਥ ਨਿਭਾਉਣਾ, ਸਦਾ ਸਾਥ ਦੇਣਾ।

ਤੋੜਾ ਝੜਨਾ—ਹਾਸੇ ਮਜ਼ਾਕ ਦਾ ਨਿਸ਼ਾਨਾ ਬਣਨਾ।

ਤੌਣੀ ਤਾਈ ਰੱਖਣੀ—ਹਰ ਵੇਲੇ ਦੁਖੀ ਕਰੀ ਜਾਣਾ, ਦੁਖਾਂ ਦੀ ਅੱਗ ਬਾਲਣੀ।

ਤੌਰ ਬਦਲ ਜਾਣਾ—ਆਪਣਾ ਰਵੱਈਆ ਬਦਲ ਲੈਣਾ।

ਤੂੰ ਤੂੰ, ਮੈਂ ਮੈਂ ਕਰਨਾ—ਲੜਾਈ ਝਗੜਾ ਕਰਨਾ, ਮੰਦਾ ਬੋਲਣਾ।

ਤੰਗੀ ਕੱਟਣੀ—ਗ਼ਰੀਬੀ ਦੇ ਦਿਨ ਬਤੀਤ ਕਰਨੇ।

ਤੰਗੀ ਤੁਰਸ਼ੀ ਨਾਲ਼ ਗੁਜ਼ਾਰਾ ਕਰਨਾ--ਔਖ ਸੌਖ ਨਾਲ਼ ਗੁਜ਼ਾਰਾ ਕਰਨਾ।

ਤੰਦਾਂ ਵਲ਼ੀਆਂ ਜਾਣੀਆਂ—ਪ੍ਰੇਮ ਵਿੱਚ ਜਕੜੇ ਜਾਣਾ, ਪਿਆਰ ਪੀਘਾਂ ਪੈਣੀਆਂ।

## ਥ

ਥਈਆ ਥਈਆ ਕਰਨਾ—ਖ਼ੁਸ਼ੀ ਵਿੱਚ ਚਾਂਬੜਾਂ ਪਾਉਣੀਆਂ, ਨੱਚਣਾ ਟੱਪਣਾ।

ਥਹੁ ਆਉਣਾ—ਯਾਦ ਆ ਜਾਣੀ।

ਥਹੁ ਲੱਗਣਾ—ਅਤਾ ਪਤਾ ਮਿਲ਼ ਜਾਣਾ।

ਥਰ ਥਰ ਕੰਬਣਾ—ਬਹੁਤ ਡਰ ਜਾਣਾ, ਸਹਿਮ ਜਾਣਾ।

ਥੱਲਾ ਮਾਰ ਰੱਖਣਾ—ਜਮ ਕੇ ਧਰਤੀ 'ਤੇ ਬਹਿ ਜਾਣਾ।

ਥੱਲੇ ਲਹਿ ਜਾਣਾ—ਉਦਾਸ ਹੋ ਜਾਣਾ, ਨਿਰਾਸ਼ਤਾ 'ਚ ਡੁੱਬ ਜਾਣਾ, ਉਦਾਸੀ ਛਾ ਜਾਣੀ।

ਥੱਲੇ ਲੱਗਣਾ—ਹਿੰਮਤ ਹਾਰ ਜਾਣਾ, ਹੌਸਲਾ ਪਸਤ ਹੋ ਜਾਣਾ।

ਥਾਂਏਂ ਮਾਰਨਾ—ਬੈਠੇ ਬੈਠਾਏ ਨੂੰ ਮਾਰ ਦੇਣਾ, ਹੀਲ ਹੁੱਜਤ ਨਾ ਕਰਨ ਦੇਣੀ।

ਥਾਂ ਲੈਣਾ—ਕਿਸੇ ਵਿਛੜੇ ਹੋਏ ਦੀ ਥਾਂ 'ਤੇ ਆ ਕੇ ਪਹਿਲੇ ਵਰਗਾ ਸੁੱਖ ਦੇਣਾ।

ਥਾਂਇੰ ਪੈਣਾ—ਕੀਤੀ ਕਮਾਈ ਸਫ਼ਲ ਹੋ ਜਾਣੀ।

ਥਾਨੋਂ ਲੋਈ ਲਾਹੁਣਾ—ਬੇਸ਼ਰਮ ਹੋ ਕੇ ਗੱਲਾਂ ਕਰਨੀਆਂ, ਆਪਣੇ ਪਰਾਏ ਦੀ ਇੱਜ਼ਤ ਦਾ ਖ਼ਿਆਲ ਨਾ ਰੱਖਣਾ।

ਥਾਪੀ ਮਾਰਨਾ—ਅਖਾੜੇ ਵਿੱਚ ਪੱਟਾਂ ਤੇ ਹੱਥ ਮਾਰਨੇ, ਵੰਗਾਰਨਾ।

ਥੁੱਕ ਸਿਟਣਾ—ਛੱਡ ਦੇਣਾ, ਰੱਦ ਕਰ ਦੇਣਾ।

ਥੁੱਕ ਕੇ ਚੱਟਣਾ—ਇਕਰਾਰ ਕਰਕੇ ਮੁੱਕਰ ਜਾਣਾ।

ਥੁੱਕ ਲਾਉਣਾ—ਕਿਸੇ ਨਾਲ਼ ਠੱਗੀ ਕਰ ਜਾਣੀ, ਧੋਖਾ ਦੇ ਦੇਣਾ।

ਥੁੱਕਾਂ ਸਿੱਟਣਾ—ਨਫ਼ਰਤ ਕਰਨੀ, ਨੱਕ ਵੱਟਣਾ।

ਥੁੱਕਾਂ ਮੂੰਹ ਪੈਣਾ—ਕਿਸੇ ਦੂਜੇ ਦੀ ਨਿੰਦਾ ਚੁਗਲੀ ਕਰਕੇ ਆਪਣੀ ਨਿੰਦਿਆ ਕਰਵਾਉਣੀ।

ਥੁੱਕਾਂ ਮੋਢੇ ਤੋਂ ਸੁੱਟਣੀਆਂ—ਹੰਕਾਰ ਜਾਣਾ।

**ਥੁੱਕੀਂ ਵੜੇ ਪਕਾਉਣੇ**—ਬਿਨਾਂ ਪੈਸੇ ਤੋਂ ਗੱਲੀਂ-ਬਾਤੀਂ ਕਿਸੇ ਭਾਰੇ ਕੰਮ ਨੂੰ ਪੂਰਾ ਕਰਨ ਦੀਆਂ ਆਸਾਂ ਬਣਾਉਣੀਆਂ।

**ਥੁਨੀਆਂ ਲਮਕਾਉਣਾ**—ਮੂੰਹ ਮਰੋੜਨਾ, ਗੁੱਸਿਆ ਹੋਣਾ।

**ਥੰਮ ਬਣਨਾ**—ਅਡੋਲ ਖੜੋ ਜਾਣਾ, ਪੂਰੀ ਧਰੋਹਰ ਬਣਨਾ, ਪੂਰਾ ਸਾਥ ਨਿਭਾਉਣਾ।

**ਥੰਮੀ ਖਿਚਣੀ**—ਕਿਸੇ ਤੋਂ ਸਹਾਰਾ ਖੋਹ ਲੈਣਾ, ਆਸਰਾ ਛੱਡ ਦੇਣਾ, ਮਦਦ ਕਰਨੀ ਬੰਦ ਕਰ ਦੇਣੀ।

## ਦ

**ਦਸ ਪਾਉਣਾ**—ਜਾਣਕਾਰੀ ਦੇਣੀ, ਕਿਸੇ ਵਸਤੂ ਬਾਰੇ ਪਤਾ ਦੇਣਾ, ਮੁੰਡੇ ਕੁੜੀ ਦੇ ਰਿਸ਼ਤੇ ਬਾਰੇ ਜਾਣੂੰ ਕਰਵਾਉਣਾ।

**ਦਸਾਂ ਨਹੁੰਆਂ ਦੀ ਕਿਰਤ ਕਰਨਾ**—ਨੇਕ ਕਮਾਈ ਕਰਨੀ, ਹੱਕ ਦੀ ਕਮਾਈ ਕਰਨਾ।

**ਦਗੜ ਦਗੜ ਕਰਨਾ**—ਭੱਜੇ ਫਿਰਨਾ, ਨੱਸੇ ਫਿਰਨਾ।

**ਦਫ਼ਾ ਪੁੱਟੀ ਜਾਣੀ**—ਬੇਇੱਜ਼ਤੀ ਹੋਣੀ, ਖੁਨਾਮੀ ਗਲ਼ ਪੈ ਜਾਣੀ।

**ਦੱਬ ਲੈਣਾ**—ਲਏ ਰੁਪਏ ਦੇਣ ਤੋਂ ਮੁੱਕਰ ਜਾਣਾ, ਵਾਪਸ ਕਰਨੋਂ ਨਾਂਹ ਕਰ ਦੇਣੀ।

**ਦੱਬਿਆ ਹੋਣਾ**—ਘੁਟਣ ਮਹਿਸੂਸ ਕਰਨਾ, ਕੈਦ ਮਹਿਸੂਸ ਕਰਨੀ, ਪੂਰੀ ਅਜ਼ਾਦੀ ਨਾ ਹੋਣੀ।

**ਦਬੇ ਪੈਰੀਂ ਚੱਲਣਾ**—ਹੌਲ਼ੀ ਹੌਲ਼ੀ ਤੁਰਨਾ ਤਾਂ ਜੋ ਪੈੜ ਚਾਪ ਸੁਣਾਈ ਨਾ ਦੇਵੇ।

**ਦਬੇ ਮੁਰਦੇ ਉਖੇੜਨਾ**—ਭੁੱਲੀਆਂ ਵਿਸਰੀਆਂ ਕਸੈਲੀਆਂ ਗੱਲਾਂ ਯਾਦ ਕਰਨੀਆਂ।

**ਦਮ ਉਲਟ ਜਾਣਾ**—ਦਮੇ ਦੇ ਰੋਗੀ ਦਾ ਸਾਹ ਰੁਕ ਜਾਣਾ, ਚੜ੍ਹ ਜਾਣਾ।

**ਦਮ ਖਿੱਚਣਾ**—ਬਹੁਤ ਡਰਾਉਣਾ, ਕੰਮ ਵਿੱਚ ਹੰਭਾ ਦੇਣਾ।

**ਦਮ ਖ਼ੁਸ਼ਕ ਹੋਣਾ**—ਡਰ ਕਾਰਨ ਸਹਿਮ ਜਾਣਾ, ਹੌਸਲਾ ਢਹਿ ਜਾਣਾ।

**ਦਮਗਜ਼ੇ ਮਾਰਨੇ**—ਫੜ੍ਹਾਂ ਮਾਰਨੀਆਂ, ਸੁੱਕੇ ਡਰਾਵੇ ਦੇਣੇ।

**ਦਮ ਘੁਟਣਾ**—ਘੁਟਣ ਮਹਿਸੂਸ ਕਰਨੀ, ਸਾਹ ਸੁਕ ਜਾਣਾ, ਸਾਹ ਬੰਦ ਹੋਣਾ, ਕਿਸੇ ਕਾਰਨ ਵਸ ਬਹੁਤ ਔਖਾ ਮਹਿਸੂਸ ਕਰਨਾ।

**ਦਮ ਚੜ੍ਹਨਾ**—ਦੌੜਨ ਸਮੇਂ ਸਾਹ ਦਾ ਤੇਜ਼ ਚੱਲਣਾ, ਹੱਫ ਜਾਣਾ।

**ਦਮ ਚੜ੍ਹਾਉਣਾ**—ਸੁਆਸ ਦਸਮ ਦੁਆਰ ਚੜ੍ਹਾਉਣੇ।

**ਦਮ ਛੱਡਣਾ**—ਅੰਤ ਵੇਲਾ ਆ ਜਾਣਾ, ਦਮ ਰੁਕ ਜਾਣਾ, ਮਰ ਜਾਣਾ।

**ਦਮ ਦੁਆਉਣਾ**—ਰਾਹਤ ਦੇਣੀ, ਕਿਸੇ ਕਾਮੇ ਨੂੰ ਬਿਠਾ ਕੇ ਉਹਦੀ ਥਾਂ ਕੰਮ ਕਰਨਾ, ਥੋੜ੍ਹੇ ਸਮੇਂ ਲਈ ਅਰਾਮ ਕਰਨ ਲਈ ਕਹਿਣਾ।

**ਦਮ ਨਾ ਖਾਣਾ**—ਵਿਸ਼ਵਾਸ਼ ਨਾ ਕਰਨਾ, ਹਾਮੀ ਨਾ ਭਰਨੀ।

**ਦਮ ਨਿਕਲਣਾ**—ਮਰ ਜਾਣਾ।

**ਦਮਾਂ ਦੀ ਬਾਜ਼ੀ ਲਾਉਣੀ**—ਜਾਨ ਤਲ਼ੀ 'ਤੇ ਰੱਖਣੀ।

**ਦਮੋਂ ਕੱਢਣਾ**—ਭਜਾ ਦੇਣਾ, ਕਿਸੇ ਦਾ ਅੰਤ ਵੇਖਣ ਦਾ ਯਤਨ ਕਰਨਾ।

**ਦਰ ਦਰ ਦੀ ਖਾਕ ਛਾਨਣਾ**—ਥਾਂ-ਥਾਂ ਧੱਕੇ ਖਾਣੇ, ਭਿੰਨ ਭਿੰਨ ਲੋਕਾਂ ਦੀ ਖ਼ੁਸ਼ਾਮਦ ਕਰਨੀ।

**ਦਰ ਬਦਰ ਹੋਣਾ**—ਘਰੋਂ ਨਿਕਲ਼ ਕੇ ਖ਼ੁਆਰ ਹੋਣਾ।

**ਦਲੀਜਾਂ ਉਖੇੜਨੀਆਂ**—ਵਾਰ ਵਾਰ ਫੇਰੇ ਮਾਰਨੇ।

**ਦਲੀਜਾਂ 'ਤੇ ਪੈਰ ਰੱਖਣਾ**—ਘਰ ਵੜ ਜਾਣਾ।

**ਦੜ ਜਾਣਾ**—ਲੁਕ ਕੇ ਬੈਠ ਜਾਣਾ, ਲੰਮੇ ਪੈ ਜਾਣਾ।

**ਦੜ ਵੱਟਣਾ**—ਸੀ ਨਾ ਕਰਨੀ, ਉਭਾਸਰਨਾ ਨਾ, ਔਖੇ ਹੋ ਕੇ, ਚੁੱਪ ਕਰਕੇ ਗੁਜ਼ਾਰਾ ਕਰਨਾ।

**ਦਾਅ ਮਾਰਨਾ**—ਧੋਖਾ ਦੇਣਾ, ਮੌਕਾ ਵੇਖ ਕੇ ਧੋਖਾ ਦੇਣਾ।

**ਦਾਅ ਲਾਉਣਾ**—ਮੌਕਾ ਮਿਲਣ 'ਤੇ ਆਪਣਾ ਕੰਮ ਕੱਢ ਲੈਣਾ!

**ਦਾਈਆ ਕਰਨਾ**—ਫ਼ੈਸਲਾ ਕਰਨਾ।

**ਦਾਈਏ ਬੰਨ੍ਹਣਾ**—ਜੀਵਨ ਦਾ ਟੀਚਾ ਮਿੱਥਣਾ, ਪੱਕਾ ਫ਼ੈਸਲਾ ਕਰਨਾ।

**ਦਾਹਵਾ ਠੋਕਣਾ**—ਮੁਕੱਦਮਾ ਕਰਨਾ।

**ਦਾਹਵੇ ਬੰਨ੍ਹਣਾ**—ਫੋਕੀਆਂ ਫੜਾਂ ਮਾਰਨੀਆਂ।

**ਦਾੜ੍ਹ ਥੱਲ੍ਹੇ ਆਉਣਾ**—ਅੜਿੱਕੇ 'ਚ ਫਸ ਜਾਣਾ; ਵਸ ਵਿੱਚ ਆਉਣਾ, ਕਾਬੂ ਕਰਨਾ।

**ਦਾਹੜੀ ਖੇਹ ਪਾਉਣੀ**—ਬੇ-ਇੱਜ਼ਤੀ ਕਰਵਾਉਣੀ, ਨਮੋਸ਼ੀ ਕਰਨੀ।

**ਦਾੜ੍ਹੀ ਨਾਲੋਂ ਮੁੱਛਾਂ ਵੱਡੀਆਂ**—ਮੂਲ ਨਾਲ਼ੋਂ ਵਿਆਜ ਵੱਧ ਜਾਣਾ।

**ਦਾਹੜੀ ਪੱਟਣਾ**—ਬੇਇੱਜ਼ਤੀ ਕਰਨੀ, ਭਰੀ ਸਭਾ ਵਿੱਚ ਖੱਜਲ ਕਰਨਾ।

**ਦਾਹੜੀ ਬਿਗਾਨੇ ਹੱਥ ਫੜਾਉਣੀ**—ਆਪਣੀ ਇੱਜ਼ਤ ਦੂਜੇ ਵੱਸ ਕਰਨੀ।

**ਦਾਹੜੀ ਵੱਲ ਵੇਖਣਾ**—ਵੱਡੀ ਉਮਰ ਦਾ ਖਿਆਲ ਰੱਖਣਾ, ਇੱਜ਼ਤ ਆਬਰੂ ਦਾ ਲਿਹਾਜ਼ ਕਰਨਾ।

**ਦਾਗ਼ ਲੱਗਣਾ**—ਬਦਨਾਮੀ ਹੋਣੀ।

**ਦਾਣਾ ਪਾਣੀ ਮੁੱਕ ਜਾਣਾ**—ਮਰ ਜਾਣਾ, ਕਿਸੇ ਥਾਂ ਤੋਂ ਸਦਾ ਲਈ ਚਲੇ ਜਾਣਾ।

**ਦਾਦ ਦੇਣਾ**—ਪ੍ਰਸੰਸਾ ਕਰਨਾ, ਵਾਹ ਵਾਹ ਕਰਨੀ।

**ਦਾਲ਼ ਗਲ਼ਣਾ**—ਕਿਸੇ ਥਾਂ ਗੱਲ ਬਣ ਜਾਣੀ, ਸਫ਼ਲ ਹੋ ਜਾਣਾ, ਸਤਿਕਾਰ ਮਿਲਣਾ।

**ਦਾਲ਼ ਵਿੱਚ ਕੁਝ ਕਾਲ਼ਾ ਹੋਣਾ**—ਸ਼ੱਕ ਦੀ ਗੁੰਜਾਇਸ਼ ਵਾਲ਼ੀ ਗੱਲ ਹੋਣੀ, ਸ਼ੱਕ ਪੈ ਜਾਣਾ।

**ਦਿਨ ਕਟਣੇ**—ਔਖ ਸੌਖ ਨਾਲ਼ ਗੁਜ਼ਾਰਾ ਕਰਨਾ, ਔਖ ਨਾਲ਼ ਨਿਰਬਾਹ ਕਰਨਾ।

**ਦਿਨ ਦਿਹਾੜੇ ਤਾਰੇ ਵਿਖਾਉਣਾ**—ਹੋਸ਼ ਭੁਲਾ ਦੇਣੀ, ਛੱਕੇ ਛੁਡਾਉਣੇ।

**ਦਿਨ ਪਧਰੇ ਹੋਣੇ**—ਸੁੱਖਾਂ ਭਰੇ ਦਿਨ ਆਉਣੇ।**ਦਿਨ ਪੁੱਠੇ ਹੋਣੇ**—ਮਾੜੇ ਦਿਨ ਆ ਜਾਣੇ, ਗੁਜ਼ਾਰਾ ਮੁਸ਼ਕਿਲ ਨਾਲ਼ ਹੋਣਾ, ਮੰਦੇ ਭਾਗ ਹੋਣੇ।

**ਦਿਨ ਪੁੱਗਣੇ**—ਮੌਤ ਕਰੀਬ ਆ ਜਾਣੀ, ਜ਼ਿੰਦਗੀ ਦੇ ਦਿਨ ਪੂਰੇ ਹੋ ਜਾਣੇ।

**ਦਿਨ ਪੂਰੇ ਕਰਨਾ**—ਔਖਿਆਈ ਤੇ ਬਿਪਤਾ ਵਿੱਚ ਦਿਨ ਬਤੀਤ ਕਰਨੇ।

**ਦਿਨ ਰਾਤ ਇਕ ਕਰਨਾ**—ਤਨ ਮਨ ਨਾਲ਼ ਪੂਰੀ ਮਿਹਨਤ ਕਰਨੀ।

**ਦਿਨਾਂ ਦਾ ਪ੍ਰਾਹੁਣਾ ਹੋਵੇ**—ਮੌਤ ਦੇ ਕੰਢੇ ਹੋਣਾ।

**ਦਿਨਾਂ ਦਾ ਫੇਰ ਹੋਣਾ**—ਮਾੜੇ ਦਿਨ ਆ ਜਾਣੇ।

**ਦਿਮਾਗ਼ ਚੱਟਣਾ**—ਸਵਾਲ ਪੁੱਛ ਪੁੱਛ ਸਿਰ ਖਾ ਜਾਣਾ, ਅਕਾ ਦੇਣਾ।

**ਦਿਮਾਗ਼ ਨੂੰ ਚੱਕਰਾ ਦੇਣਾ**—ਹੈਰਾਨ ਪ੍ਰੇਸ਼ਾਨ ਕਰ ਦੇਣਾ, ਗਧੀ ਗੇੜ ਵਿੱਚ ਪਾ ਦੇਣਾ।

**ਦਿਮਾਗ਼ ਪਾਟਣਾ**—ਸੋਚ ਸੋਚ ਗਸ਼ੀ ਵਰਗੀ ਹਾਲਤ ਹੋ ਜਾਣੀ।

**ਦਿਮਾਗ਼ ਲੜਾਉਣਾ**—ਬਹੁਤ ਸੋਚਣਾ।

**ਦਿਮਾਗ਼ ਵਿੱਚ ਹਵਾ ਭਰ ਜਾਣੀ**—ਹੰਕਾਰ ਆ ਜਾਣਾ।

**ਦਿਮਾਗ਼ ਵਿੱਚ ਕੀੜੀਆਂ ਚੱਲਣੀਆਂ**—ਪ੍ਰੇਸ਼ਾਨੀ ਵੱਧ ਜਾਣੀ, ਕਾਹਲਾ ਪੈਣਾ।

**ਦਿਮਾਗ਼ ਵਿੱਚ ਫ਼ਤੂਰ ਆਉਣਾ**—ਬੇਥਵੀਆਂ ਮਾਰਨੀਆਂ, ਕਮਲ਼ਿਆਂ ਵਰਗੀਆਂ ਗੱਲਾਂ ਕਰਨੀਆਂ, ਹੰਕਾਰ ਆ ਜਾਣਾ।

**ਦਿਲ ਉਛਲਣਾ**—ਪਿਆਰ ਦੇ ਵਹਿਣ 'ਚ ਵਹਿ ਤੁਰਨਾ, ਉਪਰਾਮ ਹੋ ਜਾਣਾ।

**ਦਿਲ ਆ ਜਾਣਾ**—ਕੋਈ ਵਸਤੂ ਪਸੰਦ ਆ ਜਾਣੀ, ਕਿਸੇ 'ਤੇ ਮੋਹਿਤ ਹੋ ਜਾਣਾ।

**ਦਿਲ ਅੰਦਰ ਘਰ ਕਰਨਾ**—ਗਹਿਰਾ ਪ੍ਰਭਾਵ ਪੈ ਜਾਣਾ।

ਦਿਲ ਹੱਥੋਂ ਜਾਂਦਾ ਰਹਿਣਾ—ਦਿਲ ਆਪਣੇ ਵਸ ਵਿੱਚ ਨਾ ਰਹਿਣਾ।

ਦਿਲ ਹਾਰਨਾ—ਹੌਸਲਾ ਹਾਰ ਜਾਣਾ, ਹਿੰਮਤ ਨਾ ਰਹਿਣੀ।

ਦਿਲ ਹੌਲ਼ਾ ਕਰਨਾ—ਦੁੱਖ ਦੀਆਂ ਗੱਲਾਂ ਕਰਕੇ ਮਨ ਨੂੰ ਸ਼ਾਂਤ ਕਰਨਾ।

ਦਿਲ ਕਾਇਮ ਹੋਣਾ—ਹਿੰਮਤ ਆ ਜਾਣੀ, ਹੌਸਲਾ ਵੱਧ ਜਾਣਾ।

ਦਿਲ ਖੱਟਾ ਹੋਣਾ—ਕਿਸੇ ਨਾਲ਼ ਨਫ਼ਰਤ ਹੋ ਜਾਣੀ, ਕਿਸੇ ਤੋਂ ਉਪਰਾਮ ਹੋ ਜਾਣਾ, ਉਕਤਾ ਜਾਣਾ।

ਦਿਲ ਗੁਆਚ ਜਾਣਾ—ਮਨ ਮੋਹਿਆ ਜਾਣਾ।

ਦਿਲ ਘਾਊਂ ਮਾਊਂ ਹੋਣਾ—ਦਿਲ ਨੂੰ ਘੇਰ ਪੈ ਜਾਣਾ, ਘਾਬਰ ਜਾਣਾ, ਦਿਲ ਘਬਰਾਉਣਾ।

ਦਿਲ 'ਚੋਂ ਕੱਢਣਾ—ਸਦਾ ਲਈ ਭੁਲਾ ਦੇਣਾ।

ਦਿਲ ਛੱਡਣਾ—ਹੌਸਲਾ ਹਾਰ ਜਾਣਾ।

ਦਿਲ ਜਿੱਤਣਾ—ਦੂਜੇ ਨੂੰ ਆਪਣਾ ਬਣਾ ਲੈਣਾ।

ਦਿਲ ਟਿਕਾਣੇ ਕਰਨਾ—ਹੌਸਲਾ ਦੇਣਾ, ਹੌਸਲਾ ਵਧਾਉਣਾ।

ਦਿਲ ਟੁੱਟ ਜਾਣਾ—ਬੁਰੀ ਤਰ੍ਹਾਂ ਹਾਰ ਜਾਣਾ, ਮਨ ਨੂੰ ਸੱਟ ਵੱਜਣੀ।

ਦਿਲ ਡਿਗੂੰ ਡਿਗੂੰ ਕਰਨਾ—ਦਿਲ ਢਹਿ ਜਾਣਾ, ਹਿੰਮਤ ਨੇ ਸਾਥ ਨਾ ਦੇਣਾ।

ਦਿਲ ਡੁੱਲ੍ਹਣਾ—ਦੂਜੇ 'ਤੇ ਦਿਲ ਆ ਜਾਣਾ, ਸਦਕੇ-ਬਲਿਹਾਰੀ ਜਾਣਾ।

ਦਿਲ ਡੋਲ ਜਾਣਾ—ਮਨ ਵਿੱਚ ਲਾਲਚ ਆ ਜਾਣਾ।

ਦਿਲ ਢਹਿਣਾ—ਉਦਾਸੀ ਛਾ ਜਾਣੀ।

ਦਿਲ 'ਤੇ ਰਾਜ ਕਰਨਾ—ਅਤਿ ਪਿਆਰਾ ਹੋਣਾ।

ਦਿਲ 'ਤੇ ਲਾਉਣਾ—ਅਸਰ ਹੋ ਜਾਣਾ, ਧਿਆਨ ਦੇਣਾ।

ਦਿਲ ਤੋੜ ਦੇਣਾ—ਨਿਰਾਸ਼ ਕਰ ਦੇਣਾ, ਹੌਸਲਾ ਢਾਹ ਦੇਣਾ।

ਦਿਲ ਦਾ ਸ਼ੀਸ਼ਾ ਦਖਾਉਣਾ—ਅਗਲੇ ਦੇ ਮੂੰਹ ਤੇ ਸਾਫ਼ ਸਾਫ਼ ਗੱਲ ਆਖ ਦੇਣੀ।

ਦਿਲ ਦਾ ਕਰੜਾ ਹੋਣਾ—ਮਜ਼ਬੂਤ ਤੇ ਪੱਕੇ ਇਰਾਦੇ ਵਾਲ਼ਾ ਹੋਣਾ।

ਦਿਲ ਦਾ ਖੋਟਾ ਹੋਣਾ—ਉਪਰੋਂ ਮਿਠਾ ਤੇ ਅੰਦਰੋਂ ਕੌੜੇ ਸੁਭਾਅ ਵਾਲ਼ਾ ਹੋਣਾ

ਦਿਲ ਦਾ ਗੁਬਾਰ ਕੱਢਣਾ—ਪੁਰਾਣੇ ਗਿਲੇ ਸ਼ਿਕਵੇ ਦੂਰ ਕਰਨੇ, ਮਨ ਦਾ ਗੁੱਸਾ ਦੂਰ ਕਰਨਾ।

ਦਿਲ ਤੇ ਬੋਝ ਹੋਣਾ—ਕਿਸੇ ਗੱਲ ਦੀ ਮਨ 'ਚ ਚਿੰਤਾ ਹੋਣੀ।

**ਦਿਲ ਦੀ ਕਾਲਖ ਧੋਣੀ**—ਪਹਿਲਾਂ ਕੀਤੇ ਮੰਦੇ ਕੰਮਾਂ ਦੇ ਅਸਰ ਨੂੰ ਚੰਗੇ ਕੰਮ ਕਰਕੇ ਧੋਣਾ।

**ਦਿਲ ਦੀ ਕੰਨੀ ਨੰਗੀ ਹੋਣੀ**—ਗੁੱਝਾ ਭੇਤ ਜ਼ਾਹਰ ਹੋ ਜਾਣਾ।

**ਦਿਲ ਦੀ ਘੁੰਡੀ ਖੋਲ੍ਹਣੀ**—ਬਿਨਾਂ ਕਿਸੇ ਝਿਜਕ ਦੇ ਦਿਲ ਦੀ ਭੇਤ ਭਰੀ ਗੱਲ ਦੱਸ ਦੇਣੀ।

**ਦਿਲਾਂ ਦੀਆਂ ਕਹਿਣਾ**—ਬਿਨਾਂ ਝਿਜਕ ਦਿਲ ਦੀਆਂ ਖੁੱਲ੍ਹੀਆਂ ਗੱਲਾਂ ਕਰਨੀਆਂ।

**ਦਿਲ ਦੂਣਾ ਹੋਣਾ**—ਹੌਸਲਾ ਵੱਧ ਜਾਣਾ, ਮਨ ਨੇ ਤਕੜਾਈ ਫੜ ਲੈਣੀ।

**ਦਿਲ ਦੇ ਕੰਨਾਂ ਨਾਲ਼ ਸੁਣਨਾ**—ਬਹੁਤ ਧਿਆਨ ਲਗਾ ਕੇ ਸੁਣਨਾ।

**ਦਿਲ ਦੇ ਫੋੜੇ ਫੁਟਣੇ**—ਦੁੱਖ ਭਰੀਆਂ ਯਾਦਾਂ ਮੁੜ ਚੇਤੇ ਆ ਜਾਣੀਆਂ।

**ਦਿਲ ਧਰਨਾ**—ਹੌਸਲਾ ਫੜਨਾ, ਦਲੇਰੀ ਵਖਾਉਣੀ।

**ਦਿਲ ਪਿਘਲਣਾ**—ਦੁਖੀ ਨੂੰ ਦੇਖ ਤਰਸ ਆ ਜਾਣਾ।

**ਦਿਲ ਨੱਚ ਉਠਣਾ**—ਚਾਅ ਚੜ੍ਹ ਜਾਣਾ।

**ਦਿਲ ਨੰਗਾ ਕਰਨਾ**—ਦਿਲ ਦਾ ਭੇਤ ਦੱਸ ਦੇਣਾ, ਦਿਲ ਫੋਲ ਦੇਣਾ।

**ਦਿਲ ਨੂੰ ਹੌਲ ਪੈਣੇ**—ਡਰ ਲੱਗਣਾ, ਸਹਿਮ ਜਾਣਾ।

**ਦਿਲ ਨੂੰ ਡੋਬੂ ਪੈਣਾ**—ਬਹੁਤ ਡਰ ਜਾਣਾ, ਸਹਿਮ ਜਾਣਾ।

**ਦਿਲ ਨੂੰ ਭੁੰਨਣਾ**—ਕੋਈ ਅਜਿਹੀ ਗੱਲ ਆਖਣੀ ਜਿਸ ਨਾਲ਼ ਦੁੱਖ ਦੀ ਅੱਗ ਭੜਕ ਜਾਵੇ।

**ਦਿਲ ਨੂੰ ਲਾਉਣਾ**—ਅਜਾਈਂ ਚਿੰਤਾ ਕਰਨੀ।

**ਦਿਲ ਪਸੀਜਣਾ**—ਦਿਲ ਪਿਘਲ ਜਾਣਾ, ਭਰੋਸਾ ਬੱਝ ਜਾਣਾ।

**ਦਿਲ ਪੱਕਾ ਕਰਨਾ**—ਠੋਸ ਇਰਾਦਾ ਕਰਨਾ।

**ਦਿਲ ਪੱਥਰ ਹੋ ਜਾਣਾ**—ਦਿਲ ਵਿੱਚ ਮੋਹ-ਮੁਹੱਬਤ ਨਾ ਰਹਿਣੀ।

**ਦਿਲ ਪਾਟ ਜਾਣਾ**—ਅਣਸੁਖਾਵੀਂ ਖ਼ਬਰ ਸੁਣ ਕੇ ਦਿਲ 'ਤੇ ਸੱਟ ਵੱਜਣੀ।

**ਦਿਲ ਫਿੱਕਾ ਪੈਣਾ**—ਨਫ਼ਰਤ ਹੋ ਜਾਣੀ।

**ਦਿਲ ਫ਼ੋਲਣਾ**—ਦੁੱਖ ਦੀਆਂ ਗੱਲਾਂ ਸਾਂਝੀਆਂ ਕਰਨੀਆਂ।

**ਦਿਲ ਬਾਦਸ਼ਾਹ ਹੋਣਾ**—ਖੁੱਲ੍ਹੇ ਦਿਲ ਵਾਲ਼ਾ ਹੋਣਾ।

**ਦਿਲ ਬਾਗ ਬਾਗ ਹੋਣਾ**—ਬਹੁਤ ਖ਼ੁਸ਼ ਹੋਣਾ।

**ਦਿਲ ਭਰ ਆਉਣਾ**—ਕਿਸੇ ਦੁਖੀਏ ਨੂੰ ਤਕ ਕੇ ਤਰਸ ਆ ਜਾਣਾ।

**ਦਿਲ ਭਿੱਜਣਾ**—ਕਿਸੇ ਨਾਲ਼ ਪਿਆਰ ਪੈ ਜਾਣਾ, ਪਸੀਜਣਾ।

**ਦਿਲ ਮਸੋਸ ਕੇ ਬਹਿ ਜਾਣਾ**—ਸ਼ੋਕ ਅਤੇ ਚਿੰਤਾ ਵਿੱਚ ਡੁੱਬ ਜਾਣਾ।

**ਦਿਲ ਮਿਲਣਾ**—ਪਿਆਰ ਪੈ ਜਾਣਾ।

**ਦਿਲ ਮੁੱਠ ਵਿੱਚ ਲੈ ਆਉਣਾ**—ਡਰ ਪੈਦਾ ਕਰ ਦੇਣਾ।

**ਦਿਲ ਮੋਮ ਹੋਣਾ**—ਦਿਲ ਪਿਘਲ਼ ਜਾਣਾ, ਨਰਮ ਹੋ ਜਾਣਾ।

**ਦਿਲ ਲਾਉਣਾ**—ਕਿਸੇ ਕੰਮ ਵਿੱਚ ਮਨ ਲੱਗ ਜਾਣਾ, ਪੂਰਾ ਧਿਆਨ ਦੇਣਾ।

**ਦਿਲ ਵਲੇਵੇਂ ਖਾਣੇ**—ਡੂੰਘਾ ਅਸਰ ਕਰਨਾ।

**ਦਿਲ ਵਿੱਚ ਰਹਿਣਾ**—ਕੋਈ ਗੱਲ ਕਿਸੇ ਨੂੰ ਨਾ ਦੱਸਣੀ, ਮਨ ਦੀਆਂ ਮਨ ਵਿੱਚ ਰਹਿਣੀਆਂ।

**ਦਿਲ ਵਿੱਚ ਕੰਡਾ ਬਣਕੇ ਚੁੱਭਣਾ**—ਬਹੁਤ ਦੁਖੀ ਕਰਨਾ, ਸਤਾਉਣਾ।

**ਦਿਲ ਵਿੱਚ ਪਾ ਲੈਣਾ**—ਕਦੀ ਵੀ ਨਾ ਭੁੱਲਣਾ, ਯਾਦ ਰੱਖਣਾ।

**ਦਿਲ ਵਿੱਚ ਥਾਂ ਦੇਣਾ**—ਪਿਆਰ ਕਰਨਾ, ਆਦਰ ਕਰਨਾ।

**ਦਿਲ ਵਿੱਚੋਂ ਧੂੰ ਨਿਕਲ਼ਣਾ**—ਦਿਲ ਸੜ ਬਲ ਜਾਣਾ, ਹਿਉਕਾ ਨਿਕਲਣਾ।

**ਦਿਲ ਵਿੰਨ੍ਹਣਾ**—ਬਹੁਤ ਸਤਾਉਣਾ, ਅੰਤਾਂ ਦੀ ਤਕਲੀਫ਼ ਦੇਣੀ।

**ਦਿਲਾਂ ਦੇ ਵੈਰ ਨਿਕਲ਼ਣਾ**—ਪੁਰਾਣੀ ਦੁਸ਼ਮਣੀ ਭੁਲਾ ਕੇ ਮਿੱਤਰ ਬਣ ਜਾਣਾ।

**ਦੀਦੇ ਗਾਲ਼ਣਾ**—ਵਿਛੋੜੇ ਵਿੱਚ ਅੱਥਰੂ ਕੇਰਨੇ।

**ਦੀਵਾ ਗੁਲ ਹੋਣਾ**—ਮਰ ਜਾਣਾ, ਖ਼ਤਮ ਹੋ ਜਾਣਾ।

**ਦੀਵੇ ਵਿੱਚ ਬੱਤੀ ਨਾ ਹੋਣੀ**—ਅਤਿ ਗ਼ਰੀਬੀ ਦੀ ਹਾਲਤ ਹੋਣੀ।

**ਦੁਹਾਈ ਪਾਹਰਿਆ ਕਰਨਾ**—ਖ਼ਤਰੇ ਵਿੱਚ ਮਦਦ ਲਈ ਰੌਲ਼ਾ ਰੱਪਾ ਪਾਉਣਾ।

**ਦੁਹਾਈਆਂ ਦੇਣਾ**—ਸ਼ੋਰ ਮਚਾਉਣਾ, ਤਰਲੇ ਕਰਨੇ।

**ਦੁੱਖ ਸੁੱਖ ਫੋਲਣਾ**—ਇਕ ਦੂਜੇ ਨਾਲ ਦੁੱਖ ਸੁੱਖ ਫੋਲਣਾ, ਆਪਣੀ ਹਾਲਤ ਦੱਸਣੀ ਤੇ ਦੂਜੇ ਦੀ ਸੁਣਨੀ।

**ਦੁੱਖ ਹੌਲ਼ਾ ਕਰਨਾ**—ਗੱਲਾਂ ਬਾਤਾਂ ਕਰਕੇ ਦੁੱਖ ਘਟਾਉਣਾ।

**ਦੁੱਖ ਕੱਟਣਾ**—ਦੁੱਖ ਦੂਰ ਕਰਨਾ।

**ਦੁੱਖ ਨੂੰ ਖਾਣਾ**—ਦੁੱਖ ਨੂੰ ਵਿਚੇ ਵਿੱਚ ਸਹਿ ਜਾਣਾ।

**ਦੁੱਖ ਰੋਣਾ**—ਸ਼ਿਕਾਇਤਾਂ ਕਰਨਾ, ਦੁੱਖ ਦੱਸਣਾ।

**ਦੁੱਖ ਲੱਗਣਾ**—ਗੁੱਸਾ ਲੱਗਣਾ।

**ਦੁੱਖ ਵੰਡਣਾ**—ਹਮਦਰਦੀ ਕਰਨੀ।

**ਦੁੱਖਾਂ ਦੇ ਮੂੰਹ ਆਉਣਾ**—ਤਕਲੀਫ਼ਾਂ ਵਿੱਚ ਫਸ ਜਾਣਾ।

ਦੁੱਧ ਉਤਰਨਾ—ਥਣਾਂ ਵਿੱਚ ਦੁੱਧ ਆ ਜਾਣਾ, ਸੰਤਾਨ ਹੋਣੀ, ਮਾਂ ਦਾ ਮੋਹ ਜਾਗ ਪੈਣਾ।

ਦੁੱਧ ਦਾ ਉਬਾਲ ਹੋਣਾ—ਥੋੜ੍ਹੇ ਸਮੇਂ ਦਾ ਜੋਸ਼ ਜਾਂ ਗੁੱਸਾ ਹੋਣਾ।

ਦੁੱਧ ਪਾਣੀ ਹੋ ਕੇ ਲੱਗਣਾ—ਖਾਧੀ ਖ਼ੁਰਾਕ ਦਾ ਸਰੀਰ 'ਤੇ ਕੋਈ ਅਸਰ ਨਾ ਹੋਣਾ।

ਦੁੱਧ ਪਾਣੀ ਹੋਣਾ—ਆਪਸ ਵਿੱਚ ਰਲ਼ਮਿਲ਼ ਜਾਣਾ, ਇਕਮਿਕ ਹੋਣਾ।

ਦੁੱਧ ਪਾਣੀ ਵੱਖ ਕਰਨਾ—ਪੂਰਾ ਪੂਰਾ ਇਨਸਾਫ਼ ਕਰਨਾ।

ਦੁੱਧ ਵਿੱਚ ਨਾਤ੍ਹਾ ਹੋਣਾ—ਉੱਕਾ ਹੀ ਬੇਗੁਨਾਹ ਤੇ ਪਵਿੱਤਰ ਹੋਣਾ।

ਦੁੱਧ ਵਿੱਚ ਮੀਂਗਣਾ ਪਾਣਾ—ਬੇਸੁਆਦੀ ਨਾਲ਼ ਕੰਮ ਕਰਨਾ, ਦਿਲੋਂ ਕੰਮ ਨਾ ਕਰਨਾ।

ਦੁੰਨ ਵੱਟਾ ਬਣਨਾ—ਚੁੱਪ ਗੜੁੱਪ ਰਹਿਣਾ, ਦਿਲ ਦੀ ਗੱਲ ਨਾ ਦੱਸਣੀ।

ਦੁਨੀਆਂ ਰੱਖਣਾ—ਸਾਰਿਆਂ ਦੇ ਮੂੰਹ ਮੁਲਾਹਜ਼ੇ ਪੂਰੇ ਕਰਨੇ, ਸਭ ਨੂੰ ਖ਼ੁਸ਼ ਰੱਖਣਾ।

ਦੁਪਹਿਰੇ ਦੀਵੇ ਬਾਲਣੇ—ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਕਰ ਵਖਾਉਣਾ, ਦੀਵਾਲੀਆ ਹੋ ਜਾਣਾ।

ਦੁਫੇੜ ਪਾਉਣਾ—ਦੋ ਧਿਰਾਂ ਨੂੰ ਆਪਸ ਵਿੱਚ ਲੜਾ ਦੇਣਾ।

ਦੁੰਮ ਦਬਾ ਕੇ ਭੱਜਣਾ—ਭਾਂਜ ਖਾ ਕੇ ਦੌੜ ਜਾਣਾ।

ਦੁਰ ਦੁਰ ਕਰਨਾ—ਪਰੇ ਪਰੇ ਰੱਖਣਾ, ਫਟਕਾਰਨਾ, ਮਾੜਾ ਸਲੂਕ ਕਰਨਾ।

ਦੂਰ ਦੀ ਸੁਝਣੀ—ਕੋਈ ਡੂੰਘੀ ਵਿਚਾਰ ਸੁਝ ਜਾਣੀ, ਦੂਰਅੰਦੇਸ਼ੀ ਦੀ ਗੱਲ।

ਦੂਰੋਂ ਮੱਥਾ ਟੇਕਣਾ—ਕਿਸੇ ਭੈੜੇ ਬੰਦੇ ਨਾਲ਼ ਕੋਈ ਸਾਂਝ ਨਾ ਰੱਖਣੀ, ਦੂਰ ਦੂਰ ਰਹਿਣਾ।

ਦੇਹੀ ਨੂੰ ਰੋਗ ਲਾਉਣਾ—ਚਿੰਤਾ ਸਹੇੜਨੀ, ਮੁਸੀਬਤ ਗਲ਼ ਪਾ ਲੈਣੀ।

ਦੇਖਦੇ ਰਹਿ ਜਾਣਾ—ਸੋਭਾ ਗਵਾ ਕੇ ਪਛਤਾਉਣਾ।

ਦੇਵ ਲੋਕ ਨੂੰ ਸਿਧਾਰਨਾ—ਮਰ ਜਾਣਾ।

ਦੋ ਹੱਥ ਕਰਨਾ—ਮੁਕਾਬਲਾ ਕਰਨਾ।

ਦੋਹੀਂ ਹੱਥੀਂ ਤਾੜੀ ਵੱਜਣੀ—ਦੋਹਾਂ ਧਿਰਾਂ ਦੀ ਵਧ੍ਹੀਕੀ ਕਾਰਨ ਝਗੜਾ ਹੋਣਾ।

ਦੋ ਚਾਰ ਹੋਣਾ—ਵਾਸਤਾ ਪੈਣਾ, ਵਾਹ ਪੈਣਾ, ਸਾਹਮਣਾ ਹੋ ਜਾਣਾ।

ਦੋ ਟੁੱਕ ਗੱਲ ਕਰਨਾ—ਸਾਫ਼ ਤੇ ਸਪੱਸ਼ਟ ਗੱਲ ਕਰਨੀ। ਲੁਕ ਲਪੇਟ ਨਾ ਰੱਖਣਾ।

ਦੋ ਟੂਕ ਜੁਆਬ ਦੇਣਾ—ਕੋਰੀ ਨਾਂਹ ਕਰ ਦੇਣੀ।

ਦੋ ਦਿਨ ਦੇ ਪ੍ਰਾਹੁਣੇ ਹੋਣਾ—ਮੌਤ ਦਾ ਸਮਾਂ ਨੇੜੇ ਢੁਕ ਜਾਣਾ।

ਦੋ ਬੇੜੀਆਂ ਵਿੱਚ ਸਵਾਰ ਹੋਣਾ—ਦੋਚਿੱਤੀ ਵਿੱਚ ਹੋਣਾ, ਕੋਈ ਠੋਸ ਫ਼ੈਸਲਾ ਨਾ ਕਰ ਸਕਣਾ।

ਦੋ ਰੰਗੀ ਚਲਾਣਾ—ਕਿਸੇ ਨੂੰ ਕੁਝ ਆਖਣਾ ਦੂਜੇ ਨੂੰ ਕੁਝ ਹੋਰ ਕਹਿਣਾ, ਇਕੋ ਜਿਹਾ ਵਰਤਾਅ ਨਾ ਕਰਨਾ।

ਦੋਹੀਂ ਹੱਥੀਂ ਲੱਡੂ ਹੋਣਾ—ਹਰ ਪਾਸੇ ਮੌਜਾਂ ਹੋਣੀਆਂ।

ਦੋਜ਼ਖ਼ ਦੀ ਅੱਗ ਵਿੱਚ ਸੜਨਾ—ਬਹੁਤ ਤਕਲੀਫ਼ ਵਿੱਚ ਹੋਣਾ, ਦੁਖੀ ਹੋਣਾ।

ਦੋਜ਼ਖ਼ ਭੋਗਣਾ—ਦੁੱਖਾਂ ਭਰੀ ਜ਼ਿੰਦਗੀ ਬਤੀਤ ਕਰਨੀ।

ਦੰਦ ਕੱਢਣਾ—ਕਿਸੇ 'ਤੇ ਘ੍ਰਿਣਾ ਨਾਲ਼ ਹੱਸਣਾ, ਮਖ਼ੌਲ ਉਡਾਉਣਾ।

ਦੰਦ ਕਥਾ ਕਰਨਾ—ਨਿੰਦਾ-ਚੁਗਲੀ ਕਰਨਾ, ਕਿਸੇ ਦੇ ਪਿੱਠ ਪਿੱਛੇ ਗੱਲਾਂ ਕਰਨੀਆਂ।

ਦੰਦ ਕਚੀਚਣਾ—ਕਚੀਚੀ ਵੱਟਣੀ, ਗੁੱਸੇ ਵਿੱਚ ਆਉਣਾ, ਮਾਰਨ ਨੂੰ ਪੈਣਾ।

ਦੰਦ ਖੱਟੇ ਕਰਨਾ—ਹਰਾ ਦੇਣਾ।

ਦੰਦ ਜੁੜ ਜਾਣਾ—ਹੈਰਾਨ ਹੋ ਜਾਣਾ, ਚੁੱਪ ਹੋ ਜਾਣਾ।

ਦੰਦ ਪੀਹਣਾ—ਗੁੱਸੇ ਨਾਲ਼ ਅੰਦਰੋਂ ਅੰਦਰ ਕਚੀਚੀਆਂ ਵੱਟਣੀਆਂ।

ਦੰਦ ਦਖਾਉਣਾ—ਕਿਸੇ ਨੂੰ ਝੂਠਾ ਕਰ ਦੇਣਾ, ਹੱਸਣਾ, ਡਰਾਉਣਾ।

ਦੰਦ ਵੱਜਣਾ—ਸਰਦੀ ਨਾਲ਼ ਦੰਦ ਵਜਣੇ।

ਦੰਦਾਂ ਹੇਠ ਜੀਭ ਦੇਣਾ—ਔਖੇ ਸੌਖੇ ਹੋ ਕੇ ਦਿਨ ਬਤੀਤ ਕਰਨੇ, ਚੁੱਪ ਵਟਕੇ ਦੁੱਖ ਜਰਨਾ।

ਦੰਦਾਂ ਦੀ ਮੈਲ਼ ਲਾਹੁਣਾ—ਕਿਸੇ ਦੀਆਂ ਚੁਗਲੀਆਂ ਕਰਨੀਆਂ।

ਦੰਦਾਂ ਵਿੱਚ ਉਂਗਲੀ ਦੇਣਾ—ਹੈਰਾਨ ਹੋ ਜਾਣਾ, ਪਛਤਾਉਣਾ।

ਦੰਦੀਆਂ ਚਿਰਾਣਾ—ਖਿਝਾਉਣਾ, ਤੰਗ ਕਰਨਾ।

ਦੰਦੀਆਂ ਪੀਹਣਾ—ਗੁੱਸੇ ਹੋਣਾ, ਗੁੱਸੇ ਨੂੰ ਅੰਦਰ ਅੰਦਰ ਜਰਨ ਦੀ ਕੋਸ਼ਿਸ਼ ਕਰਨਾ।

ਦੰਮ ਤੋੜਨਾ—ਮਰ ਜਾਣਾ, ਥੱਕ ਜਾਣਾ, ਖ਼ਤਮ ਹੋ ਜਾਣਾ, ਸਿਸਕ ਸਿਸਕ ਕੇ ਮਰਨਾ।

ਦੰਮ ਕਰਨਾ—ਬਰਾਬਰੀ ਕਰਨੀ, ਆਕੜ ਕਰਨੀ।

ਦੰਮ ਲੱਗਣਾ—ਪੈਸੇ ਖ਼ਰਚ ਹੋਣੇ।

ਦੰਮ ਵੇਖਣਾ—ਕਿਸੇ ਦੀ ਤਾਕਤ ਦਾ ਅੰਤ ਵੇਖਣਾ।

## ਧ

**ਧੱਕ ਦੇਣਾ**—ਦੁਰਕਾਰਨਾ, ਸਦਾ ਲਈ ਸਾਥ ਛੱਡ ਦੇਣਾ, ਅਜਿਹੀ ਬਾਂਹ ਛੱਡਣੀ ਕਿ ਨਾ ਅੱਗੇ ਜੋਗਾ ਰਹਿਣ ਦੇਣਾ ਨਾ ਪਿੱਛੇ ਜੋਗਾ।

**ਧੱਕਾ ਲੱਗਣਾ**—ਕੋਈ ਮੰਦੀ ਜਾਂ ਦੁਖ ਭਰੀ ਘਟਨਾ ਬਾਰੇ ਜਾਣਕੇ ਮਨ ਨੂੰ ਸਦਮਾ ਪੁੱਜਣਾ, ਦਿਲ 'ਤੇ ਸੱਟ ਵੱਜਣੀ।

**ਧੱਕੇ ਵੱਜਣੇ**—ਭੀੜ ਭੜੱਕੇ ਵਿੱਚ ਧੱਕੇ ਖਾਣੇ, ਖੁਆਰ ਹੋਣਾ।

**ਧੱਕੇ ਧੌਲ਼ੇ ਖਾਣੇ**—ਮੁਸੀਬਤਾਂ 'ਚ ਫਸੇ ਹੋਣਾ, ਕਈ ਥਾਵਾਂ 'ਤੇ ਠੇਡੇ ਖਾਣੇ।

**ਧੱਜੀਆਂ ਉਡਾਉਣੀਆਂ**—ਬਹੁਤ ਮਾਰ ਕੁੱਟ ਕਰਨੀ, ਫ਼ਜ਼ੂਲ ਖ਼ਰਚੀ ਕਰਨੀ, ਬਿਨਾਂ ਸਮਝ ਪੈਸੇ ਉਡਾਣੇ, ਲੀਰੋ ਲੀਰ ਕਰਨਾ।

**ਧਮੱਚੜ ਪੈਣਾ**—ਰੌਲ਼ਾ ਰੱਪਾ ਪੈ ਜਾਣਾ, ਵੇਵੇਲਾ ਮਚਣਾ।

**ਧਰਨਾ ਮਾਰਨਾ**—ਆਪਣੀ ਮੰਗ ਮੰਨਵਾਉਣ ਲਈ ਅੜ ਬਹਿਣਾ।

**ਧਰਤੀ ਵਿੱਚ ਧਸਣਾ**—ਬਹੁਤ ਸ਼ਰਮਿੰਦਾ ਹੋਣਾ, ਬੇਇਜ਼ੱਤੀ ਮਹਿਸੂਸ ਕਰਨੀ।

**ਧਰਮ ਕਮਾਉਣਾ**—ਲੋਕ ਭਲਾਈ ਵਾਲ਼ੇ ਕੰਮ ਕਰਨੇ, ਫ਼ਰਜ਼ ਨਿਭਾਉਣੇ।

**ਧਰਮ 'ਤੇ ਗੱਲ ਛੱਡਣੀ**—ਕਿਸੇ ਦੀ ਦਿਆਨਤਦਾਰੀ ਦੇ ਆਸਰੇ 'ਤੇ ਗੱਲ ਛੱਡ ਦੇਣੀ।

**ਧਰਮ ਨਾ ਹਾਰਨਾ**—ਆਪਣੇ ਅਸੂਲਾਂ ਤੇ ਖੜ੍ਹੇ ਰਹਿਣਾ।

**ਧਾਗਾ ਕਰਾਉਣਾ**—ਤਵੀਤ ਤੇ ਜਾਦੂ ਟੂਣੇ ਕਰਾਉਣੇ।

**ਧਾਂਕ ਪੈਣੀ**—ਦਬ-ਦਬਾ ਬੈਠ ਜਾਣਾ, ਬਹੁਤ ਪ੍ਰਸਿੱਧੀ ਹੋ ਜਾਣੀ।

**ਧਾਂਕ ਬਿਠਾਉਣਾ**—ਰੋਅਬ ਤੇ ਦਬਦਬਾ ਕਾਇਮ ਕਰਨਾ।

**ਧਾਂਕ ਮੰਨਣੀ**—ਆਪਣੇ ਤੋਂ ਸਿਆਣੇ ਦੀ ਅਕਲ ਅਤੇ ਸਿਆਣਪ 'ਤੇ ਫ਼ੁੱਲ ਚੜ੍ਹਾਉਣੇ, ਦੂਜੇ ਦੀ ਲਿਆਕਤ ਮੰਨਣੀ।

**ਧਾਵਾ ਬੋਲਣਾ**—ਹਮਲਾ ਕਰ ਦੇਣਾ।

**ਧਾੜ ਪੈਣੀ**—ਲੁੱਟ ਪੈਣੀ, ਹੱਲਾ ਪੈ ਜਾਣਾ।

**ਧ੍ਰਿਗ ਦਾ ਜਿਊਣਾ**—ਬੇਇਜ਼ਤੀ ਵਾਲ਼ਾ ਜੀਵਨ ਜਿਊਣਾ।

**ਧੁਖ-ਧੁਖੀ ਲੱਗਣੀ**—ਚਿੰਤਾ ਲੱਗਣੀ।

**ਧੁੰਨ ਵਿੱਚ ਮਸਤ ਹੋਣਾ**—ਆਪਣੇ ਖ਼ਿਆਲਾਂ ਜਾਂ ਸੋਚਾਂ ਵਿੱਚ ਡੁੱਬੇ ਰਹਿਣਾ।

**ਧੁੰਮ ਪਾ ਦੇਣੀ**—ਮਸ਼ਹੂਰ ਹੋ ਜਾਣਾ।

**ਧੁੜਕੂ ਲੱਗਣਾ**—ਚਿੰਤਾ ਬਣੀ ਰਹਿਣੀ।

**ਧੂੰ ਕੱਢਣਾ**—ਭੇਤ ਵਾਲ਼ੀ ਗੱਲ ਦੱਸ ਦੇਣੀ।

**ਧੂੰ ਨਾ ਧੁਖਣ ਦੇਣਾ**—ਕਿਸੇ ਨੂੰ ਭੇਤ ਨਾ ਦੱਸਣਾ, ਗੱਲ ਗੁਪਤ ਰੱਖਣੀ।

**ਧੋਣੇ ਧੋਣੇ**—ਗਿਲੇ ਸ਼ਿਕਵੇ ਦੂਰ ਕਰ ਦੇਣੇ, ਪੁਰਾਣੀਆਂ ਮੰਦੀਆਂ ਗੱਲਾਂ ਦੀ ਤਲਾਫ਼ੀ ਕਰਨੀ।

**ਧੌਂਸ ਦੇਣਾ**—ਰੋਅਬ ਪਾਉਣਾ, ਡਰਾਉਣਾ ਧਮਕਾਉਣਾ।

**ਧੌਣ ਝੁਕਾਉਣਾ**—ਹਰਾ ਦੇਣਾ।

**ਧੌਲ਼ਿਆਂ ਦੀ ਲਾਜ ਰੱਖਣਾ**—ਬਜ਼ੁਰਗੀ ਦਾ ਖ਼ਿਆਲ ਕਰਕੇ ਗੱਲ ਮੰਨ ਲੈਣੀ।

**ਧੌਲ਼ਿਆਂ ਵਿੱਚ ਸੁਆਹ ਪਾਉਣਾ**—ਵੱਡੀ ਉਮਰ ਵਿੱਚ, ਪੁੱਤਾਂ ਧੀਆਂ ਦੇ ਮਾੜੇ ਕੰਮਾਂ ਕਰਕੇ, ਮਾਪਿਆਂ ਦੀ ਬੇਇੱਜ਼ਤੀ ਹੋਣੀ।

**ਧੌਲ਼ਿਆਂ ਵਿੱਚ ਘੱਟਾ ਪਾਉਣਾ**—ਆਖ਼ਰੀ ਉਮਰ ਵਿੱਚ ਬੇਇੱਜ਼ਤੀ ਕਰਵਾਉਣੀ।

**ਧੌਲ਼ੇ ਆਉਣਾ**—ਤਜਰਬਾ ਹਾਸਲ ਕਰਨਾ, ਵੱਧਦੀ ਉਮਰ ਕਾਰਨ ਸਿਰ ਦੇ ਵਾਲ਼ ਚਿੱਟੇ ਹੋ ਜਾਣੇ।

## ਨ

**ਨਸ ਭੱਜ ਕਰਨਾ**—ਕਿਸੇ ਕੰਮ ਦੀ ਪੂਰਤੀ ਲਈ ਯਤਨ ਕਰਨੇ, ਤਕਲੀਫ਼ਾਂ ਝਲ ਕੇ ਕੰਮ ਕਰਨਾ।

**ਨਸ਼ਤਰ ਚਲਾਉਣਾ**—ਮੰਦੇ-ਬੋਲ ਬੋਲ ਕੇ ਦੁਖੀ ਕਰਨਾ, ਗੁੱਝੀ ਮਾਰ ਕਰਨੀ।

**ਨਸ਼ਾ ਪਾਣੀ ਕਰਨਾ**—ਤਮਾਕੂ, ਅਫ਼ੀਮ ਤੇ ਸ਼ਰਾਬ ਦਾ ਸੇਵਨ ਕਰਨਾ।

**ਨਸੀਬ ਜਾਗਣਾ**—ਕਿਸਮਤ ਜਾਗ ਪੈਣੀ, ਖ਼ੁਸ਼ਕਿਸਮਤੀ ਆ ਜਾਣੀ।

**ਨਸੀਬ ਫੁਟਣਾ**—ਮਾੜੇ ਦਿਨ ਆ ਜਾਣੇ।

**ਨਸੀਬ ਭਿੜਨਾ**—ਸੰਜੋਗ ਹੋਣੇ।

**ਨਹਾਉਣ ਹੋ ਜਾਣਾ**—ਕਿਸੇ ਕੰਮ 'ਚ ਬਹੁਤ ਘਾਟਾ ਪੈ ਜਾਣਾ, ਤਬਾਹੀ ਵਾਪਰਨੀ।

**ਨਹਿਲੇ ਤੇ ਦਹਿਲਾ ਮਾਰਨਾ**—ਵਿਰੋਧੀ ਦੀ ਚਾਲ ਨੂੰ ਮਾਤ ਦੇਣੀ।

**ਨਹੁੰ ਅੜਨਾ**—ਮਾਮੂਲੀ ਸਹਾਰਾ ਮਿਲ ਜਾਣਾ, ਛੋਟੇ ਜਿਹੇ ਸਬਬ ਸਦਕਾ ਸਫ਼ਲਤਾ ਮਿਲ਼ਣੀ।

**ਨਹੁੰ ਨਹੁੰ ਖੁੱਭਣਾ**—ਬੁਰੀ ਤਰ੍ਹਾਂ ਕਰਜ਼ੇ 'ਚ ਫਸਿਆ ਹੋਣਾ, ਸਿਰ ਤੋਂ ਲੈ ਕੇ ਪੈਰਾਂ ਤੱਕ ਫਸ ਜਾਣਾ।

**ਨਹੁੰ ਨਹੁੰ ਖੋਟਾ ਹੋਣਾ**—ਪੂਰੀ ਤਰ੍ਹਾਂ ਧੋਖੇਬਾਜ਼ ਹੋਣਾ।

**ਨਹੁੰ ਮਾਸ ਦਾ ਰਿਸ਼ਤਾ ਹੋਣਾ**—ਅਟੁੱਟ ਸੰਬੰਧ ਹੋਣੇ।

**ਨਹੁੰ ਲੈਣਾ**—ਘੋੜੇ ਆਦਿ ਨੂੰ ਠੇਡਾ ਲੱਗਣਾ।

**ਨਹੁੰਆਂ ਤਾਈਂ ਜ਼ੋਰ ਲਾਉਣਾ**—ਪੂਰੀ ਕੋਸ਼ਿਸ਼ ਕਰਨੀ।

**ਨੱਕ ਉੱਤੇ ਮੱਖੀ ਨਾ ਬੈਠਣ ਦੇਣੀ**—ਬਹੁਤ ਹੁਸ਼ਿਆਰ ਹੋਣਾ, ਆਕੜ ਕਾਰਨ ਕਿਸੇ ਦੀ ਪ੍ਰਵਾਹ ਨਾ ਕਰਨੀ, ਪੈਰਾਂ ਤੇ ਪਾਣੀ ਨਾ ਪੈਣ ਦੇਣਾ।

**ਨੱਕ ਹੇਠ ਨਾ ਲਿਆਉਣਾ**—ਰੱਦ ਕਰ ਦੇਣਾ, ਪਸੰਦ ਨਾ ਕਰਨਾ, ਪ੍ਰਵਾਹ ਨਾ ਕਰਨੀ।

**ਨੱਕ ਚਾੜ੍ਹਨਾ**—ਨਫ਼ਰਤ ਕਰਨੀ, ਪਸੰਦ ਨਾ ਕਰਨਾ।

**ਨੱਕ ਥੱਲ੍ਹੇ ਨਾ ਲਿਆਉਣਾ**—ਉੱਕਾ ਹੀ ਪਸੰਦ ਨਾ ਕਰਨਾ।

**ਨੱਕ ਦੀ ਸੇਧੇ ਜਾਣਾ**—ਸਿੱਧਾ ਤੁਰੀ ਜਾਣਾ, ਆਪਣੇ ਵਡੇਰਿਆਂ ਦੇ ਪੂਰਨਿਆਂ 'ਤੇ ਤੁਰਨਾ।

**ਨੱਕ ਨਾਲ਼ ਲੀਕਾਂ ਕੱਢਣੀਆਂ**—ਤੋਬਾ ਕਰਨੀ, ਤਰਲੇ ਮਿੰਨਤਾਂ ਕਰਨੀਆਂ, ਹਾੜ੍ਹੇ ਕੱਢਣੇ, ਮੁਆਫ਼ੀ ਮੰਗਣੀ।

**ਨੱਕ ਨੱਕ ਪਾਣੀ ਆਉਣਾ**—ਦੁੱਖਾਂ ਵਿੱਚ ਉਲਝ ਜਾਣਾ।

**ਨੱਕ 'ਚ ਨਕੇਲ ਪਾਉਣੀ**—ਵਸ 'ਚ ਕਰਨਾ, ਕਾਬੂ ਕਰਨਾ।

**ਨੱਕ ਨਮੂਜ਼ ਰੱਖਣਾ**—ਇੱਜ਼ਤ ਦਾ ਖ਼ਿਆਲ ਰੱਖਣਾ, ਧਰਮ ਦੀ ਪਾਲਣਾ ਕਰਨੀ।

**ਨੱਕ ਨਾਲ਼ ਲਕੀਰਾਂ ਕਢਾਣਾ**—ਤੋਬਾ ਕਰਵਾਉਣੀ, ਕੰਨਾਂ ਨੂੰ ਹੱਥ ਲਾਉਣੇ।

**ਨੱਕ ਬੰਦ ਕਰ ਦੇਣਾ**—ਕਿਸੇ ਨੂੰ ਜ਼ਬਰਦਸਤੀ ਕਰਨੋਂ ਰੋਕ ਦੇਣਾ।

**ਨੱਕ-ਮੂੰਹ ਵੱਟਣਾ**—ਪਸੰਦ ਨਾ ਕਰਨਾ, ਬੁਰਾ ਮਨਾਉਣਾ।

**ਨੱਕ-ਬੁੱਲ੍ਹ ਮਾਰਨੇ**—ਨੁਕਸ ਛਾਂਟਣੇ, ਪਸੰਦ ਨਾ ਕਰਨਾ।

**ਨੱਕ ਰੱਖਣਾ**—ਭਾਈਚਾਰੇ ਵਿੱਚ ਇੱਜ਼ਤ ਕਾਇਮ ਰੱਖਣੀ, ਨਮੋਸ਼ੀ ਤੋਂ ਬਚਣਾ।

**ਨੱਕ ਰਗੜਨਾ**—ਮਿੰਨਤਾਂ ਕਰਨੀਆਂ, ਹਾੜ੍ਹੇ ਕੱਢਣੇ।

**ਨੱਕ ਵੱਢ ਦੇਣਾ**—ਬੇਇੱਜ਼ਤੀ ਕਰਵਾਉਣੀ, ਖੁਨਾਮੀ ਖੱਟਣੀ।

**ਨੱਕ ਵਿੱਚੋਂ ਅਠੂੰਹੇ ਡਿੱਗਣੇ**—ਨਗੋਜ਼ੀ ਹੋਣਾ, ਐਵੇਂ ਨੁਕਸ ਕੱਢੀ ਜਾਣੇ।

**ਨੱਕੋ ਨੱਕ ਭਰ ਜਾਣਾ**—ਮੂੰਹ ਤੱਕ ਭਰ ਜਾਣਾ, ਹੋਰ ਪਾਣ ਦੀ ਗੁੰਜਾਇਸ਼ ਨਾ ਰਹਿਣੀ।

**ਨਗਾਰੇ ਦੀ ਚੋਟ ਨਾਲ਼ ਆਖਣਾ**—ਲਲਕਾਰ ਕੇ ਆਖਣਾ, ਨੱਕ ਵਜਾ ਕੇ ਆਖਣਾ।

**ਨਜ਼ਰ ਸਵੱਲੀ ਹੋਣਾ**—ਚੰਗੇਰੇ ਦਿਨ ਹੋਣੇ।

**ਨਜ਼ਰ ਚੁਰਾਉਣਾ**—ਨਮੋਸ਼ੀ ਕਾਰਨ ਅੱਖਾਂ ਸਾਹਮਣੇ ਨਾ ਆਉਣਾ, ਅੱਖ ਬਚਾ ਕੇ ਖਿਸਕ ਜਾਣਾ।

**ਨਜ਼ਰਾਂ ਬਚਾਉਣਾ**—ਟਿਭ ਜਾਣਾ, ਖਿਸਕ ਜਾਣਾ।

**ਨਜ਼ਰਾਂ ਬਦਲਣਾ**—ਪਿਆਰ ਵਿਸਾਰ ਦੇਣਾ, ਅੱਖਾਂ ਵੱਟਾ ਲੈਣੀਆਂ, ਪਹਿਲਾਂ ਵਰਗਾ ਵਿਵਿਹਾਰ ਨਾ ਕਰਨਾ।

**ਨਜ਼ਰ ਭਰ ਕੇ ਵੇਖਣਾ**—ਪੂਰੇ ਧਿਆਨ ਨਾਲ਼ ਵੇਖਣਾ।

**ਨਜ਼ਰ ਭੁੱਖੀ ਹੋਣਾ**—ਮਨ ਦਾ ਰਜਿਆ ਨਾ ਹੋਣਾ, ਮਾੜੀ ਨੀਤ ਵਾਲ਼ਾ।

**ਨਜ਼ਰ ਮਾਰਨਾ**—ਵੇਖਣਾ ਚਾਖਣਾ।

**ਨਜ਼ਰ ਲਾ ਦੇਣਾ**—ਕਿਸੇ ਨੂੰ ਮੰਦੀ ਨਜ਼ਰ ਨਾਲ਼ ਵੇਖਣਾ, ਦੂਜੇ ਦੀ ਖ਼ੁਸ਼ੀ ਜਰ ਨਾ ਹੋਣੀ।

**ਨਜ਼ਰਾਂ ਗਡਣੀਆਂ**—ਲਗਾਤਾਰ ਵੇਖੀ ਜਾਣਾ।

**ਨਜ਼ਰ ਰੱਖਣਾ**—ਤਾੜ ਰੱਖਣੀ, ਧਿਆਨ ਰੱਖਣਾ, ਨਜ਼ਰਾਂ ਥੱਲੇ ਰੱਖਣਾ।

**ਨੱਥ ਲੈਣਾ**—ਪਸ਼ੂ ਦੇ ਨੱਕ ਵਿੱਚ ਨੱਥ ਪਾਉਣੀ, ਕਾਬੂ 'ਚ ਰੱਖਣਾ।

**ਨਬਜ਼ ਪਛਾਨਣਾ**—ਸੁਭਾਅ ਤੋਂ ਜਾਣੂੰ ਹੋ ਜਾਣਾ, ਚਾਲ ਢਾਲ਼ ਸਮਝਣਾ।

**ਨਮਦਾ ਕਸਣਾ**—ਬਹੁਤ ਤੰਗ ਕਰਨਾ, ਕੁਸਕਣ ਨਾ ਦੇਣਾ।

**ਨਰਕ ਭੋਗਣਾ**—ਦੁੱਖਾਂ ਭਰਪੂਰ ਜੀਵਨ ਜਿਊਣਾ।

**ਨਰਦਾਂ ਪੁੱਠੀਆਂ ਪੈਣੀਆਂ**—ਸੋਚ ਦੇ ਉਲਟ ਹੋ ਜਾਣਾ, ਕਿਸਮਤ ਉਲਟ ਹੋ ਜਾਣੀ।

**ਨਵਾਂ ਮੁਰਗਾ ਫਸਾਉਣਾ**—ਕਿਸੇ ਅਣਜਾਣ ਬੰਦੇ ਨੂੰ ਆਪਣੀਆਂ ਚਾਲਾਂ 'ਚ ਫਸਾ ਲੈਣਾ।

**ਨਵਾਂ ਲਹੂ ਰਗਾਂ ਵਿੱਚ ਕੁਦਣਾ**—ਲੰਬੀ ਬੀਮਾਰੀ ਮਗਰੋਂ ਤੰਦਰੁਸਤ ਹੋ ਜਾਣਾ।

**ਨਾਉਂ ਉੱਜਲ ਕਰਨਾ**—ਨਾਂ ਕਮਾਉਣਾ, ਪ੍ਰਸ਼ੰਸਾ ਖੱਟਣੀ।

**ਨਾਸਾਂ ਚਾੜ੍ਹਨੀਆਂ**—ਨਖ਼ਰੇ ਕਰਨੇ, ਨਫ਼ਰਤ ਕਰਨੀ।

**ਨਾਚ ਨਚਾਣਾ**—ਆਪਣੀ ਮਰਜ਼ੀ ਅਨੁਸਾਰ ਕੰਮ ਕਰਵਾਉਣਾ, ਆਪਣੇ ਇਸ਼ਾਰੇ 'ਤੇ ਤੋਰਨਾ।

**ਨਾਤਾ ਗੰਢਣਾ**—ਰਿਸ਼ਤੇਦਾਰੀ ਪਾਉਣੀ।

**ਨਾਨੀ ਚੇਤੇ ਆਉਣੀ**—ਬਹੁਤ ਦੁਖੀ ਹੋਣਾ।

**ਨਾਮ ਨੂੰ ਵੱਟਾ ਲਾਉਣਾ**—ਬਦਨਾਮੀ ਖੱਟਣੀ।

**ਨਾਮ ਪੈਦਾ ਕਰਨਾ**—ਜਸ ਖੱਟਣਾ।

**ਨਾਂ ਕੱਢਣਾ**—ਮਸ਼ਹੂਰੀ ਹੋਣੀ ਜਾਂ ਬਦਨਾਮ ਹੋ ਜਾਣਾ।

**ਨਾਂ ਨਮੂਜ ਡੋਬ ਦੇਣਾ**—ਇੱਜ਼ਤ ਆਬਰੂ ਗੁਆ ਦੇਣੀ।

**ਨਾਂ ਨਾ ਲੈਣਾ**—ਉੱਕਾ ਹੀ ਨਾਂਹ ਕਰ ਦੇਣੀ।

**ਨਾਂ ਪਿੱਛੇ ਮਰਨਾ**—ਮਸ਼ਹੂਰੀ ਲਈ ਦੁੱਖ ਝੱਲਣੇ।

**ਨਾਂ ਰੌਸ਼ਨ ਹੋਣਾ**—ਵਡਿਆਈ ਮਿਲਣੀ, ਪ੍ਰਸਿੱਧੀ ਪ੍ਰਾਪਤ ਕਰਨੀ, ਮਸ਼ਹੂਰ ਹੋ ਜਾਣਾ।

**ਨਾਂ ਵਟਾ ਛੱਡਣਾ**—ਫਟਕਾਰ ਪਾਉਣੀ।

**ਨਿਗਾਹ ਅਸਮਾਨੇ ਚੜ੍ਹਨੀ**—ਹੰਕਾਰੀ ਬਣ ਜਾਣਾ।

**ਨਿਤ ਨਵਾਂ ਗੁਲ ਖਿੜਾਉਣਾ**—ਨਿਤ ਨਵੀਂ ਬਦਨਾਮੀ ਖੱਟਣੀ, ਰੋਜ਼ ਨਵਾਂ ਉਲਾਂਭਾ ਲੈਣਾ।

**ਨਿਮਕ ਹਰਾਮ ਹੋਣਾ**—ਕਿਸੇ ਦੇ ਕੀਤੇ ਨੂੰ ਭੁਲਾ ਦੇਣਾ।

**ਨਿਮੋਝੂਣਾ ਹੋਣਾ**—ਹਾਰਨ ਮਗਰੋਂ ਉਦਾਸ ਹੋ ਜਾਣਾ, ਬੇਵਸੀ ਵਿੱਚ ਹੋਣਾ।

**ਨੀਅਤ ਵਿੱਚ ਫ਼ਰਕ ਹੋਣਾ**—ਬੇਈਮਾਨ ਹੋ ਜਾਣਾ, ਅੰਦਰੋਂ ਧੋਖੇਬਾਜ਼ ਹੋਣਾ।

**ਨੀਂਹ ਰੱਖਣਾ**—ਸ਼ੁਰੂ ਕਰਨਾ, ਮੁੱਢ ਬੰਨ੍ਹਣਾ, ਇਮਾਰਤ ਦੀ ਉਸਾਰੀ ਲਈ ਪਹਿਲੀ ਇੱਟ ਰੱਖਣੀ।

**ਨੀਤ ਭਰਨੀ**—ਰੱਜ ਆ ਜਾਣਾ, ਸੰਤੁਸ਼ਟ ਹੋ ਜਾਣਾ।

**ਨੀਂਦ ਹਰਾਮ ਹੋਣਾ**—ਚਿੰਤਾ ਕਾਰਨ ਨੀਂਦ ਉਡ ਜਾਣੀ।

**ਨੁੱਕਰ ਵਿੱਚ ਮੂੰਹ ਦੇ ਕੇ ਰੋਣਾ**—ਕੱਲਿਆਂ ਦੁੱਖ ਝੱਲਣਾ, ਆਪਣਾ ਦੁੱਖ ਲੁਕ ਕੇ ਰੋਣਾ।

**ਨੇਰ੍ਹੀ ਵਗਾ ਦੇਣੀ**—ਬਹੁਤ ਰੌਲ਼ਾ ਰੱਪਾ ਪਾਉਣਾ, ਅਵਾਜ਼ ਉਠਾਉਣੀ।

**ਨੇਤਰ ਭਰ ਆਉਣੇ**—ਦੁੱਖ ਜਾਂ ਵਿਛੋੜੇ ਕਾਰਨ ਅੱਖਾਂ ਵਿੱਚ ਹੰਝੂ ਆ ਜਾਣੇ।

**ਨੇਪਰੇ ਚਾੜ੍ਹਨਾ**—ਕੰਮ ਮੁਕਾ ਦੇਣਾ, ਕੰਮ ਵਿੱਚ ਸਫ਼ਲਤਾ ਮਿਲ਼ਣੀ।

**ਨੇੜੇ ਨਾ ਆਉਣਾ**—ਉੱਕਾ ਹੀ ਪਰਵਾਹ ਨਾ ਕਰਨੀ।

**ਨੂੰਹ ਧੀ ਨਾਲ਼ੋਂ ਘੱਟ ਨਾ ਹੋਣਾ**—ਕਿਸੇ ਨਾਲ਼ੋਂ ਵੀ ਮਾੜੇ ਨਾ ਹੋਣਾ।

**ਨੌਂ ਨਿਧਾਂ ਤੇ ਬਾਰਾਂ ਸਿਧਾਂ ਹੋਣੀਆਂ**—ਹਰ ਪਾਸੇ ਸਫਲਤਾ ਮਿਲਣੀ, ਸੁਖੀ ਤੇ ਖ਼ੁਸ਼ਹਾਲ ਹੋਣਾ।

ਨੌ ਬਰ ਨੌ ਹੋਣਾ—ਤੰਦਰੁਸਤ ਹੋਣਾ, ਬੀਮਾਰੀ ਤੋਂ ਰਹਿਤ ਹੋਣਾ।

ਨੌਕਰੀ ਵਜਾਉਣਾ—ਆਪਣਾ ਫ਼ਰਜ਼ ਪੂਰਾ ਕਰਨਾ।

ਨੰਗ ਹੋਣਾ—ਗ਼ਰੀਬ ਹੋਣਾ, ਬੇਸ਼ਰਮ ਹੋਣਾ।

ਨੰਗੇ ਧੜ ਚੜ੍ਹਨਾ—ਇਕੱਠੇ ਔਖ ਸੌਖ ਸਹਿ ਕੇ ਜ਼ਿੰਦਗੀ ਕਟਣੀ।

ਨੰਨਾ ਫੜਨਾ—ਨਾਂਹ ਕਰੀ ਜਾਣੀ, ਉੱਕਾ ਹੀ ਨਾ ਮੰਨਣਾ।

ਨੰਨੇ ਦੀ ਪੱਟੀ—ਹਰ ਵਕਤ ਨਾਂਹ-ਨਾਂਹ ਕਰੀ ਜਾਣਾ।

## ਪ

ਪਸੀਨਾ ਪਸੀਨਾ ਹੋਣਾ—ਜ਼ੋਰ ਲਾ ਕੇ ਕੰਮ ਕਰਨਾ, ਘਬਰਾ ਜਾਣਾ।

ਪਸੀਨੇ ਦੀ ਥਾਂ ਲਹੂ ਡੋਲ੍ਹਣਾ—ਵਿੱਤੋਂ ਬਾਹਰੀ ਕੁਰਬਾਨੀ ਦੇਣੀ, ਸਮਰੱਥਾ ਤੋਂ ਬਾਹਰਾ ਕੰਮ ਕਰਨਾ।

ਪਹਾੜ ਨਾਲ਼ ਟੱਕਰ ਲੈਣਾ—ਤਕੜੇ ਮਨੁੱਖ ਨਾਲ਼ ਆਹਡਾ ਲਾਉਣਾ, ਸ਼ਕਤੀਸ਼ਾਲੀ ਵਿਅਕਤੀ ਨਾਲ਼ ਟੱਕਰ ਲੈਣੀ।

ਪੱਕੀ ਕਰਨਾ—ਵਾਰ ਵਾਰ ਚਿਤਾਵਨੀ ਦੇਣੀ।

ਪੱਕੀ ਗੱਲ ਕਰਨੀ—ਸਿਆਣੀ ਤੇ ਇਕਰਾਰ ਭਰਪੂਰ ਗੱਲ ਕਰਨੀ।

ਪੱਕੇ ਪੈਰਾਂ ਤੇ ਖੜੋਣਾ—ਕੰਮਕਾਰ ਦਾ ਪੱਕੇ ਤੌਰ 'ਤੇ ਚੱਲ ਪੈਣਾ, ਪੂਰਾ ਨਿਰਵਾਹ ਹੋਣਾ।

ਪੱਕੇ ਭਾਂਡੇ ਪੈਣਾ—ਖਾਧਾ ਜਾਣਾ, ਢਿੱਡ ਵਿੱਚ ਪੈਣਾ।

ਪਖੰਡ ਖੜ੍ਹਾ ਕਰਨਾ—ਬਹਾਨੇ ਘੜਨੇ।

ਪੱਗ ਉਤਾਰਨਾ—ਬੇਇੱਜ਼ਤੀ ਕਰਨੀ।

ਪੱਗ ਨੂੰ ਹੱਥ ਪਾਉਣਾ—ਬੇਇੱਜ਼ਤੀ ਕਰਨ ਦੀ ਕੋਸ਼ਿਸ਼ ਕਰਨੀ।

ਪੱਗ ਬੰਨ੍ਹਣਾ—ਬਾਪ ਦੀ ਮੌਤ ਮਗਰੋਂ ਪੁੱਤਰ ਦੇ ਸਿਰ ਜ਼ੁੰਮੇਂਵਾਰੀ ਦੀ ਪਗੜੀ ਬੰਨ੍ਹਣੀ।

ਪੱਗ ਵਟਾਉਣੀ—ਪੱਗ-ਵਟ ਭਰਾ ਬਣਨਾ।

ਪੱਗ ਲਾਹ ਲੈਣੀ—ਬੇਇੱਜ਼ਤੀ ਕਰਨਾ।

ਪਚਾਨਵੇਂ ਦਾ ਘਾਟਾ ਹੋਣਾ—ਨਿਰਾ ਘਾਟਾ ਹੋਣਾ।

ਪੱਛੀ ਲਾਉਣਾ—ਮੁੱਕਦੀ ਲੜਾਈ ਨੂੰ ਮਘਾ ਦੇਣਾ।

ਪੱਛਾਂ ਤੇ ਲੂਣ ਛਿੜਕਣਾ—ਦੁਖੀ ਨੂੰ ਹੋਰ ਸਤਾਉਣਾ।

**ਪੱਜ ਪਾਉਣਾ**—ਬਹਾਨੇ ਘੜਨੇ, ਪਖੰਡ ਕਰਨਾ।

**ਪੱਟ ਦੇ ਪੰਘੂੜੇ ਝੂਟਣਾ**—ਮੌਜ ਮਸਤੀ ਕਰਨੀ, ਐਸ਼ ਉਡਾਉਣੀ।

**ਪਟਾਖ ਪਟਾਖ ਜਵਾਬ ਦੇਣਾ**—ਤੁਰਤ ਹੀ ਉੱਤਰ ਮੋੜ ਦੇਣਾ।

**ਪੱਟੀ ਪੜ੍ਹਾਉਣਾ**—ਉਲਟੀ ਸਿੱਖਿਆ ਦੇਣੀ, ਸਲਾਹ ਦੇਣੀ।

**ਪਤ ਪਤ ਢੂੰਢਣਾ**—ਹਰ ਥਾਂ ਜਾ ਕੇ ਲੱਭਣਾ।

**ਪਤਰਾ ਵਾਚ ਜਾਣਾ**—ਨੱਸ ਜਾਣਾ, ਭੱਜ ਜਾਣਾ।

**ਪੱਥਰ ਹੋਣਾ**—ਕਿਸੇ ਗੱਲ ਦਾ ਅਸਰ ਮਹਿਸੂਸ ਨਾ ਕਰਨਾ, ਅਭਿੱਜ ਹੋ ਜਾਣਾ।

**ਪੱਥਰ ਚੱਟ ਕੇ ਮੁੜਨਾ**—ਕਿਸੇ ਗੱਲ ਦਾ ਅੰਤਵਾਰਾ ਲੈ ਕੇ ਮੁੜਨਾ, ਠੋਕਰਾਂ ਖਾ ਕੇ ਸੁਧਰਨਾ।

**ਪੱਥਰ 'ਚੋਂ ਪਾਣੀ ਕੱਢਣਾ**—ਅਣਹੋਣੀ ਗੱਲ ਕਰ ਵਿਖਾਉਣੀ, ਅਨੋਖਾ ਕਾਰਨਾਮਾ ਕਰਨਾ।

**ਪੱਥਰ ਜਿਹਾ ਜੇਰਾ ਕਰਨਾ**—ਦਿਲ ਮਜਬੂਤ ਕਰਨਾ।

**ਪੱਥਰਾਂ ਨੂੰ ਰੁਆ ਦੇਣਾ**—ਸਖ਼ਤ ਦਿਲਾਂ ਨੂੰ ਨਰਮ ਬਣਾ ਦੇਣਾ।

**ਭੱਬਾਂ ਭਾਰ ਨੱਸਣਾ**—ਤੇਜ਼ ਤੇਜ਼ ਦੌੜਨਾ, ਕੋਈ ਕੰਮ ਕਾਹਲ਼ੀ 'ਚ ਕਰਨਾ।

**ਪਰ ਝਾੜਨੇ**—ਕਿਸੇ ਦੀ ਆਕੜ ਭੰਨ ਦੇਣੀ।

**ਪਰ ਨਾ ਫੜਕਣਾ**—ਜ਼ਰਾ ਭਰ ਵੀ ਹਿਲ ਜੁਲ ਨਾ ਹੋਣੀ।

**ਪਰ ਮਾਰਨਾ**—ਹਿੰਮਤ ਕਰਨੀ, ਕਿਸੇ ਅਧੂਰੇ ਕੰਮ ਨੂੰ ਨੇਪਰੇ ਚਾੜ੍ਹਨ ਲਈ ਪੂਰੀ ਟਿਲ ਲਾਉਣੀ।

**ਪਰ ਲੱਗਣਾ**—ਹੋਸ਼ ਆਉਣੀ, ਆਪਣੇ ਆਪ ਜੋਗਾ ਹੋ ਜਾਣਾ।

**ਪਰਛਾਵੇਂ ਤੋਂ ਡਰਨਾ**—ਦੂਰ ਦੂਰ ਰਹਿਣਾ, ਨੇੜੇ ਨਾ ਢੁੱਕਣ ਦੇਣਾ।

**ਪਰਛਾਵੇਂ ਤੋਂ ਬਚਾਉਣਾ**—ਅਸਰ ਪੈਣੋਂ ਰੋਕਣਾ।

**ਪਰਨਾਲਾ ਉਥੇ ਹੀ ਰਹਿਣਾ**—ਆਪਣੀ ਜ਼ਿਦ ਪੁਗਾਉਣੀ।

**ਪਰਬਤ ਚੀਰ ਸੁੱਟਣਾ**—ਔਖੇ ਤੋਂ ਔਖੇ ਕੰਮ ਕਰ ਵਿਖਾਉਣਾ।

**ਪਰਲੋ ਆਉਣੀ**—ਮੁਸੀਬਤ ਆ ਪੈਣੀ, ਸੰਸਾਰ ਦਾ ਅੰਤਮ ਸਮਾਂ ਆ ਜਾਣਾ।

**ਪ੍ਰਾਣ ਦੇਣਾ**—ਮਰ ਜਾਣਾ, ਸੁਰਗਵਾਸ ਹੋ ਜਾਣਾ।

**ਪਲ ਪਲ ਗਿਣ ਕੇ ਕੱਟਣਾ**—ਉਡੀਕ ਅਤੇ ਦੁੱਖ ਦੇ ਪਲਾਂ ਨੂੰ ਬੜੀ ਮੁਸ਼ਕਿਲ ਨਾਲ਼ ਬਤੀਤ ਕਰਨਾ।

**ਪਲਕਾਂ ਨਾ ਲਾਉਣਾ**—ਨੀਂਦ ਉੱਡ ਜਾਣੀ, ਸਾਰੀ ਰਾਤ ਜਾਗਦਿਆਂ ਲੰਘਾਉਣੀ।

**ਪੱਲਾ ਗਲ਼ ਵਿੱਚ ਪਾਉਣਾ**—ਅਰਜੋਈ ਕਰਨੀ।

**ਪੱਲਾ ਛੁਡਾਉਣਾ**—ਛੁਟਕਾਰਾ ਪਾ ਲੈਣਾ, ਖਲਾਸੀ ਕਰਾਉਣੀ।

**ਪੱਲਾ ਝਾੜਨਾ**—ਸਭ ਕੁਝ ਗੁਆ ਦੇਣਾ, ਬੁਰੀ ਤਰ੍ਹਾਂ ਹਾਰ ਜਾਣਾ।

**ਪੱਲਾ ਨੀਵਾਂ ਕਰਨਾ**—ਘੁੰਡ ਕੱਢਣਾ, ਪਰਦਾ ਕਰਨਾ।

**ਪੱਲਾ ਫੜਨਾ**—ਲੜ ਫੜਨਾ, ਆਸਰਾ ਲੈਣਾ, ਲੜ ਲੱਗਣਾ।

**ਪਲਾਹ-ਸੋਟਾ ਮਾਰਨਾ**—ਬਿਨਾਂ ਸੋਚੇ ਸਮਝੇ ਕੋਈ ਗੱਲ ਮੂੰਹੋਂ ਕੱਢ ਦੇਣੀ।

**ਪੱਲੇ ਕੁਝ ਨਾ ਪੈਣਾ**—ਗੱਲ ਦੀ ਸਮਝ ਨਾ ਆਉਣੀ।

**ਪੱਲੇ ਬੰਨ੍ਹ ਲੈਣਾ**—ਕੋਈ ਗੱਲ ਪੂਰੀ ਤਰ੍ਹਾਂ ਸਮਝ ਕੇ ਆਪਣੇ ਮਨ ਵਿੱਚ ਬਿਠਾ ਲੈਣੀ।

**ਪੜਛੇ ਲਾਹੁਣੇ**—ਬੇਕਿਰਕੀ ਨਾਲ਼ ਮਾਰਨਾ।

**ਪਰਦੇ ਢੱਕਣੇ**—ਕਿਸੇ ਦੀਆਂ ਬੁਰਾਈਆਂ ਨੂੰ ਲੁਕੋ ਲੈਣਾ।

**ਪਰਦਾ ਫਾਸ਼ ਕਰਨਾ**—ਭੇਦ ਵਾਲ਼ੀ ਗੱਲ ਦੱਸ ਦੇਣੀ।

**ਪਰਦਾ ਰੱਖਣਾ**—ਭੇਤ ਲੁਕੋ ਲੈਣਾ।

**ਪਾ ਪਾਸਿਕ ਨਾ ਹੋਣਾ**—ਜ਼ਰਾ ਭਰ ਵੀ ਮੁਕਾਬਲੇ ਦਾ ਨਾ ਹੋਣਾ, ਬਰਾਬਰਤਾ ਨਾ ਹੋਣੀ।

**ਪਾਸਾ ਪਰਤਣਾ**—ਚੰਗੇ ਦਿਨ ਆ ਜਾਣੇ।

**ਪਾਸਾ ਪੈਣਾ**—ਚੰਗੀ ਕਿਸਮਤ ਹੋਣੀ।

**ਪਾਜ ਖੁੱਲ੍ਹ ਜਾਣਾ**—ਭੇਤ ਨਸ਼ਰ ਹੋ ਜਾਣਾ, ਗੁੱਝੀ ਗੱਲ ਦਾ ਪਤਾ ਲੱਗ ਜਾਣਾ।

**ਪਾਣੀ ਸਿਰੋਂ ਲੰਘਣਾ**—ਮੁਆਮਲਾ ਹੱਦੋਂ ਟੱਪ ਜਾਣਾ, ਬਰਦਾਸ਼ਤ ਤੋਂ ਬਾਹਰੀ ਗੱਲ ਹੋ ਜਾਣੀ।

**ਪਾਣੀ ਗਲ ਗਲ ਤੱਕ ਆਉਣਾ**—ਕਿਸੇ ਗੱਲ ਦੀ ਅਤਿ ਹੋ ਜਾਣੀ, ਚਿੰਤਾ ਅਸਿਹ ਹੋ ਜਾਣੀ, ਦੁੱਖਾਂ ਨੇ ਬੁਰੀ ਤਰ੍ਹਾਂ ਘੇਰ ਲੈਣਾ।

**ਪਾਣੀ ਨਾ ਚੜ੍ਹਨਾ**—ਕਿਸੇ ਦਾ ਵੀ ਅਸਰ ਨਾ ਹੋਣਾ, ਆਪਣੀ ਗੱਲ ਨਾ ਮਨਾਈ ਜਾ ਸਕਣੀ।

**ਪਾਣੀ ਪਾਣੀ ਹੋਣਾ**—ਸ਼ਰਮਿੰਦਾ ਹੋ ਜਾਣਾ, ਸ਼ਰਮਸਾਰ ਹੋ ਜਾਣਾ।

**ਪਾਣੀ ਪੀ ਪੀ ਕੋਸਣਾ**—ਫਟਕਾਰ ਪਾਉਣੀ, ਲਾਅਨਤਾਂ ਪਾਉਣੀਆਂ।

**ਪਾਣੀ ਫਿਰਨਾ**—ਨਿਰਾਸ਼ ਹੋ ਜਾਣਾ, ਬਰਬਾਦ ਹੋ ਜਾਣਾ, ਸਰੀਰਕ ਤੌਰ 'ਤੇ ਤਕੜਾ ਹੋ ਜਾਣਾ।

ਪਾਣੀ ਬਦਲਣਾ—ਸਿਹਤ ਦੀ ਬਿਹਤਰੀ ਲਈ ਕਿਸੇ ਹੋਰ ਜਗ੍ਹਾ 'ਤੇ ਜਾ ਵਸਣਾ ਜਾਂ ਜਾ ਰਹਿਣਾ।

ਪਾਣੀ ਭਰਨਾ—ਦੂਜੇ ਦੀ ਸੇਵਾ ਕਰਨੀ, ਸ਼ਾਨੀ ਭਰਨੀ।

ਪਾਣੀ ਰਿੜਕਣਾ—ਬੇਅਰਥ ਮਿਹਨਤ ਕਰਨਾ, ਕੋਈ ਲਾਭ ਪ੍ਰਾਪਤ ਨਾ ਹੋਣਾ।

ਪਾਣੀ ਵਾਰ ਕੇ ਪੀਣਾ—ਸ਼ਗਨ ਮਨਾਉਣੇ।

ਪਾਣੀਓਂ ਪਤਲੇ ਕਰਨਾ—ਬੇਇੱਜ਼ਤੀ ਕਰਨੀ।

ਪਾਧਾ ਨਾ ਪੁੱਛਣਾ—ਬਿਨਾਂ ਸ਼ਗਨ ਅਪਸ਼ਗਨ ਵਿਚਾਰੇ ਕੰਮ ਸ਼ੁਰੂ ਕਰ ਦੇਣਾ।

ਪਾਪੜ ਵੇਲਣਾ—ਕਈ ਪ੍ਰਕਾਰ ਦੇ ਕੰਮ ਕਰਨੇ, ਉਪਜੀਵਕਾ ਲਈ ਯਤਨਸ਼ੀਲ ਰਹਿਣਾ, ਵਾਹ ਲਾਉਣਾ, ਚਲਾਕੀਆਂ ਕਰਨੀਆਂ।

ਪਾਰਾ ਚੜ੍ਹਨਾ—ਬਹੁਤ ਗ਼ੁੱਸੇ ਵਿੱਚ ਆ ਜਾਣਾ।

ਪਾੜ ਨਾ ਸਕਣਾ—ਵਿੱਥਾਂ ਨਾ ਪਾ ਸਕਣਾ, ਅੱਡ ਨਾ ਕਰ ਸਕਣਾ।

ਪਿਆਲਾ ਛਲਕ ਪੈਣਾ—ਆਪੇ ਤੋਂ ਬਾਹਰ ਹੋ ਜਾਣਾ, ਆਪਣੇ ਆਪ ਨੂੰ ਕਾਬੂ ਨਾ ਰੱਖ ਸਕਣਾ।

ਪਿੱਸੂ ਪਾ ਦੇਣਾ—ਫ਼ਿਕਰ ਪਾ ਦੇਣਾ, ਚਿੰਤਾ ਸਹੇੜ ਦੇਣੀ।

ਪਿਛਲੇਂ ਪੈਰੀਂ ਆਉਣਾ—ਬਹੁਤ ਛੇਤੀ ਆ ਜਾਣਾ।

ਪਿੱਛਾ ਛੱਡਣਾ—ਖਹਿੜਾ ਛੱਡ ਦੇਣਾ।

ਪਿੱਛਾ ਦੇਣਾ—ਸਾਥ ਛੱਡ ਦੇਣਾ, ਮਿੱਤਰ ਧ੍ਰੋਹ ਕਮਾਉਣਾ।

ਪਿਛਾਂਹ ਹਟਣਾ—ਸਾਂਝ-ਭਿਆਲੀ ਘਟਾ ਦੇਣੀ।

ਪਿੱਛੇ ਪਾਉਣਾ—ਬੱਚਤ ਕਰਨੀ, ਕੁਝ ਨਾ ਕੁਝ ਬਚਾਅ ਕੇ ਰੱਖਣਾ।

ਪਿੱਛੇ ਪੈ ਜਾਣਾ—ਕੋਈ ਕੰਮ ਕਰਵਾਉਣ ਲਈ ਮਗਰ ਲੱਗੇ ਰਹਿਣਾ, ਖਹਿੜੇ ਪੈਣਾ।

ਪਿੱਟਣਾ ਮੁਕਣਾ—ਰੋਜ਼-ਰੋਜ਼ ਦਾ ਕਲੇਸ਼ ਮੁੱਕ ਜਾਣਾ, ਝਗੜਾ ਖ਼ਤਮ ਹੋ ਜਾਣਾ।

ਪਿੱਠ ਠੋਕਣਾ—ਅੰਦਰੋਗਤੀ ਹੱਲਾ ਸ਼ੇਰੀ ਦੇਣੀ, ਮੱਦਦ ਕਰਨੀ, ਸ਼ਹਿ ਦੇਣਾ।

ਪਿੱਠ ਤੇ ਹੋਣਾ—ਮਦਦਗਾਰ ਹੋਣਾ, ਸਹਾਇਤਾ ਕਰਨ ਵਾਲ਼ਾ ਹੋਣਾ।

ਪਿੱਠ ਦੇਣਾ—ਹਿੰਮਤ ਹਾਰ ਜਾਣੀ, ਧੋਖਾ ਦੇ ਦੇਣਾ, ਮੂੰਹ ਭੁਆ ਲੈਣਾ।

ਪਿੱਠ ਪਿੱਛੇ ਰਹਿਣਾ—ਚੁਗ਼ਲੀਆਂ ਕਰਨੀਆਂ, ਚੋਰੀ ਚੋਰੀ ਨਿੰਦਿਆ ਕਰਨੀ।

ਪਿੱਠ ਮੋੜਨਾ—ਸਾਥ ਛੱਡ ਦੇਣਾ।

**ਪਿੱਠ ਲੱਗਣਾ**—ਢਹਿ ਜਾਣਾ, ਹਾਰ ਜਾਣਾ।

**ਪਿੜ ਪੱਲੇ ਕੁਝ ਨਾ ਹੋਣਾ**—ਬੇਸਮਝ ਹੋਣਾ।

**ਪੀ ਜਾਣਾ**—ਸਹਿ ਜਾਣਾ, ਸਹਾਰ ਜਾਣਾ, ਗ਼ੁੱਸਾ ਮਾਰ ਲੈਣਾ।

**ਪੀਰ ਹੋ ਕੇ ਟੱਕਰਨਾ**—ਉਸਤਾਦ ਹੋ ਕੇ ਟੱਕਰਨਾ, ਨਹਿਲੇ ਤੇ ਦਹਿਲਾ ਮਾਰਨਾ।

**ਪੁਆੜਾ ਪਾਉਣਾ**—ਲੜਾਈ ਝਗੜਾ ਕਰਨਾ, ਮੁਸੀਬਤ ਖੜ੍ਹੀ ਕਰ ਦੇਣੀ।

**ਪੁੱਠਾ ਕਰਕੇ ਟੰਗਣਾ**—ਕਰੜੀ ਸਜ਼ਾ ਦੇਣੀ।

**ਪੁੱਠੀ ਖਲ ਲਾਹੁਣੀ**—ਅਸਹਿ ਤਸੀਹੇ ਦੇਣੇ।

**ਪੁੱਠੀਆਂ ਛਾਲ਼ਾਂ ਮਾਰਨੀਆਂ**—ਬਹੁਤ ਖ਼ੁਸ਼ ਹੋਣਾ।

**ਪੁਣ ਛਾਣ ਕਰਨਾ**—ਘੋਖ ਕਰਨੀ, ਪੜਤਾਲ ਕਰਨੀ।

**ਪੁੱਤਰ ਦੇਣਾ**—ਝੂਠੇ ਇਕਰਾਰ ਕਰੀ ਜਾਣੇ, ਪਰ ਕੋਈ ਇਕਰਾਰ ਪੂਰਾ ਨਾ ਕਰਨਾ।

**ਪੁਰਾਣੇ ਫੋਲਣੇ ਫੋਲਣਾ**—ਭੁੱਲੀਆਂ ਵਿਸਰੀਆਂ ਦੁੱਖਦਾਈ ਗੱਲਾਂ ਚੇਤੇ ਕਰਨੀਆਂ।

**ਪੁੜਪੁੜੀਆਂ ਗਰਮ ਹੋਣਾ**—ਡੂੰਘੀ ਤੇ ਲੰਬੀ ਸੋਚ ਵਿਚਾਰ ਕਰਨੀ।

**ਪੂਰਾ ਉਤਰਨਾ**—ਆਪਣਾ ਵਾਅਦਾ ਪੂਰਾ ਕਰਨਾ, ਦੂਜੇ ਦੀ ਤਸੱਲੀ ਕਰਵਾ ਦੇਣੀ।

**ਪੂਰੀਆਂ ਪਾਉਣਾ**—ਕੋਈ ਵੀ ਕੰਮ ਸਿਰੇ ਨਾ ਚਾੜ੍ਹਨਾ, ਨਿਕੰਮਾ ਹੋਣਾ।

**ਪੇਸ਼ ਨਾ ਜਾਣੀ**—ਇੱਛਾ ਪੂਰੀ ਨਾ ਹੋਣੀ, ਦਾਲ਼ ਨਾ ਗਲ਼ਣੀ, ਸਾਰੇ ਯਤਨ ਫੇਲ੍ਹ ਹੋ ਜਾਣੇ।

**ਪੇਸ਼ ਪੈ ਜਾਣਾ**—ਨਿੱਕੀ ਨਿੱਕੀ ਗੱਲ 'ਤੇ ਘੂਰਨਾ, ਨੁਕਸ ਛਾਂਟਣੇ, ਦੁਖੀ ਕਰਨਾ, ਪਿੱਛੇ ਲੱਗ ਜਾਣਾ।

**ਪੈਸਾ ਗੁਰ ਪੀਰ ਹੋਣਾ**—ਪੈਸੇ ਖ਼ਾਤਰ ਹਰ ਤਰ੍ਹਾਂ ਦੀ ਗ਼ੁਲਾਮੀ ਕਰਨੀ।

**ਪੈਂਤੜਾ ਬਦਲਣਾ**—ਆਪਣੀ ਥਾਂ ਬਦਲ ਲੈਣਾ, ਨਵੀਂ ਚਾਲ ਚਲਣੀ, ਚਲਾਕੀ ਵਾਲ਼ੀ ਨਵੀਂ ਖੇਡ ਖੇਡਣੀ।

**ਪੈਰ ਉਖੜਨੇ**—ਟਿਕ ਨਾ ਸਕਣਾ, ਸਫਲਤਾ ਪ੍ਰਾਪਤ ਨਾ ਹੋਣੀ, ਹਾਰ ਕੇ ਦੌੜ ਜਾਣਾ।

**ਪੈਰ ਅੜਾਉਣਾ**—ਦਖ਼ਲ ਅੰਦਾਜ਼ੀ ਕਰਨੀ, ਨਵੇਂ ਕਾਰੋਬਾਰ ਦੀ ਸ਼ੁਰੂਆਤ ਕਰਨੀ, ਨਿੱਕਾ ਮੋਟਾ ਕੰਮ ਕਰਨਾ।

**ਪੈਰ ਚੁੰਮਣਾ**—ਆਦਰ ਸਤਿਕਾਰ ਕਰਨਾ, ਖ਼ੁਸ਼ਾਮਦ ਕਰਨੀ, ਨਿਮਰਤਾ ਨਾਲ਼ ਗੱਲ ਕਰਨੀ।

**ਪੈਰ ਟਿਕਣੇ**—ਕੰਮ ਕਾਰ ਵਿੱਚ ਸਥਿਰਤਾ ਆ ਜਾਣੀ, ਕੰਮ ਚੱਲ ਪੈਣਾ, ਮੁਕਾਬਲੇ ਵਿੱਚ ਖੜੋ ਜਾਣਾ।

**ਪੈਰ ਧਰਤੀ 'ਤੇ ਨਾ ਲੱਗਣੇ**—ਖ਼ੁਸ਼ੀਆਂ ਵਿੱਚ ਉੱਡਦੇ ਫਿਰਨਾ, ਬਹੁਤ ਖ਼ੁਸ਼ੀ ਹੋਣੀ।

**ਪੈਰ ਧੋ ਧੋ ਕੇ ਪੀਣਾ**—ਆਦਰ ਸਤਿਕਾਰ ਕਰਨਾ।

**ਪੈਰ ਪਸਾਰਨਾ**—ਕਬਜ਼ਾ ਕਰਨ ਦਾ ਯਤਨ ਕਰਨਾ, ਬਹੁਤੀ ਥਾਂ ਮੱਲਣੀ।

**ਪੈਰ ਫੂਕ ਫੂਕ ਕੇ ਧਰਨਾ**—ਬਹੁਤ ਹੀ ਸੁਚੇਤ ਹੋ ਕੇ ਕੋਈ ਕੰਮ ਕਰਨਾ।

**ਪੈਰ ਭਾਰੇ ਹੋਣਾ**—ਇਸਤਰੀ ਦਾ ਗਰਭਵਤੀ ਹੋ ਜਾਣਾ।

**ਪੈਰਾਂ ਹੇਠ ਹੱਥ ਰੱਖਣੇ**—ਬਹੁਤ ਹੀ ਇੱਜ਼ਤ ਮਾਣ ਕਰਨਾ, ਹੱਥੀਂ ਛਾਵਾਂ ਕਰਨੀਆਂ।

**ਪੈਰਾਂ ਹੇਠੋਂ ਧਰਤੀ ਖਿਸਕ ਜਾਣਾ**—ਕੋਈ ਮਾੜੀ ਖ਼ਬਰ ਸੁਣ ਕੇ ਘਬਰਾ ਜਾਣਾ, ਹੋਸ਼ ਉੱਡ ਜਾਣੇ।

**ਪੈਰਾਂ ਥੱਲੇ ਤਲ਼ੀਆਂ ਰੱਖਣਾ**—ਬਹੁਤ ਇੱਜ਼ਤ ਕਰਨੀ।

**ਪੈਰਾਂ 'ਤੇ ਪਾਣੀ ਨਾ ਪੈਣ ਦੇਣਾ**—ਆਪਣਾ ਕਸੂਰ ਨਾ ਮੰਨਣਾ, ਕਸੂਰਵਾਰ ਹੁੰਦੇ ਹੋਏ ਵੀ ਕਸੂਰ ਨਾ ਮੰਨਣਾ।

**ਪੈਰਾਂ ਤੋਂ ਮਹਿੰਦੀ ਲਾਹੁਣੀ**—ਨਖ਼ਰੇ ਕਰਨੇ, ਆਕੜ ਵਿਖਾਉਣੀ।

**ਪੈਰੋਂ ਕੱਢ ਦੇਣਾ**—ਗੱਲਾਂ ਬਾਤਾਂ 'ਚ ਕਸੂਰ ਮੰਨਵਾ ਲੈਣਾ, ਆਕੜ ਕੱਢ ਦੇਣੀ, ਹਰਾ ਦੇਣਾ।

**ਪੋਟਾ ਪੋਟਾ ਦੁਖੀ ਹੋਣਾ**—ਬਹੁਤ ਦੁਖੀ ਹੋਣਾ, ਇਕ ਪਲ ਲਈ ਵੀ ਸੁੱਖ ਦਾ ਸਾਹ ਨਾ ਆਉਣਾ।

**ਪੋਟੇ ਭੰਨ ਭੰਨ ਪਾਲਣਾ**—ਬਹੁਤ ਔਖਿਆਈ ਨਾਲ਼ ਪਾਲਣਾ ਕਰਨੀ, ਜਫਰ ਜਾਲ਼ ਕੇ ਪਾਲਣਾ।

**ਪੋਲ ਖੁੱਲ੍ਹ ਜਾਣਾ**—ਅਸਲੀਅਤ ਜ਼ਾਹਰ ਹੋ ਜਾਣੀ, ਭੇਤ ਦਾ ਪਤਾ ਲੱਗ ਜਾਣਾ।

**ਪੌ ਬਾਰਾਂ ਹੋਣੀਆਂ**—ਮੌਜਾਂ ਲੱਗ ਜਾਣੀਆਂ।

**ਪੰਜ ਪਕਾਣਾ ਦਸ ਖਾਣਾ**—ਆਪਣੇ ਆਪ ਹੀ ਨਬੇੜਾ ਕਰਨਾ, ਮਨਮਰਜ਼ੀ ਕਰਨੀ।

**ਪੰਜੇ ਐਬ ਸ਼ਰੱਈ ਹੋਣਾ**—ਛਟਿਆ ਹੋਇਆ ਬਦਮਾਸ਼ ਜੋ ਹਰ ਪ੍ਰਕਾਰ ਦਾ ਐਬੀ ਹੋਵੇ।

**ਪੰਜੇ ਵਿੱਚੋਂ ਕੱਢਣਾ**—ਦੁੱਖਾਂ ਤਕਲੀਫ਼ਾਂ ਤੋਂ ਨਜ਼ਾਤ ਦਿਵਾਉਣੀ।

**ਪੰਡ ਚੁੱਕਣਾ**—ਜ਼ੁੰਮੇਵਾਰੀ ਓਟਣੀ।

**ਫਸਤਾ ਵੱਢਣਾ**—ਪੂਰੀ ਤਰ੍ਹਾਂ ਤਿਆਗ ਦੇਣਾ, ਮੁਕਾ ਦੇਣਾ, ਖ਼ਤਮ ਕਰ ਦੇਣਾ।

**ਫਹੁ ਮਾਰਨਾ**—ਜਭਲੀਆਂ ਮਾਰਨੀਆਂ, ਯਕੜ ਮਾਰਨੇ।

**ਫੱਕੜ ਤੋਲਣਾ**—ਝੂਠ ਬੋਲਣਾ, ਮੰਦੀਆਂ ਗਾਲ੍ਹਾਂ ਕੱਢਣੀਆਂ।

**ਫੱਕਾ ਨਾ ਰਹਿਣਾ**—ਬੁਰੀ ਤਰ੍ਹਾਂ ਨਸ਼ਟ ਹੋ ਜਾਣਾ।

**ਫੱਟ ਸਿਊਣਾ**—ਜ਼ਖ਼ਮਾਂ 'ਤੇ ਮੱਲ੍ਹਮ ਲਾਉਣੀ, ਦੁੱਖ ਭੁੱਲ ਜਾਣੇ, ਸ਼ੋਰ ਸ਼ਰਾਬਾ ਨਾ ਰਹਿਣਾ।

**ਫਟ ਹਰੇ ਹੋ ਜਾਣੇ**—ਮੰਦੀ ਖ਼ਬਰ ਸੁਣ ਕੇ ਪੁਰਾਣੇ ਦੁੱਖਾਂ ਦੀ ਯਾਦ ਤਾਜ਼ਾ ਹੋ ਜਾਣੀ।

**ਫਟਕੜੀ ਫੁੱਲ ਕਰਨਾ**—ਬਹੁਤ ਦੁੱਖ ਦੇਣਾ।

**ਫੜਾ ਸੋਟਾ ਮਾਰਨਾ**—ਬਿਨਾਂ ਸੋਚੇ ਮੂਹੋਂ ਗੱਲ ਕੱਢਣੀ।

**ਫਾਵੇ ਹੋਣਾ**—ਥੱਕ ਹਾਰ ਕੇ ਗਲ਼ਾ ਬੈਠ ਜਾਣਾ।

**ਫਿਸ ਪੈਣਾ**—ਕੋਈ ਦੁਰਘਟਨਾ ਵੇਖ ਕੇ ਜਾਂ ਦੁੱਖ ਸੁਣ ਕੇ ਰੋਣ ਲੱਗ ਜਾਣਾ।

**ਫਿੱਕਾ ਪੈਣਾ**—ਬੇਰਸੀ ਪੈਦਾ ਕਰਨੀ, ਬਦਮਗਜ਼ੀ ਪੈਦਾ ਹੋ ਜਾਣੀ, ਮੂਹੋਂ ਲਹਿ ਜਾਣਾ, ਸ਼ੋਖੀ ਤੇ ਸੁਆਦ ਘੱਟ ਜਾਣਾ।

**ਫੁੱਟੀ ਅੱਖ ਨਾ ਭਾਉਣਾ**—ਉੱਕਾ ਹੀ ਚੰਗਾ ਨਾ ਲੱਗਣਾ।

**ਫੁੱਲ ਚੁਗਣੇ**—ਸਿਵਿਆਂ ਵਿੱਚੋਂ ਮੁਰਦੇ ਦੀਆਂ ਹੱਡੀਆਂ ਚੁਣਨੀਆਂ।

**ਫਲ ਝਾੜਨਾ**—ਦੀਵੇ ਦੀ ਬੱਤੀ ਦੀ ਸੁਆਹ ਝਾੜਨੀ।

**ਫੁੱਲ ਢੇਰਾਂ ਤੇ ਖਿੜਨੇ**—ਮਾੜੇ ਹਾਲਾਤ ਵਿੱਚ ਚੰਗੇ ਮਨੁੱਖ ਪੈਦਾ ਹੋਣੇ।

**ਫੁੱਲ ਫੁੱਲ ਬੈਠਣਾ**—ਬਹੁਤ ਖ਼ੁਸ਼ ਹੋਣਾ।

**ਫੁੱਲਾਂ ਨਾਲ਼ ਤੋਲਣਾ**—ਬਹੁਤ ਪਿਆਰ ਤੇ ਲਾਡ ਨਾਲ਼ ਰੱਖਣਾ।

**ਫੁੱਲੇ ਨਾ ਸਮਾਉਣਾ**—ਬਹੁਤ ਖ਼ੁਸ਼ੀ ਪ੍ਰਗਟ ਕਰਨੀ।

**ਫੂੰ ਫਾਂਹ ਕਰਨਾ**—ਆਕੜ ਵਿਖਾਉਣੀ, ਸ਼ੇਖ਼ੀ ਮਾਰਨਾ।

**ਫੂਹੜੀ ਬਛਾਉਣੀ**—ਕਿਸੇ ਦੇ ਮਰ ਜਾਣ 'ਤੇ ਧਰਤੀ 'ਤੇ ਕੱਪੜਾ ਵਿਛਾ ਕੇ ਅਫ਼ਸੋਸ ਵਿੱਚ ਬੈਠਣਾ।

**ਫੂਕ ਛਕਾਉਣਾ**—ਖ਼ੁਸ਼ਾਮਦ ਕਰਨੀ।

**ਫੂਕ ਨਿਕਲਣਾ**—ਮਰ ਜਾਣਾ, ਸੁਆਸ ਮੁੱਕ ਜਾਣੇ।

**ਫੂਕਾਂ ਮਾਰ ਉਡਾਉਣਾ**—ਸੌਖ ਨਾਲ਼ ਸਫ਼ਲਤਾ ਪ੍ਰਾਪਤ ਕਰਨੀ, ਵੈਰੀ ਨੂੰ ਸੌਖਿਆਂ ਹੀ ਹਰਾ ਦੇਣਾ।

**ਫੇਰ ਵਿੱਚ ਪੈ ਜਾਣਾ**—ਉੱਜੜ ਜਾਣਾ, ਗ਼ਲਤੀ ਕਰ ਬੈਠਣੀ, ਉਕਾਈ ਖਾਣੀ।

**ਫੇਰੀ ਲਾਉਣੀ**—ਫਿਰ ਤੁਰ ਕੇ ਆਪਣਾ ਮਾਲ ਵੇਚਣਾ।

**ਫੇਰੇ ਦੇਣੇ**—ਵਿਆਹ ਕਰਨਾ, ਲਾਵਾਂ ਪੜ੍ਹਨੀਆਂ।

## ਬ

**ਬਹਾਰ ਆਉਣਾ**—ਮੌਜਾਂ ਹੀ ਮੌਜਾਂ ਹੋ ਜਾਣੀਆਂ, ਖ਼ੁਸ਼ੀ ਦਾ ਸਮਾਂ ਜਾਣਾ।

**ਬਹਾਰੀ ਫਿਰਨਾ**—ਤਬਾਹੀ ਮੱਚ ਜਾਣੀ, ਸਭ ਕੁਝ ਬਰਬਾਦ ਹੋ ਜਾਣਾ, ਪੱਲੇ ਕੱਖ ਨਾ ਰਹਿਣਾ;

**ਬਚਨਾਂ ਤੇ ਫੁੱਲ ਚੜ੍ਹਾਉਣੇ**—ਵਾਅਦੇ ਪੂਰੇ ਕਰਨੇ, ਕੀਤਾ ਇਕਰਾਰ ਨਿਭਾਉਣਾ।

**ਬੱਜ ਲੱਗਣਾ**—ਖੁਨਾਮੀ ਕਾਰਨ ਇੱਜ਼ਤ ਵਿੱਚ ਫ਼ਰਕ ਪੈ ਜਾਣਾ, ਸਰੀਰਕ ਨੁਕਸ ਕਾਰਨ ਸੁੰਦਰਤਾ ਮਾਰੀ ਜਾਣੀ।

**ਬੱਧੀ ਚੱਟੀ ਭਰਨੀ**—ਮਜਬੂਰੀ ਵਸ ਕੋਈ ਕੰਮ ਕਰਨਾ।

**ਬਣ ਬਣ ਦੀ ਲੱਕੜੀ ਕੱਠੀ ਹੋਣੀ**—ਵੱਖ ਵੱਖ ਥਾਵਾਂ ਅਤੇ ਵੱਖ-ਵੱਖ ਵਿਚਾਰਾਂ ਦੇ ਲੋਕ ਇਕ ਥਾਂ ਇਕੱਠੇ ਹੋਣੇ।

**ਬਰ ਨਾ ਮਿਲਣਾ**—ਬਰਾਬਰੀ ਨਾ ਕਰ ਸਕਣੀ।

**ਬਰੂਦ ਦਾ ਪਲੀਤਾ ਬਣਨਾ**—ਬਹੁਤ ਗ਼ੁੱਸੇ ਅਤੇ ਜੋਸ਼ ਵਿੱਚ ਆ ਜਾਣਾ।

**ਬਲ ਬਲ ਜਾਣਾ**—ਵਾਰੇ ਵਾਰੇ ਜਾਣਾ, ਕੁਰਬਾਨ ਹੋ ਜਾਣਾ।

**ਬਲਦੀ ਉੱਤੇ ਤੇਲ ਪਾਉਣਾ**—ਗ਼ੁੱਸੇ ਅਤੇ ਜੋਸ਼ ਆਦਿ ਨੂੰ ਵਧਾ ਦੇਣਾ, ਲੜਾਈ ਮਘਾ ਦੇਣੀ।

**ਬਲਦੀ ਅੱਗ ਵਿੱਚ ਪੈਣਾ**—ਹਰ ਕਿਸਮ ਦੀਆਂ ਮੁਸੀਬਤਾਂ ਝੱਲਣ ਲਈ ਤਿਆਰ ਹੋਣਾ।

**ਬਲਾ ਟਲ਼ ਜਾਣੀ**—ਔਖੇ ਦਿਨ ਬੀਤ ਜਾਣੇ, ਬਿਪਤਾ ਮੁੱਕ ਜਾਣੀ।

**ਬਲਾਵਾਂ ਲੈਣਾ**—ਸਦਕੇ ਜਾਣਾ, ਕੁਰਬਾਨ ਜਾਣਾ।

**ਬਾਂਹ ਫੜਨਾ**—ਸਹਾਇਤਾ ਕਰਨੀ, ਆਸਰਾ ਦੇਣਾ, ਢੋਈ ਦੇਣੀ।

**ਬਾਂਹ ਭੱਜਣੀ**—ਭਰਾ ਜਾਂ ਮਿੱਤਰ ਦੀ ਮੌਤ ਹੋ ਜਾਣੀ।

**ਬਾਹਾਂ ਚੜ੍ਹਾਉਣੀਆਂ**—ਲੜਾਈ ਲਈ ਤਿਆਰ ਹੋ ਜਾਣਾ।

**ਬਾਚੀਆਂ ਖੁਲ੍ਹ ਜਾਣੀਆਂ**—ਖਿੜ ਖਿੜ ਹੱਸਣਾ।

**ਬਾਚੀਆਂ ਮੇਲਣਾ**—ਮਾਰ ਕੁਟਾਈ ਕਰਨੀ।

**ਬਾਛਾਂ ਖੁੱਲ੍ਹਣਾ**—ਖ਼ੁਸ਼ ਹੋਣਾ।

**ਬਾਜ਼ਾਰ ਗਰਮ ਹੋਣਾ**—ਜ਼ੋਰ ਪੈ ਜਾਣਾ, ਗੱਲ ਧੁੰਮ ਜਾਣੀ।

**ਬਾਜ਼ੀ ਲੈ ਜਾਣਾ**—ਜਿੱਤ ਜਾਣਾ।

**ਬਾਤ ਦਾ ਬਤੰਗੜ ਬਣਾਉਣਾ**—ਨਿੱਕੀ ਜਿਹੀ ਗੱਲ ਨੂੰ ਵਧਾ ਚੜ੍ਹਾ ਕੇ ਨਸ਼ਰ ਕਰਨਾ।

**ਬਾਨਣੂ ਬੰਨ੍ਹਣਾ**—ਪ੍ਰਬੰਧ ਕਰਨਾ।

**ਬਿਸਤਰਾ ਗੋਲ ਕਰਨਾ**—ਘਰੋਂ ਕੱਢ ਦੇਣਾ, ਚਲਿਆ ਜਾਣਾ, ਪੱਕੇ ਤੌਰ ’ਤੇ ਸਥਾਨ ਛੱਡ ਜਾਣਾ।

**ਬਿਗਾਨੀ ਛਾਹ ਤੇ ਮੁੱਛਾਂ ਮੁਨਾਉਣੀਆਂ**—ਦੂਜੇ ਦੀ ਕਮਾਈ ਦੀ ਆਸ ’ਤੇ ਫ਼ਜ਼ੂਲ ਖ਼ਰਚੀ ਕਰਨੀ।

**ਬਿਟ ਬਿਟ ਤੱਕਣਾ**—ਕਿਸੇ ਅਨੋਖੀ ਵਸਤੂ ਨੂੰ ਵੇਖ ਕੇ ਹੈਰਾਨ ਹੋ ਜਾਣਾ, ਕਿਸੇ ਵੱਲ ਲਲਚਾਈਆਂ ਨਜ਼ਰਾਂ ਨਾਲ਼ ਵੇਖਣਾ।

**ਬਿਤਰ ਬਿਤਰ ਵੇਖਣਾ**—ਹੈਰਾਨੀ ਵਿੱਚ ਟਿਕਟਿਕੀ ਬੰਨ੍ਹ ਕੇ ਵੇਖੀ ਜਾਣਾ।

**ਬਿਧ ਬਣਾਉਣਾ**—ਤਰੀਕਾ ਸੋਚਣਾ, ਢੰਗ ਲੱਭਣਾ।

**ਬਿੱਲੀ ਨਿੱਛ ਜਾਣੀ**—ਕਿਸੇ ਬਣਦੇ ਕੰਮ ਵਿੱਚ ਵਿਘਨ ਪੈ ਜਾਣਾ, ਬੇਇੱਜ਼ਤੀ ਹੋ ਜਾਣੀ।

**ਬਿੱਲੀ ਭਾਣੇ ਛਿੱਕਾ ਟੁੱਟਣਾ**—ਬਿਨਾਂ ਯਤਨ ਕਰਨ ਦੇ ਅਚਾਨਕ ਮਨ ਦੀ ਇੱਛਿਆ ਪੂਰੀ ਹੋ ਜਾਣੀ।

**ਬਿਲੇ ਲਾਉਣਾ**—ਖ਼ਤਮ ਕਰ ਦੇਣਾ, ਲੁਕੋ ਦੇਣਾ, ਮੁਕਾ ਦੇਣਾ।

**ਬੀਜ ਨਾਸ਼ ਹੋ ਜਾਣਾ**—ਖੁਰਾ ਖੋਜ ਮਿਟ ਜਾਣਾ, ਕਿਸੇ ਵਸਤੂ ਦੀ ਧੂੰ ਨਾ ਨਿਕਲਣੀ।

**ਬੀਤੇ ’ਤੇ ਮਿੱਟੀ ਪਾਉਣੀ**—ਹੋਈਆਂ ਬੀਤੀਆਂ ਭੁਲਾ ਦੇਣੀਆਂ।

**ਬੀੜਾ ਚੁੱਕਣਾ**—ਜ਼ੁੰਮੇਂਵਾਰੀ ਓਟਣੀ, ਕਿਸੇ ਮਹੱਤਵਪੂਰਨ ਕੰਮ ਨੂੰ ਕਰਨ ਲਈ ਆਪਣੇ ਆਪ ਨੂੰ ਪੇਸ਼ ਕਰਨਾ।

**ਬੁੱਕਲ ਵਿੱਚ ਹਸਣਾ**—ਚੋਰੀ ਚੋਰੀ ਹੱਸਣਾ, ਮੂੰਹ ਲੁਕੋ ਕੇ ਹੱਸਣਾ।

**ਬੁੱਕਲ ਵਿੱਚ ਗੁੜ ਭੰਨਣਾ**—ਗੁਪਤੋ ਗੁਪਤੀ ਕੋਈ ਕੰਮ ਕਰਨ ਦਾ ਯਤਨ ਕਰਨਾ।

**ਬੁਝਿਆ ਬੁਝਿਆ ਰਹਿਣਾ**—ਚਿੰਤਾ ਵਿੱਚ ਗਲਤਾਨ ਹੋਣਾ, ਉਦਾਸ ਰਹਿਣਾ।

**ਬੁੱਤਾ ਸਾਰਨਾ**—ਕਿਸੇ ਕੰਮ 'ਚ ਸਹਾਇਤਾ ਕਰਨੀ, ਕੰਮ ਸਾਰ ਦੇਣਾ, ਔਖੀ ਘੜੀ 'ਚ ਮਦਦ ਕਰਨੀ।

**ਬੁਥਾੜ ਭੰਨਣਾ**—ਚਪੇੜਾਂ ਮਾਰਨੀਆਂ।

**ਬੁਰੀ ਵਾ ਵਗਣੀ**—ਭੈੜਾ ਰਿਵਾਜ ਪੈ ਜਾਣਾ।

**ਬੁਲ੍ਹਾਂ ਵਿੱਚ ਹੱਸਣਾ**—ਨਿੰਮ੍ਹਾ ਨਿੰਮ੍ਹਾ ਮੁਸਕਰਾਉਣਾ।

**ਬੁੱਲੇ ਲੁੱਟਣੇ**—ਮੌਜ਼ਾਂ ਕਰਨੀਆਂ।

**ਬੁੜ ਬੁੜ ਕਰਨਾ**—ਗ਼ੁੱਸੇ ਤੇ ਰੋਸੇ ਵਿੱਚ ਆਪਣੇ ਮੂੰਹ ਵਿੱਚ ਹੀ ਬੋਲੀ ਜਾਣਾ।

**ਬੂਟਾ ਲੱਗਣਾ**—ਘਰ ਵਿੱਚ ਪੁੱਤਰ ਦਾ ਜਨਮ ਹੋਣਾ, ਜੜ੍ਹ ਕਾਇਮ ਹੋਣੀ।

**ਬੇੜਾ ਗ਼ਰਕ ਹੋਣਾ**—ਤਬਾਹੀ ਮੱਚ ਜਾਣੀ, ਸਭੋ ਕੁਝ ਖ਼ਤਮ ਹੋ ਜਾਣਾ।

**ਬੇੜਾ ਡੁੱਬਣਾ**—ਸੱਭੋ ਕੁਝ ਬਰਬਾਦ ਹੋ ਜਾਣਾ।

**ਬੇੜਾ ਪਾਰ ਕਰਨਾ**—ਸਫਲਤਾ ਪ੍ਰਾਪਤ ਹੋ ਜਾਣੀ, ਕੰਮ ਨੇਪਰੇ ਚੜ੍ਹ ਜਾਣਾ।

**ਬੇੜੀਆਂ ਪੈਣਾ**—ਘਰ ਦੇ ਜੰਜਾਲ ਵਿੱਚ ਬੱਝ ਜਾਣਾ, ਕੈਦ ਹੋਣਾ।

**ਬੇੜੀਆਂ ਕੱਟਣੀਆਂ**—ਗ਼ੁਲਾਮੀ ਦੂਰ ਕਰਨੀ।

**ਬੇੜੀਆਂ ਵਿੱਚ ਵੱਟੇ ਪੈਣਾ**—ਬਰਬਾਦੀ ਦਾ ਮੁੱਢ ਬੱਝਿਆ ਜਾਣਾ।

**ਬੋਲ ਬੁਲਾਰਾ ਹੋ ਜਾਣਾ**—ਆਪੋ ਵਿੱਤ ਚੁੱਭਵੀਆਂ ਗੱਲਾਂ ਕਰਕੇ ਮਾਮੂਲੀ ਝਗੜਾ ਹੋ ਜਾਣਾ।

**ਬੋਲਾਂ ਵਿੱਚ ਸ਼ਹਿਦ ਦੇ ਘੁੱਟ ਹੋਣੇ**—ਮਿੱਠੀ ਜ਼ਬਾਨ ਵਾਲ਼ਾ ਹੋਣਾ।

**ਬੋਲੀਆਂ ਪਾਉਣਾ**—ਗਿੱਧੇ ਦੇ ਟੱਪੇ ਗਾਉਣੇ।

**ਬੋਲੀ ਦੇਣਾ**—ਨੀਲਾਮੀ ਵੇਲ਼ੇ ਕਿਸੇ ਵਸਤੂ ਦਾ ਮੁੱਲ ਦੱਸਣਾ।

**ਬੋਲੀ ਮਾਰਨਾ**—ਤਾਹਨੇ ਮਾਰਨੇ, ਮਿਹਣੇ ਦੇਣੇ।

**ਬੰਨ੍ਹ ਕੇ ਖੀਰ ਖਵਾਣਾ**—ਅਜਿਹੇ ਬੰਦੇ ਨਾਲ਼ ਭਲਾਈ ਕਰਨੀ ਜਿਸ ਨੂੰ ਇਹ ਗਿਆਨ ਨਾ ਹੋਵੇ ਕਿ ਕੋਈ ਉਸ ਨਾਲ਼ ਭਲਾਈ ਕਰ ਰਿਹਾ ਹੈ।

**ਬੰਨ੍ਹਾ ਪਾਉਣਾ**—ਮੁਸੀਬਤਾਂ ਤੇ ਦੁੱਖਾਂ ਦੇ ਹੜ੍ਹ ਨੂੰ ਠਲ੍ਹ ਪਾਉਣਾ।

## ਭ

**ਭਸਮ ਕਰਨਾ**—ਮਲ਼ੀਆ ਮੇਟ ਕਰ ਦੇਣਾ, ਖ਼ਤਮ ਕਰ ਦੇਣਾ।

**ਭੱਠ ਝੋਖਣਾ**—ਵਿਅਰਥ ਜ਼ਿੰਦਗੀ ਬਤੀਤ ਕਰਨੀ, ਨਿਗੂਣੇ ਕੰਮ ਕਰਨੇ।

**ਭੱਠ ਪੈਣਾ**—ਦਫ਼ਾ ਹੋ ਜਾਣਾ, ਰਹਿਣਾ ਨਾ।

**ਭੱਠ ਵਿੱਚ ਝੋਕਣਾ**—ਦੁੱਖਾਂ ਤਕਲੀਫਾਂ ਵਿੱਚ ਪਾ ਦੇਣਾ।

**ਭਰਿਆ ਪੀਤਾ ਹੋਣਾ**—ਬਹੁਤ ਗ਼ੁੱਸੇ ਵਿੱਚ ਹੋਣਾ।

**ਭਵਾਂ ਚਾੜ੍ਹਨਾ**—ਤਿਊੜੀਆਂ ਪਾ ਲੈਣੀਆਂ, ਗ਼ੁੱਸਾ ਜ਼ਾਹਰ ਕਰਨਾ।

**ਭੜਥੂ ਪਾਉਣਾ**—ਰੌਲ਼ਾ ਪਾਉਣਾ, ਤਰਥੱਲੀ ਮਚਾ ਦੇਣੀ, ਊਧਮ ਮਚਾ ਦੇਣਾ।

**ਭਾ ਦੀ ਲੈ ਆਉਣੀ**—ਦੁਖੀ ਕਰਨਾ।

**ਭਾਂ ਭਾਂ ਕਰਨਾ**—ਐਨੀ ਸੁੰਨ ਮਸਾਣ ਹੋਣੀ ਕਿ ਡਰ ਲੱਗਣਾ।

**ਭਾਗਾਂ ਦੀ ਹਾਰ ਹੋਣੀ**—ਕਿਸਮਤ ਹਾਰ ਜਾਣੀ।

**ਭਾਗਾਂ ਨੂੰ ਅੱਗ ਲੱਗਣੀ**—ਮੰਦੇ ਦੇ ਦਿਨ ਆ ਜਾਣੇ, ਦੁੱਖ ਵਧ ਜਾਣੇ।

**ਭਾਜੜ ਪੈ ਜਾਣੀ**—ਹਫ਼ੜਾ ਦਫ਼ੜੀ ਮੱਚ ਜਾਣੀ।

**ਭਾਂਡਾ ਚੁਰਾਹੇ ਵਿੱਚ ਭੱਜਣਾ**—ਭੇਤ ਖੁੱਲ੍ਹ ਜਾਣਾ, ਪਾਜ ਉਘੜਨਾ।

**ਭਾਂਡਾ ਭੱਜਣਾ**—ਨਾਸ਼ ਹੋ ਜਾਣਾ।

**ਭਾਣਾ ਵਰਤਣਾ**—ਦੁਰਘਟਨਾ ਵਾਪਰ ਜਾਣੀ, ਕੁਦਰਤੀ ਆਫ਼ਤ ਆ ਜਾਣੀ।

**ਭਾਨੀ ਮਾਰਨੀ**—ਗੱਲ ਸਿਰੇ ਨਾ ਲੱਗਣ ਦੇਣੀ, ਢੁੱਚਰ ਢਾਹ ਕੇ ਹੁੰਦਾ ਕੰਮ ਵਿਗਾੜਨਾ।

**ਭਾਂਪ ਲੈਣਾ**—ਗੁੱਝੀ ਗੱਲ ਜਾਣ ਜਾਣੀ।

**ਭਾਰ ਸਿਰੋਂ ਲਾਹੁਣਾ**—ਆਪਣੀ ਜ਼ੁੰਮੇਵਾਰੀ ਮੁਕਾ ਛੱਡਣੀ।

**ਭਾਰ ਸੁੱਟਣਾ**—ਜ਼ੁੰਮੇਵਾਰੀ ਗਲ਼ ਪਾ ਦੇਣੀ।

**ਭਾਰ ਚਾੜ੍ਹਨਾ**—ਕਿਸੇ ਦੇ ਸਿਰ 'ਤੇ ਅਹਿਸਾਨ ਕਰ ਦੇਣਾ।

**ਭਾਰ ਚੁੱਕਣੇ**—ਜ਼ੁੰਮੇਂਵਾਰੀ ਸਿਰ 'ਤੇ ਲੈ ਲੈਣੀ।

**ਭਾਰ ਵੰਡਣਾ**—ਕੰਮ ਵਿੱਚ ਸਹਾਇਤਾ ਕਰਨੀ।

**ਭਾਰਾ ਹੋ ਜਾਣਾ**—ਮਿੰਨਤਾਂ ਕਰਵਾਉਣੀਆਂ, ਨਾਂਹ ਨੁੱਕਰ ਕਰਨਾ, ਅੜੀ ਕਰਨੀ।

**ਭਾਰੂ ਹੋਣਾ**—ਕਿਸੇ ਦਾ ਵਾਧੂ ਖ਼ਰਚ ਸਿਰ 'ਤੇ ਪੈ ਜਾਣਾ, ਚੰਗਾ ਨਾ ਲੱਗਣਾ।

**ਭਿੱਜੀ ਬਿੱਲੀ ਬਣਨਾ**—ਪਾਸਾ ਵੱਟ ਲੈਣਾ, ਦੜ ਵੱਟ ਲੈਣਾ।

**ਭੁੰਏਂ ਤੇ ਪੈਰ ਨਾ ਲਾਉਣਾ**—ਫੜ੍ਹਾਂ ਮਾਰਨੀਆਂ, ਆਕੜਾਂ ਵਿਖਾਉਣੀਆਂ, ਨਖ਼ਰੇ ਕਰਨੇ।

**ਭੁੱਖ ਮਰ ਜਾਣੀ**—ਚਿੰਤਾ ਕਾਰਨ ਭੁੱਖ ਨਾ ਲੱਗਣੀ।

**ਭੁੱਖੀਆਂ ਅੱਖੀਆਂ ਹੋਣੀਆਂ**—ਨਿਗਾਹ ਵਿੱਚ ਭੁੱਖ ਤੇ ਕਮੀਨਾਪਨ ਹੋਣਾ।

**ਭੁੱਖੇ ਸ਼ੇਰ ਵਾਂਗ ਪੈਣਾ**—ਰੁੱਖਾ ਬੋਲਣਾ, ਕੜਕ ਕੇ ਪੈਣਾ।

**ਭੁਗਤ ਸੁਆਰਨਾ**—ਛਿੱਤਰ ਪਰੇਡ ਕਰਨੀ, ਸਜ਼ਾ ਦੇਣੀ।

**ਭੂਚਾਲ ਲੈ ਆਉਣਾ**—ਘਬਰਾਹਟ ਪੈਦਾ ਕਰ ਦੇਣੀ, ਹੇਠਲੀ ਉੱਤੇ ਲੈ ਆਉਣੀ।

**ਭੁੱਜੇ ਦਾਣੇ ਉੱਗਣੇ**—ਕਿਸਮਤ ਜਾਗ ਪੈਣੀ, ਵਿਗੜੇ ਕੰਮ ਰਾਸ ਆ ਜਾਣੇ।

**ਭੁੰਜੇ ਲੱਥ ਜਾਣਾ**—ਚਿੰਤਾ ਵਿੱਚ ਡੁੱਬ ਜਾਣਾ।

**ਭੁੰਨੇ ਤਿੱਤਰ ਉਡਾਉਣੇ**—ਅਣਹੋਣੀਆਂ ਗੱਲਾਂ ਕਰਨੀਆਂ।

**ਭੁੱਬਾਂ ਮਾਰਨੀਆਂ**—ਡਾਡਾਂ ਮਾਰ ਮਾਰ ਰੋਣਾ।

**ਭੂਏ ਚੜ੍ਹਨਾ**—ਸ਼ੇਖ਼ੀਆਂ ਮਾਰਨੀਆਂ, ਵਧੀਕੀਆਂ ਕਰਨੀਆਂ, ਆਪਣੇ ਆਪ ਨੂੰ ਸ਼ੇਰ ਸਮਝਣਾ।

**ਭੂੰਡਾਂ ਦੇ ਖੱਖਰ ਨੂੰ ਛੇੜਨਾ**—ਭੈੜੇ ਪੁਰਸ਼ ਨੂੰ ਕੁਝ ਕਹਿ ਕੇ ਆਪਣੇ ਗਲ਼ ਪੁਆ ਲੈਣਾ, ਭੈੜੇ ਨਾਲ਼ ਮੱਥਾ ਲਾਉਣਾ, ਗਲ਼ ਪੁਆਉਣਾ।

**ਭੂਤ ਉੱਤਰ ਜਾਣੇ**—ਜਸ ਘੱਟ ਜਾਣਾ।

**ਭੂਤ ਸਵਾਰ ਹੋਣਾ**—ਗ਼ੁੱਸੇ ਜਾਂ ਕਿਸੇ ਵਿਚਾਰ ਕਾਰਨ ਆਪਣੀ ਧੁੰਨ ਵਿੱਚ ਮਸਤ ਹੋ ਜਾਣਾ, ਅੰਨ੍ਹੇ ਹੋ ਜਾਣਾ।

**ਭੂਤ ਹੋ ਕੇ ਚੰਬੜਨਾ**—ਗਲ਼ੋਂ ਨਾ ਲਹਿਣਾ।

**ਭੂਤ ਕੱਢਣਾ**—ਕਿਸੇ ਮੰਤਰ ਟੂਣੇ ਨਾਲ਼ ਇਲਾਜ ਕਰਨਾ।

**ਭੂਤਨਾ ਕੁਦ ਖੜੋਨਾ**—ਬਹੁਤ ਗ਼ੁੱਸੇ ਵਿੱਚ ਆ ਜਾਣਾ।

**ਭੂਤਾਂ ਦੇ ਸਤੂ ਬਣ ਜਾਣੇ**—ਹੱਥੋ ਹੱਥ ਵਿਕ ਜਾਣਾ।

**ਭੇਟ ਚੜ੍ਹਾ ਦੇਣਾ**—ਕੁਰਬਾਨ ਕਰਨਾ, ਵਾਰ ਦੇਣਾ।

**ਭੇਡਾਂ ਦੇ ਸਿੰਗ ਉਗਣੇ**—ਮਾੜੇ ਬੰਦਿਆਂ ਵੱਲੋਂ ਭਲੇ ਦੀਆਂ ਗੱਲਾਂ ਕਰਨੀਆਂ।

**ਭੋਹ ਦੇ ਭਾਣੇ ਜਾਣਾ**—ਬੇਅਰਥ ਜੀਵਨ ਬਤੀਤ ਕਰਨਾ, ਅਜਾਈਂ ਜ਼ਿੰਦਗੀ ਗੁਆ ਦੇਣੀ।

**ਭੋਗ ਲਾਉਣਾ**—ਸ਼ਰਧਾਲੂਆਂ ਵੱਲੋਂ ਆਪਣੇ ਦੇਵਤਿਆਂ ਨੂੰ ਸ਼ਰਧਾ ਨਾਲ਼ ਭੋਜਨ ਖੁਆਉਣਾ।

**ਭੰਗ ਭੁੱਜਣੀ**—ਭੁੱਖ ਨੰਗ ਦਾ ਵਾਸਾ ਹੋਣਾ।

**ਭੰਬਲ ਭੂਸੇ ਖਾਣੇ**—ਅਗਿਆਨਤਾ ਵਿੱਚ ਟੱਕਰਾਂ ਮਾਰਨਾ, ਵਿਚਾਰ ਸਪੱਸ਼ਟ ਨਾ ਹੋਣੇ।

**ਮੱਸ ਫੁੱਟਣਾ**—ਦਾਹੜੀ ਦੇ ਵਾਲ਼ ਉੱਗਣੇ ਸ਼ੁਰੂ ਹੋ ਜਾਣੇ।

**ਮਸਤੀ ਕੱਢਣਾ**—ਮਾਰ ਮਾਰ ਕੇ ਸਿੱਧਾ ਕਰ ਦੇਣਾ।

**ਮਹਿਲ ਚਾੜ੍ਹ ਕੇ ਪੌੜੀ ਖਿੱਚਣੀ**—ਮਿੱਤਰ ਧਰੋਹ ਕਮਾਉਣਾ, ਸਿਰੇ ਚਾੜ੍ਹ ਕੇ ਸਾਥ ਛੱਡ ਦੇਣਾ, ਬੁਰੀ ਥਾਂ ਫਸਾਣਾ।

**ਮਹੀਨਾ ਬੰਨ੍ਹਣਾ**—ਮਹੀਨੇਵਾਰ ਪੈਸੇ ਦੇਣੇ।

**ਮੱਕੂ ਬੰਨ੍ਹਣਾ**—ਬਹੁਤ ਔਖਾ ਕਰਨਾ, ਬੁਰੀ ਤਰ੍ਹਾਂ ਫਸਾ ਦੇਣਾ।

**ਮੱਖਣ ਵਿੱਚੋਂ ਵਾਲ਼ ਵਾਂਗ ਕੱਢਣਾ**—ਸੌਖ ਨਾਲ਼ ਵੈਰੀ ਨੂੰ ਮਾਰ ਮੁਕਾਉਣਾ।

**ਮੱਖ ਝਾੜਨਾ**—ਬੇਇੱਜ਼ਤੀ ਕਰ ਦੇਣੀ।

**ਮੱਖੀ ਤੇ ਮੱਖੀ ਮਾਰਨਾ**—ਬਿਨਾਂ ਸੋਚੇ ਸਮਝੇ ਹੂ ਬ ਹੂ ਨਕਲ ਕਰਨੀ।

**ਮੱਖੀ ਨਿਗਲਣਾ**—ਘ੍ਰਿਣਾ ਵਾਲ਼ਾ ਕੰਮ ਕਰਨਾ, ਜਾਣ ਬੁੱਝ ਕੇ ਆਪਣਾ ਨੁਕਸਾਨ ਕਰਨਾ।

**ਮੱਖੀਆਂ ਮਾਰਨਾ**—ਵਿਹਲੇ ਬੈਠਣਾ।

**ਮਗਜ਼ ਪੱਚੀ ਕਰਨਾ**—ਸਿਰ ਖਪਾਈ ਕਰਨੀ।

**ਮਗਰਮੱਛ ਦੇ ਹੰਝੂ ਕੇਰਨੇ**—ਅੰਦਰੋਂ ਖੋਟ ਹੋਣਾ ਪਰ ਉੱਪਰੋਂ ਉੱਪਰੋਂ ਹਮਦਰਦੀ ਜਤਾਉਣੀ।

**ਮੱਛੀ ਵਿਕਣਾ**—ਸ਼ੋਰ ਸ਼ਰਾਬਾ ਹੋਣਾ, ਰੌਲ਼ਾ ਗੌਲ਼ਾ ਹੋਣਾ।

**ਮਜਾਜ਼ ਵਿੱਚ ਹੋਣਾ**—ਹੰਕਾਰ ਵਿੱਚ ਹੋਣਾ।

**ਮਣ ਲਹੂ ਵੱਧਣਾ**—ਖ਼ੁਸ਼ੀ ਨਾਲ਼ ਆਫਰ ਜਾਣਾ।

**ਮੱਤ ਮਾਰ ਦੇਣਾ**—ਵਿਆਕੁਲ ਕਰ ਛੱਡਣਾ, ਸੂਝ-ਬੂਝ ਨਾ ਰਹਿਣ ਦੇਣੀ।

**ਮਤਾ ਪਕਾਉਣਾ**—ਰਲ਼ ਕੇ ਸਲਾਹ ਮਸ਼ਵਰਾ ਕਰਨਾ।

**ਮੱਥਾ ਡ਼ੁੰਮਣਾ**—ਕਿਸੇ ਨੂੰ ਮਾੜੀ ਮੋਟੀ ਚੀਜ਼ ਦੇ ਕੇ ਆਪਣੇ ਗਲ਼ੋਂ ਲਾਹੁਣਾ।

**ਮੱਥਾ ਖਿੜਨਾ**—ਮੂੰਹ ਤੇ ਖ਼ੁਸ਼ੀ ਦੇ ਚਿੰਨ੍ਹ ਹੋਣੇ।

**ਮੱਥਾ ਜੋੜਨਾ**—ਨੇੜੇ ਵਹਿ ਕੇ ਘੁਸਰ ਮੁਸਰ ਕਰਨਾ।

**ਮੱਥਾ ਠਣਕਣਾ**—ਸ਼ੱਕ ਪੈ ਜਾਣਾ।

**ਮੱਥਾ ਠੋਕਣਾ**—ਮੱਥੇ 'ਤੇ ਹੱਥ ਮਾਰ ਕੇ ਪਛਤਾਵਾ ਪ੍ਰਗਟ ਕਰਨਾ।

**ਮੱਥਾ ਰਗੜਨਾ**—ਮਿੰਨਤਾਂ ਤਰਲੇ ਕਰਨੇ।

ਮੱਥਾ ਲਾਣਾ—ਸਾਕ ਸੰਬੰਧ ਜੋੜਨਾ, ਮੁਕਾਬਲਾ ਕਰਨਾ।

ਮੱਥੇ 'ਤੇ ਸੌ ਠੀਕਰੇ ਭੱਜਣੇ—ਬਹੁਤ ਤਿਊੜੀਆਂ ਪੈਣੀਆਂ।

ਮੱਥੇ 'ਤੇ ਰੱਖਣਾ—ਖ਼ੁਸ਼ੀ ਨਾਲ਼ ਪ੍ਰਵਾਨ ਕਰਨਾ।

ਮੱਥੇ 'ਤੇ ਲਿਖਿਆ ਹੋਣਾ—ਭਾਗਾਂ ਵਿੱਚ ਹੋਣਾ।

ਮੱਥੇ 'ਤੇ ਭਾਗ ਜਾਗਣਾ—ਮਾੜੇ ਦਿਨਾਂ ਦੀ ਥਾਂ ਚੰਗੇ ਦਿਨ ਆਉਣੇ, ਉੱਨਤੀ ਕਰਨੀ।

ਮੱਥਾ ਨੀਵਾਂ ਕਰਨਾ—ਸ਼ਰਮਸ਼ਾਰ ਕਰਨਾ, ਬੇਇੱਜ਼ਤੀ ਕਰਵਾਉਣੀ, ਲੱਜਾਵਾਨ ਕਰ ਦੇਣਾ।

ਮੱਥਾ ਪਿੱਟਣਾ—ਸਿਰ ਖਪਾਉਣਾ।

ਮੱਥਾ ਫੜ ਕੇ ਵਹਿਣਾ—ਹਿੰਮਤ ਹਾਰ ਜਾਣੀ, ਘਬਰਾ ਜਾਣਾ।

ਮੱਥੇ ਮਾਰਨਾ—ਨਫ਼ਰਤ ਨਾਲ਼ ਕਿਸੇ ਨੂੰ ਕੋਈ ਚੀਜ਼ ਦੇਣੀ।

ਮੱਥੇ ਲੱਗਣਾ—ਮਿਲਣਾ।

ਮਨ ਹੌਲ਼ਾ ਹੋਣਾ—ਦੁੱਖ ਦੀਆਂ ਗੱਲਾਂ ਕਰਕੇ ਮਨ ਨੂੰ ਸ਼ਾਂਤੀ ਆ ਜਾਣੀ।

ਮਨ ਲੱਗਣਾ—ਕੋਈ ਵਸਤ ਪਸੰਦ ਆ ਜਾਣੀ।

ਮਰਚਾਂ ਲੱਗਣਾ—ਸੱਚੀਆਂ ਸੱਚੀਆਂ ਸੁਣ ਕੇ ਗ਼ੁੱਸਾ ਕਰਨਾ।

ਮਰਨ ਜੀਣ ਦੀ ਸਾਂਝ ਹੋਣੀ—ਦੁੱਖਾਂ ਸੁੱਖਾਂ ਦਾ ਭਾਈਵਾਲ ਹੋਣਾ।

ਮਰਨ ਦੀ ਵਿਹਲ ਨਾ ਹੋਣਾ—ਬਹੁਤ ਰੁੱਝੇ ਹੋਣਾ।

ਮਰਨੋਂ ਪਾਰਲੇ ਪਾਰ ਹੋਣਾ—ਅਤਿਅੰਤ ਦੁਖੀ ਹੋਣਾ।

ਮਰੂੰ ਮਰੂੰ ਕਰਨਾ—ਰੋਂਦੇ ਪਿਟਦੇ ਜੀਵਨ ਜਿਊਣਾ।

ਮੱਲ ਮਾਰਨਾ—ਜਿੱਤ ਜਿੱਤਣੀ, ਸਫਲਤਾ ਪ੍ਰਾਪਤ ਕਰਨੀ।

ਮੜ੍ਹ ਦੇਣਾ—ਕੋਈ ਵਸਤੂ ਧੱਕੇ ਨਾਲ਼ ਦੇ ਦੇਣੀ।

ਮੜ੍ਹੀ ਨੂੰ ਕੋਸਣਾ—ਮਰ ਮੁੱਕੇ ਵਿਅਕਤੀ ਦੇ ਔਗੁਣ ਦੱਸਣੇ।

ਮਾਂ ਦਾ ਦੁੱਧ ਹਰਾਮ ਕਰਨਾ—ਔਲਾਦ ਨਾਲਾਇਕ ਨਿਕਲਣਾ, ਨਾਲਾਇਕ ਸਾਬਤ ਹੋਣਾ।

ਮਾਸ ਨੋਚਣਾ—ਵੱਢ ਵੱਢ ਖਾਣਾ, ਦੁਖੀ ਕਰਨਾ।

ਮਾਂਗ ਵਿੱਚ ਸੁਆਹ ਪੈਣਾ—ਰੰਡੇਪਾ ਆ ਜਾਣਾ।

ਮਾਤ ਪਾ ਦੇਣਾ—ਪਿੱਛੇ ਛੱਡ ਜਾਣਾ, ਅਗਾਂਹ ਵੱਧਣਾ, ਜਿੱਤਾਂ ਜਿੱਤਣੀਆਂ।

ਮਾਮਲਾ ਠੰਡਾ ਪੈਣਾ—ਝਗੜਾ ਘੱਟ ਜਾਣਾ।

ਮਾਰ ਉੱਤੇ ਆਉਣਾ—ਵਿਸ਼ੇਸ਼ ਗਰਜ਼ ਲਈ ਆਉਣਾ।

ਮਾਰ ਮਾਰ ਕੇ ਦੁੰਬਾ ਬਣਾਉਣਾ—ਬਹੁਤ ਮਾਰ ਪਿਟਾਈ ਕਰਨੀ।

ਮਾਰਿਆ ਮਾਰਿਆ ਫਿਰਨਾ—ਦਰ ਦਰ ਧੱਕੇ ਖਾਣਾ, ਵਿਪਤਾ ਵਿੱਚ ਪੈਣਾ।

ਮਾਰੂ ਨਾਚ ਨੱਚਣਾ—ਮੌਤ ਦਾ ਸੁਨੇਹਾ ਲੈ ਕੇ ਆਉਣਾ।

ਮਾਰੋ ਮਾਰ ਕਰਨਾ—ਛੇਤੀ ਛੇਤੀ ਕੰਮ ਕਰਨਾ।

ਮਾਲ ਅਟੇਰਨਾ—ਕਿਸੇ ਭੋਲ਼ੇ ਭਾਲ਼ੇ ਬੰਦੇ ਨਾਲ਼ ਠੱਗੀ ਮਾਰਨਾ।

ਮਾਲ਼ਾ ਫੇਰਨਾ—ਹਰ ਦਮ ਯਾਦ ਕਰਨਾ।

ਮਾਵਾਂ ਭੈਣਾਂ ਪੁਣਨਾ—ਮਾਵਾਂ ਭੈਣਾਂ ਦੀਆਂ ਗਾਲ੍ਹਾਂ ਕੱਢਣੀਆਂ।

ਮਿੱਟੀ ਕਰ ਦੇਣੀ—ਬੇਕਦਰੀ ਕਰਨਾ।

ਮਿੱਟੀ ਖ਼ਰਾਬ ਕਰਨਾ—ਰੋਕਣਾ, ਬੇਇੱਜ਼ਤੀ ਕਰਨੀ।

ਮਿੱਟੀ ਛਾਣਨਾ—ਬਹੁਤ ਮਿਹਨਤ ਕਰਨੀ।

ਮਿੱਟੀ ਪਲੀਤ ਹੋਣਾ—ਬੇਇੱਜ਼ਤੀ ਹੋਣੀ, ਖੁਨਾਮੀ ਕੱਟਣੀ।

ਮਿੱਟੀ ਪਾਉਣਾ—ਮਾੜੀ ਗੱਲ ਦਬਾ ਦੇਣੀ, ਝਗੜਾ ਖ਼ਤਮ ਕਰਨਾ।

ਮਿੱਟੀ ਵਿੱਚ ਮਿਲ਼ ਜਾਣਾ—ਬੇਕਦਰੀ ਹੋਣੀ।

ਮਿਰਚ ਮਸਾਲਾ ਲਾਉਣਾ—ਕੋਈ ਗੱਲ ਵਧਾ ਚੜ੍ਹਾ ਕੇ ਕਰਨੀ।

ਮਿਰਚਾਂ ਲੜਨੀਆਂ—ਗੱਲ ਚੁੱਭਣੀ।

ਮੁਸ਼ਕ ਨਾ ਲੱਭਣਾ—ਦੁਰਲੱਭ ਹੋਣਾ, ਮਿਲ਼ ਨਾ ਸਕਣਾ।

ਮੁਸ਼ਕਲਾਂ ਨਾਲ਼ ਦੋ ਚਾਰ ਹੋਣਾ—ਭੈੜੇ ਹਾਲਾਤ ਦਾ ਟਾਕਰਾ ਕਰਨਾ।

ਮੁਹਾਰਾਂ ਮੋੜਨਾ—ਤੁਰ ਪੈਣਾ, ਮੂੰਹ ਚੁੱਕ ਕੇ ਤੁਰ ਪੈਣਾ, ਵਾਪਸ ਪਰਤਣਾ।

ਮੁੱਠੀਆਂ ਭਰਨੀਆਂ—ਮੁੱਠੀ ਚਾਪੀ ਕਰਨੀ, ਖ਼ੁਸ਼ਾਮਦ ਕਰਨਾ।

ਮੁੱਛ ਦਾ ਵਾਲ਼ ਬਣਨਾ—ਚਹੇਤਾ ਬਣਨਾ, ਬਹੁਤ ਨੇੜੇ ਦਾ ਸਲਾਹਕਾਰ ਬਣਨਾ।

ਮੁੱਛਾਂ ਨੂੰ ਤਾਅ ਦੇਣਾ—ਹੈਂਕੜ ਵਿਖਾਉਣੀ, ਰੋਅਬ ਦੇਣਾ।

ਮੁੱਠੀ ਗਰਮ ਕਰਨਾ—ਰਿਸ਼ਵਤ ਦੇਣੀ।

ਮੁੱਠ ਵਿੱਚ ਹੋਣਾ—ਕਾਬੂ ਵਿੱਚ ਹੋਣਾ।

ਮੁਰਾਦਾਂ ਪੂਰੀਆਂ ਹੋਣਾ—ਦਿਲ ਦੀਆਂ ਖ਼ਾਹਿਸ਼ਾਂ ਪੂਰੀਆਂ ਹੋਣੀਆਂ।

ਮੂੰਹ ਉੱਤਰ ਜਾਣਾ—ਉਦਾਸੀ ਛਾ ਜਾਣੀ, ਮੂੰਹ ਦਾ ਰੰਗ ਫ਼ਿੱਕਾ ਪੈਣਾ।

ਮੂੰਹ ਤੇ ਹਵਾਈਆਂ ਉੱਡਣੀਆਂ—ਸਹਿਮ ਜਾਣਾ, ਮੂੰਹ ਫੱਕ ਹੋ ਜਾਣਾ।

ਮੂੰਹ ਅੱਡਣਾ—ਕੋਈ ਚੀਜ਼ ਮੰਗ ਕੇ ਲੈਣੀ।

**ਮੂੰਹ ਸਾਵਾ ਪੀਲ਼ਾ ਹੋਣਾ**—ਡਰ ਕਾਰਨ ਮੂੰਹ ਦੇ ਰੰਗ ਬਦਲਨੇ।

**ਮੂੰਹ ਸੀਊਣਾ**—ਸ਼ਾਂਤ ਰਹਿਣਾ, ਚੁੱਪ ਰਹਿਣਾ।

**ਮੂੰਹ ਸੁੱਚਾ ਰੱਖਣਾ**—ਕੋਈ ਚੀਜ਼ ਨਾ ਖਾਣੀ।

**ਮੂੰਹ ਕਾਲ਼ਾ ਹੋਣਾ**—ਬਦਨਾਮੀ ਹੋਣੀ।

**ਮੂੰਹ ਕਾਲ਼ਾ ਕਰਨਾ**—ਪਰਇਸਤਰੀ ਨਾਲ਼ ਸੰਭੋਗ ਕਰਨਾ।

**ਮੂੰਹ ਕੌੜਾ ਕਰਨਾ**—ਸ਼ਰਾਬ ਦੀ ਘੁੱਟ ਲਾਉਣੀ।

**ਮੂੰਹ ਖੰਡ ਪਾਣਾ**—ਚੰਗੇਰੀ ਖ਼ਬਰ ਦੇਣ ਵਾਲ਼ੇ ਦੀ ਪ੍ਰਸ਼ੰਸਾ 'ਚ ਸ਼ਬਦ ਬੋਲਣੇ।

**ਮੂੰਹ ਖੁੱਲ੍ਹ ਜਾਣਾ**—ਬੇਥਵੀਆਂ ਮਾਰਨ ਦੀ ਆਦਤ ਪੈ ਜਾਣੀ, ਬਕਵਾਸ ਕਰਨ ਦੀ ਆਦਤ ਪੈਣੀ।

**ਮੂੰਹ ਖੋਲ੍ਹਣਾ**—ਚੁੱਪ ਤੋੜਨੀ, ਭੇਤ ਦੀ ਗੱਲ ਦੱਸਣੀ।

**ਮੂੰਹ ਚੜ੍ਹ ਬੋਲਣਾ**—ਤੰਗ ਆ ਕੇ ਸਾਫ਼ ਸਾਫ਼ ਮੂੰਹ 'ਤੇ ਆਖ ਦੇਣੀ।

**ਮੂੰਹ ਚੁੱਕ ਕੇ ਤੁਰਨਾ**—ਬਿਨਾਂ ਵੇਖੇ ਬੇ-ਪਰਵਾਹੀ ਨਾਲ਼ ਤੁਰਨਾ।

**ਮੂੰਹ ਚੁੱਕ ਚੁੱਕ ਕੇ ਵੇਖਣਾ**—ਉਡੀਕ ਕਰਨੀ।

**ਮੂੰਹ ਜੂਠਾ ਕਰਨਾ**—ਕੁਝ ਖਾਣਾ ਪੀਣਾ।

**ਮੂੰਹ ਤਕਦੇ ਰਹਿਣਾ**—ਹੈਰਾਨੀ ਵਿੱਚ ਵੇਖਦੇ ਰਹਿ ਜਾਣਾ, ਘਬਰਾ ਜਾਣਾ।

**ਮੂੰਹ ਤੇ ਹਵਾਈਆਂ ਉੱਡਣੀਆਂ**—ਉਦਾਸੀ ਛਾ ਜਾਣੀ, ਘਬਰਾ ਜਾਣਾ।

**ਮੂੰਹ 'ਤੇ ਗੱਲ ਕਰਨਾ**—ਸਾਫ਼ ਸਾਫ਼ ਗੱਲ ਮੂੰਹ ਤੇ ਆਖ ਦੇਣੀ, ਕੋਈ ਲੁੱਕ ਲਪੇਟ ਨਾ ਰੱਖਣਾ।

**ਮੂੰਹ ਤੇ ਮਾਸ ਨਾ ਰਹਿਣਾ**—ਬਹੁਤ ਹੀ ਲਿੱਸਾ ਹੋ ਜਾਣਾ।

**ਮੂੰਹ ਤੋਂ ਪੱਲਾ ਲਾਹੁਣਾ**—ਸ਼ਰਮ ਹਯਾ ਛਿੱਕੇ ਟੰਗ ਦੇਣੀ, ਨਿਰਲੱਜ ਹੋ ਜਾਣਾ।

**ਮੂੰਹ ਤੋੜ ਜਵਾਬ ਦੇਣਾ**—ਟਕੇ ਵਰਗਾ ਜਵਾਬ ਦੇਣਾ, ਨਿਰ ਉੱਤਰ ਕਰ ਦੇਣਾ।

**ਮੂੰਹ ਦਿਖਾਉਣ ਜੋਗਾ ਨਾ ਰਹਿਣਾ**—ਕਿਸੇ ਮਾੜੀ ਕਰਤੂਤ ਕਾਰਨ ਸ਼ਰਮਿੰਦਾ ਹੋਣਾ, ਸ਼ਰਮਸ਼ਾਰ ਹੋਣਾ।

**ਮੂੰਹ ਦੀ ਖਾਣੀ**—ਕਿਸੇ ਤੇ ਵਧੀਕੀ ਕਰਨ ਲੱਗਿਆਂ ਅੱਗੋਂ ਭਰਵੀਂ ਮਾਰ ਖਾਣੀ, ਨਿਰਉੱਤਰ ਹੋ ਜਾਣਾ।

**ਮੂੰਹ ਦੀ ਮੂੰਹ ਵਿੱਚ ਘੁੱਟ ਲੈਣਾ**—ਕੁਝ ਵੀ ਨਾ ਕਰਨ ਦੇਣਾ, ਬੁਰਕੀ ਮੂੰਹ ਵਿੱਚ ਹੀ ਪਈ ਰਹਿਣੀ।

**ਮੂੰਹ ਵਿਖਾਉਣ ਜੋਗਾ ਨਾ ਰਹਿਣਾ**—ਬੇਝਿਜਕ ਕਿਸੇ ਦਾ ਸਾਹਮਣਾ ਨਾ ਕਰ ਸਕਣਾ।

**ਮੂੰਹ ਧੋ ਛੱਡਣਾ**—ਕੋਈ ਆਸ ਨਾ ਰਹਿਣੀ।

**ਮੂੰਹ ਨਾ ਲਾਉਣਾ**—ਬੋਲ ਚਾਲ ਬੰਦ ਕਰ ਦੇਣੀ।

**ਮੂੰਹ ਨੂੰ ਲਹੂ ਲੱਗਣਾ**—ਵੱਢੀ ਲੈਣ ਦਾ ਸੁਆਦ ਪੈ ਜਾਣਾ, ਹਰਾਮ ਦੀ ਕਮਾਈ ਕਰਨਾ।

**ਮੂੰਹ ਫਿਰਨਾ**—ਖਾ ਖਾ ਕੇ ਅੱਕ ਜਾਣਾ।

**ਮੂੰਹ ਫੈਲਾਉਣਾ**—ਰੋਸਾ ਕਰਨਾ, ਰੁੱਸ ਜਾਣਾ।

**ਮੂੰਹ ਫੇਰਨਾ**—ਧਿਆਨ ਨਾ ਦੇਣਾ, ਅਣਗੌਲ਼ਿਆਂ ਕਰ ਦੇਣਾ।

**ਮੂੰਹ ਭੰਨਣਾ**—ਅਗਲੇ ਦੇ ਮੂੰਹ 'ਤੇ ਖ਼ਰੀਆਂ ਖ਼ਰੀਆਂ ਸੁਣਾਉਣੀਆਂ।

**ਮੂੰਹ ਭਵਾ ਬਹਿਣਾ**—ਰੋਸ ਪ੍ਰਗਟ ਕਰਨ ਲਈ ਮੂੰਹ ਮੋੜ ਲੈਣਾ।

**ਮੂੰਹ ਮੱਥੇ ਲੱਗਣਾ**—ਮਿਲ਼ਣਾ ਗਿਲਣਾ।

**ਮੂੰਹ ਰੱਖਣਾ**—ਮੂੰਹ ਮੁਲਾਹਜ਼ਾ ਰੱਖਣਾ, ਇੱਜ਼ਤ ਮਾਣ ਕਰਨਾ।

**ਮੂੰਹ ਮੋੜਨਾ**—ਜਵ੍ਹਾਬ ਦੇ ਦੇਣਾ।

**ਮੂੰਹ ਵਿੱਚ ਉਂਗਲਾਂ ਪਾਉਣੀਆਂ**—ਹੈਰਾਨ ਹੋ ਜਾਣਾ।

**ਮੂੰਹ ਵਿੱਚ ਗੱਲ ਨਾ ਹੋਣੀ**—ਚੁੱਪਚਾਪ ਰਹਿਣਾ, ਕੋਈ ਗੱਲ ਨਾ ਕਹਿਣੀ।

**ਮੂੰਹ ਵਿੱਚ ਪਾਣੀ ਭਰ ਆਉਣਾ**—ਕੋਈ ਪਦਾਰਥ ਖਾਣ ਨੂੰ ਦਿਲ ਕਰਨਾ, ਜੀ ਲਲਚਾਉਣਾ।

**ਮੂੰਹ ਵੇਖ ਕੇ ਚਪੇੜ ਮਾਰਨਾ**—ਬੰਦਾ ਕਬੰਦਾ ਵੇਖ ਕੇ ਸਲੂਕ ਕਰਨਾ।

**ਮੂੰਹ ਵੇਖਦੇ ਰਹਿ ਜਾਣਾ**—ਬੇਵਸ ਹੋ ਜਾਣਾ, ਕਿਸੇ ਦਾ ਕੁਝ ਵੀ ਵਿਗਾੜ-ਸੰਵਾਰ ਨਾ ਸਕਣਾ।

**ਮੂੰਹੋਂ ਕੱਢ ਕੇ ਦੇਣਾ**—ਆਪਣੀ ਲੋੜ ਛੱਡ ਕੇ ਦੂਜੇ ਨੂੰ ਦੇਣਾ, ਆਪਣੀ ਲੋੜਾਂ ਦੀ ਉੱਕਾ ਹੀ ਪਰਵਾਹ ਨਾ ਕਰਨੀ।

**ਮੂੰਹੋਂ ਝੱਗ ਸੁੱਟਣਾ**—ਬਕਵਾਸ ਕਰੀ ਜਾਣਾ, ਮੂਰਖਾਂ ਤੇ ਪਾਗ਼ਲਾਂ ਵਾਂਗ ਵਰਤਾਉ ਕਰਨਾ।

**ਮੂੰਹੋਂ ਫੁੱਟਣਾ**—ਮੂੰਹ ਪਾੜ ਕੇ ਗੱਲ ਕਹਿਣੀ, ਆਪਣੀ ਮੰਗ ਦੱਸਣੀ, ਇੱਛਿਆ ਪ੍ਰਗਟ ਕਰਨੀ।

**ਮੂੰਹੋਂ ਲਾਹੁਣਾ**—ਕਿਸੇ ਨਾਲ਼ ਮੋਹ-ਮੁਹੱਬਤ ਤੋੜ ਲੈਣੀ।

**ਮੂਧੇ ਮੂੰਹ ਮਾਰਨਾ**—ਬੁਰੀ ਤਰ੍ਹਾਂ ਹਾਰ ਦੇਣੀ, ਤਬਾਹ ਕਰ ਦੇਣਾ।

**ਮੇਰ ਤੇਰ ਕਰਨਾ**—ਦੁਰੈਤ ਕਰਨੀ, ਆਪਣਾ ਪਰਾਇਆ ਪਰਖਣਾ।

**ਮੋਠਾਂ ਦੀ ਛਾਵੇਂ ਬਹਿਣਾ**—ਖ਼ਾਹਿਸ਼ ਪੂਰੀ ਨਾ ਹੋ ਸਕਣੀ।

ਮੋਢੇ ਨਾਲ਼ ਮੋਢਾ ਖਹਿਣਾ—ਬਹੁਤ ਭੀੜ ਹੋਣੀ।

ਮੋਰਚਾ ਮਾਰਨਾ—ਸਫਲਤਾ ਪ੍ਰਾਪਤ ਕਰਨੀ।

ਮੋਰਚਾ ਲਾਉਣਾ—ਸਤਿਆਗ੍ਰਹਿ ਸ਼ੁਰੂ ਕਰਨਾ, ਮੁਕਾਬਲਾ ਕਰਨਾ।

ਮੋੜ ਪੈ ਜਾਣਾ—ਘਟਣਾ ਸ਼ੁਰੂ ਹੋ ਜਾਣਾ।

ਮੌਜੂ ਬਣਾਉਣਾ—ਮਖ਼ੌਲ ਉਡਾਉਣਾ, ਝੇਡਾਂ ਕਰਨੀਆਂ।

ਮੌਤ ਦੇ ਘਾਟ ਉਤਾਰਨਾ—ਜਾਨੋਂ ਮਾਰ ਦੇਣਾ।

ਮੌਤ ਨੂੰ 'ਵਾਜਾਂ ਮਾਰਨੀਆਂ—ਅਜਿਹਾ ਖ਼ਤਰੇ ਵਾਲ਼ਾ ਕੰਮ ਕਰਨਾ ਜਿਸ ਨਾਲ਼ ਜਾਨ ਨੂੰ ਖ਼ਤਰਾ ਹੋਵੇ।

ਮੌਤ ਮਹਾਠ ਤੇ ਹੋਣਾ—ਮੌਤ ਕਿਨਾਰੇ ਹੋਣਾ, ਮੌਤ ਦਾ ਡਰ ਸਿਰ 'ਤੇ ਮੰਡਰਾਉਣਾ।

ਮੰਜੀ ਤੇ ਪੈ ਜਾਣਾ—ਬੀਮਾਰ ਹੋ ਜਾਣਾ, ਨਿਢਾਲ ਹੋ ਜਾਣਾ।

ਮੰਜੀ ਤੇ ਬਹਿਣ ਜੋਗਾ ਨਾ ਰਹਿਣਾ—ਕਿਸੇ ਨਾਲ਼ ਬਰਾਬਰੀ ਕਰਨ ਦੇ ਯੋਗ ਨਾ ਰਹਿਣਾ।

ਮੰਜੀ ਨਿਕਲਣਾ—ਮੁਰਦੇ ਨੂੰ ਮੰਜੀ 'ਤੇ ਪਾ ਕੇ ਸ਼ਮਸ਼ਾਨ ਘਾਟ ਲੈ ਕੇ ਜਾਣਾ।

## ਯ

ਯਬਲੀਆਂ ਮਾਰਨੀਆਂ—ਏਧਰ ਉਧਰ ਦੀਆਂ ਬੇ-ਮਤਲਬ ਗੱਲਾਂ ਕਰਨੀਆਂ।

ਯਾਦ ਜਾਗਣਾ—ਯਾਦਾਂ ਆ ਜਾਣੀਆਂ।

ਯਾਦ ਪਏ ਕਰਨਾ—ਕਿਸੇ ਦੀ ਚੰਗਿਆਈ ਅਤੇ ਅਹਿਸਾਨ ਕਰਕੇ ਜਾਂ ਕਿਸੇ ਵੱਲੋਂ ਕੀਤੀ ਬੁਰਾਈ ਕਰਕੇ ਉਸ ਨੂੰ ਯਾਦ ਰੱਖਣਾ।

## ਰ

ਰਹਿ ਆਉਣਾ—ਇੱਜ਼ਤ ਆਬਰੂ ਬਣੀ ਰਹਿਣੀ।

ਰਹਿ ਜਾਣਾ—ਕਮਜ਼ੋਰ ਹੋ ਜਾਣਾ।

ਰਹਿ ਨਾ ਸਕਣਾ—ਕੋਈ ਕੰਮ ਕਰਨੋਂ ਰਹਿ ਨਾ ਹੋਣਾ, ਕੰਮ ਕਰਨੋਂ ਬਾਜ਼ ਨਾ ਆਉਣਾ।

ਰਕੰਮ ਭਰ ਦੇਣਾ—ਘਾਟਾ ਪੂਰਾ ਕਰ ਦੇਣਾ, ਨੁਕਸਾਨ ਤਾਰ ਦੇਣਾ।

ਰੱਖ ਨਾ ਜਾਣਨਾ—ਕਦਰ ਨਾ ਕਰਨੀ।

ਰਗ ਰਗ ਤੋਂ ਜਾਣੂੰ ਹੋਣਾ—ਪੂਰੀ ਤਰ੍ਹਾਂ ਵਾਕਿਫ਼ ਹੋਣਾ।

**ਰਚ ਮਿਚ ਜਾਣਾ**—ਘੁਲ਼ ਮਿਲ਼ ਜਾਣਾ।

**ਰਜ਼ਾ ਵਿੱਚ ਰਾਜ਼ੀ ਹੋਣਾ**—ਕਿਸੇ ਦੀ ਮਰਜ਼ੀ ਅਨੁਸਾਰ ਕੰਮ ਕਰਕੇ ਖ਼ੁਸ਼ੀ ਮਹਿਸੂਸ ਕਰਨੀ।

**ਰੱਟ ਲੈਣਾ**—ਜ਼ਬਾਨੀ ਘੋਟਾ ਲਾਉਣਾ।

**ਰੱਤ ਖੌਲਣ ਲੱਗਣਾ**—ਬਹੁਤ ਗ਼ੁੱਸੇ ਵਿੱਚ ਹੋਣਾ।

**ਰੱਤ ਪੀਣਾ**—ਕਿਸੇ ਦੀ ਕਮਾਈ 'ਤੇ ਐਸ਼ ਕਰਨਾ, ਹੱਕ ਮਾਰਨਾ।

**ਰਫਾ ਦਫਾ ਕਰਨਾ**—ਕਿਸੇ ਝਗੜੇ ਨੂੰ ਖ਼ਤਮ ਕਰ ਦੇਣਾ।

**ਰੱਬ ਦੀ ਮਾਰ ਪੈਣੀ**—ਬਦਕਿਸਮਤੀ ਨੇ ਘੇਰ ਲੈਣਾ।

**ਰੱਬ ਦੀ ਮਾਰ ਵਗਣੀ**—ਰੱਬੀ ਕਹਿਰ ਵਾਪਰਨਾ, ਕੀਤੇ ਕੁਕਰਮਾਂ ਦੀ ਰੱਬ ਵੱਲੋਂ ਸਜ਼ਾ ਮਿਲਣੀ।

**ਰੱਬ ਦੇ ਮਾਂਹ ਪੁੱਟਣੇ**—ਅਜਾਈਂ ਨੁਕਸਾਨ ਹੋਈ ਜਾਣਾ, ਰੱਬ ਦਾ ਕੁਝ ਵਿਗਾੜਨਾ।

**ਰਮਜ਼ਾਂ ਸਮਝਣਾ**—ਗੁੱਝੇ ਇਸ਼ਾਰੇ ਤੇ ਭੇਤ ਸਮਝਣਾ।

**ਰਾਈ ਦਾ ਪਹਾੜ ਬਣਾਉਣਾ**—ਗੱਲ ਵਧਾ ਚੜ੍ਹਾ ਕੇ ਦੱਸਣੀ।

**ਰਾਸ ਆਉਣਾ**—ਸਫ਼ਲਤਾ ਪ੍ਰਾਪਤ ਹੋ ਜਾਣੀ, ਕੰਮ ਬਣ ਜਾਣਾ।

**ਰਾਹ ਸਾਫ਼ ਹੋਣਾ**—ਕੋਈ ਰੁਕਾਵਟ ਨਾ ਰਹਿਣੀ।

**ਰਾਹ ਕਰਨਾ**—ਗਲ਼ੀ ਕੱਢਣੀ, ਛੇਕ ਕਰਨਾ, ਅਕਲ ਦੀ ਗੱਲ ਕਰਨੀ।

**ਰਾਹ ਜਾਂਦੇ ਨਾਲ਼ ਲੜਨਾ**—ਖਾਹਮਖ਼ਾਹ ਸਿੰਗੜੀ ਛੇੜ ਲੈਣੀ, ਲੜਾਈ ਝਗੜਾ ਕਰ ਲੈਣਾ।

**ਰਾਹ ਤੱਕਣਾ**—ਉਡੀਕਾਂ ਕਰਨੀਆਂ।

**ਰਾਹ ਜਾਂਦੀ ਗੱਲ ਗਲ਼ ਪਾਉਣੀ**—ਕਿਸੇ ਹੋਰ ਦੀ ਬਿਪਤਾ ਆਪਣੇ ਗਲ਼ ਪੁਆ ਲੈਣੀ।

**ਰਾਹ ਤੇ ਆਉਣਾ**—ਸਿੱਧੇ ਰਸਤੇ ਪੈ ਜਾਣਾ, ਸੁਧਰ ਜਾਣਾ।

**ਰਾਹ ਦਾ ਕੰਡਾ ਹੋਣਾ**—ਔਕੜ ਪੈਦਾ ਕਰਨ ਦਾ ਸਬੱਬ ਬਣਨਾ।

**ਰਾਹ ਦਾ ਕੰਡਾ ਕੱਢਣਾ**—ਵਿਰੋਧੀ ਨੂੰ ਮਾਰ ਮੁਕਾਉਣਾ।

**ਰਾਹ ਦੀ ਗੱਲ ਕਰਨੀ**—ਸਾਫ਼ ਤੇ ਸਿੱਧੀ ਗੱਲ ਕਰਨੀ, ਚਾਲ਼ੀ ਸੇਰੀ ਗੱਲ ਕਰਨੀ।

**ਰਾਹ ਨਾ ਆਉਣਾ**—ਸਮਝ 'ਚ ਨਾ ਆਉਣੀ, ਜਾਚ ਨਾ ਸਿਖਣੀ।

**ਰਾਹ ਨਾਲ਼ ਵਰਤਣਾ**—ਸੰਜਮ ਨਾਲ਼ ਰੁਪਏ ਪੈਸੇ ਖ਼ਰਚ ਕਰਨੇ, ਤਰੀਕੇ ਨਾਲ਼ ਵਰਤੋਂ ਵਿਹਾਰ ਕਰਨਾ।

**ਰਾਹ ਪੈ ਜਾਣਾ**—ਤੁਰ ਜਾਣਾ।

**ਰਾਹ ਵਿੱਚ ਰੋੜਾ ਅਟਕਾਉਣਾ**—ਕੰਮ ਵਿੱਚ ਰੋਕ ਪਾਉਣੀ।

**ਰਾਹੋਂ ਕੁਰਾਹੇ ਪੈਣਾ**—ਔਝੜ ਵਿੱਚ ਪੈ ਜਾਣਾ, ਗ਼ਲਤ ਰਾਹ 'ਤੇ ਤੁਰਨਾ।

**ਰਾਹੋਂ ਨਾ ਲੰਘਣਾ**—ਨੇੜੇ ਨਾ ਆਉਣਾ, ਦੂਰ ਦੂਰ ਰਹਿਣਾ।

**ਰਾਤ ਅੱਖਾਂ 'ਚ ਲੰਘਾਉਣੀ**—ਸਾਰੀ ਰਾਤ ਜਾਗਦੇ ਰਹਿਣਾ।

**ਰਾਤ ਦਿਨ ਇਕ ਕਰ ਛੱਡਣਾ**—ਮਿਹਨਤ ਨਾਲ਼ ਕੰਮ ਕਰਨਾ, ਦਿਨ ਰਾਤ ਕੰਮ 'ਚ ਜੁਟੇ ਰਹਿਣਾ।

**ਰਾਮ ਨਾਮ ਸਤ ਹੋਣਾ**—ਮਰ ਜਾਣਾ।

**ਰਿਝਦਿਆਂ ਉੱਤੋਂ ਚੱਪਣੀ ਲਾਹੁਣੀ**—ਲੁਕਵੀਆਂ ਕਰਤੂਤਾਂ ਜ਼ਾਹਰ ਕਰਨੀਆਂ।

**ਰੀਂ ਰੀਂ ਕਰਨਾ**—ਹੌਲ਼ੀ ਹੌਲ਼ੀ ਰੋਣਾ।

**ਰੀਝਾਂ ਵਰ ਆਉਣੀਆਂ**—ਮਨ ਦੀਆਂ ਮੁਰਾਦਾਂ ਪੂਰੀਆਂ ਹੋ ਜਾਣੀਆਂ।

**ਰੁੱਗ ਭਰਿਆ ਜਾਣਾ**—ਭੈੜੀ ਖ਼ਬਾਰ ਸੁਣ ਕੇ ਦਿਲ 'ਤੇ ਕਰਾਰੀ ਸੱਟ ਵੱਜਣੀ, ਕਾਲਜਾ ਮੁੱਠ ਵਿੱਚ ਆ ਜਾਣਾ।

**ਰੁਚੀ ਜਾਗ ਉੱਠਣੀ**—ਮਨ ਵਿੱਚ ਤਾਂਘ ਜਾਗਣੀ।

**ਰੂਹ ਪਲਟਾ ਦੇਣੀ**—ਸੁਭਾਅ ਬਦਲਾ ਦੇਣਾ।

**ਰੂਹ ਭਟਕਣੀ**—ਜੀਅ ਤਰਸਣਾ।

**ਰੂਪ ਚੜ੍ਹਨਾ**—ਸੁੰਦਰਤਾ ਦੇ ਬਾਲਾ ਹੋਣੀ।

**ਰੂੜੀ ਤੇ ਸੁੱਟ ਦੇਣਾ**—ਬੇਦਕਦਰੀ ਕਰਨੀ, ਸਹੀ ਮੁੱਲ ਨਾ ਪਾਉਣਾ।

**ਰੇਖ ਵਿੱਚ ਮੇਖ ਮਾਰਨਾ**—ਕਿਸਮਤ ਨੂੰ ਪਲਟਾ ਦੇਣਾ।

**ਰੇੜਕਾ ਮੁੱਕਣਾ**—ਨਿੱਤ ਦਾ ਲੜਾਈ ਝਗੜਾ ਖ਼ਤਮ ਹੋ ਜਾਣਾ।

**ਰੇੜਕਾ ਪਾ ਦੇਣਾ**—ਝਗੜਾ ਸ਼ੁਰੂ ਕਰ ਦੇਣਾ।

**ਰੋਟੀ ਨਾ ਲੰਘਣੀ**—ਬਹੁਤ ਚਿੰਤਾ ਹੋ ਜਾਣੀ, ਚਿੰਤਾ ਕਾਰਨ ਖਾਣਾ ਪੀਣਾ ਭੁੱਲ ਜਾਣਾ।

**ਰੋਟੀ ਪਾਣੀ ਸਾਂਝਾ ਹੋਣਾ**—ਗੂੜ੍ਹਾ ਮੇਲ ਮਿਲਾਪ ਹੋਣਾ।

**ਰੋਟੀ ਮੰਨਣਾ**—ਰੋਟੀ ਦਾ ਨਿਉਂਦਾ ਦੇਣਾ, ਰੋਟੀ ਵਰਜਣਾ।

**ਰੌਂਗਟੇ ਖੜ੍ਹੇ ਹੋ ਜਾਣੇ**—ਲੂੰ ਕੰਡੇ ਖੜ੍ਹੇ ਹੋ ਜਾਣੇ।

**ਰੰਗ ਉਘੜਨਾ**—ਅਸਲ ਪ੍ਰਗਟ ਹੋ ਜਾਣਾ, ਅਸਲਾ ਦਿਸਣਾ।

**ਰੰਗ ਉੱਡ ਜਾਣਾ**—ਘਬਰਾ ਜਾਣਾ, ਡਰ ਜਾਣਾ, ਰੰਗ ਫੱਕ ਹੋ ਜਾਣਾ।

ਰੰਗ ਉੱਡਣਾ—ਮੂੰਹ ਫੱਕ ਹੋ ਜਾਣਾ।

ਰੰਗ ਕੱਢਣਾ—ਸੁੰਦਰਤਾ ਚਮਕ ਪੈਣੀ।

ਰੰਗ ਚੜ੍ਹਨਾ—ਖ਼ੁਸ਼ੀ ਵਿੱਚ ਮਸਤ ਹੋਣਾ।

ਰੰਗ ਪੀਲ਼ਾ ਪੈ ਜਾਣਾ—ਬੀਮਾਰੀ ਨਾਲ਼ ਰੰਗ ਪੀਲ਼ਾ ਪੈ ਜਾਣਾ, ਸ਼ਰਮਿੰਦਾ ਹੋਣਾ, ਡਰ ਜਾਣਾ।

ਰੰਗ ਬਦਲਨਾ—ਪੈਂਤੜਾ ਬਦਲਣਾ, ਖ਼ਿਆਲ ਬਦਲ ਲੈਣੇ।

ਰੰਗ ਮਾਣਨਾ—ਖ਼ੁਸ਼ੀਆਂ ਮਾਣਨੀਆਂ।

ਰੰਗ ਲੱਗਣਾ—ਭਾਗ ਜਾਗ ਪੈਣੇ, ਮੌਜਾਂ ਲੱਗ ਜਾਣੀਆਂ।

ਰੰਗ ਲਿਆਉਣਾ—ਫਲ਼ ਪੈਣਾ, ਅਸਰ ਕਰਨਾ।

ਰੰਗ ਵਟਾ ਜਾਣਾ—ਅੱਖਾਂ ਫੇਰ ਲੈਣੀਆਂ, ਸਾਥ ਛੱਡ ਦੇਣਾ।

ਰੰਗ ਵਿੱਚ ਭੰਗ ਪੈਣਾ—ਕੋਈ ਚਿੰਤਾ ਲੱਗ ਜਾਣੀ, ਖ਼ੁਸ਼ੀ ਵਿੱਚ ਵਿਘਨ ਪੈ ਜਾਣਾ।

ਰੰਗ ਵਿੱਚ ਰੱਤਾ ਰਹਿਣਾ—ਕਿਸੇ ਪਿਆਰ ਜਾਂ ਸਵਾਦ ਵਿੱਚ ਮਸਤ ਰਹਿਣਾ।

ਰੰਗਾਂ ਵਿੱਚ ਵਸਣਾ—ਮੌਜ ਮਸਤੀ ਵਾਲ਼ਾ ਜੀਵਨ ਜੀਣਾ।

ਰੰਗਰਲ਼ੀਆਂ ਮਨਾਉਣਾ—ਜਸ਼ਨ ਮਨਾਉਣੇ, ਮੌਜ ਮਸਤੀ ਕਰਨੀ।

## ਲ

ਲਹਿਰ ਉੱਠਣੀ—ਜੋਸ਼ ਆਉਣਾ।

ਲਹਿਰਾਂ ਮਾਰਨਾ—ਠਾਠਾਂ ਮਾਰਨਾ।

ਲਹਿਰ ਲੱਗਣਾ—ਮੌਜ-ਬਹਾਰਾਂ ਹੋਣੀਆਂ।

ਲਹਿਰੇ ਲੁੱਟਣਾ—ਮੌਜ ਮਸਤੀ ਕਰਨੀ, ਐਸ਼ਾਂ ਕਰਨੀਆਂ।

ਲਹੂ ਉਬਲਣਾ—ਜੋਸ਼ ਆ ਜਾਣਾ।

ਲਹੂ ਸਾਂਝਾ ਹੋਣਾ—ਬੇਟੀ ਦੀ ਸਾਂਝ ਹੋਣੀ, ਸਾਂਝਾ ਭਾਈਚਾਰਾ।

ਲਹੂ ਸੁੱਕਣਾ—ਕਿਸੇ ਦੇ ਰੋਅਬ ਥੱਲੇ ਆ ਕੇ ਡਰ ਜਾਣਾ।

ਲਹੂ ਖਿੱਚਿਆ ਜਾਣਾ—ਸਾਹ ਸਤ ਨਾ ਰਹਿਣਾ, ਡਰ ਨਾਲ਼ ਮੂੰਹ 'ਤੇ ਪਲੱਤਣ ਆ ਜਾਣੀ।

ਲਹੂ ਖੌਲਣਾ—ਜੋਸ਼ ਆ ਜਾਣਾ, ਸਰੀਰ ਵਿੱਚ ਬਹਾਦਰੀ ਜਾਗ ਪੈਣੀ।

ਲਹੂ ਚੂਸਣਾ—ਭੈ-ਭੀਤ ਹੋ ਜਾਣਾ, ਘਬਰਾ ਜਾਣਾ।

ਲਹੂ ਡੋਲ੍ਹਣ ਨੂੰ ਤਿਆਰ ਰਹਿਣਾ—ਕਿਸੇ ਖ਼ਾਤਰ ਕੁਰਬਾਨੀ ਦੇਣ ਨੂੰ ਤਿਆਰ ਹੋ ਜਾਣਾ।

ਲਹੂ ਦੇ ਘੁੱਟ ਭਰਨਾ—ਦੁੱਖ ਨੂੰ ਅੰਦਰੋਂ ਅੰਦਰ ਜਰਨਾ।

ਲਹੂ ਦੇ ਅੱਥਰੂ ਕੇਰਨਾ—ਬਹੁਤ ਰੋਣਾ ਧੋਣਾ, ਵਿਰਲਾਪ ਕਰਨਾ।

ਲਹੂ ਦਾ ਤਿਹਾਇਆ ਹੋਣਾ—ਪੱਕਾ ਵੈਰੀ ਹੋਣਾ।

ਲਹੂ ਵਿੱਚ ਨਹਾਉਣਾ—ਜ਼ੁਲਮ ਕਰਨਾ।

ਲਹੂ ਨਚੋੜਨਾ—ਸਖ਼ਤ ਕੰਮ ਕਰਨਾ, ਕਾਮਿਆਂ ਨੂੰ ਪੂਰੀ ਮਿਹਨਤ ਨਾ ਦੇਣੀ।

ਲਹੂ ਨਾਲ਼ ਹੱਥ ਰੰਗਣੇ—ਜ਼ੁਲਮ ਕਰਨਾ, ਖ਼ੂਨ ਕਰਨਾ।

ਲਹੂ ਪਸੀਨਾ ਇਕ ਕਰਨਾ—ਡਾਹਢੀ ਮਿਹਨਤ ਮਜ਼ਦੂਰੀ ਕਰਨੀ।

ਲਹੂ ਪੀਣਾ—ਬਹੁਤ ਜ਼ੁਲਮ ਕਰਨਾ, ਦੁਖੀ ਕਰਨਾ, ਮਜ਼ਦੂਰਾਂ ਦਾ ਹੱਕ ਮਾਰਨਾ।

ਲਹੂ ਪੰਘਰਨਾ—ਗਲ ਭਰ ਆਉਣਾ, ਮੋਹ ਜਾਗ ਪੈਣਾ।

ਲੱਕ ਸਿੱਧਾ ਕਰਨਾ—ਸਾਹ ਲੈਣਾ, ਦਮ ਮਾਰਨਾ, ਥੋੜ੍ਹਾ ਜਿਹਾ ਥਕੇਵਾਂ ਲਾਹੁਣਾ।

ਲੱਕ ਟੁੱਟ ਜਾਣਾ—ਕਿਸੇ ਮੌਤ ਕਾਰਨ ਭਾਰੀ ਸੱਟ ਵੱਜਣੀ, ਹਿੰਮਤ ਹਾਰ ਜਾਣੀ, ਹੌਸਲਾ ਮੁੱਕ ਜਾਣਾ।

ਲੱਕ ਤੋੜ ਦੇਣਾ—ਹੌਸਲਾ ਢਾਹ ਦੇਣਾ

ਲੱਕ ਦੂਹਰਾ ਹੋ ਜਾਣਾ—ਕੰਮ ਕਰਦਿਆਂ ਥੱਕ ਕੇ ਚੂਰ ਹੋ ਜਾਣਾ।

ਲੱਕ ਬੰਨ੍ਹਣਾ—ਪੱਕਾ ਇਰਾਦਾ ਬਣਾ ਲੈਣਾ, ਪੱਕੀ ਨੀਯਤ ਧਾਰ ਲੈਣੀ।

ਲਕੀਰ ਫੇਰਨਾ—ਖ਼ਤਮ ਕਰ ਦੇਣਾ, ਮਸਾ ਦੇਣਾ।

ਲੱਖ ਦੀ ਗੱਲ ਕਰਨਾ—ਸਿਆਣੀ ਗੱਲ ਆਖਣੀ।

ਲੱਖਾਂ ਵਿੱਚ ਖੇਡਣਾ—ਬਹੁਤ ਅਮੀਰ ਹੋ ਜਾਣਾ।

ਲਗਨ ਠੰਢੇ ਹੋਣਾ—ਕੰਮ ਵਿੱਚ ਕਾਮਯਾਬੀ ਨਾ ਹੋਣੀ, ਕਿਸਮਤ ਵਿੱਚ ਫ਼ਰਕ ਹੋਣਾ।

ਲਗਾਮ ਢਿੱਲੀ ਛੱਡਣੀ—ਸਿਰ 'ਤੇ ਅੰਕੁਸ਼ ਨਾ ਰੱਖਣਾ, ਖੁੱਲ੍ਹਾਂ ਦੇ ਦੇਣੀਆਂ।

ਲੱਛਮੀ ਘਰ ਵਿੱਚ ਆਉਣੀ—ਧਨ-ਪਦਾਰਥ ਪ੍ਰਾਪਤ ਹੋਣਾ।

ਲੱਟੂ ਹੋਣਾ—ਮੋਹਤ ਹੋ ਜਾਣਾ, ਆਸ਼ਕ ਹੋਣਾ।

ਲੱਤ ਅੜਾਉਣਾ—ਕਿਸੇ ਕੰਮ 'ਚ ਰੋਕ ਪਾਉਣੀ।

ਲੱਤ ਹੇਠੋਂ ਕੱਢਣਾ—ਹਰਾ ਦੇਣਾ।

**ਲੱਤ ਹੇਠੋਂ ਲੰਘਣਾ**—ਈਨ ਮੰਨਣੀ, ਲੋਹਾ ਮੰਨਣਾ।

**ਲੱਤ ਨਾ ਲਾਣਾ**—ਟਿਕ ਕੇ ਨਾ ਬੈਠਣਾ, ਇਨਕਾਰ ਕਰੀ ਜਾਣਾ, ਆਕੜ ਵਿਖਾਉਣੀ।

**ਲੱਤ ਮਾਰਨਾ**—ਕੰਮ ਵਿੱਚ ਵਿਗਾੜ ਪਾਉਣਾ, ਭਾਨੀ ਮਾਰਨੀ।

**ਲੱਤਾਂ ਵਿੱਚ ਸਿੱਕਾ ਭਰ ਜਾਣਾ**—ਤੁਰਨ ਲੱਗਿਆਂ ਲੱਤਾਂ ਭਾਰੀਆਂ-ਭਾਰੀਆਂ ਲੱਗਣੀਆਂ।

**ਲਪੇਟ ਵਿੱਚ ਆਉਣਾ**—ਧੋਖੇ ਵਿੱਚ ਫਸਣਾ।

**ਲੱਲੇ ਪੱਪੇ ਕਰਨਾ**—ਲਾਰਿਆਂ ਵਿੱਚ ਰੱਖਣਾ, ਪੱਕੀ ਗੱਲ ਨਾ ਕਰਨੀ, ਏਧਰ ਓਧਰ ਦੀਆਂ ਮਾਰਨੀਆਂ, ਝੂਠੀ ਆਸ ਬੰਨ੍ਹਾਉਣੀ।

**ਲੜ ਫੜਨਾ**—ਆਸਰਾ ਦੇਣਾ।

**ਲੜ ਲੱਗਣਾ**—ਇਸਤਰੀ ਦਾ ਕਿਸੇ ਪੁਰਸ਼ ਨਾਲ਼ ਵਿਆਹਿਆ ਜਾਣਾ।

**ਲਾਹ ਪਾਹ ਕਰਨਾ**—ਝਾੜ ਝੰਬ ਕਰਨੀ, ਘੂਰ ਘਪ ਕਰਨੀ।

**ਲਾਗ ਬਾਜ਼ੀ ਕਰਨਾ**—ਕਿਸੇ ਨਾਲ਼ ਜ਼ਿੱਦ ਰੱਖਣੀ, ਦੁਸ਼ਮਣੀ ਕਰਨੀ।

**ਲਾਗ ਲੱਗਣਾ**—ਅਸਰ ਹੋ ਜਾਣਾ।

**ਲਾਂਘਾ ਲੰਘਣਾ**—ਗੁਜਰਾਨ ਹੋਈ ਜਾਣੀ, ਦਿਨ ਕਟੀ ਕਰਨਾ।

**ਲਾਲ ਪੀਲ਼ਾ ਹੋਣਾ**—ਗ਼ੁੱਸੇ ਹੋਣਾ।

**ਲਾਲ਼ਾਂ ਚੱਟਣੀਆਂ**—ਤਰਲੇ ਕਰਨੇ, ਖੁਸ਼ਾਮਦ ਕਰਨੀ।

**ਲਾਲ਼ਾਂ ਵਗਾਉਣਾ**—ਲਲਚਾਉਣਾ।

**ਲਿੱਦ ਕਰ ਦੇਣਾ**—ਹੌਸਲਾ ਪਸਤ ਹੋ ਜਾਣਾ, ਘਟੀਆ ਸਾਬਤ ਹੋਣਾ, ਡਰਾਕਲਾਂ ਵਾਲ਼ੇ ਕੰਮ ਕਰਨੇ।

**ਲਿਵ ਲੱਗਣਾ**—ਸੁਰਤ ਜੁੜਨੀ।

**ਲੀਹੇ ਤੁਰਨਾ**—ਨੱਕ ਦੀ ਸੇਧ ਤੁਰਨਾ, ਰਸਤੇ ਰਸਤੇ ਜਾਣਾ।

**ਲੀਕ ਮਿਟਾ ਦੇਣੀ**—ਵਿਤਕਰੇ ਵਿੱਥਾਂ ਦੂਰ ਕਰ ਦੇਣੀਆਂ।

**ਲੀਕ ਲੱਗਣੀ**—ਤੋਹਮਤ ਲੱਗ ਜਾਣੀ, ਬੇਇੱਜ਼ਤੀ ਹੋਣੀ।

**ਲੀਰਾਂ ਲਮਕਣਾ**—ਅਤਿ ਦੀ ਗ਼ਰੀਬੀ ਆ ਜਾਣੀ, ਪਾਟੇ ਹੋਏ ਕੱਪੜੇ ਪਾ ਕੇ ਰੱਖਣਾ।

**ਲੂਣ ਹਰਾਮ ਕਰਨਾ**—ਕੀਤੇ ਨੂੰ ਭੁਲਾ ਦੇਣਾ, ਅਕਿਰਤਘਣ ਹੋਣਾ।

**ਲੂਣ ਤੋਲਣਾ**—ਝੂਠ ਤੇ ਕੁਫ਼ਰ ਤੋਲਣਾ, ਵਧਾ ਚੜ੍ਹਾ ਕੇ ਗੱਲ ਕਰਨੀ।

**ਲੂਣ ਮਿਰਚ ਲਗਾਉਣਾ**—ਵਧਾ ਚੜ੍ਹਾ ਕੇ ਗੱਲ ਕਰਨੀ।

**ਲੇਖ ਸੜ ਜਾਣੇ**—ਕਿਸਮਤ ਨੇ ਸਾਥ ਨਾ ਦੇਣਾ, ਕਾਰ ਵਿਹਾਰ ਵਿੱਚ ਘਾਟਾ ਪੈ ਜਾਣਾ, ਬਦਕਿਸਮਤੀ ਦਾ ਚੱਕਰ ਚੱਲ ਪੈਣਾ।

**ਲੇਖਾ ਨਿਬੇੜਨਾ**—ਹਿਸਾਬ ਕਿਤਾਬ ਕਰ ਦੇਣਾ, ਲੈਣ ਦੇਣ ਪੂਰਾ ਕਰ ਦੇਣਾ, ਬਦਲਾ ਲੈਣਾ।

**ਲੇਡਾ ਫੁੱਲ ਜਾਣਾ**—ਆਕੜ ਜਾਣਾ।

**ਲੈਣੇ ਦੇ ਦੇਣੇ ਪੈ ਜਾਣੇ**—ਲਾਭ ਦੀ ਥਾਂ ਹਾਨੀ ਹੋਣੀ।

**ਲੋਈ ਲਾਹੁਣਾ**—ਬੇਸ਼ਰਮ ਹੋ ਜਾਣਾ, ਕੋਈ ਸ਼ਰਮ ਹਯਾ ਨਾ ਰੱਖਣੀ।

**ਲੋਹੜਾ ਆ ਜਾਣਾ**—ਅਤਿ ਭੈੜਾ ਤੇ ਅਨੋਖਾ ਕੰਮ ਹੋ ਜਾਣਾ।

**ਲੋਹਾ ਮੰਨਣਾ**—ਕਿਸੇ ਦੀ ਲਿਆਕਤ ਦੇ ਪ੍ਰਭਾਵ ਹੇਠ ਆਉਣਾ, ਸ਼ਕਤੀ ਅੱਗੇ ਸਿਰ ਝੁਕਾਉਣਾ।

**ਲੋਹਾ ਲਾਖ਼ਾ ਹੋਣਾ**—ਬਹੁਤ ਗੁੱਸੇ ਹੋਣਾ।

**ਲੋਹੇ ਨੂੰ ਹੱਥ ਪਾਉਣਾ**—ਤਲਵਾਰਾਂ ਨਾਲ਼ ਲੜਾਈ ਕਰਨੀ।

**ਲੋਹੇ ਦੇ ਚਣੇ ਚਬਾਉਣਾ**—ਔਖਾ ਕੰਮ ਕਰਨਾ ਪੈਣਾ, ਔਖ ਪੇਸ਼ ਆਉਣੀ।

**ਲੋਹੇ ਦਾ ਥਣ ਹੋਣਾ**—ਬਹੁਤ ਕੰਜੂਸ ਹੋਣਾ, ਪੱਥਰ ਦਿਲ ਹੋ ਜਾਣਾ, ਹੱਥੋਂ ਕੁਝ ਨਾ ਦੇਣਾ।

**ਲੰਗ ਮਾਰਨਾ**—ਲੰਗੜਾ ਕੇ ਤੁਰਨਾ।

**ਲੰਗਰ ਲਾਣਾ**—ਖੁੱਲ੍ਹਾ ਵੰਡਣਾ, ਦਿਲ ਖੋਲ੍ਹ ਕੇ ਵੰਡਣਾ, ਆਮ ਲੋਕਾਂ ਨੂੰ ਪ੍ਰਸ਼ਾਦੇ ਛਕਾਉਣੇ।

**ਲੰਗਰ ਲੰਗੋਟੇ ਕੱਸਣੇ**—ਪੂਰੇ ਜ਼ੋਰ ਸ਼ੋਰ ਨਾਲ਼ ਤਿਆਰੀ 'ਚ ਜੁੱਟ ਜਾਣਾ।

**ਲੰਮੀ ਡੋਰ ਦੇਣਾ**—ਬਹੁਤ ਖੁੱਲ੍ਹ ਦੇਣੀ।

**ਲੰਮੀਆਂ ਤਾਣ ਕੇ ਸੌਣਾ**—ਨਿਸ਼ਚਿੰਤ ਹੋ ਕੇ ਨੀਂਦ ਕੱਢਣੀ, ਬੇ-ਪਰਵਾਹ ਹੋ ਜਾਣਾ।

**ਲੰਮੇ ਚਾਲੇ ਪਾਉਣਾ**—ਮਰ ਜਾਣਾ।

**ਲੂੰ ਕੰਡੇ ਖੜੇ ਹੋਣਾ**—ਜੋਸ਼ ਜਾਂ ਡਰ ਨਾਲ਼ ਸਰੀਰ ਦੇ ਰੋਮ ਖੜੇ ਹੋ ਜਾਣੇ।

# ਵ

**ਵੱਸ ਪੈਣਾ**—ਕਿਸੇ ਦੇ ਪੱਲੈ ਪੈ ਜਾਣਾ, ਕਿਸੇ ਦੂਜੇ 'ਤੇ ਨਿਰਭਰ ਕਰਨਾ, ਕਿਸੇ ਦੀ ਮਰਜ਼ੀ ਅਨੁਸਾਰ ਚੱਲਣਾ।

**ਵਹਿ ਨਿਕਲਣਾ**—ਕੰਮ-ਕਾਰ ਵਿੱਚ ਸਿਆਣਾ ਹੋ ਜਾਣਾ।

**ਵਹਿਣਾਂ ਵਿੱਚ ਗੋਤੇ ਖਾਣੇ**—ਸੋਚਾਂ ਵਿੱਚ ਡੁੱਬ ਕੇ ਸਭ ਕੁਝ ਭੁਲਾ ਦੇਣਾ।

**ਵਕਤ ਟਪਾਉਣਾ**—ਔਕੜ ਸਮੇਂ ਕਿਸੇ ਦੀ ਮਦਦ ਕਰਨੀ, ਔਖਾ ਸਮਾਂ ਦੱਬ-ਘੁੱਟ ਕੇ ਬਤੀਤ ਕਰਨਾ।

**ਵਕਤ ਨੂੰ ਧੱਕਾ ਦੇਣਾ**—ਔਖੇ ਸੌਖੇ ਹੋ ਕੇ ਝੱਟ ਲੰਘਾਉਣਾ।

**ਵਖ਼ਤ ਪਾ ਦੇਣਾ**—ਮੁਸੀਬਤਾਂ ਖੜ੍ਹੀਆਂ ਕਰ ਦੇਣੀਆਂ, ਔਕੜ ਵਿੱਚ ਫਸਾਉਣਾ।

**ਵਖਤਾਂ ਨੂੰ ਫੜੇ ਹੋਏ ਹੋਣਾ**—ਕਿਸੇ ਬਿਪਤਾ ਵਿੱਚ ਫਸ ਜਾਣਾ।

**ਵੱਟ ਖਾਣਾ**—ਗ਼ੁੱਸਾ ਕਰਨਾ, ਦੁੱਧ ਦਾ ਖਟਿਆ ਜਾਣਾ।

**ਵੱਟਾ ਲਾਉਣਾ**—ਬਦਨਾਮੀ ਸਹੇੜਨੀ, ਖ਼ੁਨਾਮੀ ਖੱਟਣੀ।

**ਵੱਡਾ ਹੋਣਾ**—ਮਰ ਜਾਣਾ।

**ਵੱਡਾ ਜਿਗਰਾ ਕਰਨਾ**—ਮਾੜੇ ਮੋਟੇ ਨੁਕਸਾਨ ਦੀ ਪਰਵਾਹ ਨਾ ਕਰਨੀ, ਖੁਲ੍ਹੇ ਦਿਲ ਵਾਲ਼ਾ ਹੋਣਾ, ਦੁੱਖ ਦੀ ਪਰਵਾਹ ਨਾ ਕਰਨੀ।

**ਵੱਢ ਵੱਢ ਖਾਣਾ**—ਘੂਰ ਘੱਪ ਕਰਨੀ, ਟੁੱਟ ਟੁੱਟ ਪੈਣਾ, ਬਹੁਤ ਝਿੜਕਣਾ।

**ਵੱਢਿਆਂ ਰੂਹ ਨਾ ਕਰਨਾ**—ਮਨ ਦੀ ਸਥਿਤੀ ਕਾਰਨ ਕਿਸੇ ਵੀ ਕੰਮ ਨੂੰ ਕਰਨ ਨੂੰ ਦਿਲ ਨਾ ਕਰਨਾ, ਕਿਸੇ ਥਾਂ ਜਾਂ ਕੰਮ ਨਾਲ਼ ਘ੍ਰਿਣਾ ਹੋ ਜਾਣੀ।

**ਵਊਂ ਖਾਊਂ ਕਰਨਾ**—ਖਾਣ ਨੂੰ ਪੈਣਾ।

**ਵਊਂ ਵਊਂ ਕਰਨਾ**—ਹਰ ਵੇਲੇ ਘੂਰਦੇ ਰਹਿਣਾ।

**ਵਧ ਵਧ ਹੱਥ ਵਖਾਉਣਾ**—ਬਹਾਦਰੀ ਕਰਨੀ।

**ਵਧ ਵਧ ਕੇ ਪੈਰ ਮਾਰਨਾ**—ਵਿਤੋਂ ਵੱਧ ਕੰਮ ਕਰਨਾ।

**ਵਖਾਧ ਵੱਧ ਜਾਣਾ**—ਮਾਮੂਲੀ ਝਗੜੇ ਤੋਂ ਲੜਾਈ ਨੇ ਤੂਲ ਫੜ ਲੈਣਾ।

**ਵਰ੍ਹ ਪੈਣਾ**—ਖ਼ੂਬ ਝਿੜਕਾਂ ਦੇਣੀਆਂ, ਮਾੜਾ ਚੰਗਾ ਬੋਲਣਾ।

**ਵਲ਼ ਖਲੋਣਾ**—ਘੇਰਾ ਘੱਤ ਲੈਣਾ, ਘੇਰ ਲੈਣਾ।

**ਵਲ਼ ਖਾਣਾ**—ਅੰਦਰੋਂ ਅੰਦਰ ਖਿਝਣਾ, ਜਲਣਾ, ਕੁੜ੍ਹਨਾ।

**ਵਲ਼ ਛਲ਼ ਕਰਨਾ**—ਧੋਖਾ ਦੇ ਜਾਣਾ, ਠੱਗੀ ਮਾਰ ਜਾਣੀ।

**ਵਲ਼ ਪਾਉਣਾ**—ਚਲਾਕੀ ਕਰਨੀ।

**ਵਲ਼ਾ ਵਲ਼ਾ ਕੇ ਗੱਲ ਕਰਨੀ**—ਦਿਲ ਦੀ ਗੱਲ ਲੁਕੋ ਕੇ ਹੋਰ ਹੋਰ ਗੱਲਾਂ ਕਰੀ ਜਾਣੀਆਂ।

**ਵਾ ਖਾਣਾ**—ਹਵਾ ਵਿੱਚ ਘੁੰਮਣਾ, ਸੈਰ ਕਰਨੀ।

**ਵਾ ਦਾ ਰੁੱਖ ਦੇਖਣਾ**—ਸਮੇਂ ਅਨੁਸਾਰ ਚੱਲਣਾ।

**ਵਾ ਦੇ ਘੋੜੇ ਅਸਵਾਰ ਹੋਣਾ**—ਹੰਕਾਰ ਜਾਣਾ।

**ਵਾ ਵੱਗ ਜਾਣਾ**—ਮੱਤ ਮਾਰੀ ਜਾਣੀ, ਰਿਵਾਜ ਪੈ ਜਾਣਾ।

**ਵਾ ਵੱਲ ਨਾ ਵੇਖਣਾ**—ਮਾੜੀ ਨਜ਼ਰ ਨਾਲ਼ ਨਾ ਵੇਖ ਸਕਣਾ, ਕੋਈ ਨੁਕਸਾਨ ਕਰਨ ਦੀ ਜੁਰੱਅਤ ਨਾ ਕਰਨਾ।

**ਵਾਸਤੇ ਪਾਉਣੇ**—ਤਰਲੇ ਕਰਨੇ, ਹਾੜ੍ਹੇ ਕੱਢਣੇ।

**ਵਾਹ ਪੈਣਾ**—ਵਾਸਤਾ ਪੈਣਾ।

**ਵਾਹ ਲਾਉਣਾ**—ਯਤਨਸ਼ੀਲ ਹੋਣਾ।

**ਵਾਗਡੋਰ ਫੜਨੀ**—ਪ੍ਰਬੰਧ ਦੀ ਜ਼ੁੰਮੇਂਵਾਰੀ ਲੈਣੀ, ਆਗੂ ਬਣ ਜਾਣਾ।

**ਵਾਛਾਂ ਖਿੜਨੀਆਂ**—ਬਹੁਤ ਖ਼ੁਸ਼ ਹੋਣਾ।

**ਵਾਤ ਨਾ ਪੁੱਛਣੀ**—ਖ਼ਬਰਸਾਰ ਨਾ ਲੈਣੀ, ਪਰਵਾਹ ਨਾ ਕਰਨੀ, ਸਹਾਇਤਾ ਨਾ ਕਰਨੀ।

**ਵਾਧਾ ਘਾਟਾ ਨਾ ਸਮਝਣਾ**—ਮਾੜੇ ਚੰਗੇ ਅਤੇ ਘਾਟੇ ਵਾਧੇ ਬਾਰੇ ਵਿਚਾਰ ਨਾ ਕਰਨੀ।

**ਵਾਧੀਆਂ ਘਾਟੀਆਂ ਕਰਨੀਆਂ**—ਕਿਸੇ ਨਾਲ਼ ਵਧੀਕੀ ਕਰਨੀ।

**ਵਾਰੀ ਨਾ ਲੈਣ ਦੇਣਾ**—ਗੱਲਾਂ ਬਾਤਾਂ ਵਿੱਚ ਦੂਜੇ ਨੂੰ ਬੋਲਣ ਨਾ ਦੇਣਾ, ਗੱਲ ਕਰਨ ਦਾ ਸਮਾਂ ਨਾ ਦੇਣਾ।

**ਵਾਰਾਂ ਗਾਈ ਜਾਣਾ**—ਬੜੀ ਸ਼ੋਭਾ ਵੱਡਿਆਈ ਹੋਣੀ, ਜੱਸ ਹੋਣਾ।

**ਵਾਰੇ ਨਾ ਆ ਸਕਣਾ**—ਬਹਿਸ ਵਿੱਚ ਦੂਜੇ ਨੂੰ ਬੋਲਣ ਨਾ ਦੇਣਾ।

**ਵਾਲ਼ ਦੀ ਖਲ ਲਾਹੁਣਾ**—ਬਹੁਤ ਬਰੀਕੀ ਨਾਲ਼ ਪੁੱਛ ਪੜਤਾਲ ਕਰਨੀ।

**ਵਾਲ਼ ਪੈਰਾਂ ਹੇਠਾਂ ਹੋਣਾ**—ਬੜੀ ਹਲੀਮੀ ਨਾਲ਼ ਗੱਲ ਤੋਰਨੀ।

**ਵਾਲ਼ ਵਿੰਗਾ ਨਾ ਹੋਣ ਦੇਣਾ**—ਰਤੀ ਭਰ ਵੀ ਔਖ ਨਾ ਆਉਣ ਦੇਣੀ।

**ਵਿਸ ਘੋਲਣਾ**—ਮਨ ਵਿੱਚ ਆਪਣੇ ਗ਼ੁੱਸੇ ਨੂੰ ਜਰ ਲੈਣਾ, ਅੰਦਰੋਂ ਅੰਦਰ ਵਿਸ ਘੋਲੀ ਜਾਣੀ, ਦਿਲ ਵਿੱਚ ਹੀ ਕੁੜ੍ਹਨਾ।

**ਵਿਸਾਹ ਨਾ ਖਾਣਾ**—ਕਿਸੇ 'ਤੇ ਇਤਵਾਰ ਨਾ ਕਰਨਾ, ਦੂਜੇ ਆਦਮੀ 'ਤੇ ਵਿਸ਼ਵਾਸ ਨਾ ਕਰਨਾ।

**ਵਿਗੜੀ ਤਾਣੀ ਸੁਲਝਾਉਣੀ**—ਵਿਗੜਿਆ ਕੰਮ ਸੰਵਾਰ ਦੇਣਾ।

**ਵਿਗੜੀ ਬਣਾਉਣਾ**—ਵਿਗੜੇ ਕੰਮਾਂ 'ਚ ਸੁਧਾਰ ਲਿਆਉਣਾ।

**ਵਿੱਚ ਕੁਝ ਨਾ ਰਹਿਣਾ**—ਮਾੜੇ ਹੋ ਜਾਣਾ।

**ਵੇਖ ਕੇ ਭੁੱਖ ਲਹਿਣਾ**—ਬਹੁਤ ਸੋਹਣਾ ਲੱਗਣਾ।

**ਵੇਖ ਨਾ ਸੁਖਾਣਾ**—ਕਿਸੇ ਨੂੰ ਵੱਧਦਾ ਫੁਲਦਾ ਵੇਖ ਕੇ ਸਾੜਾ ਕਰਨਾ।

**ਵੇਲ ਵਧਣਾ**—ਸੰਤਾਨ 'ਚ ਵਾਧਾ ਹੋਣਾ, ਧੀਆਂ ਪੁੱਤ ਜੰਮਣੇ।

**ਵੇਲ਼ਾ ਕੁਵੇਲ਼ਾ ਭੁਗਤਾਣਾ**—ਲੋੜ ਸਮੇਂ ਸਹਾਇਤਾ ਕਰਨੀ, ਆਸਰਾ ਦੇਣਾ।

**ਵੇਲ਼ਾ ਟਪਾਉਣਾ**—ਔਕੜ ਸਮੇਂ ਮਦਦ ਕਰਨਾ, ਮਾੜਾ ਸਮਾਂ ਲੰਘਾ ਦੇਣਾ।

**ਵੇਲ਼ਾ ਟਾਲਣਾ**—ਕਿਸੇ ਬਿਪਤਾ ਤੋਂ ਬਚਣ ਲਈ ਯਤਨ ਕਰਨਾ।

**ਵੇਲ਼ਾ ਧੱਕਣਾ**—ਕੰਮ ਸਾਰਨਾ, ਔਖੇ ਵੇਲ਼ੇ ਕੰਮ ਆਉਣਾ।

**ਵੇਲ਼ੇ ਨੂੰ ਰੋਣਾ**—ਸਮਾਂ ਅਜਾਈਂ ਗੁਆ ਕੇ ਪਛਤਾਉਣਾ।

**ਵੈਰ ਕੱਢਣਾ**—ਬਦਲਾ ਲੈਣਾ।

**ਵੈਰ ਖ਼ਰੀਦਣਾ**—ਵੈਰ ਪਾ ਲੈਣਾ, ਵੈਰ ਵਿਹਾਜਣਾ।

**ਵੰਗਾਰ ਪਾਣਾ**—ਸਹਾਇਤਾ ਲਈ ਪ੍ਰੇਰਨਾ, ਲਲਕਾਰ ਪਾਉਣੀ।

**ਵਿੰਗਾ ਤੁਰਨਾ**—ਮੰਦੇ ਕੰਮ ਕਰਨੇ, ਗ਼ਲਤੀ ਕਰਨੀ।

---



ਸੁਖਦੇਵ ਮਾਦਪੁਰੀ ਨੇ 1956 ਵਿਚ ਪੰਜਾਬੀ ਲੋਕ ਬੁਝਾਰਤਾਂ ਦੇ ਸੰਗ੍ਰਹਿ 'ਲੋਕ ਬੁਝਾਰਤਾਂ' ਨਾਲ ਸ਼ੁਰੂ ਕਰਕੇ ਸਾਲ 2006 ਵਿਚ ਛਪੀ ਪੁਸਤਕ 'ਪੰਜਾਬੀ ਸਭਿਆਚਾਰ ਦੀ ਆਰਸੀ' ਤਕ ਪੁਜਦਿਆਂ ਡੇਢ ਦਰਜਣ ਪੁਸਤਕਾਂ ਰਾਹੀਂ ਪੰਜਾਬੀ ਲੋਕਯਾਨ, ਲੋਕਧਾਰਾ ਅਤੇ ਸਭਿਆਚਾਰ ਦੇ ਵਿਸ਼ੇਸ਼ਗ ਵਜੋਂ ਆਪਣੀ ਵਿਲੱਖਣ ਪਛਾਣ ਬਣਾ ਲਈ ਹੈ।

ਅੱਧੀ ਸਦੀ ਦੇ ਇਸ ਸਫ਼ਰ ਦੌਰਾਨ ਮਾਦਪੁਰੀ ਨੇ ਪੰਜਾਬੀ ਲੋਕਯਾਨ ਦੇ ਵੱਖ ਵੱਖ ਖੇਤਰਾਂ ਲੋਕਗੀਤਾਂ ਅਤੇ ਲੋਕ ਕਹਾਣੀਆਂ ਦੇ ਸੰਗ੍ਰਹਿ ਤਿਆਰ ਕਰਕੇ ਉਨ੍ਹਾਂ ਦੀ ਸਭਿਆਚਾਰਕ ਅਤੇ ਸਮਾਜਕ ਦ੍ਰਿਸ਼ਟੀ ਤੋਂ ਵਿਆਖਿਆ ਵੀ ਕੀਤੀ ਹੈ। ਪੰਜਾਬੀ ਲੋਕ ਬੁਝਾਰਤਾਂ ਦਾ ਇਕੱਤਰੀਕਰਨ ਕਰਕੇ ਉਨ੍ਹਾਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਪੰਜਾਬ ਦੇ ਲੋਕ ਜੀਵਨ ਵਿਚ ਮੇਲਿਆਂ ਤਿਉਹਾਰਾਂ, ਅਨੁਸ਼ਠਾਨਾਂ ਤੇ ਰਹੁਰੀਤਾਂ ਦੇ ਮਹੱਤਵ ਨੂੰ ਦਰਸਾਇਆ ਹੈ। ਲੋਕਨਾਚਾਂ, ਲੋਕ ਨਾਟਕਾਂ ਅਤੇ ਲੋਕ ਖੇਡਾਂ ਆਦਿ ਮਨੋਰੰਜਨ ਤੇ ਦਿਲਪ੍ਰਚਾਵੇ ਦੇ ਸਾਧਨਾਂ ਦਾ ਉਲੇਖ ਵੀ ਕੀਤਾ ਹੈ ਅਤੇ ਸੰਘੋਲ ਅਤੇ ਲੋਪੋਂ ਜੇਹੇ ਅਨਮੋਲ ਖ਼ਜ਼ਾਨੇ ਸੰਬੰਧੀ ਭਰਵੀਂ ਜਾਣਕਾਰੀ ਦਿੱਤੀ ਹੈ। ਪੰਜਾਬੀ ਲੋਕਯਾਨ ਦੇ ਇਸ ਅਧਿਐਨ ਰਾਹੀਂ ਪੰਜਾਬੀ ਸ਼ਨਾਖ਼ਤ ਦੇ ਨੈਣ ਨਕਸ਼ ਪੂਰੀ ਤਰ੍ਹਾਂ ਪ੍ਰਤਿਬੰਧਤ ਹੁੰਦੇ ਹਨ।

ਸੁਖਦੇਵ ਮਾਦਪੁਰੀ ਨੇ ਪੰਜਾਬ ਦੇ ਲੋਕ ਜੀਵਨ ਵਿਚੋਂ ਭਾਂਤ ਭਾਂਤ ਦੀ ਸਮੱਗਰੀ ਇਕੱਠੀ ਕਰਕੇ, ਉਸਦਾ ਅਧਿਐਨ ਕਰਕੇ, ਉਸ ਦੀ ਸਭਿਆਚਾਰਕ ਅਹਿਮੀਅਤ ਤੋਂ ਜਾਣੂ ਕਰਾ ਕੇ ਇਕ ਪਾਸੇ ਅਲੋਪ ਹੋ ਰਹੇ ਵਿਰਸੇ ਸੰਬੰਧੀ ਲੋੜੀਂਦੀ ਜਾਣਕਾਰੀ ਦਿੱਤੀ ਹੈ ਅਤੇ ਦੂਜੇ ਪਾਸੇ ਪੰਜਾਬੀਆਂ ਨੂੰ ਇਹ ਅਹਿਸਾਸ ਕਰਾਇਆ ਹੈ ਕਿ ਉਹ ਕਿਸ ਕਦਰ ਕੀਮਤੀ ਖ਼ਜ਼ਾਨੇ ਦੇ ਮਾਲਕ ਹਨ। ਲੋਕਯਾਨ ਅਤੇ ਪੰਜਾਬੀ ਸਭਿਆਚਾਰ ਨੂੰ ਬਤੌਰ ਸਮਾਜ ਵਿਗਿਆਨ ਦੇ ਅਨੁਸ਼ਾਸਨ ਵਜੋਂ ਯੂਨੀਵਰਸਿਟੀਆਂ ਦੀ ਪੱਧਰ ਤੇ ਅਧਿਐਨ, ਅਧਿਆਪਨ ਤੇ ਖੋਜ ਦੇ ਵਿਸ਼ੈ ਦੇ ਤੌਰ ਤੇ ਹੋਂਦ ਵਿਚ ਆਇਆਂ ਕੇਵਲ ਕੁਝ ਦਹਾਕੇ ਹੀ ਹੋਏ ਹਨ ਅਤੇ ਸੁਖਦੇਵ ਮਾਦਪੁਰੀ ਦਾ ਸਫ਼ਰ ਅਜੇ ਵੀ ਜਾਰੀ ਹੈ। ਪੰਜਾਬੀ ਅਖੌਤਾਂ ਜਾਂ ਕਹਾਵਤਾਂ ਜੋ ਲੋਕ ਸਿਆਣਪਾਂ ਜਾ ਭੰਡਾਰ ਹਨ, ਪਾਠਕਾਂ ਦੇ ਹੱਥਾਂ ਤੱਕ ਪੁੱਜ ਰਿਹਾ ਹੈ ਅਤੇ ਪੰਜਾਬੀ ਲੋਕ ਬੁਝਾਰਤਾਂ ਦਾ ਸੰਦਰਭ ਕੋਸ਼ ਤਿਆਰੀ ਅਧੀਨ ਹੈ। ਸੁਖਦੇਵ ਮਾਦਪੁਰੀ ਨੇ ਇਕਸਾਰ ਲਗਨ ਤੇ ਲਗਾਤਾਰ ਮਿਹਨਤ ਨਾਲ ਲੋਕਯਾਨ ਨੂੰ ਸਮਝਿਆ ਅਤੇ ਪਾਠਕਾਂ ਤੱਕ ਪਹੁੰਚਾਇਆ ਹੈ। ਉਹ ਇਸ ਖੇਤਰ ਦੇ ਵਿਸ਼ੇਸ਼ਗ ਵਜੋਂ ਹਮੇਸ਼ਾਂ ਜਾਣੇ ਜਾਣਗੇ।

ਡਾ. ਕਰਨੈਲ ਸਿੰਘ ਥਿੰਦ
*ਆਜੀਵਨ ਫੈਲੋ, ਪੰਜਾਬੀ ਯੂਨੀਵਰਸਿਟੀ*
*ਸਾਬਕਾ ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ*

ਲਾਹੌਰ ਬੁੱਕ ਸ਼ਾਪ, ਲੁਧਿਆਣਾ

ISBN 81-7647-202-6